# ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ-ਸਾਇੰਸਿਜ਼ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ
ਪੀਐਚ.ਡੀ. ਦੀ ਉਪਾਧੀ ਹਿਤ ਪ੍ਰਸਤੁਤ

**ਖੋਜ-ਪ੍ਰਬੰਧ**

**2020**


*ਨਿਗਰਾਨ*

**ਡਾ. ਹਰਭਜਨ ਸਿੰਘ**
ਡਾਇਰੈਕਟਰ (ਰਿਟਾਇਰਡ)
ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ,
ਦੇਹਰਾਦੂਨ।

*ਖੋਜਾਰਥਣ*

**ਵੀਰਪਾਲ ਕੌਰ**


PUNJABI UNIVERSITY PATIALA

(Established Under Punjab Act No. 35 of 1961)

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

Scanned by CamScanner

# ਪ੍ਰਮਾਣ ਪਤਰ

ਪ੍ਰਮਾਣਿਤ ਕੀਤਾ ਜਾਂਦਾ ਹੈ, ਕਿ ਖੋਜਾਰਥਣ ਵੀਰਪਾਲ ਕੌਰ ਨੇ '**ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ**' ਵਿਸ਼ੇ ਉਤੇ ਪੀਐਚ. ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਖੋਜ-ਕਾਰਜ ਹੈ ਅਤੇ ਉਸਦੇ ਨਿਜੀ ਅਕਾਦਮਿਕ ਪ੍ਰਯਤਨ ਦਾ ਫਲ ਹੈ। ਮੈਂ ਇਸ ਖੋਜ-ਕਾਰਜ ਨੂੰ ਪੀਐਚ. ਡੀ. (ਧਰਮ ਅਧਿਐਨ) ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ, ਇਸਦੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦਾ ਹਾਂ।

ਨਿਗਰਾਨ

Harbhajan Singh

ਮਿਤੀ:- 02-09-2020

**ਡਾ. ਹਰਭਜਨ ਸਿੰਘ**
ਡਾਇਰੈਕਟਰ (ਰਿਟਾਇਰਡ)
ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ, ਦੇਹਰਾਦੂਨ।

Scanned by CamScanner

ਗਣੇਸ਼ ਸਿੰਘ ਬੇਦੀ ਦੀਆਂ ਰਚਨਾਵਾਂ ਤੋਂ ਪਤਾ ਚਲਦਾ ਹੈ, ਕਿ ਉਹ ਗੁਰੂ ਨਾਨਕ ਦੇਵ ਜੀ ਦੇ ਵੰਸ਼ ਦੀ ਬਾਰਵੀਂ ਪੀੜ੍ਹੀ ਵਿਚੋਂ ਸਨ ਅਤੇ ਇਸ ਦਾ ਜ਼ਿਕਰ ਕਵਿ ਨੇ ਆਪਣੀ ਰਚਨਾ 'ਕ੍ਰਿਸ਼ਨ ਚੰਦ੍ਰ ਚੰਦ੍ਰਕਾ' ਵਿਚ ਕੀਤਾ ਹੈ-

ਬਾਨਕ ਭਕਤ ਹਰਿ ਨਾਨਕ ਸਰੂਪ ਭਏ ਭਕਤੀ ਦਿਢਾਇ ਕਾਟੇ ਜਗਤ ਕਲੇਸ ਹੈ॥

ਤਾਹਿ ਬੰਸ ਮਾਹਿ ਭਯੋ ਬਾਰਮੇ ਸਥਾਨ ਕਵਿ ਨਾਮ ਹੈ ਗਣੇਸ ਸਿੰਘ ਗੁਨ ਕੋ ਨਲੇਸ ਹੈ॥7॥[1]

ਡਾ. ਮਨਮੋਹਨ ਸਹਗਲ ਨੇ ਗਣੇਸ਼ ਸਿੰਘ ਬੇਦੀ ਦੇ ਪਿਤਾ ਦਾ ਨਾਮ ਹਰਿਦਾਸ ਅਤੇ ਦਾਦਾ ਦਾ ਨਾਮ ਅਰਜੁਨ ਦਾਸ ਲਿਖਿਆ ਹੈ।[2] ਚੰਦ੍ਰਕਾਂਤ ਬਾਲੀ ਨੇ ਵੀ ਗਣੇਸ਼ ਸਿੰਘ ਬੇਦੀ ਦੇ ਪਿਤਾ ਦਾ ਨਾਮ ਹਰਦਾਸ ਅਤੇ ਦਾਦਾ ਦਾ ਨਾਮ ਅਰਜੁਨ ਦਾਸ ਲਿਖਿਆ ਹੈ।[3] ਡਾ. ਹਰਵੰਸ਼ ਲਾਲ ਆਹਲੂਵਾਲੀਆ ਵੀ ਕਵਿ ਦੇ ਪਿਤਾ ਦਾ ਨਾਮ ਹਰਿਦਾਸ ਅਤੇ ਦਾਦਾ ਦਾ ਨਾਮ ਅਰਜੁਨ ਦਾਸ ਲਿਖਦਾ ਹੈ।[4] ਪਰ ਕਵਿ ਨੇ ਆਪਣੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਆਪਣੇ ਵੰਸ਼ ਬਾਰੇ ਸਪਸ਼ਟ ਕਰ ਦਿਤਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਗਣੇਸ਼ ਸਿੰਘ ਬੇਦੀ ਦਾ ਜਨਮ ਗੰਡਾ ਸਿੰਘ ਬੇਦੀ ਦੇ ਘਰ ਹੋਇਆ ਸੀ।[5] ਉਨ੍ਹਾਂ

---

[1] ਬੇਦੀ, ਗਣੇਸ਼ ਸਿੰਘ, *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884, ਪੰਨਾ 2.

[2] डा. मनमोहन सहगल, *पंजाब में हिन्दी साहित्य का इतिहास,* निर्मलि पबलिकेशनज, दिल्ली, 2012, पृष्ठ 481.

[3] चन्द्रकान्त बाली, *पंजाब-प्रान्तीय हिन्दी-साहित्य का इतिहास,* नैशनल पबिलशिंग, दिल्ली, 1962, पृष्ठ 355.

[4] आहलुवालिया, डा. हरवंश लाल, *गुरूमुखी लिपि में उपलब्ध हिन्दी शतक काव्यों का समीक्षात्मक अध्ययन,* भाषा विभाग, पंजाब, पटियाला, 2002, पृष्ठ 153.

[5] ਨੋਟ- ਡਾ. ਮਨਮੋਹਨ ਸਹਗਲ, ਚੰਦ੍ਰਕਾਂਤ ਬਾਲੀ ਅਤੇ ਡਾ. ਹਰਵੰਸ਼ ਲਾਲ ਆਹਲੂਵਾਲੀਆ ਦੀ ਸਭ ਤੋਂ ਵਡੀ ਉਕਾਈ ਇਹ ਰਹੀ ਕਿ ਇਨ੍ਹਾਂ ਨੇ ਗਣੇਸ਼ ਸਿੰਘ ਬੇਦੀ ਦਾ ਨਾਮ ਜਿਥੇ ਗਣੇਸ਼ਾ ਸਿੰਘ ਲਿਖਿਆ ਉਥੇ ਹੀ ਗਣੇਸ਼ ਸਿੰਘ ਬੇਦੀ ਦੇ ਪਿਤਾ ਦਾ ਨਾਮ ਹਰਿਦਾਸ, ਦਾਦਾ ਦਾ ਨਾਮ ਅਰਜੁਨ ਦਾਸ ਲਿਖਿਆ ਹੈ। ਜਦਕਿ ਕਵਿ ਆਪ ਲਿਖ ਰਿਹਾ ਹੈ ਕਿ ਉਸ ਦੇ ਪਿਤਾ ਦਾ ਨਾਮ ਗੰਡਾ ਸਿੰਘ ਅਤੇ ਦਾਦਾ ਦਾ ਨਾਮ ਦਹਰ ਦਾਸ ਹੈ।

ਦੇ ਦਾਦਾ ਦਾ ਨਾਮ ਦਹਰ ਦਾਸ ਸੀ। ਗਣੇਸ਼ ਸਿੰਘ ਬੇਦੀ ਨੇ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ '[6] ਅਤੇ 'ਸ਼ਸ਼ਿ ਵੰਸ਼ ਵਿਨੋਦ'[7] ਵਿਚ ਆਪਣੇ ਵੰਸ਼ ਦਾ ਵਰਣਨ ਇਸ ਪ੍ਰਕਾਰ ਦਿਤਾ ਹੈ-

ਗੁਰੂ ਨਾਨਕ ਦੇਵ ਜੀ

↓

ਲਖਮੀ ਚੰਦ ਜੀ

↓

ਧਰਮ ਚੰਦ ਜੀ

↓

ਮਾਣਕ ਚੰਦ ਜੀ

↓

ਦਤਾਰ ਚੰਦ ਜੀ

↓

ਤਾਰਾ ਚੰਦ ਜੀ

↓

ਦੁਨੀ ਚੰਦ ਜੀ

↓

ਰਾਮ ਕੌਰ ਜੀ

---

[6] ਗੁਰ ਨਾਨਕ ਸੁਤ ਸਿਰੀ ਚੰਦ ਲਖਮੀ ਸੁ ਚੰਦ ਗਨ॥ ਲਖਮਿ ਚੰਦ ਕੇ ਧਰਮ ਚੰਦ ਤਿਹ ਮਾਨਕ ਸਸਿ ਭਨ॥ ਤਾਹਿ ਦਤਾਰ ਮਯੰਕ ਤਾਹਿ ਤਾਰਾ ਸਸਿ ਜਾਨੋ॥ ਦੁਨੀ ਚੰਦ ਕੈ ਰਾਮ ਕੋਰ ਤਿਹ ਅਰਜਨ ਮਾਨੋ॥ ਗੁਰ ਦਹਰ ਦਾਸ ਤਾਕੇ ਭਏ ਤਿਹ ਸ੍ਰੀ ਗੰਡਾ ਸਿੰਘ ਬਰ॥ ਪੁਨ ਤਿਹ ਸੁਤ ਕਵਿ ਗਣੇਸ ਸਿੰਘ ਨਮੋ ਸਬਨ ਕਰ ਜੋਰ ਕਰ॥15॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 31.)

[7] ਗੁਰ ਨਾਨਕ ਸੁਤ ਸਿਰੀ ਚੰਦ ਲਖਮੀ ਸੁ ਚੰਦ ਗਨ॥ ਲਖਮਿ ਚੰਦ ਕੇ ਧਰਮ ਚੰਦ ਤਿਹ ਮਾਨਕ ਸ਼ਸ਼ਿ ਭਨ॥ ਤਾਹ ਦਤਾਰ ਮਯੰਕ ਤਾਹਿ ਤਾਰਾ ਸ਼ਸ਼ਿ ਜਾਨੋ॥ ਦੁਨੀ ਚੰਦ ਕੇ ਰਾਮ ਕੌਰ ਤਹਿ ਅਰਜੁਨ ਮਾਨੋ॥ ਗੁਰ ਦਹਰ ਦਾਸ ਤਾ ਕੇ ਭਏ ਤਿਹ ਸ੍ਰੀ ਗੰਡਾ ਸਿੰਘ ਬਰ॥ ਪੁਨਿ ਤਿਹ ਸੁਤ ਕਬਿ ਗਣੇਸ ਸਿੰਘ ਨਮੋ ਸਭਨ ਕਰ ਜੋਰਿ ਕਰ॥11॥

(बेदी, गणेश सिंघ, शशि वंश विनोद, भारत जीवन जंत्रालय, काशी, 1949, सम्वत्, पृष्ठ 150.)

↓

ਅਰਜਨ ਦਾਸ ਜੀ

↓

ਦਹਰ ਦਾਸ ਜੀ

↓

ਗੰਡਾ ਸਿੰਘ ਜੀ

↓

ਗਣੇਸ਼ ਸਿੰਘ ਜੀ

ਕਵਿ ਨੇ ਆਪਣੇ ਵੰਸ਼ ਦਾ ਵਰਣਨ ਕਰਣ ਤੋਂ ਬਾਅਦ ਆਪਣੇ ਤਿੰਨ ਭਰਾਵਾਂ ਦਾ ਵੀ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਨਾਮ ਹਰੀ ਸਿੰਘ, ਸਕਤਿ ਸਿੰਘ ਅਤੇ ਸਯਾਮ ਸਿੰਘ ਸੀ-

ਤੀਨ ਸਹੋਦਰ ਔਰ ਮਮ ਸੁਨੋ ਨਾਮ ਤਿਨ ਕੇਰ॥

ਹਰੀ ਸਿੰਘ ਅਰ ਸਕਤਿ ਸਿੰਘ ਸਜਾਮ ਸਿੰਘ ਲਘੁ ਹੇਰ॥17॥[8]

ਇਸ ਤੋਂ ਇਲਾਵਾ ਕਵਿ ਨੇ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਅਤੇ 'ਕ੍ਰਿਸ਼ਨ ਚੰਦ੍ਰ ਚੰਦ੍ਰਕਾ' ਵਿਚ ਆਪਣਾ ਨਿਵਾਸ ਸਥਾਨ ਦਸਦੇ ਹੋਏ, ਆਪਣੇ ਦੋ ਪੁਤ੍ਰਾਂ ਦਾ ਵੀ ਜ਼ਿਕਰ ਕੀਤਾ ਹੈ-

ਕਵਿ ਗ੍ਰਿਹਿ ਪ੍ਰਿਥਮ ਅਨੰਦਪੁਰ ਅਬ ਬਿਲਾਸਪੁਰ ਬਾਸ॥

ਸਿੰਘ ਗਜੇਂਦ੍ਰ ਮਤੰਗ ਸਿੰਘ ਦੋਇ ਤਨਜ ਸੁਖ ਰਾਸ॥18॥[9]

ਕਵਿ ਗ੍ਰਿਹਿ ਪ੍ਰਿਥਮ ਅਨੰਦਪੁਰ ਅਬ ਬਿਲਾਸਪੁਰ ਜਾਨ॥

ਦ੍ਵੈਸੁਤ ਬਡ ਗਜਰਾਜ ਹਰਿ ਲਘੁ ਮਤੰਗ ਹਰਿ ਮਾਨ॥8॥[10]

ਕਵਿ ਦੇ ਜੀਵਨ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ, ਪਰ ਰਚਨਾਵਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ, ਕਿ ਆਪ ਦਾ ਜਨਮ ਉਨ੍ਹੀਵੀਂ ਸਦੀ ਦੇ ਪਹਿਲੇ ਅਧ ਵਿਚ ਹੋਇਆ ਅਤੇ ਦੇਹਾਂਤ ਵੀਹਵੀਂ ਸਦੀ

---

[8] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 31.

[9] ਉਹੀ.

[10] ਬੇਦੀ, ਗਣੇਸ਼ ਸਿੰਘ, *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884, ਪੰਨਾ 2.

ਦੇ ਅਰੰਭ ਵਿਚ ਹੋਇਆ।[11] 'ਗੁਰੁ ਮਹਿਮਾ ਰਤਨਾਵਲੀ' ਵਿਚ ਕਵਿ ਨੂੰ ਗੰਡਾ ਸਿੰਘ ਦਾ ਹੀ ਸਪੁਤ੍ਰ ਦਸਿਆ ਹੈ।[12] ਅਗਰ ਗਣੇਸ਼ ਸਿੰਘ ਬੇਦੀ ਦੀਆਂ ਰਚਨਾਵਾਂ 'ਤੇ ਝਾਤ ਮਾਰੀਏ, ਤਾਂ ਪਤਾ ਚਲਦਾ ਹੈ ਕਿ ਆਪ ਨੇ ਸਭ ਤੋਂ ਪਹਿਲਾਂ 1908 ਸੰਵਤ ਵਿਚ 'ਸ਼ਿੰਗਾਰ ਸ਼ਤਕ' ਦੀ ਰਚਨਾ ਕੀਤੀ ਅਤੇ ਸਭ ਤੋਂ ਬਾਅਦ ਦੀਆਂ ਦੋ ਰਚਨਾਵਾਂ 'ਚਮਤਕਾਰ ਚਿੰਤਾਮਨੀ' ਅਤੇ 'ਸੁਪਨ ਪ੍ਰਬੋਧ' ਮਿਲਦੀਆਂ ਹਨ, ਜਿਨ੍ਹਾਂ ਦੀ ਰਚਨਾ 1966 ਸੰਵਤ ਵਿਚ ਹੋਈ ਹੈ। ਇਸ ਤੋਂ ਕਵਿ ਦੇ ਜਨਮ ਅਤੇ ਮ੍ਰਿਤੂ ਬਾਰੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜੇਕਰ ਕਵਿ ਨੇ ਇਹ ਰਚਨਾ 25 ਸਾਲ ਦੀ ਉਮਰ ਵਿਚ ਵੀ ਕੀਤੀ ਹੋਵੇ, ਤਾਂ ਉਸ ਦਾ ਜਨਮ ਲਗਪਗ 1882 ਬਿ. (1825 ਈ.) ਦੇ ਆਸ-ਪਾਸ ਬਣਦਾ ਹੈ ਅਤੇ ਮ੍ਰਿਤੂ 1966 ਬਿ. (1909 ਈ.) ਤੋਂ ਬਾਅਦ ਕਦੋਂ ਵੀ ਮੰਨੀ ਜਾ ਸਕਦੀ ਹੈ। ਚੰਦ੍ਰਕਾਂਤ ਬਾਲੀ ਨੇ ਕਵਿ ਦਾ ਜਨਮ-ਕਾਲ ਅਨੁਮਾਨਿਤ 1890 ਬਿ. ਦਿਤਾ ਹੈ।[13]

ਕਵਿ ਦੇ ਵਡੇਰੇ ਪਹਿਲਾਂ ਆਨੰਦਪੁਰ ਸਾਹਿਬ ਵਸਦੇ ਸਨ। ਫਿਰ ਉਨ੍ਹਾਂ ਦੇ ਬੁਜ਼ੁਰਗ ਗੁਰੂ ਜੀ ਦੀ ਆਗਿਆ ਨਾਲ ਦੇਸ਼ ਕਹਿਲੂਰ ਦੀ ਰਿਆਸਤ ਬਿਲਾਸਪੁਰ ਵਿਚ ਆ ਵਸੇ।[14] ਰਿਆਸਤ ਦੇ ਰਾਜੇ ਹੀਰਾ ਚੰਦ ਨੇ ਉਨ੍ਹਾਂ ਦਾ ਚੰਗਾ ਸਵਾਗਤ ਕੀਤਾ। ਉਨ੍ਹਾਂ ਨੂੰ ਅੰਨ, ਧਨ ਦਾ ਸੁਖ ਪ੍ਰਦਾਨ ਕੀਤਾ ਅਤੇ ਚੰਗੇ ਗੁਜ਼ਾਰੇ ਲਈ ਜਾਗੀਰ ਵੀ ਲਾ ਦਿਤੀ ਗਈ।[15]

---

[11] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 4.

[12] ਪ੍ਰੀਤਮ ਸਿੰਘ (ਸੰਪਾ.), *ਗੁਰੁ ਮਹਿਮਾ ਰਤਨਾਵਲੀ ਕ੍ਰਿਤ ਕਾਨ੍ਹ ਸਿੰਘ ਨਾਭਾ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984, ਪੰਨਾ 225.

[13] चन्द्रकान्त बाली, *पंजाब-प्रान्तीय हिन्दी-साहित्य का इतिहास,* नैशनल पबिलशिंग, दिल्ली, 1962, पृष्ठ 355.

[14] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 31.

[15] ਉਹੀ, ਪੰਨਾ 4.

'ਗੁਰੂ ਨਾਨਕ ਸੂਰਜੋਦੇ ਜਨਮਸਾਖੀ'[16] ਅਤੇ 'ਗੁਰੂ ਨਾਨਕ ਅਭਿਨੰਦਨ ਗ੍ਰੰਥ'[17] ਵਿਚ ਗਣੇਸ਼ ਸਿੰਘ ਬੇਦੀ ਦੇ ਵਿਦਿਆ-ਗੁਰੂ ਦਾ ਨਾਮ ਦੀਵਾਨ ਸਿੰਘ ਬੇਦੀ ਦਸਿਆ ਹੈ। ਇਸ ਤੋਂ ਇਲਾਵਾ ਡਾ. ਮੀਨਾਕਸ਼ੀ ਸ਼ਰਮਾ ਨੇ ਦੀਵਾਨ ਸਿੰਘ ਬੇਦੀ ਦੇ ਨਾਲ 'ਵਿਕ੍ਰਮ ਵਿਲਾਸ' ਦਾ ਹਵਾਲਾ ਦਿੰਦੇ ਹੋਏ ਕਵਿ ਦੇ ਗੁਰੂ ਦਾ ਨਾਮ ਠਾਕੁਰ ਸਿੰਘ ਵੀ ਦਸਿਆ ਹੈ।[18] ਕਵਿ ਦੀਆਂ ਰਚਨਾਵਾਂ ਤੋਂ ਪਤਾ ਚਲਦਾ ਹੈ, ਕਿ ਗਣੇਸ਼ ਸਿੰਘ ਮਹਾਰਾਜਾ ਹੀਰਾ ਚੰਦ ਦੇ ਦਰਬਾਰੀ ਕਵਿ ਬਣ ਗਏ ਸਨ ਅਤੇ ਉਨ੍ਹਾਂ ਲਈ ਰਚਨਾਵਾਂ ਕਰਦੇ ਸਨ -

ਪੁਰ ਬਿਲਾਸ ਕਹਿਲੂਰ ਪਤਿ ਹੀਰਾ ਚੰਦ ਨਰੇਸ॥
ਤਿਨ ਹਿਤ ਸਤਕ ਸਿੰਗਾਰ ਸੁਭ ਰਚਯੋ ਮ੍ਰਿਗਿੰਦ ਗਨੇਸ॥110॥[19]
ਭਨਜੋ ਨ੍ਰਿਪ ਭਾਗਵਤ ਦਸਮ ਸਕੰਧ ਜੋਈ ਕੀਜਿਯੈ ਪ੍ਰਬੰਧ ਤਾਹ ਸੁਗਮ ਅਸੇਸ ਹੈ॥7॥[20]

ਗਣੇਸ਼ ਸਿੰਘ ਬੇਦੀ ਕੇਵਲ ਵਿਦਵਾਨ ਹੀ ਨਹੀਂ ਸਨ, ਸਗੋਂ ਗੁਰੂ ਘਰ ਦੇ ਅਨਿੰਨ ਸੇਵਕ ਅਤੇ ਭਗਤ ਵੀ ਸਨ।[21] ਸੰਤ ਬਲਰਾਮ ਦਾਸ 'ਗ੍ਰੰਥ ਰਤਨਾਵਲੀ' ਵਿਚ ਗਣੇਸ਼ ਸਿੰਘ ਬੇਦੀ ਦੇ ਭਗਤੀ-ਭਾਵ, ਨਿਮਰਤਾ ਅਤੇ ਰਚਨਾਵਾਂ ਬਾਰੇ ਇੰਞ ਲਿਖਦਾ ਹੈ-

ਮਨ ਅਨਰਕਤ ਰਹਤ ਗੁਰਭਗਤੀ ਮੈਂ ਸੰਤਨ ਕੀ ਸੇਵ ਉਰ ਭਾਵੈ ਸੁਤ ਸੰਗ ਹੈ।
ਮਨ ਨੀਵਾਂ ਊਚੀ ਮਤਿ ਸ਼ੀਲ ਸਤੁ ਰਤਿ ਅਤਿ ਚਢਿਯੋ ਨਾਮ ਰੰਗ ਭਜੋ ਭ੍ਰੰਮ ਭਵਭੰਗ ਹੈ।
ਰਚੇ ਗੁਰੂ ਗਾਥ ਗ੍ਰੰਥ ਜਾਮੈ ਮੁਕਤੀ ਕੋ ਪੰਥ ਰਸ ਭਰੀ ਬਾਨੀ ਸੁਧਾ ਸਾਨੀ ਸਰਵੰਗ ਹੈ।

---

16 ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 5.

17 ਵਿਦਿਆਰਥੀ, ਦੇਵਿੰਦਰ ਸਿੰਘ, *ਸ਼੍ਰੀ ਗੁਰੂ ਨਾਨਕ ਅਭਿਨੰਦਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978, ਪੰਨਾ 245.

18 शर्मा, डा. मीनाक्षी, *गणेश सिंह बेदी, साहित्यिक मूल्यांकन,* हिमाचल कला संस्कृति भाषा अकादमी, शिमला, 1994, पृष्ठ 6-7.

19 ਬੇਦੀ, ਗਣੇਸ਼ ਸਿੰਘ, *ਸ਼ਿੰਗਾਰ ਸ਼ਤਕ,* ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਨ, ਪੰਨਾ 15.

20 ਬੇਦੀ, ਗਣੇਸ਼ ਸਿੰਘ, *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884, ਪੰਨਾ 2.

21 ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 6.

ਬੇਦੀ ਬੰਸ਼ ਭੂਸ਼ਨ ਗਣੇਸ਼ ਸਿੰਘ ਕਵੀਰਾਜ ਭਨੈ ਬਲਰਾਮ ਦਾਸ ਉਪਮਾ ਉਮੰਗ ਹੈ॥1॥[22]

ਗਣੇਸ਼ ਸਿੰਘ ਬੇਦੀ ਨੇ ਆਪਣਾ ਸਾਰਾ ਜੀਵਨ ਸਾਹਿਤ ਸਿਰਜਣ ਅਤੇ ਗੁਰਮਤਿ ਪ੍ਰਚਾਰ ਨੂੰ ਸਮਰਪਿਤ ਕੀਤਾ ਸੀ। ਆਪ ਇਕ ਪਹੁੰਚੇ ਹੋਏ ਸੰਤ ਅਤੇ ਰਸਸਿਧ ਕਵਿ ਸਨ।[23] ਉਨ੍ਹਾਂ ਨੂੰ ਜਿਥੇ ਭਾਰਤੀ ਸਾਹਿਤ ਆਦਿ ਬਾਰੇ ਵਾਕਫ਼ੀਅਤ ਸੀ ਉਥੇ ਉਹ ਛੰਦ ਸ਼ਾਸਤ੍ਰ ਅਤੇ ਬ੍ਰਜ ਭਾਸ਼ਾ ਦੇ ਵੀ ਗਿਆਤਾ ਸਨ।[24] ਕਵਿ ਨੇ ਭਾਰਤੀ ਦਰਸ਼ਨ, ਇਤਿਹਾਸ, ਮਿਥਿਹਾਸ, ਪੌਰਾਣਿਕ ਕਥਾਵਾਂ ਤੋਂ ਇਲਾਵਾ ਸਿਖ ਧਰਮ ਨਾਲ ਸੰਬੰਧਿਤ ਗ੍ਰੰਥਾਂ ਦਾ ਡੂੰਘਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਸੀ।[25] 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਲਿਖਣ ਦੇ ਬਾਅਦ ਅੰਤ ਵਿਚ ਇਹ ਲਿਖਣਾ, ਕਿ ਗੁਰੂ ਜੀ ਦੇ ਚੋਜ ਤਾਂ ਸਮੁੰਦਰ ਸਮਾਨ ਹਨ, ਪਰ ਮੇਰੀ ਸਮਝ ਇਕ ਬਾਲਕ ਦੇ ਸਮਾਨ ਹੈ, ਜਿਵੇਂ-ਜਿਵੇਂ ਗੁਰੂ ਨੇ ਆਪਣੀ ਕਿਰਪਾ ਨਾਲ ਆਪਣੀ ਮਹਿਮਾ ਕਰਵਾਈ ਹੈ, ਮੈਂ ਉਤਨੀ ਹੀ ਕਰ ਸਕਿਆ ਹਾਂ, ਆਪ ਦੇ ਨਿਮਰਤਾ ਭਾਵ ਨੂੰ ਪ੍ਰਗਟ ਕਰਦਾ ਹੈ-

ਸ੍ਰੀ ਗੁਰ ਚਰਤ ਅਨੰਤ ਹੈ ਜਗ ਸਿੰਧੁ ਸਮਾਨਾ॥

ਬਾਲਕ ਸਮ ਮਮ ਮਤਿ ਅਲਪ ਨਿਸਚੈ ਜਿਯ ਜਾਨਾ॥

ਜਜੌ ਜਜੌ ਸ੍ਰੀ ਗੁਰ ਕ੍ਰਿਪਾ ਕਰ ਗਾਥਾ ਬਨਵਾਈ॥

ਤਜੌ ਤਜੌ ਮੈ ਬਰਨਨ ਕਰੀ ਸਬ ਕੋ ਸੁਖਦਾਈ॥36॥[26]

ਇਸ ਤੋਂ ਇਲਾਵਾ ਕਵਿ ਨੇ ਆਪਣੀ ਰਚਨਾ 'ਬ੍ਰਹਮਬੋਧ' ਲਿਖਣ ਤੋਂ ਬਾਅਦ ਵੀ ਭੁਲਾਂ ਦੀ ਖਿਮਾਂ ਮੰਗਦਿਆਂ ਨਿਮਰਤਾ ਪ੍ਰਗਟਾਈ ਹੈ-

ਕਵਿ ਸੰਭੁਜ ਹਰ ਅਲਪ ਮਤਿ ਗਾਥਾ ਗੂਢ ਮਹਾਨ॥

---

[22] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 170-71.

[23] चन्द्रकान्त बाली, *पंजाब-प्रान्तीय हिन्दी-साहित्य का इतिहास,* नैशनल पबिलशिंग, दिल्ली, 1962, पृष्ठ 355.

[24] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 6.

[25] ਉਹੀ, ਪੰਨਾ 24.

[26] ਉਹੀ, ਪੰਨਾ 669.

ਜਿਹ ਜਿਹ ਚੂਕ ਪਰੀ ਤਹਾ ਲੀਜੇ ਸੋਧ ਸੁਜਾਨ॥50॥[27]

ਗਣੇਸ਼ ਸਿੰਘ ਬੇਦੀ ਆਪਣੀਆਂ ਰਚਨਾਵਾਂ ਵਿਚ ਆਪਣੀ ਛਾਪ 'ਸੰਭੁਜ' ਅਤੇ 'ਸੰਭੁਜ ਮ੍ਰਿਗਿੰਦ' ਲਿਖਦੇ ਹਨ। ਕਵਿ ਦੀ ਲਗਪਗ ਹਰ ਰਚਨਾ ਵਿਚ ਕਵਿ ਦੁਆਰਾ ਆਪਣੇ ਨਾਮ ਦੀ ਜਗਹ ਤੇ 'ਸੰਭੁਜ' ਅਤੇ 'ਸੰਭੁਜ ਮ੍ਰਿਗਿੰਦ' ਪਦ ਲਿਖੇ ਮਿਲ ਜਾਂਦੇ ਹਨ-

ਗੁਰ ਗਨਪਤਿ ਗਿਰਜਾ ਗਿਰਾ ਬਿਧ ਹਰਿ ਹਰ ਅਭਿਬੰਦ॥

ਸ੍ਰੀ ਨਾਨਕ ਪਾਵਨ ਕਥਾ ਰਚਤ ਗਨੇਸ ਮ੍ਰਿਗਿੰਦ॥1॥[28]

ਪੁਨਕਹ ਸ਼ੋਭਾ ਸੂਲੀ ਤੁਰੀਤਿਯ ਅਸੁੱਧ ਜਗ ਜਾਨਿਯੈ॥

ਸੰਭੁਜ ਮ੍ਰਿਗਿੰਦ ਹਰਿ ਭਜਨ ਬਿਨ ਸਰਬ ਅਮੰਗਲ ਮਾਨਿਯੈ॥[29]

ਜਿਥੇ ਕਵਿ ਵਿਚ ਸਾਹਿਤਿਕ ਗੁਣਾਂ ਦੀ ਭਰਮਾਰ ਸੀ, ਉਸ ਦੇ ਨਾਲ ਹੀ ਕਵਿ ਇਕ ਸ੍ਰੇਸ਼ਠ ਵੈਦ ਵੀ ਸੀ। ਵੈਦਗਿਰੀ ਵਿਚ ਉਸਦੀ ਨਿਪੁੰਨਤਾ ਦਾ ਉਸ ਦੀਆਂ 'ਅੰਜੀਰਨ ਮੰਜਰੀ' ਅਤੇ 'ਮੇਘ ਮਾਲਾ' ਰਚਨਾਵਾਂ ਵਿਚੋਂ ਸਹਿਜ ਹੀ ਗਿਆਨ ਹੋ ਜਾਂਦਾ ਹੈ। ਇਨ੍ਹਾਂ ਰਚਨਾਵਾਂ ਵਿਚ ਜਿਥੇ ਗਣੇਸ਼ ਸਿੰਘ ਇਕ ਉਤਮ ਵੈਦ ਦੇ ਗੁਣਾਂ ਨੂੰ ਬਿਆਨ ਕਰਦਾ ਹੈ, ਉਸ ਦੇ ਨਾਲ ਹੀ ਉਹ ਕੁਵੈਦ ਨੂੰ ਮੂਰਖ ਦੀ ਸੰਗਿਆ ਦਿੰਦਾ ਹੈ।[30] ਇਸੇ ਭਾਂਤਿ ਕਵਿ ਨੇ 'ਅੰਜੀਰਨ ਮੰਜਰੀ' ਰਚਨਾ ਵਿਚ ਬਦਹਜ਼ਮੀ ਦੀਆਂ ਘਰੇਲੂ ਵਿਧੀਆਂ ਦਸੀਆਂ ਹਨ[31] ਅਤੇ ਇਹ ਰਚਨਾ ਨਿਰੋਲ ਵੈਦਗਿਰੀ ਨਾਲ ਸੰਬੰਧਿਤ ਹੈ।

---

[27] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 38.

[28] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 29.

[29] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 61.

[30] ਮੂਰਖ ਵੈਦ ਨ ਮਾਨਿਐ ਜਾਨ ਜੀਯ ਰਿਪ ਸੋਇ॥ ਪੰਡਤ ਹੋਯ ਸੋ ਆਦਰੋ ਜੋ ਆਤਮ ਹਿਤ ਹੋਇ॥

(शर्मा, डा. मीनाक्षी, *गणेश सिंह बेदी, साहित्यिक मूल्यांकन,* हिमाचल कला संस्कृति भाषा अकादमी, शिमला, 1994, पृष्ठ 274.)

[31] ਘ੍ਰਿਤ ਜੀਰਨ ਹਿਤ ਧਾਤ੍ਰੀ ਔ ਨਿੰਬੂ ਰਸ ਹੈ॥ ਤੇਲ ਤਿਲਾਦਿ ਪਚਾਵਨ ਕੋ ਕਾਂਜੀ ਤਸ ਹੈ॥ ਕਟਰ ਬਢਰ ਕੇ ਜੀਰਨ ਹਿਤ ਫਲ ਰਾਲ ਲਖੋ॥ ਕਵਿ ਸੰਭੁਜ ਹਰ ਉਰ ਮੈ ਨਾਹਨ ਸੰਸ ਰਖੋ॥16॥

ਜੋਤਿਸ਼ ਵਿਦਿਆ ਬਾਰੇ ਵੀ ਕਵਿ ਦੇ ਗਿਆਨ ਦਾ ਉਸ ਦੀ ਰਚਨਾ 'ਚਮਤਕਾਰ ਚਿੰਤਾਮਣੀ' ਤੋਂ ਸਹਿਜ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਸੂਰਜ ਗ੍ਰੈਹ ਦੇ ਮਨੁਖੀ ਜੀਵਨ ਉਪਰ ਪ੍ਰਭਾਵ ਨੂੰ ਵਿਅਕਤ ਕਰਦਿਆਂ ਕਵਿ ਨੇ ਕਿਹਾ ਹੈ-

ਲਗਨ ਮੈ ਸੂਰਜ ਫਲ॥ ਦੋਹਰਾ॥

ਤਿਯ ਕਲੇਸ ਧਰ ਭ੍ਰਮਨ ਬਹੁ ਬਾਤ ਪਿੱਤਤਨ ਤਾਸ।

ਹੋਹਿ ਹਾਸਕਰ ਜੀਵਕਾ ਪਰੈਲਗਨ ਰਵਿਜਾਸ॥4॥

ਭਾਗਵੰਤ ਧਨ ਖਰਚ ਸੁਭ ਕੁਲਸੋ ਕਰੈ ਕਲੇਸ।

ਲਾਭ ਚਤੁਖਪਦ ਤੇ ਘਨੋ ਦੁਤਿਯੇ ਪਰੈ ਦਿਨੇਸ॥5॥[32]

ਇਸੇ ਭਾਂਤਿ ਗਣੇਸ਼ ਸਿੰਘ ਚੰਦਰਮਾਂ ਦੇ ਮੇਖ ਰਾਸ਼ੀ ਉਪਰ ਚੰਗੇ-ਮੰਦੇ ਪ੍ਰਭਾਵ ਬਾਰੇ ਜਿਗਿਆਸੀ ਨੂੰ ਦਸਦਿਆਂ ਲਿਖਦਾ ਹੈ-

ਸਸੀਫਲ ਭੁਜੰਗ ਛੰਦ॥

ਸਸੀਆਦਿ ਗੇਹੇ ਬ੍ਰਪੰਪੀਨ ਜਾਨੋ। ਬਲੰ ਬੀਰਜੰ ਛੀਨ ਤਾਕੋ ਬਖਾਨੋ।

ਨਫਾ ਬੈਲ ਗੌ ਕੁਕਟੰ ਤੇਸੁ ਹੋਈ। ਭਵੈ ਮੇਖ ਰਾਸੀ ਬਲੰਵੰਤ ਜੋਈ॥17॥[33]

ਇਸੇ ਭਾਂਤਿ ਗਣੇਸ਼ ਸਿੰਘ ਮੰਗਲ[34], ਬੁਧ[35] ਅਤੇ ਬ੍ਰਹਸਪਤਿ[36] ਆਦਿ ਗ੍ਰੈਹਾਂ ਦੇ ਸ਼ੁਭ-ਅਸ਼ੁਭ ਪ੍ਰਭਾਵ ਦਾ ਵੀ ਭਾਰਤੀ ਜੋਤਿਸ਼ ਦਰਸ਼ਨ ਅਨੁਸਾਰ ਸਜਗ ਰੂਪ ਨਾਲ ਵਰਣਨ ਕਰਦਾ ਹੈ।

---

(ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 101.)

[32] ਉਹੀ, ਪੰਨਾ 63.

[33] ਉਹੀ, ਪੰਨਾ 66.

[34] ਮੰਗਲ ਫਲ ਭੁਜੰਗ॥ ਪਰੈ ਭੌਮ ਜੋ ਆਦਹੀ ਗੇਹ ਮਾਹੀ। ਭਵੈ ਪਾਵਕੰ ਲੋਹਕੋ ਤ੍ਰਾਸ ਤਾਹੀ। ਤਪੈ ਮਾਥ ਤਾਕੋ ਰਹੈ ਕੁੱਖ ਪੀਰਾ॥ ਮਰੈਤੀਯ ਤਾਕੀ ਟਰੈ ਸੁਖ ਧੀਰਾ॥29॥ (ਉਹੀ, ਪੰਨਾ 67.)

[35] ਬੁਧਫਲ॥ ਦੋਹਰਾ॥ ਤਲਦੁਬਰੋ ਦਿਪਕਨਕ ਵਤ ਜਸੀ ਬੈਦ ਬਿਤਵੰਤ। ਨਿਜ ਰੁਜਹਤ ਹ੍ਵੈ ਜਤਨ ਤੇ ਸਸਿ ਸੁਤ ਲਗਨ ਪਰੰਤ॥41॥ (ਉਹੀ, ਪੰਨਾ 73.)

ਸੋ ਉਪਰੋਕਤ ਵਿਚਾਰਾਂ ਤੋਂ ਅਸੀਂ ਕਹਿ ਸਕਦੇ ਹਾਂ, ਕਿ ਜਿਥੇ ਗਣੇਸ਼ ਸਿੰਘ ਬੇਦੀ ਗੁਰੂ ਨਾਨਕ ਦੇਵ ਜੀ ਦੀ ਵੰਸ਼ ਵਿਚੋਂ ਬਾਰ੍ਹਵੇਂ ਸਥਾਨ ਉਪਰ ਹੋਣ ਕਰਕੇ ਸਿਖ ਜਗਤ ਵਿਚ ਸਤਿਕਾਰਿਤ ਸ਼ਖ਼ਸੀਅਤ ਹਨ, ਉਸ ਦੇ ਨਾਲ ਹੀ ਉਹ ਇਕ ਸ੍ਰੇਸ਼ਠ ਕਵਿ, ਵੈਦ ਅਤੇ ਜੋਤਿਸ਼-ਵਿਦਿਆ ਦਾ ਗਿਆਤਾ ਵੀ ਸੀ।

---

[36] ਬਿਰਸਪਤ ਫਲ॥ ਦੋਹਰਾ॥ ਗੁਨੀ ਸੁਬੇਖੀ ਤਿਯ ਹਿਤੂ ਸੁਖੀ ਚਿੰਤ ਚਿਤ ਨਾਹਿ। ਬ੍ਰਿਥਾ ਖਰਚ ਨਹਿ ਪੀਨ ਲਗਨ ਗੁਰੂ ਫਲ ਆਹ॥53॥ (ਬੇਦੀ , ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904,, ਪੰਨਾ 75.)

## ਰਚਨਾਵਾਂ

ਗਣੇਸ਼ ਸਿੰਘ ਬੇਦੀ ਚੋਟੀ ਦੇ ਪਰੰਪਰਾਗਤ ਵਿਦਵਾਨ ਕਵਿ ਅਤੇ ਧਰਮ-ਚਿੰਤਕ ਸਨ, ਇਸ ਦਾ ਜੀਵੰਤ ਪ੍ਰਮਾਣ ਉਨ੍ਹਾਂ ਦੀਆਂ ਬਹੁਮੁਲੀਆਂ ਸਾਹਿਤਿਕ ਅਤੇ ਅਧਿਆਤਮਕ ਰਚਨਾਵਾਂ ਹਨ। ਆਪ ਨੇ ਸਾਰੀ ਉਮਰ ਸਾਹਿਤ ਸਿਰਜਣਾ ਕੀਤੀ, ਜਿਸ ਦਾ ਸਬੂਤ ਆਪ ਦੀਆਂ ਰਚਨਾਵਾਂ ਤੋਂ ਮਿਲਦਾ ਹੈ। ਉਨ੍ਹਾਂ ਨੇ ਲਗਪਗ 25 ਸਾਹਿਤਿਕ ਕ੍ਰਿਤੀਆਂ ਦੀ ਰਚਨਾ ਕੀਤੀ , ਜਿਨ੍ਹਾਂ ਵਿਚੋਂ ਕੁਝ ਪ੍ਰਕਾਸ਼ਿਤ ਹੋ ਚੁਕੀਆਂ ਹਨ ਅਤੇ ਕੁਝ ਹਥ ਲਿਖਿਤ ਰੂਪ ਵਿਚ ਹੀ ਮਿਲਦੀਆਂ ਹਨ। ਕਵਿ ਦੀਆਂ 13 ਰਚਨਾਵਾਂ ਦਾ ਜ਼ਿਕਰ ਡਾ. ਰਾਮ ਸਿੰਘ ਸੈਣੀ ਦੁਆਰਾ ਕੀਤਾ ਗਿਆ ਹੈ, ਜੋ ਇਸ ਪ੍ਰਕਾਰ ਹੈ-

1. ਗੁਰੂ ਨਾਨਕ ਸੂਰਜੋਦੇ ਜਨਮਸਾਖੀ।
2. ਸ੍ਰੀ ਕ੍ਰਿਸ਼ਨ ਚੰਦ੍ਰ ਚੰਦ੍ਰਕਾ।
3. ਭਗਤ ਚੰਦ੍ਰਿਕਾ।
4. ਸ਼ਿੰਗਾਰ ਸ਼ਤਕ।
5. ਸ਼ੁਕ ਰੰਭਾ ਸੰਬਾਦ।
6. ਚਮਤਕਾਰ ਚੰਤਾਮਣੀ।
7. ਕੰਦ ਬੰਸ਼ ਬਿਨੋਦ-ਸਸਿ ਬੰਸ ਬਿਨੋਦ।
8. ਅਜੀਰਣ ਮੰਜਰੀ।
9. ਬਿਕ੍ਰਮ ਬਿਲਾਸ।
10. ਕੌਤਕ ਬਿਲਾਸ।
11. ਸਾਰ ਸੰਗ੍ਰਹਿ।
12. ਸ੍ਰੀ ਗੁਰੂ ਬੰਸ ਬਿਨੋਦ।
13. ਮਥੋ ਮੁਰਾਰੀ ਬੰਸਾਵਲੀ ਆਦਿ।[37]

---

[37] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 7.

ਡਾ. ਮੀਨਾਕਸ਼ੀ ਸ਼ਰਮਾ ਨੇ ਆਪਣੀ ਪੁਸਤਕ 'ਗਣੇਸ਼ ਸਿੰਘ ਬੇਦੀ : ਸਾਹਿਤਯਿਕ ਮੁਲਯਾਂਕਨ' ਵਿਚ ਕਵਿ ਗਣੇਸ਼ ਸਿੰਘ ਬੇਦੀ ਦੀਆਂ 16 ਰਚਨਾਵਾਂ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਉਪਰੋਕਤ ਤੋਂ ਬਿਨ੍ਹਾਂ ਚੰਦ੍ਰਬੰਸ ਬਿਲਾਸ, ਕਾਸ਼ੀ ਮਹਾਤਮ, ਸੁਪਨਧਿਆਇ, ਅੰਗਸਫੁਰਨ, ਮੇਘ ਮਾਲਾ ਅਤੇ ਮੇਘ ਬਿਲਾਸ ਸ਼ਾਮਿਲ ਹਨ, ਪ੍ਰੰਤੂ ਡਾ. ਮੀਨਾਕਸ਼ੀ ਸ਼ਰਮਾ ਨੇ ਮੱਥੋ ਮੁਰਾਰੀ ਬੰਸਾਵਲੀ ਦਾ ਜ਼ਿਕਰ ਨਹੀਂ ਕੀਤਾ -

1. ਸ਼੍ਰੀ ਗੁਰ ਨਾਨਕ ਸੂਰਜੋਦਯ ਜਨਮਸਾਖੀ।
2. ਸ੍ਰੀ ਕ੍ਰਿਸ਼ਨ ਚੰਦ੍ਰ ਚੰਦ੍ਰਕਾ।
3. ਸ੍ਰੀ ਭਗਤਿ ਚੰਦ੍ਰਕਾ।
4. ਸ਼ਿੰਗਾਰ-ਸ਼ਤਕ।
5. ਸੁਕਰੰਭਾ ਸੰਬਾਦ।
6. ਚਮਤਕਾਰ ਚਿੰਤਾਮਨੀ।
7. ਅਜੀਰਨ ਮੰਜਰੀ।
8. ਬਿਕ੍ਰਮੀ ਬਿਲਾਸ।
9. ਕੌਤਕ ਬਿਲਾਸ।
10. ਚੰਦ੍ਰ ਬੰਸ ਬਿਲਾਸ।
11. ਸਾਰ ਸੰਗ੍ਰਹ।
12. ਕਾਸ਼ੀ ਮਹਾਤਮ।
13. ਸੁਪਨ ਪ੍ਰਬੋਧ (ਸੁਪਨ ਧਿਆਇ)।
14. ਅੰਗਸਫੁਰਨ।
15. ਸ੍ਰੀ ਗੁਰੂ ਬੰਸ਼ ਬਿਨੋਦ।

16. ਸ੍ਰੀ ਸਸਿ ਬੰਸ ਬਿਨੋਦ।[38]

17. ਮੇਘ ਮਾਲਾ।

18. ਮੇਘ ਬਿਲਾਸ।[39]

'ਗ੍ਰੰਥ ਰਤਨਾਵਲੀ' ਪੁਸਤਕ ਦੇ ਅੰਤ ਵਿਚ ਸੰਤ ਬਲਰਾਮ ਦਾਸ[40] ਨੇ ਗਣੇਸ਼ ਸਿੰਘ ਬੇਦੀ ਦੀਆਂ 20 ਰਚਨਾਵਾਂ ਦਾ ਜ਼ਿਕਰ ਕੀਤਾ ਹੈ-

1. ਸ੍ਰੀ ਗੁਰ ਨਾਨਕ ਸੂਰਜੋਦਯ ਜਨਮਸਾਖੀ।
2. ਸ੍ਰੀ ਕ੍ਰਿਸ਼ਨ ਚੰਦ੍ਰ ਚੰਦ੍ਰਕਾ।
3. ਸ੍ਰੀ ਭਗਤਿ ਚੰਦ੍ਰਕਾ।
4. ਚੰਦ੍ਰ ਬੰਸ ਬਿਲਾਸ।

---

[38] शर्मा, डा. मीनाक्षी, *गणेश सिंह बेदी, साहित्यिक मूल्यांकन,* हिमाचल कला संस्कृति भाषा अकादमी, शिमला, 1994, पृष्ठ 26.

[39] ਨੋਟ- ਇਸ ਰਚਨਾ ਦਾ ਜ਼ਿਕਰ ਡਾ. ਮੀਨਾਕਸ਼ੀ ਸ਼ਰਮਾ ਨੇ ਸਾਹਿਤਯਿਕ ਮੁਲਯਾਂਕਨ ਪੁਸਤਕ ਵਿਚ ਪੰਨਾ ਨੰ. 273 ਉਪਰ ਕੀਤਾ ਹੈ ਪਰੰਤੂ ਉਸ ਨੇ ਇਸ ਦਾ ਨਾਮ ਕਵਿ ਦੀਆਂ ਰਚਨਾਵਾਂ ਦੀ ਪਹਿਲਾਂ ਅੰਕਿਤ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ।

[40] ੴ ਸਤਿਨਾਮ॥ ਅਥ ਸ੍ਰੀ ਕਬੀਸ੍ਵਰ ਬੇਦੀਬੰਸ਼ ਭੂਸ਼ਨ ਸ੍ਰੀ ਗਣੇਸ਼ ਸਿੰਘ ਜੀ ਕੇ ਰਚਤ ਗ੍ਰੰਥੋਂ ਕੇ ਨਾਮ ਬਰਨਨੰ॥ ਸ੍ਰੀ ਗੁਰ ਨਾਨਕ ਸੂਰਜੋਦਯ ਜਨਮਸਾਖੀ 1॥ ਸ੍ਰੀ ਕ੍ਰਿਸ਼ਨਚੰਦ੍ਰ ਚੰਦ੍ਰਕਾ 2॥ ਸ੍ਰੀ ਭਗਤਿ ਚੰਦ੍ਰਕਾ 3॥ ਚੰਦ੍ਰ ਬੰਸ ਬਿਲਾਸ 4॥ ਚਮਤਕਾਰ ਚਿੰਤਾਮਨੀ 5॥ ਬਿੱਕ੍ਰਮੀ ਬਿਲਾਸ 6॥ ਕੌਤਕ ਬਿਲਾਸ 7॥ ਸ੍ਰੀ ਸਸਿਬੰਸਬਿਨੋਦ 8 ॥ ਸ੍ਰੀ ਗੁਰੂ ਬੰਸ਼ ਬਿਨੋਦ 9 ॥ ਸਾਰ ਸੰਗ੍ਰਹ 10॥ ਸ਼ਿੰਗਾਰ ਸ਼ਤਕ 11 ॥ ਸੁਕਰੰਭਾ ਸੰਬਾਦ 12 ॥ ਅਜੀਰਨ ਮੰਜਰੀ 13 ॥ ਮਿਸਲ ਪ੍ਰਕਾਸ਼ 14 ॥ ਅੰਗਸਫੁਰਨ 15 ॥ ਸ੍ਰੀ ਗੁਰ ਦਸਮ ਲੀਲਾ ਪ੍ਰਸ਼ਨੋਤਰੀ ਤਥਾ ਗੁਰ ਭਗਤਿ ਰਤਨਾਵਲੀ 16 ॥ ਬ੍ਰਹਮ ਬੋਧ 17 ॥ ਸ੍ਰੀ ਗੁਰ ਨਾਨਕ ਅਸਤੋਤ੍ਰ ਤਥਾ ਸ੍ਰੀ ਸ਼ਿਵਜੀ ਕੋ ਅਸਤੋਤ੍ਰ ਤਥਾ ਹਰਿਹਹਿ ਅਸਤੋਤ੍ਰ ਤਥਾ ਸ੍ਰੀ ਦੁਰਗਾ ਅਸਤੋਤ੍ਰ 18॥ ਸ੍ਰੀ ਮਹਾਂਬੀਰ ਹਨੂੰਮਾਨ ਜੀ ਕਾ ਅਸਤੋਤ੍ਰ 19॥ ਸ੍ਰੀ ਗੁਰਮਤਿ ਪ੍ਰਕਾਸ਼ 20॥ ਯਹਿ ਬੀਸ ਗ੍ਰੰਥ ਧਰਮ ਹੇਤ ਛਪਵਾਇ ਹੈਂ ਰਿਯਾਸਤ ਬਿਲਾਸਪੁਰ ਮੇਂ ਮਹਾਤਮਾ ਜਨੋਂ ਕੋ ਬਿਨਾਂ ਮੋਲ ਮਿਲੇਂਗੇ ਸ੍ਰੀ ਕਵਿ ਗਣੇਸ਼ ਸਿੰਘ ਜੀ ਦ੍ਵਾਰਾ॥ ਇਤੀ ਗ੍ਰੰਥਨਾਮਾ ਵਲੀ ਹਸਤਾਖਰ ਸੰਤ ਬਲਰਾਮ ਦਾਸ ਉਦਾਸੀਨ ਨਿਵਾਸੀ ਦੁਆਰਾ ਮੱਜੂ ਕੀ ਛਪੜੀ ਗੁਜਰਾਂਵਾਲਾ ਸਮਾਪਤੰ॥

(ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 184-85)

5. ਚਮਤਕਾਰ ਚਿੰਤਾਮਨੀ।

6. ਬਿਕ੍ਰਮੀ ਬਿਲਾਸ।

7. ਕੌਤਕ ਬਿਲਾਸ।

8. ਸ੍ਰੀ ਸਸਿ ਬੰਸ ਬਿਨੋਦ।

9. ਸ੍ਰੀ ਗੁਰੂ ਬੰਸ਼ ਬਿਨੋਦ।

10. ਸਾਰ ਸੰਗ੍ਰਹ।

11. ਸ਼ਿੰਗਾਰ-ਸ਼ਤਕ।

12. ਸੁਕਰੰਭਾ ਸੰਬਾਦ।

13. ਅਜੀਰਨ ਮੰਜਰੀ।

14. ਮਿਸਲਪ੍ਰਕਾਸ।

15. ਅੰਗਸਫੁਰਨ।

16. ਸ੍ਰੀ ਗੁਰ ਦਸਮ ਲੀਲਾ ਪ੍ਰਸ਼ਨੋਤਰੀ ਤਥਾ ਗੁਰ ਭਗਤਿ ਰਤਨਾਵਲੀ।

17. ਬ੍ਰਹਮ ਬੋਧ।

18. ਅਸਤੋਤ੍ਰ।

19. ਸ੍ਰੀ ਮਹਾਂਬੀਰ ਹਨੂੰਮਾਨ ਜੀ ਕਾ ਅਸਤੋਤ੍ਰ।

20. ਸ੍ਰੀ ਗੁਰਮਤਿ ਪ੍ਰਕਾਸ।[41]

ਗਣੇਸ਼ ਸਿੰਘ ਬੇਦੀ ਦੀਆਂ ਰਚਨਾਵਾਂ ਸੰਬੰਧੀ ਉਪਰੋਕਤ ਤਿੰਨਾਂ ਹੀ ਸੂਚੀਆਂ ਵਿਚ ਦਰਜ ਕੁਝ ਰਚਨਾਵਾਂ ਆਪਸ ਵਿਚ ਮੇਲ ਨਹੀਂ ਖਾਂਦੀਆਂ। 'ਸੁਪਨ ਪ੍ਰਬੋਧ ' ਰਚਨਾ 'ਗ੍ਰੰਥ ਰਤਨਾਵਲੀ' ਵਿਚ ਛਪੀ ਹੋਈ ਮਿਲਦੀ ਹੈ ਅਤੇ ਡਾ. ਮੀਨਾਕਸ਼ੀ ਸ਼ਰਮਾ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ, ਪ੍ਰੰਤੂ 'ਗ੍ਰੰਥ ਰਤਨਾਵਲੀ' ਵਿਚ ਸੰਤ ਬਲਰਾਮ ਦਾਸ ਦੁਆਰਾ ਦਿਤੀ 20 ਰਚਨਾਵਾਂ ਦੀ ਸੂਚੀ ਵਿਚ ਦਰਜ ਨਹੀਂ ਹੈ ਅਤੇ ਨਾ ਹੀ ਡਾ.

[41] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 183-184.

ਰਾਮ ਸਿੰਘ ਸੈਣੀ ਦੁਆਰਾ ਇਸ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਰਾਮ ਸਿੰਘ ਸੈਣੀ ਦੁਆਰਾ ਆਪਣੀ ਸੂਚੀ ਵਿਚ ਦਿਤੀ ' ਮਥੋ ਮੁਰਾਰੀ ਬੰਸਾਵਲੀ' ਦਾ ਜ਼ਿਕਰ ਨਾ ਤਾਂ 'ਗ੍ਰੰਥ ਰਤਨਾਵਲੀ' ਵਿਚ ਹੈ ਅਤੇ ਨਾ ਹੀ ਡਾ. ਮੀਨਾਕਸ਼ੀ ਸ਼ਰਮਾ ਦੁਆਰਾ ਕੀਤਾ ਗਿਆ ਹੈ। ਇਕ ਹੋਰ ਰਚਨਾ 'ਕਾਸ਼ੀ ਮਹਾਤਮ' ਦਾ ਜ਼ਿਕਰ ਸਿਰਫ਼ ਡਾ. ਮੀਨਾਕਸ਼ੀ ਸ਼ਰਮਾ ਕਰ ਰਹੀ ਹੈ । ਸਾਰੀ ਵਿਚਾਰ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ, ਕਿ ਉਕਤ ਤਿੰਨਾਂ ਸੂਚੀਆਂ ਦੀ ਤੁਲਨਾ ਕਰਣ ਉਪਰੰਤ 'ਗ੍ਰੰਥ ਰਤਨਾਵਲੀ' ਵਿਚ ਦਰਜ ਰਚਨਾਵਾਂ ਤੋਂ ਇਲਾਵਾ ਕਾਸ਼ੀ ਮਹਾਤਮ, ਮੱਥੋ ਮੁਰਾਰੀ ਬੰਸਾਵਲੀ, ਸੁਪਨ ਪ੍ਰਬੋਧ, ਮੇਘ ਮਾਲਾ ਅਤੇ ਮੇਘ ਬਿਲਾਸ ਨੂੰ ਮਿਲਾ ਕੇ ਕੁਲ ਨਿਮਨਾਂਕਿਤ 25 ਰਚਨਾਵਾਂ ਦੀ ਸਿਰਜਨਾ ਗਣੇਸ਼ ਸਿੰਘ ਬੇਦੀ ਦੁਆਰਾ ਕੀਤੀ ਗਈ ਮੰਨੀ ਜਾ ਸਕਦੀ ਹੈ-

1. ਸ੍ਰੀ ਗੁਰੂ ਨਾਨਕ ਸੂਰਜੋਦੇ ਜਨਮਸਾਖੀ।
2. ਸ੍ਰੀ ਕ੍ਰਿਸ਼ਨ ਚੰਦ੍ਰ ਚੰਦ੍ਰਕਾ।
3. ਸ੍ਰੀ ਭਗਤਿ ਚੰਦ੍ਰਕਾ।
4. ਚੰਦ੍ਰ ਬੰਸ ਬਿਲਾਸ।
5. ਚਮਤਕਾਰ ਚਿੰਤਾਮਨੀ।
6. ਬਿਕ੍ਰਮੀ ਬਿਲਾਸ।
7. ਕੌਤਕ ਬਿਲਾਸ।
8. ਸ੍ਰੀ ਸਸਿ ਬੰਸ ਬਿਨੋਦ।
9. ਸ੍ਰੀ ਗੁਰੂ ਬੰਸ਼ ਬਿਨੋਦ।
10. ਸਾਰ ਸੰਗ੍ਰਹ।
11. ਸ਼ਿੰਗਾਰ-ਸ਼ਤਕ।
12. ਸੁਕਰੰਭਾ ਸੰਬਾਦ।
13. ਅਜੀਰਨ ਮੰਜਰੀ।

14. ਮਿਸਲਪ੍ਰਕਾਸ।

15. ਅੰਗਸਫੁਰਨ।

16. ਸ੍ਰੀ ਗੁਰ ਦਸਮ ਲੀਲਾ ਪ੍ਰਸ਼ਨੋਤਰੀ ਤਥਾ ਗੁਰ ਭਗਤਿ ਰਤਨਾਵਲੀ।

17. ਬ੍ਰਹਮ ਬੋਧ।

18. ਸ੍ਰੀ ਗੁਰ ਨਾਨਕ ਅਸਤੋਤ੍ਰ ਤਥਾ ਸ੍ਰੀ ਸ਼ਿਵਜੀ ਕੋ ਅਸਤੋਤ੍ਰ ਤਥਾ ਹਰੀਹਰਿ ਅਸਤੋਤ੍ਰ ਤਥਾ ਸ੍ਰੀ ਦੁਰਗਾ ਅਸਤੋਤ੍ਰ।

19. ਸ੍ਰੀ ਮਹਾਂਬੀਰ ਹਨੂੰਮਾਨ ਜੀ ਕਾ ਅਸਤੋਤ੍ਰ।

20. ਸ੍ਰੀ ਗੁਰਮਤਿ ਪ੍ਰਕਾਸ।

21. ਕਾਸ਼ੀ ਮਹਾਤਮ।

22. ਮਥੋ ਮੁਰਾਰੀ ਬੰਸਾਵਲੀ।

23. ਸੁਪਨ ਪ੍ਰਬੋਧ (ਸੁਪਨ ਧਿਆਇ)।

24. ਮੇਘ ਮਾਲਾ।

25. ਮੇਘ ਬਿਲਾਸ।

ਕਵਿ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦਾ ਵਿਦਵਾਨ ਸੀ। ਜਿਸ ਕਾਰਣ ਉਨ੍ਹਾਂ ਦੀ ਬੋਲੀ ਵਿਚ ਇਨ੍ਹਾਂ ਭਾਸ਼ਾਵਾਂ ਦਾ ਡੂੰਘਾ ਪ੍ਰਭਾਵ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਕਵਿ ਨੇ ਸੰਸਕ੍ਰਿਤ, ਬ੍ਰਜ ਅਤੇ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਅਤੇ ਲਿਪੀ ਗੁਰਮੁਖੀ ਵਰਤੀ ਹੈ। ਇਸ ਤੋਂ ਇਲਾਵਾ ਫ਼ਾਰਸੀ ਸ਼ਬਦਾਬਲੀ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਕਵਿ ਨੇ ਬੜੀ ਸਰਲ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਕਵਿ ਦੀਆਂ ਰਚਨਾਵਾਂ ਤੋਂ ਪਤਾ ਚਲਦਾ ਹੈ, ਕਿ ਆਪ ਦਾ ਝੁਕਾਅ ਸਿਰਫ਼ ਸਿਖ ਧਰਮ ਵਲ ਹੀ ਨਹੀਂ ਸੀ, ਬਲਕਿ ਆਪ ਨੇ ਹਿੰਦੂ ਧਰਮ ਨਾਲ ਸੰਬੰਧਿਤ ਰਚਨਾਵਾਂ ਦੀ ਵੀ ਸਿਰਜਨਾ ਕੀਤੀ ਹੈ, ਜਿਵੇਂ ਕਿ 'ਸ੍ਰੀ ਕ੍ਰਿਸ਼ਨ ਚੰਦ੍ਰ ਚੰਦ੍ਰਕਾ' ਅਤੇ 'ਸ੍ਰੀ ਮਹਾਂਬੀਰ ਹਨੂੰਮਾਨ ਜੀ ਕਾ ਅਸਤੋਤ੍ਰ'। ਪ੍ਰੰਤੂ ਕਵਿ ਦੁਆਰਾ ਇਨ੍ਹਾਂ ਰਚਨਾਵਾਂ ਦੇ ਅਰੰਭ ਵਿਚ *ੴ ਸਤਿਗੁਰ ਪ੍ਰਸਾਦਿ* ਨੂੰ ਮੰਗਲ ਵਜੋਂ ਲਿਖਣਾ ਹੀ ਉਸ ਦੀ ਸਿਖ ਧਰਮ ਵਿਚ ਪਰਿਪਕਤਾ ਨੂੰ ਅਨੁਸਰਣ

ਕਰਵਾਉਣ ਹਿਤ ਕਾਫ਼ੀ ਹੈ। ਇਸ ਦੀ ਪ੍ਰੋੜ੍ਹਤਾ ਕਵਿ ਦੀਆਂ ਦੋ ਰਚਨਾਵਾਂ ' ਸ੍ਰੀ ਸ਼ਿਵਜੀ ਕੋ ਅਸਤੋਤ੍ਰ' ਅਤੇ 'ਸ੍ਰੀ ਦੁਰਗਾ ਅਸਤੋਤ੍ਰ' ਤੋਂ ਵੀ ਹੁੰਦੀ ਹੈ, ਇਨ੍ਹਾਂ ਦੇ ਸਿਰਲੇਖ ਤੋਂ ਪਾਠਕ ਭ੍ਰਾਮਿਕ ਪ੍ਰਸਥਿਤੀ ਵਿਚ ਪੈ ਸਕਦਾ ਹੈ, ਪ੍ਰੰਤੂ ਪਠਨ ਤੋਂ ਇਹ ਗਿਆਤ ਹੁੰਦਾ ਹੈ, ਕਿ ਇਨ੍ਹਾਂ ਵਿਚ ਦੇਵੀ-ਦੇਵਤਿਆਂ ਤੋਂ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਵਾਈ ਗਈ ਹੈ। ਸੋ ਜਿਵੇਂ ਅਸੀਂ ਉਪਰ ਜ਼ਿਕਰ ਕੀਤਾ ਹੈ, ਕਿ ਗਣੇਸ਼ ਸਿੰਘ ਬੇਦੀ ਦੀਆਂ ਕੁਲ 25 ਰਚਨਾਵਾਂ ਬਾਰੇ ਵਖ-ਵਖ ਪੁਸਤਕਾਂ ਅਨੁਸਾਰ ਪੁਸ਼ਟੀ ਹੁੰਦੀ ਹੈ, ਪ੍ਰੰਤੂ ਇਹ ਸਾਰੀਆਂ ਰਚਨਾਵਾਂ ਉਪਲਬਧ ਨਹੀਂ ਹਨ। ਖੋਜ-ਪ੍ਰਬੰਧ ਦੀ ਮੰਗ ਅਨੁਸਾਰ ਕਵਿ ਦੀਆਂ ਰਚਨਾਵਾਂ ਦਾ ਸੰਖਿਪਿਤ ਵਿਵਰਣ ਨਿਮਨਾਂਕਿਤ ਹੈ-

**ਸ਼ਿੰਗਾਰ ਸ਼ਤਕ-**

'ਸ਼ਿੰਗਾਰ ਸ਼ਤਕ' 116 ਪਦਿਆਂ ਅਤੇ 16 ਪੰਨਿਆਂ ਦੀ ਇਕ ਮਹਤਵਪੂਰਨ ਰਚਨਾ ਹੈ। ਇਹ ਰਚਨਾ ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਸੀ, ਜਿਸ ਵਿਚ ਇਸ ਦੇ ਪ੍ਰਕਾਸ਼ਨ ਦਾ ਸਮਾਂ ਅੰਕਿਤ ਨਹੀਂ ਕੀਤਾ ਗਿਆ। ਇਸ ਵਿਚ ਕੇਵਲ ਦੋਹਰਾ ਛੰਦ ਦੀ ਵਰਤੋਂ ਕੀਤੀ ਗਈ ਹੈ। ਸ਼ਿੰਗਾਰ ਸ਼ਤਕ ਦੀ ਭਾਸ਼ਾ ਬ੍ਰਜ ਅਤੇ ਲਿਪੀ ਗੁਰਮੁਖੀ ਹੈ। ਇਸ ਦੇ ਆਰੰਭਿਕ ਤਿੰਨ ਪਦਿਆਂ ਵਿਚ ਕਵਿ ਨੇ ਗਣੇਸ਼, ਸਰਸ੍ਵਤੀ ਅਤੇ ਗੁਰੂ ਨਾਨਕ ਦੇਵ ਜੀ ਦੀ ਉਪਮਾ ਕੀਤੀ ਹੈ।[42] ਰਚਨਾ ਦਾ ਆਰੰਭ ਕਵਿ ਨੇ ਨਿਮਨ ਲਿਖਿਤ ਸ਼ਬਦਾਂ ਨਾਲ ਕੀਤਾ ਹੈ-

ੴ ਸਤਿਗੁਰ ਪ੍ਰਸਾਦਿ॥

ਅਥ ਸਿੰਗਾਰ ਸਤਕ ਲਿਖ੍ਯਤੇ ਕ੍ਰਿਤ ਕਵਿ ਬੇਦੀ ਸੰਭੁਜ ਮ੍ਰਿਗਿੰਦ ਜੀ॥

ਦੋਹਰਾ॥ ਮੂਖਕ ਬਾਹਨ ਗਜ ਬਦਨ ਰਦਨ ਏਕ ਅਘ ਭੰਜ॥

---

[42] ਮੂਖਕ ਬਾਹਨ ਗਜ ਬਦਨ ਰਦਨ ਏਕ ਅਘ ਭੰਜ। ਕਵਿ ਗਨੇਸ ਹਰਿ ਕੀ ਨਮੋਸ੍ਰੀ ਗਨੇਸ ਪਦੁ ਕੰਜ॥1॥ ਅਥ ਥਾਨੀ ਬਰਨਨੰ॥ ਸਰਦ ਸਸੀ ਸੀ ਕਾਂਤ ਤਨ ਸ੍ਰੀ ਸਾਰਦ ਸੁਖ ਰਾਸ। ਜੈ ਜੈ ਹੰਸ ਅਰੋਹਨੀ ਸੰਪਤਿ ਦਾਸ ਅਵਾਸ॥2॥ ਅਥ ਗੁਰੋਪਮਾ॥ ਬੇਦੀ ਬੰਸ ਵਤੰਸਬਰ ਗੁਰ ਨਾਨਕ ਹਰਿ ਰੂਪ॥ ਬੰਦਨ ਪਦ ਅਰ ਬਿੰਦ ਤਿਹ ਜਿਹ ਜਸ ਅਵਨ ਅਨੂਪ॥3॥

(ਬੇਦੀ, ਗਣੇਸ਼ ਸਿੰਘ, *ਸ਼ਿੰਗਾਰ ਸ਼ਤਕ,* ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਨ, ਪੰਨਾ 2.)

ਕਵਿ ਗਨੇਸ ਹਰਿ ਕੀ ਨਮੋਸ਼੍ਰੀ ਗਨੇਸ ਪਦੁ ਕੰਜ॥1॥[43]

ਸ਼ਿੰਗਾਰ ਦੇ ਸਾਰੇ ਅੰਗਾਂ-ਉਪਅੰਗਾਂ ਉਤੇ ਕਵਿ ਦੀ ਦ੍ਰਿਸ਼ਟੀ ਗਈ ਹੈ ਅਤੇ ਕਵਿ ਨੇ ਉਸਦਾ ਸਫਲ ਚਿਤ੍ਰਣ ਵੀ ਕੀਤਾ ਹੈ। 'ਸ਼ਿਗਾਰ ਸ਼ਤਕ' ਵਿਚ ਸੰਯੋਗ-ਵਿਯੋਗ ਦੀਆਂ ਸਾਰੀਆਂ ਅਵਸਥਾਵਾਂ ਅਤੇ ਨਾਇਕਾ-ਭੇਦ ਨਾਲ ਸੰਬੰਧਿਤ ਦੋਹਰੇ ਲਿਖੇ ਗਏ ਹਨ।

ਇਸ ਰਚਨਾ ਵਿਚ ਕਵਿ ਨੇ ਨਖ ਤੋਂ ਸ਼ਿਖ ਤਕ ਸੁੰਦਰਤਾ ਅੰਕਿਤ ਕਰਣ ਦਾ ਸਫਲ ਪ੍ਰਯਾਸ ਕੀਤਾ ਹੈ।[44] ਸੰਯੋਗ ਅਤੇ ਵਿਯੋਗ ਦੇ ਚਿਤ੍ਰਣ 'ਚ ਗਣੇਸ਼ ਸਿੰਘ ਬੇਦੀ ਪ੍ਰਵੀਨ ਲੇਖਕ ਹੈ। ਤਿਖੀ ਅਤੇ ਯਥਾਰਥ ਗਲ ਨੂੰ ਆਕ੍ਰਸ਼ਿਕ ਸ਼ਬਦਾਂ ਵਿਚ ਕਿਹਾ ਹੈ।[45]

'ਸ਼ਿੰਗਾਰ ਸ਼ਤਕ' ਦੀ ਰਚਨਾ ਕਵਿ ਨੇ ਰਾਜਾ ਹੀਰਾ ਚੰਦ ਦੀ ਪ੍ਰੇਰਨਾ ਨਾਲ ਕੀਤੀ, ਜਿਸ ਦਾ ਜ਼ਿਕਰ ਉਸ ਨੇ ਇਸ ਰਚਨਾ ਵਿਚ ਕੀਤਾ ਹੈ।[46] ਇਸ ਦੀ ਰਚਨਾ ਸੰਵਤ 1908 ਨੂੰ ਹੋਈ-

ਸੰਬਤ ਸਿਧਿ ਨਿਧਿ ਮੇਦਨੀ ਸਾਵਨ ਸੁਦਿ ਤਿਥਿ ਦੂਜ।
ਗ੍ਰੰਥ ਸਮਾਪਤਿ ਜਥਾ ਮਤਿ ਕੀਨ ਸਕਤਿ ਪਦ ਪੂਜਥੇ॥116॥[47]

---

[43] ਬੇਦੀ, ਗਣੇਸ਼ ਸਿੰਘ, *ਸ਼ਿੰਗਾਰ ਸ਼ਤਕ,* ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਨ, ਪੰਨਾ 2.

[44] ਚਰਨ ਅਰਨ ਅਰਵਿੰਦ ਸੇ ਨਖ ਦੁਤਿ ਅਤਿ ਦਮ ਕੰਤ। ਬਿਬਧ ਰੂਪ ਧਰ ਬਾਲ ਪਗ ਲਗ ਜਨ ਰੋਹ ਨਿਕੰਤ॥4॥ ਰੰਭ ਖੰਭ ਜੁਗ ਜੰਘ ਜਿਹ ਕਟਿ ਕੇਹਰਿ ਅਭਿਰਾਮ। ਰੋਮਾਵਲਿ ਸਰਨਾਭ ਤਟ ਮਨੋ ਅੰਕੁ ਰਤਿ ਕਾਂਮ॥5॥ ਪੀਨ ਕੁਚਨ ਪੈ ਕੰਚਕੀ ਕੁੰਚਤ ਕਰੀ ਬਨਾਇ। ਜਨ ਚਪ ਚੀਤੇ ਚਖਨ ਪੈ ਟੁਪਿਯਾ ਦਈ ਚਢਾਇ॥6॥ ਲੋਚਨ ਲਖ ਚਿਤ ਕੋਨ ਕੋ ਰਾਜਤ ਲੋਚਨ ਲੋਲ। ਕਰਤ ਕਲਾ ਨਿਧ ਮੈ ਮਨੋ ਖੰਜਨ ਜੁਗਲ ਕਲੋਲ॥7॥

(ਬੇਦੀ, ਗਣੇਸ਼ ਸਿੰਘ, *ਸ਼ਿੰਗਾਰ ਸ਼ਤਕ,* ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਨ, ਪੰਨਾ 2-3.)

[45] ਨਖ ਨਰਾਚ ਜਯੋਂ ਜਯੋਂ ਲਗੋ ਤਯੋਂ ਤਯੋਂ ਹ੍ਵੈ ਦ੍ਰਿੜ ਅੰਗ। ਸੁਰਤਿ ਸਮਰ ਜੀਤਯੋਂ ਸਖੀ ਆਜ ਪ੍ਰਿਯ ਪਿਯ ਸੰਗ॥18॥

(ਉਹੀ, ਪੰਨਾ 4.)

[46] ਪੁਰ ਬਿਲਾਸ ਕਹਿ ਪਤਿ ਹੀਰਾਚੰਦ ਨਰੇਸ॥ ਤਿਨ ਹਿਤ ਸਤਕ ਸਿੰਗਾਰ ਸੁਭ ਰਚਯੋ ਮ੍ਰਿਗਿੰਦ ਗਨੇਸ॥110॥

(ਉਹੀ, ਪੰਨਾ 15.)

[47] ਉਹੀ, ਪੰਨਾ 16.

**ਅੰਗਸੁਫੁਰਨ-**

'ਅੰਗਸੁਫੁਰਨ' ਕਵਿ ਗਣੇਸ਼ ਸਿੰਘ ਬੇਦੀ ਦੀ ਛੋਟੇ ਅਕਾਰ ਦੀ ਮਹਤਵਪੂਰਨ ਰਚਨਾ ਹੈ, ਜਿਸ ਨੂੰ ਕਵਿ ਨੇ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ ਸੰਵਤ 1961 (1904 ਈ.) ਵਿਚ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਛਪਵਾਇਆ। ਇਸ ਦਾ ਆਰੰਭ ਗਣੇਸ਼ ਸਿੰਘ ਬੇਦੀ ਨੇ ਨਿਮਨ ਸ਼ਬਦਾਬਲੀ ਨਾਲ ਕੀਤਾ ਹੈ-

ੴ ਅਥ ਅੰਗ ਸੁਫੁਰਨ ਫਲ ਲਿਖ੍ਯਤੇ॥

ਕ੍ਰਿਤ ਕਵਿ ਸੰਭੁਜ ਮ੍ਰਿਗਿੰਦ ਜੀ ਕੀ॥ ਦੋਹਰਾ॥

ਸ੍ਰੀ ਨਾਨਕ ਅਰੁਵਿੰਦ ਪਦ ਸੰਭੁਜ ਹਰ ਉਰਧਾਰ॥

ਭਨਹੋਂ ਅੰਗ ਸੁਫੁਰਨ ਫਲ ਉੱਤਮ ਰੀਤ ਬੀਚਾਰ॥1॥[48]

ਇਸ ਦੇ ਕੁਲ 64 ਪਦੇ ਅਤੇ 16 ਪੰਨੇ ਹਨ। ਰਚਨਾ ਦੇ ਆਰੰਭ ਵਿਚ ਕਵਿ ਨੇ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕੀਤੀ ਹੈ। ਇਸ ਤੋਂ ਅਗਲੇ ਪਦਿਆਂ ਵਿਚ ਗਣੇਸ਼ ਸਿੰਘ ਬੇਦੀ ਨੇ ਸਿਰ ਤੋਂ ਲੈ ਕੇ ਪੈਰਾਂ ਤਕ ਦੇ ਸਾਰੇ ਅੰਗਾਂ ਦੇ ਫ਼ਰਕਣ ਨਾਲ ਉਨ੍ਹਾਂ ਦੇ ਸ਼ੁਭ-ਅਸ਼ੁਭ ਮੰਨੇ ਜਾਂਦੇ ਫ਼ਲਾਂ ਦਾ ਜ਼ਿਕਰ ਕੀਤਾ ਹੈ। ਅਗੇ ਕਵਿ ਨੇ ਇਹ ਵੀ ਕਿਹਾ ਹੈ, ਕਿ ਅੰਗਾਂ ਦਾ ਫ਼ਰਕਣਾਂ ਕਰਤਾਰ ਦੀ ਖੇਡ ਹੈ ਅਤੇ ਇਸ ਨਾਲ ਹੀ ਸੰਸਾਰ ਵਿਚ ਸਾਰੇ ਦੁਖ-ਸੁਖ ਹਨ-

ਹੈ ਅੰਗਨ ਕੇ ਫੂਰਨ ਮੇਂ ਕੁਦਰਤਿ ਸ੍ਰੀ ਕਰਤਾਰ।

ਯਾਹੀ ਤੇ ਸਮਝਯੋ ਪਰੈ ਸੁਖ ਦੁਖ ਸਭ ਸੰਸਾਰ॥63॥[49]

ਇਸ ਵਿਚ ਕਵਿ ਨੇ ਸਿਰ[50], ਨੈਨ[51], ਕੰਨ[52], ਨੱਕ[53], ਮੁਖ[54], ਠੋਡੀ[55], ਹਥੇਲੀ[56], ਗਿਟੇ[57], ਪੈਰਾਂ ਦੀਆਂ ਉਂਗਲਾਂ[58], ਨਖ[59] ਆਦਿ ਸਰੀਰ ਦੇ ਲਗਪਗ 28 ਅੰਗਾਂ ਦੇ ਫ਼ਰਕਣ ਨਾਲ ਜਨਮ ਲੈਣ ਵਾਲੇ ਸ਼ੁਭ-ਅਸ਼ੁਭ ਫਲਾਂ ਦਾ ਵਿਸਤਾਰ ਵਿਚ ਵਰਣਨ ਕੀਤਾ ਹੈ।

---

[48] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 46.

[49] ਉਹੀ, ਪੰਨਾ 60.

[50] ਫੁਰੈ ਮੱਧ ਸਿਰ ਨ੍ਰਿਪ ਕ੍ਰਿਪਾ ਚਿੰਤਾ ਸਕਲ ਮਿਟਾਇ॥ ਫੁਰੈ ਚੁਫੇਰੇ ਤੇਜੁ ਸਿਰ ਲਹੈ ਸੁਜਸ ਅਧਿਕਾਇ॥2॥

'ਅੰਗਸਫੁਰਨ' ਦੇ ਅੰਤਲੇ ਪਦੇ ਵਿਚ ਕਵਿ ਨੇ ਲਿਖਣ ਸੰਵਤ ਦਾ ਵਰਣਨ ਕੀਤਾ ਹੈ, ਜਿਸ ਅਨੁਸਾਰ 'ਅੰਗਸਫੁਰਨ' ਦੀ ਰਚਨਾ 1927 ਸੰਵਤ 'ਚ ਹੋਈ-

ਸੰਮਤ ਰਿਖਿ ਦ੍ਰਿਗ ਨਿਧਿ ਮਹੀ ਸਾਵਨਗਤ ਦਿਨ ਚਾਰ॥

---

(ਉਹੀ, ਪੰਨਾ 47.)

[51] ਫੁਰੈ ਬਾਮ ਦ੍ਰਿਗ ਜਾਸਕੋ ਚਿੰਤਾ ਚਿਤ ਉਪਜਾਇ। ਦਾਹਨ ਦ੍ਰਿਗ ਜਾਕੋ ਫੁਰੈ ਸੁਖ ਸੰਪਤ ਅਧਿਕਾਇ॥10॥

(ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 48.)

[52] ਫੁਰੈ ਦਾਹਣੋ ਕਾਨ ਜੋ ਧਰਾ ਲਾਭ ਸੁਖ ਭੋਗ। ਫੁਰੈ ਬਾਮ ਸ੍ਰੁਤ ਕਲਹ ਹ੍ਵੈ ਕੈ ਹੁਇ ਮਿਤ੍ਰ ਬਿਯੋਗ॥20॥

(ਉਹੀ, ਪੰਨਾ 50.)

[53] ਸਗਰੋ ਨਾਕ ਫੁਰੈ ਜਿਸੈ ਸੁਖ ਸੰਪਤ ਅਧਿਕਾਇ। ਦਾਹਨ ਦਿਸ ਤੇ ਖੁਸ਼ੀ ਹ੍ਵੈ ਬਾਮ ਤਰਫ ਦੁਖਦਾਇ॥23॥

(ਉਹੀ, ਪੰਨਾ 51.)

[54] ਸਭ ਮੁਖ ਫੁਰੈ ਤ ਧਨ ਲਹੈ ਕੈ ਮੀਠੀ ਬਥ ਖਾਇ। ਜੋ ਦਾਹਨ ਦਿਸ ਮੁਖ ਫੁਰੈ ਸੁਨੈ ਖਬਰ ਸੁਖਦਾਇ॥25॥ ਜੋ ਮੁਖ ਬਾਮੀ ਕੌਨ ਫੁਰ ਦਰਬ ਸੁਜਸ ਜਗ ਜਾਨ। ਸੰਭੁਜ ਹਰ ਮੁਖ ਫੁਰਨ ਕੋ ਭਾਖਯੋ ਫਲ ਸੁਖਦਾਨ॥26॥

(ਉਹੀ, ਪੰਨਾ 51-52.)

[55] ਦੋਨੋਂ ਫੁਰੇ ਕਪੋਲ ਜੋ ਮਨ ਬਾਛਤ ਫਲ ਜੋਇ॥ ਠੋਡੀ ਫੁਰੇ ਤਾਂ ਕਲਹ ਹ੍ਵੈ ਜੀਤ ਸ਼ਤ੍ਰ ਤੇ ਹੋਇ॥30॥

(ਉਹੀ, ਪੰਨਾ 53.)

[56] ਦਾਹਨ ਕਰ ਪੋਚਾ ਫੁਰੈ ਹ੍ਵੈ ਸਤ੍ਰਨ ਕੀ ਹਾਨਿ। ਜੋ ਬਾਮੋ ਪੋਚਾ ਫੁਰੈ ਲਹੈ ਨ੍ਰਿਪਤਿ ਢਿਗਮਾਨ॥35॥

(ਉਹੀ, ਪੰਨਾ 54.)

[57] ਦਾਹਨ ਪਗ ਦਾਹਨ ਗੁਲਫ ਫੁਰੈ ਅਧਿਕ ਫਲ ਜੋਇ। ਬਾਮ ਚਰਨ ਬਾਮੋ ਗੁਲਫ ਫੁਰੈ ਲਰਾਈ ਹੋਇ॥54॥

( ਉਹੀ, ਪੰਨਾ 58.)

[58] ਪਗ ਅੰਗੁਸਟ ਜੋ ਦਾਹਨਾ ਫੁਰੈ ਚਿੰਤ ਚਿਤ ਜਾਇ। ਜੋ ਦੂਸਰਿ ਤੀਸਰਿ ਫੁਰੈ ਬਢੈ ਮੋਦ ਅਧਿਕਾਇ॥58॥

(ਉਹੀ, ਪੰਨਾ 59.)

[59] ਦਾਹਨ ਪਗ ਨਖ ਕਲਹ ਹ੍ਵੈ ਬਾਮ ਬਡਾਈ ਪਾਇ। ਕਵਿ ਗਨੇਸ਼ ਹਰ ਜਥਾ ਮਤਿ ਕੀਨ ਸਮਾਪਤਿ ਧਯਾਇ॥62॥

(ਉਹੀ, ਪੰਨਾ 60.)

ਰਚਯੋ ਗ੍ਰੰਥ ਸੁਭ ਜਾਨ ਕੈ ਸੰਭੁਜ ਹਰ ਨਿਰਧਾਰ॥64॥[60]

**ਗੁਰੂ ਨਾਨਕ ਸੂਰਜੋਦੇ ਜਨਮਸਾਖੀ-**

'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਗਣੇਸ਼ ਸਿੰਘ ਬੇਦੀ ਦੀ ਇਕ ਵਡ-ਆਕਾਰੀ ਅਤੇ ਮਹਤਵਪੂਰਣ ਰਚਨਾ ਹੈ, ਜਿਸ ਨੂੰ ਕਵਿ ਨੇ 123 ਸਰਗਾਂ (ਸਾਖੀਆਂ ਜਾਂ ਅਧਿਆਇ) ਵਿਚ ਵੰਡ ਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿਤ੍ਰ ਨੂੰ ਪ੍ਰਸਤੁਤ ਕਰਣ ਦਾ ਸੋਹਣਾ ਯਤਨ ਕੀਤਾ ਹੈ। ਇਸ ਜਨਮਸਾਖੀ ਦੇ ਦੋ ਭਾਗ ਹਨ- ਪੂਰਬਾਰਧ ਅਤੇ ਉਤਰਾਰਧ। ਪੂਰਬਾਰਧ ਭਾਗ ਵਿਚ 65 ਸਾਖੀਆਂ ਅਤੇ ਉਤਰਾਰਧ ਭਾਗ ਵਿਚ 58 ਸਾਖੀਆਂ ਰਖੀਆਂ ਗਈਆਂ ਹਨ। ਡਾ. ਜਗਜੀਤ ਸਿੰਘ ਇਸ ਜਨਮਸਾਖੀ ਦੀ ਰਚਨਾ 1906 ਬਿ. ਨੂੰ ਜੰਮੂ ਵਿਚ ਹੋਈ ਮੰਨਦੇ ਹਨ।[61] ਡਾ. ਸੁਰਿੰਦਰ ਸਿੰਘ ਕੋਹਲੀ ਸੰਨ 1849 ਈ. (1906 ਬਿ.)[62] ਨੂੰ ਅਤੇ ਡਾ. ਰਤਨ ਸਿੰਘ ਜੱਗੀ ਇਸ ਜਨਮਸਾਖੀ ਨੂੰ 1849 ਈ. (1906 ਬਿ.)[63] ਵਿਚ ਜੰਮੂ ਵਿਚ ਰਚੀ ਗਈ ਮੰਨਦੇ ਹਨ। ਇਹਨਾਂ ਤੋਂ ਇਲਾਵਾ ਡਾ. ਰਾਮ ਸਿੰਘ ਸੈਣੀ[64] ਸੰਵਤ 1926 ਬਿ. ਨੂੰ ਇਸ ਜਨਮਸਾਖੀ ਦਾ ਰਚਨਾ-ਕਾਲ ਸਵੀਕਾਰਦਾ ਹੈ ਅਤੇ ਗੁਰੁ ਮਹਿਮਾ ਰਤਨਾਵਲੀ[65] ਵਿਚ ਵੀ ਇਹੋ ਸੰਵਤ ਅੰਕਿਤ ਹੈ। ਜੇਕਰ ਉਪਰੋਕਤ ਅਨੁਸਾਰ ਵਾਚੀਏ, ਤਾਂ ਸਾਡੇ ਕੋਲ ਦੋ ਸੰਵਤ 1906 ਬਿ. ਅਤੇ 1926 ਬਿ. ਸਾਹਮਣੇ ਆਉਂਦੇ ਹਨ। ਪਰੰਤੂ ਗਣੇਸ਼ ਸਿੰਘ ਬੇਦੀ ਨੇ ਇਸ ਜਨਮਸਾਖੀ ਵਿਚ ਇਸ ਦੀ ਰਚਨਾ ਬਾਬਤ ਇੰਵ ਲਿਖਿਆ ਹੈ-

---

[60] ਉਹੀ, ਪੰਨਾ 60-61.

[61] ਡਾ. ਜਗਜੀਤ ਸਿੰਘ, *ਆਧੁਨਿਕ ਜਨਮਸਾਖੀ (ਜੀਵਨ ਸ੍ਰੀ ਗੁਰੂ ਨਾਨਕ ਦੇਵ ਜੀ),* ਲਾਹੌਰ ਬੁਕ ਸ਼ਾਪ, ਲੁਧਿਆਣਾ, 1970, ਪੰਨਾ 14.

[62] ਕੋਹਲੀ, ਡਾ. ਸੁਰਿੰਦਰ ਸਿੰਘ, *ਜਨਮਸਾਖੀ ਭਾਈ ਬਾਲਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜੀ ਵਾਰ 1990, ਪੰਨਾ 21.

[63] ਜੱਗੀ, ਡਾ. ਰਤਨ ਸਿੰਘ, *ਸਿਖ ਪੰਥ ਵਿਸ਼ਵਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1025.

[64] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 7.

[65] ਪ੍ਰੀਤਮ ਸਿੰਘ (ਸੰਪਾ.), *ਗੁਰ ਮਹਿਮਾ ਰਤਨਾਵਲੀ ਕ੍ਰਿਤ ਕਾਨ੍ਹ ਸਿੰਘ ਨਾਭਾ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984, ਪੰਨਾ 225.

ਸੰਬਤ ਉੱਨੀ ਸਹਸ ਪਰ ਖਟ ਬਿੰਸਤ ਜਾਨੋ॥

ਅਸੁਨ ਸੁਦਿ ਦਸਮੀ ਬਿਜੈ ਭ੍ਰਿਗਵਾਰ ਪਛਾਨੋ॥

ਭਯੋ ਸਮਾਪਤ ਗ੍ਰੰਥ ਯਹ ਮਗ ਮੁਕਤਿ ਸੁਖਾਰਾ॥

ਵਾਹਿਗੁਰੂ ਮੁਖ ਤੇ ਭਨੋ ਪਾਵਹੁ ਸੁਖਸਾਰਾ॥42॥[66]

ਇਸ ਉਕਤਿ ਤੋਂ ਸਪਸ਼ਟ ਹੋ ਜਾਂਦਾ ਹੈ, ਕਿ ਸਹੀ ਰਚਨਾ ਸਮਾਂ 1926 ਬਿ. ਹੀ ਹੈ। ਵਾਸਤਵਿਕਤਾ ਇਹ ਹੈ, ਕਿ 1906 ਬਿ. ਮੰਨਣ ਵਾਲੇ ਵਿਦਵਾਨ ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਰਤਨ ਸਿੰਘ ਜੱਗੀ ਅਤੇ ਡਾ. ਜਗਜੀਤ ਸਿੰਘ ਇਤਿਆਦਿਕ ਤੋਂ ਕਵਿ ਦੁਆਰਾ ਅੰਕਿਤ ਰਚਨਾ ਸਮਾਂ ਵਾਲੇ ਪਦੇ ਦੇ ਅਰਥ ਕਰਣ ਲਗਿਆਂ ਉਕਾਈ ਹੋਈ ਹੈ। ਪਰੰਤੂ ਉਪਰੋਕਤ ਕਵਿ ਦੁਆਰਾ ਸਪਸ਼ਟ ਰੂਪ ਵਿਚ 1926 ਸੰਵਤ ਹੀ ਅੰਕਿਤ ਕੀਤਾ ਹੈ।

‘ ਗੁਰੂ ਨਾਨਕ ਸੂਰਜੋਦੇ ਜਨਮਸਾਖੀ’ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨ ਗਾਥਾ ਆਦਿ ਤੋਂ ਅੰਤ ਤਕ ਅੰਕਿਤ ਕੀਤੀ ਗਈ ਹੈ। ਕਵਿ ਨੇ ਇਸ ਜਨਮਸਾਖੀ ਦੀ ਰਚਨਾ ਗੁਰੂ ਨਾਨਕ ਦੇਵ ਜੀ ਲਈ ਆਪਣੀ ਸ਼ਰਧਾ ਪ੍ਰਗਟਾਉਣ, ਉਨ੍ਹਾਂ ਦੀ ਜੀਵਨ ਗਾਥਾ ਬਾਰੇ ਵਿਦਵਾਨਾਂ ਅਤੇ ਸਾਧਾਰਣ ਜਿਗਿਆਸੀ ਨੂੰ ਜਾਣੂ ਕਰਵਾਉਣ ਅਤੇ ਸਿਖੀ ਪ੍ਰਚਾਰ ਹਿਤ ਕੀਤੀ ਹੈ। ਜਨਮਸਾਖੀ ਦਾ ਆਰੰਭ ਮੰਗਲਾਚਰਣ ਨਾਲ ਕੀਤਾ ਗਿਆ ਹੈ, ਜਿਸ ਵਿਚ ਦੇਵੀ-ਦੇਵਤਿਆਂ, ਅਵਤਾਰਾਂ, ਦਸ ਗੁਰੂ ਸਾਹਿਬਾਨ, ਬਾਬਾ ਸ੍ਰੀ ਚੰਦ ਜੀ ਆਦਿ ਮਹਾਨ ਪੁਰੁਸ਼ਾਂ ਨੂੰ ਯਾਦ ਕਰਕੇ ਉਨ੍ਹਾਂ ਅਗੇ ਅਰਦਾਸ ਕੀਤੀ ਹੈ, ਕਿ ਇਹ ਜਨਮਸਾਖੀ ਨਿਰਵਿਘਨਤਾ ਨਾਲ ਸੰਪੰਨ ਹੋ ਸਕੇ। ਇਸ ਛੰਦ-ਬਧ ਜਨਮਸਾਖੀ ਦਾ ਮੂਲ ਸ੍ਰੋਤ ਭਾਈ ਬਾਲੇ ਵਾਲੀ ਵਿਖਿਆਤ

[66] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 670.

ਜਨਮਸਾਖੀ ਹੈ।[67] ਇਸ ਤੋਂ ਇਲਾਵਾ ਕਵਿ ਨੇ ਭਾਈ ਸੰਤੋਖ ਸਿੰਘ ਦੀ ਰਚਨਾ 'ਗੁਰੂ ਨਾਨਕ ਪ੍ਰਕਾਸ਼' ਨੂੰ ਵੀ ਆਪਣੀ ਲਿਖਿਤ ਦਾ ਆਧਾਰ ਬਣਾਇਆ ਹੈ।[68]

ਇਹ ਰਚਨਾ ਬ੍ਰਜ ਭਾਸ਼ਾ ਵਿਚ ਲਿਖੀ ਗਈ ਹੈ ਅਤੇ ਲਿਪੀ ਗੁਰਮੁਖੀ ਵਰਤੀ ਗਈ ਹੈ। ਇਸ ਵਿਚ ਸੰਸਕ੍ਰਿਤ ਅਤੇ ਫ਼ਾਰਸੀ ਦੀ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਗਈ ਹੈ। ਕਵਿ ਨੂੰ ਛੰਦ-ਸ਼ਾਸਤ੍ਰ ਦਾ ਚੰਗਾ ਗਿਆਨ ਸੀ, ਪਰ ਫਿਰ ਵੀ ਕਵਿ ਦੁਆਰਾ ਇਹ ਕਹਿਣਾ, ਕਿ ਮੈਨੂੰ ਛੰਦ ਰੀਤਿ, ਰਸ ਅਤੇ ਧੁਨੀ ਆਦਿ ਬਾਰੇ ਬਹੁਤ ਅਲਪ ਗਿਆਨ ਹੈ, ਮੇਰੀਆਂ ਭੁਲਾਂ ਪਾਠਕ ਅਥਵਾ ਕਵਿਜਨ ਆਪ ਹੀ ਸੁਧਾਰ ਲੈਣ, ਇਹ ਵੀ ਆਪ ਦੇ ਮਨ ਨੀਵਾਂ ਅਤੇ ਮਤਿ ਉਚੀ ਦੇ ਵਿਚਾਰ ਨੂੰ ਪ੍ਰਗਟਾਉਂਦਾ ਹੈ।[69]

**ਅਜੀਰਨ ਮੰਜਰੀ-**

'ਅਜੀਰਨ ਮੰਜਰੀ' ਕਵਿ ਗਣੇਸ਼ ਸਿੰਘ ਬੇਦੀ ਦੀ 41 ਪਦਿਆਂ ਅਤੇ 20 ਪੰਨਿਆਂ ਦੀ ਮਹਤਵਪੂਰਣ ਰਚਨਾ ਹੈ। ਇਸ ਨੂੰ ਗਣੇਸ਼ ਸਿੰਘ ਬੇਦੀ ਨੇ ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ ਤੋਂ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ 1904 ਈ. 'ਚ ਛਪਵਾਇਆ ਸੀ। ਰਚਨਾ ਦੇ ਆਰੰਭ ਵਿਚ ਕਵਿ ਨੇ ਗਣੇਸ਼ ਅਤੇ ਗੁਰੂ ਨਾਨਕ ਦੇਵ ਜੀ ਦੀ ਉਪਮਾ ਕੀਤੀ ਹੈ। ਇਸ ਦਾ ਆਰੰਭ ਗਣੇਸ਼ ਸਿੰਘ ਬੇਦੀ ਨੇ ਨਿਮਨ ਸ਼ਬਦਾਂ ਨਾਲ ਕੀਤਾ ਹੈ-

---

[67] ਬਾਬਾ ਮੁਖ ਭਾਖਤ ਭਯੋ ਪੈੜੇ ਲਿਖ ਲੀਨੀ॥ ਲਿਖਵਾਈ ਅੰਗਦ ਗੁਰੂ ਸਰਧਾ ਮਤਿ ਭੀਨੀ॥25॥ ਜਗ ਨਿਸਤਾਰਨ ਕੇ ਲਿਯੇ ਕੀਨੇ ਉਪਕਾਰਾ॥ ਪਢ ਸੁਨ ਕਰ ਕਲ ਮੈ ਸਨੇ ਉਤਰੇਗੇ ਪਾਰਾ॥ ਰਚਯੋ ਛੰਦਨ ਮੈ ਤਿਸੈ ਨਿਜ ਮਤਿ ਅਨੁਸਾਰੀ॥ ਵਾਹਗੁਰੂ ਮੁਖ ਤੇ ਭਨੇ ਜੋ ਚਹਤ ਉਬਾਰੀ॥26॥

(ਉਹੀ, ਪੰਨਾ 35.)

[68] ਰਚਯੋ ਜੁ ਸਿੰਘ ਸੰਤੋਖ ਜੂ ਨਾਨਕ ਪਰਕਾਸਾ॥ ਗੁਰ ਲੀਲਾ ਕੇ ਗ੍ਰੰਥ ਜੇ ਅਵਰੇ ਸੁਖਰਾਸਾ॥37॥ ਬਰਨੀ ਤਿਨ ਅਨੁਸਾਰ ਮੈ ਯਹ ਕਥਾ ਰਸਾਲਾ॥ ਨਹਿ ਕਵਿ ਜਨ ਪਠ ਰਿਸ ਕਰੋ ਲਖ ਚੂਕ ਬਿਸਾਲਾ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 669.)

[69] ਛੰਦ ਰੀਤਿ ਰਸ ਧੁਨੀ ਕੋ ਨਾਹਿਨ ਕਛੂ ਬਿਚਾਰ॥ ਜਿਹ ਜਿਹ ਚੂਕ ਪਰੈ ਤਹਾ ਕਵਿ ਜਨ ਲੇਹੁ ਸੁਧਾਰ॥23॥

(ਉਹੀ, ਪੰਨਾ 32.)

੧ੴ ਸਤਿਗੁਰ ਪ੍ਰਸਾਦਿ॥

ਅਥ ਅਜੀਰਨ ਮੰਜਰੀ ਭਾਖਾ ਕ੍ਰੀਯਤੇ ਬਾਵਾ ਗਣੇਸ ਸਿੰਘ ਕਵਿ ਰਜਾਸਤ ਬਿਲਾਸਪੁਰ ਨਿਵਾਸੀ॥

ਦੋਹਰਾ॥ ਏਕ ਰਦਨ ਗਜ ਬਦਨ ਬਰ ਬਿਘਨ ਹਰਨ ਗੁਨ ਐਨ।

ਕਵਿ ਸੰਭੁਜ ਹਰ ਕੀ ਨਮੋ ਸ੍ਰੀ ਸੰਭੁਜ ਸੁਖ ਦੈਨ॥1॥[70]

ਇਸ ਵਿਚ ਕਵਿ ਨੇ ਸਗ੍ਰਣੀ, ਸਵੈਯਾ, ਅਰਿਲ, ਨੀਲ, ਨਿਸਾਨੀ, ਗੀਤਕਾ, ਨਿਸਪਾਲਕਾ, ਛਪੈ, ਦੋਹਰਾ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ। ਰਚਨਾ ਦੇ ਆਰੰਭ ਵਿਚ ਕਵਿ ਨੇ ਦਸਿਆ ਹੈ, ਕਿ ਉਹ ਰਿਆਸਤ ਬਿਲਾਸਪੁਰ ਦਾ ਨਿਵਾਸੀ ਹੈ। ਮੰਗਲਾਚਰਣ ਤੋਂ ਬਾਅਦ ਅਗਲੇ ਪਦਿਆਂ ਵਿਚ ਕਵਿ ਨੇ ਇਲਾਜ ਦੇ ਦੇਸੀ ਨੁਕਤੇ ਦਸੇ ਹਨ। ਕਵਿ ਨੇ 'ਅਜੀਰਨ ਮੰਜਰੀ' ਵਿਚ ਬਹੁਤ ਹੀ ਸੁਚਜੇ ਢੰਗ ਨਾਲ ਬਦਹਜ਼ਮੀ ਦੇ ਉਪਚਾਰ ਸੰਬੰਧੀ ਘਰੇਲੂ ਇਲਾਜ ਦੀਆਂ ਦੇਸੀ ਵਿਧੀਆਂ ਦਾ ਵਿਸਤਾਰ ਵਿਚ ਵਰਣਨ ਕੀਤਾ ਹੈ-

ਸ੍ਰੀ ਫਲੰ ਹੇਤ ਜਲ ਤੰਦਲੰ ਦੀਜਿਯੈ। ਨੂਤਫਲ ਜੀਰਨੰ ਦੂਧ ਗੋ ਪੀਜਿਯੈ॥

ਘੀਯ ਕੇ ਜੋਗ ਜੰਭੀਰ ਰਸ ਜਾਨਿਯੈ। ਹੈ ਫਲੰ ਮੋਚ ਕੇ ਹੇਤ ਘ੍ਰਿਤ ਠਾਨਿਯੈ॥5॥[71]

ਘ੍ਰਿਤ ਜੀਰਨ ਹਿਤ ਧਾਤ੍ਰੀ ਔ ਨਿੰਬੂ ਰਸ ਹੈ।

ਤੇਲ ਤਿਲਾਦਿ ਪਚਾਵਨ ਕੋ ਕਾਂਜੀ ਤਸ ਹੈ॥

ਕਟਰ ਬਢਰ ਕੇ ਜੀਰਨ ਹਿਤ ਫਲ ਰਾਲ ਲਖੋ।

ਕਵਿ ਸੰਭੁਜ ਹਰ ਉਰ ਮੈ ਨਾਹਨ ਸੰਸ ਰਖੋ॥16॥[72]

ਇਸ ਦੀ ਰਚਨਾ 1929 ਸੰਵਤ ਨੂੰ ਹੋਈ, ਜਿਸ ਦਾ ਜ਼ਿਕਰ ਕਵਿ ਨੇ 'ਅੰਜੀਰਨ ਮੰਜਰੀ' ਦੇ ਅੰਤ ਵਿਚ ਕੀਤਾ ਹੈ-

ਨਾਥ ਨੈਨ ਨਿਧਿ ਮੇਦਨੀ ਬਿਕ੍ਰਮ ਸਨ ਪਹਚਾਨ।

---

[70] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 95.

[71] ਉਹੀ, ਪੰਨਾ 96.

[72] ਉਹੀ, ਪੰਨਾ 101.

ਮਾਘ ਸੁਦੀ ਤਿਥ ਪੰਚਮੀ ਗ੍ਰੰਥ ਸਮਾਪਤਿ ਜਾਨ॥41॥[73]

**ਸੁਕਰੰਭਾ ਸੰਬਾਦ-**

ਇਹ ਰਚਨਾ 38 ਪਦਿਆਂ ਦੀ ਹੈ, ਜਿਸ ਨੂੰ ਗਣੇਸ਼ ਸਿੰਘ ਬੇਦੀ ਨੇ ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ ਤੋਂ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ 1904 ਈ. 'ਚ ਪ੍ਰਕਾਸ਼ਿਤ ਕਰਵਾਇਆ ਸੀ। ਇਸ ਵਿਚ ਸੋਰਠਾ ਅਤੇ ਦੋਹਰਾ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਸਭ ਤੋਂ ਪਹਿਲਾਂ ਕਵਿ ਨੇ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਮੰਨ ਕੇ ਗੁਰ ਉਪਮਾ ਕੀਤੀ ਹੈ। ਇਸ ਦੀ ਸ਼ੁਰੂਆਤ ਕਵਿ ਨੇ ਨਿਮਨ ਲਿਖਿਤ ਸ਼ਬਦਾਂ ਨਾਲ ਕੀਤੀ ਹੈ-

ੴ ਸਤਿਗੁਰ ਪ੍ਰਸਾਦਿ॥

ਅਥ ਸ੍ਰੀ ਸੁਕਰੰਭਾ ਸੰਬਾਦ ਲਿਖਯਤੇ ਕ੍ਰਿਤ ਕਵਿ ਬੇਦੀ ਗਣੇਸ਼ ਸਿੰਘ ਜੀ ਕੀ॥

ਸ੍ਰੀ ਗੁਰੋਪਮਾ ਕੋ ਦੋਹਰਾ॥ ਨਾਵਹ ਨਾਵ ਚਢਾਇ ਜਿਹ ਕਿਯ ਜਗਤ ਭਵਨਿਧਿ ਪਾਰ॥

ਤਿਹ ਗੁਰ ਨਾਨਕ ਦੇਵ ਪਦ ਬੰਦੋ ਬਾਰੰਬਾਰ॥1॥[74]

ਇਸ ਰਚਨਾ ਦਾ ਵਿਸ਼ਾ ਮੁਖ ਰੂਪ ਵਿਚ ਸੁਕਦੇਵ ਅਤੇ ਰੰਭਾ ਅਪਸਰਾ ਦਾ ਸੰਬਾਦ ਹੈ। ਸੁਕਦੇਵ ਰਿਸ਼ੀ ਨੂੰ ਰੰਭਾ ਨੇ ਬਹੁਤ ਹੀ ਲੁਭਾਉਣ ਦਾ ਯਤਨ ਕੀਤਾ, ਪਰ ਰਿਸ਼ੀ ਆਪਣੀ ਅਡੋਲ ਅਵਸਥਾ ਵਿਚ ਰਹਿ ਕੇ ਰੰਭਾ ਨੂੰ ਭਗਵਾਨ ਦੇ ਗੁਣ ਦਸਦਾ ਹੈ-

ਰੂਪ ਅਚਿੰਤ ਚਿਦਾਤਮਾ ਬਿਸ਼ੰਭਰ ਭਗਵਾਨ।

ਭਜੈ ਨ ਜੋ ਜਗ ਜੋਤਮਯ ਬ੍ਰਿਥਾ ਜਨਮ ਤਿਹ ਜਾਨ॥4॥[75]

ਇਸ ਰਚਨਾ ਵਿਚ ਕਵਿ ਨੇ ਇਸਤ੍ਰੀ ਦੇ ਸ਼ਿੰਗਾਰਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪ੍ਰਸਤੁਤ ਕੀਤਾ ਹੈ[76] ਅਤੇ ਨਾਲ ਹੀ ਸੁਕਦੇਵ ਰਿਸ਼ੀ ਦੁਆਰਾ ਭਗਵਾਨ ਦੇ ਗੁਣਾਂ ਨੂੰ ਸ਼ਿੰਗਾਰਾਂ ਤੋਂ ਉਤਮ ਦਸਦੇ ਹੋਏ, ਰੰਭਾ

---

[73] ਉਹੀ, ਪੰਨਾ 112.

[74] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 115.

[75] ਉਹੀ, ਪੰਨਾ 116.

[76] ਅਥ ਨਾਰੀ ਕੇ ਸੋਰਹ ਸ਼ਿੰਗਾਰ ਕੁਦਰਤੀ ਬਰਨਨੰ॥ ਦੋਹਰਾ॥ ਤ੍ਰੈ ਕਾਲੇ ਤ੍ਰੈ ਉਜਲੇ ਪਤਲੇ ਪਾਂਚ ਬਿਚਾਰ। ਚਾਰ ਕਠਨ ਦ੍ਵੈ ਸਘ੍ਨ ਹੈਂ ਸੋਰਹ ਸਹਜ ਸ਼ਿੰਗਾਰ॥ ਉਦਾਹਰਨਕਬਿੱਤ॥ ਕਾਲੇ ਤੀਨ ਨੈਨ ਕੇਸ ਅੱਗ੍ਰਕੁਚ ਜਾਨ ਲੇਹੁ ਦੰਤ ਨਖ ਦੋਇ ਹੋਇ ਉੱਜਲ ਅਕਾਰ

ਨੂੰ ਕਾਮੁਕ ਰੂਪ ਛਡਣ ਲਈ ਵੀ ਪ੍ਰੇਰਿਆ ਗਿਆ ਹੈ। 'ਸੁਕਰੰਭਾ ਸੰਬਾਦ' ਦੀ ਰਚਨਾ ਕਵਿ ਨੇ ਸੰਬਤ 1933 ਵਿਕ੍ਰਮੀ 'ਚ ਕੀਤੀ-

ਸੰਬਤ ਗੁਨ ਗੁਨ ਨਿਧਿ ਸਸੀ ਪੋਖ ਦਸਮਿ ਤਿਥਿ ਆਹਿ॥

ਬਿਰਚਯੋ ਗ੍ਰੰਥ ਗਣੇਸ ਹਰ ਪੁਰਬਿਲਾਸ ਕੇ ਮਾਹਿ॥38॥[77]

**ਕ੍ਰਿਸ਼ਨਚੰਦ੍ਰ ਚੰਦ੍ਰਕਾ-**

'ਕ੍ਰਿਸ਼ਨ ਚੰਦ੍ਰ ਚੰਦ੍ਰਕਾ' ਗਣੇਸ਼ ਸਿੰਘ ਬੇਦੀ ਦੁਆਰਾ ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ ਤੋਂ 1884 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਦਾ ਆਰੰਭ ਕਵਿ ਨੇ ਨਿਮਨ ਸ਼ਬਦਾਬਲੀ ਨਾਲ ਕੀਤਾ ਹੈ-

ੴ ਸਤਿਗੁਰ ਪ੍ਰਸਾਦਿ॥

ਸ੍ਰੀ ਰਘੁਨਾਥ ਜੀ ਸਹਾਇ ਹੋਵੇ॥ ਅਥ ਸ੍ਰੀ ਕ੍ਰਿਸਨ ਚੰਦ੍ਰ ਚੰਦ੍ਰਕਾ ਲਿਖ੍ਯਤੇ॥

ਕ੍ਰਿਤ ਕਵਿ ਬੇਦੀ ਗਣੇਸ ਸਿੰਘ॥ ਯਥਾ ਦੋਹਰਾ॥

ਕਮਲ ਬਦਨ ਸੁਖ ਸਦਨ ਬਰ ਕੋਟ ਕਾਮ ਅਭਿਰਾਮ॥

ਕਵਿ ਸੰਭੁਜ ਹਰ ਕੀ ਨਮੋ ਕ੍ਰਿਸਨ ਨਾਮ ਸੁਖ ਧਾਮ॥1॥[78]

ਧਾਰਮਿਕ ਪ੍ਰਕ੍ਰਿਤੀ ਦੀ ਇਸ ਰਚਨਾ ਦੇ ਕੁਲ 27 ਅਧਿਆਇ ਹਨ, ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਜੀਵਨ ਲੀਲਾ ਦਾ ਵਿਸਤਾਰ-ਪੂਰਵਕ ਵਰਣਨ ਕਰਣ ਦੇ ਨਾਲ-ਨਾਲ ਕਵਿ ਨੇ ਦਸ ਗੁਰੂ ਅਵਤਾਰ[79] ਅਤੇ

---

ਹੈ ਸ਼ੰਭੁਜ ਮ੍ਰਿਗਿੰਦ ਤਿਯਾਪਾਂਚ ਅੰਗ ਪਾਤਰੇ ਹ੍ਵੈ ਨਾਕ ਲੰਕ ਓਠ ਗ੍ਰੀਵ ਆਂਗਰੀ ਉਚਾਰ ਹੈ। ਚਾਰ ਹੈ ਕਠੋਰ ਭੁਜ ਦੰਡਪੁਨ ਪਾਟਠਾਟ ਸਘਨ ਕਠਨ ਦ੍ਵੈ ਕੁਚਨ ਨਿਰਧਾਰ ਹੈ। ਧੰਨ ਕਰਤਾਰ ਜਿਨੈਂ ਨਾਰਨ ਕੇ ਅੰਗਨੁ ਮੇਂ ਅੰਗਨ ਕੇ ਕੀਨੇਂ ਸ਼ੁਭ ਸੋਰਹਂ ਸ਼ਿੰਗਾਰ ਹੈ॥ (ਉਹੀ ਪੰਨਾ 185-86.)

[77] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 124.

[78] ਬੇਦੀ, ਗਣੇਸ਼ ਸਿੰਘ, *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884, ਪੰਨਾ 1.

[79] ਗੁਰ ਨਾਨਕ ਦੈ ਨਾਮ ਦਾਮਨ ਜਗ ਕੀਨ ਉਧਾਰਨ॥ ਤਾਰਨ ਸੰਖ੍ਯਾ ਹੋਤ ਪਰੈ ਤਾਰਨ ਕੋ ਪਾਰਨ॥ ਤਿਹ ਤੇ ਅੰਗਦ ਅਮਰਦਾਸ ਗੁਰ ਰਾਮਦਾਸ ਭਨ॥ ਅਰਜੁਨ ਹਰਿਗੋਬਿੰਦ ਰਾਇ ਹਰਿ ਹਰੀਕ੍ਰਿਸ਼ਨ ਗਨ॥ ਗੁਰ ਤੇਗ ਬਹਾਦੁਰ ਕੇ ਭਯੋ ਗੁਰ ਗੋਬਿੰਦ ਮ੍ਰਿਗਿੰਦ ਬਰ॥ ਸੰਭੁਜ ਮ੍ਰਿਗਿੰਦਰ ਥਕੋ ਤੁਰਕ ਤੇ ਜਤ ਮਤੋ ਮਹਰ॥2॥

ਰਾਜਾ ਹੀਰਾ ਚੰਦ ਦੀ ਉਪਮਾ[80] ਆਦਿ ਪ੍ਰਸੰਗਾਂ ਦਾ ਵੀ ਬਿਆਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਵਿ ਨੇ ਆਪਣੇ ਗੁਰੂ ਨਾਨਕ ਦੇਵ ਜੀ ਦੀ ਬਾਰ੍ਹਵੀਂ ਪੀੜ੍ਹੀ ਵਿਚੋਂ ਹੋਣ [81] ਦੇ ਨਾਲ-ਨਾਲ ਆਪਣੇ ਨਿਵਾਸ-ਸਥਾਨ ਅਤੇ ਦੋ ਪੁਤਰਾਂ ਦਾ ਵੀ ਜ਼ਿਕਰ ਇਸ ਪੁਸਤਕ ਵਿਚ ਕੀਤਾ ਹੈ-

ਕਵਿ ਗ੍ਰਹਿ ਪ੍ਰਿਥਮ ਅਨੰਦਪੁਰ ਅਬ ਬਿਲਾਸਪੁਰ ਜਾਨ॥

ਦ੍ਵੈ ਸੁਤ ਬਡ ਗਜਰਾਜ ਹਰਿ ਲਘੂ ਮਤੰਗ ਹਰਿ ਮਾਨ॥8॥[82]

ਇਸ ਰਚਨਾ ਵਿਚ ਕਵਿ ਨੇ ਰਾਜਾ ਹੀਰਾ ਚੰਦ ਦੀ ਬਹੁਤ ਪ੍ਰਸੰਸਾ ਕੀਤੀ ਹੈ। ਕਵਿ ਇਸਦੇ ਆਰੰਭ ਵਿਚ ਲਿਖਦਾ ਹੈ, ਕਿ ਰਾਜਾ ਹੀਰਾਚੰਦ ਦੀ ਸਭਾ ਇੰਦਰ ਰਾਜੇ ਦੀ ਸਭਾ ਦੇ ਸਮਾਨ ਹੈ-

ਪੁਰ ਬਿਲਾਸ ਕਹਲੂਰ ਪਤਿ, ਹੀਰਾਚੰਦ ਸੁਜਾਨ॥

ਸੁਰਪਤਿ ਸੀ ਜਾਕੀ ਸਭਾ, ਬੁਧ ਗੁਰੂ ਕਵਿਯੁਤ ਮਾਨ॥[83]

ਯਹ ਅਸੀਸ ਕਵਿ ਕੀ ਸਦਾ ਸ੍ਰੀ ਨ੍ਰਿਪ ਹੀਰਾ ਚੰਦ॥

ਬਸੈ ਭਕਤਿ ਅਨਪਾਯਨੀ ਤੁਵ ਉਰ ਗੁਰ ਗੋਵਿੰਦ॥[84]

'ਕ੍ਰਿਸ਼ਨ ਚੰਦ੍ਰ ਚੰਦ੍ਰਕਾ' ਵਿਚ ਕਵਿ ਨੇ ਰਚਨਾ-ਕਾਲ ਦਾ ਸੰਕੇਤ ਸੰਵਤ 1936 ਬਿ. ਦਿਤਾ ਹੈ-

ਸੰਬਤ ਖਟ ਤ੍ਰੈ ਨਿਧ ਸਸੀਸੁਰ ਗੁਰਬਾਰ ਬਿਚਾਰ॥

---

(ਬੇਦੀ, ਗਣੇਸ਼ ਸਿੰਘ, *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884, ਪੰਨਾ 84.)

[80] ਸੰਭੁਜ ਮ੍ਰਿਗਿੰਦ ਭਨੈ ਭੂਪਤਿ ਸ੍ਰੀ ਹੀਰਾ ਚੰਦ ਹਮ ਤੁਮ ਪਠੇ ਦੋਊ ਹਰਿ ਘਨਸਯਾਮ ਹੈ॥ ਹਮ ਕੋ ਕਵਿ ਮਛਿ ਤਈਸ ਪਦ ਦੀਨੋ ਤੋਹ ਪ੍ਰਭੁ ਗੁਣ ਗਾਵਨ ਫੈਲਾਵਨ ਕੋ ਕਾਮ ਹੈ॥

(ਉਹੀ, ਪੰਨਾ 87.)

[81] ਬਾਨਕ ਭਕਤ ਹਰਿ ਨਾਨਕ ਸਰੂਪ ਭਏ ਭਕਤੀ ਦਿਢਾਇ ਕਾਟੇ ਜਗਤ ਕਲੇਸ ਹੈ॥ ਤਾਹਿ ਬੰਸ ਮਾਹਿ ਭਯੋ ਬਾਰਮੇ ਸਥਾਨ ਕਵਿ ਨਾਮ ਹੈ ਗਣੇਸ ਸਿੰਘ ਗੁਨ ਕੋ ਨਲੇਸ ਹੈ॥

(ਉਹੀ, ਪੰਨਾ 2.)

[82] ਉਹੀ.

[83] ਉਹੀ, ਪੰਨਾ 1.

[84] ਉਹੀ, ਪੰਨਾ 87.

ਹਰੀ ਮਾਸ ਸਿਤਤ੍ਰਯੋਦਸੀ ਲੀਨ ਗ੍ਰੰਥ ਅਵਤਾਰ॥[85]

**ਸ਼ਸ਼ਿ ਵੰਸ਼ ਵਿਨੋਦ-**

'ਸ਼ਸ਼ਿ ਵੰਸ਼ ਵਿਨੋਦ' ਬਿਲਾਸਪੁਰ ਦੇ ਚੰਦ੍ਰਵੰਸ਼ੀ ਰਾਜਿਆਂ ਸੰਬੰਧੀ ਇਤਿਹਾਸਿਕ ਰਚਨਾ ਹੈ। ਇਹ ਰਚਨਾ 1949 ਸੰਵਤ ਵਿਚ ਭਾਰਤ ਜੀਵਨ ਜੰਤਰਾਲਯ, ਕਾਸ਼ੀ ਤੋਂ ਦੇਵਨਾਗਰੀ ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਰਚਨਾ ਵਿਚ ਕਵਿ ਗਣੇਸ਼ ਸਿੰਘ ਬੇਦੀ ਨੇ ਚੰਦਰ ਵੰਸ਼ ਦੀ ਉਤਪਤੀ, ਬਿਲਾਸਪੁਰ ਦੇ ਰਾਜਿਆਂ ਦੀ ਵੰਸ਼ਾਵਲੀ, ਕੁਲਜਾ ਪ੍ਰਸੰਗ, ਬਿਲਾਸਪੁਰ ਵਸਾਉਣ ਦੇ ਪ੍ਰਸੰਗ ਦੇ ਨਾਲ-ਨਾਲ ਕਹਿਲੂਰ ਬਾਰੇ ਵਿਸਤ੍ਰਿਤ ਵਰਣਨ ਕੀਤਾ ਹੈ। ਰਚਨਾ ਦਾ ਆਰੰਭ ਕਵਿ ਨੇ ਨਿਮਨਲਿਖਤ ਸ਼ਬਦਾਂ ਨਾਲ ਕੀਤਾ ਹੈ-

ੴ ਸਤਿਗੁਰਪ੍ਰਸਾਦਿ॥

ਅਥ ਸ੍ਰੀ ਸਸਿਵੰਸ਼ ਵਿਨੋਦ ਗ੍ਰੰਥ

ਸ੍ਰੀ ਕਹਲੂਰਪਤੀ ਨ੍ਰਿਪਨ ਕੋ ਕੁਰਸੀਨਾਮਾ ਲਿਖਯਤੇ॥

ਕ੍ਰਿਤ ਕਵਿ ਵੇਦੀ ਗਣੇਸ ਸਿੰਘ ਜੀ ਕੀ॥

ਅਥ ਸ੍ਰੀ ਗਣੇਸੋਪਮਾ॥ਦੋਹਾ॥

ਸੁਮਤਿਸਦਨ ਗਜਬਦਨ ਬਰੁ, ਰਦਨ ਏਕ ਅਘਭੰਜ॥

ਕਵਿ ਗਣੇਸ਼ਹਰਿ ਕੀ ਨਮੋ, ਸ੍ਰੀ ਗਣੇਸ਼ਪਦ ਕੰਜ॥1॥[86]

ਇਸ ਰਚਨਾ ਵਿਚ ਕਵਿ ਨੇ ਆਪਣੇ 1910 ਬਿ. 'ਚ ਬਿਲਾਸਪੁਰ ਆਉਣ ਬਾਰੇ ਵੀ ਉਲੇਖ ਕੀਤਾ ਹੈ।[87] ਕਵਿ ਨੇ ਬਿਲਾਸਪੁਰ ਦੇ ਪੁਰੁਖ਼ ਅਤੇ ਇਸਤਰੀਆਂ ਦੀ ਸੰਖਿਆ, ਮੁਲਕ ਦੇ ਮੁਖ ਸਥਾਨਾਂ ਅਤੇ ਮੁਖ

---

[85] ਬੇਦੀ, ਗਣੇਸ਼ ਸਿੰਘ, *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884,, ਪੰਨਾ 86.

[86] बेदी, गणेश सिंघ, शशि वंश विनोद, भारत जीवन जंत्रालय, काशी, 1949, सम्वत्, पृष्ठ 1.

[87] ਉਨੀਸੈ ਦਸ ਆਨਯੋ ਕਬਿ ਸਿੰਘ ਗਨੇਸ਼ੰ॥ ਕਾਵ੍ਯ ਕੋਸ਼ ਵਿਦਯਾ ਪਢੇ ਹਿਤ ਕੀਨ ਵਿਸ਼ੇਸ਼ੰ॥

(ਉਹੀ, ਪੰਨਾ 117)

ਵਸਤੂਆਂ ਦਾ ਸੁੰਦਰ ਬਿਆਨ ਕੀਤਾ ਹੈ। ਇਸ ਦੇ ਨਾਲ ਹੀ ਕਵਿ ਨੇ ਆਪਣੀ ਕੁਲ, ਨਿਵਾਸ ਅਤੇ ਪੁਤ੍ਰਾਂ ਬਾਰੇ ਵੀ ਅੰਕਿਤ ਕੀਤਾ ਹੈ। ਯਥਾ-

ਗੁਰੂ ਨਾਨਕ ਸੁਤ ਸਿਰੀ ਚੰਦ ਲਖਮੀ ਸੁ ਚੰਦ ਗਨ॥

ਲਖਮਿਚੰਦ ਕੇ ਧਰਮਚੰਦ ਤਿਹ ਮਾਨਕਸ਼ਸ਼ਿ ਭਨ॥

ਤਾਹ ਦਤਾਰ ਮਯੰਕ ਤਾਹਿ ਤਾਰਾਸ਼ਸ਼ਿ ਜਾਨੋ॥

ਦੁਨੀ ਚੰਦ ਕੇ ਰਾਮ ਕੌਰ ਤਹਿ ਅਰਜੁਨ ਮਾਨੋ॥

ਗੁਰ ਦਹਰ ਦਾਸ ਤਾ ਕੇ ਭਏ ਤਿਹ ਸ੍ਰੀ ਗੰਡਾ ਸਿੰਘ ਬਰ॥

ਪੁਨਿ ਤਿਹ ਸੁਤ ਕਬਿ ਗਣੇਸ ਸਿੰਘ ਨਮੋ ਸਭਨ ਕਰ ਜੋਰਿ ਕਰ॥11॥

ਦੋਹਰਾ॥ ਕਬਿ ਗ੍ਰਿਹ ਪ੍ਰਥਮ ਅਨੰਦਪੁਰ ਅਬ ਬਿਲਾਸਪੁਰ ਜਾਨ॥

ਦ੍ਵੈ ਸੁਤ ਬਡ ਗਜਰਾਜ ਸਿੰਘ ਲਘੁ ਮਤੰਗ ਸਿੰਘ ਮਾਨ॥12॥[88]

ਕਵਿ ਨੇ ਇਸ ਕ੍ਰਿਤੀ ਵਿਚ ਲਲਿਤ, ਨਿਸ਼ਾਨੀ, ਦੋਹਰਾ, ਭੁਜੰਗ, ਅੜਿਲ, ਚੌਪਈ, ਸਿਰਖੰਡੀ, ਸਵੈਯਾ ਇਤਿਆਦਿਕ ਛੰਦਾਂ ਦਾ ਪ੍ਰਯੋਗ ਕੀਤਾ ਹੈ।

**ਮਿਸਲ ਪ੍ਰਕਾਸ਼-**

'ਮਿਸਲ ਪ੍ਰਕਾਸ਼' ਗਣੇਸ਼ ਸਿੰਘ ਬੇਦੀ ਦੀ 18 ਪੰਨਿਆਂ ਦੀ ਇਕ ਛੋਟੇ ਅਕਾਰ ਦੀ ਰਚਨਾ ਹੈ, ਜਿਸ ਦੇ ਕੁਲ 35 ਪਦ ਹਨ। ਇਸ ਨੂੰ ਕਵਿ ਨੇ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਸੰਵਤ 1961 'ਚ ਛਪਵਾਇਆ। ਇਹ ਛੰਦ-ਬਧ ਰਚਨਾ ਹੈ, ਜਿਸ ਵਿਚ ਨਿਸ਼ਾਨੀ, ਕਬਿਤ, ਸਵੈਯਾ, ਦੋਹਰਾ, ਛਪੈ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਰਚਨਾ ਦਾ ਆਰੰਭ ਕਵਿ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਨਾਲ ਕੀਤਾ ਹੈ-

ੴ ਸਤਿਗੁਰ ਪ੍ਰਸਾਦਿ॥

ਅਥ ਮਿਸਲ ਪ੍ਰਕਾਸ ਗ੍ਰੰਥ ਲਿਖਜਤੇ ਕ੍ਰਿਤ ਕਵਿ ਗਣੇਸ਼ ਸਿੰਘ ਬੇਦੀ ਜੀ ਕੀ॥

---

[88] बेदी, गणेश सिंघ, शशि वंश विनोद, भारत जीवन जंत्रालय, काशी, 1949, सम्वत्, पृष्ठ 150.

ਨਿਸਾਨੀ ਛੰਦ॥ ਸ੍ਰੀ ਗੁਰ ਦਸਮ ਪਯੋਜ ਪਦਬੰਦੋ ਧਰਹੇਤਾ।

ਰਚਯੋ ਮ੍ਰਿਗਿੰਦਨ ਪੰਥ ਜਿਹ ਸੁਰ ਸੰਤਨ ਹੇਤਾ।

ਅਹਮਦ ਸ਼ਾਹ ਸਮੈ ਪਈ ਗਰਦੀ ਪਤਸਾਹੀ।

ਜੀਤਯੋ ਮੁਲਕ ਪੰਜਾਬ ਕੋ ਸਿੰਘਨ ਛਿਨ ਤਾਹੀ॥1॥[89]

ਇਸ ਤੋਂ ਅਗੇ ਕਵਿ ਨੇ ਬਾਰਾਂ ਮਿਸਲਾਂ ਅਤੇ ਉਨ੍ਹਾਂ ਦੇ ਸਰਦਾਰਾਂ ਦਾ ਵਿਸਤਾਰ ਵਿਚ ਜ਼ਿਕਰ ਕੀਤਾ ਹੈ।[90] ਅੰਤਲੇ ਪਦਿਆਂ ਵਿਚ ਕਵਿ ਨੇ ਫਿਰ ਗੁਰੂ ਗੋਬਿੰਦ ਸਿੰਘ ਦੀ ਉਸਤਤਿ ਕੀਤੀ ਹੈ-

ਦੋਹਰਾ॥ ਬਾਜ ਤੁਰਾਇ ਚਿਰੀਨ ਤੇ ਕੀਟੌਂ ਕਿਯੇ ਮ੍ਰਿਗਿੰਦ।

ਸ੍ਰੀ ਗੁਰ ਗੋਬਿੰਦ ਸਿੰਘ ਸਮ ਕੋ ਜਗ ਮੈ ਬਖਸਿੰਦ॥27॥[91]

ਅਗੇ ਕਵਿ ਕਹਿੰਦਾ ਹੈ ਕਿ ਧਰਤੀ ਦਾ ਭਾਰ ਉਤਾਰਨ ਲਈ ਦਸ ਗੁਰੂ ਸਾਹਿਬ ਨੇ ਅਵਤਾਰ ਧਾਰਿਆ-

ਅਥਗੁਰਜਨਮਹੇਤ ਦੋਹਰਾ॥ ਭਾਰ ਉਤਾਰਨ ਅਵਨਿਕੋ ਗੋਦਿਜਸੰਤਨ ਕਾਜ।

ਲੇਤ ਭਏ ਅਵਤਾਰ ਦਸ ਗੁਰੂ ਗਰੀਬ ਨਿਵਾਜ॥33॥[92]

ਇਸ ਤੋਂ ਅਗਲੇ ਪਦੇ ਵਿਚ ਕਵਿ ਨੇ ਚਾਰ ਪ੍ਰਕਾਰ ਦੇ ਭਗਤਾਂ ਦਾ ਵਰਣਨ ਉਦਾਹਰਨ ਸਹਿਤ ਕੀਤਾ ਹੈ-

ਅਥ ਚਾਰ ਪ੍ਰਕਾਰ ਕੇ ਭਗਤ ਬਰਨਨੰ ਦੋਹਰਾ॥

ਆਰਤ ਜੁਗਜਾਸੂ ਲਖੋ ਅਰਥਾਰਥੀ ਪਛਾਨ।

ਕਵਿ ਸੰਭੁਜ ਹਰ ਚਤਰਥੋ ਗਜਾਨੀ ਭਗਤ ਬਖਾਨ॥34॥

ਉਦਾਹਰਨ ਨਿਸਾਨੀ ਛੰਦ॥ ਆਰਤ ਜਿਮ ਸ੍ਰੀ ਦ੍ਰੋਪਤੀ ਸਿਮਰੇ ਦੁਖ ਪਾਏ।

ਜੁਗਜਾਸੂ ਪ੍ਰੀਛਤ ਪ੍ਰਭੂ ਜਾਨਨ ਹਿਤ ਗਾਏ।

---

89 ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 126-127.

90 ਮੁਗਲ ਪਠਾਨ ਹਨੇ ਘਨੇ ਕੀਨੇ ਬਡ ਜੰਗਾ। ਸ੍ਰੀ ਗੁਰ ਕ੍ਰਿਪਾਕਟਾਛਤੇ ਪਦ ਲਹਯੋ ਅਭੰਗਾ। ਸਿਖਨ ਕੀ ਮਿਸਲਾਂ ਤਬੈ ਬਾਰਾ ਕਹਲਾਈ। ਕਵਿ ਸੰਭੁਜ ਹਰ ਕਹਤ ਹੈ ਸੁਨਿਯੈ ਚਿਤ ਲਾਈ॥2॥ (ਉਹੀ , ਪੰਨਾ 127.)

91 ਉਹੀ, ਪੰਨਾ 138.

92 ਉਹੀ, ਪੰਨਾ 141-42.

ਅਰਥਾਰਥੀ ਸੁਧ੍ਰੁਵ ਜਿਮੈ ਧਨ ਹਿਤ ਤਪ ਕੀਨਾ।

ਗਜਾਨੀ ਸਨਕਾਦਿਕ ਲਖੋ ਆਤਮ ਰਸਲੀਨਾ॥35॥[93]

ਗ੍ਰੰਥ ਦੇ ਅੰਤ ਵਿਚ ਕਵਿ ਨੇ ਗ੍ਰੰਥ ਦਾ ਰਚਨਾ ਸੰਵਤ ਦਿਤਾ ਹੈ, ਜਿਸ ਅਨੁਸਾਰ ਗ੍ਰੰਥ ਦੀ ਰਚਨਾ ਸੰਵਤ ਵਿਚ 1950 ਵਿਚ ਹੋਈ।[94]

**ਬ੍ਰਹਮ ਬੋਧ-**

'ਬ੍ਰਹਮ ਬੋਧ' ਗਣੇਸ਼ ਸਿੰਘ ਬੇਦੀ ਦੀ ਇਕ ਛੋਟੇ ਅਕਾਰ ਦੀ ਛੰਦ-ਬਧ ਰਚਨਾ ਹੈ। ਜਿਸ ਨੂੰ ਕਵਿ ਦੁਆਰਾ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਸੰਵਤ 1961 'ਚ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ ਛਪਵਾਇਆ ਗਿਆ ਸੀ। ਇਸ ਦੇ ਕੁਲ 39 ਪੰਨੇ ਅਤੇ 53 ਪਦੇ ਹਨ, ਜਿਨ੍ਹਾਂ ਵਿਚ ਗੁਰੁਬਾਣੀ ਦੇ ਕੁਝ ਕੁ ਸ਼ਬਦ ਵੀ ਸ਼ਾਮਿਲ ਹਨ। ਇਸ ਵਿਚ ਦੋਹਰਾ, ਨਿਸ਼ਾਨੀ, ਅਰਿਲ, ਛਪੈ/ਛਪਯ, ਚੌਪਈ, ਸਵੈਯਾ ਆਦਿ ਛੰਦਾਂ ਦੀ ਵਰਤੋਂ ਬੜੇ ਹੀ ਸੁਚਜੇ ਢੰਗ ਨਾਲ ਕੀਤੀ ਗਈ ਹੈ। ਕ੍ਰਿਤੀ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕੀਤੀ ਗਈ ਹੈ, ਫਿਰ ਗੁਰੂ ਨਾਨਕ ਦੇਵ ਜੀ ਸਪੁਤਰਾਂ ਦੀ ਅਤੇ ਉਸ ਤੋਂ ਅਗਲੇ ਪਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਕਰਣ ਤੋਂ ਬਾਅਦ ਅਨੁਕ੍ਰਮਣਿਕਾ ਦਿਤੀ ਗਈ ਹੈ।[95]

ਗੁਰਮਤਿ ਵਿਚਲੇ ਬ੍ਰਹਮ ਦੇ ਸੰਕਲਪ ਨੂੰ ਇਸ ਰਚਨਾ ਵਿਚ ਭਲੀ-ਭਾਂਤਿ ਦ੍ਰਿਸ਼ਟਾਂਤਾਂ ਸਮੇਤ ਉਜਾਗਰ ਕੀਤਾ ਗਿਆ ਹੈ। ਕਵਿ ਨੇ ਆਪਣੇ ਵਿਚਾਰ ਦ੍ਰਿੜ੍ਹ ਕਰਾਉਣ ਲਈ ਇਸ ਰਚਨਾ ਵਿਚ 2 ਸ਼ਬਦ

---

[93] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 142.

[94] ਉਹੀ, ਪੰਨਾ 143.

[95] ਦਰਸ ਦਿਵਾਕਰ ਲੌ ਜਿਸੈ ਤਮ ਅਗਜਨ ਬਿਦਾਰ। ਅਸ ਗੁਰ ਨਾਨਕ ਦੇਵ ਪਦ ਬੰਦੌ ਬਾਰੰਬਾਰ॥2॥ ਸ੍ਰੀਗੁਰਪੁਤ੍ਰੋਪਮਾ ਕੋ॥ਸ੍ਵੈਯਾ॥ ਸਾਵਰਿਦੇ ਹਲਸੈ ਸਿਰ ਬਾਵਰਿ ਸੁੰਦਰ ਮੁੰਦਰ ਕਾਨ ਪ੍ਰਕਾਸੀ। ਸ੍ਰੀ ਸਸਿ ਸੇਖਰ ਕੋ ਅਵਤਾਰ ਰਚਯੋ ਹਰ ਸੰਭੁਜ ਪੰਥ ਉਦਾਸੀ। ਮੀਰ ਫਕੀਰ ਲਗੇ ਪਦ ਕੰਜਨ ਜਾਹਿ ਕਲਾ ਚਕਚਾਰ ਪ੍ਰਕਾਸੀ। ਚੰਦ ਸਿਰੀ ਗੁਰ ਨਾਨਕ ਨੰਦਨ ਧਯਾਨ ਧਰੇ ਅਘ ਕੋਟ ਬਿਨਾਸੀ॥3॥ ਦੁਤੀਗੁਰਪੁਤ੍ਰੋਪਮਾ ਕੋ ਦੋਹਰਾ॥ ਹਿੰਸਾ ਲੇਖਾ ਦੈਨ ਹਿਤ ਭ੍ਰਾਤ ਬਾਕ ਸੁਨ ਕਾਨ। ਲਖਮਿ ਚੰਦ ਤਿਯਾ ਤੁਰਗ ਜੁਤ ਉਡ ਪਹੁਚਯੋ ਅਸਮਾਨ॥4॥ ਸ੍ਰੀ ਦਸਮਗੁਰੋਪਮਾ ਕੋ ਦੋਹਰਾ॥ ਤੁਰਕ ਤੇਜ ਤਮਤੋਮਹਰ ਰਾਖੀ ਹਿੰਦੁਨ ਹੱਦ। ਗੁਰ ਗੁਬਿੰਦ ਸਿੰਘ ਰਵਿ ਨਮੋ ਜਗ ਜਸ਼ ਜਾਸ ਬਿਹੱਦ॥5॥ (ਉਹੀ , ਪੰਨਾ 2-3.)

ਮਹਲਾ ਪਹਿਲਾ ਦੇ, 8 ਸ਼ਬਦ ਜਾਂ ਸਲੋਕ ਮਹਲਾ ਪੰਜਵਾਂ ਦੇ, ਇਕ ਸ਼ਬਦ ਮਹਲਾ ਨੌਵਾਂ ਦਾ, 3 ਸ਼ਬਦ ਭਗਤ ਕਬੀਰ ਜੀ ਦੇ, ਇਕ ਸ਼ਬਦ ਭਗਤ ਨਾਮਦੇਵ ਜੀ ਦਾ ਪ੍ਰਮਾਣ ਵਜੋਂ ਵਰਤੇ ਹਨ। ਬ੍ਰਹਮ ਬੋਧ ਦੀ ਸ਼ੁਰੂਆਤ ਕਵਿ ਨੇ ਨਿਮਨ ਲਿਖਿਤ ਸ਼ਬਦਾਂ ਨਾਲ ਕੀਤੀ ਹੈ-

ੴ ਸਤਿਗੁਰਪ੍ਰਸਾਦਿ॥

ਅਥ ਬ੍ਰਹਮ ਬੋਧ ਗ੍ਰੰਥ ਭਾਖਾ ਲਿਖ੍ਯਤੇ ਕ੍ਰਿਤ ਕਵਿ ਬੇਦੀ ਗਣੇਸ਼ ਸਿੰਘ ਜੀ ਕੀ॥

ਸ੍ਰੀ ਗੁਰੋਪਮਾ ਕੋ ਸ੍ਵੈਯਾ॥ ਪੇਖ ਕੁਚਾਲ ਮਹਾਕਲ ਕੀ ਜੁਤ ਦੇਵਨ ਕੇ ਪ੍ਰਗਟ੍ਯੋ ਸੁਰਭੂਪਾ॥

ਊਚਨ ਕੋ ਮਦ ਮੂਚਨ ਕੈ ਗਤਿ ਨੀਚਨ ਊਚ ਦਈ ਸੁਖ ਰੂਪਾ॥

ਨਾਉ ਕੀ ਨਾਉ ਚਢਾਇ ਜਿਨੈ ਜਨ ਪਾਰ ਕਿਯੇ ਭਵਸਿੰਧ ਅਨੂਪਾ॥

ਹਾਨਿ ਚਹੈ ਜੁ ਰਿਦੈ ਤਮ ਕੀ ਸੁਭਜੈ ਦਿਨ ਮਾਨਕ ਨਾਨਕ ਰੂਪਾ॥1॥[96]

ਇਸ ਦੀ ਰਚਨਾ ਸੰਵਤ 1955 ਵਿਚ ਹੋਈ ਹੈ। ਜਿਸ ਦਾ ਜ਼ਿਕਰ ਕਵਿ ਨੇ ਇਸ ਦੇ ਅੰਤ ਵਿਚ ਕੀਤਾ ਹੈ-

ਉੱਨੀ ਸਹਸ ਪਚਾਵਨ ਸੰਬਤ ਜਾਨਿਯੈ।

ਦਸਮੀ ਬਿਜੈ ਪ੍ਰਸਿੱਧ ਸੋਮਦਿਨ ਮਾਨਿਯੈ॥

ਲੀਨ ਗ੍ਰੰਥ ਅਵਤਾਰ ਸਰਬ ਸੁਖਸਾਰ ਹੈ।

ਕਵਿ ਕੋ ਨਾਮ ਗਣੇਸ ਮ੍ਰਿਗੇਸ ਉਚਾਰ ਹੈ॥52॥[97]

ਇਸ ਕ੍ਰਿਤੀ ਦਾ ਮੁਖ ਵਿਸ਼ਾ 'ਬ੍ਰਹਮਣ' ਅਤੇ 'ਬ੍ਰਹਮ' ਹੈ। ਸਿਖਾਂ ਦੁਆਰਾ ਸਭ ਤੋਂ ਪਹਿਲਾਂ ਅਠ ਪ੍ਰਸ਼ਨ ਪੁਛੇ ਗਏ ਹਨ-

ਕੈਧੋ ਬ੍ਰਹਮਨ ਜੀਵ ਹੈ ਕੈ ਦੇਹ ਬਖਾਨਾ।

ਕੈਧੋ ਬ੍ਰਹਮਨ ਬਰਨ ਹੈ ਕੈ ਕ੍ਰਮ ਪਹਚਾਨਾ।

---

[96] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 1-2.

[97] ਉਹੀ, ਪੰਨਾ 39.

ਅਹੈ ਜਾਤ ਬ੍ਰਹਮਨ ਕਿਧੌ ਕੈ ਕੋਵਿਦ ਆਹੀ।

ਕਿਧੌ ਧਰਮ ਧਰਮਗਯ ਹੈ ਬ੍ਰਹਮਨ ਜਗ ਮਾਹੀ॥9॥[98]

ਇਨ੍ਹਾਂ ਪ੍ਰਸ਼ਨਾਂ ਦੇ ਉਤਰ ਕਵਿ ਨੇ ਬਹੁਤ ਹੀ ਸੂਝ ਨਾਲ ਦਿਤੇ ਹਨ-

ਬ੍ਰਹਮਣ ਕਹੌ ਜੁ ਜੀਵ ਕੋ ਤੌ ਸਰਬ ਮਝਾਰਾ।..........

......ਸਬ ਕੇ ਤਨ ਹੈ ਏਕ ਸੇ ਮਲਮੂਤ੍ਰ ਅਗਾਰਾ॥[99]

ਬ੍ਰਹਮਣ ਕਹਿਯੈ ਜਾਤ ਕੋ ਤੌ ਸੁਨਿਯੈ ਕਾਨਾ।

ਆਨ ਜਾਤਿ ਤੇ ਉਪਜ ਕੇ ਭੈ ਮੁਨੀ ਮਹਾਨਾ॥[100]

ਤਾਤੇ ਪੰਡਤ ਹੋਤ ਨਹਿ ਬ੍ਰਹਮਨ ਜਿਯ ਜੋਈ॥

ਕਹੋ ਜੁ ਬ੍ਰਹਮਣ ਧਰਮ ਕੋ ਨਹਿ ਹੋਵਤ ਸੋਈ।

ਖਤ੍ਰੀ ਬੈਸ ਜੁ ਸੂਦ੍ਰ ਹੈ ਮਖ ਆਦਿਕ ਧਰਮਾ।

ਕਰ ਹੈ ਸਬ ਯਾਤੇ ਨਹੀ ਬ੍ਰਹਮਨ ਸੁਭ ਧਰਮਾ॥24॥

ਜੋ ਬ੍ਰਹਮਨ ਧਰਮਗਜ ਕੋ ਤੁਮ ਕਰੋ ਬਖਾਨਾ।

ਖਤ੍ਰੀ ਬੈਸਰੁ ਸੂਦ੍ਰ ਭੀ ਕਰ ਹੈ ਬਹੁ ਦਾਨਾ।

ਗੋਮਹਖੀ ਅਰੁ ਕੰਨਕਾ ਅਰਪੈ ਹਹਿ ਹੇਤਾ।

ਤਾਂਤੇ ਨਹਿ ਧਰਮਗਜ ਹੈ ਬ੍ਰਹਮਣ ਸੁਖ ਕੇਤਾ॥25॥[101]

---

[98] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 5.

[99] ਉਹੀ, ਪੰਨਾ 4-7.

[100] ਉਹੀ, ਪੰਨਾ 8-9.

[101] ਉਹੀ ਪੰਨਾ 11-12.

'ਬ੍ਰਹਮ ਬੋਧ' ਕ੍ਰਿਤੀ ਵਿਚ ਕਵਿ ਨੇ ਬ੍ਰਾਹਮਣ ਦਾ ਨਿਰਣਯ ਕਰਣ ਤੋਂ ਬਾਅਦ ਫਿਰ ਬ੍ਰਹਮ ਦੀ ਵਿਆਖਿਆ ਕੀਤੀ ਹੈ, ਕਿ ਗੁਰਮਤਿ ਅਨੁਸਾਰ ਬ੍ਰਹਮ ਕੀ ਹੈ? ਕਵਿ ਨੇ ਗੁਰਬਾਣੀ ਨੂੰ ਆਧਾਰ ਬਣਾ ਕੇ ਬ੍ਰਹਮ ਦੇ ਸਰੂਪ ਨੂੰ ਸਪਸ਼ਟ ਕਰਣ ਦਾ ਸਫਲ ਯਤਨ ਕੀਤਾ ਹੈ।

ਇਸ ਤੋਂ ਇਲਾਵਾ ਕਵਿ ਨੇ ਇਸ ਵਿਚ ਬ੍ਰਹਮ ਗਿਆਨੀ[102], ਮਾਯਾ ਲਛਨ[103], ਜੀਵ ਲਛਨ[104], ਗਿਆਨ ਦੇ ਤਿੰਨ ਕਾਰਣ[105] ਆਦਿ ਵਿਸ਼ਿਆਂ ਨੂੰ ਵੀ ਛੋਹਿਆ ਹੈ। ਇਸ ਵਿਚ ਕਵਿ ਨੇ ਬ੍ਰਾਹਮਣ, ਬ੍ਰਹਮ ਗਿਆਨੀ ਅਤੇ ਬ੍ਰਹਮ ਆਦਿ ਬਾਰੇ ਗੁਰਮਤਿ ਦੇ ਅਨੁਕੂਲ ਵਿਚਾਰ ਪ੍ਰਸਤੁਤ ਕੀਤੇ ਹਨ। ਕਵਿ ਇਸ ਰਚਨਾ ਦੀ ਮਹਤਤਾ ਤੋਂ ਭਲੀ-ਭਾਂਤ ਜਾਣੂ ਹੈ। ਇਸ ਲਈ ਕਵਿ ਨੇ ਇਸ ਦੇ ਅਧਿਐਨ ਤੋਂ ਪ੍ਰਾਪਤ ਹੋਣ ਵਾਲੇ ਲਾਭ ਤੋਂ ਵੀ ਸੂਚਿਤ ਕਰਵਾ ਦਿਤਾ ਹੈ।[106]

**ਗੁਰਮਤਿ ਪ੍ਰਕਾਸ਼-**

'ਗੁਰਮਤਿ ਪ੍ਰਕਾਸ਼' ਗਣੇਸ਼ ਸਿੰਘ ਬੇਦੀ ਦੁਆਰਾ ਰਚਿਤ 36 ਪਦਿਆਂ ਦੀ ਇਕ ਛੋਟੇ ਅਕਾਰ ਦੀ ਮਹਤਵਸ਼ਾਲੀ ਰਚਨਾ ਹੈ। ਜਿਸ ਨੂੰ ਕਵਿ ਦੁਆਰਾ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਸੰਵਤ 1961 'ਚ

---

102 ਕਰੌ ਕਹਾ ਜਾਵੌ ਕਹਾ ਗ੍ਰਿਹਿ ਨ ਤਿਆਗੋ ਕਾਹ। ਬ੍ਰਹਮ ਗਿਆਨੀ ਦ੍ਰਿਸਟਿ ਮੈ ਬ੍ਰਹਮ ਰੂਪ ਸਭ ਆਹ॥32॥

(ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 15.)

103 ਸਾਚ ਕੂਰਨ ਕਹੀ ਪਰੈ ਬਿਨਾ ਬਿਚਾਰੇ ਸਿੱਧ। ਮਾਯਾ ਕੋ ਲੱਛਨ ਯਹੈ ਕਿਯੇ ਬਿਚਾਰ ਅਸਿੱਧ॥36॥

(ਉਹੀ, ਪੰਨਾ 18.)

104 ਕਾਮ ਕਰਮ ਜੁਤ ਬੁੱਧਿ ਮੈ ਜੋ ਚੇਤਨ ਪ੍ਰਤਿਬਿੰਬ। ਜੀਵ ਕਹਤ ਕੋਵਿਦ ਤਿਸੈ ਜਲ ਲਭ ਤੁੱਲਸੁਬਿੰਬਾ॥37॥

(ਉਹੀ.)

105 ਸੁਭ ਗੁਰ ਸੁਭ ਬਿਦਯਾ ਸੁਜਨ ਤ੍ਰੈ ਮਿਲ ਗਯਾਨ ਉਦੋਤ। ਭਾਨੁ ਮਨੀ ਪਟ ਸੰਗ ਤੇ ਪ੍ਰਗਟ ਅਨਲ ਜਿਮ ਹੋਤ॥47॥

(ਉਹੀ, ਪੰਨਾ 26-27.)

106 ਪਠੈ ਸੁਨੈ ਜੁਤ ਪ੍ਰੇਮ ਕੇ ਬ੍ਰਹਮ ਬੋਧ ਚਿਤਲਾਇ। ਬ੍ਰਹਮ ਬੋਧ ਤਿਹ ਸਹਜ ਹੀ ਹੋਇਨ ਸੰਸਾ ਕਾਇ॥49॥

(ਉਹੀ, ਪੰਨਾ 38.)

'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ ਛਪਵਾਇਆ ਗਿਆ ਸੀ। ਰਚਨਾ ਦਾ ਆਰੰਭ ਕਵਿ ਨੇ ਨਿਮਨ ਸ਼ਬਦਾਵਲੀ ਨਾਲ ਕੀਤਾ ਹੈ-

ਅਥ ਗੁਰਮਤਿਪ੍ਰਕਾਸ਼ ਲਿਖ੍ਯਤੇ॥

ੴ ਅਥ ਕੇਸ ਰਾਖਵੇ ਕੀ ਸਨਾਨਤ ਰੀਤ ਸਿੱਧ ਕਰਵੋ॥ ਯਥਾ ਸ੍ਵੈਯਾ॥

ਸ੍ਰੀ ਰਘੁਨਾਥ ਕੇ ਕੇਸ ਹੁਤੇ ਬਨ ਕੋ ਚਲਤੇ ਜਟਜੂਟ ਬਨਾਯੋ।

ਸ੍ਰੀ ਬ੍ਰਿਜਚੰਦ ਸਮੇਟਕੇ ਕੇਸਨ ਨੀਰਮੈ ਨਾਗਸੋਂ ਜੁੱਧ ਮਚਾਯੋ।

ਕੰਸ ਨਰੇਸ ਕੋ ਕੇਸਨ ਤੇ ਗਹ ਭੂਮ ਪਛਾਰ ਮਹਾਜਸ ਪਾਯੋ।

ਮੰਡਤ ਕੀਨ ਹਰੀ ਰੁਕਮੀ ਸਿਰ ਲਾਜ ਤੇ ਗਾਉ ਮੈ ਪਾਉ ਨ ਪਾਯੋ॥1॥[107]

'ਗੁਰਮਤਿ ਪ੍ਰਕਾਸ਼' ਦਾ ਮੁਖ ਵਿਸ਼ਾ ਰਹਿਤ ਮਰਿਯਾਦਾ ਹੈ। ਇਸ ਵਿਚ ਕਵਿ ਨੇ ਸਿਖ ਧਰਮ ਦੀ ਰਹਿਤ ਦੀ ਵਿਚਾਰ ਕੀਤੀ ਹੈ। ਜਿਸ ਵਿਚ ਕਵਿ ਨੇ ਕੇਸਾਂ ਬਾਰੇ[108], ਪੰਜਾਂ ਪਿਆਰਿਆਂ ਬਾਰੇ[109], ਖ਼ਾਲਸੇ ਦੀ ਰਹਿਤ[110], ਅੰਮ੍ਰਿਤ ਛਕਾਉਣ ਦੀ ਵਿਧੀ[111], ਕੜਾਹ ਪ੍ਰਸਾਦ ਬਣਾਉਣ ਦੀ ਵਿਧੀ[112] ਆਦਿ ਦਾ ਵਰਣਨ ਬੜੀ

---

[107] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 143-144.

[108] ਰਾਖਤ ਥੇ ਸਬਹੀ ਪੁਰਾ ਮੁਖ ਦਾੜੀ ਸਿਰ ਕੇਸ। ਵਹੀ ਰੀਤ ਨਿਜ ਪੰਥਮੈ ਤੋਰੀ ਗੁਰ ਜਗਦੀਸ਼॥3॥

(ਉਹੀ, ਪੰਨਾ 144.)

[109] ਦਯਾ ਸਿੰਘ ਖਤ੍ਰੀ ਲਖੋ ਲਵਪੁਰਕੀ ਬਾਸੀ। ਜਾਤ ਜਟੇਟਾ ਧਰਮ ਸਿੰਘ ਗਜਪੁਰੀ ਨਿਵਾਸੀ॥ ਛੀਪਾ ਬਾਸੀ ਦ੍ਵਾਰਕਾ ਮੁਹਕਮ ਸਿੰਘ ਮਾਨੋ। ਨਾਈ ਬਿਦਰ ਤਜਾਵਰੀ ਸਾਹਬ ਸਿੰਘ ਜਾਨੋ॥1॥ ਝੀਵਰ ਸ੍ਰੀ ਜਗਨਾਥ ਹਿੰਮਤ ਸਿੰਘ ਸਾਚਾ। ਸਿੱਖੀ ਪਰਖਨ ਕੇ ਸਮੈ ਨਿਕਸੇ ਸਿਖ ਪਾਂਚਾ। ਪ੍ਰਿਥਮੈ ਗੁਰ ਅਸਿ ਸੋ ਕਰਯੋ ਨਿਜ ਅੰਮ੍ਰਿਤ ਪਾਨਾ। ਪੁਨ ਪਾਂਚਨਕੋ ਖੁਸੀ ਹ੍ਵੈ ਕਰਵਾਯੋ ਪਾਨਾਂ॥2॥

(ਉਹੀ, ਪੰਨਾ 145-146.)

[110] ਕਰਦ ਕੇਸ ਕੰਘਾ ਕੜਾ ਕਟ ਕਾਛ ਸਦੀਵਾ। ਵਾਹਗੁਰੂ ਮੁਖਤੇ ਜਪੋ ਕਰਕੈ ਮਨ ਨੀਵਾ। ਕਰੈ ਸਬਦ ਅਭਯਾਸ ਕੋ ਸਤਸੰਗ ਨਿਵਾਸਾ। ਇਨ ਪਾਂਚਨ ਸੌ ਨਹਿ ਮਿਲੈ ਬਰਨੋ ਅਬ ਤਾਸਾ॥3॥

(ਉਹੀ, ਪੰਨਾ 146.)

[111] ਪਾਂਚ ਸਿੰਘ ਕਟ ਅਸਿ ਕਸੈ ਗੁਰ ਗ੍ਰੰਥ ਹਜੂਰਾ। ਪਾਇ ਪਤਾਸੇ ਪਾਤ੍ਰ ਮੈ ਤਾਮੈ ਜਲ ਰੂਰਾ॥ ਫੇਰੇ ਕਰਦ ਸੁ ਤਾਹ ਮੈ ਮੁਖ ਪਢ ਗੁਰਬਾਨੀ॥ ਗੁਰਬਾਨੀ ਕੇ ਨਾਮ ਅਬ ਸੁਨਿਯੈ ਦੈ ਕਾਨੀ॥8॥ ਪ੍ਰਿਥਮ ਪਠੈ ਜਪ ਜਾਪ ਕੋ ਗਰੁ ਧਯਾਨ ਲਗਾਈ॥ ਪੌੜੀ ਪਾਂਚ

ਸੂਝ ਨਾਲ ਕੀਤਾ ਹੈ। ਇਸ ਤੋਂ ਇਲਾਵਾ ਕਵਿ ਨੇ ਇਹ ਵੀ ਦਸਿਆ ਹੈ, ਕਿ ਸਿਖਾਂ ਨੇ ਕਿਨ੍ਹਾਂ ਨਾਲ ਵਰਤਣਾ ਹੈ ਅਤੇ ਕਿਨ੍ਹਾਂ ਨਾਲ ਨਹੀਂ ਵਰਤਣਾ ਹੈ।[113] ਕ੍ਰਿਤੀ ਦੇ ਅੰਤ ਵਿਚ ਕਵਿ ਨੇ ਇਸ ਦੇ ਰਚਨਾ- ਸੰਵਤ ਦਾ ਵਰਣਨ ਕੀਤਾ ਹੈ, ਜਿਸ ਅਨੁਸਾਰ ਇਸ ਦੀ ਸਿਰਜਨਾ ਸੰਵਤ 1961 ਵਿਚ ਹੋਈ।[114]

**ਚਮਤਕਾਰ ਚਿੰਤਾਮਨੀ-**

'ਚਮਤਕਾਰ ਚਿੰਤਾਮਨੀ' ਗਣੇਸ਼ ਸਿੰਘ ਬੇਦੀ ਦੁਆਰਾ ਰਚਿਤ 114 ਪਦਿਆਂ ਦੀ ਪ੍ਰਭਾਵਕਾਰੀ ਰਚਨਾ ਹੈ, ਜਿਸ ਨੂੰ ਕਵਿ ਦੁਆਰਾ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਸੰਵਤ 1961 'ਚ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ ਪ੍ਰਕਾਸ਼ਿਤ ਕਰਵਾਇਆ ਸੀ । ਇਸ ਵਿਚ ਦੋਹਰਾ ਅਤੇ ਸ੍ਵੈਯਾ ਛੰਦਾਂ ਦੀ

---

ਅਨੰਦ ਕੀ ਇਕ ਅੰਤ ਅਲਾਈ॥ ਪਠੈ ਸਵੈਯੈ ਪ੍ਰੇਮ ਸੌ ਬਰਨੇ ਖਟ ਚਾਰਾ॥ ਪਾਠ ਚੌਪਈ ਕੋ ਕਰੈ ਗੁਰ ਦਸਮ ਉਚਾਰਾ॥9॥ ਪਠ ਮੁਦਾਵਣੀ ਕੋ ਕਰੈ ਪਾਛੈ ਅਰਦਾਸਾ॥ ਬਹੁਰ ਛਕਾਵੈ ਠਾਢ ਕਰ ਅੰਮ੍ਰਿਤ ਸਿਖ ਤਾਸਾ॥ ਪਾਂਚ ਬੇਰ ਜਪ ਆਦਿ ਕੀ ਪੌੜੀ ਸੁ ਪਢਾਵੈ॥ ਬਹੁਰ ਸੁਧਾ ਤ੍ਰੈ ਬੇਰ ਲੈ ਕੇਸਨ ਮੈ ਪਾਵੈ॥10॥ ਪਾਂਚ ਬੇਰ ਦੈ ਦ੍ਰਿਗਨ ਕੋ ਛੀਟੇ ਕਰ ਸੰਗਾ॥ ਰਾਖੈ ਖੂਲੇ ਨੈਨ ਜੋ ਸੋ ਸਿੰਘ ਅਭੰਗਾ॥ ਬਾਂਮੇ ਕਰ ਪਰ ਦਾਹਨੋ ਸਿਖ ਹਾਥ ਧਰਾਵੈ॥ ਪਾਂਚ ਬੇਰ ਨਿਜ ਹਾਥ ਸੌ ਗੁਰਸੁਧਾ ਛਕਾਵੈ॥11॥ਵਾਹਗੁਰੂ ਕੋ ਨਾਮ ਲੈ ਸਿਖ ਬਾਰੰਬਾਰਾ॥ ਬਹੁਰ ਛਕਾਵੈ ਸਿਖ ਕੋ ਸੋ ਅੰਮ੍ਰਿਤ ਸਾਰਾ॥ ਸਿੰਘ ਨਾਮ ਰਾਖੈ ਤਿਸੈ ਜੋ ਕਹ ਗੁਰੂ ਗ੍ਰੰਥਾ॥ ਵਾਹਗੁਰੂ ਸ੍ਰੁਤ ਮੰਤ੍ਰ ਦੈ ਮੇਲੇ ਗੁਰ ਪੰਥਾ॥12॥

(ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 148-150.)

112 ਘ੍ਰਿਤ ਮੈਦਾ ਅਰ ਖੰਡ ਜੋ ਤੀਨੇ ਸਮ ਆਨੈ। ਅਥਵਾ ਮਿਲੈ ਨ ਖੰਡ ਜੋ ਤੌ ਗੁੜ ਕੋ ਠਾਨੈ॥ ਸੁਚਿ ਹ੍ਵੈ ਕਰੈ ਪ੍ਰਸਾਦ ਕੋ ਮੁਖ ਸਬਦ ਅਲਾਵੈ। ਏਲਾ ਦਾਖ ਬਦਾਮ ਲੈ ਮਰਚਾ ਜੁਤ ਪਾਵੈ॥17॥ ਲਖੋ ਚਿਰੌਜੀ ਪੰਚਮੀ ਗੁਰਪ੍ਰਸਾਦ ਬਿਧਿ ਭਾਲ। ਪਾਇ ਪਾਤ੍ਰ ਮੈ ਦੀਜਿਯੈ ਊਪਰ ਸ੍ਵੇਤ ਰੁਮਾਲ॥18॥

(ਉਹੀ, ਪੰਨਾ 151-152.)

113 ਧੀਰਮਲੀ ਸਿਰਗੁੰਮ ਜੋ ਪੁਤ੍ਰੀਹਤ ਜੋਈ। ਸੰਗ ਮਸੰਦਨ ਕੋ ਤਜੋ ਰਮਰਈ ਜੁ ਹੋਈ। ਸੂਹਾ ਜੂਆ ਪਾਨ ਮਦ ਤਾਮਾਖੂ ਪਾਨਾ। ਮੀਣੇ ਭਦਣੀ ਤੁਰਕਣੀ ਸੰਗਤ ਮਤ ਠਾਨਾ॥4॥ ਰਹਤ ਕਹਤ ਸਮ ਜਾਸ ਕੇ ਉਰ ਗੁਰ ਕੀ ਟੇਕਾ। ਤਿਨ ਕੀ ਨਿਤ ਸੰਗਤ ਕਰੈ ਜੇ ਸਹਤ ਬਿਬੇਕਾ। ਧਰਮ ਕਮਾਈ ਕਰ ਛਕੈ ਮਿਲਕੈ ਸਤਸੰਗਾ। ਰਹਤ ਬਤਾਈ ਖਾਲਸੇ ਸਤ੍ਰਨਸੋ ਜੰਗਾ॥5॥

(ਉਹੀ, ਪੰਨਾ 147.)

114 ਉਹੀ, ਪੰਨਾ 155-156.

ਵਰਤੋਂ ਕੀਤੀ ਗਈ ਹੈ। 'ਚਮਤਕਾਰ ਚਿੰਤਾਮਨੀ' ਦੇ ਇਕ ਆਰੰਭਿਕ ਦੋਹਰੇ ਵਿਚ ਗਣੇਸ਼ ਉਪਮਾ ਅਤੇ ਉਸ ਤੋਂ ਅਗੇ ਇਕ ਹੋਰ ਦੋਹਰੇ ਵਿਚ ਗੁਰੂ ਨਾਨਕ ਦੇਵ ਜੀ ਦੀ ਉਪਮਾ ਕੀਤੀ ਗਈ ਹੈ।[115] ਇਸ ਦੀ ਸ਼ੁਰੂਆਤ ਕਵਿ ਗਣੇਸ਼ ਸਿੰਘ ਬੇਦੀ ਨੇ ਇਸ ਪ੍ਰਕਾਰ ਕੀਤੀ ਹੈ-

ੴ ਸਤਿਗੁਰ ਪ੍ਰਸਾਦਿ॥

ਅਥ ਚਮਤਕਾਰ ਚਿੰਤਾਮਨੀ ਗ੍ਰੰਥ ਭਾਖਾ ਕ੍ਰਿਤ ਕਵਿ ਬੇਦੀ ਸੰਭੁਜ ਮ੍ਰਿਗਿੰਦ ਲਿਖਜਤੇ॥

ਦੋਹਰਾ॥ ਕਬਿ ਗਣੇਸ਼ ਹਰ ਬੰਦਨਾ ਸ੍ਰੀ ਗਣੇਸ਼ਪਦ ਠਾਨ।

ਚਮਤਕਾਰ ਚਿੰਤਾਮਨੀ ਭਾਖਾ ਕਰਤ ਬਖਾਨ॥1॥[116]

ਇਸ ਵਿਚ ਕਵਿ ਨੇ ਸੂਰਜ[117], ਸਸਿ[118], ਮੰਗਲ[119], ਬੁਧ[120], ਬ੍ਰਿਹਸਪਤਿ[121] ਆਦਿ ਗ੍ਰੈਹਾਂ ਦੇ ਸ਼ੁਭ-ਅਸ਼ੁਭ ਪ੍ਰਭਾਵ ਦਾ ਵਰਣਨ ਬਹੁਤ ਸੂਝ ਨਾਲ ਕੀਤਾ ਹੈ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਕਵਿ ਨੂੰ ਜੋਤਿਸ਼ ਵਿਦਿਆ ਦਾ ਵੀ ਬੜਾ ਗੂੜ ਗਿਆਨ ਸੀ।

---

115 ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 62-63.

116 ਉਹੀ, ਪੰਨਾ 62.

117 ਲਗਨ ਮੈ ਸੂਰਜ ਫਲ॥ ਦੋਹਰਾ॥ ਤਿਯ ਕਲੇਸ ਧਰ ਭ੍ਰਮਨ ਬਹੁ ਬਾਤ ਪਿੱਤਤਨ ਤਾਸ। ਹੋਹਿ ਹਾਸਕਰ ਜੀਵਕਾ ਪਰੈਲਗਨ ਰਵਿਜਾਸ॥4॥ ਭਾਗਵੰਤ ਧਨ ਖਰਚ ਸੁਭ ਕੁਲਸੋ ਕਰੈ ਕਲੇਸ। ਲਾਭ ਚਤੁਖਪਦ ਤੇ ਘਨੋ ਦੁਤਿਯੇ ਪਰੈ ਦਿਨੇਸ॥5॥

(ਉਹੀ, ਪੰਨਾ 63.)

118 ਸਸੀਫਲ ਭੁਜੰਗ ਛੰਦ॥ ਸਸੀਆਦਿ ਗੇਹੇ ਬ੍ਰਪੰਪੀਨ ਜਾਨੋ। ਬਲੰ ਬੀਰਜੰ ਛੀਨ ਤਾਕੋ ਬਖਾਨੋ। ਨਫਾ ਬੈਲ ਗੌ ਕ੍ਰੁਕਟੰ ਤੇਸੁ ਹੋਈ। ਭਵੈ ਮੇਖ ਰਾਸੀ ਬਲੰਵੰਤ ਜੋਈ॥17॥

(ਉਹੀ, ਪੰਨਾ 66.)

119 ਮੰਗਲ ਫਲ ਭੁਜੰਗ॥ ਪਰੈ ਭੌਮ ਜੋ ਆਦਹੀ ਗੇਹ ਮਾਹੀ। ਭਵੈ ਪਾਵਕੰ ਲੋਹਕੋ ਤ੍ਰਾਸ ਤਾਹੀ। ਤਪੈ ਮਾਥ ਤਾਕੋ ਰਹੈ ਕੁੱਖ ਪੀਰਾ। ਮਰੈਤੀਯ ਤਾਕੀ ਟਰੈ ਸੂਖ ਧੀਰਾ॥29॥

(ਉਹੀ, ਪੰਨਾ 67.)

120 ਬੁਧਫਲ॥ ਦੋਹਰਾ॥ ਤਲਦੁਬਰੋ ਦਿਪਕਨਕ ਵਤ ਜਸੀ ਬੈਦ ਬਿਤਵੰਤ। ਨਿਜ ਰੁਜਹਤ ਹ੍ਵੈ ਜਤਨ ਤੇ ਸਸਿ ਸੁਤ ਲਗਨ ਪਰੰਤ॥41॥ ( ਉਹੀ, ਪੰਨਾ 73.)

'ਚਮਤਕਾਰ ਚਿੰਤਾਮਨੀ' ਦੀ ਰਚਨਾ ਕਵਿ ਨੇ 1966 ਵਿਕ੍ਰਮੀ ਸੰਵਤ 'ਚ ਕੀਤੀ ਸੀ, ਜਿਸ ਦਾ ਉਲੇਖ ਰਚਨਾ ਦੇ ਅੰਤ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ-

ਸੰਬਤ ਰਾਗ ਰਸਾ ਨਿਧਿ ਅਵਨੀ ਕਾਤਕ ਮਾਵਸ ਕੁਜ ਦਿਨ ਮਾਹਿ॥

ਕੀਨ ਜਥਾ ਮਤਿ ਗ੍ਰੰਥ ਸਮਾਪਤਿ ਨਾਮ ਗਣੇਸ਼ ਸਿੰਘ ਕਵਿ ਤਾਹਿ॥[122]

**ਸੁਪਨ ਪ੍ਰਬੋਧ-**

'ਸੁਪਨ ਪ੍ਰਬੋਧ' ਰਚਨਾ ਗਣੇਸ਼ ਸਿੰਘ ਦੁਆਰਾ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਸੰਵਤ 1961 'ਚ 'ਗ੍ਰੰਥ ਰਤਨਾਵਲੀ' ਸਿਰਲੇਖ ਅਧੀਨ ਛਪਵਾਈ ਗਈ ਸੀ। ਇਸ ਦੇ ਆਰੰਭ ਵਿਚ ਕਵਿ ਨੇ ਗੁਰੂ ਨਾਨਕ ਦੇਵ ਜੀ ਦੀ ਉਪਮਾ ਕੀਤੀ ਹੈ। ਇਸ ਦੀ ਸ਼ੁਰੂਆਤ ਕਵਿ ਨੇ ਨਿਮਨ ਲਿਖਿਤ ਸ਼ਬਦਾਂ ਨਾਲ ਕੀਤੀ ਹੈ-

ੴ ਸਤਿਨਾਮ॥

ਅਥ ਸੁਪਨ ਪ੍ਰਬੋਧ ਗ੍ਰੰਥ ਲਿਖ੍ਯਤੇ॥ ਕ੍ਰਿਤ ਕਵਿ ਬੇਦੀ ਗਣੇਸ਼ ਸਿੰਘ॥

ਦੋਹਰਾ॥ ਸ੍ਰੀ ਗੁਰ ਨਾਨਕ ਪਦਮ ਪਦ ਸੰਭੁਜ ਹਰ ਉਰ ਧਾਰ॥

ਭਨੋ ਸੁਭਾ ਸੁਭ ਸੁਪਨ ਫਲ ਲੀਜੈ ਚਤੁਰ ਬਿਚਾਰ॥1॥[123]

'ਸੁਪਨ ਪ੍ਰਬੋਧ' ਇਕ ਛੋਟੇ ਅਕਾਰ ਦੀ ਰਚਨਾ ਹੈ, ਜਿਸ ਦੇ ਕੁਲ 34 ਪਦੇ ਅਤੇ 9 ਪੰਨੇ ਹਨ। ਇਸ ਵਿਚ ਦੋਹਰਾ, ਲਲਤ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। 'ਸੁਪਨ ਪ੍ਰਬੋਧ' ਦੀ ਰਚਨਾ ਕਵਿ ਨੇ 1966 ਸੰਵਤ ਨੂੰ ਕੀਤੀ-

ਰਸਾ ਰਾਗ ਨਿਧਿ ਮੇਦਨੀ ਮੇਖਗਤੇ ਦਿਨ ਬੀਸ॥

---

[121] ਬਿਰਸਪਤ ਫਲ॥ ਦੋਹਰਾ॥ ਗੁਨੀ ਸੁਬੇਖੀ ਤਿਯ ਹਿਤੂ ਸੁਖੀ ਚਿੰਤ ਚਿਤ ਨਾਹਿ। ਬ੍ਰਿਥਾ ਖਰਚ ਨਹਿ ਪੀਨ ਲਗਨ ਗੁਰੂ ਫਲ ਆਹ॥53॥

(ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ*, ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 75.)

[122] ਉਹੀ, ਪੰਨਾ 89-90.

[123] ਉਹੀ, ਪੰਨਾ 159.

ਲਿਖਯੋ ਛਪਾਵਨ ਹੇਤ ਯਹ ਕਵਿ ਗਣੇਸ਼ ਮ੍ਰਿਗੀਸ॥34॥[124]

'ਸੁਪਨ ਪ੍ਰਬੋਧ' ਵਿਚ ਕਵਿ ਨੇ ਬੜੇ ਵਿਸਤਾਰ ਵਿਚ ਸ਼ੁਭ-ਅਸ਼ੁਭ ਸੁਪਨਿਆਂ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਕਵਿ ਦੁਆਰਾ ਇਹਨਾਂ ਸੁਪਨਿਆਂ ਦੇ ਸ਼ੁਭ-ਅਸ਼ੁਭ ਫਲਾਂ ਦਾ ਵੀ ਵਰਣਨ ਕੀਤਾ ਗਿਆ ਹੈ-

ਬਕਲ ਚਮੇਲੀ ਕੇ ਪੁਸਪ ਕੈਧੌ ਚੰਪਕ ਫੂਲ।

ਜੋ ਨਰ ਸੁਪਨੇ ਮੈ ਲਹੈ ਪਾਵਤ ਦਰਬ ਅਤੂਲ॥10॥

ਦੇਵ ਪਿਤਰ ਦ੍ਵਿਜ ਗਾਇ ਨ੍ਰਿਪ ਲਖੈ ਜੁ ਸੁਪਨੇ ਮਾਹਿ॥

ਬਚਨ ਸਿਧ ਤਿਹ ਹੋਤ ਹੈ ਯਾਮੈ ਸੰਸੋ ਨਾਹਿ॥11॥[125]

ਕਵਿ ਦਾ ਕਹਿਣਾ ਹੈ, ਕਿ ਜਦੋਂ ਮਾੜੇ ਸੁਪਨੇ ਆਉਣ ਤਾਂ ਦਾਨ-ਪੁੰਨ ਅਤੇ ਪਰਮਾਤਮਾ ਦਾ ਨਾਮ ਸਿਮਰਨ ਕਰਣਾ ਚਾਹੀਦਾ ਹੈ-

ਭਨਯੋ ਸੁਭਾਸੁਭ ਸੁਪਨ ਫਲ ਕਵਿ ਗਣੇਸ਼ ਮ੍ਰਿਗਿੰਦ॥

ਮੰਦ ਸੁਪਨਤੇ ਦਾਨ ਅਰੁ ਸਿਮਰਨ ਕਰੈ ਗੁਵਿੰਦ॥30॥[126]

**ਭਗਤਿ ਚੰਦ੍ਰਿਕਾ-**

ਡਾ. ਮੀਨਾਕਸ਼ੀ ਸ਼ਰਮਾ ਨੇ 'ਭਗਤਿ ਚੰਦ੍ਰਿਕਾ' ਨਾਮੀ ਕ੍ਰਿਤੀ ਗਣੇਸ਼ ਸਿੰਘ ਬੇਦੀ ਦੁਆਰਾ 1940 ਬਿਕ੍ਰਮੀ ਵਿਚ ਰਚਿਤ ਕੀਤੀ ਮੰਨੀ ਹੈ ਅਤੇ ਇਸ ਦੇ ਕੁਲ 12 ਅਧਿਆਇ ਦਸੇ ਹਨ।[127] ਇਹ ਰਚਨਾ ਖੇਮਰਾਜ ਸ਼੍ਰੀ ਕ੍ਰਿਸ਼ਣ ਦਾਸ ਵੈਂਕਟੇਸ਼੍ਵਰ ਪ੍ਰੈਸ ਬੰਬਈ ਤੋਂ 1951 ਸੰਵਤ ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ

---

[124] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 169.

[125] ਉਹੀ, ਪੰਨਾ 163.

[126] ਉਹੀ, ਪੰਨਾ 167.

[127] शर्मा, डा. मीनाक्षी, *गणेश सिंह बेदी, साहित्यिक मूल्यांकन,* हिमाचल कला संस्कृति भाषा अकादमी, शिमला, 1994, पृष्ठ 67.

ਗੁਰੂ-ਭਗਤੀ, ਬ੍ਰਹਮ-ਵਿਵੇਕ, ਵੈਰਾਗ ਅਤੇ ਭਗਤੀ ਬਾਰੇ ਉਦਾਹਰਣਾਂ ਨਾਲ ਪਾਠਕਾਂ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਕਵਿ ਨੇ ਇਸ ਰਚਨਾ ਦਾ ਆਰੰਭ ਨਿਮਨਾਂਕਿਤ ਪੰਕਤੀਆਂ ਤੋਂ ਕੀਤਾ ਹੈ-

ਨਾਵਹਿ ਨਾਵ ਚਢਾਇ ਜਿਹ ਕਿਯੇ ਜਗ ਭਵਨਿਧਿ ਪਾਰ॥

ਸੰਭੁਜ ਸੰਭੁ ਸਮਾਨ ਗੁਰੂ ਸੰਭੁਜ ਹਰਿ ਉਰ ਧਾਰ॥[128]

ਇਸ ਰਚਨਾ ਵਿਚ ਕਵਿ ਦੁਆਰਾ 15 ਵਿਕਾਰਾਂ ਦਾ ਵੀ ਵਰਣਨ ਕੀਤਾ ਗਿਆ ਹੈ- 1. ਸਵਾਰਥ 2. ਮਿਥਿਆ ਵਚਨ 3. ਨਿਜ-ਪ੍ਰਭੁਤਾ 4. ਦ੍ਰਵਜ ਦੀ ਇਛਾ 5. ਦੁਰਵਚਨ 6. ਦੁਰਭਾਵਨਾ 7. ਇਸਤਰੀ ਵਰਣਨ 8. ਕਿਸੇ ਉਪਰ ਹਸਣਾ 9. ਕਿਸੇ ਦੀ ਕਮੀ ਦੇਖ ਕੇ ਹਸਣਾ 10. ਵਚਨ ਦਾ ਪਾਲਣ ਨਾ ਕਰਨਾ 11. ਕਠੋਰ ਵਚਨ ਅਤੇ ਝੂਠੀ ਸਹੁੰ 12. ਨਿੰਦਾ 13. ਚੁਗ਼ਲੀ ਕਰਣੀ 14. ਕਪਟਪੂਰਣ ਵਚਨ 15. ਅਭਿਮਾਨ।[129] ਇਸ ਪ੍ਰਕਾਰ ਇਹ ਰਚਨਾ ਵਿਕਾਰਾਂ ਨੂੰ ਤਿਆਗ ਕੇ ਪਰਮਾਤਮਾ ਦੀ ਭਗਤੀ ਵਲ ਪ੍ਰੇਰਦੀ ਹੈ।

**ਮੇਘ ਮਾਲਾ ਅਤੇ ਮੇਘ ਬਿਲਾਸ-**

ਡਾ. ਮੀਨਾਕਸ਼ੀ ਸ਼ਰਮਾ ਅਨੁਸਾਰ ਇਹ ਦੋਨੋਂ ਰਚਨਾਵਾਂ ਹਥ ਲਿਖਿਤ ਰੂਪ ਵਿਚ ਗਣੇਸ਼ ਸਿੰਘ ਬੇਦੀ ਦੇ ਵੰਸ਼ਜ ਡਾ. ਹਰਬੰਸ ਸਿੰਘ ਬੇਦੀ ਕੋਲ ਸੰਭਾਲੀਆਂ ਹੋਈਆਂ ਹਨ । ਇਨ੍ਹਾਂ ਦੀ ਰਚਨਾ ਸੰਵਤ 1913 ਵਿਕ੍ਰਮੀ ਨੂੰ ਹੋਈ ਦਸਿਆ ਹੈ ਅਤੇ ਸੰਭਾਵਨਾ ਹੈ, ਕਿ ਮੇਘ ਬਿਲਾਸ, ਮੇਘ ਮਾਲਾ ਦਾ ਹੀ ਪ੍ਰਾਰੂਪ ਹੋਵੇ।[130] ਕਵਿ ਨੇ ਇਨ੍ਹਾਂ ਰਚਨਾਵਾਂ ਦਾ ਆਰੰਭ *ੴ ਸਤਿਗੁਰ ਪ੍ਰਸਾਦਿ* ਤੋਂ ਕੀਤਾ ਹੈ। ਇਸ ਤੋਂ ਬਾਅਦ ਉਹ ਵੈਦ ਅਤੇ ਕੁਵੈਦ ਦੇ ਲਛਣਾਂ ਨੂੰ ਦਸਣ ਦਾ ਯਤਨ ਕਰਦਾ ਹੈ। ਉਹ ਉਸ ਵੈਦ ਨੂੰ ਹੀ ਸਹੀ ਦਸਦਾ ਹੈ, ਜੋ ਵੈਦਗਿਰੀ ਦੀਆਂ ਸਾਰੀਆਂ ਕ੍ਰਿਆਵਾਂ ਵਿਚ ਕੁਸ਼ਲ, ਸੁਯੋਗ ਹੋਵੇ । ਉਸ ਨੂੰ ਕਿਸੇ ਵੀ ਪ੍ਰਕਾਰ ਦਾ ਲੋਭ ਨਾ ਹੋਵੇ, ਉਹ ਅਹੰਕਾਰੀ ਨਾ ਹੋਵੇ, ਯਥਾ-

ਗੁਰਮੁਖ ਪਢਿਓ ਜੁ ਹੋਇ ਵੈਦ ਵਿਯ ਸੁਭਸਾਰੀ॥

---

[128] शर्मा, डा. मीनाक्षी, *गणेश सिंह बेदी, साहित्यिक मूल्यांकन,* (गणेशसिंह बेदी, भक्तिचन्द्रिका, बम्बई, खेमराज श्री कृष्णदास वेँकटेश्वर प्रैस, सम्वत् 1951) हिमाचल कला संस्कृति भाषा अकादमी, शिमला, 1994, पृष्ठ 68.

[129] ਉਹੀ, ਪੰਨਾ 70.

[130] ਉਹੀ, ਪੰਨਾ 273-277.

ਸਭੀ ਕਿਰਿਆ ਮੇਂ ਕੁਸਲ ਹਾਥ ਹੋਇ ਜਸ ਅਧਿਕਾਰੀ॥

ਨਿਰਲੋਭੀ ਕਿਰਪਾਲ ਸੁਧ ਤਨ ਨਹਿ ਜੁ ਹੰਕਾਰੀ॥

ਸਦਾ ਭਲੇ ਮਨ ਰਹੈ ਚਤੁਰ ਹੋਇ ਧੀਰਜ ਧਾਰੀ॥[131]

ਇਸੇ ਭਾਂਤਿ ਕਵਿ ਨੇ ਮੂਰਖ ਵੈਦ ਬਾਰੇ ਵੀ ਜਿਗਿਆਸੀ ਨੂੰ ਸੁਚੇਤ ਕਰਣ ਦਾ ਯਤਨ ਕੀਤਾ ਹੈ, ਗਣੇਸ਼ ਸਿੰਘ ਮੂਰਖ ਵੈਦ ਜਾਂ ਕੁਵੈਦ ਬਾਰੇ ਲਿਖਦਾ ਹੈ-

ਮੂਰਖ ਵੈਦ ਨ ਮਾਨਿਐ ਜਾਨ ਜੀਯ ਰਿਪ ਸੋਇ॥

ਪੰਡਤ ਹੋਯ ਸੋ ਆਦਰੋ ਜੋ ਆਤਮ ਹਿਤ ਹੋਇ॥[132]

**ਅਸਤੋਤ੍ਰ(ਸ੍ਰੀ ਗੁਰੂ ਨਾਨਕ ਅਸਤੋਤ੍ਰ ਤਥਾ ਸ੍ਰੀ ਸ਼ਿਵਜੀ ਕੋ ਅਸਤੋਤ੍ਰ ਤਥਾ ਸ੍ਰੀ ਹਰੀਹਰਿ ਅਸਤੋਤ੍ਰ ਤਥਾ ਸ੍ਰੀ ਦੁਰਗਾ ਅਸਤੋਤ੍ਰ)-**

ਕਵਿ ਗਣੇਸ਼ ਸਿੰਘ ਬੇਦੀ ਨੇ ਅਸਤੋਤ੍ਰ ਵੀ ਰਚੇ, ਇਹ ਅਸਤੋਤ੍ਰ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹਨ। ਸਭ ਤੋਂ ਪਹਿਲਾਂ ਤਾਂ ਕਵਿ ਨੇ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਤੋਤ੍ਰ ਰਚਿਆ ਹੈ, ਜਿਸਦਾ ਕੁਝ ਅੰਸ਼ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਵੀ ਦੇਖਣ ਨੂੰ ਮਿਲ ਜਾਂਦਾ ਹੈ, ਉਥੇ ਇਹ ਅਸਤੋਤ੍ਰ ਸਾਲਸ ਰਾਇ ਜੌਹਰੀ ਗੁਰੂ ਜੀ ਦੀ ਉਸਤਤਿ ਵਿਚ ਗਾਉਂਦਾ ਹੈ। [133] ਇਹ ਪੂਰਨ ਅਸਤੋਤ੍ਰ ਸ੍ਰੀ 'ਗ੍ਰੰਥ ਰਤਨਾਵਲੀ' ਵਿਚ ਅੰਕਿਤ ਕੀਤਾ ਗਿਆ ਹੈ। ਜਿਸ ਦਾ ਆਰੰਭ ਇਨ੍ਹਾਂ ਸਤਰਾਂ ਤੋਂ ਹੁੰਦਾ ਹੈ-

੧ੴ ਸਤਿਗੁਰ ਪ੍ਰਸਾਦਿ॥

ਅਥ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਅਸਤੋਤ੍ਰ ਕ੍ਰਿਤ ਕਵੀਸ੍ਵਰ ਸ੍ਰੀ ਬੇਦੀ ਗਣੇਸ਼ ਸਿੰਘ ਜੀ ਪ੍ਰਾਰੰਭਾ॥

ਭੁਜੰਗ ਪ੍ਰਯਾਤ ਛੰਦ॥

ਸਦਾ ਸਚਦਾਨੰਦ ਰੂਪੰ ਮੁਕੰਦਾ॥

---

131 शर्मा, डा. मीनाक्षी, *गणेश सिंह बेदी, साहित्यिक मूल्यांकन,* हिमाचल कला संस्कृति भाषा अकादमी, शिमला, 1994, पृष्ठ 273-74.

132 ਉਹੀ, ਪੰਨਾ 274.

133 ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 223.

ਧਰੇ ਧਯਾਨ ਜਾਂਕੋ ਕਟੇ ਕੋਟ ਫੰਦਾ॥

ਸ਼ਸ਼ੀ ਸੂਰ ਤੇ ਆਦਿ ਜੇ ਜੋਤਿਵੰਤਾ॥

ਸਬੀ ਮੈਂ ਦਿਪੈ ਜੋਤ ਜਾਂਕੀ ਅਨੰਤਾ॥[134]

ਜਿਸ ਦੀਆਂ ਅੰਤਿਮ ਪੰਕਤੀਆਂ ਇਸ ਤਰ੍ਹਾਂ ਹਨ-

ਸਤੰ ਚਿਤੰ ਅਨੰਦ ਰੂਪ ਦਾਸ ਆਸ ਪੂਰਨੰ॥

ਧਰਯੋ ਸੁ ਰੂਪ ਮਾਨਵੰ ਭਵਾਦਿ ਦੋਖ ਪੂਰਨੰ॥

ਭਨੈ ਮ੍ਰਿਗਿੰਦ ਸ਼ੰਭੁਜੰ ਸਦੰਭੁਮਾਨ ਗੰਜਨੰ॥

ਗੁਰੂ ਕ੍ਰਿਪਾਲ ਨਾਨਕੰ ਸਰੋਜ ਪਾਦ ਬੰਦਨੰ॥8॥[135]

ਇਸੇ ਤਰ੍ਹਾਂ ਹੀ ਕਵਿ ਨੇ ਸ਼ਿਵ, ਬ੍ਰਹਮਾ, ਇੰਦ੍ਰ ਅਤੇ ਦੁਰਗਾ ਦੁਆਰਾ ਗੁਰੂ ਨਾਨਕ ਦੇਵ ਜੀ ਦਾ ਅਸਤੋਤ੍ਰ ਕਰਦਿਆਂ ਦਰਸਾਇਆ ਹੈ, ਜਿਸ ਦਾ ਆਰੰਭ ਇਸ ਪ੍ਰਕਾਰ ਹੁੰਦਾ ਹੈ-

ਅਮਲਾ ਛੰਦ॥

ਸੁਖਧਾਮ ਸਦਾ ਅਭਿਰਾਮ ਪ੍ਰਭੂ ਗਤ ਦਾਯਕ ਨਾਯਕ ਤੀਨਹੁ ਲੋਕਾ॥

ਦੁਖ ਘਾਲਿਕ ਸਾਯਕ ਬੈਨ ਤੁਮੈ ਭੁਵ ਪਾਲਕ ਕਾਲਕ ਨਿਤ ਅਸੋਕਾ॥

ਪ੍ਰਿਥਮੇ ਤੁਮ ਬਾਮਨ ਰੂਪ ਧਾਰਯੋ ਪੁਨ ਰਾਘਵ ਹ੍ਵੈ ਕੁਲ ਰਾਵਨ ਸੋਕਾ॥

ਪੁਨ ਹ੍ਵੈ ਜਦ ਬੰਸ ਮੈ ਕੰਸ ਹਨਯੋ ਕਲਿ ਕਾਲ ਮੈ ਨਾਨਕ ਨਾਮ ਅਲੋਕਾ॥[136]

ਜੇਕਰ ਅਸਤੋਤ੍ਰ ਵਿਚ ਕਵਿ ਦੇ ਦ੍ਰਿਸ਼ਟੀਕੋਣ ਨੂੰ ਵਾਚਿਆ ਜਾਵੇ, ਤਾਂ ਅਸੀਂ ਕਹਿ ਸਕਦੇ ਹਾਂ ਕਿ ਕਵਿ ਨੇ ਦੇਵੀ-ਦੇਵਤਿਆਂ ਤੋਂ ਗੁਰੂ ਜੀ ਦੀ ਉਸਤਤਿ ਕਰਵਾ ਕੇ ਗੁਰੂ ਨਾਨਕ ਦੇਵ ਜੀ ਨੂੰ ਸਰਵੋਤਮ

---

[134] ਬੇਦੀ, ਗਣੇਸ਼ ਸਿੰਘ, *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904, ਪੰਨਾ 44.

[135] ਉਹੀ, ਪੰਨਾ 44.

[136] ਵਿਦਿਆਰਥੀ, ਦੇਵਿੰਦਰ ਸਿੰਘ, *ਸ੍ਰੀ ਗੁਰੂ ਨਾਨਕ ਅਭਿਨੰਦਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978, ਪੰਨਾ 251-52.

ਦਰਸਾਉਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਕਵਿ ਨੇ ਅਸਤੋਤ੍ਰ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਕੇ ਗੁਰੂ ਜੀ ਉਪਰ ਆਪਣੀ ਅਨਿੰਨ ਸ਼ਰਧਾ ਨੂੰ ਦਰਸਾਇਆ ਹੈ।

ਉਪਰੋਕਤ ਅਸੀਂ ਗਣੇਸ਼ ਸਿੰਘ ਦੁਆਰਾ ਰਚਿਤ ਰਚਨਾਵਾਂ ਦੀ ਸੰਖਿਪਿਤ ਚਰਚਾ ਕੀਤੀ ਹੈ, ਜਿਸ ਵਿਚ ਅਸੀਂ ਦੇਖਿਆ, ਕਿ ਕਵਿ ਦੁਆਰਾ ਲਗਪਗ 25 ਰਚਨਾਵਾਂ ਰਚੀਆਂ ਗਈਆਂ ਸਨ। ਜਿਨ੍ਹਾਂ ਵਿਚੋਂ ਕੁਝ ਕੁ ਰਚਨਾਵਾਂ ਅਜੇ ਤਕ ਵੀ ਹਥ ਲਿਖਿਤ ਰੂਪ ਵਿਚ ਮਿਲਦੀਆਂ ਹਨ ਅਤੇ ਕੁਝ ਇਕ ਦੁਰਲਭ ਹੋ ਚੁਕੀਆਂ ਹਨ, ਪਰੰਤੂ ਉਨ੍ਹਾਂ ਦਾ ਜ਼ਿਕਰ ਵਖ-ਵਖ ਪੁਸਤਕਾਂ ਵਿਚ ਹੋਇਆ ਮਿਲਦਾ ਹੈ। ਰਚਨਾਵਾਂ ਦੇ ਅਧਿਐਨ ਤੋਂ ਕਵਿ ਦੇ ਵਖ-ਵਖ ਵਿਸ਼ਿਆਂ ਬਾਰੇ ਗੂੜ੍ਹ ਗਿਆਨ ਦਾ ਸਹਿਜ ਹੀ ਪਤਾ ਲਗ ਜਾਂਦਾ ਹੈ।

# ਸਮਕਾਲੀ ਹਾਲਾਤ

ਗਣੇਸ਼ ਸਿੰਘ ਬੇਦੀ ਦੇ ਜਨਮ ਅਤੇ ਦੇਹਾਂਤ ਬਾਰੇ ਅਸੀਂ ਉਪਰ ਵਿਚਾਰ ਕਰ ਆਏ ਹਾਂ, ਕਿ ਉਸ ਦਾ ਜਨਮ ਲਗਪਗ 1825 ਈ. ਅਤੇ ਦੇਹਾਂਤ 1909 ਈ. ਤੋਂ ਬਾਅਦ ਹੋਇਆ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਕਵਿ ਦੇ ਜੀਵਨ ਕਾਲ ਦਾ ਸਮਾਂ ਲਗਪਗ ਇਕ ਸਦੀ ਨੂੰ ਅਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਸ ਸਮੇਂ ਦੌਰਾਨ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪ੍ਰਵ੍ਰਿਤੀਆਂ ਵਿਚ ਜੋ ਬਦਲਾਅ ਆਏ ਸਨ, ਉਨ੍ਹਾਂ ਦੀ ਸੰਖਿਪਿਤ ਚਰਚਾ ਨਿਮਨਲਿਖਤ ਅਨੁਸਾਰ ਹੈ-

**ਰਾਜਨੀਤਿਕ ਹਾਲਾਤ-**

ਜੇਕਰ ਕਵਿ ਦੇ ਸਮੇਂ ਦੇ ਰਾਜਨੀਤਿਕ ਹਾਲਾਤ ਦੀ ਗਲ ਕਰੀਏ, ਤਾਂ ਇਤਿਹਾਸ ਵਾਚਿਆਂ ਪਤਾ ਲਗਦਾ ਹੈ, ਕਿ ਇਹ ਉਹ ਸਮਾਂ ਸੀ, ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ, ਕਸ਼ਮੀਰ, ਮਾਨਕੇਰਾ, ਪਿਸ਼ਾਵਰ ਇਤਿਆਦਿਕ ਇਲਾਕਿਆਂ ਨੂੰ ਫ਼ਤਹਿ ਕਰ ਕੇ ਸਿਖ ਰਾਜ ਵਿਚ ਸ਼ਾਮਿਲ ਕੀਤਾ ਸੀ।[137] ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ 1839 ਈ. ਨੂੰ ਹੋਇਆ ਅਤੇ ਇਸ ਤੋਂ ਬਾਅਦ ਪੰਜਾਬ ਦੀਆਂ ਰਾਜਨੀਤਿਕ ਪ੍ਰਸਥਿਤੀਆਂ ਵਿਚ ਇਤਨਾ ਜ਼ਿਆਦਾ ਫੇਰ ਬਦਲ ਹੋਇਆ, ਕਿ ਸਿਖ ਰਾਜ ਦਾ ਸਮਾਂ ਪਤਨ ਵਲ ਜਾਣਾ ਸ਼ੁਰੂ ਹੋ ਗਿਆ। ਸਿਖ ਕੌਮ ਦਾ ਮਨੋਬਲ ਸਿਖ ਸਰਦਾਰਾਂ ਦੀ ਆਪਸੀ ਜੰਗ-ਬੰਦੀ ਕਾਰਣ ਬਿਲਕੁਲ ਹੀ ਢਹਿ-ਢੇਰੀ ਹੋ ਗਿਆ ਸੀ।

13 ਦਸੰਬਰ 1845 ਈ. ਨੂੰ ਅੰਗਰੇਜਾਂ ਨੇ ਸਤਲੁਜ ਦਰਿਆ ਨਾ ਪਾਰ ਕਰਣ ਦੀ ਸੰਧੀ ਤੋੜ ਕੇ ਪੰਜਾਬ ਉਤੇ ਹਮਲਾ ਕਰ ਦਿਤਾ ਸੀ।[138] 1849 ਈ. ਨੂੰ ਸਿਖ ਰਾਜ ਦਾ ਅੰਤ ਕਰਕੇ ਪੰਜਾਬ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ।[139] 1857 ਈ. ਦਾ ਗਦਰ ਵੀ ਗਣੇਸ਼ ਸਿੰਘ ਬੇਦੀ ਦੇ ਸਮਕਾਲੀ ਜੀਵਨ ਦੀ ਇਕ ਅਹਿਮ ਘਟਨਾ ਹੈ। 1825 ਤੋਂ 1849 ਈ. ਤਕ ਸਿਖ ਰਾਜ ਅਤੇ 1849 ਤੋਂ 1909 ਈ. ਨੂੰ ਅੰਗਰੇਜਾਂ ਦਾ ਕਬਜਾ,

---

[137] ਸੀਤਲ, ਸੋਹਣ ਸਿੰਘ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2017, ਸਤਵੀਂ ਵਾਰ, ਪੰਨਾ 18.

[138] ਗੰਡਾ ਸਿੰਘ, *ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ,* ਪੰਜਾਬੀ ਸਾਹਿਤ ਐਕਾਡਮੀ, ਲੁਧਿਆਣਾ, 1957, ਪੰਨਾ 105.

[139] ਸੀਤਲ, ਸੋਹਣ ਸਿੰਘ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2017, ਸਤਵੀਂ ਵਾਰ, ਪੰਨਾ 19.

ਮੰਦੀ ਅਤੇ ਪੁਨਰ-ਉਭਾਰ ਦਾ ਸਮਾਂ ਕਿਹਾ ਜਾ ਸਕਦਾ ਹੈ। ਕਵਿ ਦੇ ਜੀਵਨ ਦੇ ਲਗਪਗ 30 ਸਾਲ ਤੋਂ ਬਾਅਦ ਰਾਜਨੀਤਿਕ, ਆਰਥਿਕ ਅਤੇ ਪ੍ਰਸ਼ਾਸਨ ਦੇ ਸੰਚਾਰ ਅਤੇ ਰਾਬਤੇ ਲਈ ਨਵੇਂ ਤਰੀਕੇ ਉਭਾਰੇ ਜਾ ਰਹੇ ਸਨ, ਜਿਵੇਂ ਪੋਸਟ ਆਫਿਸ, ਰੇਲਵੇ, ਟੈਲੀਗ੍ਰਾਮ ਆਫਿਸ ਅਤੇ ਪ੍ਰੈਸ।[140] ਪਿਛਲੇ ਸਮੇਂ ਭਾਵ 1849 ਈ. ਤੋਂ ਰਾਜਨੀਤਿਕ ਪਖ ਤੋਂ ਇਸ ਸਮੇਂ ਨੂੰ ਸਿਖ ਰਾਜ ਦਾ ਅੰਤ ਅਤੇ ਨਵੇਂ ਰਾਜਸੀ ਯੁਗ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ। ਮੁਖ ਰੂਪ ਵਿਚ ਇਹ ਸਮਾਂ ਮੀਰ ਮੰਨੂ ਦੇ ਤਸ਼ੱਦਦ, ਅਬਦਾਲੀ, ਅਫਗਾਨੀ, ਅਹਿਮਦ ਸ਼ਾਹ ਅਬਦਾਲੀ, ਦਲ ਖਾਲਸਾ, ਸਿਖ ਮਿਸਲਾਂ, ਸਿਖਾਂ ਦੇ ਰਾਜ ਦੀ ਸਥਾਪਨਾ, ਅੰਗਰੇਜਾਂ ਦਾ ਰਾਜ, ਬਸਤੀਵਾਦ ਦੀ ਸ਼ੁਰੂਆਤ, ਮੰਦੀ ਅਤੇ ਪੁਨਰ-ਉਭਾਰ ਦਾ ਸਮਾਂ ਸੀ । ਗਣੇਸ਼ ਸਿੰਘ ਬੇਦੀ ਨੇ ਇਸ ਸਾਰੇ ਰਾਜਨੀਤਿਕ ਉਤਰਾਅ-ਚੜਾਅ ਨੂੰ ਆਪਣੀਆਂ ਅਖਾਂ ਨਾਲ ਦੇਖਿਆ ਸੀ ਅਤੇ ਸਿਖ ਮਿਸਲਾਂ ਬਾਬਤ ਆਪਣੀ ਰਚਨਾ 'ਮਿਸਲ ਪ੍ਰਕਾਸ਼' ਵਿਚ ਵੀ ਜ਼ਿਕਰ ਕੀਤਾ ਹੈ । ਰਾਜਨੀਤਿਕ ਪ੍ਰਵ੍ਰਿਤੀਆਂ ਵਜੋਂ ਇਹ ਸਮਾਂ ਸਿਖਾਂ ਦੇ ਪੰਜਾਹ ਸਾਲ ਦੇ ਰਾਜ ਦਾ ਅੰਤ ਅਤੇ ਨਵੇਂ ਰਾਜਸੀ ਯੁਗ ਦੀ ਸ਼ੁਰੂਆਤ ਸੀ।

**ਧਾਰਮਿਕ ਹਾਲਾਤ-**

ਮਹਾਰਾਜਾ ਰਣਜੀਤ ਸਿੰਘ ਹਿੰਦੂਆਂ, ਮੁਸਲਮਾਨਾਂ, ਸਿਖਾਂ ਆਦਿ ਸਭ ਨੂੰ ਇਕ ਸਮਾਨ ਦ੍ਰਿਸ਼ਟੀ ਤੋਂ ਹੀ ਦੇਖਦਾ ਸੀ। ਆਪ ਨੇ ਅਪਣੇ ਸਮੇਂ ਦੌਰਾਨ ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਨੂੰ ਖੁਲ੍ਹੇ ਦਿਲ ਨਾਲ ਜਾਗੀਰਾਂ ਦਿਤੀਆਂ ਸਨ। ਰਣਜੀਤ ਸਿੰਘ ਦੇ ਰਾਜ ਸਮੇਂ ਹਰ ਵਿਅਕਤੀ ਨੂੰ ਧਰਮ ਦੀ ਅਜ਼ਾਦੀ ਸੀ। ਗਣੇਸ਼ ਸਿੰਘ ਬੇਦੀ ਦੇ ਸਮੇਂ ਦੌਰਾਨ ਜੋ ਧਾਰਮਿਕ ਸੰਪ੍ਰਦਾਵਾਂ ਜਾਂ ਲਹਿਰਾਂ ਮੌਜੂਦ ਸਨ, ਉਨ੍ਹਾਂ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

**ਉਦਾਸੀ ਸੰਪਰਦਾਇ**

ਉਦਾਸੀ ਸੰਪਰਦਾਇ ਦੇ ਵਿਚ ਵਿਸ਼ਵਾਸ ਰਖਣ ਵਾਲੇ ਇਹ ਮੰਨਦੇ ਹਨ, ਕਿ ਇਹ ਸੰਪਰਦਾਇ ਦਾ ਮੁਢ ਓਅੰਕਾਰ ਤੋਂ ਬਝਾ ਸੀ। ਫਿਰ ਸ੍ਰੀ ਚੰਦ (ਗੁਰੂ ਨਾਨਕ ਦੇਵ ਜੀ ਦੇ ਪੁਤ੍ਰ) ਨੇ ਇਸ ਸੰਪਰਦਾਇ ਰਾਂਹੀ ਸਿਖ

[140] Grewal, J. S., *The Sikhs of Punjab,*Cambridge University press, Revised Edition, 2008, Page 128.

ਧਰਮ ਦਾ ਪ੍ਰਚਾਰ ਕੀਤਾ ਸੀ।[141] ਪਰ ਜ਼ਿਆਦਾਤਰ ਵਿਦਵਾਨ ਇਸ ਧਾਰਨਾ ਉਤੇ ਜ਼ਿਆਦਾ ਜ਼ੋਰ ਦਿੰਦੇ ਹਨ, ਕਿ ਇਸ ਸੰਪਰਦਾਇ ਦਾ ਮੁਢ ਬਾਬਾ ਸ੍ਰੀ ਚੰਦ ਤੋਂ ਬਝਿਆ ਸੀ। ਗਣੇਸ਼ ਸਿੰਘ ਦੇ ਸਮੇਂ ਇਹ ਸੰਪਰਦਾਇ ਮੌਜੂਦ ਸੀ।

**ਨਿਰਮਲ ਸੰਪਰਦਾਇ**

ਨਿਰਮਲ ਸੰਪਰਦਾਇ ਵੀ ਗਣੇਸ਼ ਸਿੰਘ ਸਮੇਂ ਇਕ ਅਹਿਮ ਸਿਖ ਸੰਪਰਦਾਇ ਦੇ ਰੂਪ ਵਿਚ ਕਾਰਜਸ਼ੀਲ ਸੀ। ਨਿਰਮਲ ਸੰਪਰਦਾਇ ਦਾ ਮੰਨਣਾ ਹੈ, ਕਿ ਉ ਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਸੀ। ਜਦਕਿ ਇਸ ਸੰਪਰਦਾਇ ਦੇ ਹੋਂਦ ਵਿਚ ਆਉਣ ਬਾਬਤ ਇਕ ਹੋਰ ਧਾਰਨਾ ਵੀ ਪ੍ਰਚਲਿਤ ਹੈ, ਜਿਨ੍ਹਾਂ ਦਾ ਮੰਨਣਾ ਹੈ, ਕਿ ਸੰਪਰਦਾਇ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਦੋਂ ਕੀਤਾ ਗਿਆ, ਜਦੋਂ ਗੁਰੂ ਸਾਹਿਬ ਨੇ ਪੰਜ ਸਿੰਘਾਂ ਨੂੰ ਕਾਸ਼ੀ ਬ੍ਰਹਮ ਵਿਦਿਆ ਪੜ੍ਹਨ ਲਈ ਭੇਜਿਆ ਸੀ।[142] ਇਸ ਸੰਪਰਦਾਇ ਦਾ ਵੀ ਗਣੇਸ਼ ਸਿੰਘ ਸਮੇਂ ਪੂਰਾ ਪ੍ਰਭਾਵ ਸੀ।

**ਨਿਰੰਕਾਰੀ ਲਹਿਰ**

ਨਿਰੰਕਾਰੀ ਲਹਿਰ ਸਿਖਾਂ ਵਿਚ ਸਭ ਤੋਂ ਪਹਿਲੀ ਧਾਰਮਿਕ ਸੁਧਾਰ ਦੀ ਇਨਕਲਾਬੀ ਲਹਿਰ ਸੀ, ਜੋ ਸੰਨ 1850 ਤੋਂ ਸੰਨ 1870 ਤਕ ਪੂਰੇ ਜ਼ੋਰ ਸ਼ੋਰ ਨਾਲ ਕ੍ਰਿਆਸ਼ੀਲ ਰਹੀ। ਇਹ ਲਹਿਰ, ਜਿਥੋਂ ਤਕ ਇਸ ਦੇ ਮੁਢ ਦਾ ਸੰਬੰਧ ਹੈ, ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਨਾਮ ’ਤੇ ਚਲਾਈ ਗਈ ਸੀ। [143] ਇਸ ਲਹਿਰ ਦੇ ਮੋਢੀ ਬਾਬਾ ਦਿਆਲ ਜੀ 17 ਮਈ, ਸੰਨ 1783 ਈ. ਨੂੰ ਪਿਸ਼ੌਰ ਵਿਚ ਭਾਈ ਰਾਮ ਸਹਾਇ ਮਲਹੋਤ੍ਰੇ ਦੇ ਘਰ ਮਾਤਾ ਲਡਿਕੀ ਦੀ ਕੁਖੋਂ ਪੈਦਾ ਹੋਏ।[144] ਸੋ ਇਹ ਲਹਿਰ ਵੀ ਗਣੇਸ਼ ਸਿੰਘ ਬੇਦੀ ਸਮੇਂ ਮੌਜੂਦ ਸੀ।

**ਨਾਮਧਾਰੀ ਸੰਪਰਦਾਇ**

---

[141] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਪਹਿਲੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2004, ਪੰਨਾ 7.

[142] ਉਹੀ, ਪੰਨਾ 252.

[143] ਅਸ਼ੋਕ, ਸ਼ਮਸ਼ੇਰ ਸਿੰਘ, *ਪੰਜਾਬ ਦੀਆਂ ਲਹਿਰਾਂ,* ਅਸ਼ੋਕ ਪੁਸਤਕ-ਮਾਲਾ, ਪਟਿਆਲਾ, ਦੂਜੀ ਵਾਰ, 1974, ਪੰਨਾ 5.

[144] ਉਹੀ, ਪੰਨਾ 14.

ਨਾਮਧਾਰੀ ਸੰਪਰਦਾਇ ਦਾ ਆਰੰਭ ਬਾਬਾ ਰਾਮ ਸਿੰਘ ਜੀ ਦੁਆਰਾ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਦੁਆਰਾ ਕੀਤਾ ਗਿਆ।[145] ਰਾਮ ਸਿੰਘ ਦਾ ਜਨਮ 1816 ਈ. ਨੂੰ ਹੋਇਆ।[146] ਇਸ ਸੰਪਰਦਾਇ ਦਾ ਮੰਨਣਾ ਹੈ, ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿਖਾਂ ਵਿਚ ਗਿਰਾਵਟ ਆਉਣ ਕਾਰਣ ਹੀ ਬਾਬਾ ਰਾਮ ਸਿੰਘ ਨੇ ਇਸ ਦਾ ਆਰੰਭ ਕੀਤਾ। ਸੋ ਇਸ ਸੰਪਰਦਾਇ ਦਾ ਆਰੰਭ ਵੀ ਗਣੇਸ਼ ਸਿੰਘ ਦੇ ਸਮੇਂ ਵਿਚ ਹੀ ਹੋਇਆ ਸੀ।

**ਸੇਵਾ ਪੰਥੀ ਸੰਪਰਦਾਇ**

ਇਸ ਸੰਪਰਦਾਇ ਦਾ ਆਰੰਭ ਭਾਈ ਕਨ੍ਹਈਆ ਜੀ ਤੋਂ ਮੰਨਿਆ ਜਾਂਦਾ ਹੈ। ਭਾਈ ਕਨ੍ਹਈਆ ਤੋਂ ਬਾਅਦ, ਭਾਈ ਸਹਿਜ ਰਾਮ, ਭਾਈ ਰਾਣਾ ਰਾਮ, ਭਾਈ ਲਛਮਣ ਰਾਮ, ਭਾਈ ਨਾਰਾਇਣ ਰਾਮ ਇਤਿਆਦਿਕ ਇਸ ਸੰਪਰਦਾਇ ਦੀਆਂ ਪ੍ਰਸਿਧ ਸ਼ਖ਼ਸੀਅਤਾਂ ਹੋਈਆਂ ਹਨ। ਪਹਿਲਾਂ ਇਹ ਸਹਿਜਧਾਰੀ ਸਨ, ਪਰ ਬਾਬਾ ਸਾਹਿਬ ਸਿੰਘ ਬੇਦੀ ਦੇ ਪ੍ਰਭਾਵ ਵਿਚ ਇਹ ਵੀ ਸਿੰਘ ਸਜਣ ਲਗ ਗਏ।[147] ਕਵਿ ਗਣੇਸ਼ ਸਿੰਘ ਬੇਦੀ ਸਮੇਂ ਇਹ ਸੰਪਰਦਾਇ ਵੀ ਮੌਜੂਦ ਸੀ।

**ਗੁਲਾਬਦਾਸੀ ਸੰਪਰਦਾਇ**

1809 ਈ. ਵਿਚ ਹਮੀਰੇ ਰਟੌਲ ਦੇ ਘਰ ਜਨਮੇ ਗੁਲਾਬ ਦਾਸ ਤੋਂ ਚਲੀ ਸੰਪਰਦਾਇ ਨੂੰ ਗੁਲਾਬਦਾਸੀ ਸੰਪਰਦਾਇ ਕਿਹਾ ਗਿਆ ਹੈ। ਕੁਝ ਚਿਰ ਸਿੰਘਾਂ ਦੀ ਨੌਕਰੀ ਕਰਕੇ ਗੁਲਾਬ ਦਾਸ ਕਸੂਰ ਨਿਵਾਸੀ ਹੀਰਾ ਦਾਸ ਉਦਾਸੀ ਦਾ ਚੇਲਾ ਹੋ ਗਿਆ । ਇਸ ਦੇ ਰਚੇ ਹੋਏ ਸ਼ਬਦਾਂ ਦੇ ਸੰਗ੍ਰਹਿ ਦਾ ਨਾਂ 'ਉਪਦੇਸ਼ ਵਿਲਾਸ' ਹੈ।[148] ਸੋ ਇਹ ਸੰਪ੍ਰਦਾ ਵੀ ਉਸ ਸਮੇਂ ਮੌਜੂਦ ਸੀ।

**ਬ੍ਰਹਮੋ ਸਮਾਜ**

---

[145] Bajwa, Fauja Singh, *Kuka Movement*, Vishav Namdhari Sangat, Sri Bhaini Sahib, Second edition, 2017, Page No. 3.

[146] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਦੂਜੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2004, ਪੰਨਾ 236.

[147] ਉਹੀ, ਜਿਲਦ ਪਹਿਲੀ, ਪੰਨਾ 418.

[148] ਉਹੀ, ਪੰਨਾ 775.

19ਵੀਂ ਸਦੀ ਦੀ ਇਕ ਸੰਪਰਦਾਇ ਬ੍ਰਹਮੋ ਸਮਾਜ ਵੀ ਸੀ। ਇਸਦਾ ਆਰੰਭ 23 ਜਨਵਰੀ, 1830 ਈ. ਵਿਚ ਰਾਜਾ ਰਾਮ ਮੋਹਨ ਰਾਇ ਨੇ ਕੀਤਾ ਸੀ। ਬ੍ਰਹਮੋ ਸਮਾਜ ਨਿਰਗੁਣ ਬ੍ਰਹਮ ਦੀ ਉਪਾਸਨਾ ਉਤੇ ਜ਼ੋਰ ਦਿੰਦਾ ਹੈ।[149] ਇਸ ਸੰਪਰਦਾਇ ਦਾ ਜਨਮ ਵੀ ਗਣੇਸ਼ ਸਿੰਘ ਦੇ ਜੀਵਨ ਕਾਲ ਦੌਰਾਨ ਹੀ ਹੋਇਆ ਸੀ।

**ਸਿੰਘ ਸਭਾ ਲਹਿਰ**

ਸਿਖ ਪੰਥ ਨੂੰ ਅਨ-ਕੌਮਾਂ ਦੇ ਹਮਲਿਆਂ ਤੋਂ ਬਚਾਉਣ ਲਈ 30 ਜੁਲਾਈ 1873 ਈ. ਨੂੰ ਸਰਬ ਸੰਮਤੀ ਨਾਲ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਇਸ ਲਹਿਰ ਦਾ ਪ੍ਰਭਾਵ 1873 ਈ. ਤੋਂ 1918 ਈ. ਤਕ ਜ਼ੋਰਾਂ ਉਪਰ ਰਿਹਾ। [150] ਸੋ ਇਹ ਸਮਾਂ ਵੀ ਗਣੇਸ਼ ਸਿੰਘ ਬੇਦੀ ਦੇ ਜੀਵਨ ਕਾਲ ਦਾ ਹੀ ਸਮਾਂ ਸੀ।

ਸੋ ਉਪਰੋਕਤ ਸੰਪਰਦਾਵਾਂ ਅਤੇ ਲਹਿਰਾਂ ਦੀ ਸੰਖਿਪਿਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ, ਕਿ ਕਵਿ ਗਣੇਸ਼ ਸਿੰਘ ਬੇਦੀ ਦੇ ਸਮੇਂ ਧਾਰਮਿਕ ਹਾਲਾਤ ਅਤਿ ਸੰਵੇਦਨਸ਼ੀਲ ਰਹੇ, ਕਿਉਂਕਿ ਉਸ ਸਮੇਂ ਸੰਪਰਦਾਵਾਂ ਅਤੇ ਧਰਮ ਸੁਧਾਰ ਲਹਿਰਾਂ ਪੂਰੇ ਜ਼ੋਰਾਂ ਉਪਰ ਸਨ। ਇਸ ਲਈ ਉਹ ਸਮਾਂ ਸਾਹਿਤ ਸਿਰਜਣਾ ਲਈ ਅਤਿ ਕਠਿਨ ਕਿਹਾ ਜਾ ਸਕਦਾ ਹੈ।

**ਆਰਥਿਕ ਅਤੇ ਸਾਮਾਜਿਕ ਹਾਲਾਤ-**

ਗਣੇਸ਼ ਸਿੰਘ ਬੇਦੀ ਸਮੇਂ ਵਸੋਂ ਦਾ ਵਡਾ ਹਿਸਾ ਛੋਟੇ ਕਿਸਾਨਾਂ, ਕਾਰੀਗਰਾਂ ਅਤੇ ਕੰਮੀਆਂ ਦਾ ਸੀ। ਜਾਗੀਰਦਾਰ ਸਾਰੇ ਧਰਮਾਂ ਵਿਚ ਹੀ ਮੌਜੂਦ ਸਨ। ਸਿਖ ਸਰਦਾਰਾਂ ਨੇ ਆਪਣੀ ਸ਼੍ਰੇਣੀ ਲਈ ਵਡੀਆਂ-ਵਡੀਆਂ ਹਵੇਲੀਆਂ ਬਣਾਈਆਂ ਹੋਈਆਂ ਸਨ। ਅੰਗਰੇਜ਼ਾਂ ਦਾ ਰਾਜ ਆਉਣ ਨਾਲ ਇਨ੍ਹਾਂ ਜਾਗੀਰਦਾਰਾਂ ਦੇ ਮਾਣ-ਸਨਮਾਨ ਉਤੇ ਸਟ ਵਜੀ, ਕਿਉਂਕਿ ਇਨ੍ਹਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ ਸਨ। ਇਵੇਂ ਸਿਖ ਕੇਵਲ ਆਪਣੇ ਰਾਜ ਭਾਗ ਤੋਂ ਵਾਂਝੇ ਹੀ ਨਹੀਂ ਹੋਏ, ਸਗੋਂ ਨਵੇਂ ਸ਼ਾਸਕਾਂ ਦੇ ਗ਼ੁਲਾਮ ਵੀ ਬਣੇ। ਸਿਖਿਆ ਦਾ ਢੰਗ ਵੀ ਉਸ ਸਮੇਂ ਪ੍ਰੰਪਰਾਗਤ ਹੀ ਸੀ। ਗੁਰਦੁਆਰਿਆਂ, ਡੇਰਿਆਂ, ਧਰਮਸ਼ਾਲਾਵਾਂ, ਮੰਦਿਰਾਂ ਅਤੇ ਮਸੀਤਾਂ ਵਿਚ

---

[149] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਪਹਿਲੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2004, ਪੰਨਾ 564.

[150] ਮਲਕਿੰਦਰ ਸਿੰਘ, *ਧਾਰਮਿਕ ਲਹਿਰਾਂ,* ਰਿਗੀ ਪਬਲੀਕੇਸ਼ਨ, ਖੰਨਾ, 2017, ਪੰਨਾ 99-100.

ਬਚਿਆਂ ਨੂੰ ਪੜ੍ਹਾਇਆ ਜਾਂਦਾ ਸੀ। ਇਹ ਸਿਖਿਆ ਮੁਖ ਤੌਰ ’ਤੇ ਧਾਰਮਿਕ ਰੁਚੀ ਵਾਲੀ ਹੀ ਹੁੰਦੀ ਸੀ।[151] ਕਵਿ ਦੇ ਸਮੇਂ ਪੰਜਾਬ ਦੇ ਲੋਕਾਂ ਦਾ ਮੁਖ ਕਿਤਾ ਕਿਰਸਾਨੀ ਸੀ। ਖੇਤੀਬਾੜੀ ਤੋਂ ਬਿਨਾਂ ਉਸ ਸਮੇਂ ਪਸ਼ੂ ਵੀ ਇਕ ਕੀਮਤੀ ਧਨ ਸੀ, ਪਰ ਪਸ਼ੂ-ਧਨ ਖੇਤੀ ਦਾ ਹੀ ਹਿਸਾ ਸੀ। ਇਸ ਤੋਂ ਇਲਾਵਾ ਉਦਯੋਗ ਵਿਚ ਸੂਤੀ ਅਤੇ ਉਨੀ ਕਪੜੇ ਦਾ ਉਦਯੋਗ ਵੀ ਪ੍ਰਮੁਖ ਸੀ। ਵਾਪਾਰ ਵੀ ਉਸ ਸਮੇਂ ਦਾ ਇਕ ਅਹਿਮ ਆਰਥਿਕ ਸਾਧਨ ਸੀ। ਵਾਪਾਰ ਵਿਚ ਅਨਾਜ, ਦਾਲਾਂ, ਖੰਡ, ਘਿਉ, ਕਪੜਾ, ਕਾਗਜ਼, ਸੋਨਾ, ਚਾਂਦੀ ਇਤਿਆਦਿਕ ਸ਼ਾਮਲ ਸੀ।[152]

ਉਪਰੋਕਤ ਚਰਚਾ ਤੋਂ ਅਸੀਂ ਦੇਖਿਆ, ਕਿ ਕਵਿ ਦੇ ਜੀਵਨ ਕਾਲ ਦੇ ਆਰੰਭ ਵਿਚ ਪਛਮੀ ਤਾਕਤਾਂ ਭਾਰਤ ਉਪਰ ਅਪਣਾ ਸਾਮਰਾਜ ਸਥਾਪਿਤ ਕਰਨ ਲਈ ਨਿਰੰਤਰ ਯਤਨਸ਼ੀਲ ਸਨ ਅਤੇ ਕਵਿ ਦੇ ਜੀਵਨ ਸਮੇਂ ਹੀ ਅੰਗਰੇਜਾਂ ਦਾ ਕਬਜ਼ਾ ਵੀ ਹੋ ਗਿਆ ਸੀ। ਇਸ ਤਰ੍ਹਾਂ ਉਸ ਸਮੇਂ ਰਾਜਨੀਤਿਕ ਤੌਰ ‘ਤੇ ਵੱਡਾ ਫੇਰ-ਬਦਲ ਹੋਇਆ। ਇਸੇ ਤਰ੍ਹਾਂ ਕਵਿ ਦੇ ਜੀਵਨ ਕਾਲ ਸਮੇਂ ਧਾਰਮਿਕ ਸੁਧਾਰ ਲਹਿਰਾਂ ਆਪਣੇ ਸ਼ਿਖਰ ‘ਤੇ ਸਨ, ਜਿਸ ਕਰਕੇ ਉਹ ਸਮਾਂ ਧਾਰਮਿਕ ਪਖ ਤੋਂ ਬਹੁਤ ਹੀ ਨਾਜ਼ੁਕ ਸਮਾਂ ਕਿਹਾ ਜਾ ਸਕਦਾ ਹੈ। ਲੋਕ ਆਰਥਿਕ ਪਖੋਂ ਵਪਾਰ, ਖੇਤੀ ਅਤੇ ਪਸ਼ੂ ਧਨ ਇਤਿਆਦਿਕ ਉਪਰ ਹੀ ਨਿਰਭਰ ਸਨ। ਇਸ ਤਰ੍ਹਾਂ ਦੇ ਉਤਰਾਅ-ਚੜ੍ਹਾਅ ਵਾਲੇ ਮਾਹੌਲ ਵਿਚ ਸਾਹਿਤ ਸਿਰਜਣਾ ਅਤਿ ਔਖਾ ਕਾਰਜ ਸੀ। ਕਵਿ ਦਾ ਰਾਜਾ ਹੀਰਾ ਚੰਦ ਦਾ ਦਰਬਾਰੀ ਕਵਿ ਹੋਣਾ ਉਸ ਲਈ ਬਹੁਤ ਹੀ ਲਾਹੇਵੰਦ ਸਾਬਿਤ ਹੋਇਆ ਹੋਵੇਗਾ, ਕਿਉਂਕਿ ਆਰਥਿਕ ਪਖੋਂ ਉਸ ਨੂੰ ਸਾਹਿਤ ਸਿਰਜਣ ਲਈ ਸਮਸਿਆਵਾਂ ਸ਼ਾਇਦ ਸਾਹਮਣੇ ਨਾ ਹੋਈਆਂ ਹੋਣ। ਪਰ ਉਸ ਸਮੇਂ ਦੀਆਂ ਧਾਰਮਿਕ ਅਤੇ ਰਾਜਨਿਤਿਕ ਚੁਣੌਤੀਆਂ ਦਾ ਸਾਹਮਣਾ ਕਵਿ ਨੂੰ ਲਾਜ਼ਿਮੀ ਕਰਨਾ ਪਿਆ ਹੋਵੇਗਾ। ਭਾਵੇਂ ਕਵਿ ਗਣੇਸ਼ ਸਿੰਘ ਬੇਦੀ ਦੇ ਸਮੇਂ ਦੇ ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਹਾਲਾਤ ਕੋਈ ਬਹੁਤੇ ਚੰਗੇ ਨਹੀਂ ਸਨ, ਉਹ ਹਾਲਾਤ ਸਾਹਿਤ ਸਿਰਜਣ ਲਈ ਸਹਾਇਕ ਨਾ ਹੋ ਕੇ ਚੁਣੌਤੀਆਂ ਪੇਸ਼ ਕਰਦੇ ਸਨ ਪਰ ਫਿਰ ਵੀ ਗਣੇਸ਼ ਸਿੰਘ ਬੇਦੀ ਦੁਆਰਾ ਇਤਨੀਆਂ ਰਚਨਾਵਾਂ ਰਚ ਲੈਣਾ ਉਸ ਦੇ ਪਰਿਪਕ ਮਨੋਬਲ ਦੀ ਦ੍ਰਿੜ੍ਹਤਾ ਦਾ ਸ਼੍ਰੇਸ਼ਠ ਫ਼ਲ ਹੈ।

---

[151] ਭਗਤ ਸਿੰਘ, *ਮਹਾਰਾਜਾ ਰਣਜੀਤ ਸਿੰਘ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983, ਪੰਨਾ 147.

[152] ਉਹੀ, ਪੰਨਾ 170-90.

ਗਣੇਸ਼ ਸਿੰਘ ਬੇਦੀ ਕ੍ਰਿਤ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਦੀ ਰਚਨਾ 1869 ਈ. ਵਿਚ ਹੋਈ। ਡਾ. ਮੀਨਾਕਸ਼ੀ ਸ਼ਰਮਾ ਦੇ 'ਗਣੇਸ਼ ਸਿੰਘ ਬੇਦੀ: ਸਾਹਿਤਯਿਕ ਮੁਲਯਾਂਕਨ' ਕਾਰਜ ਤੋਂ ਇਲਾਵਾ ਹੋਰ ਕੋਈ ਨਵੇਕਲਾ ਕਾਰਜ ਸਾਡੇ ਸਾਹਮਣੇ ਨਹੀਂ ਆਇਆ, ਫਿਰ ਵੀ ਕੁਝ ਕਾਰਜ ਅਜਿਹੇ ਹਨ, ਜੋ ਸਿਧੇ ਜਾਂ ਅਸਿਧੇ ਰੂਪ ਵਿਚ ਕਵਿ ਦੇ ਜੀਵਨ ਜਾਂ ਰਚਨਾਵਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਦਾ ਸਰਵੇਖਣ ਨਿਮਨਲਿਖਿਤ ਅਨੁਸਾਰ ਹੈ-

1959 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਪੁਸਤਕ 'ਉਦਾਸੀ ਸਿਖਾਂ ਦੀ ਵਿਥਿਆ' ਵਿਚ ਰਣਧੀਰ ਸਿੰਘ ਨੇ ਗਣੇਸ਼ ਸਿੰਘ ਬੇਦੀ ਦੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਬਾਰੇ ਸੰਖੇਪ ਜਾਣਕਾਰੀ ਪ੍ਰਸਤੁਤ ਕੀਤੀ ਹੈ। ਲੇਖਕ ਇਸ ਜਨਮਸਾਖੀ ਦੀ ਰਚਨਾ ਸੰਵਤ 1926 ਵਿਕ੍ਰਮੀ ਵਿਚ ਹੋਈ ਲਿਖਦਾ ਹੈ।

1969 ਈ. ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਛਪੀ ਪੁਸਤਕ 'ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ' ਵਿਚ ਸੁਰਿੰਦਰ ਸਿੰਘ ਕੋਹਲੀ ਨੇ ਕਵਿ ਗਣੇਸ਼ ਸਿੰਘ ਬੇਦੀ ਦੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਬਾਰੇ ਸੰਖੇਪ ਵਿਚਾਰ ਦਿਤੇ ਹਨ। ਸੁਰਿੰਦਰ ਸਿੰਘ ਕੋਹਲੀ ਇਸ ਰਚਨਾ ਨੂੰ 19ਵੀਂ ਸਦੀ ਦਾ ਤੀਜਾ ਗ੍ਰੰਥ ਲਿਖਦਾ ਹੈ। ਸੁਰਿੰਦਰ ਸਿੰਘ ਕੋਹਲੀ ਦੀ ਹੀ ਇਕ ਹੋਰ ਪੁਸਤਕ 'ਜਨਮਸਾਖੀ ਭਾਈ ਬਾਲਾ' ਜੋ 1990 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਛਪੀ ਹੈ, ਇਸ ਵਿਚ ਵੀ ਲੇਖਕ ਕਵਿ ਦੀ ਉਕਤ ਰਚਨਾ ਬਾਰੇ ਸੰਖੇਪ ਜ਼ਿਕਰ ਕਰਦਾ ਹੈ।

ਡਾ. ਜਗਜੀਤ ਸਿੰਘ ਦੀ ਪੁਸਤਕ 'ਆਧੁਨਿਕ ਜਨਮਸਾਖੀ (ਜੀਵਨ ਸ੍ਰੀ ਗੁਰੂ ਨਾਨਕ ਦੇਵ ਜੀ)' ਜੋ ਕਿ 1970 ਵਿਚ ਲਾਹੌਰ ਬੁਕ ਸ਼ਾਪ, ਲੁਧਿਆਣਾ ਤੋਂ ਪ੍ਰਕਾਸ਼ਿਤ ਹੋਈ, ਇਸ ਪੁਸਤਕ ਦੇ ਪੰਨਾ ਨੰਬਰ 14 'ਤੇ ਲੇਖਕ ਨੇ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਬਾਰੇ ਸੰਖੇਪ ਜ਼ਿਕਰ ਕਰਦਿਆਂ, ਇਸ ਦੀ ਰਚਨਾ ਜੰਮੂ ਵਿਚ ਹੋਈ ਲਿਖਿਆ ਹੈ ਅਤੇ ਇਸ ਦਾ ਆਧਾਰ ਬਾਲੇ ਵਾਲੀ ਜਨਮਸਾਖੀ ਦਸਿਆ ਹੈ।

'ਸ੍ਰੀ ਗੁਰੂ ਨਾਨਕ ਅਭਿਨੰਦਨ' ਪੁਸਤਕ ਜੋ ਕਿ 1978 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ, ਇਸ ਵਿਚ ਦੇਵਿੰਦਰ ਸਿੰਘ ਵਿਦਿਆਰਥੀ ਨੇ ਕਵਿ ਗਣੇਸ਼

ਸਿੰਘ ਬੇਦੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਤੀ ਹੈ। ਇਸ ਤੋਂ ਇਲਾਵਾ ਕਵਿ ਦੀਆਂ ਰਚਨਾਵਾਂ (ਸ਼ਿੰਗਾਰ ਸ਼ਤਕ, ਬ੍ਰਹਮ ਬੋਧ, ਸ੍ਰੀ ਗੁਰੂ ਨਾਨਕ ਜੀ ਕੇ ਅਸਤੋਤਰ) ਆਦਿ ਵਿਚੋਂ ਕੁਝ ਕੁ ਪੰਕਤੀਆਂ/ਛੰਦਾਂ ਦੀ ਅਰਥ ਸਹਿਤ ਵਿਆਖਿਆ ਵੀ ਕੀਤੀ ਹੈ।

1984 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਪੁਸਤਕ 'ਗੁਰੂ ਮਹਿਮਾ ਰਤਨਾਵਲੀ ਕ੍ਰਿਤ ਕਾਨ੍ਹ ਸਿੰਘ ਨਾਭਾ' ਵਿਚ ਗਣੇਸ਼ ਸਿੰਘ ਬੇਦੀ ਬਾਰੇ ਸੰਖੇਪ ਚਰਚਾ ਕਰਦਿਆਂ ਕਵਿ ਦੇ ਪਿਤਾ ਸ੍ਰੀ ਗੰਡਾ ਸਿੰਘ ਬਾਰੇ ਵੀ ਜ਼ਿਕਰ ਕੀਤਾ ਹੈ ਅਤੇ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਬਾਰੇ ਲਿਖਦਿਆਂ ਲੇਖਕ ਦਸਦਾ ਹੈ, ਕਿ ਇਹ ਜਨਮਸਾਖੀ ਸੰਵਤ 1926 ਵਿਚ ਸਮਾਪਤ ਹੋਈ।

ਡਾ. ਰਾਮ ਸਿੰਘ ਸੈਣੀ ਨੇ 1990 ਵਿਚ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਦੀ ਸੰਪਾਦਨਾ ਕਰ ਕੇ ਭਾਸ਼ਾ ਵਿਭਾਗ ਪੰਜਾਬ ਤੋਂ ਪ੍ਰਕਾਸ਼ਿਤ ਕਰਵਾਇਆ ਸੀ। ਇਸ ਦੀ ਭੂਮਿਕਾ ਵਿਚ ਗਣੇਸ਼ ਸਿੰਘ ਬੇਦੀ ਦੇ ਜੀਵਨ ਬਾਰੇ ਮੁਢਲੀ ਜਾਣਕਾਰੀ ਦਿਤੀ ਗਈ ਹੈ ਅਤੇ ਕਵਿ ਦੀਆਂ ਰਚਨਾਵਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਇਸ ਪੁਸਤਕ ਵਿਚ ਲੇਖਕ ਨੇ ਕਵਿ ਦੀਆਂ 13 ਰਚਨਾਵਾਂ ਹੋਣ ਦਾ ਜ਼ਿਕਰ ਕੀਤਾ ਹੈ।

ਕਲਮ ਮੰਦਿਰ, ਪਟਿਆਲਾ ਤੋਂ 2000 ਈ. ਵਿਚ ਪ੍ਰਕਾਸ਼ਿਤ ਪਿਆਰਾ ਸਿੰਘ ਪਦਮ ਦੀ ਪੁਸਤਕ 'ਗੋਬਿੰਦ ਸਾਗਰ' ਵਿਚ ਲੇਖਕ ਨੇ ਕਵਿ ਗਣੇਸ਼ ਸਿੰਘ ਬੇਦੀ ਦੀਆਂ ਦੋ ਰਚਨਾਵਾਂ 'ਗੁਰਬੰਸ ਬਿਨੋਦ' ਅਤੇ 'ਸ਼ਸ਼ਿਬੰਸ ਬਿਨੋਦ' ਦਾ ਹਵਾਲਾ ਦਿੰਦੇ ਹੋਏ ਸੰਖੇਪ ਜ਼ਿਕਰ ਕੀਤਾ ਹੈ।

ਸੰਵਤ 1961 ਵਿਚ ਐਂਗਲੋ-ਸੰਸਕ੍ਰਿਤ ਪ੍ਰੈਸ ਅਨਾਰਕਲੀ ਲਾਹੌਰ ਤੋਂ ਪ੍ਰਕਾਸ਼ਿਤ ਪੁਸਤਕ 'ਗ੍ਰੰਥ ਰਤਨਾਵਲੀ' ਵਿਚ ਗਣੇਸ਼ ਸਿੰਘ ਬੇਦੀ ਦੀਆਂ ਅਠ ਰਚਨਾਵਾਂ ਛਪੀਆਂ ਹੋਈਆਂ ਹਨ ਅਤੇ ਇਸ ਪੁਸਤਕ ਵਿਚ ਬਲਰਾਮ ਦਾਸ ਉਦਾਸੀਨ ਨੇ ਕਵਿ ਦੀਆਂ ਕੁਲ 20 ਰਚਨਾਵਾਂ ਹੋਣ ਦਾ ਜ਼ਿਕਰ ਵੀ ਕੀਤਾ ਹੈ।

1993 ਈ. ਵਿਚ ਕਲਮ ਮੰਦਿਰ, ਪਟਿਆਲਾ ਤੋਂ ਪ੍ਰਕਾਸ਼ਿਤ 'ਗੁਰੂ ਨਾਨਕ ਸਾਗਰ' ਪੁਸਤਕ ਵਿਚ ਪਿਆਰਾ ਸਿੰਘ ਪਦਮ ਦੇ ਇਕ ਲੇਖ *ਗੁਰੂ ਨਾਨਕ ਜਿਨ ਸੁਣਿਆ ਪੇਖਿਆ* ਛਾਪਿਆ, ਜਿਸ ਵਿਚ ਲੇਖਕ ਨੇ ਕਵਿ ਗਣੇਸ਼ ਸਿੰਘ ਬੇਦੀ ਦੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਬਾਰੇ ਸੰਖੇਪ ਜ਼ਿਕਰ ਕੀਤਾ ਹੋਇਆ ਹੈ।

## ਹਿੰਦੀ ਪੁਸਤਕਾਂ-

ਡਾ. ਮਨਮੋਹਨ ਸਹਗਲ, ਦੀ ਪੁਸਤਕ 'ਪੰਜਾਬ ਕਾ ਹਿੰਦੀ ਸਾਹਿਤਯ' ਜੋ ਕਿ ਲੀਨਾ ਪਬਲਿਸ਼ਰਜ਼, ਪਟਿਆਲਾ ਤੋਂ ਛਪੀ ਹੈ। ਇਸ ਵਿਚ ਲੇਖਕ ਨੇ ਕਵਿ ਗਣੇਸ਼ ਸਿੰਘ ਬੇਦੀ ਅਤੇ ਉਸਦੀ ਪ੍ਰਸਿਧ ਰਚਨਾ 'ਸ਼ਿੰਗਾਰ ਸ਼ਤਕ' ਬਾਰੇ ਜਾਣਕਾਰੀ ਦਿਤੀ ਹੈ।

1959 ਈ. ਵਿਚ ਪੈਪਸੂ ਪ੍ਰਦੇਸ ਹਿੰਦੀ ਸਾਹਿਤਯ ਸੰਮੇਲਨ, ਪਟਿਆਲਾ ਤੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ ਕਾ ਹਿੰਦੀ ਸਾਹਿਤਯ' ਪੁਸਤਕ ਵਿਚ ਸਤਯਪਾਲ ਗੁਪਤ ਨੇ ਗਣੇਸ਼ ਸਿੰਘ ਬੇਦੀ ਦੀਆਂ ਦੋ ਰਚਨਾਵਾਂ 'ਗੁਰੂ ਨਾਨਕ ਸੂਰਜੋਦੇ' ਅਤੇ 'ਸ਼ਸ਼ਿ ਬੰਸ਼ ਬਿਨੋਦ' ਅਤੇ ਇਹਨਾਂ ਦੇ ਰਚਨਾਕਾਲ ਬਾਰੇ ਬਹੁਤ ਹੀ ਸੰਖੇਪ ਜ਼ਿਕਰ ਕੀਤਾ ਹੈ।

1962 ਈ. ਵਿਚ ਨੈਸ਼ਨਲ ਪਬਲਿਸ਼ਿੰਗ, ਦਿਲੀ ਤੋਂ ਪ੍ਰਕਾਸ਼ਿਤ ਪੁਸਤਕ 'ਪੰਜਾਬ-ਪ੍ਰਾਂਤੀਯ ਹਿੰਦੀ ਸਾਹਿਤਯ ਕਾ ਇਤਿਹਾਸ' ਵਿਚ ਚੰਦ੍ਰਕਾਂਤ ਬਾਲੀ ਗਣੇਸ਼ ਸਿੰਘ ਬੇਦੀ ਦੇ ਜਨਮ ਅਤੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਉਸ ਨੂੰ ਮਹਾਂਕਵਿ ਕਹਿੰਦਾ ਹੈ। ਇਸ ਤੋਂ ਇਲਾਵਾ ਕਵਿ ਦੀਆਂ ਦੋ ਰਚਨਾਵਾਂ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਅਤੇ 'ਕ੍ਰਿਸ਼ਨ ਚੰਦ੍ਰ ਚੰਦ੍ਰਕਾ' ਬਾਰੇ ਮੁਢਲੀ ਜਾਣਕਾਰੀ ਵੀ ਲੇਖਕ ਨੇ ਇਸ ਪੁਸਤਕ ਵਿਚ ਦੇਣ ਦਾ ਪ੍ਰਯਤਨ ਕੀਤਾ ਹੈ।

1985 ਈ. ਵਿਚ ਸੰਮਾਰਗ ਪ੍ਰਕਾਸ਼ਨ, ਦਿਲੀ ਤੋਂ ਪ੍ਰਕਾਸ਼ਿਤ ਪੁਸਤਕ 'ਮਧਯਕਾਲੀਨ ਹਿੰਦੀ ਸਾਹਿਤਯ ਪੰਜਾਬ ਕਾ ਸੰਦਰਭ' ਵਿਚ ਡਾ. ਮਨਮੋਹਨ ਸਹਗਲ ਕਵਿ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਕਵਿ ਦੀ ਰਚਨਾ 'ਸ਼ਿੰਗਾਰ ਸ਼ਤਕ' ਬਾਰੇ ਵਿਸਤਾਰ ਵਿਚ ਜ਼ਿਕਰ ਕਰਦਾ ਹੈ।

ਹਿਮਾਚਲ ਕਲਾ ਸੰਸਕ੍ਰਿਤ ਭਾਸ਼ਾ ਅਕਾਦਮੀ, ਸ਼ਿਮਲਾ ਤੋਂ ਪ੍ਰਕਾਸ਼ਿਤ ਪੁਸਤਕ 'ਗਣੇਸ਼ ਸਿੰਘ ਬੇਦੀ : ਸਾਹਿਤਯਿਕ ਮੁਲਯਾਂਕਨ' ਵਿਚ ਡਾ. ਮੀਨਾਕਸ਼ੀ ਸ਼ਰਮਾ ਨੇ ਕਵਿ ਦੇ ਜੀਵਨ ਅਤੇ ਰਚਨਾ ਬਾਰੇ ਵਿਸਤਾਰ ਵਿਚ ਜਾਣਕਾਰੀ ਪ੍ਰਸਤੁਤ ਕਰਣ ਦਾ ਪ੍ਰਯਤਨ ਕੀਤਾ ਹੈ। ਲੇਖਿਕਾ ਨੇ ਕਵਿ ਦੀਆਂ 16 ਰਚਨਾਵਾਂ ਹੋਣ ਦਾ ਵੀ ਜ਼ਿਕਰ ਕੀਤਾ ਹੈ। ਇਸ ਪੁਸਤਕ ਦੇ ਕੁਲ 286 ਪੰਨੇ ਹਨ। ਇਹ ਇਕੋ-ਇਕ

ਪੁਸਤਕ ਉਪਲਬਧ ਹੁੰਦੀ ਹੈ, ਜੋ ਸਾਰੀ ਹੀ ਕਵਿ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਰਚਨਾਵਾਂ ਉਤੇ ਅਧਾਰਿਤ ਹੈ।

ਡਾ. ਹਰਵੰਸ਼ ਲਾਲ ਆਹਲੂਵਾਲੀਆ ਦੀ ਪੁਸਤਕ 'ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਸ਼ਤਕ ਕਾਵਯੋਂ ਕਾ ਸਮੀਕਸ਼ਾਤਮਕ ਅਧਿਐਨ' ਜੋ ਕਿ 2002 ਈ. ਵਿਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਤੋਂ ਪ੍ਰਕਾਸ਼ਿਤ ਹੋਈ, ਇਸ ਵਿਚ ਲੇਖਕ ਕਵਿ ਦੇ ਜੀਵਨ ਅਤੇ ਵਿਅਕਤਿਤ੍ਵ ਬਾਰੇ ਮੁਢਲੀ ਜਾਣਕਾਰੀ ਪ੍ਰਸਤੁਤ ਕਰਦਾ ਹੈ। ਲੇਖਕ ਕਵਿ ਦੀਆਂ ਰਚਨਾਵਾਂ ਦੇ ਆਧਾਰ 'ਤੇ ਕਵਿ ਨੂੰ ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿਚੋਂ ਦਸਦਾ ਹੈ। ਲੇਖਕ ਨੇ ਕਵਿ ਦੀਆਂ ਕ੍ਰਿਤੀਆਂ ਦੇ ਆਧਾਰ 'ਤੇ ਉਸ ਦੀ ਜਨਮ ਮਿਤੀ ਅਤੇ ਮ੍ਰਿਤੂ (ਜੀਵਨ ਕਾਲ) ਸੰਬੰਧੀ ਵੀ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਲੇਖਕ ਨੇ ਵਿਸਤਾਰ ਵਿਚ ਕਵਿ ਦੀ ਰਚਨਾ 'ਸ਼ਿੰਗਾਰ ਸ਼ਤਕ' ਬਾਰੇ ਜਾਣਕਾਰੀ ਦਿਤੀ ਹੈ।

## ਕੋਸ਼/ਪਤ੍ਰਿਕਾ

1976 ਈ. ਵਿਚ ਪ੍ਰਕਾਸ਼ਿਤ 'ਪੰਜਾਬੀ ਸਾਹਿਤ ਕੋਸ਼ ਭਾਗ-ਦੂਜਾ' ਦੇ ਪੰਨਾ ਨੰਬਰ 237 'ਤੇ ਸੁਰਿੰਦਰ ਸਿੰਘ ਕੋਹਲੀ ਦੁਆਰਾ ਕਵਿ ਦੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਸਬੰਧੀ ਸੰਖੇਪ ਜ਼ਿਕਰ ਕੀਤਾ ਗਿਆ ਹੈ। ਲੇਖਕ ਇਸ ਜਨਮਸਾਖੀ ਦੀ ਰਚਨਾ 1893 ਈ. ਵਿਚ ਹੋਈ ਲਿਖਦਾ ਹੈ। ਇਸ ਤੋਂ ਇਲਾਵਾ ਲੇਖਕ ਦਸਦਾ ਹੈ, ਕਿ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਗੁਰੂ ਨਾਨਕ ਦੇਵ ਜੀ ਨੂੰ ਹਰੀ ਦਾ ਅਵਤਾਰ ਕਰ ਕੇ ਵਰਣਨ ਕੀਤਾ ਹੈ।

'ਸਿਖ ਪੰਥ ਵਿਸ਼ਵਕੋਸ਼(ਭਾਗ ਦੂਜਾ)' ਦੇ ਪੰਨਾ ਨੰਬਰ 1025 ਤੇ ਡਾ. ਰਤਨ ਸਿੰਘ ਜੱਗੀ ਨੇ ਗਣੇਸ਼ ਸਿੰਘ ਬੇਦੀ ਦੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਬਾਰੇ ਵਿਸਤਾਰ ਵਿਚ ਜਾਣਕਾਰੀ ਦਿਤੀ ਹੈ। ਲੇਖਕ ਨੇ ਇਸ ਜਨਮਸਾਖੀ ਦੀ ਰਚਨਾ 1906 ਈ. ਵਿਚ ਜੰਮੂ ਵਿਖੇ ਹੋਈ ਮੰਨੀ ਹੈ। ਉਹ ਇਸ ਦੇ ਦੋ ਭਾਗ ਦਸਦਾ ਹੋਇਆ ਕਹਿੰਦਾ ਹੈ, ਕਿ ਇਸਦੇ ਪਹਿਲੇ ਭਾਗ ਵਿਚ 65 ਸਾਖੀਆਂ ਅਤੇ ਦੂਜੇ ਭਾਗ ਵਿਚ 58 ਸਾਖੀਆਂ ਹਨ। ਅਗੇ ਲੇਖਕ ਦਸਦਾ ਹੈ, ਕਿ ਇਸ ਰਚਨਾ ਦਾ ਮੁਖ ਆਧਾਰ ਭਾਈ ਬਾਲੇ ਵਾਲੀ

ਜਨਮਸਾਖੀ ਹੈ ਅਤੇ ਕਿਤੇ-ਕਿਤੇ ਗਿਆਨ ਰਤਨਾਵਲੀ, ਮਹਿਮਾ ਪ੍ਰਕਾਸ਼ ਅਤੇ ਗੁਰੂ ਨਾਨਕ ਪ੍ਰਕਾਸ਼ ਤੋਂ ਵੀ ਬ੍ਰਿਤਾਂਤ ਲਿਆ ਗਿਆ ਹੈ।

'ਗੁਰੂ ਨਾਨਕ ਪ੍ਰਕਾਸ਼' ਪ੍ਰਤਿਕਾ ਦੇ ਅੰਕ ਜਨਵਰੀ 2017 ਵਿਚ ਜਤਿੰਦਰ ਕੌਰ ਦੇ ਲੇਖ *ਸ਼ਸ਼ੀ ਬੰਸ ਬਿਨੋਦ ਗ੍ਰੰਥ ਵਿਚ ਆਏ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਉਲੇਖ* ਸੰਬੰਧੀ ਲੇਖਿਕਾ ਨੇ ਗਣੇਸ਼ ਸਿੰਘ ਬੇਦੀ ਦੇ ਜੀਵਨ ਬਾਰੇ ਸੰਖੇਪ ਵਿਚਾਰ ਕਰਣ ਉਪਰੰਤ ਕਵਿ ਦੀ ਰਚਨਾ 'ਸ਼ਸ਼ਿ ਬੰਸ ਬਿਨੋਦ' ਬਾਰੇ ਮੁਢਲੀ ਜਾਣਕਾਰੀ ਉਪਲਬਧ ਕਰਵਾਈ ਹੈ।

ਸੋ ਡਾ. ਮੀਨਾਕਸ਼ੀ ਸ਼ਰਮਾ ਤੋਂ ਬਿਨਾ ਉਪਰੋਕਤ ਸਾਰੀਆਂ ਹੀ ਰਚਨਾਵਾਂ ਕਵਿ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਰਚਨਾ ਬਾਰੇ ਸੰਖਿਪਿਤ ਜਿਹੀ ਚਰਚਾ ਤਕ ਹੀ ਸੀਮਿਤ ਹਨ।

**ਕਥਾ-ਸਾਰ :**

'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਦੇ ਆਰੰਭ ਵਿਚ ਮੰਗਲਾਚਰਣ ਹੈ, ਜਿਸ ਵਿਚ ਦੇਵੀ-ਦੇਵਤਿਆਂ, ਅਵਤਾਰਾਂ, ਦਸ ਗੁਰੂ ਸਾਹਿਬਾਨ, ਬਾਬਾ ਸ੍ਰੀ ਚੰਦ ਆਦਿ ਦੀ ਉਸਤਤਿ ਕੀਤੀ ਗਈ ਹੈ। ਫਿਰ ਕਵਿ ਨੇ ਆਪਣੀ ਕੁਲ ਦਾ ਕੁਰਸੀਨਾਮਾ ਵੀ ਦਿਤਾ ਹੈ, ਜਿਸ ਤੋਂ ਪਤਾ ਚਲਦਾ ਹੈ, ਕਿ ਕਵਿ ਗੁਰੂ ਨਾਨਕ ਦੇਵ ਜੀ ਦਾ ਵੰਸ਼ਜ ਸੀ। ਆਰੰਭ ਵਿਚ ਹੀ ਕਵਿ ਨੇ ਆਪਣਾ ਪਹਿਲਾ ਨਿਵਾਸ ਆਨੰਦਪੁਰ ਅਤੇ ਫਿਰ ਬਿਲਾਸਪੁਰ ਦਸਿਆ ਹੈ। ਕਵਿ ਨੇ ਰਚਨਾ ਨਿਰਵਿਘਨਤਾ ਨਾਲ ਸੰਪੂਰਣ ਹੋਣ ਵਾਸਤੇ ਅਰਦਾਸ ਕੀਤੀ ਹੈ। ਅਗੇ ਕਵਿ ਇਹ ਵੀ ਕਹਿੰਦਾ ਹੈ, ਕਿ ਮੇਰੀ ਜ਼ੁਬਾਨ ਬੇ-ਰਸ ਹੈ, ਪਰ ਗੁਰੂ ਜੀ ਦੀ ਗਾਥਾ ਬਹੁਤ ਪਵਿਤ੍ਰ ਹੈ। ਕਵਿ ਨੇ ਜਨਮਸਾਖੀ ਵਿਚ ਬਹੁਤ ਹੀ ਸੁਚਜੇ ਢੰਗ ਨਾਲ ਛੰਦਾਂ ਦੀ ਵਰਤੋਂ ਕੀਤੀ ਹੈ, ਨਾਲ ਹੀ ਵਿਨਮਰ ਹੋ ਕੇ ਇਹ ਵੀ ਲਿਖ ਦਿਤਾ ਹੈ, ਕਿ ਮੈਨੂੰ ਛੰਦ-ਰੀਤ ਦਾ ਕੋਈ ਗਿਆਨ ਨਹੀਂ, ਜਿਥੇ ਕੋਈ ਗ਼ਲਤੀ ਲਗੇ ਗੁਣਿਜਨ ਆਪ ਸੁਧਾਰ ਲੈਣ। ਇਸ ਤੋਂ ਉਨ੍ਹਾਂ ਦੇ ਜੀਵਨ ਦੀ ਸਾਦਗ਼ੀ ਅਤੇ ਸਰਲਤਾ ਪਰਿਲਖਿਤ ਹੁੰਦੀ ਹੈ। ਕਵਿ ਕਹਿੰਦਾ ਹੈ, ਕਿ ਮੈਂ ਆਪਣੀ ਅਲਪ-ਮਤਿ ਨਾਲ ਗੁਰੂ ਸਾਹਿਬ ਦੀ ਗਾਥਾ ਬਿਆਨ ਕਰ ਰਿਹਾ ਹਾਂ।

ਭਾਈ ਬਾਲਾ ਤਲਵੰਡੀ ਤੋਂ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਣ ਹਿਤ ਆਉਂਦਾ ਹੈ। ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੇ ਸੰਗੀ ਭਾਈ ਬਾਲੇ ਨੂੰ ਮਿਲ ਕੇ ਬਹੁਤ ਪ੍ਰਸੰਨ ਹੁੰਦੇ ਹਨ ਅਤੇ ਭਾਈ ਬਾਲੇ ਨੂੰ ਗੁਰੂ ਸਾਹਿਬ ਦੀ ਜੀਵਨ-ਕਥਾ ਸੁਣਾਉਣ ਲਈ ਆਖਦੇ ਹਨ। ਗੁਰੂ ਅੰਗਦ ਦੇਵ ਜੀ ਦੇ ਕਹਿਣ 'ਤੇ ਭਾਈ ਬਾਲਾ ਇਕ ਸਾਥੀ ਪੰਨੂ ਲਾਲਾ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਚਾਚਾ ਲਾਲੂ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਜਨਮਪਤ੍ਰੀ ਲੈ ਕੇ ਖਡੂਰ ਸਾਹਿਬ ਪਹੁੰਚਦਾ ਹੈ। ਫਿਰ ਪੈੜੇ ਮੋਖੇ ਨੇ ਉਸ ਦਾ ਸੰਸਕ੍ਰਿਤ ਤੋਂ ਗੁਰਮੁਖੀ ਵਿਚ ਉਲਥਾ ਕੀਤਾ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਬਾਲਾ ਗੁਰੂ ਨਾਨਕ ਦੇਵ ਜੀ ਦੀ ਕਥਾ ਸੁਣਾਉਣੀ ਆਰੰਭ ਕਰਦਾ ਹੈ। ਜਿਸ ਨੂੰ ਸੁਣਨ ਵਾਸਤੇ ਸਿਖ ਇਕਠੇ ਹੋ ਜਾਂਦੇ ਹਨ।

ਕਵਿ ਦਸਦਾ ਹੈ, ਕਿ ਜਨਮਪਤ੍ਰੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਜਨਮ 1526 ਵਿਕ੍ਰਮੀ ਨੂੰ ਕਤਕ ਦੇ ਮਹੀਨੇ ਵਿਚ ਹੋਇਆ। ਗੁਰੂ ਨਾਨਕ ਦੇਵ ਦੇ ਜਨਮ ਸਮੇਂ ਨੌਂ ਨਾਥਾਂ, ਚੌਰਾਸੀ ਸਿਧਾਂ, ਛੇ ਜਤੀਆਂ, ਬਾਵੰਜਾ ਬੀਰਾਂ ਅਤੇ ਤੇਤੀ ਕਰੋੜ ਦੇਵੀ-ਦੇਵਤਿਆਂ ਨੇ ਨਮਸਕਾਰ ਕੀਤੀ। ਪੰਡਿਤ ਹਰਿਦਿਆਲ ਨੂੰ ਬੁਲਾ

ਕੇ ਗੁਰੂ ਸਾਹਿਬ ਦਾ ਨਾਨਕ ਨਾਮ ਰਖਿਆ ਗਿਆ ਅਤੇ ਪੰਡਿਤ ਨੇ ਭਵਿਖਬਾਣੀ ਕੀਤੀ, ਕਿ ਇਹ ਬਾਲਕ ਜਗਤ ਨੂੰ ਤਾਰਣ ਵਾਲਾ ਹੈ। ਲੇਖਕ ਅਨੁਸਾਰ ਗੁਰੂ ਸਾਹਿਬ ਬਾਲ ਅਵਸਥਾ ਵਿਚ ਪੰਘੂੜੇ ਨੂੰ ਫੜ੍ਹ ਕੇ ਤੁਰਣਾ ਸਿਖਦੇ ਸਨ। ਬਚਪਨ ਵਿਚ ਉਹ ਘਰ ਦਾ ਸਾਮਾਨ ਲੈ ਕੇ ਬਾਹਰ ਗੁੰਮ ਕਰ ਆਉਂਦੇ ਸਨ ਅਤੇ ਮਾਤਾ-ਪਿਤਾ ਦੀ ਗਲ ਵੀ ਨਹੀਂ ਮੰਨਦੇ ਸਨ। ਬਾਲਕ ਦੀਆਂ ਆਦਤਾਂ ਅਤੇ ਉਸ ਵਿਚ ਕੋਈ ਵਡੀ ਵਿਸ਼ੇਸ਼ਤਾ ਨਾ ਦੇਖ ਕੇ ਪਿਤਾ ਕਾਲੂ ਪੰਡਿਤ ਕੋਲ ਜਾ ਕੇ ਉਲਾਮ੍ਹਾਂ ਦਿੰਦੇ ਹਨ, ਕਿ ਤੇਰੇ ਸ਼ਾਸਤ੍ਰਾਂ ਵਿਚ ਨਾਨਕ ਸੰਬੰਧੀ ਇਹੋ ਕੁਝ ਲਿਖਿਆ ਸੀ, ਜਿਸ ਨੂੰ ਤੂੰ ਅਦਭੁਤ ਦਸਦਾ ਸੀ।

ਜਦੋਂ ਗੁਰੂ ਨਾਨਕ ਦੇਵ ਜੀ ਪੰਜ ਸਾਲ ਦੇ ਹੋਏ, ਤਾਂ ਉਨ੍ਹਾਂ ਦਾ ਪਿਤਾ ਗੋਪਾਲ ਪਾਂਧੇ ਕੋਲ ਗਿਆ ਅਤੇ ਆਪਣੇ ਪੁਤ੍ਰ ਨੂੰ ਵਿਦਿਆ ਪ੍ਰਦਾਨ ਕਰਣ ਹਿਤ ਬੇਨਤੀ ਕੀਤੀ। ਗੁਰੂ ਸਾਹਿਬ ਗੋਪਾਲ ਪਾਂਧੇ ਨੂੰ ਉਪਦੇਸ਼ ਦੇ ਕੇ ਨਿਹਾਲ ਕਰਦੇ ਹਨ। ਜਦੋਂ ਗੁਰੂ ਸਾਹਿਬ ਦੀ ਉਮਰ ਸਤ ਸਾਲ ਸੀ, ਤਾਂ ਪਿਤਾ ਕਾਲੂ ਪੁਤ੍ਰ ਨੂੰ ਫ਼ਾਰਸੀ ਪੜ੍ਹਾਉਣ ਲਈ ਮੁਲਾ ਕੋਲ ਲੈ ਕੇ ਜਾਂਦਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਬਹੁਤ ਛੇਤੀ ਫ਼ਾਰਸੀ ਸਿਖ ਜਾਂਦੇ ਹਨ ਅਤੇ ਮੁਲਾ ਨੂੰ ਉਪਦੇਸ਼ ਦਿੰਦੇ ਹਨ। ਨੌਂ ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਦੀ ਰਸਮ ਕੀਤੀ ਜਾਂਦੀ ਹੈ। ਗੁਰੂ ਸਾਹਿਬ ਪੰਡਿਤ ਨੂੰ ਨਾਮ ਦਾ ਜਨੇਊ ਪਾਉਣ ਦਾ ਉਪਦੇਸ਼ ਦਿੰਦੇ ਹਨ। ਇਸ ਘਟਨਾ ਤੋਂ ਬਾਅਦ ਗੁਰੂ ਸਾਹਿਬ ਨੂੰ ਉਦਾਸ ਦੇਖ ਕੇ ਪਿਤਾ ਕਾਲੂ ਨੇ ਪਸ਼ੂ ਚਰਾਉਣ ਲਈ ਭੇਜ ਦਿਤਾ। ਆਪ ਪਸ਼ੂਆਂ ਨੂੰ ਚਰਨ ਵਾਸਤੇ ਛਡ ਕੇ ਸੌਂ ਗਏ ਅਤੇ ਪਸ਼ੂਆਂ ਨੇ ਇਕ ਕਿਸਾਨ ਦਾ ਸਾਰਾ ਖੇਤ ਉਜਾੜ ਦਿਤਾ। ਆਪਣਾ ਖੇਤ ਉਜੜਿਆ ਦੇਖ ਕੇ ਖੇਤ ਦੇ ਮਾਲਿਕ ਨੇ ਰਾਇ ਬੁਲਾਰ ਪਾਸ ਜਾ ਕੇ ਸ਼ਿਕਾਇਤ ਕੀਤੀ। ਜਦੋਂ ਰਾਇ ਬੁਲਾਰ ਨੇ ਖੇਤ ਜਾ ਕੇ ਦੇਖਿਆ, ਤਾਂ ਸਾਰਾ ਖੇਤ ਹਰਿਆ ਭਰਿਆ ਸੀ। ਜਿਸ ਨੂੰ ਤਕ ਕੇ ਖੇਤ ਦਾ ਮਾਲਿਕ ਬਹੁਤ ਹੈਰਾਨ ਅਤੇ ਸ਼ਰਮਿੰਦਾ ਹੋਇਆ। ਇਕ ਦਿਨ ਫਿਰ ਗੁਰੂ ਸਾਹਿਬ ਪਸ਼ੂ ਚਰਾਉਣ ਲਈ ਖੇਤਾਂ 'ਚ ਜਾਂਦੇ ਹਨ ਅਤੇ ਉਥੇ ਇਕ ਬ੍ਰਿਛ ਹੇਠਾਂ ਸੌਂ ਜਾਂਦੇ ਹਨ, ਸੁਤੇ ਹੋਇਆਂ ਉਨ੍ਹਾਂ ਦੇ ਮੁਖ 'ਤੇ ਧੁਪ ਆਉਂਦੀ ਹੈ, ਤਾਂ ਇਕ ਸ਼ੇਸ਼ ਨਾਗ ਨਾਨਕ ਦੇਵ ਜੀ ਦੇ ਮੁਖ ਉਤੇ ਆਪਣਾ ਫਨ ਖਿਲਾਰ ਕੇ ਛਾਇਆ ਕਰ ਦੇਂਦਾ ਹੈ। ਇਹ ਵੇਖ ਕੇ ਰਾਏ ਬੁਲਾਰ ਬਹੁਤ ਹੈਰਾਨ ਹੁੰਦਾ ਹੈ। ਫਿਰ ਗੁਰੂ ਸਾਹਿਬ ਇਕ ਹੋਰ ਕੌਤੁਕ ਰਚਦੇ ਹਨ। ਪਸ਼ੂ ਚਰਾਵਣ ਗਏ ਇਕ ਬ੍ਰਿਛ ਹੇਠਾਂ ਸੌਂ ਜਾਂਦੇ ਹਨ ਅਤੇ ਦੁਪਹਿਰ ਸਮੇਂ ਸਾਰੇ ਬ੍ਰਿਛਾਂ ਦਾ ਪਰਛਾਵਾਂ

ਢਲ ਜਾਂਦਾ ਹੈ, ਪਰ ਉਸ ਬ੍ਰਿਛ ਦਾ ਪਰਛਾਵਾਂ ਨਹੀਂ ਢਲਦਾ। ਇਹ ਵੀ ਕੌਤੁਕ ਤਕ ਕੇ ਰਾਇ ਬੁਲਾਰ ਬਹੁਤ ਹੈਰਾਨ ਹੁੰਦਾ ਹੈ ਅਤੇ ਕਾਲੂ ਨੂੰ ਸਮਝਾਉਂਦਾ ਹੈ, ਕਿ ਤੁਹਾਡਾ ਪੁਤ੍ਰ ਕੋਈ ਅਵਤਾਰੀ ਪੁਰੁਸ਼ ਹੈ, ਉਸ ਨੂੰ ਗੁਸੇ ਨਾ ਹੋਇਆ ਕਰੋ।

ਕੁਝ ਹੋਰ ਸਮਾਂ ਬੀਤ ਗਿਆ ਅਤੇ ਹੁਣ ਗੁਰੂ ਸਾਹਿਬ ਚੁਪ ਕਰਕੇ ਅੰਦਰ ਹੀ ਪਏ ਰਹਿਣ ਲਗੇ। ਕਿਸੇ ਨਾਲ ਕੋਈ ਗਲ ਨਾ ਕਰਦੇ, ਜਿਸ ਕਾਰਣ ਮਾਤਾ-ਪਿਤਾ ਨੂੰ ਚਿੰਤਾ ਹੋਣੀ ਸੁਭਾਵਿਕ ਸੀ। ਪਿਤਾ ਆਪਣੇ ਪੁਤ੍ਰ ਦੇ ਇਲਾਜ ਲਈ ਹਰਿਦਾਸ ਵੈਦ ਨੂੰ ਬੁਲਾਉਂਦਾ ਹੈ। ਗੁਰੂ ਜੀ ਵੈਦ ਨੂੰ ਸ਼ਬਦ ਉਚਾਰ ਕੇ ਨਿਹਾਲ ਕਰਦੇ ਹਨ। ਦੋ ਮਹੀਨੇ ਇਸੇ ਤਰ੍ਹਾਂ ਚੁਪ-ਚਾਪ ਬਿਤੀਤ ਕਰਣ ਉਪਰੰਤ ਨਾਨਕ ਜੀ ਥੋੜ੍ਹਾ ਬਾਹਰ ਤੁਰਨ-ਫਿਰਨ ਲਗੇ। ਪਿਤਾ ਕਾਲੂ ਨੇ ਗੁਰੂ ਸਾਹਿਬ ਨੂੰ 20 ਰੁਪਏ ਦਿਤੇ, ਕਿ ਉਹ ਸ਼ਹਿਰ ਜਾ ਕੇ ਕੁਝ ਸਾਮਾਨ ਲੈ ਆਉਣ ਅਤੇ ਵਾਪਾਰ ਦੇ ਕਾਰੋਬਾਰ ਵਿਚ ਲਗ ਜਾਣ। ਗੁਰੂ ਸਾਹਿਬ ਰਸਤੇ ਵਿਚ ਮਿਲੇ ਭੁਖੇ ਸਾਧੂਆਂ ਨੂੰ ਭੋਜਨ ਛਕਾ ਕੇ ਵਾਪਸ ਆ ਜਾਂਦੇ ਹਨ, ਜਿਸ ਤੇ ਪਿਤਾ ਬਹੁਤ ਗੁਸੇ ਹੁੰਦਾ ਹੈ। ਇਸ ਦਰਮਿਆਨ ਬੀਬੀ ਨਾਨਕੀ ਦਾ ਵਿਆਹ ਸੁਲਤਾਨਪੁਰ ਭਾਈ ਜੈ ਰਾਮ ਨਾਲ ਹੋ ਜਾਂਦਾ ਹੈ। ਕੁਝ ਸਮਾਂ ਇਸੇ ਤਰ੍ਹਾਂ ਬੀਤ ਜਾਣ ਤੋਂ ਬਾਅਦ ਚੌਦਾਂ ਸਾਲ ਦੀ ਉਮਰ ਵਿਚ ਰਾਇ ਬੁਲਾਰ ਦੇ ਕਹਿਣ ’ਤੇ ਗੁਰੂ ਸਾਹਿਬ ਬੀਬੀ ਨਾਨਕੀ ਕੋਲ ਸੁਲਤਾਨਪੁਰ ਚਲੇ ਜਾਂਦੇ ਹਨ।

ਸੁਲਤਾਨਪੁਰ ਜਾ ਕੇ ਗੁਰੂ ਸਾਹਿਬ ਸਰਕਾਰੀ ਮੋਦੀਖ਼ਾਨੇ ਵਿਚ ਕੰਮ ਕਰਣ ਲਗ ਜਾਂਦੇ ਹਨ। ਗੁਰੂ ਸਾਹਿਬ ਦਾ ਮੋਦੀਖ਼ਾਨੇ ਦਾ ਕੰਮ ਬਹੁਤ ਵਧੀਆ ਚਲਦਾ ਹੈ। ਸਾਰੇ ਪਾਸੇ ਗੁਰੂ ਸਾਹਿਬ ਦੀ ਵਾਹ-ਵਾਹ ਹੋਣ ਲਗ ਪੈਂਦੀ ਹੈ। ਜਦੋਂ ਨਾਨਕ ਜੀ ਦੇ ਮੋਦੀਖ਼ਾਨੇ ਵਿਚ ਤਿੰਨ ਮਹੀਨੇ ਬੀਤ ਜਾਣ ਉਪਰੰਤ ਲੇਖਾ ਕਰਨ ਦੀ ਗਲ ਹੋਈ ਤਾਂ ਲੇਖੇ ਦੌਰਾਨ ਇਕ ਸੌ ਪੈਂਤੀ ਰੁਪਏ ਦਾ ਵਾਧਾ ਨਿਕਲਣ ਤੋਂ ਖ਼ੁਸ਼ ਹੋ ਕੇ ਨਵਾਬ ਵਲੋਂ ਵਧੇ ਰੁਪਏ ਅਤੇ ਹੋਰ ਸਤਾਰਾਂ ਸੌ ਰੁਪਏ ਗੁਰੂ ਨਾਨਕ ਦੇਵ ਜੀ ਨੂੰ ਸੌਦਾ ਲਿਆਉਣ ਹਿਤ ਦਿਤੇ।

ਇਕ ਦਿਨ ਪਖੋ ਕੇ ਰੰਧਾਵੇ ਦੇ ਮੂਲੇ ਖਤ੍ਰੀ ਨੇ ਆਪਣੇ ਨੌਕਰ ਹਥ ਆਪਣੀ ਪੁਤ੍ਰੀ ਦਾ ਰਿਸ਼ਤਾ ਕਰਣ ਲਈ ਸ਼ਗੁਨ ਭੇਜਿਆ। ਖ਼ੁਸ਼ੀ ਨਾਲ ਪਰਿਵਾਰ ਦੇ ਸਾਰੇ ਜੀਅ ਪਖੋ ਕੇ ਰੰਧਾਵੇ ਸਗਾਈ ਲਈ ਜਾਂਦੇ ਹਨ। ਗੁਰੂ ਜੀ ਦਾ ਸੌਹਰਾ ਮੂਲਾ ਸਗਾਈ ਤੋਂ ਉਪਰੰਤ ਇਕ ਸਾਲ ਬਾਅਦ ਵਿਆਹ ਦਾ ਦਿਨ ਨਿਸ਼ਚਿਤ

ਕਰਣ ਦਾ ਵਾਅਦਾ ਕਰਦਾ ਹੈ। ਸਗਾਈ ਤੋਂ ਬਾਅਦ ਗੁਰੂ ਸਾਹਿਬ ਫਿਰ ਮੋਦੀਖ਼ਾਨੇ ਦੇ ਕੰਮ ਵਿਚ ਲਗ ਜਾਂਦੇ ਹਨ। ਉਨ੍ਹਾਂ ਦੀ ਵਾਹ-ਵਾਹ ਹੁੰਦੀ ਦੇਖ ਕੇ ਈਰਖਾਲੂ ਲੋਕਾਂ ਵਲੋਂ ਗੁਰੂ ਸਾਹਿਬ ਦੇ ਹਿਸਾਬ ਵਿਚ ਗੜਬੜ ਦੀ ਸ਼ਿਕਾਇਤ ਨਵਾਬ ਪਾਸ ਕੀਤੀ। ਨਵਾਬ ਦੇ ਕਹਿਣ ਤੇ ਜਾਦੋ ਰਾਏ ਵਲੋਂ ਦੂਜੀ ਵਾਰ ਮੋਦੀਖ਼ਾਨੇ ਦਾ ਸਮੁਚਾ ਹਿਸਾਬ ਕੀਤਾ ਗਿਆ। ਜਿਸ ਵਿਚ 320 ਰੁਪਏ ਵਾਧਾ ਨਿਕਲਿਆ। ਨਵਾਬ ਨੇ ਖ਼ੁਸ਼ ਹੋ ਕੇ 320 ਰੁਪਏ ਸਮੇਤ 3000 ਰੁਪਏ ਗੁਰੂ ਸਾਹਿਬ ਨੂੰ ਹੋਰ ਦਿਤੇ।

ਕੁੜਮਾਈ ਤੋਂ ਇਕ ਸਾਲ ਬੀਤ ਜਾਣ 'ਤੇ 1548 ਵਿਕ੍ਰਮੀ ਨੂੰ ਮੂਲੇ ਖਤ੍ਰੀ ਨੇ ਵਿਆਹ ਲਈ ਸਾਹਾ ਚਿਠੀ ਭੇਜ ਦਿਤੀ। ਇਸ ਤਰ੍ਹਾਂ ਗੁਰੂ ਸਾਹਿਬ ਦਾ ਵਿਆਹ ਸਾਰੀਆਂ ਰਸਮਾਂ ਨਾਲ ਕੀਤਾ ਗਿਆ। ਗੁਰੂ ਸਾਹਿਬ ਵਿਆਹ ਉਪਰੰਤ ਤਲਵੰਡੀ ਆ ਜਾਂਦੇ ਹਨ, ਕੁਝ ਸਮਾਂ ਰਹਿ ਕੇ ਫਿਰ ਸੁਲਤਾਨਪੁਰ ਜਾਂਦੇ ਹਨ ਅਤੇ ਪਹਿਲਾਂ ਵਾਂਗ ਮੋਦੀਖ਼ਾਨੇ ਦੇ ਕਾਰਜ ਵਿਚ ਲਗ ਜਾਂਦੇ ਹਨ। ਗੁਰੂ ਸਾਹਿਬ ਦੇ ਘਰ ਨਾ ਜਾਣ ਕਾਰਣ ਸੁਲਖਣੀ ਅਤੇ ਉਸਦੇ ਮਾਤਾ-ਪਿਤਾ ਰੋਸ ਕਰਦੇ ਹਨ। ਭੈਣ ਨਾਨਕੀ ਗੁਰੂ ਸਾਹਿਬ ਨੂੰ ਚੰਦੋਰਾਣੀ ਦੇ ਉਲਾਮ੍ਹੇ ਬਾਰੇ ਦਸਦੀ ਹੈ ਅਤੇ ਗੁਰੂ ਸਾਹਿਬ ਨੂੰ ਰੋਜ਼ਾਨਾ ਘਰ ਆਉਣ ਲਈ ਕਹਿੰਦੀ ਹੈ। ਗੁਰੂ ਸਾਹਿਬ ਰੋਜ਼ਾਨਾ ਘਰ ਆਉਣ ਲਗੇ ਅਤੇ ਜਿਵੇਂ ਗੁਰੂ ਸਾਹਿਬ ਕਹਿੰਦੇ ਸੁਲਖਣੀ ਉਸੇ ਤਰ੍ਹਾਂ ਉਹਨਾਂ ਦੀ ਸੇਵਾ ਕਰਦੀ। ਜਦੋਂ ਗੁਰੂ ਸਾਹਿਬ ਦੀ ਉਮਰ 25 ਸਾਲ ਸੀ, ਉਸ ਸਮੇਂ ਮਾਤਾ ਸੁਲਖਣੀ ਨੇ ਪੁਤਰ ਸ੍ਰੀ ਚੰਦ ਨੂੰ ਜਨਮ ਦਿਤਾ। ਸ੍ਰੀ ਚੰਦ ਦੇ ਜਨਮ ਤੋਂ ਸਭ ਪਰਿਵਾਰਕ ਮੈਂਬਰ ਬਹੁਤ ਖ਼ੁਸ਼ ਹੋਏ।

ਮੈਲਸੀਹਾਂ ਪਿੰਡ ਵਿਚ ਭਾਗੀਰਥ ਨਾਮੀ ਇਕ ਵਿਅਕਤੀ ਰਹਿੰਦਾ ਸੀ, ਉਹ ਕਾਲਿਕਾ ਦੀ ਬਹੁਤ ਉਪਾਸਨਾ ਕਰਦਾ ਸੀ। ਇਕ ਰਾਤ ਕਾਲਿਕਾ ਨੇ ਉਸ ਦੇ ਸਪਨੇ ਵਿਚ ਆ ਕੇ ਜੀਵਨ ਸਫਲਾ ਕਰਣ ਹਿਤ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਵਿਚ ਜਾਣ ਲਈ ਕਿਹਾ। ਉਹ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਗੁਰੂ ਜੀ ਦਾ ਸਿਖ ਹੋ ਗਿਆ ਅਤੇ ਕੁਝ ਸਮਾਂ ਉਨ੍ਹਾਂ ਕੋਲ ਹੀ ਰਿਹਾ। ਮਰਦਾਨੇ ਦੀ ਪੁਤ੍ਰੀ ਦੀ ਸ਼ਾਦੀ ਸੀ, ਇਸ ਲਈ ਉਹ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਕਹਿਣ ਲਗਾ, ਕਿ ਮੇਰੇ ਪਾਸ ਐਨੀ ਸਮਰਥਾ ਨਹੀਂ ਹੈ। ਗੁਰੂ ਸਾਹਿਬ ਨੇ ਉਸ ਦੀ ਗਲ ਸੁਣ ਕੇ ਇਕ ਕਾਗ਼ਜ਼ ਉਤੇ ਸਾਰਾ ਸਾਮਾਨ ਲਿਖ ਕੇ ਭਾਗੀਰਥ ਨੂੰ ਦੇ ਕੇ ਲਾਹੌਰ ਤੋਂ ਸਾਰਾ ਸਮਾਨ ਲੈ ਕੇ ਆਉਣ ਦਾ ਹੁਕਮ ਦਿਤਾ। ਲਾਹੌਰ ਪਹੁੰਚ ਕੇ ਉਹ ਮਨਸੁਖ ਨਾਮੀ ਦੁਕਾਨਦਾਰ ਨੂੰ ਮਿਲਿਆ

ਅਤੇ ਸਾਰੀ ਸਾਮਗ੍ਰੀ ਵਾਲਾ ਕਾਗ਼ਜ਼ ਉਸ ਨੂੰ ਦੇ ਦਿਤਾ। ਮਨਸੁਖ ਨੇ ਸਾਰਾ ਸਾਮਾਨ ਤਿਆਰ ਕਰ ਦਿਤਾ ਅਤੇ ਕਿਹਾ ਕਿ ਲਾਲ ਚੂੜਾ ਦੋ ਦਿਨ ਬਾਅਦ ਤਿਆਰ ਹੋਵੇਗਾ। ਇਹ ਸੁਣ ਕੇ ਭਾਗੀਰਥ ਨੇ ਕਿਹਾ, ਮੇਰੇ ਗੁਰੂ ਦਾ ਹੁਕਮ ਹੈ ਮੈਂ ਇਕ ਰਾਤ ਹੀ ਇਥੇ ਬਿਤੀਤ ਕਰ ਸਕਦਾ ਹਾਂ। ਮਨਸੁਖ ਉਸ ਦੇ ਮੁਖ ਤੋਂ ਇਹ ਵੀਚਾਰ ਸੁਣ ਕੇ ਹੈਰਾਨ ਹੋਇਆ। ਉਸ ਨੇ ਗੁਰੂ ਸਾਹਿਬ ਬਾਰੇ ਸਾਰੀ ਗਲ ਮਨਸੁਖ ਨੂੰ ਦਸੀ, ਜਿਸ ਨੂੰ ਸੁਣ ਕੇ ਮਨਸੁਖ ਨੇ ਕਿਹਾ, ਜੇਕਰ ਤੇਰਾ ਗੁਰੂ ਮੈਨੂੰ ਮੇਰੇ ਨਾਮ ਨਾਲ ਪੁਕਾਰੇਗਾ, ਤਾਂ ਮੈਂ ਵੀ ਉਸ ਦਾ ਸਿਖ ਹੋ ਜਾਵਾਂਗਾ। ਇਹ ਕਹਿ ਕੇ ਉਹ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਣ ਹਿਤ ਆਪਣੇ ਘਰ ਤਿਆਰ ਕੀਤਾ ਚੂੜਾ ਲੈ ਕੇ ਗੁਰੂ ਸਾਹਿਬ ਨੂੰ ਭੇਟ ਕਰਣ ਹਿਤ ਚਲ ਪਿਆ। ਜਦੋਂ ਉਹ ਸੁਲਤਾਨਪੁਰ ਪਹੁੰਚੇ ਤਾਂ ਦੂਰੋਂ ਦੇਖ ਕੇ ਗੁਰੂ ਸਾਹਿਬ ਨੇ ਭਾਗਰੀਥ ਨੂੰ ਕਿਹਾ, ਮਨਸੁਖ ਨੂੰ ਵੀ ਨਾਲ ਲੈ ਆਏ ਹੋ? ਇਹ ਸੁਣ ਕੇ ਮਨਸੁਖ ਗੁਰੂ ਸਾਹਿਬ ਦੇ ਚਰਣੀਂ ਢਹਿ ਪਿਆ ਅਤੇ ਹਮੇਸ਼ਾ ਲਈ ਗੁਰੂ ਦਾ ਸਿਖ ਹੋ ਗਿਆ।

ਇਸ ਤਰ੍ਹਾਂ ਕਾਫ਼ੀ ਸਮਾਂ ਮੋਦੀ ਦੀ ਕਾਰ ਕਰਦਿਆਂ ਬਿਤੀਤ ਹੋਇਆ। ਇਕ ਦਿਨ ਗੁਰੂ ਸਾਹਿਬ ਨਿਤ ਮਰਯਾਦਾ ਅਨੁਸਾਰ ਵੇਈਂ ਨਦੀ 'ਚ ਇਸ਼ਨਾਨ ਕਰਣ ਹਿਤ ਗਏ। ਆਪਣੇ ਬਸਤਰ ਇਕ ਸਿਖ ਨੂੰ ਫੜਾ ਕੇ ਵੇਈਂ ਵਿਚ ਪ੍ਰਵੇਸ਼ ਕੀਤਾ ਅਤੇ ਅਲੋਪ ਹੋ ਗਏ। ਜਦੋਂ ਗੁਰੂ ਸਾਹਿਬ ਵਾਪਸ ਨਾ ਆਏ, ਤਾਂ ਉਹ ਸਿਖ ਚਿੰਤਾਤੁਰ ਹੋ ਕੇ ਦੌਲਤ ਖ਼ਾਂ ਪਾਸ ਗਿਆ। ਸਾਰੇ ਪਾਸੇ ਖ਼ਬਰ ਫੈਲ ਗਈ, ਪਰ ਗੁਰੂ ਸਾਹਿਬ ਨਾ ਲਭੇ। ਅੰਤ ਤਿੰਨ ਦਿਨ ਬਾਅਦ ਗੁਰੂ ਸਾਹਿਬ ਵੇਈਂ ਵਿਚੋਂ ਬਾਹਰ ਆਏ। ਇਸ ਘਟਨਾ ਤੋਂ ਬਾਅਦ ਗੁਰੂ ਸਾਹਿਬ ਸ਼ਮਸ਼ਾਨਘਾਟ ਵਿਚ ਜਾ ਬਿਰਾਜੇ ਅਤੇ ਮੋਦੀਖ਼ਾਨੇ ਦਾ ਕੰਮ ਵੀ ਛਡ ਦਿਤਾ। ਜਦੋਂ ਇਸ ਘਟਨਾ ਨੂੰ ਤਿੰਨ ਮਹੀਨੇ ਬੀਤ ਜਾਂਦੇ ਹਨ, ਤਾਂ ਉਨ੍ਹਾਂ ਦੇ ਛੋਟੇ ਪੁਤ੍ਰ ਲਖਮੀ ਦਾਸ ਦਾ ਜਨਮ ਹੁੰਦਾ ਹੈ।

ਨਵਾਬ ਨੂੰ ਜਦੋਂ ਪਤਾ ਲਗਾ ਕਿ ਨਾਨਕ ਨਾ ਕੋ ਹਿੰਦੂ ਨਾ ਮੁਸਲਮਾਨ ਦੀ ਤੁਕ ਮੁਖੋਂ ਉਚਾਰਦਾ ਹੈ, ਤਾਂ ਉਸ ਨੇ ਗੁਰੂ ਸਾਹਿਬ ਨੂੰ ਕਿਹਾ, ਕਿ ਜੇਕਰ ਤੁਸੀਂ ਕਹਿੰਦੇ ਹੋ ਕਿ ਹਿੰਦੂ ਮੁਸਲਮਾਨ ਵਿਚ ਕੋਈ ਭੇਦ ਨਹੀਂ ਹੈ, ਤਾਂ ਆਓ ਮੇਰੇ ਨਾਲ ਮਸੀਤ ਵਿਚ ਚਲ ਕੇ ਨਮਾਜ਼ ਪੜ੍ਹੋ। ਗੁਰੂ ਜੀ ਮੁਲਾ ਨਾਲ ਨਮਾਜ਼ ਪੜ੍ਹਣ ਲਈ ਤੁਰ ਪਏ, ਜਿਸ ਦੀ ਸਾਰੇ ਪਾਸੇ ਚਰਚਾ ਹੋਣ ਲਗੀ। ਨਵਾਬ ਨੇ ਵਜ਼ੂ ਕਰਣ ਹਿਤ ਮੂੰਹ-ਹਥ ਧੋਤੇ ਅਤੇ ਨਮਾਜ਼ ਪੜ੍ਹਣ ਲਗ ਗਿਆ। ਗੁਰੂ ਸਾਹਿਬ ਕੋਲ ਚੁਪ ਕਰਕੇ ਖੜੇ ਰਹੇ। ਨਮਾਜ਼ ਪੜ੍ਹਣ ਤੋਂ ਬਾਅਦ

ਨਵਾਬ ਨੇ ਗੁਰੂ ਸਾਹਿਬ ਨੂੰ ਕਿਹਾ, ਕਿ ਤੂੰ ਨਮਾਜ਼ ਕਿਉਂ ਨਹੀਂ ਪੜ੍ਹੀ। ਗੁਰੂ ਸਾਹਿਬ ਨੇ ਕਿਹਾ ਤੁਸੀਂ ਸਿਰਫ਼ ਸਰੀਰ ਕਰ ਕੇ ਇਥੇ ਸੀ, ਪਰ ਮਨ ਤੁਹਾਡਾ ਕੰਧਾਰ ਵਿਖੇ ਘੋੜੇ ਖ਼ਰੀਦ ਰਿਹਾ ਸੀ, ਇਸ ਲਈ ਮੈਂ ਨਮਾਜ਼ ਕਿਸ ਨਾਲ ਪੜ੍ਹਦਾ? ਕਾਜ਼ੀ ਕਹਿੰਦਾ ਹੈ, ਕਿ ਮੈਂ ਤਾਂ ਨਮਾਜ਼ ਬੜੇ ਮਨ ਨਾਲ ਪੜ੍ਹੀ ਹੈ, ਇਸ ਲਈ ਨਾਨਕ ਮੇਰੇ ਨਾਲ ਪੜ੍ਹਦਾ। ਗੁਰੂ ਸਾਹਿਬ ਨੇ ਆਖਿਆ, ਕਿ ਕਾਜ਼ੀ ਸਾਹਿਬ ਤੁਸੀਂ ਵੀ ਨਮਾਜ਼ ਮਨ ਨਾਲ ਨਹੀਂ ਪੜ੍ਹੀ, ਤੁਹਾਡਾ ਮਨ ਤਾਂ ਘਰ ਨਵੀਂ ਸੂਈ ਘੋੜੀ ਦੇ ਵਛੇਰੇ ਵਲ ਸੀ, ਕਿ ਉਹ ਟੋਏ ਵਿਚ ਨਾ ਡਿਗ ਪਵੇ। ਇਹ ਸੁਣ ਕੇ ਨਵਾਬ ਅਤੇ ਕਾਜ਼ੀ ਬਹੁਤ ਹੈਰਾਨ ਹੋਏ। ਨਵਾਬ ਨੇ ਗੁਰੂ ਸਾਹਿਬ ਦੇ ਪੈਰ ਫੜ ਲਏ ਅਤੇ ਆਪਣੀ ਭੁਲ ਬਖ਼ਸ਼ਾਈ।

ਜਦੋਂ ਸੁਲਖਣੀ ਜੀ ਦੇ ਪਿਤਾ ਮੂਲੇ ਨੂੰ ਪਤਾ ਲਗਦਾ ਹੈ, ਕਿ ਨਾਨਕ ਦੇ ਸਤ ਸੌ ਸਠ ਰੁਪਏ ਨਵਾਬ ਵਲ ਬਾਕੀ ਨਿਕਲੇ ਹਨ, ਤਾਂ ਉਹ ਤੁਰੰਤ ਨਵਾਬ ਪਾਸ ਜਾਂਦਾ ਹੈ। ਨਵਾਬ ਦੇ ਪੁਛਣ 'ਤੇ ਉਹ ਦਸਦਾ ਹੈ, ਕਿ ਨਾਨਕ ਉਸਦਾ ਜਵਾਈ ਹੈ ਅਤੇ ਬੇਨਤੀ ਕਰਦਾ ਹੈ, ਕਿ ਜੋ ਰੁਪਏ ਨਾਨਕ ਦੇ ਤੁਹਾਡੇ ਵਲ ਵਾਧਾ ਹਨ, ਉਹ ਬਚਿਆਂ ਦੇ ਪਾਲਣ-ਪੋਸ਼ਣ ਲਈ ਦੇ ਦਿਤੇ ਜਾਣ। ਨਵਾਬ ਭਾਈ ਜੈ ਰਾਮ ਅਤੇ ਗੁਰੂ ਨਾਨਕ ਦੇਵ ਜੀ ਨਾਲ ਗਲ ਕਰ ਕੇ ਅਧੇ ਰੁਪਏ ਮੂਲੇ ਨੂੰ ਦੇ ਦੇਂਦਾ ਹੈ ਅਤੇ ਅਧੇ ਫ਼ਕੀਰਾਂ ਵਿਚ ਵੰਡ ਦਿੰਦਾ ਹੈ। ਮਾਤਾ ਸੁਲਖਣੀ ਦੇ ਮਾਤਾ-ਪਿਤਾ ਗੁਰੂ ਸਾਹਿਬ ਦਾ ਇਹ ਹਾਲ ਦੇਖ ਉਸ ਨੂੰ ਅਤੇ ਲਖਮੀ ਦਾਸ ਨੂੰ ਆਪਣੇ ਨਾਲ ਲੈ ਗਏ ਅਤੇ ਸ੍ਰੀ ਚੰਦ ਨੂੰ ਬੀਬੀ ਨਾਨਕੀ ਪਾਸ ਸੁਲਤਾਨਪੁਰ ਛਡ ਗਏ।

ਗੁਰੂ ਸਾਹਿਬ ਦੁਆਰਾ ਫ਼ਕੀਰੀ ਭੇਖ਼ ਧਾਰਣ ਕਰਣ ਦੀ ਖ਼ਬਰ ਤਲਵੰਡੀ ਗੁਰੂ ਸਾਹਿਬ ਦੇ ਮਾਤਾ-ਪਿਤਾ ਕੋਲ ਪਹੁੰਚ ਜਾਂਦੀ ਹੈ ਅਤੇ ਉਹ ਮਰਦਾਨੇ ਨੂੰ ਸੁਲਤਾਨਪੁਰ ਖ਼ਬਰ ਲੈਣ ਲਈ ਭੇਜਦੇ ਹਨ। ਸੁਲਤਾਨਪੁਰ ਪਹੁੰਚ ਕੇ ਬੀਬੀ ਨਾਨਕੀ ਦੇ ਦਸਣ ਅਨੁਸਾਰ ਮਰਦਾਨਾ ਉਜਾੜ ਵਿਚ ਗੁਰੂ ਸਾਹਿਬ ਕੋਲ ਚਲਾ ਜਾਂਦਾ ਹੈ। ਗੁਰੂ ਸਾਹਿਬ ਦੇ ਕਹਿਣ 'ਤੇ ਮਰਦਾਨਾ ਉਹਨਾਂ ਪਾਸ ਹੀ ਠਹਿਰ ਜਾਂਦਾ ਹੈ। ਗੁਰੂ ਸਾਹਿਬ ਦੀ ਆਗਿਆ ਅਨੁਸਾਰ ਰਬਾਬ ਲੈਣ ਲਈ ਬੀਬੀ ਨਾਨਕੀ ਤੋਂ ਸਤ ਰੁਪਏ ਲੈ ਕੇ ਮਰਦਾਨਾ ਜੰਗਲ ਵਿਚ ਅਸੋਕਪੁਰਾ ਪਿੰਡ ਵਿਚ ਜਾ ਕੇ ਫਿਰੰਦੇ ਤੋਂ ਰੁਬਾਬ ਲਿਆਉਂਦਾ ਹੈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਜਦੋਂ

ਮਰਦਾਨੇ ਨੇ ਰੁਬਾਬ ਵਜਾਈ ਤਾਂ ਰੁਬਾਬ ਦੀ ਧੁਨਿ ਸੁਣ ਕੇ ਗੁਰੂ ਸਾਹਿਬ ਦੀ ਸਮਾਧੀ ਲਗ ਗਈ ਅਤੇ ਦੋ ਦਿਨ ਸਮਾਧੀ ਵਿਚ ਲੀਨ ਰਹੇ।

ਗੁਰੂ ਸਾਹਿਬ ਮਰਦਾਨੇ ਨੂੰ ਨਾਲ ਲੈ ਕੇ ਏਮਨਾਬਾਦ ਵਿਖੇ ਭਾਈ ਲਾਲੋ ਦੇ ਘਰ ਪਹੁੰਚਦੇ ਹਨ। ਭਾਈ ਲਾਲੋ ਦੇ ਪੁਛਣ 'ਤੇ ਮਰਦਾਨਾ ਗੁਰੂ ਸਾਹਿਬ ਬਾਰੇ ਦਸਦਾ ਹੈ। ਭਾਈ ਲਾਲੋ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ ਅਤੇ ਭੋਜਨ ਤਿਆਰ ਕਰਣ ਲਗ ਪਿਆ। ਗੁਰੂ ਸਾਹਿਬ ਉਸ ਕੋਲ 25 ਦਿਨ ਰਹੇ। ਮਰਦਾਨਾ ਪਰਿਵਾਰ ਦੀ ਖ਼ਬਰ-ਸਾਰ ਲੈਣ ਹਿਤ ਤਲਵੰਡੀ ਆ ਗਿਆ। ਮਲਿਕ ਭਾਗੋ ਦੁਆਰਾ ਕੀਤੇ ਬ੍ਰਹਮ ਭੋਜ 'ਤੇ ਗੁਰੂ ਸਾਹਿਬ ਦੇ ਨਾ ਜਾਣ ਕਾਰਣ ਮਲਿਕ ਭਾਗੋ ਬਹੁਤ ਗੁਸੇ ਹੁੰਦਾ ਹੈ। ਗੁਰੂ ਸਾਹਿਬ ਉਸ ਦੀ ਬੇਈਮਾਨੀ ਨਾਲ ਕੀਤੀ ਕਮਾਈ ਵਿਚੋਂ ਖ਼ੂਨ ਅਤੇ ਭਾਈ ਲਾਲੋ ਦੀ ਸਚੀ-ਸੁਚੀ ਕਿਰਤ ਕਮਾਈ ਵਿਚੋਂ ਦੁਧ ਕਢ ਕੇ ਉਸ ਨੂੰ ਸਿਧੇ ਰਾਹ ਪਾਉਂਦੇ ਹਨ।

ਭਾਈ ਮਰਦਾਨਾ ਤਲਵੰਡੀ ਪਹੁੰਚ ਕੇ ਰਾਇ ਬੁਲਾਰ ਅਤੇ ਪਿਤਾ ਕਾਲੂ ਨੂੰ ਪੁਤਰ ਦੀ ਸੁਖ-ਸਾਂਦ ਦਸਦਾ ਹੈ। ਮਰਦਾਨਾ ਦਸਦਾ ਹੈ, ਕਿ ਗੁਰੂ ਸਾਹਿਬ ਭਾਈ ਲਾਲੋ ਦੇ ਘਰ ਏਮਨਾਬਾਦ ਵਿਖੇ ਰਹਿ ਰਹੇ ਹਨ। ਬ੍ਰਿਧ ਅਵਸਥਾ ਵਿਚ ਪਹੁੰਚੇ ਰਾਇ ਬੁਲਾਰ ਦੀ ਤੀਬਰ ਇਛਾ ਸੀ, ਕਿ ਉਹ ਨਾਨਕ ਦੇ ਦਰਸ਼ਨ ਕਰ ਸਕੇ। ਉਸ ਦੀ ਇਛਾ ਪੂਰੀ ਕਰਣ ਹਿਤ ਮਰਦਾਨਾ ਭਾਈ ਬਾਲੇ ਨੂੰ ਨਾਲ ਲੈ ਕੇ ਗੁਰੂ ਸਾਹਿਬ ਨੂੰ ਲੈਣ ਲਈ ਚਲਾ ਜਾਂਦਾ ਹੈ। ਗੁਰੂ ਸਾਹਿਬ ਪਿੰਡ ਦੇ ਬਾਹਰ ਚੰਦ੍ਰ ਭਾਨ ਦੇ ਖੂਹ 'ਤੇ ਆ ਕੇ ਬੈਠ ਜਾਂਦੇ ਹਨ। ਗੁਰੂ ਸਾਹਿਬ ਦੇ ਮਾਤਾ-ਪਿਤਾ ਉਥੇ ਆਪਣੇ ਪੁਤ੍ਰ ਨੂੰ ਸਮਝਾਉਣ ਹਿਤ ਪਹੁੰਚ ਜਾਂਦੇ ਹਨ। ਫਿਰ ਗੁਰੂ ਸਾਹਿਬ ਰਾਇ ਬੁਲਾਰ ਪਾਸ ਜਾਂਦੇ ਹਨ। ਰਾਏ ਬੁਲਾਰ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੁੰਦਾ ਹੈ। ਰਾਇ ਬੁਲਾਰ ਨੂੰ ਉਪਦੇਸ਼ ਦੇ ਕੇ ਗੁਰੂ ਸਾਹਿਬ ਜੰਗਲ ਵਿਚ ਚਲੇ ਜਾਂਦੇ ਹਨ ਅਤੇ ਰਾਤ ਸਮੇਂ ਘਰ ਆਉਂਦੇ ਹਨ। ਮਾਤਾ ਬਹੁਤ ਖ਼ੁਸ਼ ਹੁੰਦੀ ਹੈ ਅਤੇ ਅਨੇਕਾਂ ਪ੍ਰਕਾਰ ਦੇ ਭੋਜਨ ਆਪਣੇ ਹਥੀਂ ਤਿਆਰ ਕਰਕੇ ਗੁਰੂ ਸਾਹਿਬ ਨੂੰ ਛਕਾਉਂਦੀ ਹੈ। ਇਕ ਸਵੇਰ ਗੁਰੂ ਸਾਹਿਬ ਇਸਨਾਨ ਕਰਣ ਹਿਤ ਗਏ ਤਾਂ ਖੂਹ 'ਤੇ ਪਾਣੀ ਨਾ ਮਿਲਿਆ। ਇਹ ਖ਼ਬਰ ਜਦੋਂ ਅਗਲੇ ਦਿਨ ਰਾਇ ਬੁਲਾਰ ਨੂੰ ਪਤਾ ਚਲੀ, ਤਾਂ ਉਸ ਨੇ ਤੁਰੰਤ ਉਥੇ ਸਰੋਵਰ ਬਣਵਾ ਦਿਤਾ ਅਤੇ ਉਸਦਾ ਨਾਮ ਨਾਨਕ ਸਰੋਵਰ ਰਖਿਆ। ਗੁਰੂ ਸਾਹਿਬ ਕੁਝ ਦਿਨ ਤਲਵੰਡੀ ਬਿਤੀਤ

ਕਰਣ ਉਪਰੰਤ ਉਥੋਂ ਵਿਦਾ ਹੋਏ। ਰਸਤੇ ਵਿਚ ਮਰਦਾਨੇ ਨੂੰ ਭੁਖ ਲਗ ਗਈ ਅਤੇ ਗੁਰੂ ਜੀ ਨੇ ਅਕ ਦੇ ਫੁਲਾਂ ਨਾਲ ਮਰਦਾਨੇ ਦੀ ਭੁਖ ਤ੍ਰਿਪਤ ਕੀਤੀ।

ਗੁਰੂ ਸਾਹਿਬ ਲੋਕਾਂ ਨੂੰ ਧਰਮ ਦਾ ਉਪਦੇਸ਼ ਦਿੰਦੇ ਹੋਏ ਕਾਮਰੂਪ ਦੇਸ਼ ਪਹੁੰਚ ਕੇ ਕੁਝ ਸਮਾਂ ਨਗਰ ਦੇ ਬਾਹਰ ਬੈਠੇ ਰਹਿੰਦੇ ਹਨ। ਗੁਰੂ ਸਾਹਿਬ ਦੇ ਮਨ੍ਹਾ ਕਰਣ ਤੇ ਵੀ ਮਰਦਾਨਾ ਨਗਰ ਵਿਚ ਚਲਾ ਜਾਂਦਾ ਹੈ ਅਤੇ ਇਕ ਘਰ ਦੀਆਂ ਔਰਤਾਂ ਉਸ ਨੂੰ ਜੰਤ੍ਰ-ਮੰਤ੍ਰ ਨਾਲ ਭੇਡੂ ਬਣਾ ਦਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਮਰਦਾਨਾ ਦੁਬਾਰਾ ਮਨੁਖ ਰੂਪ ਹੋ ਗਿਆ ਅਤੇ ਗੁਰੂ ਸਾਹਿਬ ਨੇ ਆਪਣੇ ਉਪਦੇਸ਼ ਨਾਲ ਉਹਨਾਂ ਜਾਦੂਗਰ ਔਰਤਾਂ ਨੂੰ ਵੀ ਸਿਧੇ ਰਾਹ ਪਾਇਆ। ਉਹਨਾਂ ਨੇ ਚਰਣ ਪਾਹੁਲ ਲੈ ਕੇ ਗੁਰੂ ਦੀ ਸਿਖੀ ਧਾਰਣ ਕੀਤੀ ਅਤੇ ਧਰਮਸ਼ਾਲਾ ਬਣਵਾ ਕੇ ਲੋਕ ਗੁਰੂ ਦੇ ਗੁਣ ਗਾਉਣ ਲਗੇ। ਗੁਰੂ ਸਾਹਿਬ ਪੰਜ ਦਿਨ ਉਥੇ ਰਹਿ ਕੇ ਅਗੇ ਲਈ ਰਵਾਨਾ ਹੋਏ ਅਤੇ ਸੰਗਲਾਦੀਪ ਵਿਖੇ ਰਾਜੇ ਸ਼ਿਵਨਾਭ ਦੇ ਦੇਸ਼ ਪਹੁੰਚ ਗਏ। ਜਦੋਂ ਰਾਜੇ ਨੂੰ ਪਤਾ ਲਗਾ, ਤਾਂ ਉਸ ਨੇ ਗੁਰੂ ਸਾਹਿਬ ਨੂੰ ਪਰਖਣ ਹਿਤ ਕਾਫ਼ੀ ਪ੍ਰੀਖਿਆਵਾਂ ਲਈਆਂ ਅਤੇ ਅੰਤਤ: ਉਸ ਨੂੰ ਉਸ ਸਚੇ ਗੁਰੂ ਦੀ ਪ੍ਰਾਪਤੀ ਹੋ ਗਈ, ਜਿਸ ਦੀ ਉਹ ਭਾਲ ਵਿਚ ਸੀ। ਗੁਰੂ ਸਾਹਿਬ ਨੇ ਰਾਜੇ ਦੇ ਸਾਰੇ ਸ਼ੰਕੇ ਨਿਵਿਰਤ ਕੀਤੇ। ਗੁਰੂ ਜੀ ਦੀ ਅਗਿਆ ਅਨੁਸਾਰ ਰਾਜੇ ਨੇ ਧਰਮਸ਼ਾਲਾ ਬਣਵਾਈ ਅਤੇ ਰਾਜੇ ਨੂੰ ਗਿਆਨ ਵਿਚ ਪ੍ਰਵੀਨ ਕਰ ਕੇ ਮੰਜੀ ਦੇ ਕੇ ਉਥੋਂ ਵਿਦਾਇਗੀ ਲਈ। ਅਗੇ ਗੁਰੂ ਸਾਹਿਬ ਤ੍ਰਿਯਾ ਰਾਜ ਪਹੁੰਚਦੇ ਹਨ, ਜਿਥੇ ਕਾਮਰੂਪ ਦੇਸ਼ ਨਾਲੋਂ ਵੀ ਜ਼ਿਆਦਾ ਜੰਤ੍ਰ-ਮੰਤ੍ਰ ਸੀ। ਇਸ ਦੇਸ਼ ਵਿਖੇ ਨੂਰ ਸ਼ਾਹ ਇਸਤ੍ਰੀ ਦਾ ਰਾਜ ਸੀ। ਮਰਦਾਨਾ ਗੁਰੂ ਸਾਹਿਬ ਦੀ ਇਜ਼ਾਜ਼ਤ ਲੈ ਕੇ ਨਗਰ ਵਿਚ ਚਲਾ ਗਿਆ ਅਤੇ ਜਦੋਂ ਮਰਦਾਨੇ ਨੇ ਇਕ ਘਰ ਵਿਚੋਂ ਪਾਣੀ ਮੰਗਿਆ, ਤਾਂ ਉਸ ਨੇ ਮਰਦਾਨੇ ਦੇ ਗਲ ਵਿਚ ਧਾਗਾ ਬੰਨ ਕੇ ਉਸ ਨੂੰ ਭੇਡੂ ਬਣਾ ਦਿਤਾ। ਗੁਰੂ ਸਾਹਿਬ ਮਰਦਾਨੇ ਨੂੰ ਬਚਾਉਣ ਲਈ ਨਗਰ ਵਿਚ ਜਾਂਦੇ ਹਨ। ਗੁਰੂ ਸਾਹਿਬ ਦੀ ਮਹਿਮਾ ਜਾਣ ਕੇ ਉਹ ਗੁਰੂ ਦੀਆਂ ਸਿਖ ਹੋ ਜਾਂਦੀਆਂ ਹਨ ਅਤੇ ਗੁਰੂ ਸਾਹਿਬ ਉਹਨਾਂ ਨੂੰ ਉਪਦੇਸ਼ ਦੇ ਕੇ ਉਥੋਂ ਅਗੇ ਚਲਦੇ ਹੋਏ ਭਰਥਰੀ ਜੋਗੀ ਪਾਸ ਪਹੁੰਚਦੇ ਹਨ। ਭਰਥਰੀ ਦੇ ਪੁਛਣ ‘ਤੇ ਭਾਈ ਬਾਲਾ ਉਸ ਨੂੰ ਗੁਰੂ ਨਾਨਕ ਦੇਵ ਜੀ ਬਾਰੇ ਦਸਦਾ ਹੈ। ਗੁਰੂ ਸਾਹਿਬ ਨੇ ਉਸ ਦੇ ਸਾਰੇ ਪ੍ਰਸ਼ਨਾਂ ਦੇ ਉਤਰ ਦੇ ਕੇ ਉਸ ਦੇ ਸ਼ੰਕੇ ਨਿਵਿਰਤ ਕੀਤੇ।

ਗੁਰੂ ਸਾਹਿਬ ਬਾਲੇ ਅਤੇ ਮਰਦਾਨੇ ਨਾਲ ਕੁਝ ਕੋਹ ਅਗੇ ਜਾ ਕੇ ਬੈਠ ਗਏ। ਮਰਦਾਨਾ ਘਰ ਜਾਣ ਦੀ ਆਗਿਆ ਮੰਗਣ ਲਗਾ। ਗੁਰੂ ਜੀ ਦੇ ਮਨ੍ਹਾ ਕਰਨ ਤੇ ਵੀ ਮਰਦਾਨਾ ਜ਼ਿਦ ਨਾਲ ਘਰ ਜਾਣ ਲਈ ਤੁਰ ਪਿਆ। ਰਸਤੇ ਵਿਚ ਉਸ ਨੂੰ ਕੌਡੇ ਰਾਖ਼ਸ਼ ਨੇ ਫੜ ਲਿਆ ਅਤੇ ਤੇਲ ਵਿਚ ਭੁੰਨ ਕੇ ਖਾਣ ਦੀ ਤਿਆਰੀ ਕਰਣ ਲਗਾ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਮਰਦਾਨੇ ਦੀ ਜਾਨ ਬਚੀ ਅਤੇ ਗੁਰੂ ਸਾਹਿਬ ਨੇ ਕੌਡੇ ਰਾਖ਼ਸ਼ ਦਾ ਉਧਾਰ ਕੀਤਾ। ਉਥੋਂ ਬਿਦਾ ਹੋ ਕੇ ਗੁਰੂ ਜੀ ਬਿਸੰਭਰਪੁਰ ਆਉਂਦੇ ਹਨ। ਮਰਦਾਨੇ ਨੂੰ ਭੁਖ ਲਗਦੀ ਹੈ, ਤਾਂ ਗੁਰੂ ਸਾਹਿਬ ਪੈਰ ਨਾਲ ਰੇਤ ਵਿਚੋਂ ਇਕ ਲਾਲ ਕਢ ਕੇ ਮਰਦਾਨੇ ਨੂੰ ਵੇਚਣ ਹਿਤ ਭੇਜਦੇ ਹਨ। ਉਸ ਲਾਲ ਦੀ ਕੀਮਤ ਦੇਖ ਕੇ ਕੋਈ ਵੀ ਉਸ ਨੂੰ ਖ਼ਰੀਦ ਨਾ ਸਕਿਆ। ਸਾਲਸ ਰਾਇ ਜੌਹਰੀ ਅਜਿਹੇ ਕੀਮਤੀ ਲਾਲ ਦੇ ਸਵਾਮੀ ਗੁਰੂ ਜੀ ਨੂੰ ਮਿਲਣ ਆਉਂਦਾ ਹੈ ਅਤੇ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਗੁਰੂ ਜੀ ਉਸਨੂੰ ਮੰਜੀ ਸੌਂਪ ਕੇ ਇਹ ਹੁਕਮ ਕਰਦੇ ਹਨ, ਕਿ ਉਹ ਮੰਜੀ ਦਾ ਗਦੀਦਾਰ ਆਪਣੇ ਕਿਸੇ ਸੇਵਕ ਨੂੰ ਬਣਾਵੇ, ਆਪਣੇ ਪੁਤਰ ਨੂੰ ਨਹੀਂ। ਗੁਰੂ ਜੀ ਸਾਲਸ ਰਾਏ ਨੂੰ ਇਹ ਵੀ ਕਹਿੰਦੇ ਹਨ, ਕਿ ਤੇਰੀ ਉਮਰ ਮਾਤ੍ਰ ਦੋ ਸਾਲ ਸਤ ਮਹੀਨੇ ਰਹਿ ਗਈ ਹੈ। ਕਈ ਦਿਨ ਗੁਰੂ ਜੀ ਉਥੇ ਰਹੇ ਅਤੇ ਫਿਰ ਅਗੇ ਨੂੰ ਚਲ ਪਏ।

ਅਗਲੇ ਪਿੰਡ ਵਿਚ ਗੁਰੂ ਜੀ ਮਰਦਾਨੇ ਨੂੰ ਝੰਡੇ ਬਾਢੀ ਕੋਲ ਭੇਜਦੇ ਹਨ। ਝੰਡਾ ਬਾਢੀ ਗੁਰੂ ਜੀ ਦੇ ਦਰਸ਼ਨ ਲਈ ਭੋਜਨ ਤਿਆਰ ਕਰਕੇ ਲਿਆਉਂਦਾ ਹੈ। ਗੁਰੂ ਜੀ ਭੋਜਨ ਦੇ ਪੰਜ ਹਿਸੇ ਕਰਦੇ ਹਨ। ਇਕ ਹਿਸਾ ਮਰਦਾਨੇ ਨੂੰ ਖਾਣ ਲਈ ਕਹਿੰਦੇ ਹਨ ਅਤੇ ਝੰਡੇ ਬਾਢੀ ਨੂੰ ਪੁਛਦੇ ਹਨ, ਤੇਰੀ ਸੰਗਤ ਕਿਸ ਨਾਲ ਹੈ। ਉਹ ਕਹਿੰਦਾ ਹੈ ਸੁਧਰ ਸੈਨ ਦੇ ਭਣੇਵੇਂ ਇੰਦ੍ਰ ਸੈਨ ਨਾਲ। ਗੁਰੂ ਜੀ ਉਸ ਨੂੰ ਬੁਲਾਉਣ ਨੂੰ ਕਹਿੰਦੇ ਹਨ। ਉਹ ਆ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਗਿਆਨ ਬਾਰੇ ਪ੍ਰਸ਼ਨ ਕਰਦੇ ਹਨ। ਗੁਰੂ ਜੀ ਉਸਨੂੰ ਦ੍ਰਿਸ਼ਟਾਂਤ ਦੇ ਕੇ ਗਿਆਨ ਬਾਰੇ ਉਪਦੇਸ਼ ਦਿੰਦੇ ਹਨ ਅਤੇ ਝੰਡੇ ਬਾਢੀ ਨੂੰ ਇਲਾਕੇ ਦੀ ਮੰਜੀ ਸੌਂਪਦੇ ਹਨ। ਇਸ ਗਲ ਦਾ ਪਤਾ ਜਦੋਂ ਸੁਧਰ ਸੈਨ ਨੂੰ ਲਗਦਾ ਹੈ, ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਣ ਆਉਂਦਾ ਹੈ ਅਤੇ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਗੁਰੂ ਜੀ ਉਸ ਨੂੰ 17 ਗੁਆਂਢੀ ਰਾਜਾਂ ਦਾ ਰਾਜਾ ਬਣਨ ਦਾ ਵਰ ਦਿੰਦੇ ਹਨ। ਫਿਰ ਗੁਰੂ ਜੀ, ਬਾਲਾ ਅਤੇ ਮਰਦਾਨਾ ਬ੍ਰਹਮਪੁਰ ਨਗਰ ਵਿਖੇ ਆਉਂਦੇ ਹਨ। ਜਿਥੋਂ ਦਾ ਰਾਜਾ ਮਧੁਰ ਬੈਨ ਹੁੰਦਾ ਹੈ। ਉਨ੍ਹਾਂ ਨੇ ਜੰਗਲ ਵਿਚ ਡੇਰਾ ਲਾ ਲਿਆ, ਉਹਨਾਂ ਦੇ ਕੋਲੋਂ ਹਿਰਣਾਂ ਦੀ ਵਡੀ ਡਾਰ ਨਿਕਲੀ, ਜਿਸ

ਪਿਛੇ ਸ਼ਿਕਾਰੀ ਕੁਤੇ ਲਗੇ ਸਨ। ਉਹਨਾਂ ਪਿਛੇ ਰਾਜਾ ਮਧੁਰ ਬੈਨ ਸੀ। ਮਧੁਰ ਬੈਨ ਦੇ ਪੁਛਣ 'ਤੇ ਬਾਲੇ ਨੇ ਦਸਿਆ, ਕਿ ਅਸੀਂ ਸੰਤ ਭੇਖ ਵਿਚ ਦੇਸ਼ ਦੀ ਸੈਰ ਕਰ ਰਹੇ ਹਾਂ। ਮਧੁਰ ਬੈਨ ਨੇ ਸੋਚਿਆ, ਕਿ ਇਹ ਉਹੀ ਸੰਤ ਹਨ, ਜਿਹਨਾਂ ਨੇ ਸੁਧਰ ਸੈਨ ਨੂੰ ਰਾਜ ਦਿਤਾ ਅਤੇ ਝੰਡੇ ਬਾਢੀ ਨੂੰ ਗੁਰੂ ਬਣਾਇਆ। ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਉਸ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਪ੍ਰਭੂ-ਭਗਤੀ ਵਿਚ ਲਾਇਆ। ਰਾਜੇ ਨੇ ਗੁਰੂ ਜੀ ਦੇ ਨਾਮ ਦੀ ਧਰਮਸ਼ਾਲਾ ਬਣਾਈ ਅਤੇ ਦੇਗ਼ ਚਲਾਈ।

ਉਥੋਂ ਬਿਦਾ ਹੋ ਕੇ ਗੁਰੂ ਸਾਹਿਬ ਇਕ ਨਗਰ ਦੇਵਗੰਧਾਰ ਵਿਖੇ ਪਹੁੰਚਦੇ ਹਨ। ਜਿਸਦਾ ਰਾਜਾ ਦੇਵਲੂਤ ਰਾਖਸ਼ ਸੀ। ਗੁਰੂ ਸਾਹਿਬ ਇਕ ਪਹਾੜ ਪਾਸ ਰਮਣੀਕ ਥਾਂ ਉਤੇ ਬੈਠ ਜਾਂਦੇ ਹਨ। ਮਰਦਾਨਾ ਗੁਰੂ ਸਾਹਿਬ ਨੂੰ ਤਿੰਨ ਦਿਨ ਤੋਂ ਭੁਖੇ ਹੋਣ ਕਰਕੇ ਕੁਝ ਖਾਣ ਲਈ ਕਹਿੰਦਾ ਹੈ। ਗੁਰੂ ਸਾਹਿਬ ਦਸਦੇ ਹਨ, ਕਿ ਇਹ ਨਗਰ ਕੌਡੇ ਰਾਖਸ਼ ਵਰਗਾ ਹੈ। ਮਰਦਾਨਾ ਡਰ ਜਾਂਦਾ ਹੈ। ਰਾਖਸ਼ਾਂ ਦਾ ਰਾਜਾ ਆਪਣੀ ਫੌਜ ਸਮੇਤ ਸ਼ਿਕਾਰ ਖੇਡਣ ਵਾਸਤੇ ਆ ਗਿਆ। ਰਾਖਸ਼ਾਂ ਦੇ ਰਾਜੇ ਨੇ ਗੁਰੂ ਸਾਹਿਬ, ਬਾਲੇ ਤੇ ਮਰਦਾਨੇ ਨੂੰ ਵੇਖ ਕੇ ਉਹਨਾਂ ਨੂੰ ਫੜ੍ਹ ਕੇ ਲਿਆਉਣ ਲਈ ਕਿਹਾ। ਜਦ ਤਿੰਨ ਰਾਖਸ਼ ਗੁਰੂ ਜੀ ਨੂੰ ਫੜ੍ਹਣ ਲਈ ਗਏ ਤਾਂ ਉਹ ਅੰਨ੍ਹੇ ਹੋ ਗਏ। ਜਦ ਉਹ ਪਿਛੇ ਮੁੜੇ, ਤਾਂ ਉਹਨਾਂ ਨੂੰ ਦਿਸਣ ਲਗ ਗਿਆ। ਉਹਨਾਂ ਨੇ ਰਾਖਸ਼ ਰਾਜੇ ਨੂੰ ਸਭ ਕੁਝ ਦਸਿਆ। ਰਾਜੇ ਨੇ ਸਤ ਵਾਰ ਰਾਖਸ਼ ਭੇਜੇ ਪਰ ਕੋਈ ਵੀ ਗੁਰੂ ਸਾਹਿਬ ਨੂੰ ਫੜ੍ਹ ਨਹੀਂ ਸਕਿਆ। ਰਾਜੇ ਦੇ ਪੁਛਣ 'ਤੇ ਮੰਤ੍ਰੀ ਨੇ ਦਸਿਆ, ਕਿ ਇਹ ਕੋਈ ਕਲਾਵਾਨ ਪੁਰਸ਼ ਹੈ, ਇਹ ਕਹਿ ਕੇ ਮੰਤ੍ਰੀ ਖ਼ੁਦ ਗੁਰੂ ਜੀ ਨੂੰ ਮਿਲਣ ਲਈ ਚਲਾ ਗਿਆ। ਅਰਦਾਸ ਬੇਨਤੀ ਕਰਕੇ ਗੁਰੂ ਸਾਹਿਬ ਅਗੇ ਜਾ ਬੈਠਾ ਅਤੇ ਉਸ ਦੇ ਪੁਛਣ 'ਤੇ ਗੁਰੂ ਸਾਹਿਬ ਨੇ ਦਸਿਆ, ਕਿ ਸਾਡਾ ਨਾਮ ਨਾਨਕ ਨਿਰੰਕਾਰੀ ਹੈ, ਵੈਰਾਗ ਧਾਰਣ ਕਰਕੇ ਆਪਣੀ ਮੌਜ ਵਿਚ ਵਿਚਰ ਰਹੇ ਹਾਂ। ਮੰਤ੍ਰੀ ਨੇ ਰਾਜੇ ਨੂੰ ਦਸਿਆ, ਕਿ ਤੁਹਾਡੇ ਨਗਰ ਵਿਚ ਕਰਤਾਰ ਆਪ ਆਇਆ ਹੈ। ਸ਼ਰਧਾ ਧਾਰ ਕੇ ਉਹਨਾਂ ਦੀ ਸ਼ਰਣ ਪਵੋ। ਦੇਵਲੂਤ ਨੇ ਮੰਤ੍ਰੀ ਨੂੰ ਕਿਹਾ, ਮਨੁਖ ਮੇਰੀ ਖ਼ੁਰਾਕ ਹੈ, ਮੈਂ ਤੇਰੀ ਗਲ ਮੰਨ ਕੇ ਉਹਨਾਂ ਦੀ ਸ਼ਰਣ ਗ੍ਰਹਿਣ ਨਹੀਂ ਕਰ ਸਕਦਾ। ਦੇਵਲੂਤ ਆਪਣੇ ਰਾਖਸ਼ਾਂ ਨੂੰ ਨਾਲ ਲੈ ਕੇ ਗੁਰੂ ਜੀ ਵਲ ਹੋ ਤੁਰਿਆ। ਜਦ ਉਹ ਗੁਰੂ ਜੀ ਦੇ ਨੇੜੇ ਗਿਆ, ਤਾਂ ਉਹ ਅੰਨ੍ਹਾਂ ਹੋ ਗਿਆ। ਇਹ ਸਭ ਦੇਖ ਕੇ ਰਾਜੇ ਨੇ ਮੰਤਰੀ ਦੀ ਗਲ ਮੰਨ ਲਈ ਅਤੇ ਗੁਰੂ ਜੀ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ

ਰਾਜੇ ਨੂੰ ਕਿਹਾ ਅਖਾਂ ਖੋਲ ਅਸੀਂ ਤੇ ਤੇਰੇ ਪਾਸ ਹੀ ਬੈਠੇ ਹਾਂ। ਰਾਜੇ ਨੇ ਜਦ ਇਹ ਬਚਨ ਸੁਣੇ, ਤਾਂ ਉਸਦੇ ਨੇਤ੍ਰ ਖੁਲ ਗਏ। ਉਸ ਨੇ ਗੁਰੂ ਜੀ ਦੇ ਚਰਣਾਂ ਤੇ ਸਿਰ ਰਖ ਕੇ ਮੁਆਫ਼ੀ ਮੰਗੀ ਅਤੇ ਨਗਰ ਵਿਚ ਚਲ ਕੇ ਨਿਵਾਸ ਕਰਣ ਲਈ ਬੇਨਤੀ ਕੀਤੀ। ਗੁਰੂ ਜੀ ਰਾਜੇ ਦੇ ਘਰ ਚਲੇ ਗਏ ਅਤੇ ਰਾਜੇ ਨੂੰ ਧਰਮ ਦਾ ਉਪਦੇਸ਼ ਦਿਤਾ। ਗੁਰੂ ਜੀ ਰਾਜੇ ਦੇਵਲੂਤ ਕੋਲੋਂ ਵਿਦਾ ਹੋ ਕੇ ਇਕ ਜੰਗਲ ਵਿਚ ਪਹੁੰਚਦੇ ਹਨ। ਸਾਰਾ ਜੰਗਲ ਫਲਾਂ-ਫੁਲਾਂ ਨਾਲ ਭਰਿਆ ਹੋਇਆ ਸੀ। ਉਥੇ ਬਨ-ਮਾਨਸਾਂ ਦੀ ਡਾਰ ਵੇਖੀ, ਜਿਹਨਾਂ ਦੇ ਸਰੀਰ ਨੰਗੇ, ਭਿਆਨਕ ਕਾਲੇ ਰੂਪ, ਬੋਲੀ ਵੀ ਪਸ਼ੂਆਂ ਸਮਾਨ ਸੀ ਅਤੇ ਪਸ਼ੂਆਂ ਸਮਾਨ ਰਹਿਣੀ-ਬਹਿਣੀ। ਮਰਦਾਨੇ ਦੇ ਪੁਛਣ ਤੇ ਗੁਰੂ ਸਾਹਿਬ ਨੇ ਦਸਿਆ, ਕਿ ਇਹ ਬਣ-ਮਾਨਸ ਹਨ। ਉਹਨਾਂ ਨੂੰ ਦੇਖ ਕੇ ਬਣ-ਮਾਨਸ ਭਜ ਗਏ। ਇਕ ਦੂਰ ਖੜ੍ਹਾ ਉਹਨਾਂ ਨੂੰ ਦੇਖਦਾ ਰਿਹਾ ਅਤੇ ਫਿਰ ਜੰਗਲ ਵਿਚੋਂ ਕੁਝ ਫਲ ਲਿਆ ਕੇ ਉਹਨਾਂ ਦੇ ਖਾਣ ਵਾਸਤੇ ਦੂਰ ਹੀ ਰਖ ਕੇ ਆਪਣੇ ਸਾਥੀਆਂ ਨਾਲ ਜਾ ਰਲਿਆ। ਗੁਰੂ ਜੀ ਦੇ ਕਹਿਣ ‘ਤੇ ਮਰਦਾਨੇ ਨੇ ਰਜ ਕੇ ਫਲ ਖਾਧੇ ਅਤੇ ਅਗੇ ਤੁਰ ਪਏ।

ਕਈ ਦਿਨ ਤੁਰਦੇ ਰਹੇ ਅਤੇ ਅਗੇ ਇਕ ਹੋਰ ਜੰਗਲ ਆਇਆ। ਇਸ ਜੰਗਲ ਵਿਚ ਫਲ-ਫੁਲ ਬਹੁਤ ਸਨ, ਪਰ ਕੋਈ ਜਾਨਵਰ ਨਹੀਂ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ, ਕਿ ਇਥੇ ਜਾਨਵਰ ਕੋਈ ਨਹੀਂ ਹੈ, ਇਸ ਲਈ ਇਸ ਜੰਗਲ ਨੂੰ ਚੰਗਾ ਨਾ ਸਮਝ। ਮਰਦਾਨਾ ਫਿਰ ਵੀ ਫਲ ਤੋੜ ਕੇ ਖਾਣ ਲਗਿਆ ਸੀ, ਕਿ ਇਕ ਰਾਖਸ਼ ਜਿਸਦਾ ਸਰੀਰ ਪਹਾੜ ਜਿਤਨਾ ਵਡਾ ਸੀ, ਮਰਦਾਨੇ ਨੂੰ ਸਬੂਤੇ ਹੀ ਖਾ ਗਿਆ। ਮਰਦਾਨਾ ਗੁਰੂ ਜੀ ਨੂੰ ਯਾਦ ਕਰਣ ਲਗਾ। ਗੁਰੂ ਸਾਹਿਬ ਮਰਦਾਨੇ ਨੂੰ ਛੁਡਾਉਣ ਚਲੇ ਗਏ। ਰਾਖਸ਼ ਗੁਰੂ ਜੀ ਨੂੰ ਵੀ ਅੰਦਰ ਲੰਘਾ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਧੀਰਜ ਦਿਤੀ ਅਤੇ ਆਪਣਾ ਸਰੀਰ ਐਨਾ ਵਧਾਇਆ, ਕਿ ਰਾਖਸ਼ ਦਾ ਪੇਟ ਫਟਣ ਲਗਾ, ਉਹ ਬਿਆਕੁਲ ਹੋ ਕੇ ਧਰਤੀ ‘ਤੇ ਡਿਗ ਪਿਆ। ਗੁਰੂ ਜੀ ਤੇ ਮਰਦਾਨਾ ਬਾਹਰ ਨਿਕਲ ਆਏ। ਉਸਦੇ ਇਸ ਤਰ੍ਹਾਂ ਡਿਗਣ ਨਾਲ ਕਈ ਦਰਖ਼ਤ ਚੂਰ-ਚੂਰ ਹੋ ਗਏ। ਰਾਖਸ਼ ਦਾ ਅੰਤ ਹੋ ਗਿਆ ਅਤੇ ਉਸਨੇ ਸੁੰਦਰ ਦੇਹ ਧਾਰ ਕੇ ਗੁਰੂ ਜੀ ਦੇ ਚਰਣਾਂ ‘ਤੇ ਮਥਾ ਟੇਕਿਆ। ਬਾਲੇ ਦੇ ਪੁਛਣ ਤੇ ਉਸਨੇ ਦਸਿਆ ਕਿ ਉਹ ਰਾਜਾ ਜਨਕ ਦਾ ਰਸੋਈਆ ਹੁੰਦਾ ਸੀ। ਇਕ ਦਿਨ ਰਾਜੇ ਨੇ ਸੰਤਾਂ ਲਈ ਭੋਜਨ ਕੀਤਾ। ਰਸੋਈ ਤਿਆਰ ਕਰਣ ਸਮੇਂ ਮੈਨੂੰ ਭੁਖ ਲਗ ਆਈ, ਜਿਸ ਕਰਕੇ ਮੈਂ ਸਭ ਤੋਂ ਪਹਿਲਾਂ

ਛੁਪ ਕੇ ਭੋਜਨ ਛਕ ਲਿਆ। ਇਸ ਗਲ ਦਾ ਜਦ ਰਾਜੇ ਨੂੰ ਪਤਾ ਲਗਾ, ਤਾਂ ਉਸਨੇ ਕਿਹਾ ਇਹ ਰਸੋਈ ਜੂਠੀ ਹੋ ਗਈ ਹੈ। ਇਹ ਭੋਜਨ ਸੰਤਾਂ ਦੇ ਛਕਣ ਯੋਗ ਨਹੀਂ ਰਿਹਾ, ਉਸਨੇ ਤਿਆਰ ਹੋਇਆ ਭੋਜਨ ਨਦੀ ਵਿਚ ਰੁੜਾ ਦਿਤਾ ਅਤੇ ਮੈਨੂੰ ਸ੍ਰਾਪ ਦਿਤਾ, ਕਿ ਤੂੰ ਵਡਾ ਰਾਖਸ਼ ਬਣੇਂਗਾ ਅਤੇ ਮੇਰੇ ਪੁਛਣ 'ਤੇ ਰਾਜੇ ਨੇ ਦਸਿਆ, ਕਿ ਕਲਿਯੁਗ ਵਿਚ ਪਰਮੇਸ਼ਰ ਦਾ ਰੂਪ ਨਾਨਕ ਪ੍ਰਗਟ ਹੋਵੇਗਾ ਉਹਨਾਂ ਦੇ ਦਰਸ਼ਨ ਕਰਕੇ ਤੇਰੀ ਗਤੀ ਹੋਵੇਗੀ। ਇਹ ਵਾਰਤਾ ਸੁਣਾ ਕੇ ਉਹ ਬੈਕੁੰਠ ਚਲਾ ਗਿਆ।

ਗੁਰੂ ਜੀ ਅਗੇ ਸਵਰਨਪੁਰੀ ਨਗਰੀ ਵਿਚ ਪਹੁੰਚਦੇ ਹਨ। ਜਿਥੋਂ ਦਾ ਰਾਜਾ ਕਮਲ ਨੈਨ ਹੁੰਦਾ ਹੈ। ਉਸ ਦੇ ਰਾਜ ਵਿਚ ਸਾਰਾ ਕੁਝ ਮੁਫ਼ਤ ਮਿਲਦਾ ਹੈ। ਮਰਦਾਨਾ ਉਸ ਨਗਰ ਵਿਚ ਜਾ ਕੇ ਧਰਮ ਸਿੰਘ ਨਾ ਦੇ ਵਿਅਕਤੀ ਨੂੰ ਮਿਲਦਾ ਹੈ ਅਤੇ ਰਜ ਕੇ ਭੋਜਨ ਕਰਦਾ ਹੈ। ਗੁਰੂ ਜੀ ਧਰਮ ਸਿੰਘ ਦੁਆਰਾ ਲਿਆਂਦਾ ਭੋਜਨ ਇਹ ਕਹਿ ਕੇ ਮੋੜਦੇ ਹਨ, ਕਿ ਇਹ ਅਪਵਿਤ੍ਰ ਹੈ, ਕਿਉਂਕਿ ਕਮਲ ਨੈਨ ਰਾਜੇ ਦੇ ਅੰਦਰ ਦੋਸ਼ ਹੈ। ਇਹ ਗਲ ਧਰਮ ਸਿੰਘ ਕਮਲ ਨੈਨ ਨੂੰ ਦਸਦਾ ਹੈ। ਉਹ ਗੁਰੂ ਜੀ ਕੋਲ ਆਉਂਦਾ ਹੈ। ਗੁਰੂ ਜੀ ਉਸਦੇ ਪੂਰਬਲੇ ਜਨਮ ਦੀ ਕਥਾ ਦਸਦੇ ਹਨ, ਕਿ ਉਹ ਇਕ ਰਾਜੇ ਦਾ ਦਾਸ ਸੀ। ਰਾਜੇ ਨੇ ਪਾਣੀ ਮੰਗਿਆ। ਜਦੋਂ ਉਹ ਪਾਣੀ ਲੈਣ ਜਾ ਰਿਹਾ ਸੀ, ਤਾਂ ਉਸਦੇ ਮਨ ਵਿਚ ਇਛਾ ਆਈ, ਕਿ ਜੇਕਰ ਮੈਂ ਰਾਜਾ ਹੋਵਾਂ, ਤਾਂ ਮੈਂ ਵੀ ਇਸ ਤੋਂ ਸੇਵਕਾਂ ਵਾਲੇ ਕੰਮ ਕਰਾਵਾਂ। ਰਾਜੇ ਨੂੰ ਪਾਣੀ ਲਿਆ ਕੇ ਦਿਤਾ, ਤਾਂ ਰਾਜੇ ਨੇ ਕਿਹਾ, ਜੋ ਕੁਝ ਮੰਗਣਾ ਹੈ ਮੰਗ ਲਉ। ਉਸ ਨੇ ਮੰਗਣ ਤੋਂ ਮਨ੍ਹਾ ਕੀਤਾ ਅਤੇ ਰਾਜਾ ਅੰਤਰਜਾਮੀ ਹੋਣ ਕਰਕੇ ਉਸਦੇ ਦਿਲ ਦੀ ਜਾਣ ਗਿਆ ਅਤੇ ਰਾਜੇ ਨੇ ਉਸ ਨੂੰ ਅਗਲੇ ਜਨਮ ਵਿਚ ਰਾਜਾ ਹੋਣ ਦਾ ਵਰਦਾਨ ਦਿਤਾ। ਕਮਲ ਨੈਨ ਨੇ ਪੁਛਿਆ ਕਿ ਮੈਨੂੰ ਆਤਮ ਗਿਆਨ ਕਦੋਂ ਹੋਵੇਗਾ? ਰਾਜੇ ਨੇ ਕਿਹਾ ਕਿ ਕਲਿਯੁਗ ਵਿਚ ਜਨਮ ਲਵੇਂਗਾ, ਤਾਂ ਤੈਨੂੰ ਸੰਤ ਮਿਲਣਗੇ। ਗੁਰੂ ਜੀ ਨੇ ਉਸਨੂੰ ਉਪਦੇਸ਼ ਦਿਤਾ ਅਤੇ ਉਸ ਨੂੰ ਆਤਮ ਗਿਆਨ ਹੋ ਗਿਆ। ਉਸ ਨੇ ਗੁਰੂ ਜੀ ਦੇ ਨਾਮ ਦੀ ਧਰਮਸਾਲ ਬਣਵਾਈ।

ਮਰਦਾਨੇ ਦੇ ਕਹਿਣ 'ਤੇ ਗੁਰੂ ਜੀ ਹਾਜੀਆਂ ਦਾ ਭੇਖ ਧਾਰਣ ਕਰਕੇ ਮਕੇ ਨੂੰ ਜਾਂਦੇ ਹਨ। ਮੁਲਤਾਨ ਵਿਚ ਉਹਨਾਂ ਦਾ ਮਿਲਾਪ ਪੀਰ ਬਹਾਉਦੀਨ ਨਾਲ ਹੁੰਦਾ ਹੈ। ਗੁਰੂ ਜੀ ਉਸ ਦੇ ਪ੍ਰਸ਼ਨਾਂ ਦੇ ਉਤਰ ਦਿੰਦੇ ਹਨ। ਮਕਾ ਪਹੁੰਚ ਕੇ ਗੁਰੂ ਜੀ ਮਰਦਾਨੇ ਨੂੰ ਮਕੇ ਦੇ ਦਰਸ਼ਨ ਕਰਣ ਲਈ ਕਹਿੰਦੇ ਹਨ। ਰਾਤ ਉਥੇ ਹੀ

ਬਿਤੀਤ ਕਰਦੇ ਹਨ। ਸਵੇਰੇ ਜਦੋਂ ਜੀਵਨ ਕਾਜ਼ੀ ਆਇਆ, ਤਾਂ ਗੁਰੂ ਸਾਹਿਬ ਦੇ ਪੈਰ ਕਾਅਬੇ ਵਲ ਦੇਖ ਕੇ ਗੁਰੂ ਸਾਹਿਬ ਨੂੰ ਲਤ ਮਾਰ ਕੇ ਬੁਰਾ ਭਲਾ ਬੋਲਣ ਲਗਾ। ਗੁਰੂ ਸਾਹਿਬ ਦੇ ਕਹਿਣ 'ਤੇ ਕਿ ਜਿਧਰ ਤੇਰਾ ਖ਼ੁਦਾ ਨਹੀਂ ਹੈ, ਮੇਰੇ ਪੈਰ ਉਸ ਪਾਸੇ ਕਰ ਦਿਉ, ਜਦੋਂ ਉਸ ਨੇ ਗੁਰੂ ਸਾਹਿਬ ਦੇ ਪੈਰ ਫੜ੍ਹ ਕੇ ਘੁਮਾਏ ਤਾਂ ਕਾਅਬਾ ਵੀ ਨਾਲ ਹੀ ਘੁੰਮ ਗਿਆ। ਇਹ ਕੌਤੁਕ ਦੇਖ ਕੇ ਸਾਰੇ ਮੁਸਲਮਾਨ ਬਹੁਤ ਹੈਰਾਨ ਹੋਏ। ਅਗੇ ਗੁਰੂ ਸਾਹਿਬ ਮਦੀਨੇ ਪਹੁੰਚਦੇ ਹਨ, ਉਥੇ ਮੁਹੰਮਦ ਸਾਹਿਬ ਦੀ ਕਬਰ ਗੁਰੂ ਜੀ ਦੇ ਅਗੇ ਝੁਕਦੀ ਹੈ। ਗੁਰੂ ਜੀ ਇਹਨਾਂ ਦੋ ਥਾਂਵਾਂ 'ਤੇ ਇਕ ਸਾਲ ਦੇ ਕਰੀਬ ਰਹੇ।

ਫਿਰ ਸੁਲਤਾਨਪੁਰ ਪਹੁੰਚਦੇ ਹਨ ਅਤੇ ਸਾਰਿਆਂ ਨੂੰ ਮਿਲ ਕੇ ਸੁਮੇਰ ਪਰਬਤ ਦੀ ਯਾਤ੍ਰਾ ਆਰੰਭ ਕਰਦੇ ਹਨ। ਰਸਤੇ ਵਿਚ ਉਨ੍ਹਾਂ ਨੂੰ ਪਹਿਲਾਂ ਭਰਥਰਿ ਨਾਥ ਮਿਲਦਾ ਹੈ, ਫਿਰ ਗੋਰਖ ਨਾਥ ਮਿਲਦਾ ਹੈ, ਉਸ ਦੇ ਨਾਲ ਕੁਝ ਵਿਚਾਰ ਹੁੰਦੀ ਹੈ। ਉਹ ਅਗੇ ਜਾ ਕੇ ਆਪਣੇ ਸਾਥੀਆਂ ਨੂੰ ਦਸਦਾ ਹੈ, ਕਿ ਨਾਨਕ ਆ ਰਿਹਾ ਹੈ, ਆਪਾਂ ਉਸ ਨੂੰ ਆਪਣਾ ਚੇਲਾ ਬਣਾਉਣਾ ਹੈ। ਗੁਰੂ ਜੀ ਊਨਾ ਪਰਬਤ ਉਤੇ ਪਹੁੰਚਦੇ ਹਨ ਉਥੇ ਉਨ੍ਹਾਂ ਦੀ ਮੁਲਾਕਾਤ ਲਹੁਰੀਪਾ ਨਾਲ ਹੁੰਦੀ ਹੈ। ਉਹ ਗੁਰੂ ਜੀ ਨੂੰ ਦਾਰਸ਼ਨਿਕ ਪ੍ਰਸ਼ਨ ਕਰਦਾ ਹੈ ਅਤੇ ਗੁਰੂ ਜੀ ਉਸਨੂੰ ਉਤਰ ਦਿੰਦੇ ਹਨ। ਗੁਰੂ ਜੀ ਨਾਲ ਭੰਗਰ ਨਾਥ, ਕਨੀਫਾ, ਹਨੀਫਾ, ਭੂਤਵਾ, ਚਰਪਟ, ਝੰਗਰ ਨਾਥ, ਆਦਿ ਸੰਵਾਦ ਕਰਦੇ ਹਨ। ਸੰਘਰ ਨਾਥ ਦਾ ਮੇਲ ਗੁਰੂ ਜੀ ਨਾਲ ਮੀਨਾ ਪਰਬਤ 'ਤੇ ਹੁੰਦਾ ਹੈ। ਉਥੇ ਹੀ ਸੰਭਾਲਕ ਸਿਧ ਵੀ ਗੁਰੂ ਜੀ ਨੂੰ ਜਿਤਣ ਦਾ ਯਤਨ ਕਰਦਾ ਹੈ, ਪਰ ਗੁਰੂ ਜੀ ਸਭ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦਾ ਅਹੰਕਾਰ ਤੋੜਦੇ ਹਨ। ਫਿਰ ਗੁਰੂ ਜੀ ਗੋਪੀ ਚੰਦ, ਈਸਰ ਨਾਥ, ਲੰਗਰ, ਮੰਗਲ ਨਾਥ, ਘੁਗੁਨਾਥ, ਖੇਸੂ, ਪੇਸੂ, ਸ਼ੰਭੂ ਨਾਥ ਇਤਿਆਦਿ ਨਾਲ ਸੁਮੇਰ ਪਰਬਤ 'ਤੇ ਸੰਵਾਦ ਕਰਦੇ ਹਨ। ਗੁਰੂ ਜੀ ਦੀ ਗੋਰਖ ਇਤਿਆਦਿਕ ਸਿਧਾਂ ਨਾਲ ਸੁਮੇਰ ਪਰਬਤ 'ਤੇ ਚਰਚਾ ਹੁੰਦੀ ਹੈ। ਗੁਰੂ ਜੀ ਤੋਂ ਉਹ ਕਿਸੇ ਵੀ ਪ੍ਰਕਾਰ ਨਾਲ ਜਿਤ ਨਹੀਂ ਪਾਉਂਦੇ। ਫਿਰ ਗੁਰੂ ਜੀ ਸੁਮੇਰ ਤੋਂ ਵਿਦਾ ਹੋ ਕੇ ਅਗੇ ਕਾਕਭਸੁੰਡ ਦੇ ਨਗਰ ਪਹੁੰਚਦੇ ਹਨ। ਉਹ ਬਹੁਤ ਹੀ ਦਿਆਲੂ ਪੰਛੀ ਹੁੰਦਾ ਹੈ। ਉਸ ਦੀ ਆਯੂ ਬਹੁਤ ਹੋਣ ਕਰਕੇ ਉਸਨੇ ਕਈ ਬ੍ਰਹਮਾ ਦੇਖੇ ਹੁੰਦੇ ਹਨ। ਇਕ ਬ੍ਰਹਮਾ ਆ ਕੇ ਨਵੀਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਉਸ ਨੂੰ ਸ਼ਿਵ ਨੇ ਸ੍ਰਾਪ ਦਿਤਾ ਹੁੰਦਾ ਹੈ, ਕਿਉਂਕਿ ਉਹ ਵਿਸ਼ਨੂ ਦੀ ਭਗਤੀ ਤੋਂ ਇਨਕਾਰੀ ਸੀ। ਫਿਰ ਉਹ ਸਰਗੁਣ ਦੀ ਭਗਤੀ ਕਰਦਾ ਹੈ,

ਤਾਂ ਇਕ ਰਿਸ਼ੀ ਉਸਨੂੰ ਨਿਰਗੁਣ ਦੀ ਭਗਤੀ ਕਰਣ ਨੂੰ ਕਹਿੰਦਾ ਹੈ। ਉਸ ਦੇ ਮਨ੍ਹਾ ਕਰਣ 'ਤੇ ਉਹ ਨੂੰ ਸ੍ਰਾਪ ਦਿੰਦਾ ਹੈ, ਕਿ ਉਹ ਅਗਲੇ ਜਨਮ ਵਿਚ ਕਾਂ ਦੀ ਜੂਨੀ ਵਿਚ ਮਰੇਗਾ ਅਤੇ ਬੇਨਤੀ ਕਰਣ 'ਤੇ ਇਹ ਵਰ ਮਿਲਦਾ ਹੈ, ਕਿ ਉਸਦਾ ਗਿਆਨ ਉਸ ਕੋਲ ਰਹੇਗਾ ਅਤੇ ਮਨਮਰਜ਼ੀ ਦੀ ਮੌਤ ਆਵੇਗੀ। ਫਿਰ ਗੁਰੂ ਜੀ ਦਤਾ ਤ੍ਰੇਅ ਨੂੰ ਮਿਲਦੇ ਹਨ ਅਤੇ ਉਸ ਨਾਲ ਗਿਆਨ ਦੀਆਂ ਗਲਾਂ ਕਰਕੇ ਅਗੇ ਚਲੇ ਜਾਂਦੇ ਹਨ। ਭਾਈ ਬਾਲਾ ਦਤਾ ਤ੍ਰੇਅ ਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦਾ ਹੈ।

ਅਗੇ ਗੁਰੂ ਜੀ ਬਾਲਾ ਅਤੇ ਮਰਦਾਨਾ ਪ੍ਰਹਿਲਾਦ ਭਗਤ ਦੇ ਅਸਥਾਨ ਉਤੇ ਜਾਂਦੇ ਹਨ। ਬਾਲੇ ਦੇ ਕਹਿਣ 'ਤੇ ਪ੍ਰਹਿਲਾਦ ਅਪਣੀ ਕਥਾ ਦਸਦਾ ਹੈ। ਉਹ ਹਿਰਣਗਰਭ ਤੋਂ ਲੈ ਕੇ ਹਰਨਾਕਸ਼ ਤਕ ਦੀ ਕਥਾ ਦਸਦਾ ਹੈ, ਕਿ ਕਿਵੇਂ ਧਰਤੀ ਨੂੰ ਬਚਾਇਆ ਸੀ ਅਤੇ ਹਰਨਾਕਸ਼ ਨੇ ਕਿੰਨੇ ਤਸੀਹੇ ਲੋਕਾਂ ਨੂੰ ਦਿਤੇ ਸਨ। ਪ੍ਰਹਿਲਾਦ ਨੇ ਪਹਿਲਾਂ ਗੁਰੂ ਜੀ ਤੋਂ ਕੁਝ ਦਾਰਸ਼ਨਿਕ ਪ੍ਰਸ਼ਨ ਵੀ ਪੁਛੇ, ਜਿਸਦਾ ਉਤਰ ਗੁਰੂ ਜੀ ਸਹਿਜ ਹੀ ਦਿੰਦੇ ਹਨ। ਮਰਦਾਨੇ ਦੇ ਕਹਿਣ 'ਤੇ ਗੁਰੂ ਨਾਨਕ ਜੀ ਬੈਰਾਹ ਅਵਤਾਰ ਦੀ ਕਥਾ ਦਸਦੇ ਹਨ।

ਅਗੇ ਉਹ ਧ੍ਰੂਅ ਭਗਤ ਦੇ ਸਥਾਨ 'ਤੇ ਪਹੁੰਚਦੇ ਹਨ। ਧ੍ਰੂਅ ਉਨ੍ਹਾਂ ਨੂੰ ਦੇਖਕੇ ਹੈਰਾਨ ਹੋਇਆ ਪੁਛਦਾ ਹੈ, ਕਿ ਤੁਸੀ ਇਥੇ ਕਿਵੇਂ ਪਹੁੰਚੇ ਅਤੇ ਕਿਸ ਨੇ ਇਥੋਂ ਦਾ ਰਸਤਾ ਦਸਿਆ। ਗੁਰੂ ਜੀ ਕਹਿੰਦੇ ਹਨ, ਕਿ ਅਸੀਂ ਹਰਿ ਦੇ ਦਰਸ਼ਨ ਕਰਨ ਜਾ ਰਹੇ ਹਾਂ ਇਸ ਲਈ ਹਰਿ ਨੇ ਹੀ ਸਾਰੇ ਰਸਤੇ ਦਸੇ ਹੋਏ ਹਨ ਅਤੇ ਸਾਰੇ ਰਸਤੇ ਸੌਖੇ ਲਗ ਰਹੇ ਹਨ। ਗੁਰੂ ਜੀ ਬਾਲੇ ਅਤੇ ਮਰਦਾਨੇ ਨੂੰ ਧ੍ਰੂਅ ਲੋਕ ਵਿਚ ਛਡ ਕੇ ਆਪ ਸਚਖੰਡ ਜਾਂਦੇ ਹਨ। ਗੁਰੂ ਜੀ ਪ੍ਰਭੂ ਦੇ ਦਰਸ਼ਨ ਕਰਕੇ ਧ੍ਰੂਅ ਲੋਕ ਆ ਜਾਂਦੇ ਹਨ। ਧ੍ਰੂਅ ਦੇ ਪੁਛਣ 'ਤੇ ਗੁਰੂ ਜੀ ਪਰਮਾਤਮਾ ਦੇ ਸਰੂਪ ਦਾ ਵਰਣਨ ਕਰਦੇ ਹਨ, ਕਿ ਉਸ ਵਰਗਾ ਹੋਰ ਕੋਈ ਨਹੀਂ ਹੈ। ਫਿਰ ਬਾਲੇ ਅਤੇ ਮਰਦਾਨੇ ਨੂੰ ਲੈ ਕੇ ਉਹ ਧਰਤੀ ਉਤੇ ਪਰਤ ਆਉਂਦੇ ਹਨ। ਤਿੰਨੇ ਇਕ ਸਥਾਨ ਉਪਰ ਪਹੁੰਚਦੇ ਹਨ, ਜਿਥੇ ਬਾਲਾ ਕਹਿੰਦਾ ਹੈ, ਕਿ ਜੇਕਰ ਇਥੇ ਕੋਈ ਰਿਸ਼ੀ ਹੈ ਤਾਂ ਦਰਸ਼ਨ ਕਰਵਾਓ। ਗੁਰੂ ਜੀ ਕਹਿੰਦੇ ਹਨ, ਕਿ ਰਿਸ਼ੀ ਇਕ ਹੈ, ਉਹ ਆਪ ਹੀ ਦਰਸ਼ਨ ਦੇਵੇਗਾ। ਫਿਰ ਰਿਸ਼ੀ ਗੁਰੂ ਜੀ ਨੂੰ ਮਿਲ ਕੇ ਵਿਚਾਰ ਕਰਦਾ ਹੈ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਭਾਗਸ਼ਾਲੀ ਹੁੰਦਾ ਹੈ।

ਗੁਰੂ ਜੀ ਬਾਲੇ ਅਤੇ ਮਰਦਾਨੇ ਨਾਲ ਉਲਕਾ ਗਿਰ ਉਪਰ ਜਾਂਦੇ ਹਨ। ਗੁਰੂ ਜੀ ਦਸਦੇ ਹਨ, ਕਿ ਉਥੋਂ ਲਾਹੁੜ ਬੰਦਰ ਨੇੜੇ ਹੈ। ਫਿਰ ਗੁਰੂ ਜੀ ਇਲਾ ਬਰਤ ਖੰਡ ਪਹੁੰਚਦੇ ਹਨ। ਅਗੇ ਹਿਰਣਖੰਡ ਜਾਂਦੇ ਹਨ, ਜਿਥੇ ਸਾਰੀ ਹੀ ਧਰਤੀ ਸੋਨੇ ਦੀ ਹੁੰਦੀ ਹੈ। ਉਨ੍ਹਾਂ ਨੂੰ ਭਗਤੀ ਵਿਚ ਲਗਾ ਕੇ ਗੁਰੂ ਜੀ ਅਗੇ ਨਿੰਪੁਰਖ ਖੰਡ ਵਿਚ ਜਾਂਦੇ ਹਨ, ਜਿਥੇ ਦਾ ਰਾਜਾ ਧਰਮ ਚੰਦ ਹੁੰਦਾ ਹੈ। ਉਹ ਆਪਣੇ ਪੁਤਰ ਦਾ ਮਾਸ ਗੁਰੂ ਜੀ ਦੇ ਸ਼ੇਰ ਨੂੰ, ਜੋ ਕਿ ਬਾਲੇ ਨੂੰ ਬਣਾਇਆ ਸੀ, ਅਰਪਨ ਕਰਦਾ ਹੈ। ਗੁਰੂ ਜੀ ਉਸ ਦੀ ਭਗਤੀ ਤੋਂ ਖ਼ੁਸ਼ ਹੁੰਦੇ ਹਨ ਅਤੇ ਉਸਨੂੰ ਵੀ ਸਤਿਨਾਮ ਦਾ ਸਿਮਰਨ ਦਸ ਕੇ ਅਗੇ ਹਰਿਬਰਖ ਖੰਡ ਜਾਂਦੇ ਹਨ। ਉਥੋਂ ਦੇ ਲੋਕ ਜਦ ਕੋਈ ਜੰਮਦਾ ਹੈ ਤਾਂ ਰੋਂਦੇ ਹਨ ਅਤੇ ਮਰਣ ਤੇ ਖ਼ੁਸ਼ ਹੁੰਦੇ ਹਨ। ਗੁਰੂ ਜੀ ਉਨ੍ਹਾਂ ਨੂੰ ਉਪਦੇਸ਼ ਦੇ ਕੇ ਅਗੇ ਚਲੇ ਜਾਂਦੇ ਹਨ।

ਅਗੇ ਗੁਰੂ ਜੀ ਮਰਦਾਨੇ ਅਤੇ ਬਾਲੇ ਨਾਲ ਕੇਤ ਮਾਲ ਖੰਡ ਜਾਂਦੇ ਹਨ। ਉਥੋਂ ਦੇ ਲੋਕ ਚੰਡਿਕਾ ਦੇਵੀ ਦੇ ਉਪਾਸਕ ਹੁੰਦੇ ਹਨ। ਉਹ ਬਾਲੇ ਨੂੰ ਫੜ੍ਹ ਕੇ ਬਲੀ ਦੇਣ ਜਾਂਦੇ ਹਨ, ਜਦੋਂ ਰਾਜਾ ਬਲੀ ਦੇਣ ਲਗਦਾ ਹੈ ਚੰਡਿਕਾ ਪ੍ਰਗਟ ਹੋ ਕੇ ਉਸ ਨੂੰ ਮਾਰ ਦਿੰਦੀ ਹੈ। ਸਾਰੇ ਲੋਕ ਗੁਰੂ ਜੀ ਤੋਂ ਮੁਆਫ਼ੀ ਮੰਗਦੇ ਹਨ। ਗੁਰੂ ਜੀ ਰਾਜੇ ਦੇ ਪੁਤ੍ਰ ਧਰਮ ਜਸ ਨੂੰ ਰਾਜਾ ਬਣਾ ਕੇ ਉਪਦੇਸ਼ ਦਿੰਦੇ ਹਨ। ਉਹ ਉਥੇ ਧਰਮਸਾਲ ਬਣਾਉਂਦਾ ਹੈ। ਫਿਰ ਗੁਰੂ ਜੀ ਰੰਮਕ ਖੰਡ ਪਹੁੰਚਦੇ ਹਨ। ਇਥੇ ਲੋਕਾਂ ਨੂੰ ਸਮਦ੍ਰਿਸ਼ਟੀ ਦਾ ਉਪਦੇਸ਼ ਦਿੰਦੇ ਹਨ। ਉਥੋਂ ਅਗੇ ਗੁਰੂ ਜੀ ਭਦ੍ਰ ਖੰਡ ਜਾਂਦੇ ਹਨ। ਉਥੋਂ ਦੇ ਲੋਕਾਂ ਨੂੰ ਗ੍ਰਿਹਸਥ ਅਤੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਭਰਤ ਖੰਡ ਨੂੰ ਚਲੇ ਜਾਂਦੇ ਹਨ ਅਤੇ ਜੰਬੂ ਨਗਰ ਪਹੁੰਚਦੇ ਹਨ। ਉਥੇ ਉਹ ਜਾਮਾਵੰਤ ਨੂੰ ਮਿਲਦੇ ਹਨ ਅਤੇ ਕਹਿੰਦੇ ਹਨ, ਕਿ ਜੇਕਰ ਉਹ ਭਗਤੀ ਕਰੇਗਾ, ਤਾਂ ਉਸ ਨੂੰ ਬਾਈਧਾਰ ਦਾ ਰਾਜ ਮਿਲੇਗਾ। ਫਿਰ ਗੁਰੂ ਜੀ ਵਣਜਾਰਿਆਂ ਦੇ ਕਿਸੇ ਨਗਰ ਪਹੁੰਚਦੇ ਹਨ।

ਅਗੇ ਗੁਰੂ ਜੀ ਦੁਨੀ ਚੰਦ ਨੂੰ ਮਿਲਦੇ ਹਨ। ਉਸ ਨੇ ਬਹੁਤ ਧਨ ਜੋੜਿਆ ਹੁੰਦਾ ਹੈ ਅਤੇ ਉਹ ਆਪਣੇ ਪਿਤਾ ਦੇ ਨਿਮਿਤ ਸ੍ਰਾਧ ਕਰਵਾ ਰਿਹਾ ਹੁੰਦਾ ਹੈ। ਗੁਰੂ ਜੀ ਉਸ ਨੂੰ ਦਸਦੇ ਹਨ, ਕਿ ਉਸ ਦਾ ਪਿਤਾ ਬਘਿਆੜ ਜੋਨੀ ਵਿਚ ਤਿੰਨ ਦਿਨ ਤੋਂ ਭੁਖਾ ਹੈ। ਗੁਰੂ ਜੀ ਦੁਨੀ ਚੰਦ ਦਾ ਉਸ ਦੇ ਪਿਤਾ ਨਾਲ ਮਿਲਾਪ

ਕਰਵਾਉਂਦੇ ਹਨ। ਪਿਤਾ ਦਸਦਾ ਹੈ, ਕਿ ਅੰਤ ਸਮੇਂ ਉਸ ਦਾ ਧਿਆਨ ਮਾਸ ਖਾਣ ਵਿਚ ਰਹਿ ਗਿਆ ਸੀ, ਇਸ ਲਈ ਉਸ ਨੂੰ ਬਘਿਆੜ ਦਾ ਜਨਮ ਮਿਲਿਆ ਹੈ।

ਉਥੋਂ ਗੁਰੂ ਜੀ ਸੁਲਤਾਨਪੁਰ ਜਾਂਦੇ ਹਨ, ਫੇਰ ਤਲਵੰਡੀ ਤੋਂ ਬਾਹਰ ਜਾ ਕੇ ਡੇਰਾ ਲਗਾਉਂਦੇ ਹਨ। ਮਰਦਾਨਾ ਘਰ ਜਾਣ ਲਈ ਕਹਿੰਦਾ ਹੈ। ਗੁਰੂ ਜੀ ਉਸ ਨੂੰ ਕਹਿੰਦੇ ਹਨ, ਕਿ ਰੋੜਾਂ ਦੀ ਮੁਠੀ ਭਰ ਕੇ ਨਾਲ ਲੈ ਜਾ, ਜੋ ਵੀ ਦਿਲ ਵਿਚ ਆਵੇਗਾ ਇਸ ਦਾ ਉਹੀ ਬਣ ਜਾਵੇਗਾ। ਮਰਦਾਨਾ ਘਰ ਪਹੁੰਚਦਾ ਹੈ ਅਤੇ ਰੋੜਾਂ ਦਾ ਸੋਨਾ ਬਣਨ ਦੀ ਇਛਾ ਕਰਦਾ ਹੈ। ਰੋੜ ਸੋਨੇ ਦੇ ਬਣ ਜਾਂਦੇ ਹਨ ਅਤੇ ਸਾਰੇ ਬਹੁਤ ਖ਼ੁਸ਼ ਹੁੰਦੇ ਹਨ। ਜਦ ਮਰਦਾਨਾ ਗੁਰੂ ਜੀ ਕੋਲ ਵਾਪਸ ਆਉਣ ਲਗਦਾ ਹੈ, ਤਾਂ ਮਾਤਾ-ਪਿਤਾ ਅਤੇ ਕੁਝ ਹੋਰ ਲੋਕ ਮਰਦਾਨੇ ਦੇ ਪਿਛੇ ਆ ਜਾਂਦੇ ਹਨ। ਫਿਰ ਉਹ ਆਪਸ ਵਿਚ ਵਿਚਾਰਾਂ ਕਰਦੇ ਹਨ ਅਤੇ ਕਈ ਦਿਨ ਗੁਰੂ ਜੀ ਉਥੇ ਹੀ ਰਹਿੰਦੇ ਹਨ। ਕੁਝ ਦਿਨ ਬਾਅਦ ਪਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦਾ ਦੇਹਾਂਤ ਹੋ ਜਾਂਦਾ ਹੈ। ਗੁਰੂ ਜੀ ਉਨ੍ਹਾਂ ਦਾ ਸ਼ਰਧਾ ਨਾਲ ਸੰਸਕਾਰ ਕਰਦੇ ਹਨ ਅਤੇ ਸੰਗਤ ਨੂੰ ਉਪਦੇਸ਼ ਦੇ ਕੇ ਚਲਣ ਲਈ ਤਿਆਰ ਹੋ ਜਾਂਦੇ ਹਨ। ਉਥੋਂ ਰਵਾਨਾ ਹੋ ਕੇ ਗੁਰੂ ਜੀ ਕੁਰੁਖੇਤ੍ਰ ਜਾਂਦੇ ਹਨ ਅਤੇ ਉਥੋਂ ਦੇ ਨਾਨੂ ਬ੍ਰਾਹਮਣ ਨਾਲ ਵਿਚਾਰ ਕਰਕੇ ਉਸ ਨੂੰ ਸਚ ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਕੁਰਖੇਤ੍ਰ ਤੋਂ ਚਲ ਕੇ ਗੰਗਾ ਹਰਿਦੁਆਰ ਆਉਂਦੇ ਹਨ। ਉਥੇ ਸੂਰਜ ਤੋਂ ਉਲਟ ਦਿਸ਼ਾ ਨੂੰ ਪਾਣੀ ਦੇ ਕੇ ਲੋਕਾਂ ਦੇ ਅੰਧਵਿਸ਼ਵਾਸ ਨੂੰ ਦੂਰ ਕਰਦੇ ਹਨ। ਫਿਰ ਬ੍ਰਾਹਮਣਾਂ ਨਾਲ ਭੋਜਨ ਛਕ ਕੇ ਉਨ੍ਹਾਂ ਦੇ ਚੌਂਕੇ ਦੀ ਸੁਚਤਾ ਨੂੰ ਵੀ ਵਿਅਰਥ ਦਸਦੇ ਹਨ।

ਗੁਰੂ ਜੀ ਪਹਿਲਾਂ ਬ੍ਰਿਜ ਜਾ ਕੇ ਉਥੋਂ ਦੇ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਉਥੇ ਇਕ ਪਹਾੜ ਪਿਆ ਹੁੰਦਾ ਹੈ। ਪੁਛਣ ‘ਤੇ ਗੁਰੂ ਜੀ ਦਸਦੇ ਹਨ, ਕਿ ਜਦ ਰਾਮ ਚੰਦ੍ਰ ਜੀ ਪੁਲ ਬਣਾ ਰਹੇ ਸਨ, ਉਦੋਂ ਹਨੂੰਮਾਨ ਇਸ ਪਹਾੜ ਨੂੰ ਲੈ ਕੇ ਆ ਰਿਹਾ ਸੀ। ਸ੍ਰੀ ਰਾਮ ਚੰਦ੍ਰ ਨੇ ਹੁਕਮ ਕੀਤਾ ਕਿ ਪੁਲ ਬਣ ਗਿਆ ਹੈ, ਜਿਥੇ ਵੀ ਕੋਈ ਪਥਰ ਪਹਾੜ ਹੈ ਉਥੇ ਹੀ ਛਡ ਆਉ। ਹਨੂੰਮਾਨ ਨੇ ਪਹਾੜ ਚੁਕਣ ਸਮੇਂ ਪਹਾੜ ਨਾਲ ਵਾਅਦਾ ਕੀਤਾ ਸੀ, ਕਿ ਉਸਨੂੰ ਸ੍ਰੀ ਰਾਮਚੰਦ੍ਰ ਦੇ ਚਰਣਾਂ ਵਿਚ ਰਖੇਗਾ। ਹਨੂੰਮਾਨ ਇਹ ਸੋਚਣ ਲਗ ਗਿਆ ਕਿ ਹੁਣ ਕੀ ਕਰੇ। ਫਿਰ ਸ੍ਰੀ ਰਾਮ ਜੀ ਨੇ ਸੁਨੇਹਾ ਭੇਜਿਆ, ਕਿ ਉਹ ਆਪਣੇ ਅਗਲੇ ਅਵਤਾਰ ਵਿਚ ਇਸ ਪਹਾੜ ਉਤੇ ਬਹੁਤ ਸਮਾਂ ਬਿਤੀਤ ਕਰਣਗੇ। ਉਥੋਂ ਦੇ ਲੋਕਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅਯੁਧਿਆ ਤੋਂ ਕਾਸ਼ੀ ਜਾ ਕੇ

ਉਪਦੇਸ਼ ਦਿੰਦੇ ਹਨ। ਕਾਸ਼ੀ ਤੋਂ ਗੁਰੂ ਜੀ ਜਗਨਨਾਥ ਚਲੇ ਜਾਂਦੇ ਹਨ। ਉਥੇ ਜਾ ਕੇ ਹੋ ਰਹੀ ਆਰਤੀ ਵਿਚ ਬੈਠੇ ਰਹਿੰਦੇ ਹਨ ਅਤੇ ਪੁਛਣ ‘ਤੇ ਦਸਦੇ ਹਨ, ਕਿ ਸਾਰੀ ਕਾਇਨਾਤ ਪਰਮਾਤਮਾ ਦੀ ਆਰਤੀ ਹਰ ਸਮੇਂ ਕਰ ਰਹੀ ਹੈ। ਫਿਰ ਉਨ੍ਹਾਂ ਨੂੰ ਕਲਿਯੁਗ ਮਿਲਦਾ ਹੈ, ਉਸ ਨਾਲ ਵਿਚਾਰ ਤੋਂ ਬਾਅਦ ਗੁਰੂ ਜੀ ਅਗੇ ਤੁਰ ਪੈਂਦੇ ਹਨ।

ਉਥੋਂ ਚਲ ਕੇ ਗੁਰੂ ਜੀ ਮੁਨਾਫਕ ਦੇਸ ਉਪਦੇਸ ਦੇਂਦੇ ਹਨ ਅਤੇ ਅਗੇ ਉਸ ਸਥਾਨ ‘ਤੇ ਜਾਂਦੇ ਹਨ, ਜਿਥੇ ਹਰ ਛੇ ਮਹੀਨੇ ਬਾਅਦ ਸਮੁੰਦਰ ਲੋਕਾਂ ਦੇ ਘਰ ਉਜਾੜ ਦਿੰਦਾ ਹੈ। ਗੁਰੂ ਜੀ ਲੋਕਾਂ ਨੂੰ ਕਹਿੰਦੇ ਹਨ, ਕਿ ਤੁਹਾਡੇ ਘਰਾਂ ਨੂੰ ਕੁਝ ਨਹੀਂ ਹੋਵੇਗਾ, ਜੇ ਯਕੀਨ ਨਹੀਂ ਤਾਂ ਵਾਪਸ ਆ ਕੇ ਦੇਖ ਲੈਣਾ। ਲੋਕ ਵਾਪਸ ਆ ਕੇ ਦੇਖਦੇ ਹਨ, ਤਾਂ ਘਰ ਬਿਲਕੁਲ ਠੀਕ ਹੁੰਦੇ ਹਨ। ਸਭ ਲੋਕ ਗੁਰੂ ਜੀ ਦੇ ਸੇਵਕ ਬਣ ਜਾਂਦੇ ਹਨ ਅਤੇ ਧਰਮਸਾਲਾ ਬਣਾਉਂਦੇ ਹਨ। ਗੁਰੂ ਜੀ ਅਗੇ ਹਾਰੂ ਦੇਸ਼ ਜਾਂਦੇ ਹਨ, ਜਿਥੇ ਇਕ ਸਰੇਵੜਾ (ਜੈਨੀ) ਲੋਕਾਂ ਨੂੰ ਮੰਤ੍ਰਾਂ ਨਾਲ ਮੀਂਹ, ਪੁਤਰ ਆਦਿ ਦੀਆਂ ਦਾਤਾਂ ਦੇਣ ਦੇ ਦਾਅਵੇ ਕਰਦਾ ਸੀ। ਗੁਰੂ ਜੀ ਲੋਕਾਂ ਨੂੰ ਉਸਦੀ ਅਰਾਧਨਾ ਛਡ ਕੇ ਪਰਮਾਤਮਾ ਦੇ ਲੜ ਲਾਉਂਦੇ ਹਨ। ਸਰੇਵੜੇ ਨਾਲ ਵੀ ਵਿਚਾਰ ਕਰਦੇ ਹਨ, ਉਹ ਵੀ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਉਥੇ ਵੀ ਗੁਰੂ ਜੀ ਦੀ ਪ੍ਰੇਰਨਾ ਨਾਲ ਇਕ ਧਰਮਸਾਲਾ ਬਣਾਈ ਜਾਂਦੀ ਹੈ।

ਉਥੋਂ ਚਲ ਕੇ ਗੁਰੂ ਸਾਹਿਬ ਇਕ ਤਰਖਾਣ ਪਾਸ ਜਾਂਦੇ ਹਨ, ਜੋ ਗੁਰੂ ਜੀ ਨੂੰ ਰਾਤ ਰਹਿਣ ਲਈ ਸਥਾਨ ਦਿੰਦਾ ਹੈ ਅਤੇ ਪਿਆਰ ਸਹਿਤ ਸੇਵਾ ਕਰਦਾ ਹੈ। ਗੁਰੂ ਜੀ ਸਵੇਰੇ ਉਸਦੀ ਕੁਲੀ ਢਾਹ ਦਿੰਦੇ ਹਨ ਅਤੇ ਭਾਂਡੇ ਭੰਨ ਦਿੰਦੇ ਹਨ। ਉਹ ਗੁਰੂ ਜੀ ਨੂੰ ਵਿਦਾਇਗੀ ਦੇਣ ਲਈ ਜਾਂਦਾ ਹੈ, ਜਦ ਵਾਪਿਸ ਆ ਕੇ ਦੇਖਦਾ ਹੈ ਤਾਂ ਮਹਿਲ ਬਣੇ ਹੁੰਦੇ ਹਨ। ਫਿਰ ਗੁਰੂ ਜੀ ਇਕ ਹੋਰ ਨਗਰ ਵਿਚ ਜਾਂਦੇ ਹਨ, ਜਿਥੋਂ ਦਾ ਰਾਜਾ ਬਹੁਤ ਕਾਮੀ ਸੀ। ਗੁਰੂ ਜੀ ਦੀ ਉਸਤਤਿ ਸੁਣ ਕੇ ਉਹ ਵੀ ਗੁਰੂ ਜੀ ਨੂੰ ਮਿਲਦਾ ਹੈ। ਗੁਰੂ ਜੀ ਦੇ ਉਪਦੇਸ਼ ਸਦਕਾ ਉਹ ਕਾਮੁਕ ਪ੍ਰਵ੍ਰਿਤੀਆਂ ਅਤੇ ਹੋਰ ਬੁਰਿਆਈਆਂ ਛਡ ਕੇ ਸੇਵਕ ਬਣ ਜਾਂਦਾ ਹੈ। ਇਥੇ ਵੀ ਉਸ ਵਲੋਂ ਇਕ ਧਰਮਸਾਲਾ ਬਣਾਈ ਜਾਂਦੀ ਹੈ। ਫਿਰ ਉਹ ਭੁਟੰਤ ਦੇਸ਼ ਦੇ ਇਕ ਨਗਰ ਵਿਚ ਜਾਂਦੇ ਹਨ, ਉਥੇ ਅਗ ਅਤੇ ਅਨਾਜ ਨਹੀਂ ਹੁੰਦੇ। ਗੁਰੂ ਜੀ ਉਥੋਂ ਦੇ ਲੋਕਾਂ ਨੂੰ ਪਰਮਾਤਮਾ ਦਾ ਸਿਮਰਨ ਕਰਣ ਦਾ ਉਪਦੇਸ਼

ਦਿੰਦੇ ਹਨ ਅਤੇ ਪਰਮਾਤਮਾ ਦੀ ਕ੍ਰਿਪਾ ਨਾਲ ਅਗ ਅਤੇ ਅਨਾਜ ਪੈਦਾ ਕਰ ਦਿੰਦੇ ਹਨ। ਲੋਕ ਧਰਮਸਾਲ ਬਣਾ ਕੇ ਪਰਮਾਤਮਾ ਦਾ ਸਿਮਰਨ ਕਰਣ ਲਗ ਜਾਂਦੇ ਹਨ। ਅਗੇ ਗੁਰੂ ਜੀ ਕਸ਼ਮੀਰ ਨੂੰ ਜਾਂਦੇ ਹਨ। ਰਸਤੇ ਵਿਚ ਇਕ ਸਥਾਨ ਉਤੇ 13 ਦਿਨ ਬੈਠੇ ਰਹਿੰਦੇ ਹਨ, ਉਥੇ ਇਕ ਆਜੜੀ ਗੁਰੂ ਜੀ ਨੂੰ ਮੰਦਾ ਬੋਲਦਾ ਹੈ ਅਤੇ ਉਸ ਦੇ ਪਸ਼ੂ ਮਰ ਜਾਂਦੇ ਹਨ। ਫਿਰ ਉਹ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ ਅਤੇ ਸਾਰੇ ਕਸ਼ਮੀਰ ਵਿਚ ਗੁਰੂ ਜੀ ਦੀ ਚਰਚਾ ਹੋ ਜਾਂਦੀ ਹੈ। ਇਕ ਅਹੰਕਾਰ ਗ੍ਰਸਤ ਪੰਡਤ ਨੂੰ ਉਪਦੇਸ਼ ਦੇ ਕੇ ਕਾਬੁਲ ਜਾਂਦੇ ਹਨ। ਮਰਦਾਨੇ ਨੂੰ ਪਿਆਸ ਲਗਦੀ ਹੈ, ਇਥੇ ਵਲੀ ਕੰਧਾਰੀ ਨਾਲ ਗੁਰੂ ਜੀ ਦੀ ਵਾਰਤਾ ਹੁੰਦੀ ਹੈ। ਫਿਰ ਅਗੇ ਉਹ ਇਕ ਮਸੀਤ ਵਿਚ ਜਾਂਦੇ ਹਨ, ਕਾਜ਼ੀ ਉਨ੍ਹਾਂ ਨੂੰ ਮਸੀਤ ਵਿਚੋਂ ਬਾਹਰ ਜਾਣ ਨੂੰ ਕਹਿੰਦਾ ਹੈ, ਪਰ ਮਸੀਤ ਘੁੰਮਣ ਲਗ ਜਾਂਦੀ ਹੈ। ਉਸ ਦੁਆਰਾ ਮੁਆਫ਼ੀ ਮੰਗਣ ‘ਤੇ ਗੁਰੂ ਜੀ ਉਸ ਉਤੇ ਬਖ਼ਸ਼ਿਸ਼ ਕਰਦੇ ਹਨ।

ਗੁਰੂ ਜੀ ਕਸ਼ਮੀਰ ਵਿਚ ਹੀ ਇਕ ਬਾਲਕ ਨੂੰ ਮਿਲਦੇ ਹਨ, ਜੋ ਗੁਰੂ ਜੀ ਦੀ ਬਹੁਤ ਸੇਵਾ ਕਰਦਾ ਹੈ ਅਤੇ ਗੁਰੂ ਜੀ ਉਸਨੂੰ ਰਾਜ ਪ੍ਰਾਪਤੀ ਦਾ ਵਰਦਾਨ ਦਿੰਦੇ ਹਨ। ਉਹ ਬਾਲਕ ਖੇਤ ਦੀ ਰਾਖੀ ਕਰ ਰਿਹਾ ਹੁੰਦਾ ਹੈ, ਰਾਤ ਨੂੰ ਵੀ ਖੇਤ ਵਿਚ ਹੀ ਰਹਿੰਦਾ ਹੈ। ਦੂਜੇ ਪਾਸੇ ਰਾਜੇ ਦੇ ਕੋਈ ਸੰਤਾਨ ਨਹੀਂ ਸੀ। ਰਾਜਾ ਮਰ ਜਾਂਦਾ ਹੈ ਅਤੇ ਉਸ ਦੇ ਮੰਤ੍ਰੀ ਇਹ ਮਤਾ ਪਕਾਉਂਦੇ ਹਨ, ਕਿ ਅਗਲੀ ਸਵੇਰ ਜੋ ਵੀ ਸਭ ਤੋਂ ਪਹਿਲਾਂ ਸ਼ਹਿਰ ਦੇ ਦਰਵਾਜ਼ੇ ਤੋਂ ਆਵੇਗਾ, ਉਹੋ ਰਾਜਾ ਹੋਵੇਗਾ। ਉਹ ਬਾਲਕ ਸਵੇਰੇ ਸਭ ਤੋਂ ਪਹਿਲਾਂ ਉਸ ਦਰਵਾਜ਼ੇ ‘ਤੇ ਜਾਂਦਾ ਹੈ ਅਤੇ ਰਾਜ ਪ੍ਰਾਪਤ ਕਰਦਾ ਹੈ। ਅਗੇ ਇਕ ਠਗਾਂ ਦੇ ਨਗਰ ਵਿਚ ਉਪਦੇਸ਼ ਦੇ ਕੇ ਕਾਰੂ ਰਾਜਾ ਜੋ ਰੂਮ ਵਿਲਾਇਤ ਵਿਚ ਰਹਿੰਦਾ ਹੈ, ਕੋਲ ਜਾਂਦੇ ਹਨ ਅਤੇ ਉਸਨੂੰ ਉਪਦੇਸ਼ ਦੇ ਕੇ ਆਪਣਾ ਸੇਵਕ ਬਣਾਉਂਦੇ ਹਨ। ਉਹ ਲੋਕਾਂ ਦੀ ਸੇਵਾ ਕਰਣ ਲਗ ਜਾਂਦਾ ਹੈ। ਫਿਰ ਗੁਰੂ ਜੀ ਅਗੇ ਜਾਂਦੇ ਹਨ। ਅਗੇ ਇਕ ਕਰਾਮਾਤੀ ਚੇਲੇ ਦਾ ਗੁਰੂ ਸਾਹਿਬ ਉਧਾਰ ਕਰਦੇ ਹਨ। ਫਿਰ ਗੁਰੂ ਜੀ ਲੰਕਾ ਵਿਚ ਬਿਭੀਖਣ ਨੂੰ ਮਿਲਦੇ ਹਨ। ਮਰਦਾਨੇ ਦੇ ਕਹਿਣ ‘ਤੇ ਗੁਰੂ ਜੀ ਉਨ੍ਹਾਂ ਨੂੰ ਫਿਰ ਦੀਪਾਂ ਵਿਚ ਲੈ ਜਾਂਦੇ ਹਨ। ਉਹ ਸਾਰੇ ਦੀਪਾਂ ਦੀ ਸੈਰ ਕਰ ਕੇ ਵਾਪਸ ਆਉਂਦੇ ਹਨ। ਫਿਰ ਗੋਰਖ ਮਤੇ ਗੁਰੂ ਜੀ ਅਤੇ ਸਿਧਾਂ ਵਿਚ ਚਰਚਾ ਹੁੰਦੀ ਹੈ। ਇਸ ਸਥਾਨ ਦਾ ਨਾਮ ਬਾਅਦ ਵਿਚ ਨਾਨਕ ਮਤਾ ਰਖਿਆ ਗਿਆ।

ਗੁਰੂ ਜੀ ਦਿਲੀ ਜਾਂਦੇ ਹਨ, ਉਥੇ ਇਕ ਰਥਵਾਨ ਦਾ ਹਾਥੀ ਮਰ ਜਾਂਦਾ ਹੈ ਅਤੇ ਉਹ ਬਹੁਤ ਵਿਰਲਾਪ ਕਰਦਾ ਹੈ। ਗੁਰੂ ਜੀ ਉਸ ਦੇ ਹਾਥੀ ਨੂੰ ਜਿੰਦਾ ਕਰ ਦਿੰਦੇ ਹਨ। ਰਾਜੇ ਦੇ ਕਹਿਣ 'ਤੇ ਫਿਰ ਹਾਥੀ ਮਾਰ ਦਿਤਾ ਜਾਂਦਾ ਹੈ ਅਤੇ ਕਾਜ਼ੀ ਨਿਜ਼ਾਮੁਦੀਨ ਦੇ ਕਹਿਣ 'ਤੇ ਫਿਰ ਹਾਥੀ ਜਿਉਂਦਾ ਕਰ ਦਿਤਾ ਜਾਂਦਾ ਹੈ। ਇਹ ਵੇਖ ਕੇ ਸਾਰੇ ਹੀ ਗੁਰੂ ਜੀ ਦੇ ਸੇਵਕ ਬਣ ਜਾਂਦੇ ਹਨ। ਲਾਹੌਰ ਵਿਖੇ ਗੁਰੂ ਸਾਹਿਬ ਦੀ ਇਕ ਅਹੰਕਾਰੀ ਪੰਡਿਤ ਨਾਲ ਚਰਚਾ ਹੋਈ। ਅਗੇ ਗੁਰੂ ਜੀ ਏਮਨਾਬਾਦ ਲਾਲੋ ਨੂੰ ਮਿਲਣ ਜਾਂਦੇ ਹਨ। ਬਾਬਰ ਦਾ ਏਮਨਾਬਾਦ ਉਤੇ ਹਮਲਾ ਹੁੰਦਾ ਹੈ, ਜਿਸ ਵਿਚ ਬਹੁਤ ਲੋਕ ਮਾਰੇ ਜਾਂਦੇ ਹਨ, ਪਰ ਭਾਈ ਲਾਲੋ ਅਤੇ ਕੁਝ ਸਾਧੂ ਬਚ ਜਾਂਦੇ ਹਨ।

ਬਾਬਰ ਗੁਰੂ ਨਾਨਕ ਦੇਵ ਜੀ ਨੂੰ ਕੈਦ ਕਰ ਲੈਂਦਾ ਹੈ। ਗੁਰੂ ਜੀ ਦੇ ਕੌਤੁਕ ਸੁਣ ਕੇ ਬਾਬਰ ਗੁਰੂ ਜੀ ਤੋਂ ਵਰ ਮੰਗਦਾ ਹੈ, ਕਿ ਉਸ ਦਾ ਰਾਜ ਭਾਗ ਬਣਿਆ ਰਹੇ। ਗੁਰੂ ਜੀ ਕਹਿੰਦੇ ਹਨ, ਕਿ ਜਿਤਨਾ ਸਮਾਂ ਉਸ ਦੇ ਵੰਸ਼ਜ ਪੁੰਨ ਕਰਣਗੇ ਉਤਨਾ ਸਮਾਂ ਉਨ੍ਹਾਂ ਦਾ ਰਾਜ ਰਹੇਗਾ, ਜਦ ਉਹ ਪਾਪ ਕਰਣ ਲਗ ਗਏ, ਉਨ੍ਹਾਂ ਦਾ ਰਾਜ ਖ਼ਤਮ ਹੋ ਜਾਵੇਗਾ। ਇਹ ਵੀ ਕਹਿੰਦੇ ਹਨ, ਕਿ ਬਾਬਰ ਸਾਰੇ ਕੈਦੀਆਂ ਨੂੰ ਰਿਹਾ ਕਰ ਦੇਵੇ। ਬਾਬਰ ਨੇ ਸਾਰੇ ਕੈਦੀਆਂ ਨੂੰ ਛਡ ਦਿਤਾ। ਉਥੋਂ ਗੁਰੂ ਜੀ ਪਖੋ ਕੇ ਰੰਧਾਵੇ ਜਾ ਕੇ ਸੁਲਖਣੀ ਜੀ ਅਤੇ ਪੁਤ੍ਰਾਂ ਨੂੰ ਮਿਲਦੇ ਹਨ। ਗੁਰੂ ਜੀ ਕੁਝ ਸਮਾਂ ਪਖੋ ਕੇ ਰੰਧਾਵੇ ਰਹਿੰਦੇ ਹਨ ਅਤੇ ਫਿਰ ਇਕਾਂਤ ਸਥਾਨ ਉਤੇ ਜਾ ਬਿਰਾਜੇ। ਗੁਰੂ ਜੀ ਦੀ ਮਹਿਮਾ ਇਕ ਕ੍ਰੋੜੀਏ ਨੇ ਸੁਣੀ ਉਹ ਗੁਰੂ ਜੀ ਨਾਲ ਈਰਖਾ ਕਰਣ ਲਗ ਪਿਆ। ਫਿਰ ਉਸ ਨੇ ਗੁਰੂ ਜੀ ਤੋਂ ਭੁਲ ਬਖ਼ਸ਼ਾਈ। ਜਿਥੇ ਗੁਰੂ ਜੀ ਬੈਠੇ ਸਨ ਉਸ ਨੇ ਕਿਹਾ ਕਿ ਇਹ ਮੇਰੀ ਭੇਟਾ ਲਉ ਅਤੇ ਇਥੇ ਧਰਮਸਾਲ ਬਣਾ ਦਿਉ। ਕਰੋੜੀਏ ਨੇ ਕਾਰੀਗਰ ਮੰਗਵਾ ਲਏ ਅਤੇ ਧਰਮਸਾਲ ਬਣਵਾ ਦਿਤੀ, ਇਸ ਦਾ ਨਾਮ ਕਰਤਾਰਪੁਰ ਰਖਿਆ ਗਿਆ। ਮਾਤਾ ਸੁਲਖਣੀ ਦੋ ਪੁਤ੍ਰਾਂ ਨੂੰ ਲੈ ਕੇ ਗੁਰੂ ਜੀ ਕੋਲ ਆ ਗਈ। ਸੰਗਤ ਸੀਧਾ ਲੈ ਕੇ ਆਉਣ ਲਗ ਗਈ ਅਤੇ ਲੰਗਰ ਚਲਣ ਲਗ ਪਿਆ। ਇਕ ਦਿਨ ਇਕ ਕਰਮ ਕਾਂਡੀ ਪੰਡਿਤ ਗੁਰੂ ਜੀ ਕੋਲ ਆਇਆ ਅਤੇ ਕਿਹਾ ਕਿ ਉਸ ਨੂੰ ਸੁਕੀ ਸਾਮਗ੍ਰੀ ਦੇ ਦਿਤੀ ਜਾਵੇ, ਉਹ ਅਪਣਾ ਭੋਜਨ ਆਪ ਬਣਾ ਕੇ ਖਾਵੇਗਾ। ਗੁਰੂ ਜੀ ਨੇ ਉਸ ਨੂੰ ਸੁਕਾ ਸੀਧਾ ਦੇ ਦਿਤਾ। ਉਸ ਨੇ ਬਹੁਤ ਥਾਂਵਾਂ ਪੁਟੀਆਂ ਪਰ ਸਾਰੇ ਹੀ ਸਥਾਨਾਂ 'ਤੇ ਹਡੀਆਂ ਨਿਕਲਦੀਆਂ ਰਹੀਆਂ। ਥਕ ਕੇ ਉਹ ਗੁਰੂ ਜੀ ਨੂੰ ਆ ਕੇ ਕਹਿੰਦਾ, ਕਿ ਉਸਨੂੰ

ਲੰਗਰ ਵਿਚੋਂ ਹੀ ਭੋਜਨ ਦੇ ਦਿਉ। ਗੁਰੂ ਜੀ ਨੇ ਕਿਹਾ, ਕਿ ਭਰਮ ਨਾ ਕਰੋ ਹੁਣ ਜਿਥੋਂ ਵੀ ਧਰਤੀ ਪੁਟੋਗੇ ਉਹ ਪਵਿਤਰ ਹੋਵੇਗੀ। ਉਸ ਨੇ ਫਿਰ ਧਰਤੀ ਪੁਟ ਕੇ ਭੋਜਨ ਬਣਾ ਕੇ ਛਕਿਆ।

ਇਕ ਵਾਰ ਗੁਰੂ ਜੀ ਮਰਦਾਨੇ ਨੂੰ ਇਕ ਸੋਨੇ ਦੀ ਮੋਹਰ ਦੇ ਕੇ ਭੇਜਦੇ ਹਨ, ਕਿ ਉਹ ਇਸ ਮੁਹਰ ਦਾ ਸਚ ਅਤੇ ਝੂਠ ਖ਼ਰੀਦ ਕੇ ਲੈ ਆਵੇ। ਮਰਦਾਨੇ ਨੂੰ ਮੂਲਾ ਨਾਮੀ ਇਕ ਖਤ੍ਰੀ ਕਾਗ਼ਜ਼ ਉਤੇ ਮਰਣਾ ਸਚ ਅਤੇ ਜਿਊਣਾ ਝੂਠ ਲਿਖ ਕੇ ਭੇਜਦਾ ਹੈ। ਗੁਰੂ ਜੀ ਮੂਲੇ ਨੂੰ ਕੋਲ ਬੁਲਾਉਂਦੇ ਹਨ ਅਤੇ ਪੁਛਦੇ ਹਨ, ਕਿ ਇਸ ਦਾ ਗਿਆਨ ਹੈ ਜਾਂ ਨਹੀਂ। ਮੂਲਾ ਕਹਿੰਦਾ ਹੈ, ਕਿ ਜੇ ਗੁਰੂ ਕਰਵਾਵੇ ਤਾਂ ਗਿਆਨ ਵੀ ਹੋ ਜਾਵੇ। ਅਗੇ ਗੁਰੂ ਜੀ ਇਕ ਮੁਸਲਮਾਨਾਂ ਦੇ ਪਿੰਡ ਵਿਚ ਜਾਂਦੇ ਹਨ, ਜਿਥੇ ਇਕ ਸ਼ਹੁ ਸੁਹਾਗਣ ਪਾਖੰਡੀ ਹੁੰਦਾ ਹੈ। ਉਹ ਲੋਕਾਂ ਤੋਂ ਭੇਟਾ ਲੈਂਦਾ ਹੈ ਅਤੇ ਆਪ ਕੁਕਰਮ ਕਰਦਾ ਹੈ। ਗੁਰੂ ਜੀ ਉਥੋਂ ਜਾਣ ਲਗਦੇ ਹਨ, ਤਾਂ ਮੇਲੇ ਵਿਚ ਲੜਾਈ ਸ਼ੁਰੂ ਹੋ ਜਾਂਦੀ ਹੈ। ਲੁਟੇਰੇ ਸ਼ਹੁ ਸੁਹਾਗਣ ਦਾ ਸਾਰਾ ਸਾਮਾਨ ਲੁਟ ਕੇ ਲੈ ਜਾਂਦੇ ਹਨ।

ਉਸ ਤੋਂ ਗੁਰੂ ਜੀ ਅਗੇ ਚਲਦੇ ਹੋਏ ਸਿੰਧ ਦੇਸ਼ ਵਿਚ ਸਯਦਾਂ ਦੇ ਨਗਰ ਪਹੁੰਚਦੇ ਹਨ। ਪੀਰ ਜਲਾਲ ਦਾ ਇਕ ਸੇਵਕ ਗੁਰੂ ਜੀ ਦੇ ਮੁਖ ਤੋਂ 'ਗੁਰਮੁਖਿ ਨਾਦੰ ਗੁਰਮੁਖਿ ਵੇਦੰ' ਪਾਠ ਸੁਣ ਕੇ ਜਲਾਲ ਨੂੰ ਦਸਦਾ ਹੈ। ਪੀਰ ਗੁਰੂ ਜੀ ਨੂੰ ਮਿਲਣ ਲਈ ਬੁਲਾਉਂਦਾ ਹੈ ਅਤੇ ਗੁਰੂ ਜੀ ਤੋਂ ਉਸ ਦੇ ਅਰਥ ਪੁਛਦਾ ਹੈ। ਗੁਰੂ ਜੀ ਜਲਾਲ ਨੂੰ ਉਪਦੇਸ਼ ਦੇ ਕੇ ਅਗੇ ਚਲੇ ਜਾਂਦੇ ਹਨ। ਅਗੇ ਗੁਰੂ ਸਾਹਿਬ ਦੀ ਬਲੀ ਕੰਧਾਰੀ ਅਤੇ ਸੇਖ ਬ੍ਰਹਮ ਨਾਲ ਮੁਲਾਕਾਤ ਹੁੰਦੀ ਹੈ। ਗੁਰੂ ਸਾਹਿਬ ਪਟਣ (ਸ਼ਹਿਰ) ਵਿਖੇ ਸੇਖ ਬ੍ਰਹਮ ਨੂੰ ਮਿਲਣ ਲਈ ਸ਼ਹਿਰ ਤੋਂ ਦੋ ਕੋਹ ਦੂਰ ਬੈਠ ਗਏ। ਉਥੇ ਸੇਖ ਬ੍ਰਹਮ ਦਾ ਇਕ ਚੇਲਾ ਲਕੜੀਆਂ ਇਕਠੀਆਂ ਕਰਣ ਆਇਆ। ਉਸ ਨੇ ਗੁਰੂ ਸਾਹਿਬ ਦੇ ਮੁਖੋਂ ਇਕ ਸਲੋਕ ਸੁਣਿਆ ਅਤੇ ਕੋਲ ਆ ਕੇ ਨਮਸਕਾਰ ਕਰਕੇ ਉਸ ਸਲੋਕ ਦੇ ਅਰਥ ਪੁਛਣ ਲਗਾ। ਗੁਰੂ ਸਾਹਿਬ ਤੋਂ ਅਰਥ ਸਮਝ ਕੇ ਉਹ ਸੇਖ ਬ੍ਰਹਮ ਨੂੰ ਸਾਰੀ ਗਲ ਦਸਦਾ ਹੈ। ਸੇਖ ਬ੍ਰਹਮ ਇਕ ਸਲੋਕ ਦੇ ਕੇ ਉਸ ਦਾ ਜਵਾਬ ਮੰਗਣ ਲਈ ਆਪਣੇ ਚੇਲੇ ਨੂੰ ਭੇਜਦਾ ਹੈ। ਗੁਰੂ ਸਾਹਿਬ ਉਸ ਦਾ ਜਵਾਬ ਦਿੰਦੇ ਹਨ। ਜਵਾਬ ਸੁਣ ਕੇ ਸੇਖ ਬ੍ਰਹਮ ਆਪ ਗੁਰੂ ਜੀ ਨੂੰ ਮਿਲਣ ਲਈ ਆਉਂਦਾ ਹੈ। ਇਥੇ ਦੋਹਾਂ ਦੇ ਆਪਸ ਵਿਚ ਸਵਾਲ ਜਵਾਬ ਹੁੰਦੇ ਹਨ। ਗੁਰੂ ਸਾਹਿਬ ਸੇਖ ਬ੍ਰਹਮ ਦੇ ਸਾਰੇ ਸ਼ੰਕੇ ਦੂਰ

ਕਰਦੇ ਹਨ। ਉਥੋਂ ਗੁਰੂ ਜੀ ਬਗ਼ਦਾਦ ਵਿਖੇ ਪਹੁੰਚਦੇ ਹਨ, ਇਥੇ ਗੁਰੂ ਜੀ ਦੀ ਮੁਲਾਕਾਤ ਦਸਤਗੀਰ ਪੀਰ ਨਾਲ ਹੁੰਦੀ ਹੈ। ਗੁਰੂ ਸਾਹਿਬ ਉਸ ਦੇ ਪੁਤ੍ਰ ਨੂੰ ਲਖਾਂ ਆਕਾਸ਼ਾਂ-ਪਾਤਾਲਾਂ ਦੀ ਸੈਰ ਕਰਾਉਂਦੇ ਹਨ।

ਗੁਰੂ ਸਾਹਿਬ ਮਰਦਾਨੇ ਦੇ ਅਕਾਲ ਚਲਾਣੇ ਸਬੰਧੀ ਭਵਿਖਬਾਣੀ ਕਰਦੇ ਹਨ। ਜਿਸ ਅਨੁਸਾਰ ਮਰਦਾਨਾ ਖੁਰਮੇ ਨਗਰ ਵਿਖੇ ਆਪਣਾ ਅੰਤਿਮ ਸਵਾਸ ਲੈਂਦਾ ਹੈ। ਫਿਰ ਗੁਰੂ ਸਾਹਿਬ ਸਿਧਾਂ ਨੂੰ ਮਿਲਦੇ ਹਨ ਅਤੇ ਉਨ੍ਹਾਂ ਨਾਲ ਅਚਲ ਵਟਾਲੇ ਮੇਲੇ ਵਿਚ ਪਹੁੰਚਦੇ ਹਨ। ਉਸਤੋਂ ਬਾਅਦ ਗੁਰੂ ਸਾਹਿਬ ਤਲਵੰਡੀ ਆਉਂਦੇ ਹਨ। ਗੁਰੂ ਸਾਹਿਬ ਮਰਦਾਨੇ ਦੇ ਪੁਤ੍ਰ ਨੂੰ ਨਾਲ ਲੈ ਕੇ ਵਾਪਸ ਖੁਰਮੇ ਨਗਰ ਵਿਖੇ ਆਉਂਦੇ ਹਨ। ਰਸਤੇ ਵਿਚ ਮਰਦਾਨੇ ਦਾ ਪੁਤ੍ਰ ਭੋਜਨ ਲੈਣ ਲਈ ਇਕ ਧਰਮਸਾਲਾ ਵਿਖੇ ਜਾਂਦਾ ਹੈ। ਉਥੇ ਉਸ ਨੂੰ ਸਜਣ ਠਗ ਕੈਦ ਕਰ ਲੈਂਦਾ ਹੈ। ਗੁਰੂ ਸਾਹਿਬ ਉਸ ਨੂੰ ਛਡਾਉਂਦੇ ਹਨ ਅਤੇ ਸਜਣ ਠਗ ਦਾ ਉਧਾਰ ਕਰਦੇ ਹਨ। ਖੁਰਮੇ ਨਗਰ ਵਿਖੇ ਪਹੁੰਚ ਕੇ ਗੁਰੂ ਸਾਹਿਬ ਮਰਦਾਨੇ ਦੇ ਪੁਤ੍ਰ ਨੂੰ ਉਥੇ ਵਸਣ ਲਈ ਕਹਿੰਦੇ ਹਨ ਅਤੇ ਨਾਲ ਹੀ ਇਹ ਵੀ ਬਚਨ ਕਰਦੇ ਹਨ, ਕਿ ਸਾਰੀ ਦੁਨੀਆ ਤੁਹਾਡੀ ਪੂਜਾ ਕਰੇਗੀ।

ਅਗੇ ਗੁਰੂ ਜੀ ਕੰਧਾਰ ਨਗਰ ਵਿਖੇ ਪਹੁੰਚਦੇ ਹਨ। ਉਥੇ ਉਹਨਾਂ ਦੀ ਮੁਲਾਕਾਤ ਯਾਰਵਲੀ ਨਾਲ ਹੁੰਦੀ ਹੈ। ਉਸ ਕੋਲ ਇਕ ਦਿਨ ਰਹਿ ਕੇ ਅਗੇ ਜਾਂਦੇ ਹਨ। ਯਾਰਵਲੀ ਦਾ ਇਕ ਮਿਤਰ ਸ਼ੇਖ਼ ਸ਼ਰਫ਼ ਯਾਰਵਲੀ ਨੂੰ ਕੁਝ ਅਸਚਰਜ ਰੰਗਤ ਵਿਚ ਦੇਖ ਕੇ ਕਾਰਣ ਪੁਛਦਾ ਹੈ। ਉਹ ਉਸਨੂੰ ਗੁਰੂ ਨਾਨਕ ਦੇਵ ਜੀ ਬਾਰੇ ਦਸਦਾ ਹੈ ਅਤੇ ਨਾਲ ਹੀ ਉਸ ਨੂੰ ਕਹਿੰਦਾ ਹੈ, ਕਿ ਜੇਕਰ ਪ੍ਰੇਮ ਕਰਾਂਗੇ, ਤਾਂ ਉਹ ਆਪ ਹੀ ਮਿਲ ਜਾਣਗੇ। ਇਹ ਸੁਣ ਕੇ ਉਥੇ ਹੀ ਧਰਨਾ ਲਾ ਕੇ ਬੈਠ ਗਿਆ ਅਤੇ ਕਹਿਣ ਲਗਾ, ਕਿ ਇਥੋਂ ਉਦੋਂ ਹੀ ਉਠਾਂਗਾ, ਜਦੋਂ ਉਨ੍ਹਾਂ ਦੇ ਦਰਸ਼ਨ ਕਰ ਲਵਾਂਗਾ। ਜਦ ਚਾਰ ਦਿਨ ਬੀਤ ਗਏ, ਤਾਂ ਗੁਰੂ ਜੀ ਆ ਗਏ ਅਤੇ ਸ਼ੇਖ਼ ਬ੍ਰਹਮ ਦੇ ਸ਼ੰਕੇ ਨਿਵਿਰਤ ਕਰਕੇ ਉਸਨੂੰ ਨਿਹਾਲ ਕਰਦੇ ਹਨ। ਇਸ ਤਰ੍ਹਾਂ ਗੁਰੂ ਜੀ ਬਚਨ ਕਰਕੇ ਉਥੋਂ ਤੁਰ ਪਏ। ਥੋੜ੍ਹੀ ਅਗੇ ਜਾ ਕੇ ਇਕ ਪਠਾਨ ਮਿਲਿਆ। ਪਠਾਨ ਦੇ ਪੁਛਣ ‘ਤੇ ਗੁਰੂ ਸਾਹਿਬ ਨੇ ਦਸਿਆ, ਕਿ ਅਸੀਂ ਖ਼ੁਦਾ ਦੇ ਬੰਦੇ ਹਾਂ। ਇਸ ਪਿੰਡ ਵਿਚ ਸੁਖਨ ਚੰਦ ਦੇ ਪੁਤ੍ਰ ਮਾਨ ਚੰਦ ਨੂੰ ਮਿਲਣ ਆਏ ਹਾਂ। ਉਹ ਪਠਾਨ ਮਾਨ ਚੰਦ ਦੇ ਘਰ ਸੁਨੇਹਾ ਦੇ ਆਉਂਦਾ ਹੈ। ਮਾਨ ਚੰਦ ਦੋ ਸੇਰ ਮੇਵਾ ਭੇਟਾ ਕਰਣ ਵਾਸਤੇ ਲੈ ਆਉਂਦਾ ਹੈ। ਮਾਨ ਚੰਦ ਦੇ ਸ਼ੰਕੇ ਦੂਰ ਕਰਕੇ ਗੁਰੂ ਸਾਹਿਬ ਉਸ ਨੂੰ ਨਾਮ ਦੀ ਦਾਤ ਬਖ਼ਸ਼ਦੇ ਹਨ ਅਤੇ ਅਗੇ ਚਲ ਪੈਂਦੇ ਹਨ।

ਗੁਰੂ ਸਾਹਿਬ ਮੁਲਤਾਨ ਵਿਖੇ ਸ਼ਮਸ ਤਬਰੇਜ਼ ਪਾਸ ਜਾ ਬੈਠੇ। ਉਥੇ ਹੀ ਸਾਰੇ ਪੀਰਾਂ ਨੇ ਦੁਧ ਦਾ ਨਕਾਨਕ ਭਰਿਆ ਕਟੋਰਾ ਗੁਰੂ ਜੀ ਨੂੰ ਭੇਟ ਕੀਤਾ, ਇਹ ਸੰਕੇਤ ਦੇਣ ਲਈ ਕਿ ਮੁਲਤਾਨ ਪਹਿਲਾਂ ਹੀ ਕਰਣੀ ਵਾਲੇ ਪੀਰਾਂ ਨਾਲ ਭਰਿਆ ਹੈ, ਤੁਹਾਡੀ ਲੋੜ ਨਹੀਂ। ਗੁਰੂ ਸਾਹਿਬ ਨੇ ਉਨ੍ਹਾਂ ਦਾ ਭਾਵ ਸਮਝ ਕੇ ਦੁਧ ਦੇ ਕਟੋਰੇ ਵਿਚ ਚੰਮੇਲੀ ਦਾ ਫੁਲ ਰਖ ਦਿਤਾ ਅਤੇ ਉਪਦੇਸ਼ ਦਿਤਾ, ਜਿਸ ਤਰ੍ਹਾਂ ਇਹ ਫੁਲ ਦੁਧ ਉਤੇ ਟਿਕਿਆ ਖ਼ੁਸ਼ਬੋ ਦੇ ਰਿਹਾ ਹੈ, ਇਸ ਤਰ੍ਹਾਂ ਧਰਮ ਦੀ ਖ਼ੁਸ਼ਬੋ ਨਾਲ ਅਸੀਂ ਮੁਲਤਾਨ ਵਿਚ ਸਮਾ ਜਾਵਾਂਗੇ ਅਤੇ ਇਸ ਨਾਲ ਮੁਲਤਾਨ ਵਿਚ ਕੋਈ ਹਲਚਲ ਨਹੀਂ ਹੋਵੇਗੀ। ਗੁਰੂ ਸਾਹਿਬ ਪੀਰਾਂ ਨਾਲ ਲੰਬੀ ਵਾਰਤਾ ਕਰਕੇ ਉਥੋਂ ਵਿਦਾ ਹੁੰਦੇ ਹਨ।

ਅਗੇ ਗੁਰੂ ਜੀ ਸ਼ਹੁ ਸੁਹਾਗਣ ਦੇ ਨਗਰ ਪਹੁੰਚਦੇ ਹਨ। ਉਥੇ ਗੁਰੂ ਸਾਹਿਬ ਇਕ ਲੂਲ੍ਹੇ ਨੂੰ ਠੀਕ ਕਰ ਕੇ ਸ਼ਹੁ ਸੁਹਾਗਣ ਦਾ ਖੋਹਿਆ ਮਾਣ ਉਸਨੂੰ ਵਾਪਸ ਦਿਵਾਉਂਦੇ ਹਨ। ਉਸ ਨੂੰ ਉਪਦੇਸ਼ ਦੇ ਕੇ ਉਥੋਂ ਰਵਾਨਾ ਹੁੰਦੇ ਹਨ ਅਤੇ ਟਿਲੇ 'ਤੇ ਬਾਲ ਗੁੰਦਾਈ ਨਾਲ ਵਾਰਤਾ ਹੁੰਦੀ ਹੈ। ਇਕ ਦਿਨ ਬਾਲ ਗੁੰਦਾਈ ਪਾਸ ਗੁਜ਼ਾਰਨ ਉਪਰੰਤ ਸਜਾਲਕੋਟ ਮੂਲੇ ਨੂੰ ਮਿਲਣ ਹਿਤ ਜਾਂਦੇ ਹਨ। ਗੁਰੂ ਸਾਹਿਬ ਦੇ ਮੂਲੇ ਦੇ ਘਰ ਪਹੁੰਚਣ 'ਤੇ ਮੂਲਾ ਆਪਣੀ ਪਤਨੀ ਦੇ ਕਹਿਣ 'ਤੇ ਲੁਕ ਗਿਆ ਅਤੇ ਸਪ ਲੜਣ ਕਾਰਣ ਮਰ ਗਿਆ। ਪਿੰਡ ਵਾਸੀਆਂ ਦੇ ਮੂਲੇ ਨੂੰ ਜਿਊਂਦਾ ਕਰਣ ਦੀ ਬੇਨਤੀ ਕਰਣ 'ਤੇ ਗੁਰੂ ਸਾਹਿਬ ਨੇ ਹੁਕਮ ਕੀਤਾ, ਕਿ ਇਸ ਦੀ ਮੁਕਤੀ ਸਾਡੇ ਦਸਵੇਂ ਜਾਮੇ ਵਿਚ ਹੋਵੇਗੀ। ਉਥੋਂ ਗੁਰੂ ਸਾਹਿਬ ਨੇ ਕਰਤਾਪੁਰ ਪਹੁੰਚ ਕੇ ਅਤੁਟ ਲੰਗਰ ਦੀ ਦੇਗ਼ ਚਲਾ ਦਿਤੀ। ਕੀਰਤਨ ਅਤੇ ਸਤਿਨਾਮ ਦਾ ਸਿਮਰਨ ਹੋਣ ਲਗਾ। ਉਥੋਂ ਗੁਰੂ ਸਾਹਿਬ ਅਚਲ ਵਟਾਲੇ ਸ਼ਿਵਰਾਤ੍ਰੀ ਦੇ ਮੇਲੇ ਉਪਰ ਅਜਿਤੇ ਅਤੇ ਕੁਝ ਸਿਖਾਂ ਨੂੰ ਨਾਲ ਲੈ ਕੇ ਪਹੁੰਚਦੇ ਹਨ, ਜਿਥੇ ਕਾਫ਼ੀ ਗਿਣਤੀ ਵਿਚ ਸਿਧ-ਨਾਥ ਸ਼ਾਮਿਲ ਹੁੰਦੇ ਸਨ। ਲੋਕ ਉਹਨਾਂ ਨੂੰ ਭੇਟਾ ਅਰਪਨ ਕਰਕੇ ਪੂਜਾ ਕਰਦੇ ਸਨ। ਗੁਰੂ ਸਾਹਿਬ ਦੀ ਸਿਧਾਂ ਨਾਲ ਵਾਰਤਾ ਹੁੰਦੀ ਹੈ। ਸਿਧ ਗੁਰੂ ਸਾਹਿਬ ਦੀ ਮਹਿਮਾ ਜਾਣ ਕੇ ਉਨ੍ਹਾਂ ਅਗੇ ਆਪਣਾ ਸੀਸ ਝੁਕਾਉਂਦੇ ਹਨ। ਉਥੋਂ ਗੁਰੂ ਸਾਹਿਬ ਵਾਪਸ ਕਰਤਾਰਪੁਰ ਆ ਜਾਂਦੇ ਹਨ। ਉਥੇ ਮਾਲੋ ਸ਼ੇਖ਼ ਗੁਰੂ ਸਾਹਿਬ ਦੀ ਵਡਿਆਈ ਸੁਣ ਕੇ ਦਰਸ਼ਨ ਹਿਤ ਆਉਂਦਾ ਹੈ। ਗੁਰੂ ਸਾਹਿਬ ਉਸਦਾ ਹਿੰਦੂ ਵਡਾ ਕਿ ਤੁਰਕ ਸੰਬੰਧੀ ਸ਼ੰਕਾ ਨਿਵਿਰਤ ਕਰਦੇ ਹਨ।

ਉਬਾਰ ਖ਼ਾਨ ਮਾਲੋ ਤੋਂ ਗੁਰੂ ਸਾਹਿਬ ਦੀ ਉਸਤਤਿ ਸੁਣ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਣ ਹਿਤ ਆਉਂਦਾ ਹੈ। ਗੁਰੂ ਸਾਹਿਬ ਉਸ ਦੇ ਅਧਿਆਤਮਕ ਸੰਦੇਹ ਦੂਰ ਕਰਦੇ ਹਨ ਅਤੇ ਉਹ ਗੁਰੂ ਸਾਹਿਬ ਦੇ ਚਰਣੀਂ ਲਗਦਾ ਹੈ। ਉਬਾਰ ਖ਼ਾਨ ਨੂੰ ਇਕ ਅਦ੍ਮਾਨ ਦਰਵੇਸ਼ ਮਿਲਦਾ ਹੈ। ਉਹ ਉਸ ਨੂੰ ਗੁਰੂ ਜੀ ਬਾਰੇ ਦਸਦਾ ਹੈ। ਅਦ੍ਮਾਨ ਗੁਰੂ ਸਾਹਿਬ ਦੇ ਚਰਣੀਂ ਲਗਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਘਰ ਲਿਜਾ ਕੇ ਬਹੁਤ ਸੇਵਾ ਕਰਦਾ ਹੈ। ਦੋ ਦਿਨ ਗੁਰੂ ਸਾਹਿਬ ਉਸਦੇ ਗ੍ਰਿਹ ਵਿਖੇ ਨਿਵਾਸ ਕਰਦੇ ਹਨ। ਉਥੋਂ ਗੁਰੂ ਨਾਨਕ ਦੇਵ ਵਾਪਸ ਕਰਤਾਰਪੁਰ ਆ ਕੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ। ਮੂਲਾ ਕੀੜਾ, ਖੇੜਾ, ਪ੍ਰਿਥਾ, ਪ੍ਰਿਥੀ ਮਲ, ਸਹਗਲ ਅਤੇ ਰਾਮਾ ਗੁਰੂ ਸਾਹਿਬ ਦੇ ਦਰਸ਼ਨਾਂ ਹਿਤ ਆਉਂਦੇ ਹਨ। ਗੁਰੂ ਸਾਹਿਬ ਸਭ ਸਿਖਾਂ ਨੂੰ ਉਪਦੇਸ਼ ਦੇ ਕੇ ਪ੍ਰਭੂ ਭਗਤੀ ਵਿਚ ਜੋੜਦੇ ਹਨ। ਅਗੇ ਹੋਰ ਸਿਖ ਮਾਲੋ, ਮਾਂਗੋ, ਕਾਲੂ ਖਤ੍ਰੀ, ਭਗਤਾ, ਓਹਰੀ, ਸੀਹਾ, ਗਜਣ, ਫਿਰਣਾ, ਖਹਰਾ ਆਦਿ ਨੂੰ ਉਪਦੇਸ਼ ਦਿੰਦੇ ਹਨ। ਫਿਰ ਗੁਰੂ ਸਾਹਿਬ ਬਾਲੇ ਨੂੰ ਨਾਲ ਲੈ ਕੇ ਆਪਣੇ ਕੁਝ ਸਿਖਾਂ ਨੂੰ ਮਿਲਣ ਹਿਤ ਜਾਂਦੇ ਹਨ ਅਤੇ ਉਹਨਾਂ ਨੂੰ ਉਪਦੇਸ਼ ਦਿੰਦੇ ਹਨ।

ਸੈਦੋ ਘੇਹੋ ਨਾਮੀ ਸਿਖ ਗੁਰੂ ਜੀ ਨੂੰ ਵਰੁਣ ਦਾ ਉਪਾਸਕ ਜਾਣ ਕੇ ਆਪ ਵੀ ਉਸ ਦੀ ਉਪਾਸਨਾ ਕਰਕੇ ਸ਼ਕਤੀਵਾਨ ਹੋਣ ਦੀ ਸੋਚਦਾ ਹੈ। ਜਦ ਉਹ ਡੇਢ ਪਹਿਰ ਰਾਤ ਰਹਿੰਦੀ ਰਾਵੀ ਦੇ ਤਟ ਉਤੇ ਜਾਣ ਲਗਦਾ ਹੈ, ਤਾਂ ਰਸਤੇ ਵਿਚ ਉਸਨੂੰ ਇਕ ਮਨੁਖ ਮਿਲਦਾ ਹੈ। ਉਸਦੇ ਪੁਛਣ 'ਤੇ ਉਹ ਦਸਦਾ ਹੈ, ਕਿ ਮੈਂ ਵਰੁਣ ਹਾਂ ਅਤੇ ਗੁਰੂ ਨਾਨਕ ਦੇ ਦਰਸ਼ਨ ਅਤੇ ਪੂਜਾ ਕਰਣ ਆਇਆ ਹਾਂ। ਸੈਦੋ ਇਹ ਸੁਣ ਕੇ ਹੈਰਾਨ ਹੁੰਦਾ ਹੈ ਅਤੇ ਉਸ ਨੂੰ ਕਹਿੰਦਾ ਹੈ ਕਿ ਮੈਨੂੰ ਇਹ ਲਗਦਾ ਸੀ, ਕਿ ਗੁਰੂ ਨਾਨਕ ਦੇਵ ਜੀ ਤੇਰੀ ਪੂਜਾ ਕਰਣ ਹਿਤ ਆਉਂਦੇ ਹਨ। ਉਹ ਗੁਰੂ ਨਾਨਕ ਸਾਹਿਬ ਦੀ ਉਸਤਤਿ ਕਰਦਾ ਕਹਿੰਦਾ ਹੈ, ਕਿ ਗੁਰੂ ਨਾਨਕ ਪਰਮਾਤਮਾ ਦਾ ਅਵਤਾਰ ਹੈ ਅਤੇ ਜਗ ਦਾ ਉਧਾਰ ਕਰਣ ਹਿਤ ਮਨੁਖਾ ਸਰੀਰ ਧਾਰਣ ਕੀਤਾ ਹੈ। ਸੈਦੋ ਘੇਹੋ ਦਾ ਸਾਰਾ ਸ਼ੰਕਾ ਦੂਰ ਹੋ ਜਾਂਦਾ ਹੈ ਅਤੇ ਉਹ ਗੁਰੂ ਨਾਨਕ ਦੇਵ ਨੂੰ ਗੁਰੂ ਜਾਣ ਕੇ ਉਨ੍ਹਾਂ ਦੀ ਪੂਜਾ ਕਰਣ ਲਗਦਾ ਹੈ। ਇਕ ਦਿਨ ਇਕ ਸਿਖ ਗੁਰੂ ਸਾਹਿਬ ਦੇ ਦਰਸ਼ਨ ਕਰਣ ਹਿਤ ਆਉਂਦਾ ਹੈ ਅਤੇ ਗੁਰੂ ਸਾਹਿਬ ਤੋਂ ਇਕ ਪ੍ਰਸ਼ਨ ਪੁਛਦਾ ਹੈ, ਕਿ ਮੈਂ ਸਿਖ ਬਣਾਂ, ਫ਼ਕੀਰ ਬਣਾਂ ਜਾਂ ਗ੍ਰਿਹਸਥੀ ਬਣਾ। ਗੁਰੂ ਸਾਹਿਬ ਉਸ ਦੇ ਸੰਸ਼ਯ ਨਿਵਿਰਤ ਕਰਦੇ ਹਨ। ਭਾਈ ਬੂੜਾ ਗੁਰੂ ਸਾਹਿਬ ਨੂੰ ਮਿਲਦਾ ਹੈ ਅਤੇ ਗੁਰੂ ਜੀ ਉਸਨੂੰ ਭਾਈ ਬੁਢਾ ਨਾਮ

ਦਿੰਦੇ ਹਨ। ਭਾਈ ਬਾਲੇ ਦੇ ਗਦੀ ਬਾਰੇ ਪੁਛਣ 'ਤੇ ਗੁਰੂ ਜੀ ਦਸਦੇ ਹਨ, ਕਿ ਇਕ ਭਾਈ ਲਹਿਣਾ ਆਵੇਗਾ, ਜੋ ਮੇਰਾ ਰੂਪ ਹੋਵੇਗਾ, ਉਹੋ ਗਦੀ ਉਤੇ ਬੈਠੇਗਾ। ਭਾਈ ਬਾਲਾ ਗੁਰੂ ਸਾਹਿਬ ਦੀ ਆਗਿਆ ਲੈ ਕੇ ਤਲਵੰਡੀ ਚਲਾ ਜਾਂਦਾ ਹੈ। ਫਿਰ ਵਾਪਸ ਜਦੋਂ ਗੁਰੂ ਅੰਗਦ ਦੇਵ ਜੀ ਗਦੀ ਉਤੇ ਬੈਠੇ ਹੁੰਦੇ ਹਨ, ਤਾਂ ਦਰਸ਼ਨ ਕਰਣ ਵਾਸਤੇ ਆਉਂਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੀ ਜੀਵਨ-ਕਥਾ ਗੁਰੂ ਅੰਗਦ ਦੇਵ ਜੀ ਨੂੰ ਸੁਣਾਉਂਦਾ ਹੈ। ਇਸ ਉਪਰੰਤ ਉਹ ਗੁਰੂ ਸਾਹਿਬ ਨੂੰ ਆਪਣੀ ਬਾਕੀ ਰਹਿੰਦੀ ਉਮਰ ਬਾਰੇ ਪੁਛਦਾ ਹੈ। ਗੁਰੂ ਸਾਹਿਬ ਉਸ ਨੂੰ ਦਸਦੇ ਹਨ, ਕਿ ਤੇਰੀ ਉਮਰ ਦੋ ਮਹੀਨੇ ਬਾਕੀ ਹੈ। ਉਹ ਗੁਰੂ ਅੰਗਦ ਦੇਵ ਕੋਲ ਹੀ ਆਪਣਾ ਅੰਤਿਮ ਸਮਾਂ ਬਿਤੀਤ ਕਰਦਾ ਹੈ ਅਤੇ ਸਰੀਰ ਤਿਆਗ ਦਿੰਦਾ ਹੈ।

ਭਾਈ ਲਹਿਣਾ ਜੀ ਦੁਰਗਾ ਦੇਵੀ ਦੇ ਭਗਤ ਹੁੰਦੇ ਸਨ। ਇਕ ਦਿਨ ਉਹਨਾਂ ਨੂੰ ਗੁਰੂ ਨਾਨਕ ਦੇ ਇਕ ਸਿਖ ਦੇ ਮੂੰਹੋਂ ਉਹਨਾਂ ਦੀ ਬਾਣੀ ਸੁਣਨ ਦਾ ਮੌਕਾ ਮਿਲਦਾ ਹੈ। ਉਹਨਾਂ ਨੂੰ ਬਾਣੀ ਸੁਣ ਕੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਣ ਦੀ ਤਾਂਘ ਹੋ ਜਾਂਦੀ ਹੈ। ਜਦੋਂ ਉਹ ਦੁਰਗਾ ਦੇਵੀ ਦੇ ਦਰਸ਼ਨ ਕਰਣ ਜਾਂਦੇ ਹਨ, ਤਾਂ ਰਸਤੇ ਵਿਚ ਕਰਤਾਰਪੁਰ ਵਿਖੇ ਗੁਰੂ ਸਾਹਿਬ ਦੇ ਦਰਸ਼ਨਾ ਲਈ ਰੁਕਦੇ ਹਨ। ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ ਹਨ ਅਤੇ ਗੁਰੂ ਸਾਹਿਬ ਦਾ ਸੇਵਕ ਹੋ ਕੇ ਉਥੇ ਹੀ ਰਹਿਣ ਲਗ ਜਾਂਦੇ ਹਨ। ਇਕ ਦਿਨ ਗੁਰੂ ਸਾਹਿਬ ਖੇਤਾਂ ਵਿਚੋਂ ਨਦੀਨ ਕਢਣ ਗਏ ਹੁੰਦੇ ਹਨ। ਲਹਿਣਾ ਜੀ ਵੀ ਖੇਤਾਂ ਵਿਚ ਹੀ ਪਹੁੰਚ ਜਾਂਦੇ ਹਨ। ਉਥੇ ਕੰਮ ਕਰਣ ਉਪਰੰਤ ਗੁਰੂ ਸਾਹਿਬ ਉਹਨਾਂ ਨੂੰ ਘਾਹ ਦੀ ਪੰਡ ਸਿਰ ਤੇ ਧਰ ਕੇ ਘਰ ਭੇਜ ਦਿੰਦੇ ਹਨ। ਪੰਡ ਵਿਚੋਂ ਗਾਰਾ ਚੋ ਕੇ ਉਹਨਾਂ ਦੇ ਸਾਰੇ ਕਪੜੇ ਖ਼ਰਾਬ ਹੋ ਜਾਂਦੇ ਹਨ। ਜਦ ਗੁਰੂ ਸਾਹਿਬ ਘਰ ਆਉਂਦੇ ਹਨ, ਤਾਂ ਮਾਤਾ ਸੁਲਖਣੀ ਉਹਨਾਂ ਨੂੰ ਕਹਿੰਦੀ ਹੈ, ਕਿ ਜੋ ਸਿਖ ਆਇਆ ਹੈ, ਉਸਦੇ ਮਹਿੰਗੇ ਕਪੜੇ ਪੰਡ ਵਿਚੋਂ ਗਾਰਾ ਚੋ ਕੇ ਉਸ ਨਾਲ ਖ਼ਰਾਬ ਹੋ ਗਏ ਹਨ। ਗੁਰੂ ਸਾਹਿਬ ਦਸਦੇ ਹਨ, ਕਿ ਉਹ ਪੰਡ ਨਹੀਂ ਦੀਨ ਦੁਨੀਆ ਦਾ ਛਤ੍ਰ ਸੀ। ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੀ ਦਿਨ ਰਾਤ ਸੇਵਾ ਕਰਦੇ ਹਨ। ਭਾਈ ਲਹਿਣੇ ਨੂੰ ਜਦੋਂ ਗੁਰੂ ਸਾਹਿਬ ਕੋਲ ਸੇਵਾ ਕਰਦਿਆਂ ਤਿੰਨ ਸਾਲ ਬੀਤ ਗਏ, ਤਾਂ ਗੁਰੂ ਸਾਹਿਬ ਦੇ ਕਹਿਣ ਤੇ ਭਾਈ ਲਹਿਣਾ ਪਰਿਵਾਰ ਦੀ ਖ਼ਬਰ ਹਿਤ ਖਡੂਰ ਸਾਹਿਬ ਚਲਾ ਗਿਆ। ਉਥੇ ਉਸ ਨੂੰ ਸਾਰੇ ਪਿੰਡ ਵਾਸੀ ਬੜੇ ਪ੍ਰੇਮ ਨਾਲ ਮਿਲੇ ਅਤੇ ਚੌਧਰੀ ਤਖ਼ਤ ਮਲ ਵੀ ਆਪ ਜੀ ਨੂੰ

ਮਿਲਣ ਹਿਤ ਆਇਆ। ਕੁਝ ਦਿਨ ਖਡੂਰ ਸਾਹਿਬ ਰਹਿ ਕੇ ਵਾਪਸ ਕਰਤਾਰਪੁਰ ਆ ਕੇ ਗੁਰੂ ਜੀ ਦੀ ਸੇਵਾ ਵਿਚ ਜੁਟ ਗਏ। ਗੁਰੂ ਸਾਹਿਬ ਇਕ ਦਿਨ ਇਸ਼ਨਾਨ ਕਰਣ ਗਏ ਭਾਈ ਲਹਿਣਾ ਵੀ ਨਾਲ ਸੀ। ਭਾਈ ਲਹਿਣਾ ਤਟ 'ਤੇ ਗੁਰੂ ਸਾਹਿਬ ਦੇ ਕਪੜੇ ਲਈ ਬੈਠਾ ਸੀ। ਠੰਡ ਨਾਲ ਉਹ ਬੇਸੁਰਤ ਹੋ ਗਿਆ। ਗੁਰੂ ਸਾਹਿਬ ਨੇ ਆਪਣੇ ਚਰਣ ਛੁਹਾ ਕੇ ਉਸ ਨੂੰ ਸੁਰਤਿ ਵਿਚ ਲਿਆਂਦਾ।

ਇਕ ਵਾਰ ਗੁਰੂ ਸਾਹਿਬ ਨੇ ਸਿਖਾਂ ਦੀ ਪਰਖ ਕਰਣ ਵਾਸਤੇ ਇਕ ਕੌਤੁਕ ਰਚਿਆ। ਗੁਰੂ ਸਾਹਿਬ ਨੇ ਕੰਮ ਕਰਣ ਵਾਲੀ ਸੰਗਤ ਨੂੰ ਵਰਜ ਦਿਤਾ, ਕਿ ਕੇਵਲ ਇਕ ਵਾਰ ਹੀ ਲੰਗਰ ਹੋਇਆ ਕਰੇਗਾ। ਮਨ ਲਾ ਕੇ ਖੇਤੀ ਕਰੋ। ਪਰ ਲੰਗਰ ਨਾ ਮਿਲਣ ਕਰਕੇ ਬਹੁਤ ਸਾਰੇ ਸੇਵਕ ਗੁਰੂ ਜੀ ਨੂੰ ਛਡ ਕੇ ਘਰਾਂ ਨੂੰ ਚਲੇ ਗਏ। ਕੁਝ ਦਿਨ ਬਾਅਦ ਗੁਰੂ ਸਾਹਿਬ ਨੇ ਕਿਹਾ। ਹੁਣ ਲੰਗਰ ਇਕ ਦਿਨ ਛਡ ਕੇ ਮਿਲਿਆ ਕਰੇਗਾ। ਤਾਂ ਭੁਖ ਨਾ ਸਹਾਰਦੇ ਹੋਏ, ਕਾਫ਼ੀ ਸਿਖ ਸਾਥ ਛਡ ਕੇ ਚਲੇ ਗਏ। ਜੋ ਬਾਕੀ ਰਹਿ ਗਏ, ਉਹਨਾਂ ਨੇ ਗੁਰੂ ਨੂੰ ਨਾ ਛਡਣ ਦਾ ਪ੍ਰਣ ਕੀਤਾ। ਸਿਖਾਂ ਦੀ ਮਿਹਨਤ ਦੇਖ ਕੇ ਗੁਰੂ ਸਾਹਿਬ ਨੇ ਰੋਜ਼ਾਨਾ ਲੰਗਰ ਛਕਣ ਦਾ ਹੁਕਮ ਜਾਰੀ ਕਰ ਦਿਤਾ। ਜਦੋਂ ਫ਼ਸਲ ਪਕ ਗਈ ਤਾਂ ਗੁਰੂ ਜੀ ਦਾ ਹੁਕਮ ਮੰਨ ਕੇ ਸਿਖਾਂ ਨੇ ਸਾਰੀ ਫ਼ਸਲ ਕਟ ਕੇ ਢੇਰ ਲਾ ਦਿਤੇ। ਗੁਰੂ ਸਾਹਿਬ ਦੇਖ ਕੇ ਬਹੁਤ ਖੁਸ਼ ਹੋਏ ਅਤੇ ਸਿਖਾਂ ਨੂੰ ਹੁਕਮ ਕੀਤਾ, ਕਿ ਲਾਲਚ ਕਰਣਾ ਚੰਗਾ ਨਹੀਂ ਹੈ, ਸਾਰੇ ਢੇਰਾਂ ਨੂੰ ਅਗ ਲਾ ਦਿਉ। ਸਿਖ ਹੈਰਾਨ ਹੋਏ, ਪਰ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਉਸੇ ਤਰ੍ਹਾਂ ਕੀਤਾ ਅਤੇ ਸਾਰੀ ਫ਼ਸਲ ਸੜ ਕੇ ਸਵਾਹ ਹੋ ਗਈ। ਫਿਰ ਗੁਰੂ ਜੀ ਨੇ ਇਕ ਕੌਤੁਕ ਹੋਰ ਰਚਿਆ ਅਤੇ ਜੋ ਸੰਗਤ ਬਾਕੀ ਰਹਿ ਗਈ ਸੀ, ਉਸਨੂੰ ਨਾਲ ਲੈ ਕੇ ਇਕ ਉਜਾੜ ਵਿਚ ਚਲੇ ਗਏ, ਜਿਥੇ ਇਕ ਮੁਰਦਾ ਢਕਿਆ ਹੋਇਆ ਸੀ। ਗੁਰੂ ਜੀ ਨੇ ਆਪਣੇ ਸਿਖਾਂ ਨੂੰ ਪਰਖਣ ਲਈ ਮੁਰਦਾ ਖਾਣ ਲਈ ਕਿਹਾ। ਸਾਰੇ ਸਿਖ ਡਰ ਕੇ ਭਜ ਗਏ, ਕੇਵਲ ਭਾਈ ਲਹਿਣਾ ਹੀ ਗੁਰੂ ਜੀ ਪਾਸ ਖੜਾ ਰਹਿ ਗਿਆ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਜਦੋਂ ਭਾਈ ਲਹਿਣੇ ਨੇ ਮੁਰਦੇ ਉਪਰੋਂ ਕਪੜਾ ਚੁਕਿਆ, ਤਾਂ ਉਹ ਕੜਾਹ-ਪ੍ਰਸ਼ਾਦ ਸੀ। ਭਾਈ ਲਹਿਣਾ ਆਪ ਦੀ ਵਡਿਆਈ ਕਰਣ ਲਗਾ, ਕਿ ਆਪ ਦੀ ਲੀਲਾ ਆਪ ਹੀ ਜਾਣਦੇ ਹੋ। ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਆਸੀਸਾਂ ਦਿਤੀਆਂ ਅਤੇ ਕਿਹਾ, ਕਿ ਤੂੰ ਮੇਰਾ ਸਰੂਪ ਹੋਵੇਂਗਾ ਅਤੇ ਤੂੰ ਜਗਤ ਗੁਰੂ ਹੋਵੇਂਗਾ। ਗੁਰੂ ਜੀ ਭਾਈ ਲਹਣੇ ਨੂੰ ਉਪਦੇਸ਼ ਦਿੰਦੇ ਹਨ, ਜਿਸ ਨਾਲ ਉਸ ਨੂੰ ਪੂਰਣ ਗਿਆਨ ਹੋ ਜਾਂਦਾ ਹੈ।

ਅੰਤ ਸਮੇਂ ਗੁਰੂ ਸਾਹਿਬ ਭਾਈ ਲਹਣੇ ਨੂੰ ਗੁਰਗਦੀ ਸੌਂਪ ਕੇ ਉਸ ਨੂੰ ਅੰਗਦ ਨਾਮ ਬਖ਼ਸ਼ਿਸ਼ ਕਰਦੇ ਹਨ ਅਤੇ 1596 ਵਿਕ੍ਰਮੀ ਅਸੁਨਿ ਵਦੀ ਦਸਮੀ ਨੂੰ ਸਚਖੰਡ ਜਾ ਬਿਰਾਜੇ। ਜਦੋਂ ਸੰਗਤ ਨੂੰ ਪਤਾ ਲਗਾ, ਤਾਂ ਹਿੰਦੂ ਕਹਿਣ ਲਗੇ, ਬਾਬਾ ਨਾਨਕ ਸਾਡਾ ਗੁਰੂ ਹੈ, ਅਸੀਂ ਹਿੰਦੂ ਰੀਤੀ ਨਾਲ ਸੰਸਕਾਰ ਕਰਣਾ ਹੈ। ਮੁਸਲਮਾਨ ਕਹਿਣ ਲਗੇ ਸਾਡਾ ਪੀਰ ਹੈ ਅਸੀਂ ਦਫ਼ਨਾਉਣਾ। ਉਹਨਾਂ ਨੇ ਜਦ ਕਨਾਤ ਵਿਚ ਜਾ ਕੇ ਦੇਖਿਆ ਤਾਂ ਹੈਰਾਨ ਰਹਿ ਗਏ, ਉਥੇ ਗੁਰੂ ਸਾਹਿਬ ਦੀ ਦੇਹ ਨਹੀਂ ਸੀ, ਸਿਰਫ਼ ਚਾਦਰ ਪਈ ਸੀ। ਚਾਦਰ ਨੂੰ ਅਧੀ-ਅਧੀ ਕਰਕੇ ਹਿੰਦੂਆਂ ਨੇ ਸੰਸਕਾਰ ਕਰ ਦਿਤਾ ਅਤੇ ਮੁਸਲਮਾਨਾਂ ਨੇ ਦਫ਼ਨਾ ਦਿਤਾ। ਕਥਾ-ਸਾਰ ਜਾਣਨ ਤੋਂ ਬਾਅਦ ਇਸ ਜਨਮਸਾਖੀ ਵਿਚਲੇ ਛੰਦਾਂ, ਸਰਗਾਂ ਇਤਿਆਦਿਕ ਬਾਰੇ ਜਾਣਕਾਰੀ ਨਿਮਨਲਿਖਿਤ ਅਨੁਸਾਰ ਹੈ-

ਇਹ ਜਨਮਸਾਖੀ ਕੁਲ 123 ਸਰਗਾਂ (ਸਾਖੀਆਂ ਜਾਂ ਅਧਿਆਇ) ਵਿਚ ਵੰਡੀ ਗਈ ਹੈ, ਜਿਸ ਦੇ ਦੋ ਭਾਗ ਹਨ। ਪਹਿਲੇ ਭਾਗ ਨੂੰ ਪੂਰਬਾਰਧ ਅਤੇ ਦੂਜੇ ਭਾਗ ਨੂੰ ਉਤ੍ਰਾਰਧ ਨਾਮ ਦਿਤਾ ਗਿਆ ਹੈ। ਇਸ ਵਿਚ ਕਵਿ ਨੇ ਦੋਹਰਾ, ਕਬਿਤ, ਨਿਸ਼ਾਨੀ, ਸ੍ਵੈਯਾ, ਸੋਰਠਾ, ਲਲਤ ਪਦ, ਸੰਕਰ, ਤਾਰਕਾ, ਰੁਦ੍ਰਤਾਲ, ਪਾਧੜੀ, ਅਰਿਲ, ਭੁਜੰਗ ਪ੍ਰਿਯਾਤ, ਰਤਾ, ਪਾਧਰੀ, ਛਪੈ ਕੁੰਡਲੀਆ, ਮੋਤੀ ਦਾਮ, ਸ੍ਰਗਣੀ, ਅੜਿਲ, ਸਿਖਰਣੀ, ਬੈਂਤ, ਚੰਚਲਾ, ਸਿਰਖੰਡੀ, ਗੀਤਕਾ, ਤੋਟਕਾ, ਉਟੰਙ, ਦੁਵੈਯਾ, ਚਾਮਰ, ਹਰਪਦ, ਹਰ ਗੀਤਕਾ, ਲਲਤ ਸੇਖਰ, ਬਰਵਾ ਅਤੇ ਅਮਲ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ। ਕਵਿ ਨੇ ਇਸ ਜਨਮਸਾਖੀ ਵਿਚ ਆਏ ਵਿਅਕਤੀਆਂ ਦੇ ਸੁਭਾਅ ਅਤੇ ਚਰਿਤਰ ਨੂੰ ਅਤਿ ਸੁੰਦਰ ਢੰਗ ਨਾਲ ਪਰਿਚਿਤ ਕਰਵਾਉਣ ਦਾ ਯਤਨ ਕੀਤਾ ਹੈ। 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਦੇ ਛੰਦਾਂ ਦੀ ਗਿਣਤੀ, ਅਧਿਆਇ ਅਤੇ ਪੰਨਿਆਂ ਦਾ ਵਿਵਰਣ ਨਿਮਨਲਿਖਿਤ ਅਨੁਸਾਰ ਹੈ-

**ਪੂਰਬਾਰਧ ਭਾਗ (ਪਹਿਲਾ ਭਾਗ)-**

ਜਨਮਸਾਖੀ ਦੇ ਪਹਿਲੇ ਭਾਗ ਨੂੰ ਪੂਰਬਾਰਧ ਭਾਗ ਦਾ ਨਾਮ ਦਿਤਾ ਗਿਆ ਹੈ। ਇਸ ਭਾਗ ਵਿਚ ਕੁਲ 65 ਸਾਖੀਆਂ ਦਰਜ ਹਨ। ਜਨਮਸਾਖੀ ਦਾ ਆਰੰਭ ਕਵਿ ਨੇ ਮੰਗਲਾਚਰਣ ਨਾਲ ਕੀਤਾ ਹੈ। ਹਰ

ਇਕ ਅਧਿਆਇ ਵਿਚ ਲਗਪਗ 30 ਦੇ ਕਰੀਬ ਛੰਦ ਹਨ, ਪਰ ਕਿਤੇ-ਕਿਤੇ ਇਹ ਗਿਣਤੀ 20 ਤੋਂ ਵੀ ਘਟ ਜਾਂਦੀ ਹੈ ਅਤੇ ਕਿਤੇ-ਕਿਤੇ 70 ਜਾਂ 100 ਤੋਂ ਵੀ ਜ਼ਿਆਦਾ ਚਲੀ ਜਾਂਦੀ ਹੈ। ਕਵਿ ਦੁਆਰਾ ਜਨਮਸਾਖੀ ਦੇ ਸਾਰੇ ਅਧਿਆਇ ਨੂੰ ਵਖ-ਵਖ ਸਿਰਲੇਖ ਵੀ ਦਿਤੇ ਗਏ ਹਨ, ਜਿਵੇਂ ਕਿ ਮੰਗਲਾਚਰਣ, ਕਵਿ ਕੁਲ ਨ੍ਰਿਪ ਨਾਮ ਵਰਣਨ, ਜਨਮ ਪਤ੍ਰੀ ਲਯਾਵਨ, ਗੁਰ ਜਨਮ ਪ੍ਰਸੰਗ ਆਦਿ। ਪੂਰਬਾਰਧ ਭਾਗ ਦੇ ਛੰਦਾਂ, ਅਧਿਆਇ ਅਤੇ ਪੰਨਿਆਂ ਦਾ ਵਿਵਰਣ ਨਿਮਨਲਿਖਿਤ ਅਨੁਸਾਰ ਹੈ-

| **ਅਧਿਆਇ** | **ਅਧਿਆਇ ਦਾ ਨਾਮ** | **ਛੰਦਾਂ ਦੀ ਕੁਲ ਗਿਣਤੀ** | **ਪੰਨਾ** |
|---|---|---|---|
| 1 | ਮੰਗਲਾਚਰਨ, ਕਵਿ ਕੁਲ ਨ੍ਰਿਪ ਨਾਮ ਵਰਣਨ | 32 | 29-33 |
| 2 | ਜਨਮ ਪਤ੍ਰੀ ਲਯਾਵਨ | 26 | 33-35 |
| 3 | ਗੁਰ ਜਨਮ ਪ੍ਰਸੰਗ | 27 | 35-39 |
| 4 | ਨਾਮ ਧਰਨ | 27 | 39-42 |
| 5 | ਬਾਲਕ ਲੀਲਾ | 34 | 42-47 |
| 6 | ਗੋਪਾਲ ਪਾਂਧੇ ਉਪਦੇਸ | 22 | 47-50 |
| 7 | ਬਾਲ ਲੀਲਾ ਬਰਨਨ | 23 | 50-53 |
| 8 | ਮੁਲਾਨੇ ਉਪਦੇਸ | 26 | 53-57 |
| 9 | ਜੰਞੂ ਪਾਵਨ ਤਥਾ ਸੁਰਭੀ ਚਾਰਨ ਪ੍ਰਸੰਗ | 44 | 57-61 |
| 10 | ਧੈਨ ਚਾਰਨ ਸਰਪ ਛਾਯਾ ਪ੍ਰਸੰਗ | 18 | 61-64 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 11 | ਖੇਤੀ ਕਰਨ ਤਥਾ ਬ੍ਰਿਛ ਛਾਯਾ ਪ੍ਰਸੰਗ | 25 | 64-68 |
| 12 | ਬੈਦ ਪ੍ਰਸੰਗ | 29 | 68-72 |
| 13 | ਤਪਸੀਅਨ ਪ੍ਰਸੰਗ | 34 | 72-77 |
| 14 | ਕਾਲੂ ਬੁਲਾਰ ਪ੍ਰਸੰਗ | 46 | 77-81 |
| 15 | ਸੁਲਤਾਨਪੁਰ ਜਾਵਨ ਪ੍ਰਸੰਗ | 29 | 81-84 |
| 16 | ਮੋਦੀ ਖਾਨਾ ਲੈਨ ਪ੍ਰਸੰਗ | 40 | 84-87 |
| 17 | ਲੇਖਾ ਕਰਨ ਪ੍ਰਸੰਗ | 45 | 87-93 |
| 18 | ਸਗਾਈ ਪ੍ਰਸੰਗ | 47 | 93-97 |
| 19 | ਹਿਸਾਬ ਕਰਨ ਪ੍ਰਸੰਗ | 33 | 97-100 |
| 20 | ਬਿਵਾਹ ਪ੍ਰਸੰਗ | 81 | 100-111 |
| 21 | ਸੁਲਖਨੀ ਪ੍ਰਸੰਗ | 52 | 111-119 |
| 22 | ਸ਼੍ਰੀ ਚੰਦ ਜੀ ਜਨਮ ਪ੍ਰਸੰਗ | 35 | 119-123 |
| 23 | ਭਗੀਰਥ ਮਨਸੁਖ ਪ੍ਰਸੰਗ | 63 | 123-130 |
| 24 | ਬੇਂਈ ਪ੍ਰਵੇਸ ਮੋਦੀ ਖਾਨਾ ਤਜਨ ਪ੍ਰਸੰਗ | 38 | 130-136 |
| 25 | ਮੂਲੇ ਪ੍ਰਸੰਗ | 24 | 136-140 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 26 | ਨਬਾਬ ਪ੍ਰਸੰਗ | 37 | 140-146 |
| 27 | ਮਸੀਤ ਪ੍ਰਸੰਗ | 30 | 146-150 |
| 28 | ਮੂਲੇ ਪ੍ਰਸੰਗ | 31 | 150-155 |
| 29 | ਮਰਦਾਨੇ ਪ੍ਰਸੰਗ | 39 | 156-161 |
| 30 | ਰਬਾਬ ਲਯਾਵਨ ਪ੍ਰਸੰਗ | 44 | 161-165 |
| 31 | ਬਿਦਾ ਹੋਨ ਪ੍ਰਸੰਗ | 36 | 165-169 |
| 32 | ਸ੍ਰੇਤਨ ਸਦੇਹ ਨਿਵਾਰਨ ਪ੍ਰਸੰਗ | 45 | 169-173 |
| 33 | ਲਾਲੋ ਪ੍ਰਸੰਗ | 53 | 173-177 |
| 34 | ਏਮਨਾਬਾਦ ਪ੍ਰਸੰਗ | 40 | 177-181 |
| 35 | ਤਲਵੰਡੀ ਆਵਨ ਪ੍ਰਸੰਗ | 28 | 181-185 |
| 36 | ਬੁਲਾਰ ਪ੍ਰਸੰਗ | 27 | 185-189 |
| 37 | ਤਲਵੰਡੀ ਪ੍ਰਸੰਗ | 16 | 189-192 |
| 38 | ਬੁਲਾਰ ਉਪਦੇਸ ਤਥਾ ਦਾਸੀ ਪ੍ਰਸੰਗ | 35 | 192-197 |
| 39 | ਤਲਵੰਡੀ ਤੇ ਬਿਦਾ ਹੋਨ ਪ੍ਰਸੰਗ | 33 | 197-200 |
| 40 | ਕਾਵਰੂ ਦੇਸ ਪ੍ਰਸੰਗ | 32 | 200-203 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 41 | ਸੰਗਲਾ ਦੀਪ ਪ੍ਰਸੰਗ | 40 | 203-210 |
| 42 | ਸੰਗਲਾਦੀਪ ਰਾਜੇ ਸਿਵਨਾਭ ਪ੍ਰਸੰਗ | 16 | 210-212 |
| 43 | ਤ੍ਰਿਯਾ ਰਾਜ ਉਪਦੇਸ ਬਰਨਨ | 45 | 213-217 |
| 44 | ਭਰਥਰੀ ਤਥਾ ਕੌਡੇ ਰਾਕਸ ਪ੍ਰਸੰਗ | 74 | 217-224 |
| 45 | ਸਾਲਸ ਰਾਇ ਜ੍ਹਹਰੀ ਪ੍ਰਸੰਗ | 76 | 224-232 |
| 46 | ਮਛ ਕਲ ਨਾਰਦ ਸ੍ਰੋਤਨ ਪ੍ਰਸਨ ਪ੍ਰਸੰਗ | 72 | 232-237 |
| 47 | ਨ੍ਰਿਪ ਸੁਧਰ ਸੈਨ ਪ੍ਰਸੰਗ | 100 | 237-244 |
| 48 | ਨ੍ਰਿਪ ਮਧੁਰ ਬੈਨ ਪ੍ਰਸੰਗ | 46 | 244-248 |
| 49 | ਨ੍ਰਿਪ ਦੇਵਲੂਤ ਰਾਕਸ ਪ੍ਰਸੰਗ | 77 | 248-254 |
| 50 | ਬਾਨ ਮਾਨਸ ਤਥਾ ਰਾਕਸ ਉਧਾਰ ਪ੍ਰਸੰਗ | 57 | 254-258 |
| 51 | ਕਮਲ ਨੈਨ ਪ੍ਰਸੰਗ | 101 | 258-265 |
| 52 | ਮਕੇ ਮਾਰਗ ਪ੍ਰਸੰਗ | 59 | 265-270 |
| 53 | ਮਕੇ ਪ੍ਰਸੰਗ | 64 | 270-276 |
| 54 | ਮਕੇ ਮਦੀਨੇ ਪ੍ਰਸੰਗ | 41 | 276-280 |
| 55 | ਸੁਲਤਾਨਪੁਰ ਤਥਾ ਮਰਦਾਨੇ ਪ੍ਰਸੰਗ | 40 | 280-284 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 56 | ਸਿਧਨ ਚਰਚਾ ਪ੍ਰਸੰਗ | 92 | 284-292 |
| 57 | ਸਿਧਨ ਚਰਚਾ ਪ੍ਰਸੰਗ | 75 | 292-298 |
| 58 | ਸਿਧਨ ਚਰਚਾ | 71 | 298-306 |
| 59 | ਸਿਧਨ ਚਰਚਾ | 61 | 306-313 |
| 60 | ਸਿਧਨ ਤੇ ਬਿਦਾ ਹੋਨ ਪ੍ਰਸੰਗ | 68 | 313-319 |
| 61 | ਕਾਕਭ ਸੁੰਡ ਦੱਤਾ ਤ੍ਰੈ ਪ੍ਰਸੰਗ | 76 | 319-324 |
| 62 | ਭਗਤ ਪ੍ਰਹਲਾਦ ਪ੍ਰਸੰਗ | 115 | 324-332 |
| 63 | ਬਰਾਹਵਤਾਰ ਪ੍ਰਸੰਗ | 90 | 332-339 |
| 64 | ਧਰੁਵ ਪ੍ਰਸੰਗ | 104 | 339-346 |
| 65 | ਹਰਿ ਦਰਸਨ ਪ੍ਰਸੰਗ | 61 | 346-351 |

## ਉਤ੍ਰਾਰਧ ਭਾਗ (ਦੂਜਾ ਭਾਗ)

ਦੂਜੇ ਭਾਗ ਨੂੰ ਉਤ੍ਰਾਰਧ ਭਾਗ ਦਾ ਨਾਮ ਦਿਤਾ ਗਿਆ ਹੈ, ਇਸ ਵਿਚ ਕੁਲ 58 ਸਾਖੀਆਂ (ਅਧਿਆਇ) ਦਰਜ ਹਨ। ਇਸ ਭਾਗ ਦਾ ਆਰੰਭ ਕਵਿ ਗੁਰੂ ਸਾਹਿਬ ਦੇ ਉਦਾਸੀਆਂ ਦੌਰਾਨ ਰਿਸ਼ੀਆਂ ਨਾਲ ਮੁਲਾਕਾਤ ਨਾਲ ਕਰਦਾ ਹੈ। ਇਸ ਭਾਗ ਵਿਚ ਦਰਜ ਅਧਿਆਵਾਂ ਵਿਚ ਛੰਦਾਂ ਦੀ ਗਿਣਤੀ ਔਸਤਨ 50 ਕੁ ਦੇ ਕਰੀਬ ਹੈ। ਪਰ ਕਿਤੇ-ਕਿਤੇ ਇਹ ਗਿਣਤੀ 100 ਛੰਦਾਂ ਤਕ ਵੀ ਚਲੀ ਜਾਂਦੀ ਹੈ ਅਤੇ ਕਿਤੇ-ਕਿਤੇ 30 ਤੋਂ ਵੀ ਘਟ ਰਹਿ ਜਾਂਦੀ ਹੈ। ਇਸ ਭਾਗ ਦੀ ਸਮਾਪਤੀ ਕਵਿ ਨੇ ਗੁਰੂ ਨਾਨਕ ਸਾਹਿਬ ਦੇ ਸਚ ਖੰਡ ਨਿਵਾਸ ਨਾਲ ਕੀਤੀ ਹੈ ਅਤੇ ਨਾਲ ਹੀ ਜਨਮਸਾਖੀ ਦੀ ਉਪਮਾ ਕਰਦਿਆਂ ਇਸ ਨੂੰ ਪੜ੍ਹਣ ਦਾ

ਮਹਾਤਮ ਵੀ ਦਸਿਆ ਹੈ। ਉਤ੍ਰਾਰਧ ਭਾਗ ਦੇ ਛੰਦਾਂ, ਅਧਿਆਵਾਂ ਅਤੇ ਪੰਨਿਆਂ ਦਾ ਵਿਵਰਣ ਨਿਮਨਲਿਖਤ ਅਨੁਸਾਰ ਹੈ-

| **ਅਧਿਆਇ** | **ਅਧਿਆਇ ਦਾ ਨਾਮ** | **ਛੰਦਾਂ ਦੀ ਕੁਲ ਗਿਣਤੀ** | **ਪੰਨਾ** |
|---|---|---|---|
| 1 | ਰਿਖੀਯਨ ਪ੍ਰਸੰਗ | 65 | 355-360 |
| 2 | ਖੰਡਨ ਪ੍ਰਸੰਗ | 73 | 360-365 |
| 3 | ਭਾਰਤ ਖੰਡ ਆਵਨ ਪ੍ਰਸੰਗ | 82 | 365-371 |
| 4 | ਦੁਨੀ ਚੰਦ ਮਿਲਨ ਤਥਾ ਤਲਵੰਡੀ ਪ੍ਰਸੰਗ | 62 | 371-376 |
| 5 | ਮਾਤ ਪਿਤਾ ਮਿਲਨ ਪ੍ਰਸੰਗ | 38 | 376-381 |
| 6 | ਕਾਲੂ ਕੋ ਉਪਦੇਸ ਗਤਿ ਕਰਨ ਪ੍ਰਸੰਗ | 66 | 381-386 |
| 7 | ਕੁਰਖੇਤ੍ਰ ਪ੍ਰਸੰਗ | 63 | 386-392 |
| 8 | ਗੰਗਾ ਪ੍ਰਸੰਗ | 71 | 392-397 |
| 9 | ਬ੍ਰਿਜ ਅਜੁਧਿਆ ਕਾਂਸੀ ਪ੍ਰਸੰਗ | 102 | 397-405 |
| 10 | ਜਗੰਨਾਥ ਕਲਜੁਗ ਪ੍ਰਸੰਗ | 99 | 405-413 |
| 11 | ਮੁਨਾਫਕ ਦੇਸ ਪ੍ਰਸੰਗ | 64 | 413-418 |
| 12 | ਸਿੰਧ ਤੀਰ ਗ੍ਰਾਮਨ ਤਥਾ ਹਾਰੂ ਦੇਸ ਪ੍ਰਸੰਗ | 81 | 418-424 |
| 13 | ਭਟੰਤ ਤਥਾ ਅਪਰਦੇਸਨ ਪ੍ਰਸੰਗ | 67 | 424-429 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 14 | ਕਸਮੀਰ ਕਾਬਲ ਪ੍ਰਸੰਗ | 66 | 429-433 |
| 15 | ਪਠਾਣਨ ਪ੍ਰਸੰਗ | 85 | 433-439 |
| 16 | ਸੁਲਤਾਨ ਬਪਾਰੀ ਬੰਚਕ ਪ੍ਰਸੰਗ | 75 | 439-445 |
| 17 | ਭੋਮੀਏ ਚੋਰ ਪ੍ਰਸੰਗ | 51 | 445-450 |
| 18 | ਕਾਰੂ ਪ੍ਰਸੰਗ | 62 | 450-456 |
| 19 | ਹਫਸ ਬਲਾਯਤ ਤਥਾ ਸ੍ਰੀ ਰਾਮ ਚੰਦ੍ਰ ਪ੍ਰਸੰਗ | 80 | 456-463 |
| 20 | ਲੰਕਾ ਪ੍ਰਸੰਗ | 51 | 463-468 |
| 21 | ਦੀਪਨ ਪ੍ਰਸੰਗ | 67 | 468-473 |
| 22 | ਨਾਨਕ ਮਤੇ ਪ੍ਰਸੰਗ | 45 | 473-479 |
| 23 | ਦਿਲੀ ਪ੍ਰਸੰਗ ਤਥਾ ਮਰਦਾਨੇ ਕੀ ਪੂਜਾ ਕਰਾਵਨ ਬਰਨਨ | 32 | 479-483 |
| 24 | ਬੁਢਣ ਸਾਹ ਪ੍ਰਸੰਗ | 40 | 483-488 |
| 25 | ਦਿਜ ਤਥਾ ਜੁਗ ਗ੍ਰਾਮਨ ਪ੍ਰਸੰਗ | 31 | 489-494 |
| 26 | ਸਾਹੂਕਾਰ ਪ੍ਰਸੰਗ | 31 | 494-499 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 27 | ਸੰਤਨ ਪ੍ਰਸੰਗ | 34 | 499-504 |
| 28 | ਬਾਬਰ ਜੁੱਧ ਪ੍ਰਸੰਗ | 35 | 504-510 |
| 29 | ਬਾਬਰ ਕੋ ਪ੍ਰਸੰਗ | 27 | 510-517 |
| 30 | ਗੁਰ ਸਸੁਰ ਗ੍ਰਿਹ ਪ੍ਰਸੰਗ | 47 | 517-523 |
| 31 | ਕਰਤਾਰਪੁਰ ਬਸਾਵਨ ਕਰੋੜੀ ਖਤ੍ਰੀ ਦਿਜ ਕਰਮ ਕਾਂਡੀ ਪ੍ਰਸੰਗ | 34 | 523-528 |
| 32 | ਮੂਲੇ ਸਹੁ ਸੋਹਾਗਣ ਜਲਾਲ ਪ੍ਰਸੰਗ | 38 | 528-533 |
| 33 | ਜਲਾਲ ਪ੍ਰਸੰਗ | 28 | 533-537 |
| 34 | ਬਲੀ ਕੰਧਾਰੀ ਤਥਾ ਸੇਖ ਬ੍ਰਹਮ ਪ੍ਰਸੰਗ | 47 | 537-545 |
| 35 | ਬਗਦਾਦ ਪ੍ਰਸੰਗ | 32 | 545-549 |
| 36 | ਮਰਦਾਨੇ ਕੇ ਪੁਤ੍ਰ ਸਹਜਾਦੇ ਸਜਣ ਠਗ ਪ੍ਰਸੰਗ | 50 | 549-556 |
| 37 | ਕੰਧਾਰ ਮੈ ਸਿੱਖਨ ਉਧਾਰ ਪ੍ਰਸੰਗ | 31 | 556-561 |
| 38 | ਮੁਲਤਾਨ ਪੀਰਨ ਪ੍ਰਸੰਗ | 22 | 561-564 |
| 39 | ਸਹੁ ਸੋਹਾਗਣ ਬਾਲ ਗੁੰਦਾਈ ਮੂਲੇ ਪ੍ਰਸੰਗ | 48 | 564-571 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 40 | ਸਿਧਨ ਚਰਚਾ ਪ੍ਰਸੰਗ | 40 | 571-576 |
| 41 | ਸਿਧਨ ਤਥਾ ਮਾਲੋ ਸੇਖ ਪ੍ਰਸੰਗ | 28 | 576-581 |
| 42 | ਅਦ੍ਰਮਾਨ ਪ੍ਰਸੰਗ | 39 | 581-586 |
| 43 | ਸਿਖਨ ਉਪਦੇਸ ਕਰ ਨਿਹਾਲ ਕਰਬੋ ਬਰਨਨ | 39 | 586-592 |
| 44 | ਸਿਖਨ ਉਪਦੇਸ ਪ੍ਰਸੰਗ | 38 | 592-597 |
| 45 | ਸਿਖਨ ਭਾਉ ਦੇਖਨ ਪ੍ਰਸੰਗ | 38 | 597-602 |
| 46 | ਸਿਖਨ ਪ੍ਰਸੰਗ | 35 | 602-607 |
| 47 | ਭਾਈ ਬੁਢੇ ਕੋ ਪ੍ਰਸੰਗ | 34 | 607-612 |
| 48 | ਸ੍ਰੀ ਅੰਗਦੁ ਪ੍ਰਸੰਗ | 46 | 612-618 |
| 49 | ਸ੍ਰੀ ਅੰਗਦ ਪ੍ਰਸੰਗ | 33 | 618-622 |
| 50 | ਗੁਰ ਤਪ ਕਰਨ ਪ੍ਰਸੰਗ | 35 | 622-627 |
| 51 | ਸਿਖੀ ਪਰਖਨ ਪ੍ਰਸੰਗ | 41 | 627-633 |
| 52 | ਲਹਣੇ ਉਪਦੇਸ ਪ੍ਰਸੰਗ | 39 | 633-639 |
| 53 | ਸ੍ਰੀ ਅੰਗਦ ਤਖਤ ਦੈਨ ਪ੍ਰਸੰਗ | 47 | 639-645 |

| ਅਧਿਆਇ | ਅਧਿਆਇ ਦਾ ਨਾਮ | ਛੰਦਾਂ ਦੀ ਕੁਲ ਗਿਣਤੀ | ਪੰਨਾ |
|---|---|---|---|
| 54 | ਸਿਖਨ ਉਪਦੇਸ ਪ੍ਰਸੰਗ | 37 | 645-650 |
| 55 | ਸਮਾਵਨ ਪ੍ਰਸੰਗ | 42 | 650-655 |
| 56 | ਸਮਾਵਨੇ ਕੋ ਪ੍ਰਸੰਗ | 32 | 655-660 |
| 57 | ਸਮਾਵਨੇ ਕੋ ਪ੍ਰਸੰਗ | 35 | 660-664 |
| 58 | ਸ੍ਰੀ ਗੁਰੂ ਨਾਨਕ ਕੋ ਸਚ ਖੰਡ ਧਯਾਨ ਬਰਨਨ | 43 | 664-670 |

ਉਪਰੋਕਤ ਚਰਚਾ ਅਨੁਸਾਰ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਦੇ ਵਿਭਿੰਨ ਅਧਿਆਇ ਅਤੇ ਛੰਦਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਕਿਉਂਕਿ ਪ੍ਰਕਾਸ਼ਿਤ ਜਨਮਸਾਖੀ ਵਿਚ ਇਹ ਸੂਚੀ ਪਤ੍ਰਿਕਾ ਅੰਕਿਤ ਨਹੀਂ ਕੀਤੀ ਗਈ ਸੀ। ਜਿਸ ਅਨੁਸਾਰ ਇਸ ਜਨਮਸਾਖੀ ਦੇ ਪੂਰਬਾਰਧ ਭਾਗ ਦੇ 65 ਅਤੇ ਉਤ੍ਰਾਰਧ ਭਾਗ 58 ਅਧਿਆਇ ਸਮੇਤ ਇਸ ਵਿਚ ਕੁਲ 123 ਅਧਿਆਇ ਸ਼ਾਮਿਲ ਹਨ। ਇਸ ਤੋਂ ਇਲਾਵਾ ਪੂਰਬਾਰਧ ਭਾਗ ਦੇ 3147 ਛੰਦ ਅਤੇ ਉਤ੍ਰਾਰਧ ਭਾਗ ਦੇ 2843 ਛੰਦਾਂ ਸਮੇਤ ਕੁਲ 5990 ਛੰਦ ਦਰਜ ਹਨ।

ਸੋ ਉਪਰੋਕਤ ਅਨੁਸਾਰ ਕਵਿ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖਿਪਿਤ ਚਰਚਾ ਕੀਤੀ ਗਈ ਹੈ। ਕਵਿ ਅਤੇ ਉਸ ਦੀਆਂ ਰਚਨਾਵਾਂ ਦੀ ਵਖ-ਵਖ ਪੁਸਤਕਾਂ ਵਿਚ ਹੋਈ ਚਰਚਾ ਤੋਂ ਅਸੀਂ ਦੇਖਿਆ ਕਿ ਅਕਾਦਮਿਕ ਪਧਰ 'ਤੇ ਕਿਸੇ ਉਪਾਧੀ ਹਿਤ ਹੁਣ ਤਕ ਸਿਰਫ਼ ਇਕ ਹੀ ਖੋਜ ਕਾਰਜ ਸਾਡੇ ਦ੍ਰਿਸ਼ਟੀਗੋਚਰ ਹੋਇਆ ਹੈ। ਇਸ ਦੇ ਕਥਾ-ਸਾਰ ਤੋਂ ਅਸੀਂ ਜਨਮਸਾਖੀ ਵਿਚਲੀ ਗਾਥਾ ਨੂੰ ਸਹਿਜ ਹੀ

ਜਾਣਨ ਦਾ ਯਤਨ ਕੀਤਾ ਹੈ। ਅੰਤ ਵਿਚ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਦਰਜ ਸਾਰੇ ਅਧਿਆਇ ਅਤੇ ਛੰਦਾਂ ਆਦਿ ਬਾਰੇ ਸੂਚੀ ਤਿਆਰ ਕੀਤੀ ਗਈ ਹੈ।

ਸਿਖ ਧਰਮ ਦੇ ਇਤਿਹਾਸ ਨੂੰ ਬਹੁਤ ਸਾਰੇ ਲੇਖਕਾਂ ਨੇ ਆਪਣੇ-ਆਪਣੇ ਢੰਗ ਨਾਲ ਲਿਖਣ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ-ਗਾਥਾ ਲਿਖਣ ਦਾ ਆਰੰਭ ਜਨਮਸਾਖੀਆਂ ਤੋਂ ਹੋਇਆ। ਵਿਚਾਰਾਧੀਨ ਵਿਸ਼ਯ ਦਾ ਆਧਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਇਕ ਮਹਤਵਪੂਰਣ ਕਾਵਿਆਤਮਕ ਸਾਖੀ ਪੁਸਤਕ ਹੈ। ਜੇਕਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਗ੍ਰੰਥਾਂ ਬਾਰੇ ਵਿਚਾਰ ਕਰੀਏ, ਤਾਂ ਨਿਸ਼ਚਿਤ ਹੀ ਇਕ ਲੰਮੀ ਸੂਚੀ ਤਿਆਰ ਹੋ ਜਾਂਦੀ ਹੈ। ਸ੍ਰੀ ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਗ੍ਰੰਥਾਂ ਵਿਚੋਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ, ਵਿਲਾਇਤ ਵਾਲੀ ਜਨਮਸਾਖੀ, ਜਨਮਸਾਖੀ ਸੋਢੀ ਮਿਹਰਬਾਨ, ਜਨਮਸਾਖੀ ਭਾਈ ਬਾਲਾ, ਜਨਮਸਾਖੀ ਭਾਈ ਮਨੀ ਸਿੰਘ, ਸ੍ਰੀ ਨਾਨਕ ਚੰਦ੍ਰ ਚੰਦ੍ਰਕਾ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਆਦਿ ਅਜਿਹੀਆਂ ਰਚਨਾਵਾਂ ਹਨ, ਜਿਨ੍ਹਾਂ ਨੂੰ ਸ੍ਰੋਤ-ਪੁਸਤਕਾਂ ਕਹਿਣ ਵਿਚ ਕੋਈ ਅਤਿਕਥਨੀ ਨਹੀਂ। ਇਨ੍ਹਾਂ ਮਹਤਵਪੂਰਣ ਰਚਨਾਵਾਂ ਵਿਚ ਹੀ ਗਣੇਸ਼ ਸਿੰਘ ਬੇਦੀ ਦੀ ਰਚਨਾ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਵੀ ਰਖੀ ਜਾ ਸਕਦੀ ਹੈ।

**ਗੁਰੂ ਨਾਨਕ ਸੂਰਜੋਦੇ ਜਨਮਸਾਖੀ ਵਿਚ ਵਰਣਿਤ ਇਤਿਹਾਸਿਕ ਸਾਮਗ੍ਰੀ ਦੇ ਆਧਾਰ ਸ੍ਰੋਤ-**

ਗਣੇਸ਼ ਸਿੰਘ ਬੇਦੀ ਇਕ ਕਵਿ ਦੇ ਨਾਲ ਇਤਿਹਾਸਕਾਰ ਵੀ ਸੀ। ਕਵਿ ਨੇ ਇਸ ਜਨਮਸਾਖੀ ਲਈ ਜਿਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੀਆਂ ਕੜੀਆਂ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਕਵਿ ਨੇ ਆਪਣੇ ਸਮੇਂ ਵਿਚ ਉਪਲਬਧ ਇਤਿਹਾਸਿਕ/ਪੌਰਾਣਿਕ ਸ੍ਰੋਤਾਂ ਦਾ ਉਪਯੋਗ ਕੀਤਾ ਹੈ, ਜਿਨ੍ਹਾਂ ਦਾ ਖੇਤ੍ਰ, ਵੇਦ, ਪੁਰਾਣ, ਰਾਮਾਇਣ, ਮਹਾਭਾਰਤ ਆਦਿ ਆਰੀਆ ਗ੍ਰੰਥਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਅਤੇ ਹੋਰ ਸਿਖ ਸਾਹਿਤ ਨਾਲ ਜੁੜ ਜਾਂਦਾ ਹੈ। ਕਵਿ ਨੇ 'ਭਾਈ ਬਾਲਾ ਵਾਲੀ ਜਨਮਸਾਖੀ' ਅਤੇ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਕ੍ਰਿਤ 'ਸ੍ਰੀ ਗੁਰੁ ਨਾਨਕ ਪ੍ਰਕਾਸ਼' ਦਾ ਉਲੇਖ ਆਪ ਕੀਤਾ ਹੈ। 'ਭਾਈ ਬਾਲਾ ਵਾਲੀ ਜਨਮਸਾਖੀ' ਬਾਰੇ ਕਵਿ ਇੰਞ ਲਿਖਦਾ ਹੈ-

ਬਾਲਾ ਮੁਖ ਭਾਖਤ ਭਯੋ ਪੈੜੇ ਲਿਖ ਲੀਨੀ॥

ਲਿਖਵਾਈ ਅੰਗਦ ਗੁਰੂ ਸਰਧਾ ਮਤ ਭੀਨੀ॥25॥

ਜਗ ਨਿਸਤਾਰਨ ਕੇ ਲਿਯੇ ਕੀਨੇ ਉਪਕਾਰਾ॥

ਪਢ ਸੁਨ ਕਰ ਕਲ ਮੈ ਸਨੇ ਉਤਰੇਗੇ ਪਾਰਾ॥

ਰਚਯੋ ਛੰਦਨ ਮੈ ਤਿਸੈ ਨਿਜ ਮਤਿ ਅਨੁਸਾਰੀ॥

ਵਾਹਗੁਰੂ ਮੁਖ ਤੇ ਭਨੋ ਜੋ ਚਹਤ ਉਬਾਰੀ॥26॥[1]

ਇਸੇ ਪ੍ਰਕਾਰ ਭਾਈ ਗਣੇਸ਼ ਸਿੰਘ ਬੇਦੀ ਨੇ ਆਪਣੀ ਰਚਨਾ ਦਾ ਦੂਜਾ ਮੁਖ ਸ੍ਰੋਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਨੂੰ ਆਪ ਦਰਸਾਇਆ ਹੈ। ਪਰ ਨਾਲ ਹੀ ਗੁਰੂ-ਲੀਲਾ ਨਾਲ ਸੰਬੰਧਿਤ ਹੋਰ ਗ੍ਰੰਥਾਂ ਦੀ ਵਰਤੋਂ ਕਰਣ ਦਾ ਵੀ ਜ਼ਿਕਰ ਕੀਤਾ ਹੈ। 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਵਿਚ ਇਸ ਦਾ ਉਲੇਖ ਇਸ ਪ੍ਰਕਾਰ ਮਿਲਦਾ ਹੈ-

ਰਚਜੋ ਜੁ ਸਿੰਘ ਸੰਤੋਖ ਜੂ ਨਾਨਕ ਪਰਕਾਸਾ॥

ਗੁਰ ਲੀਲਾ ਕੇ ਗ੍ਰੰਥ ਜੇ ਅਵਰੇ ਸੁਖਰਾਸਾ॥37॥

ਬਰਨੀ ਤਿਨ ਅਨੁਸਾਰ ਮੈਂ ਯਹ ਕਥਾ ਰਸਾਲਾ॥

ਨਹਿ ਕਵਿ ਜਨ ਪਠ ਰਿਸ ਕਰੋ ਲਖ ਚੂਕ ਬਿਸਾਲਾ॥[2]

ਇਤਿਹਾਸਿਕ ਪੁਸਤਕਾਂ ਤੋਂ ਭਿੰਨ ਕਵਿ ਗੁਰੁਬਾਣੀ ਦਾ ਵੀ ਸੁਘੜ ਗਿਆਤਾ ਸੀ। ਕਵਿ ਨੇ ਆਪਣੀ ਇਸ ਕ੍ਰਿਤੀ ਵਿਚ ਬਹੁਤ ਥਾਂਵਾਂ 'ਤੇ ਗੁਰੁਬਾਣੀ ਦੇ ਸ਼ਬਦਾਂ ਦੇ ਅਰਥ ਵੀ ਕੀਤੇ ਹਨ ਜਾਂ ਕਹਿ ਲਈਏ ਕਿ ਪ੍ਰਸੰਗ-ਸੰਬੰਧਿਤ ਸ਼ਬਦਾਂ ਦੀ ਗੁਰੁਬਾਣੀ ਸ੍ਰੋਤਿਆਂ ਲਈ ਸਰਲ ਵਿਆਖਿਆ ਕਰਣ ਦਾ ਵੀ ਯਤਨ ਕੀਤਾ ਹੈ, ਤਾਂ ਕਿ ਇਤਿਹਾਸ ਦੇ ਨਾਲ-ਨਾਲ ਗੁਰੂ ਜੀ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਦਾ ਖ਼ੁਲਾਸਾ ਕੀਤਾ ਜਾ ਸਕੇ। ਉਦਾਹਰਣ ਲਈ ਮਸੀਤ ਵਿਚ ਕਾਜ਼ੀ ਨੂੰ ਉਪਦੇਸ਼ ਦਿੰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ-

ਮ ੧

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥

ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥

---

[1] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 35.

[2] ਉਹੀ, ਪੰਨਾ 669.

ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥

ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥

ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥[3]

ਇਸ ਦੀ ਵਿਆਖਿਆ ਕਰਦਿਆਂ ਜਨਮਸਾਖੀ ਵਿਚ ਇੰਞ ਵਰਣਨ ਕੀਤਾ ਹੈ-

ਬਿਕਸ ਬਦਨ ਬੋਲੇ ਸੁਪ ਧਾਮੰ॥ ਪੰਜ ਨਿਵਾਜਾ ਪੰਜੇ ਨਾਮੰ॥

ਪ੍ਰਿਥਮ ਨਿਵਾਜ ਭਨੈ ਸਚ ਬੈਨਾ॥ ਦੂਜੇ ਘਾਲ ਖਾਇ ਕਰ ਚੈਨਾ॥14॥

ਤੀਜੈ ਸਬ ਕੋ ਭਲਾ ਬਿਚਾਰੈ॥ ਬੁਰਾ ਨ ਚਿਤਵੈ ਸੁਕਰ ਗੁਜਾਰੈ॥

ਚੌਥੇ ਮਨ ਕੋ ਰਾਸ ਕਰੀਜੈ॥ ਬਿਨਾ ਬੰਦਗੀ ਆਨ ਨ ਭੀਜੈ॥15॥

ਪੰਚਮ ਸਿਫਤ ਖੁਦਾਇ ਉਚਾਰੈ॥ ਉਰ ਮੈ ਅਪਨਾ ਆਪ ਬਿਚਾਰੈ॥

ਕੌਨ ਬਸਤੁ ਮੈ ਕਹਾ ਮਮ ਮੂਲਾ॥ ਇਹ ਬਿਧ ਹੋਇ ਪ੍ਰਭੂ ਅਨਕੂਲਾ॥16॥

ਕਰਣੀ ਕਲਮਾ ਪਢੈ ਸੁਜਾਨਾ॥ ਮੁਸਲਮਾਨ ਸੋਇ ਪਰਵਾਨਾ॥

ਬਹੁਰੋ ਸ੍ਰੀ ਗੁਰ ਤਿਨ ਕੇ ਹੇਤਾ॥ ਅਪਰ ਸਲੋਕ ਭਨਯੋ ਕਰ ਹੇਤਾ॥17॥[4]

ਕਵਿ ਆਪਣੇ ਵਿਵੇਕ ਨਾਲ ਗੁਰਬਾਣੀ ਅਤੇ ਇਤਿਹਾਸ ਦੀਆਂ ਸਮਸਿਆਵਾਂ ਸੁਲਝਾਉਣ ਪ੍ਰਤਿ ਸਜਗ ਹੈ। ਕਵਿ ਕੋਲ ਹੋਰ ਪੁਰਾਤਨ ਸ੍ਰੋਤ ਵੀ ਮੌਜੂਦ ਹੋਣਗੇ, ਜਿਨ੍ਹਾਂ ਦੇ ਆਧਾਰ 'ਤੇ ਇਹ ਰਚਨਾ ਕੀਤੀ ਗਈ। ਉਪਰੋਕਤ ਸਾਰੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਕਵਿ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਲਿਖਿਆ ਹੈ।

**ਗੁਰੂ ਨਾਨਕ ਸੂਰਜੋਦੇ ਜਨਮਸਾਖੀ ਵਿਚਲੇ ਇਤਿਹਾਸਿਕ ਤਤ-**

'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਵਰਣਿਤ ਇਤਿਹਾਸਿਕ ਤਤਾਂ ਦੇ ਸੰਖਿਪਿਤ ਵਿਵਰਣ ਦੀ ਪ੍ਰਸਤੁਤੀ ਨਿਮਨ-ਅਨੁਸਾਰ ਹੈ-

---

[3] ਮਾਝ (ਵਾਰ), ਮਹਲਾ 1, ਪਉੜੀ 7, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 141.

[4] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 148.

ਜਿਥੇ ਵਿਲਾਇਤ ਵਾਲੀ ਜਨਮਸਾਖੀ[5], ਜਨਮਸਾਖੀ ਸੋਢੀ ਮਿਹਰਬਾਨ[6] ਅਤੇ ਜਨਮਸਾਖੀ ਭਾਈ ਮਨੀ ਸਿੰਘ[7] ਆਦਿ ਸ੍ਰੋਤ ਗ੍ਰੰਥ ਸ੍ਰੀ ਗੁਰੂ ਜੀ ਦਾ ਪ੍ਰਕਾਸ਼ ਵੈਸਾਖ ਦਾ ਦਸਦੇ ਹਨ, ਉਥੇ ਇਸ ਜਨਮਸਾਖੀ ਵਿਚ ਕਵਿ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ[8] ਦੀ ਕੁਖੋਂ ਵਿਕ੍ਰਮੀ ਸੰਵਤ 1526 (1469 ਈ.) ਨੂੰ ਕਤਕ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ ਦਸਿਆ ਹੈ, ਜਦੋਂਕਿ ਕਤਕ ਦੀ ਪੂਰਨਮਾਸ਼ੀ ਵਾਲੀ ਮਨੌਤ ਨੂੰ ਕਰਮ ਸਿੰਘ ਹਿਸਟੋਰੀਅਨ ਨੇ ਬਾ -ਦਲੀਲ ਖੰਡਣ ਕਰਕੇ ਵੈਸਾਖ ਮਹੀਨੇ 'ਤੇ ਮੋਹਰ ਲਾਈ ਹੈ।[9] ਇਸ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼), ਡਾ. ਕਿਰਪਾਲ ਸਿੰਘ (ਜਨਮਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ), ਪ੍ਰੋ. ਹਰਬੰਸ ਸਿੰਘ (Guru Nanak And Origin

---

[5] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 19.

[6] ਡਾ. ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 9.

[7] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 357 (ਦੇਖੋ ਅੰਤਿਕਾ).

[8] ਤ੍ਰਿਪਤਾ ਨਾਮ ਸੁਭਾਗਨੀ ਕਾਲੂ ਗ੍ਰਿਹ ਮਾਹੀ॥ ਪਰਮ ਸੁਸੀਲਾ ਪਤਿ ਬ੍ਰਤਾ ਜਾ ਸਮ ਕੋ ਨਾਹੀ॥ ਗਰਭ ਧਰਯੋ ਉਪਜੀ ਸੁਤਾ ਸੁਭ ਲੱਛਨ ਵਾਰੀ॥ ਪਾਰਵਤੀ ਜੈਸੇ ਭਈ ਗਿਰ ਰਾਜ ਦੁਲਾਰੀ॥19 ॥ ਕਛੁਕ ਕਾਲ ਬੀਤਯੋ ਜਬੈ ਤਬ ਸ੍ਰੀ ਕਰਤਾਰਾ॥ ਆਏ ਤ੍ਰਿਪਤਾ ਗਰਭ ਮੈ ਨਿਜ ਭਕਤ ਬਿਚਾਰਾ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 38).

[9] ਇਸ ਦਾ (ਕਤਕ ਵਿਚ ਪੁਰਬ ਮਨਾਉਣ) ਕਾਰਣ ਇਹ ਸੀ ਕਿ ਭਾਦੋਂ ਜਾਂ ਕਤਕ ਵਿਚ ਬਾਲਕ ਜਨਮੇ ਉਸ ਨੂੰ ਅਸ਼ੁਭ ਮੰਨਿਆ ਜਾਂਦਾ ਹੈ। ਸੋ ਜਿਸ ਤਰ੍ਹਾਂ ਇਸ ਜਨਮ ਸਾਖੀ ਦਾ ਰਿਵਾਜ਼ ਪੈਂਦਾ ਗਿਆ, ਇਹੋ ਮਹੀਨਾ ਮੰਨੀਂਦਾ ਗਿਆ। ਪਹਿਲਾਂ ਗੁਰਪੁਰਬ ਗੁਰੂ ਜੀ ਦਾ ਵਿਸਾਖ ਵਿਚ ਹੀ ਮਨਾਇਆ ਜਾਂਦਾ ਸੀ, ਕਤਕ ਦਾ ਰਿਵਾਜ਼ (ਮੈਕਾਲਿਫ਼ ਸਾਹਿਬ ਦੇ ਕਥਨ ਅਨੁਸਾਰ) ਗਿਆਨੀ ਸੰਤ ਸਿੰਘ ਜੀ ਨੇ ਪਾਇਆ ਹੈ। ਮਿਸਟਰ ਮੈਕਾਲਿਫ਼ ਕਾਰਣ ਇਹ ਦਸਦੇ ਹਨ, ਕਿ ਕਤਕ ਪੂਰਨਮਾਸ਼ੀ ਨੂੰ ਰਾਮ ਤੀਰਥ ਦਾ ਮੇਲਾ ਹੋਣ ਕਰਕੇ ਸਾਰੇ ਸਿਖ ਓਧਰ ਚਲੇ ਜਾਂਦੇ ਸਨ, ਸੋ ਓਧਰੋਂ ਹਟਾਉਣ ਵਾਸਤੇ ਗਿਆਨੀ ਜੀ ਨੇ ਕਤਕ ਪੂਰਨਮਾਸ਼ੀ ਨੂੰ ਆਦਿ ਸਤਿਗੁਰੂ ਜੀ ਦੇ ਪ੍ਰਗਟ ਹੋਣ ਦਾ ਗੁਰਪੁਰਬ ਮਨਾਉਣਾ ਆਰੰਭ ਕਰ ਦਿਤਾ। ਸੋ ਵਿਸਾਖ 1526 ਹੀ ਸਹੀ ਹੈ।

(ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008, ਪੰਨਾ 122).

of The Sikh Faith), ਹਰੀ ਰਾਮ ਗੁਪਤਾ (History of The Sikhs vol.I) ਇਤਿਆਦਿਕ ਵਿਦਵਾਨ ਵੀ ਵੈਸਾਖ ਨਾਲ ਸਹਿਮਤ ਹਨ। ਵਿਚਾਰਾਧੀਨ ਕ੍ਰਿਤੀ ਵਿਚ ਗੁਰੂ ਜੀ ਦੀ ਜਨਮ ਮਿਤੀ ਕਤਕ ਦੀ ਦਰਸਾਉਣ ਦਾ ਮੂਲ ਕਾਰਣ ਇਹ ਹੈ, ਕਿ ਕਵਿ ਨੇ 'ਭਾਈ ਬਾਲੇ ਵਾਲੀ ਜਨਮ ਸਾਖੀ' ਨੂੰ ਆਧਾਰ ਬਣਾ ਕੇ ਲਿਖਿਆ ਹੈ, ਜਿਸ ਵਿਚ ਕਤਕ ਪੂ ਰਨਮਾਸ਼ੀ ਹੀ ਪ੍ਰਮਾਣਿਤ ਕੀਤੀ ਹੈ। ਕਵਿ ਕਹਿੰਦਾ ਹੈ, ਕਿ ਜਦ ਅਧੀ ਰਾਤ ਤੋਂ ਇਕ ਘੜੀ ਬੀਤੀ ਉਦੋਂ ਸ੍ਰੀ ਨਾਨਕ ਦਾ ਜਨਮ ਹੋਇਆ ਸੀ। ਜਿਸ ਦਾ ਜ਼ਿਕਰ ਕਵਿ ਨੇ ਇਸ ਪ੍ਰਕਾਰ ਕੀਤਾ ਹੈ-

ਸਾਲ ਬਿਤੀਤ ਭਏ ਨ੍ਰਿਪ ਬਿਕ੍ਰਮ ਪੰਦ੍ਰਹ ਸੈ ਖਟ ਬਿੰਸਤ ਆਨਾ॥
ਕਾਤਕ ਮਾਸ ਸੁਦੀ ਤਿਥ ਪੂਨਵ ਬੀਤ ਗਈ ਅਧਿ ਰਤਿ ਸੁਜਾਨਾ॥
ਤਾਂ ਪਰ ਏਕ ਘਟੀ ਗੁਜਰੀ ਅਵਤਾਰ ਲਯੋ ਜਗ ਮੈ ਗੁਨ ਖਾਨਾ॥
ਪੁੰਜ ਪ੍ਰਕਾਸ ਅਕਾਸ ਅਵਾਸ ਮੈ ਪੂਰ ਰਹਜੋ ਪ੍ਰਗਟਜੋ ਜਨ ਭਾਨਾ॥23॥[10]

ਕਵਿ ਦੀ ਰਚਨਾ ਦੇ ਇਤਿਹਾਸਿਕ ਤਤ ਪੂਰੀ ਤਰ੍ਹਾਂ ਸ਼ਰਧਾ-ਲਿਪਤ ਹਨ, ਇਸ ਲਈ ਪਰੰਪਰਾਗਤ ਲਿਖਿਤਾਂ ਦਾ ਅਨੁਸਰਣ ਕਰਦਿਆਂ ਉਹ ਮਿਥਿਹਾਸ-ਗ੍ਰਸਤ ਭਾਵਨਾ ਵਿਚ ਇਹ ਵੀ ਦਸਦਾ ਹੈ, ਕਿ ਸ੍ਰੀ ਗੁਰੂ ਜੀ ਦੇ ਜਨਮ ਸਮੇਂ ਉਨ੍ਹਾਂ ਦਾ ਘਰ ਅਤੇ ਆਕਾਸ਼ ਪ੍ਰਕਾਸ਼ ਨਾਲ ਭਰ ਗਏ ਸਨ। ਇਸੇ ਤਰ੍ਹਾਂ ਕਵਿ ਪਰੰਪਰਾਗਤ ਰੀਤੀ ਵਿਚ ਹੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਨਾਲ ਸੰਬੰਧਿਤ ਕਥਾਵਾਂ ਦਾ ਜ਼ਿਕਰ ਕਰਦਾ ਹੈ। ਬਾਲ ਅਵਸਥਾ ਵਿਚ ਗੁਰੂ ਜੀ ਦਾ ਪੰਘੂੜੇ ਵਿਚ ਖੇਡਣਾ, ਮਾਤਾ ਤ੍ਰਿਪਤਾ ਦੁਆਰਾ ਲਾਡ ਲਡਾਉਣਾ, ਪਲੰਘ ਫੜ ਕੇ ਤੁਰਨਾ ਸਿਖਣਾ ਆਦਿ ਦਾ ਇਸ ਜਨਮਸਾਖੀ ਵਿਚ ਬੜੇ ਸੁਚਜੇ ਢੰਗ ਨਾਲ ਜ਼ਿਕਰ ਕੀਤਾ ਹੈ। ਇਹ ਵੀ ਦਸਿਆ ਹੈ, ਕਿ ਉਨ੍ਹਾਂ ਦੀ ਧਾਰਮਿਕ ਸੰਕੀਰਣਤਾ-ਮੁਕਤ ਪ੍ਰਵ੍ਰਿਤੀ ਬਚਪਨ ਤੋਂ ਹੀ ਲਖਿਤ ਸੀ। ਨਗਰ ਦੇ ਹਿੰਦੂ-ਮੁਸਲਮਾਨ ਨਾਨਕ ਜੀ ਨੂੰ ਸਮਰੂਪ ਵਿਚ ਪਿਆਰ ਕਰਦੇ ਸਨ।

ਕਵਿ ਨੇ ਚਰਚਿਤ ਜਨਮਸਾਖੀ ਵਿਚ ਗੁਰੂ ਜੀ ਦੀ ਵਿਦਿਆ-ਪ੍ਰਾਪਤੀ ਦੋ ਅਧਿਆਪਕਾਂ ਤੋਂ ਦਸੀ ਹੈ ਉਹ ਲਿਖਦਾ ਹੈ ਕਿ ਜਦੋਂ ਗੁਰੂ ਜੀ ਸਤ ਸਾਲ ਦੇ ਹੋਏ ਭਾਵ 1533 ਵਿਕ੍ਰਮੀ (1476ਈ.) ਨੂੰ ਪਿਤਾ ਕਾਲੂ ਜੀ ਨੇ ਸਨਾਤਨੀ ਰੀਤੀ ਨਾਲ ਸ਼ੁਭ-ਮੁਹੂਰਤ ਨਿਕਲਵਾ ਕੇ ਉਨ੍ਹਾਂ ਨੂੰ ਲੇਖੇ-ਜੋਖੇ ਦੀ ਵਿਦਿਆ-ਪ੍ਰਾਪਤੀ ਲਈ

---

[10] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੈ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 38.

ਭੇਜਣ ਵਾਸਤੇ ਉਪਕ੍ਰਮ ਕੀਤਾ। ਪੰਡਿਤ ਗੋਪਾਲ ਇਕ ਚੰਗਾ ਲੇਖਾਕਾਰ ਅਧਿਆਪਕ ਸੀ। ਉਹ ਧਰਮ-ਸ਼ਾਸਤ੍ਰ ਦਾ ਗਿਆਤਾ ਨਹੀਂ ਦਸਿਆ, ਨਾ ਹੀ ਕੋਈ ਭਾਸ਼ਾ-ਵਿਦ ਦਰਸਾਇਆ ਹੈ, ਬਲਕਿ ਹਿਸਾਬ-ਕਿਤਾਬ ਦੀ ਵਿਦਿਆ ਪ੍ਰਦਾਨ ਕਰਨ ਵਿਚ ਚੰਗਾ ਅਧਿਆਪਨ-ਕੁਸ਼ਲ ਉਸਤਾਦ ਸੀ। ਉਸ ਅਗੇ ਇਕ ਟਕਾ ਭੇਟਾ ਰਖ ਕੇ ਪਿਤਾ ਕਾਲੂ ਜੀ ਨੇ ਆਪਣੇ ਪੁਤਰ ਨੂੰ ਚੰਗੀ ਤਰ੍ਹਾਂ ਪੜ੍ਹਾਉਣ ਲਈ ਕਿਹਾ।[11] ਪਹਿਲੇ ਦਿਨ ਗੁਰੂ ਜੀ ਪੜ੍ਹ ਕੇ ਘਰ ਆ ਗਏ ਅਤੇ ਦੂਜੇ ਦਿਨ ਚੁਪ ਹੀ ਰਹੇ। ਪਾਂਧੇ ਦੇ ਪੁਛਣ 'ਤੇ ਗੁਰੂ ਜੀ ਨੇ ਪ੍ਰਸ਼ਨ ਕੀਤਾ ਕਿ ਪੜ੍ਹਣ ਨਾਲ ਕੀ ਲਾਭ ਹੋਵੇਗਾ। ਪਾਂਧੇ ਨੇ ਕਿਹਾ ਕਿ ਧਨ ਦੀ ਪ੍ਰਾਪਤੀ ਹੋਵੇਗੀ ਅਤੇ ਦੁਨੀਆ ਵਿਚ ਜਸ ਹੋਵੇਗਾ। ਗੁਰੂ ਜੀ ਨੇ ਉਪਦੇਸ਼ ਦਿਤਾ ਕਿ ਪਰਮਾਤਮਾ ਦੀ ਉਸਤਤਿ ਹੀ ਸਾਡਾ ਪਰਮ -ਲਕਸ਼ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਪਾਂਧਾ ਸ੍ਰੀ ਨਾਨਕ ਜੀ ਦੀ ਪ੍ਰਤਿਭਾ ਵੇਖ ਕੇ ਬਹੁਤ ਖੁਸ਼ ਹੋਇਆ।

ਗੁਰੂ ਜੀ ਨੇ ਗੋਪਾਲ ਪੰਡਿਤ ਕੋਲੋਂ ਪੜ੍ਹਣਾ ਛਡ ਦਿਤਾ। ਕੋਈ ਕਾਰ-ਵਿਹਾਰ ਨਹੀਂ ਸੀ। ਵਿਹਲੇ ਖੇਡਦੇ ਰਹਿੰਦੇ। 'ਗੁਰੂ ਨਾਨਕ ਸੂਰਜੋਦੇ' ਅਨੁਸਾਰ ਜਦੋਂ ਨਾਨਕ ਜੀ ਨੌਂ ਸਾਲਾਂ ਦੇ ਹੋਏ ਅਰਥਾਤ 1535 ਵਿਕ੍ਰਮੀ ਵਿਚ[12] ਪਿਤਾ ਕਾਲੂ ਨੇ ਸੋਚਿਆ ਕਿ ਮੇਰਾ ਪੁਤ੍ਰ ਖੇਡਣ ਵਿਚ ਹੀ ਆਪਣਾ ਬਚਪਨ ਬਿਤੀਤ ਕਰ ਰਿਹਾ ਹੈ, ਅਗੇ ਵਡਾ ਹੋ ਕੇ ਕਿਵੇਂ ਗੁਜ਼ਾਰਾ ਕਰੇਗਾ? ਇਸ ਲਈ ਉਨ੍ਹਾਂ ਸੋਚਿਆ ਕਿ ਜੇ ਲੇਖਾਕਾਰ ਬਣਨ ਵਿਚ ਇਸ ਦੀ ਰੁਚੀ ਨਹੀਂ, ਤਾਂ ਕੁਝ ਫ਼ਾਰਸੀ ਸਿਖ ਲਵੇਗਾ ਫਿਰ ਵੀ ਕਿਤੇ ਸਰਕਾਰੀ ਨੌਕਰੀ ਮਿਲ

---

[11] ਹਿੰਦੂ ਜਾਨੈ ਦੇਵ ਸਰੂਪਾ॥ ਤੁਰਕ ਔਲੀਆ ਭਨੈ ਅਨੂਪਾ॥ ਸਪਤ ਸਾਲ ਕੇ ਭੇ ਜਗ ਨਾਥਾ॥ ਬਿਨ ਹਰ ਤੇ ਤਨ ਕਾਹੂ ਸਾਥਾ॥3॥ ਤਬ ਮਹਤੇ ਕਾਲੂ ਹਰਖਾਈ॥ ਪਢਨ ਮਹੂਰਤ ਲੀਨ ਸੁਧਾਈ॥ ਪਾਧੇ ਪੈ ਗਤ ਸੁਤ ਸੰਗ ਲੀਨਾ॥ ਟਕਾ ਪ੍ਰਸਾਦ ਅੱਗ੍ਰ ਧਰ ਦੀਨਾ॥4॥ ਨਾਮ ਗੁਪਾਲ ਬਿਪ੍ਰ ਕੋ ਚੀਨਾ॥ ਲੇਖੇ ਬਿਦਜਾ ਮਹਿ ਪ੍ਰਵੀਨਾ॥ ਕਹ ਕਾਲੂ ਸੁਨਿਯੈ ਦਿਜ ਰਾਈ॥ ਨੀਕੇ ਮੋ ਸੁਤ ਦੇਹੁ ਪਢਾਈ॥5॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 47).

[12] ਇਥੇ ਇਹ ਸਪਸ਼ਟ ਕਰ ਦੇਈਏ, ਕਿ ਕਵਿ ਦੀ ਲੇਖਣੀ ਪੌਰਾਣਿਕ ਰੂਪ ਦੀ ਹੀ ਹੈ। ਉਹ ਸੰਨ-ਸੰਵਤ ਲਿਖਣ ਦੀ ਥਾਂ ਪੂਰਬਲੀਆਂ ਜਨਮਸਾਖੀਆਂ ਵਾਂਗ ਸਿਧਾ ਹੀ ਜਦੋਂ ਉਹ ਸਤ ਸਾਲ ਦੇ ਹੋਏ ਜਾਂ ਨੌਂ ਸਾਲ ਦੇ ਹੋਏ ਆਦਿ ਲਿਖ ਦੇਂਦਾ ਹੈ।

ਜਾਵੇਗੀ। ਪਿਤਾ ਨੇ ਨਾਨਕ ਜੀ ਨੂੰ ਫ਼ਾਰਸੀ ਪੜ੍ਹਾਉਣ ਦਾ ਵਿਚਾਰ ਕੀਤਾ।[13] ਇਸ ਤਰ੍ਹਾਂ ਮਨ ਵਿਚ ਵਿਚਾਰ ਕਰਕੇ ਇਕ ਦਿਨ ਉਹ ਆਪਣੇ ਪੁਤ੍ਰ ਨੂੰ ਨਾਲ ਲੈ ਕੇ ਮੁਲਾ ਪਾਸ ਗਏ ਅਤੇ ਪੁਤ੍ਰ ਨੂੰ ਫ਼ਾਰਸੀ ਪੜ੍ਹਾਉਣ ਲਈ ਉਸ ਅਗੇ ਬੇਨਤੀ ਕਰਕੇ ਕੁਝ ਮਿਠਿਆਈ ਤੇ ਇਕ ਰੁਪਯਾ ਮੁਲਾ ਅਗੇ ਭੇਟ ਰਖਿਆ। ਯਥਾ-

ਲਲਤ ਪਦ

ਇਮ ਬਿਚਾਰ ਕੀਨੋ ਮਨ ਮਾਹੀ ਸੁਤ ਕੋ ਲੈ ਨਿਜ ਸੰਗਾ॥

ਪਢੈ ਮੁਲਾਨੇ ਪੈ ਜਿਹ ਬਾਲਕ ਗਮਨਯੋ ਤਹਾ ਉਮੰਗਾ॥

ਬੈਸਯੋ ਜਾਇ ਸਮੀਪ ਮੁਲਾਨੇ ਮੋ ਸੁਤ ਦੇਹੁ ਪਢਾਈ॥

ਹੈ ਮਤਿਵਾਨ ਪਢੈਗੋ ਤੂਰਨ ਬਾਸਰ ਦੇਹੁ ਬਤਾਈ॥

ਸੁਨ ਕਰ ਤਬ ਹੀ ਭਨਯੋ ਮੁਲਾਨੇ ਸੁਬਹ ਆਨ ਫਰਜੰਦਾ॥

ਹਿਤ ਕਰ ਮੈ ਇਸ ਕਰੌਂ ਪਢਾਵਨ ਫਾਰਸਿ ਇਲਮ ਬਿਲੰਦਾ॥

ਕਾਲੂ ਸੁਨ ਗ੍ਰਿਹ ਕੀਨ ਪਿਯਾਨਾ ਦੂਸਰ ਦਿਨ ਫਿਰ ਆਵਾ॥

ਏਕ ਰੁਪੈਯਾ ਕਛੁਕ ਮਠਜਾਈ ਮਕਤਬ ਆਨ ਚਢਾਵਾ॥5॥[14]

ਮੁਲਾ ਨੇ ਸ਼੍ਰੀ ਨਾਨਕ ਜੀ ਨੂੰ ਅਲਿਫ਼ ਲਿਖ ਕੇ ਇਕ ਸੀਹਰਫ਼ੀ ਲਿਖ ਦਿਤੀ , ਗੁਰੂ ਜੀ ਨੇ ਪਲ ਵਿਚ ਹੀ ਉਸਨੂੰ ਪੜ੍ਹ ਦਿਤਾ, ਇਹ ਸਾਰਾ ਵਰਤਾਰਾ ਦੇਖ ਕੇ ਮੁਲਾ ਹੈਰਾਨ ਹੋ ਗਿਆ। ਕਵਿ ਅਨੁਸਾਰ ਗੁਰੂ ਜੀ ਨੇ ਇਕ ਪਲ ਵਿਚ ਹੀ ਕਠਿਨ ਫ਼ਾਰਸੀ ਦਾ ਗਿਆਨ ਹਾਸਿਲ ਕਰ ਲਿਆ। ਮੁਲਾ ਨੇ ਗੁਰੂ ਜੀ ਦੇ ਗਿਆਨ ਨੂੰ ਦੇਖ ਕੇ ਨਮਸਕਾਰ ਕੀਤੀ, ਇਸ ਤਰ੍ਹਾਂ ਗੁਰੂ ਜੀ ਉਥੋਂ ਘਰ ਆ ਗਏ ਅਤੇ ਘਰ ਆਕੇ ਗੁਰੂ ਜੀ ਦੋ ਦਿਨ ਉਠੇ ਨਹੀਂ, ਇਸ ਲਈ ਪਿਤਾ ਨੂੰ ਚਿੰਤਾਂ ਹੋਣ ਲਗੀ ਅਤੇ ਉਹ ਮੁਲਾ ਨੂੰ ਲੈ ਆਇਆ, ਫਿਰ ਗੁਰੂ ਜੀ ਨੇ ਮੁਲਾ ਨੂੰ

---

[13] ਨਵ ਸਾਲਨ ਕੇ ਜਬ ਭੇ ਜਗਰਾਈ॥ ਮਨ ਮਾਹਿ ਉਦਾਸ ਰਹੇ ਅਧਿਕਾਈ॥2॥ ਕਾਲੂ ਮਨ ਮੈ ਤਬ ਕੀਨ ਬੀਚਾਰਾ॥ ਗੁਜਰਾਨ ਕਰੈ ਕਿਮ ਪੂਤ ਹਮਾਰਾ॥ ਇਸ ਕੋ ਹਮ ਪਾਰਸੀ ਦੇਹ ਪਢਾਈ॥ ਧਨ ਹੋਇ ਘਨੋ ਜਗ ਮੈ ਜਸ ਪਾਈ॥3॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 53 ਅਤੇ 54).

[14] ਉਹੀ, ਪੰਨਾ 54.

ਉਪਦੇਸ਼ ਦਿਤਾ। ਆਧੁਨਿਕ ਵਿਦਵਾਨ ਵਿਦਿਆ -ਪ੍ਰਾਪਤੀ ਨੂੰ ਇਕ ਸਮਾਜਿਕ ਵਰਤਾਰੇ ਵਾਂਗ ਪ੍ਰਸਤੁਤ ਕਰਣ ਦਾ ਯਤਨ ਕਰਦੇ ਹਨ। [15] ਪਰ ਕਵਿ ਨੇ ਚਲੰਤ ਪੁਰਾਤਨ ਪ੍ਰਮਾਣਾਂ ਅਨੁਸਾਰ ਹੀ ਗੁਰੂ ਜੀ ਦੀ ਵਿਦਿਆ-ਪ੍ਰਾਪਤੀ ਬਾਰੇ ਉਲੇਖ ਕੀਤਾ ਹੈ , ਇਥੇ ਕਵਿ ਗੁਰੂ ਜੀ ਨੂੰ ਇਕ ਪਲ ਵਿਚ ਹੀ ਸਭ ਕੁਝ ਸਿਖਣ ਵਾਲਾ ਦਸਦਾ ਹੈ , ਜਿਸ ਤੋਂ ਅਸੀਂ ਕਹਿ ਸਕਦੇ ਹਾਂ , ਕਿ ਕਵਿ ਦੀ ਦ੍ਰਿਸ਼ਟੀ ਵਿਦਿਆ -ਪ੍ਰਾਪਤੀ ਪ੍ਰਤੀ ਉਪਦੇਸ਼ਾਤਮਕ ਹੈ , ਇਤਿਹਾਸਿਕ ਨਹੀਂ। ਪਰ ਫਿਰ ਵੀ ਇਨ੍ਹਾਂ ਸਾਖੀਆਂ ਤੋਂ ਸਾਨੂੰ ਗੁਰੂ ਜੀ ਨੇ ਕਿਹੜੇ -ਕਿਹੜੇ ਅਧਿਆਪਕਾਂ ਤੋਂ ਵਿਦਿਆ -ਪ੍ਰਾਪਤ ਕੀਤੀ, ਬਾਰੇ ਪਤਾ ਚਲਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ, ਕਿ ਕਵਿ ਦੁਆਰਾ ਅਪਣਾਈ ਪਰੰਪਰਾਗਤ ਸ਼ੈਲੀ ਵਿਚ ਵੀ ਇਤਿਹਾਸਕ ਤਥ ਲਿਪਤ ਹਨ।

ਕਵਿ ਨੇ ਬੀਬੀ ਨਾਨਕੀ ਦਾ ਵਿਆਹ ਸੁਲਤਾਨਪੁਰ ਵਿਚ ਪਰਮਾਨੰਦ ਦੇ ਪੁਤ੍ਰ ਜੈ ਰਾਮ ਦੇ ਨਾਲ ਹੋਣ ਬਾਰੇ ਬਹੁਤ ਹੀ ਸੰਖਿਪਿਤ ਵਿਚ ਅੰਕਿਤ ਕੀਤਾ ਹੈ-

ਸ੍ਰੀ ਅੰਗਦ ਆਗੈ ਸੁਨੋ ਕਥਾ ਬਿਚਿਤ੍ਰ ਜੁ ਆਹਿ॥
ਹੁਤੀ ਜੁ ਬੀਬੀ ਨਾਨਕੀ ਕੀਨੋ ਤਾਸ ਬਿਵਾਹਿ॥[16]

ਸੋ ਬੀਬੀ ਨਾਨਕੀ ਦੇ ਵਿਆਹ ਬਾਰੇ ਕਵਿ ਨੇ ਕੋਈ ਵਿਸਤ੍ਰਿਤ ਵਿਵਰਣ ਅੰਕਿਤ ਨਹੀਂ ਕੀਤਾ, ਮਾਤ੍ਰ ਸੰਕੇਤਿਕ ਉਲੇਖ ਕਰ ਕੇ ਹੀ ਅਗੇ ਵਧ ਗਿਆ ਹੈ। ਚੌਦਾਂ ਸਾਲ ਭਾਵ 1540 ਵਿਕ੍ਰਮੀ (1483 ਈ.) ਵਿਚ ਰਾਇ ਬੁਲਾਰ ਨੇ ਗੁਰੂ ਜੀ ਨੂੰ ਸੁਲਤਾਨਪੁਰ ਜੈ ਰਾਮ ਪਾਸ ਚਲੇ ਜਾਣ ਲਈ ਕਿਹਾ। ਨਾਲ ਹੀ ਰਾਇ ਬੁਲਾਰ ਨੇ ਜੈ ਰਾਮ ਨੂੰ ਚਿਠੀ ਲਿਖੀ, ਕਿ ਮੈਂ ਨਾਨਕ ਨੂੰ ਤੁਹਾਡੇ ਪਾਸ ਭੇਜ ਰਿਹਾ ਹਾਂ।[17] ਲਗਦਾ ਹੈ, ਜੈ ਰਾਮ ਨੂੰ ਜੋ

---

[15] ਨਾਨਕ ਜੀ ਨੇ ਇਹ ਸਭ ਕੁਝ ਛੇਤੀ ਹੀ ਯਾਦ ਕਰ ਲਿਆ ਤੇ ਅੱਖਰ ਲਿਖਣ ਵਿਚ ਵੀ ਮੁਹਾਰਤ ਹਾਸਲ ਕਰ ਲਈ, ਹਿਸਾਬ ਕਿਤਾਬ ਜਮ੍ਹਾ ਖ਼ਰਚ ਆਦਿ ਸਿਖ ਲਿਆ।

(ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 4).

[16] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 81.

[17] ਤੁਮ ਸ੍ਰੀ ਨਾਨਕ ਕਰ ਦੁਖੀ ਤੁਮਤੇਉ ਨ ਤਾਸਾ॥ ਪਠੋ ਤਾਹਿ ਸੁਲਤਾਨ ਪੁਰ ਜੈ ਰਾਮਹ ਪਾਸਾ॥ ਇਮ ਕਹ ਦਾਸ ਪਠਾਇਕੈ ਨਾਨਕ ਬੁਲਵਾਵਾ॥ ਸਾਦਰ ਨਿਕਟ ਬਠਾਇ ਕੈ ਮ੍ਰਿਦ ਬੈਨ ਅਲਾਵਾ॥19॥ ਮੈ ਲਿਖਹੌ ਜਾਵਹੁ ਤੁਮੈ ਅਬ ਪੁਰ ਸੁਲਤਾਨਾ॥ ਕਾਲੂ

ਚਿਠੀ ਲਿਖੀ ਗਈ ਉਹ ਦੌਲਤ ਖ਼ਾਂ ਵਾਸਤੇ ਹੋਵੇਗੀ ਅਤੇ ਇਸੇ ਆਧਾਰ 'ਤੇ ਨਾਨਕ ਜੀ ਨੂੰ ਮੋਦੀਖ਼ਾਨੇ ਵਿਚ ਨੌਕਰੀ ਮਿਲੀ ਹੋਵੇਗੀ। ਇਸ ਪ੍ਰਕਾਰ ਸ੍ਰੀ ਨਾਨਕ ਜੀ ਨੇ ਸੁਲਤਾਨਪੁਰ ਜਾਣ ਦੀ ਤਿਆਰੀ ਕਰ ਲਈ। 'ਸੁਲਤਾਨਪੁਰ ਜਾਵਨ' ਪ੍ਰਸੰਗ ਵਿਚ ਗੁਰੂ ਜੀ ਦੀ ਉਮਰ 14 ਸਾਲ ਦਸੀ ਹੈ। ਇਸੇ ਆਧਾਰ 'ਤੇ ਨਿਰਣਯ ਕਰ ਸਕਦੇ ਹਾਂ , ਕਿ ਦਿਤੇ ਵੇਰਵੇ ਅਨੁਸਾਰ ਗੁਰੂ ਨਾਨਕ ਸਾਹਿਬ 1540 ਵਿਕ੍ਰਮੀ (1483 ਈ.) ਨੂੰ ਸੁਲਤਾਨਪੁਰ ਵਿਖੇ ਪਹੁੰਚੇ ਹੋਣਗੇ।[18] ਪਰ ਹੋਰਨਾਂ ਸ੍ਰੋਤ ਗ੍ਰੰਥਾਂ ; 'ਵਿਲਾਇਤ ਵਾਲੀ ਜਨਮਸਾਖੀ '[19], 'ਜਨਮਸਾਖੀ ਸੋਢੀ ਮਿਹਰਬਾਨ '[20], 'ਜਨਮਸਾਖੀ ਭਾਈ ਮਨੀ ਸਿੰਘ '[21] ਇਤਿਆਦਿਕ ਵਿਚ ਸੁਲਤਾਨਪੁਰ

---

ਨਿਤ ਕਰਹੈ ਕਲਹ ਪਰਚੋ ਤਿਹ ਥਾਨਾ॥ ਇਮ ਕਹ ਨ੍ਰਿਪ ਪਾਤੀ ਲਿਖੀ ਜੈ ਰਾਮਹ ਸੇਤੀ॥ ਨਾਨਕ ਤੁਮ ਢਿਗ ਆਇ ਹੈ ਰਾਖੋ ਹਿਤ ਸੇਤੀ॥20॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 82).

18 ਚੌਦਸ ਸਾਲਨ ਕੇ ਗੁਰ ਭਏ॥ ਧਾਮ ਕਾਮ ਸਗਰੇ ਤਜ ਦਏ॥ ਜੋਗ ਰੀਤ ਗ੍ਰਿਹ ਮਾਹਿ ਕਮਾਵੈ॥ ਨਿਜ ਸਕਤੀ ਕਾਹੂ ਨ ਦਿਖਾਵੈ॥4॥

(ਉਹੀ, ਪੰਨਾ 81)

19 ਨੋਟ- ਵਿਲਾਇਤ ਵਾਲੀ ਜਨਮਸਾਖੀ ਵਿਚ ਗੁਰੂ ਜੀ ਦੀ ਕੁੜਮਾਈ ਅਤੇ ਵਿਆਹ ਪਹਿਲਾਂ ਦਸਿਆ ਹੈ ਅਤੇ ਸੁਲਤਾਨਪੁਰ ਜਾਣਾ ਬਾਅਦ ਵਿਚ ਹੈ।

(ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ, 2016, ਪੰਨਾ 26-36).

20 ਨੋਟ- ਮਿਹਰਬਾਨ ਵਾਲੀ ਜਨਮਸਾਖੀ ਵਿਚ ਗੁਰੂ ਜੀ ਦਾ ਵਿਆਹ ਪਹਿਲਾਂ ਦਸਿਆ ਹੈ ਅਤੇ ਸੁਲਤਾਨਪੁਰ ਜਾਣਾ ਬਾਅਦ ਵਿਚ ਹੈ।

(ਡਾ. ਕਿਰਪਾਲ ਸਿੰਘ, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 29).

21 ਨੋਟ- ਜਨਮਸਾਖੀ ਭਾਈ ਮਨੀ ਸਿੰਘ ਵਿਚ ਗੁਰੂ ਜੀ ਦਾ ਵਿਆਹ ਪਹਿਲਾਂ ਦਸਿਆ ਹੈ ਅਤੇ ਸੁਲਤਾਨਪੁਰ ਜਾਣਾ ਬਾਅਦ ਵਿਚ ਹੈ।

(ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 365-367).

ਜਾਣ ਦਾ ਸਮਾਂ ਗੁਰੂ ਜੀ ਦੇ ਵਿਆਹ ਤੋਂ ਬਾਅਦ ਦਾ ਲਿਖਿਆ ਹੈ। ਇਹ ਸ੍ਰੋਤ ਸੁਲਤਾਨਪੁਰ ਜਾਣ ਦੇ ਸੰਵਤ ਨਾਲ ਇਕਮਤ ਨਹੀਂ ਹਨ। ਕਵਿ ਦੁਆਰਾ ਗੁਰੂ ਜੀ ਦਾ ਚੌਦਾਂ ਸਾਲ ਦੀ ਉਮਰ ਵਿਚ ਸੁਲਤਾਨਪੁਰ ਜਾਣ ਬਾਰੇ ਨਿਰਣਯ ਵੀ 'ਭਾਈ ਬਾਲੇ ਵਾਲੀ ਜਨਮਸਾਖੀ' ਕਰਕੇ ਹੀ ਹੈ।

ਗੁਰੂ ਸਾਹਿਬ ਸੁਲਤਾਨਪੁਰ ਪਹੁੰਚ ਕੇ ਕੁਝ ਸਮਾਂ ਤਾਂ ਵਿਹਲੇ ਹੀ ਰਹੇ। ਫਿਰ ਇਕ ਦਿਨ ਜੈ ਰਾਮ ਉਨ੍ਹਾਂ ਨੂੰ ਨਾਲ ਲੈ ਕੇ ਨਵਾਬ ਦੌਲਤ ਖ਼ਾਂ ਦੇ ਦਰਬਾਰ ਪਹੁੰਚੇ ਅਤੇ ਨਵਾਬ ਨੂੰ ਸਾਰੀ ਗਲ ਸਮਝਾ ਦਿਤੀ।[22] ਨਵਾਬ ਨੇ ਬੜੀ ਪ੍ਰਸੰਨਤਾ ਨਾਲ ਉਸ ਦੀ ਗਲ ਪ੍ਰਵਾਣ ਕਰਕੇ ਇਕ ਸਿਰੋਪਾਉ ਅਤੇ ਇਕ ਹਜ਼ਾਰ ਰੁਪਇਆ ਮੋਦੀਖ਼ਾਨੇ ਲਈ ਦੇ ਕੇ ਮੋਦੀ ਦਾ ਕੰਮ ਗੁਰੂ ਸਾਹਿਬ ਨੂੰ ਸੌਂਪ ਦਿਤਾ।[23] ਅਗਲੇ ਦਿਨ ਗੁਰੂ ਸਾਹਿਬ ਨੇ ਸਾਮਾਨ ਖ਼ਰੀਦ ਕੇ ਮੋਦੀਖ਼ਾਨੇ ਦਾ ਕੰਮ ਆਰੰਭ ਕਰ ਦਿਤਾ।[24] ਗੁਰੂ ਸਾਹਿਬ ਦਾ ਮੋਦੀਖ਼ਾਨੇ ਦਾ ਕੰਮ ਬਹੁਤ ਵਧੀਆ ਚਲ ਪਿਆ। ਸਵੇਰ ਤੋਂ ਲੈ ਕੇ ਸ਼ਾਮ ਤਕ ਸੌਦਾ ਲੈਣ ਵਾਲੇ ਲੋਕਾਂ ਦੀ ਭੀੜ ਮੋਦੀਖ਼ਾਨੇ ਅਗੇ ਲਗੀ ਰਹਿੰਦੀ ਸੀ। ਗੁਰੂ ਜੀ ਦੀ ਆਸੇ-ਪਾਸੇ ਵਾਹ-ਵਾਹ ਹੋਣ ਲਗੀ।[25] ਇਸ ਤਰ੍ਹਾਂ ਗੁਰੂ ਸਾਹਿਬ ਦੀ ਉਪਮਾ ਤਲਵੰਡੀ ਤਕ ਪਹੁੰਚ ਗਈ। ਰਾਇ ਬੁਲਾਰ ਬਹੁਤ ਖ਼ੁਸ਼ ਹੋਇਆ। ਪਿਤਾ ਕਾਲੂ ਵੀ ਪੁਤ੍ਰ ਦੀ ਵਡਿਆਈ ਸੁਣ

---

[22] ਇਮ ਕੀਨ ਮਸਲਤ ਪਰਸਪਰ ਪੁਨ ਗਏ ਨ੍ਰਿਪ ਦਰਵਾਰ॥ ਜੈ ਰਾਮ ਦੌਲਤ ਖਾਨ ਪੈ ਸਬ ਭੇਦ ਕੀਨ ਉਚਾਰ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 85).

[23] ਗੁਰ ਰੂਪ ਨਿਰਖ ਨਬਾਬ ਭਾਖਯੋ ਅਹੈ ਸਿਸ ਮਤਿਵਾਨ॥ ਉਰ ਹਰਖ ਦਿਜ ਸਿਰ ਪਾਉ ਤਬ ਹੀ ਲੀਨ ਗੁਰ ਸੁਖ ਮਾਨ॥8॥ ਬਹੁਰੋ ਅਗਾਊ ਰਜਤ ਪਨ ਦੀਨੋ ਹਜਾਰ ਮੰਗਾਇ॥ ਲੈ ਤਾਹਿ ਕੋ ਜੈ ਰਾਮ ਜੁਤ ਆਏਸ ਦਮ ਹਰਖਾਇ॥

(ਉਹੀ, ਪੰਨਾ 85).

[24] ਸੁਨ ਨਾਨਕੀ ਮਨ ਮੋਦ ਕੀਨੋ ਮਿਲੀ ਭ੍ਰਾਤਾਕਾਰ॥ ਸ੍ਰੀ ਗੁਰ ਤਬੈ ਥਿਤ ਹਾਟ ਕੀਨ ਖਰੀਦ ਮਾਲ ਅਪਾਰ॥9॥

(ਉਹੀ, ਪੰਨਾ 85).

[25] ਆਵਹ ਲੇਵਨਹਾਰ ਅਪਾਰਾ॥ ਦੇਵਹ ਤਾਹ ਮੋਦ ਮਨ ਧਾਰਾ॥ ਕਰਨ ਲਗੇ ਅਸ ਕਾਰ ਸੁਜਾਨਾ॥ ਬਢਯੋ ਸੁ ਜਸ ਪੁਰ ਮਾਹਿ ਮਹਾਨਾ॥16॥ ਲੋਗ ਤਰੀਫ ਖਾਨ ਪੈ ਕਰਹੀ॥ ਵਾਹਿ ਵਾਹਿ ਨਾਨਕ ਮੁਖ ਰਰਹੀ॥

(ਉਹੀ, ਪੰਨਾ 85).

ਕੇ ਬਹੁਤ ਖ਼ੁਸ਼ ਹੋਇਆ।[26] ਕੁਝ ਈਰਖਾਲੂਆਂ ਦੁਆਰਾ ਸ਼ਿਕਾਇਤ ਕਰਣ 'ਤੇ ਨਵਾਬ ਨੇ ਨਾਨਕ ਤੋਂ ਹਿਸਾਬ ਮੰਗਿਆ, ਜਿਸ ਬਾਰੇ ਵਖ -ਵਖ ਸ੍ਰੋਤਾਂ ਵਿਚ ਅਨਿਕ ਭਾਂਤਿ ਨਾਲ ਸਾਖੀਆਂ ਅੰਕਿਤ ਕੀਤੀਆਂ ਗਈਆਂ ਹਨ। 'ਵਿਲਾਇਤ ਵਾਲੀ ਜਨਮਸਾਖੀ' ਅਤੇ 'ਜਨਮਸਾਖੀ ਸੋਢੀ ਮਿਹਰਬਾਨ' ਵਿਚ ਮੋਦੀਖ਼ਾਨੇ ਦੇ ਹਿਸਾਬ ਕਰਨ ਦੀ ਸਾਖੀ ਦਰਜ ਨਹੀਂ ਹੈ। 'ਜਨਮਸਾਖੀ ਭਾਈ ਮਨੀ ਸਿੰਘ' ਵਿਚ ਇਹ ਸਾਖੀ ਸ਼ਾਮਿਲ ਹੈ। 'ਭਾਈ ਬਾਲੇ ਵਾਲੀ ਜਨਮਸਾਖੀ' ਵਿਚ ਹਿਸਾਬ ਕਰਨ ਬਾਰੇ ਦੋ ਸਾਖੀਆਂ ਅੰਕਿਤ ਕੀਤੀਆਂ ਗਈਆਂ ਹਨ।[27] 'ਸ੍ਰੀ ਨਾਨਕ ਪ੍ਰਕਾਸ਼' ਵਿਚ ਤਿੰਨ ਵਾਰ ਲੇਖਾ ਕਰ ਣ ਦੀ ਗਲ ਕਹੀ ਗਈ ਹੈ[28] ਅਤੇ ਵਿਚਾਰਾਧੀਨ ਕ੍ਰਿਤੀ ਵਿਚ ਵੀ ਹਿਸਾਬ ਕਰਣ ਬਾਰੇ ਤਿੰਨ ਸਾਖੀਆਂ ਪ੍ਰਾਪਤ ਹਨ। 'ਜਨਮਸਾਖੀ ਭਾਈ ਮਨੀ ਸਿੰਘ' ਵਿਚ ਇਹ ਸਾਖੀ ਵੇਈਂ ਪ੍ਰਵੇਸ਼ ਤੋਂ ਪਹਿਲਾਂ ਅੰਕਿਤ ਕੀਤੀ ਗਈ ਹੈ[29], ਕਿਉਂਕਿ ਉਸ ਤੋਂ ਬਾਅਦ ਗੁਰੂ ਜੀ ਉਦਾਸੀਆਂ ਲਈ ਚਲਦੇ ਹਨ। ਗਣੇਸ਼ ਸਿੰਘ ਅਨੁਸਾਰ ਤਿੰਨ ਮਹੀਨੇ ਬਾਅਦ ਹੀ ਨਵਾਬ ਦੌਲਤ ਖ਼ਾਂ ਨੂੰ ਈਰਖਾਲੂਆਂ ਨੇ ਚੁਗਲੀ ਕਰ ਦਿਤੀ, ਕਿ ਨਾਨਕ ਮੋਦੀਖ਼ਾਨੇ ਨੂੰ ਲੁਟਾਈ ਜਾ ਰਿਹਾ ਹੈ। ਨਵਾਬ ਨੇ ਹਿਸਾਬ ਕਰਣ ਬਾਰੇ ਕਿਹਾ ਅਤੇ ਗੁਰੂ ਜੀ ਨੇ ਆਮਦਨ ਅਤੇ ਖ਼ਰਚ ਸਭ ਲਿਖਵਾ ਦਿਤਾ। ਹਿਸਾਬ ਕਰਣ 'ਤੇ ਇਕ

---

[26] ਇਮ ਕੀਰਤਿ ਪਸਰੀ ਸੁਖ ਕੰਦਾ॥ ਫੈਲੀ ਮਨੋ ਚਾਂਦਨੀ ਚੰਦਾ॥ ਤਲਵੰਡੀ ਕੇ ਜਾਚਕ ਜਾਲਾ॥ ਆਵਤ ਭੇ ਸੁਨ ਸੁ ਜਸ ਬਿਸਾਲਾ॥27॥ ਮਨ ਬਾਛਤ ਸੰਪਤ ਕੋ ਪਾਈ॥ ਜਾਤ ਭਏ ਘਰ ਕੋ ਹਰਖਾਈ॥ ਕੀਰਤਿ ਕੋ ਸੁਨ ਰਾਇ ਬੁਲਾਰਾ॥ ਹਰਖਤ ਭਾ ਉਰ ਮਾਹਿ ਅਪਾਰਾ॥28॥ ਸੁਨ ਕਾਲੂ ਮਨ ਹਰਖ ਅਪਾਰੂ॥ ਸੁਤ ਮਿਲਨੇ ਹਿਤ ਭਯੋ ਤਿਯਾਰੂ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 86).

[27] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987, ਪੰਨਾ 197-212.

[28] ਔਲਖ, ਅਜੀਤ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵਿ ਚੂੜਾਮਣੀ ਭਾਈ ਸੰਤੋਖ ਸਿੰਘ ਜਿਲਦ ਪਹਿਲੀ (ਸਟੀਕ)*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ 198, 225-324.

[29] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 368.

ਸੌ ਪੈਂਤੀ ਰੁਪਏ ਨਵਾਬ ਵਲ ਬਾਕੀ ਨਿਕਲੇ।[30] ਨਵਾਬ ਨੇ ਖ਼ੁਸ਼ ਹੋ ਕੇ ਇਕ ਸੌ ਪੈਂਤੀ ਜਿਹੜੇ ਵਧੇ ਸਨ ਅਤੇ ਹੋਰ ਸਤਾਰਾਂ ਸੌ ਰੁਪਏ ਗੁਰੂ ਸਾਹਿਬ ਨੂੰ ਦਿਤੇ।[31] ਪਹਿਲੀ ਵਾਰ ਹਿਸਾਬ ਕਰ ਣ 'ਤੇ ਇਕ ਸੌ ਪੈਂਤੀ ਰੁਪਏ ਦੇ ਵਾਧੇ ਬਾਰੇ 'ਜਨਮਸਾਖੀ ਭਾਈ ਬਾਲਾ' ਅਤੇ 'ਸ੍ਰੀ ਨਾਨਕ ਪ੍ਰਕਾਸ਼' ਇਕਮਤਿ ਹਨ, ਜਦਕਿ 'ਜਨਮਸਾਖੀ ਭਾਈ ਮਨੀ ਸਿੰਘ' ਵਿਚ ਲੇਖੇ ਵਿਚ ਪੰਜ ਹਜ਼ਾਰ ਰੁਪਏ ਵਧੇ ਦਸੇ ਹਨ।[32]

ਦੂਜੀ ਵਾਰ ਲੇਖਾ ਗੁਰੂ ਜੀ ਦੀ ਕੁੜਮਾਈ ਤੋਂ ਪਹਿਲਾਂ ਕੀਤਾ ਗਿਆ ਅਤੇ ਬਾਅਦ ਵਿਚ ਗੁਰੂ ਸਾਹਿਬ ਨੇ ਫਿਰ ਮੋਦੀਖ਼ਾਨੇ ਦਾ ਕੰਮ ਸੰਭਾਲ ਲਿਆ ਅਤੇ ਦਿਨ ਰਾਤ ਮੋਦੀਖ਼ਾਨੇ ਦਾ ਕੰਮ ਕਰਦੇ ਰਹਿੰਦੇ। ਲੋਕਾਂ ਦੀ ਭੀੜ ਪਹਿਲਾਂ ਦੀ ਤਰ੍ਹਾਂ ਹੀ ਮੋਦੀਖ਼ਾਨੇ ਅਗੇ ਲਗੀ ਰਹਿੰਦੀ। ਨਿੰਦਕ ਅਤੇ ਈਰਖ਼ਾਲੂ ਲੋਕਾਂ ਨੇ ਆਪਸ ਵਿਚ ਗਲਾਂ ਕਰਣੀਆਂ ਸ਼ੁਰੂ ਕਰ ਦਿਤੀਆਂ ਅਤੇ ਉਹਨਾਂ ਵਿਚੋਂ ਹੀ ਕਿਸੇ ਵਿਅਕਤੀ ਨੇ ਨਵਾਬ ਅਗੇ ਜਾ ਸ਼ਿਕਾਇਤ ਕੀਤੀ, ਕਿ ਨਾਨਕ ਮੋਦੀਖ਼ਾਨੇ ਦਾ ਸਾਰਾ ਸਮਾਨ ਲੁਟਾਈ ਜਾ ਰਿਹਾ ਹੈ, ਜੇਕਰ ਉਸ ਨੂੰ ਨਾ ਰੋਕਿਆ ਗਿਆ, ਤਾਂ ਉਹ ਮੋਦੀਖ਼ਾਨਾ ਖਾਲੀ ਕਰ ਦੇਵੇਗਾ। ਇਹ ਗਲ ਜੈ ਰਾਮ ਤਕ ਵੀ ਪਹੁੰਚ ਗਈ।[33]

---

[30] ਕੀਨੋ ਹਿਸਾਬ ਤ੍ਰੈ ਮਾਸ ਕੇਰ॥ ਲੇਖਕ ਪ੍ਰਵੀਨ ਸਬ ਭਾਤ ਹੇਰ॥31॥ ਇਕ ਸੌ ਪੈਤੀ ਤਬ ਦਰਬ ਸੇਖ॥ ਨਿਕਸਯੋ ਤਿਹ ਸ੍ਰੀ ਗੁਰ ਕੋ ਵਿਸੇਖ॥ ਲਖ ਭਯੋ ਚਕਤ ਮਨ ਮੈ ਜਿ ਰਾਮ॥ ਮਿਲ ਆਵਤ ਭੇ ਪੁਨ ਹਰਖ ਧਾਮ॥32॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1990, ਪੰਨਾ 91-92).

[31] ਜੋ ਬਢਯੋ ਦਰਬ ਲੇਖੇ ਮਝਾਰ॥ ਸੋ ਦੀਨ ਖਾਨ ਉਰ ਹੇਤ ਧਾਰ॥43॥ ਪੁਨ ਔਰ ਸਤਾਰਾਂ ਸੈ ਦੁਵਾਇ॥ ਮਨ ਭਯੋ ਮੋਦ ਨਹਿ ਭਨਯੋ ਜਾਇ॥ ਸਭ ਹਿੰਦੂ ਤੁਰਕ ਗੁਰ ਨਿਕਟ ਆਨਾ॥ ਤਬ ਲਗੇ ਕਰਨ ਉਸਤਤਿ ਬਖਾਨਾ॥44॥

(ਉਹੀ, ਪੰਨਾ 93).

[32] ਤਾਂ ਦੂਜੇ ਦਿਨ ਬਾਬੇ ਕਹਿਆ ਅਸਾਡੇ ਨਾਲ ਤੁਸੀਂ ਮੋਦੀਖ਼ਾਨੇ ਦਾ ਲੇਖਾ ਕਰੋ। ਤਾਂ ਦੀਵਾਨ ਦੇ ਨਾਲ ਲੇਖਾ ਕੀਤਾ ਤਾਂ ਪਰਗਣੇ ਦਾ ਆਮਦਨੀ ਭੀ ਪੂਰੀ ਕਰ ਦਿਤੀ ਅਰ ਪੰਜ ਹਜਾਰ ਰੁਪਯਾ ਭੀ ਦੀਵਾਨ ਵਲਿ ਵਧੀਕ ਕਢਿਆ।

(ਡਾ. ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009, ਪੰਨਾ 368).

[33] ਬਾਸਰ ਲਾਗੀ ਰਹੈ ਰਸੋਈ॥ ਮਨ ਬਾਛਤ ਅਚਵੈ ਸਬ ਕੋਈ॥ ਰਜਨੀ ਮੈ ਨਿਤ ਹਰਿ ਗੁਨ ਗਾਵੈ॥ ਜਾਹਿ ਸੁਨਤ ਅਘ ਓਘ ਨਸਾਵੈ॥3॥ ਪੁਰ ਜਨ ਖਰਚ ਨਿਰਖ ਬਹੁ ਤਬ ਹੀ॥ ਕਹਨ ਲਗੇ ਆਪਸ ਸੈ ਸਬ ਹੀ॥ ਦੌਲਤ ਦੌਲਤ ਖਾਨ ਲੁਟਾਈ॥ ਆਜ

ਜੈਰਾਮ ਨੇ ਘਰ ਆ ਕੇ ਆਪਣੀ ਸੁਪਤਨੀ ਨਾਨਕੀ ਨਾਲ ਸਾਰੀ ਗਲ ਸਾਂਝੀ ਕੀਤੀ। ਗੁਰੂ ਨਾਨਕ ਜੀ ਜਦੋਂ ਘਰ ਆਏ, ਤਾਂ ਉਹਨਾਂ ਜੈ ਰਾਮ ਨੂੰ ਮੋਦੀਖ਼ਾਨੇ ਦਾ ਹਿਸਾਬ ਕਰਨ ਲਈ ਕਿਹਾ।[34] ਸ਼੍ਰੀ ਨਾਨਕ ਜੀ ਦੀ ਗਲ ਸੁਣ ਕੇ ਜੈ ਰਾਮ ਨਵਾਬ ਪਾਸ ਗਿਆ ਅਤੇ ਨਵਾਬ ਨੂੰ ਹਿਸਾਬ ਕਰਨ ਲਈ ਬੇਨਤੀ ਕੀਤੀ।[35] ਲੋਕਾਂ ਦੁਆਰਾ ਸ਼ਿਕਾਇਤ ਕਰਨ ਕਰਕੇ ਨਵਾਬ ਖ਼ੁਦ ਚਾਹੁੰਦਾ ਸੀ, ਕਿ ਹਿਸਾਬ ਕੀਤਾ ਜਾਵੇ। ਨਿਧੇ ਬ੍ਰਾਹਮਣ ਨੂੰ ਭੇਜ ਕੇ ਗੁਰੂ ਨਾਨਕ ਨੂੰ ਲੇਖਾ ਕਰਣ ਲਈ ਬੁਲਾ ਲਿਆ।[36] ਗੁਰੂ ਸਾਹਿਬ ਆਪਣੀ ਹਿਸਾਬ ਦੀ ਵਹੀ ਲੈ ਕੇ ਲੇਖਾ-ਜੋਖਾ ਕਰਣ ਲਈ ਨਵਾਬ ਪਾਸ ਪਹੁੰਚ ਗਏ।[37] ਨਵਾਬ ਨੇ ਜਾਦੋ ਰਾਏ ਨਾਮ ਦੇ ਮੁਨਸ਼ੀ ਨੂੰ ਬੁਲਾ ਕੇ ਚੰਗੀ ਤਰ੍ਹਾਂ ਹਿਸਾਬ ਕਰਣ ਲਈ ਕਿਹਾ। ਜਾਦੋ ਰਾਏ ਨਵਾਬ ਦਾ ਹੁਕਮ ਮੰਨ ਕੇ ਲੇਖਾ ਕਰਣ ਬੈਠ

---

ਕਾਲ ਨਾਨਕ ਨਸ ਜਾਈ॥4॥ ਪਰੈ ਜੰਜਾਲ ਸੀਸ ਜੈ ਰਾਮੰ॥ ਗਹ ਨਬਾਬ ਲੈ ਹੈ ਨਿਜ ਦਾਮੰ॥ ਸੁਨ ਜੈ ਰਾਮ ਬਾਤ ਨਿਜਕਾਨਾ॥ ਆਯੋ ਗ੍ਰਿਹ ਹ੍ਵੈ ਚਿੰਤਾਵਾਨਾ॥5॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 98).

[34] ਉਰ ਕੀ ਲਖ ਬੇਦੀ ਕੁਲ ਦੀਪਾ॥ ਆਨ ਭਨ੍ਯੋ ਜੈ ਰਾਮ ਸਮੀਪਾ॥ ਬਹੁ ਦਿਨ ਗੁਜਰੇ ਭਏ ਹਿਸਾਬਾ॥ ਦਿਯੋ ਚਹਤ ਮੈ ਅਬੈ ਨ ਬਾਬਾ॥8॥

(ਉਹੀ, ਪੰਨਾ 98).

[35] ਸੁਨ ਗਿਰ ਗਿਰਾ ਭਈ ਉਰ ਧੀਰਾ॥ ਗਮਨ ਕੀਨ ਦੌਲਤ ਖਾ ਤੀਰਾ॥ ਕਹਤ ਭਯੋ ਤਿਹ ਸਹਤ ਅਦਾਬਾ॥ ਮੋਦੀ ਚਾਹਤ ਦੈਨ ਹਿਸਾਬਾ॥9॥

(ਉਹੀ, ਪੰਨਾ 98).

[36] ਸੁਨ ਕਰ ਖਾਨ ਭਨ੍ਯੋ ਤਿਹ ਬਾਰਾ॥ ਮੋਦੀ ਕੋ ਆਨੋ ਬਿਨ ਬਾਰਾ॥ ਹਮ ਪੈ ਕਹਤ ਲੋਗ ਸਬ ਆਈ॥ ਦੀਨ ਦਰਬ ਤਿਨ ਸਰਬ ਲੁਟਾਈ॥10॥ ਅਬ ਹਿਸਾਬ ਮੈ ਜਾਨ੍ਯੋ ਪਰ ਹੈ॥ ਸਾਚੈ ਕਿਧੌ ਕੂਰ ਮੁਖ ਰਰ ਹੈ॥ ਨਿਧਾ ਪਾਧਾ ਤਬੈ ਪਠਾਵਾ॥ ਸ੍ਰੀ ਗੁਰ ਕੋ ਤੁਰਨ ਲੈ ਆਵਾ॥11॥

(ਉਹੀ, ਪੰਨਾ 98).

[37] ਬਹੀ ਬਗਲ ਮੈ ਗੁਨੀ ਗਹੀਰਾ॥ ਠਾਢੇ ਭਏ ਖਾਨ ਕੇ ਤੀਰਾ॥

(ਉਹੀ, ਪੰਨਾ 98).

ਗਿਆ।[38] ਮੁਨਸ਼ੀ ਨੇ ਬੜੇ ਧਿਆਨ ਨਾਲ ਪੰਜ ਦਿਨ ਵਿਚ ਸਾਰਾ ਹਿਸਾਬ ਮੁਕੰਮਲ ਕੀਤਾ। ਹਿਸਾਬ ਕਰਣ ਤੇ ਤਿੰਨ ਸੌ ਇਕੀ ਰੁਪਏ ਸ੍ਰੀ ਗੁਰੂ ਜੀ ਦੇ ਨਵਾਬ ਵਲ ਵਧ ਨਿਕਲੇ।[39] ਮੁਨਸ਼ੀ ਜਾਦੋ ਰਾਏ ਨੇ ਸਾਰਾ ਹਿਸਾਬ ਨਵਾਬ ਨੂੰ ਜਾ ਦਸਿਆ ਅਤੇ ਵਾਧਾ ਵੀ ਦਸ ਦਿਤਾ।[40] ਨਵਾਬ ਨੇ ਖ਼ੁਸ਼ ਕੇ ਜੋ ਵਾਧਾ ਨਿਕਲਿਆ ਸੀ, ਉਸ ਦੇ ਨਾਲ-ਨਾਲ ਤਿੰਨ ਹਜ਼ਾਰ ਰੁਪਏ ਹੋਰ ਸੌਦਾ ਪਾਉਣ ਲਈ ਦੇ ਦਿਤੇ।[41]

ਤੀਜੀ ਵਾਰ ਲੇਖਾ ਵੇਈਂ ਪ੍ਰਵੇਸ਼ ਤੋਂ ਬਾਅਦ ਕੀਤਾ ਗਿਆ। ਵੇਈਂ ਪ੍ਰਵੇਸ਼ ਤੋਂ ਤਿੰਨ ਦਿਨ ਬਾਅਦ ਗੁਰੂ ਸਾਹਿਬ ਬਾਹਰ ਆਏ।[42] ਵੇਈਂ ਪ੍ਰਵੇਸ਼ ਦੀ ਘਟਨਾ ਤੋਂ ਬਾਅਦ ਗੁਰੂ ਸਾਹਿਬ ਨੇ ਦੌਲਤ ਖ਼ਾਂ ਨੂੰ ਹਿਸਾਬ ਦਿਤਾ ਅਤੇ ਸਤ ਸੌ ਸਠ ਰੁਪਏ ਵਧ ਨਿਕਲੇ। ਇਸ ਤਰ੍ਹਾਂ ਧਾਰਮਿਕ ਯਾਤ੍ਰਾਵਾਂ ਤੋਂ ਪਹਿਲਾਂ ਗੁਰੂ ਜੀ ਨੇ

---

[38] ਨਵੀ ਸਿੰਦ ਥੋ ਜਾਦੋ ਰਾਈ॥ ਭਨਯੋ ਖਾਨ ਤਿਹ ਨਿਕਟ ਬੁਲਾਈ॥ ਅਹੈ ਹਿਸਾਬ ਜੁ ਮੋਦੀ ਕੇਰਾ॥ ਖੂਬ ਤਰਾ ਕੀਜੈ ਬਿਨ ਬੇਰਾ॥16॥ ਭਲਾ ਨਬਾਬ ਸਲਾਮਤ ਆਜੂ॥ ਲੇਖਾ ਲੇਤ ਉਘਾਰਤ ਪਾਜੂ॥ ਕਰਨ ਹਿਸਾਬ ਲਗੇ ਮਿਲ ਤਾਹੀ॥ ਬੈਠ ਨਿਰੰਤਰ ਗ੍ਰਿਹ ਕੇ ਮਾਹੀ॥17॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1990, ਪੰਨਾ 99).

[39] ਭਯੋ ਹਿਸਾਬ ਪਾਂਚ ਦਿਨ ਮਾਹੀ॥ ਬਢਯੋ ਸੇਖ ਧਨ ਗੁਰ ਕੋ ਆਹੀ॥ ਇਕ ਬਿੰਸਤ ਤ੍ਰੈ ਸੈ ਪਰ ਤਬ ਹੀ॥ ਨਿਕਸੇ ਸੇਖ ਰਜਤ ਪਨ ਸਬ ਹੀ॥19॥

(ਉਹੀ).

[40] ਸੁਨੇ ਨਬਾਬ ਸਲਾਮਤ ਤਾਹੂ॥ ਕੀਨ ਹਿਸਾਬ ਭਲੀ ਬਿਧ ਆਹੂ॥ ਮੋਦੀ ਕੇ ਤੁਮਰੀ ਦਿਸ ਈਸਾ॥ ਸੇਖ ਬਢੈ ਤ੍ਰੈ ਸੈ ਇਕ ਬੀਸਾ॥22॥

(ਉਹੀ).

[41] ਭਨਯੋ ਜੁ ਫਾਜਲ ਮੋਦੀ ਕੇਰੀ॥ ਦੇਹੁ ਖਜਾਨੇ ਤੇ ਬਿਨ ਬੇਰੀ॥ ਤੀਨ ਹਜਾਰ ਅਗਾਊ ਦੀਜੈ॥ ਦਫਤਰ ਬਹੀ ਮਾਹਿ ਲਿਖ ਲੀਜੈ॥25॥

(ਉਹੀ).

[42] ਤੀਨ ਦਿਵਸ ਪਾਛੈ ਪ੍ਰਭੂ ਨਿਕਸੇ ਤਿਹ ਥਾਨਾ॥ ਦਾਸ ਨਿਰਖ ਚਰਨੀ ਪਰਯੋ ਸੁਖ ਬਢਯੋ ਮਹਾਨਾ॥

(ਉਹੀ, ਪੰਨਾ 134).

ਮੋਦੀਖ਼ਾਨੇ ਦੀ ਨੌਕਰੀ ਛਡ ਦਿਤੀ[43] ਅਤੇ ਫਿਰ ਮੂਲੇ ਤੇ ਨਵਾਬ ਨੂੰ ਉਪਦੇਸ਼ ਦੇ ਕੇ ਧਾਰਮਿਕ ਯਾਤ੍ਰਾਵਾਂ ਦੀ ਤਿਆਰੀ ਕਰਣ ਲਗੇ। 'ਜਨਮਸਾਖੀ ਭਾਈ ਮਨੀ ਸਿੰਘ' ਅਤੇ 'ਜਨਮਸਾਖੀ ਭਾਈ ਬਾਲਾ' ਵਿਚ ਇਹ ਸਾਖੀ ਦਰਜ ਹੈ। ਇਥੇ ਇਕ ਗਲ ਤਾਂ ਸਪਸ਼ਟ ਹੋ ਜਾਂਦੀ ਹੈ , ਕਿ ਗੁਰੂ ਜੀ ਨੇ ਈਰਖਾਲੂਆਂ ਦੀ ਸ਼ਿਕਾਇਤ 'ਤੇ ਲੇਖਾ ਦਿਤਾ ਸੀ। ਇਥੇ ਉਕਾਈ ਇਹ ਰਹੀ, ਕਿ 'ਭਾਈ ਬਾਲੇ ਵਾਲੀ ਜਨਮਸਾਖੀ' ਵਿਚ ਦੋ ਵਾਰ ਅਤੇ 'ਸ੍ਰੀ ਨਾਨਕ ਪ੍ਰਕਾਸ਼' ਅਤੇ ਚਰਚਿਤ ਜਨਮਸਾਖੀ ਵਿਚ ਤਿੰਨ ਵਾਰ ਗੁਰੂ ਜੀ ਦੀ ਉਸਤਤਿ ਵਿਚ ਵਾਧਾ ਕਰ ਣ ਹਿਤ ਜੋੜ ਦਿਤਾ ਗਿਆ ਹੈ।

ਕਵਿ ਗੁਰੂ ਜੀ ਦੀ ਸਗਾਈ ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈ , ਕਿ ਇਕ ਦਿਨ ਪਖੋ ਕੇ ਰੰਧਾਵੇ ਪਿੰਡ ਦੇ ਮੂਲੇ ਨੇ ਆਪਣੀ ਪੁਤ੍ਰੀ ਦੀ ਸਗਾਈ ਲਈ ਸੁਲਤਾਨਪੁਰ ਸ਼ਗਨ ਭੇਜ ਦਿਤਾ। ਜਿਸ ਨੂੰ ਦੇਖ ਕੇ ਜੈ ਰਾਮ ਅਤੇ ਨਾਨਕੀ ਜੀ ਬਹੁਤ ਖ਼ੁਸ਼ ਹੋਏ।[44] ਬੇਬੇ ਨਾਨਕੀ ਨੇ ਆਪਣੇ ਪੇਕੇ ਘਰ ਵੀ ਸੁਨੇਹਾ ਭੇਜ ਦਿਤਾ। ਜਿਸ ਨੂੰ ਸੁਣ ਕੇ ਗੁਰੂ ਸਾਹਿਬ ਦੇ ਮਾਤਾ-ਪਿਤਾ ਵੀ ਬਹੁਤ ਪ੍ਰਸੰਨ ਹੋਏ।[45] ਮਾਤਾ ਤ੍ਰਿਪਤਾ ਨੇ ਇਹ ਖ਼ਬਰ ਆਪਣੇ ਪੇਕੇ ਪਰਿਵਾਰ ਨੂੰ ਵੀ ਭੇਜ ਦਿਤੀ। ਖ਼ਬਰ ਸੁਣਕੇ ਗੁਰੂ ਸਾਹਿਬ ਦੇ ਨਾਨਕੇ ਪਰਿਵਾਰ ਵਾਲੇ ਤੁਰੰਤ

---

[43] ਹਮ ਨ ਜਾਤ ਢਿਗ ਖਾਨ ਕੇ ਮੁਖ ਕੀਨ ਉਚਾਰਾ॥ ਨਹਿ ਤਾਸੌ ਕਛੁ ਕਾਜ ਹੈ ਤਜ ਦੀਨੀ ਕਾਰਾ॥20॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 143).

[44] ਪੱਖੋ ਕੇਰ ਰਿਧਾਵੈ ਨਾਮ ਜੁ ਗਾਮ ਹੈ॥ ਮੂਲਾ ਖਤ੍ਰੀ ਬਸੈ ਤਹਾ ਮਤਿ ਧਾਮ ਹੈ॥ ਤਿਨ ਦਿਜ ਪਠੇ ਸਗਾਈ ਦੈ ਸੁਲਤਾਨ ਪੁਰ॥ ਹੋ ਆਏ ਘਰ ਜੈ ਰਾਮ ਰਿਦੈ ਅਤ ਹਰਖ ਕਰ॥8॥ ਕੀਨੋ ਬਹੁ ਸਨਮਾਨ ਤਬੈ ਜੈ ਰਾਮ ਹੈ॥ ਸੁਨਤ ਨਾਨਕੀ ਮੁਦਤ ਬੁਲਾਈ ਭਾਮ ਹੈ॥

(ਉਹੀ, ਪੰਨਾ 94).

[45] ਇਹ ਬਿਧ ਪੁਰ ਸੁਲਤਾਨ ਮਹਾ ਮੰਗੱਲ ਭਯੋ॥ ਹੋ ਇਕ ਮਾਨਵ ਤਲਵੰਡੀ ਤੂਰਨ ਪਠ ਦਯੋ॥11॥ ਗੁਰ ਮਾਤਾ ਸੁਨ ਕਾਨ ਸਗਾਈ ਤਾਤ ਕੀ॥ ਉਰ ਮੈ ਅਤਿ ਹਰਖਾਇ ਨ ਬਰਨੀ ਜਾਤ ਕੀ॥

(ਉਹੀ, ਪੰਨਾ 94 ਅਤੇ 95).

ਤਲਵੰਡੀ ਪਹੁੰਚ ਗਏ।[46] ਸਾਰਿਆਂ ਨੇ ਮਿਲ ਕੇ ਖ਼ੁਸ਼ੀ ਮਨਾਈ ਅਤੇ ਫਿਰ ਗੁਰੂ ਜੀ ਦੇ ਪਿਤਾ ਕਾਲੂ ਜੀ ਨੇ ਕਿਹਾ ਕਿ ਹੁਣ ਦੇਰ ਨਾ ਕਰੋ, ਸੁਲਤਾਨਪੁਰ ਚਲਣ ਦੀ ਤਿਆਰੀ ਕਰੋ। ਕਾਲੂ ਜੀ ਦੀ ਗਲ ਸੁਣ ਕੇ ਸਾਰੇ ਸੁਲਤਾਨਪੁਰ ਜਾਣ ਦੀ ਤਿਆਰੀ ਕਰਣ ਲਗੇ।[47] ਤਲਵੰਡੀ ਤੋਂ ਪਰਿਵਾਰਿਕ ਮੈਂਬਰਾਂ ਤੋਂ ਇਲਾਵਾ ਪੰਜ ਨੌਕਰਾਂ ਸਮੇਤ ਕੁਲ ਬਾਰਾਂ ਜਣੇ ਗਡਿਆਂ ਵਿਚ ਬੈਠ ਕੇ ਸੁਲਤਾਨਪੁਰ ਪਹੁੰਚ ਗਏ।[48]

ਸਾਰੇ ਗੁਰੂ ਨਾਨਕ ਜੀ ਨੂੰ ਬੜੀ ਖ਼ੁਸ਼ੀ ਨਾਲ ਮਿਲੇ ਅਤੇ ਸਾਰਿਆਂ ਨੇ ਗੁਰੂ ਸਾਹਿਬ ਉਪਰੋਂ ਰੁਪਏ ਵਾਰ ਕੇ ਗ਼ਰੀਬਾਂ ਨੂੰ ਦਿਤੇ। ਖੁਸ਼ੀਆਂ ਮਨਾਉਂਦਿਆਂ ਦੋ ਦਿਨ ਵਿਸ਼ਰਾਮ ਕਰਕੇ ਅਗਲੇ ਦਿਨ ਸਭ ਮੂਲੇ ਦੇ ਘਰ ਜਾਣ ਲਈ ਤੁਰ ਪਏ। ਪਿੰਡ ਦੇ ਬਾਹਰ ਰੁਕ ਕੇ ਨਿਧੇ ਬ੍ਰਾਹਮਣ ਹਥ ਮੂਲੇ ਦੇ ਘਰ ਸੁਨੇਹਾ ਭੇਜਿਆ।[49] ਨਿਧੇ ਬ੍ਰਾਹਮਣ ਨੇ ਮੂਲੇ ਨੂੰ ਮਹਿਤਾ ਕਾਲੂ ਦੇ ਕੁੜਮਾਈ ਲਈ ਆਉਣ ਦਾ ਸੁਨੇਹਾ ਦਿਤਾ। ਮੂਲਾ ਉਸ ਦੇ

---

[46] ਬਹੁਰੋ ਖਬਰ ਪਠਾਈ ਗੁਰ ਕੇ ਨਾਨਕੇ॥ ਆਵਤ ਭੇ ਸੋ ਸਬੈ ਹਰਖ ਉਰਮਾਨ ਕੈ॥ ਨਾਨੇ ਰਾਮਾ ਨਾਮ ਸੁ ਕ੍ਰਿਸਨਾ ਮਾਤਲੰ॥ ਹੋ ਨਾਨੀ ਨਾਮ ਭਰਾਈ ਆਈ ਤਿਹ ਚਲੰ॥14॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 95).

[47] ਮਿਲ ਕੀਨੇ ਉਤਸਾਹ ਸਬਨ ਸੁਖ ਮਾਨ ਕੈ॥ ਬਹੁਰੋ ਕਾਲੂ ਬੋਲਯੋ ਬਹੁ ਸਨਮਾਨ ਕੈ॥ ਕੀਜੈ ਅਬੈ ਨ ਬੇਰ ਪਰੋ ਪਗ ਧਾਇ ਕੈ॥ ਹੋ ਕਰਹੈ ਚੌਕੜ ਖਰਚ ਸਬੈ ਤਿਹ ਜਾਇ ਕੈ॥15॥ ਇਮ ਕਹ ਕੀਨ ਤਿਯਾਰੀ ਜਾਵਨ ਕੀ ਤਬੈ॥ ਸਗਰੀ ਸੌਜ ਸੰਭਾਰ ਡਾਰ ਸਕਟਨ ਝਬੈ॥

(ਉਹੀ).

[48] ਤਲਵੰਡੀ ਤੇ ਚਲੈ ਇਤੇ ਅਸਵਾਰ ਹ੍ਵੈ॥ ਹੋ ਸੁਨੋ ਨਾਮ ਤਿਨ ਕੇਰ ਜਾਹਿ ਸੁਨ ਹਰਖ ਹ੍ਵੈ॥19॥ ਕਾਲੂ ਲਾਲੂ ਕਿਸਨਾ ਰਾਮਾ॥ ਗੁਰ ਮਾਤਾ ਨਾਨੀ ਮਤਿ ਧਾਮਾ॥ ਲੀਨੋ ਸੰਗ ਡੂਮ ਮਰਦਾਨਾ॥ ਪਾਚ ਨਫਰ ਸਬ ਦ੍ਵਾਦਸ ਜਾਨਾ॥20॥ ਸੁਖ ਸੌ ਮਗ ਉਲੰਘ ਸਮੁਦਾਈ॥ ਪੁਰ ਸੁਲਤਾਨ ਪਹੁਚੈ ਜਾਈ॥

(ਉਹੀ, ਪੰਨਾ 95 ਅਤੇ 96).

[49] ਦੋਇ ਦਿਵਸ ਇਮ ਤਹਾ ਬਤਾਏ॥ ਬਹੁਰੋ ਤਿਯਾਰ ਭਏ ਸਮੁਦਾਏ॥ ਪਰਮਾਨੰਦ ਔਰ ਜੈ ਰਾਮੰ॥ ਨਿਧਾ ਬ੍ਰਾਹਮਣ ਸੁਭ ਮਤਿ ਧਾਮੰ॥29॥ ਚਲੇ ਰਥਨ ਚਢ ਕਾਲੂ ਸੰਗਾ॥ ਪਹੁਚੇ ਪੱਖੋ ਗਾਮ ਉਮੰਗਾ॥ ਪੁਨ ਨਿਧੇ ਪਾਧੇ ਅਗਵਾਈ॥ ਮੂਲੈ ਪੈ ਸੁਧ ਦੀਨੀ ਜਾਈ॥30॥

(ਉਹੀ, ਪੰਨਾ 96).

ਮੂੰਹੋਂ ਇਹ ਖ਼ਬਰ ਸੁਣ ਕੇ ਬਹੁਤ ਪ੍ਰਸੰਨ ਹੋਇਆ।[50] ਦੋਹਾਂ ਧਿਰਾਂ ਨੇ ਬੈਠ ਕੇ ਕੁੜਮਾਈ ਦੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ।[51] ਕੁੜਮਾਈ ਦੀ ਰਸਮ ਮੁਕੰਮਲ ਹੋਣ ਤੋਂ ਬਾਅਦ ਪਰਮਾਨੰਦ ਨੇ ਮੂਲੇ ਨੂੰ ਵਿਆਹ ਦਾ ਦਿਨ ਛੇਤੀ ਨਿਯਤ ਕਰਨ ਲਈ ਕਿਹਾ, ਪਰ ਮੂਲੇ ਨੇ ਇਕ ਸਾਲ ਬਾਅਦ ਵਿਆਹ ਕਰਣ ਲਈ ਕਿਹਾ ਅਤੇ ਨਾਲ ਇਹ ਵੀ ਕਹਿ ਦਿਤਾ, ਕਿ ਪਹਿਲਾਂ ਨਹੀਂ ਹੋ ਸਕਦਾ।[52]

ਚਰਚਿਤ ਜਨਮਸਾਖੀ ਦੇ ਕਰਤਾ ਕਵਿ ਗਣੇਸ਼ ਸਿੰਘ ਨੇ ਗੁਰੂ ਸਾਹਿਬ ਦਾ ਵਿਆਹ 1548 ਵਿਕ੍ਰਮੀ (1491 ਈ.) ਵਿਚ ਹੋਇਆ ਲਿਖਿਆ ਹੈ। ਉਪਰੋਕਤ ਅਨੁਸਾਰ ਮੂਲੇ ਨੇ ਸਗਾਈ ਤੋਂ ਇਕ ਸਾਲ ਬਾਅਦ ਵਿਆਹ ਦਾ ਦਿਨ ਰਖਣ ਦਾ ਬਚਨ ਕੀਤਾ ਸੀ। ਇਸ ਪ੍ਰਕਾਰ ਅਸੀਂ ਅਨੁਮਾਨ ਲਗਾ ਸਕਦੇ ਹਾਂ, ਕਿ ਜੇਕਰ ਗੁਰੂ ਸਾਹਿਬ ਦਾ ਵਿਆਹ ਇਕ ਸਾਲ ਬਾਅਦ 1548 ਵਿਕ੍ਰਮੀ (1491 ਈ.) ਨੂੰ ਹੋਇਆ ਤਾਂ ਕੁੜਮਾਈ ਇਕ ਸਾਲ ਪਹਿਲਾਂ 1547 ਵਿਕ੍ਰਮੀ (1490 ਈ.) ਨੂੰ ਹੋਈ ਮੰਨੀ ਜਾ ਸਕਦੀ ਹੈ। ਪਰ 'ਵਿਲਾਇਤ ਵਾਲੀ ਜਨਮਸਾਖੀ' ਵਿਚ ਗੁਰੂ ਜੀ ਦਾ ਵਿਆਹ 12 ਸਾਲ ਦੀ ਉਮਰ ਵਿਚ ਹੋਣਾ ਨਿਸ਼ਚਿਤ

---

[50] ਬੇਦੀ ਕਾਲੂ ਨਰਨ ਸਮੇਤਾ॥ ਆਯੋ ਚੌਕੜ ਖਰਚਨ ਹੇਤਾ॥ ਸੁਨ ਮੂਲੇ ਮਨ ਮੈ ਹਰਖਾਈ॥ ਦਿਜ ਪਦ ਬੰਦਨ ਕਰ ਇਮ ਗਾਈ॥31॥ ਤਿਨ ਕਾ ਆਵਨ ਦਿਜ ਬਰ ਜੋਈ॥ ਹਮਰੇ ਸਿਰ ਮਾਥੇ ਪਰ ਸੋਈ॥ ਪੁਨ ਸਨਵਾਰ ਦਸਮਿ ਦਿਨ ਪਾਈ॥ ਮਿਲੇ ਸਬੈ ਮੁਲੇ ਕੋ ਜਾਈ॥32॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 96).

[51] ਪਲਤਾ ਪਰਮਾਨੰਦ ਅਨੰਦੰ॥ ਚੌਕੜ ਖਰਚ ਕੀਨ ਤਿਹ ਬ੍ਰਿੰਦੰ॥33॥ ਹੁਤੀ ਜੁ ਰਾਹੁ ਰਸਮ ਸਮੁਦਾਈ॥ ਦੀਨ ਸਬੈ ਮਨ ਮੈ ਹਰਖਾਈ॥

(ਉਹੀ).

[52] ਬਹੁਰੋ ਪਰਮਾਨੰਦ ਜੁਵਾਨੀ॥ ਬੂਝੀ ਬਜਾਹ ਬਾਤ ਸੁਖਦਾਨੀ॥ ਮੂਲੇ ਭਨਜੋ ਬਿਤੇ ਇਕ ਸਾਲਾ॥ ਦੈਹੋ ਸਾਹਾ ਸੋਧ ਰਸਾਲਾ॥35॥ਸੁਨ ਕਰ ਮਾਨ ਲੀਨ ਬਚ ਕਾਲੂ॥ ਬਢਜੋ ਸੁ ਜਸ ਪੁਰ ਮਾਹਿ ਬਿਸਾਲੂ॥ਏਕ ਨਿਸਾ ਤਿਹ ਕੀਨ ਬਸੇਰਾ॥ ਬਿਦਾ ਭਏ ਬਹੁਰੋ ਬਿਨ ਬੇਰਾ॥36॥

(ਉਹੀ, ਪੰਨਾ 97).

ਕੀਤਾ ਹੈ।[53] 'ਜਨਮਸਾਖੀ ਸੋਢੀ ਮਿਹਰਬਾਨ ' ਵਿਚ ਸਗਾਈ ਦਾ ਸਮਾਂ ਸੰਵਤ 1542 ਵਿਕ੍ਰਮੀ ਦਸਿਆ ਹੈ।[54] 'ਜਨਮਸਾਖੀ ਭਾਈ ਮਨੀ ਸਿੰਘ ' ਵਿਚ ਵਿਆਹ ਦਾ ਸਮਾਂ ਗੁਰੂ ਜੀ ਦੀ 14 ਸਾਲ ਦੀ ਉਮਰ ਵਿਚ ਦਸਿਆ ਹੈ।[55] ਚਰਚਿਤ ਕ੍ਰਿਤੀ ਵਿਚ ਗੁਰੂ ਜੀ ਦੇ ਵਿਆਹ ਸੰਬੰਧੀ ਦਿਤੇ ਵੇਰਵਿਆਂ ਤੋਂ ਪਤਾ ਲਗਦਾ ਹੈ , ਕਿ ਵਿਆਹ ਤੋਂ ਇਕ ਸਾਲ ਪਹਿਲਾਂ ਸਗਾਈ ਕੀਤੀ ਗਈ ਸੀ । ਸਿਖ ਸ੍ਰੋਤ ਗ੍ਰੰਥਾਂ ਵਿਚ ਇਹ ਸਮਾਂ ਅਲਗ - ਅਲਗ ਦਸਿਆ ਗਿਆ ਹੈ । ਪਰ ਡਾ. ਕਿਰਪਾਲ ਸਿੰਘ ਨੇ ਸਗਾਈ ਅਤੇ ਵਿਆਹ ਦਾ ਸਮਾਂ ਲਗਪਗ 15-16 ਸਾਲ ਦੀ ਉਮਰ ਵਿਚ ਹੋਣ ਦਾ ਅਨੁਮਾਨ ਲਗਾਇਆ ਹੈ।[56] ਸਗਾਈ ਅਤੇ ਵਿਆਹ ਸੰਬੰਧੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ , ਕਿ ਚਰਚਿਤ ਜਨਮਸਾਖੀ ਵਿਚ ਗੁਰੂ ਜੀ ਦਾ ਵਿਆਹ ਮੋਦੀਖ਼ਾਨੇ ਦੀ ਨੌਕਰੀ ਤੋਂ ਬਾਅਦ ਵਿਚ ਵਰਣਿਤ ਹੈ , ਜਦਕਿ ਬਾਕੀ ਸ੍ਰੋਤਾਂ ਵਿਚ ਵਿਆਹ ਤੋਂ ਬਾਅਦ ਮੋਦੀਖ਼ਾਨੇ ਦੀ ਨੌਕਰੀ ਕੀਤੀ। ਇਸ ਕਰਕੇ ਗੁਰੂ ਜੀ ਦਾ ਵਿਆਹ 22 ਸਾਲ ਦੀ ਉਮਰ ਵਿਚ ਹੋਇਆ, ਜਦਕਿ ਬਾਕੀ ਸ੍ਰੋਤਾਂ ਵਿਚ ਵਿਆਹ 15-16 ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਸੀ।

ਇਕ ਗਲ ਹੋਰ ਧਿਆਨ ਦੇਣ ਵਾਲੀ ਇਹ ਹੈ , ਕਿ ਸਗਾਈ ਤੇ ਵਿਆਹ ਵਿਚ ਸੁਲਤਾਨਪੁਰ ਦੀ ਵਖਰੀ ਭੂਮਿਕਾ ਹੈ, ਕਵਿ ਗੁਰੂ ਜੀ ਦੇ ਵਿਆਹ ਬਾਰੇ ਵਰਣਨ ਕਰਦਾ ਲਿਖਦਾ ਹੈ, ਕਿ ਮੂਲ ਚੰਦ ਨੇ ਸੰਵਤ 1548 ਵਿਕ੍ਰਮੀ[57] (1491 ਈ.) ਹਾੜ ਸੁਦੀ ਸਤਵੀਂ ਦਾ ਵਿਆਹ ਦਾ ਦਿਨ ਸੁਨਿਸ਼ਚਿਤ ਕਰਕੇ ਪ੍ਰਚਲਿਤ

---

[53] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 26.

[54] ਡਾ. ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 29.

[55] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 365, (ਅੰਤਿਕਾ).

[56] ਉਹੀ, ਪੰਨਾ 6.

[57] ਨੋਟ- ਜਿਵੇਂ ਕਿ ਕਵਿ ਨੇ ਆਪ ਹੀ ਇਸ ਗਲ ਦਾ ਜ਼ਿਕਰ ਕੀਤਾ ਹੈ, ਕਿ ਉਸ ਦਾ ਆਧਾਰ 'ਭਾਈ ਬਾਲਾ ਵਾਲੀ ਜਨਮਸਾਖੀ' ਅਤੇ 'ਸ੍ਰੀ ਨਾਨਕ ਪ੍ਰਕਾਸ਼' ਹਨ। ਪਰ ਇਨ੍ਹਾਂ ਦੋਵਾਂ ਸ੍ਰੋਤਾਂ ਵਿਚ ਗੁਰੂ ਜੀ ਦਾ ਵਿਆਹ 1545 ਬਿ. ਵਿਚ ਹੋਇਆ ਦਸਿਆ ਹੈ। ਪਰ ਇਥੇ ਕਵਿ ਨੇ ਗੁਰੂ ਜੀ ਦਾ ਵਿਆਹ 1548 ਵਿਕ੍ਰਮੀ ਲਿਖਿਆ ਹੈ। ਇੰਞ ਪ੍ਰਤੀਤ ਹੁੰਦਾ ਹੈ ਕਿ ਜਾਂ ਤਾਂ ਕਵਿ ਨੂੰ ਲਿਖਣ ਸਮੇਂ ਕੋਈ

ਰੀਤੀ ਅਨੁਸਾਰ ਸਾਹਾ-ਪਤ੍ਰ ਸੁਲਤਾਨਪੁਰ ਭੇਜ ਦਿਤਾ।[58] ਸਾਹਾ ਚਿਠੀ ਦੇਖ ਕੇ ਬੇਬੇ ਨਾਨਕੀ ਬਹੁਤ ਖੁਸ਼ ਹੋਈ। ਉਸ ਨੇ ਬਹੁਤ ਦਾਨ ਦਿਤਾ ਅਤੇ ਫਿਰ ਚਿਠੀ ਲਿਖ ਕੇ ਪਿਤਾ ਕਾਲੂ ਨੂੰ ਤਲਵੰਡੀ ਭਿਜਵਾ ਦਿਤੀ।[59] ਕਾਲੂ ਜੀ ਚਿਠੀ ਪੜ੍ਹ ਕੇ ਬਹੁਤ ਖੁਸ਼ ਹੋਏ।[60] ਕਾਲੂ ਨੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿਤੀ ਅਤੇ ਸਾਰੀ ਤਿਆਰੀ ਕਰ ਕੇ ਤਲਵੰਡੀ ਤੋਂ ਸੁਲਤਾਨਪੁਰ ਲਈ ਰਵਾਨਾ ਹੋ ਗਏ। ਤਲਵੰਡੀ ਤੋਂ ਚਲ ਕੇ ਪੰਜ ਦਿਨ ਦੇ ਸਫ਼ਰ ਉਪਰੰਤ ਸੁਲਤਾਨਪੁਰ ਪਹੁੰਚ ਗਏ।[61] ਸੁਲਤਾਨਪੁਰ ਤੋਂ ਅਗੇ ਬਰਾਤ ਲਿਜਾਣ ਦੀ ਤਿਆਰੀ ਹੋਣ

---

ਉਕਾਈ ਹੋਈ ਹੈ ਜਾਂ ਫਿਰ ਪ੍ਰਿੰਟਿੰਗ ਸਮੇਂ ਦੀ ਉਕਾਈ ਹੈ। ਜੇਕਰ ਇਹ ਉਕਾਈ ਨਹੀਂ, ਤਾਂ ਇਹ ਇਕ ਵਖਰਾ ਸਾਲ ਗੁਰੂ ਜੀ ਦੇ ਵਿਆਹ ਦਾ ਨਿਸ਼ਚਿਤ ਹੁੰਦਾ ਹੈ, ਜਿਸ ਨੂੰ ਸ਼ਾਇਦ ਬਹੁਤੇ ਇਤਿਹਾਸਕਾਰ ਸਹਿਮਤੀ ਨਾ ਦੇਣ।

[58] ਪੁਨ ਸੰਬਤ ਪੰਦ੍ਹ ਸੈ ਅਠਤਾਲੀ॥ ਸੁਭ ਹਾਢ ਸੁਦੀ ਸਪਤੈ ਤਿਥ ਭਾਲੀ॥ ਮੂਲੇ ਸਾਹਾ ਲਿਖ ਕੇ ਅਭਿਰਾਮੰ॥ ਗ੍ਰਿਹ ਦੀਨ ਪਠਾਇ ਤਬੈ ਜੈ ਰਾਮੰ॥2॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 100).

[59] ਬੇਬੇ ਸੁਨ ਸ੍ਰੌਨ ਹਿਯੇ ਹਰਖਾਈ॥ ਪੁਰ ਨਾਰਿ ਬੁਲਾਇ ਲਈ ਸਮੁਦਾਈ॥ ਬਹੁ ਗੀਤ ਗੁਵਾਇ ਦਿਯੋ ਪਕਵਾਨਾ॥ ਦਿਜ ਦੀਨਨ ਕੋ ਦਿਜ ਦਾਨ ਮਹਾਨਾ॥3॥ ਪੁਨ ਸਾਹੇ ਕੀ ਚਿਠੀ ਕਰ ਲੀਨੀ॥ ਬਹੁ ਕੁੰਕਮ ਸੌ ਚਰਚਤ ਤਬ ਕੀਨੀ॥ ਨਿਧੇ ਦਿਜ ਪੈ ਤਬ ਦੈ ਹਰਖਾਈ॥ ਜੁਤ ਪੰਚ ਰੁਪਜੈਨ ਕੇਰ ਮਠਾਈ॥4॥

(ਉਹੀ).

[60] ਪਠ ਦੀਨ ਤਬੈ ਨਿਜ ਤਾਤ ਕੇ ਧਾਮਾ॥ ਕਾਲੂ ਹਰਖਯੋ ਸੁਨ ਕੇ ਤਿਹ ਠਾਮਾ॥ ਗੁਰ ਮਾਤ ਹਿਯੇ ਅਤਿ ਅਤਿ ਹੀ ਹਰਖਾਈ॥ ਉਤ ਸਾਹ ਕਿਯੋ ਬਹੁ ਬਾਟ ਬਧਾਈ॥5॥

(ਉਹੀ).

[61] ਕੇਤਕ ਬਾਜਨ ਕੇ ਅਸਵਾਰਾ॥ ਕੇਤਕ ਚਢੇ ਰਥਨ ਬਿਨ ਬਾਰਾ॥ ਭੂਖਨ ਬਸਨ ਸਜੇ ਸਬ ਅੰਗਾ॥ ਸਨੇ ਸਨੇ ਮਗ ਚਲੇ ਉਮੰਗਾ॥20॥ ਕਾਲੂ ਲਾਲੂ ਚਢੇ ਦੁਰਦ ਪਰ॥ ਭੂਖਨ ਭੂਖਤ ਰਿਦੈ ਮੋਦ ਭਰ॥ ਪਾਂਚ ਦਿਵਸ ਮੈ ਪੁਰ ਸੁਲਤਾਨਾ॥ ਪਹੁਚਤ ਭਏ ਸਬੈ ਸੁਖ ਮਾਨਾ॥21॥

(ਉਹੀ, ਪੰਨਾ 102).

ਲਗੀ।[62] ਬਰਾਤ ਵਿਚ ਗੁਰੂ ਸਾਹਿਬ ਦੇ ਇਕ ਤਰਫ਼ ਘੋੜ-ਸਵਾਰਾਂ ਦੀ, ਦੂਸਰੀ ਤਰਫ਼ ਹਾਥੀ ਸਵਾਰਾਂ ਦੀ ਕਤਾਰ ਜਾ ਰਹੀ ਸੀ ਅਤੇ ਬਹੁਤ ਸਾਰੇ ਸਾਜ ਵਜ ਰਹੇ ਸਨ।[63] ਪਖੋ ਕੇ ਰੰਧਾਵੇ ਪਹੁੰਚ ਕੇ ਬਰਾਤ ਦੀ ਬਹੁਤ ਆਉ-ਭਗਤ ਕੀਤੀ ਗਈ ਅਤੇ ਸਭ ਨੇ ਬਹੁਤ ਖੁਸ਼ੀ ਮਨਾਈ।[64] ਉਥੇ ਪਹੁੰਚ ਕੇ ਵਿਆਹ ਦੀਆਂ ਸਾਰੀਆਂ ਰਸਮਾਂ ਕੀਤੀਆਂ ਗਈਆਂ।[65] ਤਿੰਨ ਦਿਨ ਉਥੇ ਰਹਿਣ ਮਗਰੋਂ ਬਰਾਤ ਵਿਦਾ ਹੋਈ ਅਤੇ ਮੂਲੇ ਨੇ ਆਪਣੀ ਪੁਤ੍ਰੀ ਲਈ ਖੁਸ਼ ਹੋ ਕੇ ਬਹੁਤ ਦਾਜ ਦਿਤਾ।[66] ਕਵਿ ਨੇ ਸੁਲਤਾਨਪੁਰ ਹੀ ਸਗਾਈ ਦਾ ਸ਼ਗਨ ਆਇਆ ਦਰਸਾਇਆ ਹੈ ਅਤੇ ਵਿਆਹ ਦੀ ਸਾਹਾ ਚਿਠੀ ਵੀ ਸੁਲਤਾਨਪੁਰ ਹੀ ਆਉਂਦੀ ਹੈ।

---

[62] ਆਨ ਧਾਮ ਜੈ ਰਾਮ ਕੀਨ ਤਜਾਰੀ ਤਬੈ॥ ਆਪ ਆਪਨੇ ਬਾਹਨ ਚਢ ਬੈਠੇ ਸਬੈ॥ ਗੁਰ ਸੁਖ ਪਾਲ ਅਰੂਢ ਚਮਰ ਸਿਰ ਝੂਲ ਹੈ॥ ਹੋ ਜਿਹ ਦਰਸਨ ਅਘ ਮਿਟੈ ਲਹੈ ਸੁਖ ਮੂਲ ਹੈ॥36॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 104-105).

[63] ਏਕ ਓਰ ਤਰਲ ਤੁਰੰਗਨ ਕੀ ਪਾਂਤ ਚਲੀ॥ ਏਕ ਓਰ ਰਾਜਤ ਮਤੰਗਨ ਕੇ ਬ੍ਰਿੰਦ ਹੈ॥ ਏਕ ਓਰ ਚਲੈ ਰਥ ਸਿਵ ਕਾ ਸਮੂਹ ਸਜ॥ ਏਕ ਓਰ ਭਾਰ ਭਰੇ ਸਕਟ ਬਿਲੰਦ ਹੈ॥ ਬਾਜੇ ਢੋਲ ਤੁਰਗੰ ਦਮਾਮੇ ਡਫ ਮੁਰਲੀ ਸੋਂ॥ ਝਾਜਰ ਨਫੀਰੀ ਕਰਨਾਈ ਸੁਖਕੰਦ ਹੈ॥

(ਉਹੀ, ਪੰਨਾ 105).

[64] ਰਾਜ ਉਤੰਗ ਚਢ ਕਾਲੂ ਪਰਮਾਨੰਦ ਹੈ॥ ਗਾਮ ਸਮੀਪ ਪਹੂਚੇ ਜਬ ਸੁਖਕੰਦ ਹੈ॥ ਤਿਹ ਘਨ ਲੈ ਧਨ ਦੀਨੇ ਬਹੁ ਬਰਖਾਇ ਕੈ॥ ਹੋ ਦੀਨੇ ਦੀਨ ਮਜੂਰ ਸਬੈ ਹਰਖਾਇ ਕੈ॥48॥

(ਉਹੀ, ਪੰਨਾ 106).

[65] ਸਾਦਰ ਸਬਨ ਬਠਾਇ ਆਪ ਬੈਠੇ ਤਬੈ॥ ਹੋ ਬੇਦ ਮੰਤ੍ਰ ਪਢ ਬਜਾਹ ਰੀਤ ਕੀਨੀ ਸਬੈ॥55॥ ਦਾਹਨ ਦਿਸ ਸ੍ਰੀ ਦੂਲੋ ਦੁਲਹੀ ਬਾਮ ਹੈ॥ ਕੀਨ ਬਨਾਯਕ ਪੂਜਨ ਸਬ ਸੁਖ ਧਾਮ ਹੈ॥

(ਉਹੀ, ਪੰਨਾ 107-108).

[66] ਬਹੁ ਧਨ ਕਾਲੂ ਦੀਨ ਤਾਹਿ ਹਰਖਾਇਕੈ॥ ਬਾਸਰ ਤੀਨ ਬਤਾਏ ਜਗ ਜਸ ਛਾਇਕੈ॥ ਹੇਤ ਬਿਦਾ ਗ੍ਰਿਹ ਮੂਲੇ ਗਤਿ ਸੁਖਕੰਦ ਹੈ॥ ਹੋ ਕਾਲੂ ਲਾਲੂ ਆਦਿ ਜੁ ਪਰਮਾਨੰਦ ਹੈ॥76॥ ਭਾਜਨ ਭੂਖਨ ਬਸਨ ਸ੍ਰਨ ਦਿਜ ਦਾਜ ਹੈ॥ ਗੋਮੈ ਸਨ ਜੁਤ ਤੁਰ ਗੜ੍ਹ ਖਾਰਨ ਸਾਜ ਹੈ॥

(ਉਹੀ, ਪੰਨਾ 111).

ਕਵਿ ਨੇ ਮਾਤਾ ਸੁਲਖਣੀ ਦੇ ਸੁਭਾਅ ਦਾ ਬਹੁਤ ਸੁੰਦਰ ਚਿਤ੍ਰਣ ਕਰਦਿਆਂ, ਪੈਦਾ ਹੋਏ ਦੋਨਾਂ ਬਾਲਕਾਂ ਦਾ ਜ਼ਿਕਰ ਕੀਤਾ ਹੈ। ਅਸੀਂ ਖੋਜ ਕਾਰਜ ਦੀ ਸਰਲਤਾ ਹਿਤ ਗੁਰੂ -ਪੁਤ੍ਰਾਂ ਦੇ ਜਨਮ ਬਾਰੇ ਇਥੇ ਇਕਠੀ ਵਿਚਾਰ ਕਰਨੀ ਉਚਿਤ ਸਮਝਾਂਗੇ। ਗਣੇਸ਼ ਸਿੰਘ ਲਿਖਦਾ ਹੈ, ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ 25 ਸਾਲ ਸੀ, ਉਸ ਸਮੇਂ ਵਡੇ ਪੁਤ੍ਰ ਸ੍ਰੀ ਚੰਦ ਜੀ ਦਾ ਜਨਮ ਹੋਇਆ।[67] ਗਣੇਸ਼ ਸਿੰਘ ਅਨੁਸਾਰ ਬਾਬਾ ਸ੍ਰੀ ਚੰਦ ਜੀ ਦਾ ਜਨਮ ਸੰਵਤ 1551 ਵਿਕ੍ਰਮੀ (1494 ਈ.) ਵਿਚ ਹੋਇਆ ਸੀ। ਕਵਿ ਦਸਦਾ ਹੈ ਕਿ ਸ੍ਰੀ ਚੰਦ ਜੀ ਦੇ ਜਨਮ ‘ਤੇ ਸਾਰੇ ਪਰਿਵਾਰ ਅਤੇ ਹੋਰ ਸੰਬੰਧੀਆਂ ਨੇ ਬਹੁਤ ਖ਼ੁਸ਼ੀ ਮਨਾਈ। ਬੀਬੀ ਨਾਨਕੀ ਜੀ ਨੇ ਇਹ ਸ਼ੁਭ ਸਮਾਚਾਰ ਤਲਵੰਡੀ ਆਪਣੇ ਪੇਕਿਆਂ ਨੂੰ ਭੇਜਿਆ।[68] ਭਾਵ ਸ੍ਰੀ ਚੰਦ ਜੀ ਦਾ ਜਨਮ ਸੁਲਤਾਨਪੁਰ ਵਿਚ ਹੋਇਆ ਸੀ। ਅਗੇ ਚਲ ਕੇ ਕਵਿ ਜ਼ਿਕਰ ਕਰਦਾ ਹੈ, ਕਿ ਜਦੋਂ ਸ੍ਰੀ ਗੁਰੂ ਜੀ ਦੇ ਵਡੇ ਪੁਤ੍ਰ ਸ੍ਰੀ ਚੰਦ ਦੀ ਉਮਰ ਸਾਢੇ ਤਿੰਨ ਸਾਲ ਸੀ, ਉਸ ਵੇਲੇ ਲਖਮੀ ਚੰਦ ਮਾਤ-ਗਰਭ ਵਿਚ ਸਨ।[69] ਲਖਮੀ ਦਾਸ ਜੀ ਦੇ ਜਨਮ ਬਾਰੇ ਕਵਿ ਨੇ ਹਾਸ਼ੀਏ ਦੇ ਬਾਹਰ 1553 ਵਿਕ੍ਰਮੀ ਲਿਖਿਆ ਹੈ।[70]

---

[67] ਗੁਰ ਲਖ ਕਰਨਾ ਕਰੈ ਨਿਸਾ ਗ੍ਰਿਹ ਮੈ ਬਸੈ॥ ਦਿਨ ਮੋਦੀ ਕ੍ਰਿਤ ਕਰੈ ਬਢਯੋ ਜਗ ਮੈ ਜਸੈ॥ ਬੀਤਯੋ ਕੇਤਕ ਕਾਲ ਗਰਭ ਘਰਨੀ ਰਹਯੋ॥ ਹੋ ਸਕਲ ਚਿੰਤ ਮਿਟ ਗਈ ਮੋਦ ਮਨ ਭਯੋ॥28॥ ਬਰਖ ਪਚੀਸਹ ਬੈਸ ਪ੍ਰਭੂ ਕੀ ਥੀ ਤਬੈ॥ ਸਿਰੀ ਚੰਦ ਜੀ ਜਨਮ ਜਗਤ ਲੀਨੋ ਜਬੈ॥ ਸੁਸਾ ਮੁਦਤ ਅਤਿ ਭਈ ਨ ਜਾਤਿ ਬਖਾਨ ਹੈ॥ ਹੋ ਤੋਰਨ ਤੂਰਨ ਬਾਧ ਦੀਨ ਬਹੁ ਦਾਨ ਹੈ॥29॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 122-123).

[68] ਖਬਰ ਨਾਨਕੀ ਪਠੀ ਤਬੈ ਗ੍ਰਿਹ ਤਾਤ ਹੈ॥ ਪੋਤ੍ਰੇ ਕੋ ਸੁਨ ਜਨਮ ਭਏ ਹਰਖਾਤ ਹੈ॥ ਬਢਯੋ ਹੁਲਾਸ ਅਪਾਰ ਨ ਬਰਨਯੋ ਜਾਤਿ ਹੈ॥ ਹੋ ਆਏ ਪੁਰ ਸੁਲਤਾਨ ਗੁਰੂ ਪਿਤ ਮਾਤ ਹੈ॥31॥

(ਉਹੀ, ਪੰਨਾ 123).

[69] ਸ੍ਰੀ ਚੰਦ ਜੀ ਜਬ ਭਏ ਸਾਢੇ ਤੀਨ ਬਰਖਨ ਕੇਰ॥ ਤਬ ਗਰਭ ਮਾਹੀ ਹੁਤੇ ਲਖਮੀ ਚੰਦ ਜੀ ਸੁਖ ਮੇਰ॥ ਜਿਹ ਹੇਤ ਲਿਯ ਅਤਾਰ ਸ੍ਰੀ ਗੁਰ ਕਰਨ ਜਗ ਨਿਸਤਾਰ॥ ਅਬ ਸੁਨੋ ਸ੍ਰੋਤਾ ਕਾਨ ਦੈ ਜਿਮ ਤਜੀ ਮੋਦੀ ਕਾਰ॥3॥

(ਉਹੀ, ਪੰਨਾ 131).

[70] "ਸੰ 1553 ਫਗਣ ਪ੍ਰ 19 ਕੋ ਲਖਮੀ ਦਾਸ ਜੀ ਜਨਮੇ ਸੰ 1612 ਸ੍ਰੀ ਲਖਮੀ ਦਾਸ ਜੀ ਘੋੜੇ ਸਹਤ ਅਕਾਸ ਮਾਰਗ ਮੈ ਚਲੇ ਗਏ"

(ਉਹੀ, ਦੇਖੋ ਫੁਟਨੋਟ, ਪੰਨਾ 139).

ਸ੍ਰੀ ਚੰਦ ਅਤੇ ਲਖਮੀ ਦਾਸ ਦੇ ਜਨਮ ਬਾਰੇ ਸ੍ਰੋਤ-ਗ੍ਰੰਥਾਂ ਵਿਚ ਵਖ-ਵਖ ਰਾਇ ਹਨ। 'ਵਿਲਾਇਤ ਵਾਲੀ ਜਨਮਸਾਖੀ' ਵਿਚ ਮਾਤ੍ਰ ਜ਼ਿਕਰ ਹੈ , ਕਿ ਸ੍ਰੀ ਗੁਰੂ ਜੀ ਦੇ ਦੋ ਪੁਤ੍ਰ ਹੋਏ[71], 'ਮਿਹਰਬਾਨ ਵਾਲੀ ਜਨਮਸਾਖੀ' ਵਿਚ 27-28 ਸਾਲ ਵਿਚ ਦੋ ਪੁਤ੍ਰ ਪੈਦਾ ਹੋਏ ਲਿਖੇ ਹਨ , ਜਿਨ੍ਹਾਂ ਵਿਚ ਲਖਮੀ ਦਾਸ ਦਾ ਨਾਮ ਪਹਿਲਾਂ ਲਿਖੇ ਹੋਣ ਤੋਂ ਅਨੁਮਾਨ ਹੈ , ਕਿ ਇਹ ਰਚਨਾਕਾਰ ਲਖਮੀ ਦਾਸ ਨੂੰ ਵਡਾ ਮੰਨਦਾ ਸੀ।[72] 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਲਿਖਿਆ ਹੈ, ਕਿ ਗੁਰੂ ਜੀ ਦਾ ਵਿਆਹ 14 ਸਾਲ ਦੀ ਉਮਰ ਵਿਚ ਹੋਇਆ ਅਤੇ 20 ਸਾਲ ਦੀ ਉਮਰ ਤੋਂ ਪਹਿਲਾਂ ਦੋ ਪੁਤ੍ਰ ਪੈਦਾ ਹੋਏ।[73] 'ਜਨਮਸਾਖੀ ਭਾਈ ਬਾਲਾ'[74] ਅਤੇ 'ਸ੍ਰੀ ਨਾਨਕ ਪ੍ਰਕਾਸ਼'[75] ਵਿਚ 32 ਸਾਲ ਦੀ ਉਮਰ ਵਿਚ ਸ੍ਰੀ ਚੰਦ ਜੀ ਦਾ ਜਨਮ ਅਤੇ ਜਦੋਂ ਸਾਢੇ ਚਾਰ ਸਾਲ ਦੇ ਸ੍ਰੀ ਚੰਦ ਜੀ ਸਨ, ਉਦੋਂ ਲਖਮੀ ਦਾਸ ਦਾ ਜਨਮ ਹੋਇਆ ਮੰਨਿਆ ਹੈ।

ਗਿਆਨੀ ਗਿਆਨ ਸਿੰਘ[76], ਕੇਸਰ ਸਿੰਘ ਛਿਬਰ[77], ਕਾਨ੍ਹ ਸਿੰਘ ਨਾਭਾ[78], ਈਸ਼ਰ ਸਿੰਘ ਨਾਰਾ[79], ਪਿਆਰਾ ਸਿੰਘ ਪਦਮ[80], ਰਤਨ ਸਿੰਘ ਜੱਗੀ[81] ਇਤਿਆਦਿਕ ਜ਼ਿਆਦਾਤਰ ਸਿਖ ਵਿਦਵਾਨ ਸ੍ਰੀ ਚੰਦ ਦਾ

---

71 ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 28.

72 ਡਾ. ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 66.

73 ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 365 (ਅੰਤਿਕਾ)

74 ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ ਪੰਜਾਬ, 1987, ਪੰਨਾ 212.

75 ਔਲਖ, ਅਜੀਤ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵਿ ਚੂੜਾਮਣੀ ਭਾਈ ਸੰਤੋਖ ਸਿੰਘ ਜਿਲਦ ਪਹਿਲੀ (ਸਟੀਕ)* , ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ 300-343.

76 ਗਿਆਨੀ, ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਵੀ ਵਾਰ, 2011, ਪੰਨਾ 78.

ਜਨਮ 1551 ਵਿਕ੍ਰਮੀ ਅਤੇ ਲਖਮੀ ਦਾਸ ਦਾ 1554 ਵਿਕ੍ਰਮੀ ਮੰਨਦੇ ਹਨ। ਸੋ ਕਵਿ ਨੇ ਸ਼੍ਰੀ ਚੰਦ ਜੀ ਦੇ ਜਨਮ ਪ੍ਰਤੀ ਕੋਈ ਉਕਾਈ ਨਹੀਂ ਕੀਤੀ , ਪਰ ਲਖਮੀ ਦਾਸ ਦੇ ਜਨਮ ਦਾ ਸਮਾਂ ਦਰੁਸਤ ਨਹੀਂ ਲਿਖਿਆ । ਕਵਿ ਨੇ ਗੁਰੂ ਜੀ ਦੀ ਬਾਲ ਅਵਸਥਾ, ਸੁਲਤਾਨਪੁਰ ਆਗਮਨ, ਸੁਲਤਾਨਪੁਰ ਵਿਚ ਮੋਦੀ ਦੀ ਕਾਰ-ਵਿਹਾਰ, ਵਿਆਹ ਅਤੇ ਪੁਤ੍ਰਾਂ ਦੇ ਜਨਮ ਦੀ ਹਰ ਪ੍ਰਮੁਖ ਘਟਨਾ ਦਾ ਯਥਾ ਸੰਭਵ ਜ਼ਿਕਰ ਕੀਤਾ ਹੈ। ਜਿਵੇਂ ਕਿ ਅਸੀਂ ਦੇਖਦੇ ਹਾਂ, ਕਿ ਲਖਮੀ ਦਾਸ ਜੀ ਦੀ ਜਨਮ ਮਿਤੀ ਜਾਂ ਸਾਲ ਦਾ ਸਿਧੇ ਤੌਰ 'ਤੇ ਜ਼ਿਕਰ ਨਹੀਂ ਹੈ, ਪਰ ਸੰਕੇਤ ਜ਼ਰੂਰ ਕੀਤਾ ਗਿਆ ਹੈ, ਜਿਸ ਤੋਂ ਜਿਗਿਆਸੀ ਜਨਮ ਦਾ ਸਾਲ ਸਹਿਜੇ ਹੀ ਪਤਾ ਲਗਾ ਸਕਦਾ ਹੈ।

ਗੁਰੂ ਜੀ ਦਾ ਵੇਈਂ ਪ੍ਰਵੇਸ਼ ਕਰ ਕੇ ਅਲੋਪ ਹੋ ਜਾਣਾ, ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਇਕ ਅਜਿਹੀ ਘਟਨਾ ਹੈ, ਜਿਸ ਨੂੰ ਕੋਈ ਇਤਿਹਾਸਕਾਰ ਨਜ਼ਰੰਦਾਜ਼ ਨਹੀਂ ਕਰ ਸਕਦਾ, ਕਿਉਂਕਿ ਇਹ ਉਨ੍ਹਾਂ ਦੇ ਅਧਿਆਤਮਕ ਸਫ਼ਰ ਦਾ ਅਹਿਮ ਪੜਾਅ ਹੈ। ਗਣੇਸ਼ ਸਿੰਘ ਅਨੁਸਾਰ ਜਦੋਂ ਲਖਮੀ ਦਾਸ ਮਾਤਾ ਸੁਲਖਣੀ ਜੀ ਦੇ ਗਰਭ ਵਿਚ ਸਨ, ਉਸ ਸਮੇਂ ਗੁਰੂ ਜੀ ਨੇ ਵੇਈਂ ਪ੍ਰਵੇਸ਼ ਵਾਲਾ ਕੌਤੁਕ ਕੀਤਾ ਸੀ। ਵੇਈਂ ਪ੍ਰਵੇਸ਼ ਵਾਲੀ ਘਟਨਾ ਦੇ ਤਿੰਨ ਮਹੀਨੇ ਬਾਅਦ ਲਖਮੀ ਦਾਸ ਦਾ ਜਨਮ ਹੋਇਆ ਸੀ।[82] ਇੰਞ ਕਵਿ ਦੀ ਸੂਚਨਾ ਦੇ ਆਧਾਰ 'ਤੇ ਅਸੀਂ ਅਨੁਮਾਨ ਲਗਾ ਸਕਦੇ ਹਾਂ, ਕਿ ਇਸ ਇਤਿਹਾਸਿਕ ਮਹਤਵ ਵਾਲੀ ਘਟਨਾ ਦੇ ਵਾਪਰਣ

---

[77] ਪਦਮ, ਪਿਆਰਾ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਭਾਈ ਕੇਸਰ ਸਿੰਘ ਛਿਬਰ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਦੂਜੀ ਵਾਰ, 2005, ਪੰਨਾ 46.

[78] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 251.

[79] ਨਾਰਾ, ਈਸ਼ਰ ਸਿੰਘ, *ਇਤਹਾਸ ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ,* ਦੇਹਲੀ ਗੇਟ, ਦੇਹਲੀ, ਮਿਤੀ ਹੀਨ, ਪੰਨਾ 1-10.

[80] ਪਦਮ, ਪਿਆਰਾ ਸਿੰਘ, *ਸਿਖ ਸੰਪ੍ਰਦਾਵਲੀ,* ਕਲਗੀਧਰ ਕਲਮ ਫਾਉਂਡੇਸ਼ਨ, ਪਟਿਆਲਾ, 2000, ਪੰਨਾ 18.

[81] ਜੱਗੀ, ਡਾ. ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਪਹਿਲਾ ਅਤੇ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 382 ਅਤੇ 1551.

[82] ਤੀਨ ਮਾਸ ਬੀਤੇ ਜਬੈ ਇਹ ਬਿਧ ਤਿਹ ਥਾਨਾ॥ ਜਨਮੇ ਲਖਮੀ ਦਾਸ ਜੀ ਭਾ ਹਰਖ ਮਹਾਨਾ॥18॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 139).

ਦਾ ਸਮਾਂ 1553-54 ਵਿਕ੍ਰਮੀ (1496-97 ਈ.) ਹੋਣਾ ਚਾਹੀਦਾ ਹੈ। ਗਣੇਸ਼ ਸਿੰਘ ਇਹ ਵੀ ਦਸਦਾ ਹੈ, ਕਿ ਉਸ ਸਮੇਂ ਇਕ ਸੇਵਕ ਵੀ ਗੁਰੂ ਜੀ ਦੇ ਨਾਲ ਸੀ, ਪਰ ਉਸ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ। ਸਿਖ ਪਰੰਪਰਾਵਾਂ ਅਨੁਸਾਰ ਉਹ ਭਾਈ ਮਰਦਾਨਾ ਜਾਂ ਭਾਗੀਰਥ ਸੀ। ਗੁਰੂ ਜੀ ਨੇ ਨਦੀ ਕਿਨਾਰੇ ਬੈਠ ਕੇ ਪਹਿਲਾਂ ਮੂੰਹ ਧੋਤਾ ਅਤੇ ਫਿਰ ਨਦੀ ਦੇ ਵਹਿਣ ਵਿਚ ਡੂੰਘੇ ਚਲੇ ਗਏ। ਉਹ ਬਾਹਰ ਨਹੀਂ ਨਿਕਲੇ, ਪਰ ਨਾਲ ਆਇਆ ਸੇਵਕ ਬਾਹਰ ਉਡੀਕਦਾ ਰਿਹਾ, ਕਿ ਨਾਨਕ ਜੀ ਕਦੋਂ ਬਾਹਰ ਆਉਣਗੇ। ਜਦੋਂ ਬਹੁਤ ਸਮਾਂ ਬਾਹਰ ਨਹੀਂ ਆਏ, ਤਾਂ ਉਹ ਡਰ ਕੇ ਨਗਰ ਵਲ ਪਰਤ ਆਇਆ ਅਤੇ ਸਾਰੀ ਘਟਨਾ ਬਿਆਨ ਕੀਤੀ।[83]

ਗਣੇਸ਼ ਸਿੰਘ ਦੁਆਰਾ ਦਿਤੇ ਵਿਵਰਣ ਮੁਤਾਬਿਕ ਵੇਈਂ ਪ੍ਰਵੇਸ਼ ਦੀ ਘਟਨਾ ਤੋਂ ਤੁਰੰਤ ਬਾਅਦ ਗੁਰੂ ਸਾਹਿਬ ਲਗਪਗ ਸੰਵਤ 1553-54 ਵਿਕ੍ਰਮੀ (1496-97 ਈ.) ਵਿਚ ਲੰਮੀਆਂ ਯਾਤ੍ਰਾਵਾਂ ਲਈ ਰਵਾਨਾ ਹੋ ਜਾਂਦੇ ਹਨ। ਬਹੁਤੇ ਇਤਿਹਾਸਕਾਰਾਂ ਡਾ . ਗੰਡਾ ਸਿੰਘ[84], ਹਰੀ ਰਾਮ ਗੁਪਤਾ [85], ਡਾ. ਰਤਨ ਸਿੰਘ ਜੱਗੀ[86] ਇਤਿਆਦਿਕ ਦਾ ਮਤ ਵੀ ਇਹ ਹੀ ਹੈ, ਕਿ ਸ੍ਰੀ ਗੁਰੂ ਜੀ ਦੀਆਂ ਉਦਾਸੀਆਂ 1496 ਈ. ਤੋਂ ਆਰੰਭ ਹੁੰਦੀਆਂ ਹਨ। ਸੋ ਕਵਿ ਇਤਿਹਾਸਿਕ ਪਖੋਂ ਇਥੇ ਸਹੀ ਹੈ। 'ਬਾਲੇ ਵਾਲੀ ਜਨਮਸਾਖੀ' ਅਤੇ ਉਸ ਉਤੇ ਆਧਾਰਿਤ ਸਿਖ ਗ੍ਰੰਥਾਂ ਵਿਚ ਗੁਰੂ ਜੀ ਦੁਆਰਾ ਉਦਾਸੀਆਂ 'ਤੇ ਨਿਕਲਣ ਤੋਂ ਪਹਿਲਾਂ ਮਰਦਾਨੇ ਦੇ

---

[83] ਪੁਨ ਧੋਇ ਮੁਖ ਅਰੁਵਿੰਦ ਕੋ ਪ੍ਰਭ ਧਸੇ ਬੇਦੀ ਨੀਰ॥ ਲਖ ਬਾਰ ਪਤਿ ਪਦ ਕੰਜ ਬੰਦੇ ਠਾਢ ਭਾ ਪੁਨ ਤੀਰ॥ ਕਰ ਜੋਰ ਕਹ ਨਭ ਭਈ ਬਾਨੀ ਸੁਨੋ ਸ੍ਰੀ ਸੁਖ ਕੰਦ॥ ਤੁਮ ਜਾਹੁ ਤੂਰਨ ਬਿਲਮ ਤਜ ਕਰ ਯਾਦ ਕੀਨ ਮੁਕੰਦ॥6॥ ਸੁਨ ਤਬੈ ਸ੍ਰੀ ਗੁਰ ਗਮਨ ਕੀਨੋ ਜਹਾ ਹਰਿ ਦਰਵਾਰ॥ ਕੋ ਕਰੈ ਉਪਮਾ ਤਾਹਿ ਬਰਨਨ ਕੋਟ ਸੂਰ ਉਜਾਰ॥ ਇਤ ਦਾਸ ਕਰ ਮੈ ਲੀਨ ਪਟ ਉਰ ਭਯੋ ਅਧਿਕ ਉਦਾਸ॥ ਬਹੁ ਬਾਰ ਭੀ ਨਹਿ ਬਾਰ ਤੇ ਨਿਕਸੇ ਪ੍ਰਭੂ ਸੁਖ ਰਾਸ॥7॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 131).

[84] ਡਾ. ਭਗਤ ਸਿੰਘ (ਅਨੁਵਾਦਕ), *ਸਿਖ ਇਤਿਹਾਸ (1469-1765) ਲੇਖਕ ਪ੍ਰਿੰਸੀਪਲ ਤੇਜਾ ਸਿੰਘ ਡਾ. ਗੰਡਾ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006,ਪੰਨਾ 5.

[85] Hari Ram Gupta, *History Of The Sikhs Vol. I,* Munshiram Manoharlal, Publishers, New Delhi, 2008, Page 57.

[86] ਜੱਗੀ, ਡਾ. ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 162.

ਵਜਾਉਣ ਲਈ ਫਿਰੰਦੇ ਤੋਂ ਵਿਸ਼ੇਸ਼ ਰੁਬਾਬ ਲੈਣ ਦੀ ਘਟਨਾ ਵਰਣਨ ਕੀਤੀ ਗਈ ਹੈ। ਇਸ ਜਨਮਸਾਖੀ ਵਿਚ ਵੀ ਗੁਰੂ ਜੀ ਮਰਦਾਨੇ ਦੁਆਰਾ ਭਾਈ ਫਿਰੰਦੇ ਤੋਂ ਰੁਬਾਬ ਮੰਗਾਉਂਦੇ ਹਨ[87] ਅਤੇ ਏਮਨਾਬਾਦ[88] ਜਾਂਦੇ ਹਨ। ਜਿਥੇ ਉਹ ਭਾਈ ਲਾਲੋ ਨੂੰ ਮਿਲਦੇ ਹਨ। [89] ਏਮਨਾਬਾਦ ਵਾਲਾ ਪ੍ਰਸੰਗ ਚਰਚਿਤ ਜਨਮਸਾਖੀ ਵਿਚ ਕਵਿ ਨੇ ਦੋ ਸਾਖੀਆਂ ਵਿਚ ਸੰਪੂਰਣ ਕੀਤਾ ਹੈ । ਗੁਰੂ ਜੀ ਭਾਈ ਲਾਲੋ ਕੋਲ ਇਕ ਮਹੀਨਾ ਰਹਿੰਦੇ ਹਨ। [90] ਇਨ੍ਹਾਂ ਦਿਨਾਂ ਵਿਚ ਹੀ ਉਥੋਂ ਦਾ ਇਜ਼ਾਰੇਦਾਰ ਮਲਿਕ ਭਾਗੋ, ਜੋ ਕਿ ਬਹੁਤ ਹੀ ਅਤਿਆਚਾਰੀ ਸੀ, ਨੇ ਬ੍ਰਹਮ ਭੋਜ ਕੀਤਾ। ਜਿਸ ਵਿਚ ਉਸਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਸੁਨੇਹਾ ਭੇਜਿਆ। ਪਰ ਗੁਰੂ ਜੀ ਇਸ ਭੋਜ ਵਿਚ ਸ਼ਾਮਿਲ ਹੋਣ ਨਾ ਗਏ। ਫਿਰ ਮਲਿਕ ਭਾਗੋ ਦੇ ਦੁਬਾਰਾ ਬੁਲਾਉਣ 'ਤੇ ਗੁਰੂ ਜੀ ਭਾਈ ਲਾਲੋ ਨੂੰ ਨਾਲ ਲੈ ਕੇ ਉਸ ਕੋਲ ਗਏ। ਮਲਿਕ ਭਾਗੋ ਦੇ ਬ੍ਰਹਮ ਭੋਜ 'ਤੇ ਨਾ ਆਉਣ ਦਾ ਕਾਰਣ ਗੁਰੂ ਜੀ ਨੇ ਉਸ ਦੇ

---

[87] ਜੰਗਲ ਮੈ ਇਕ ਹੈ ਬਡਗਾਮੂ॥ ਨਾਮ ਅਸੋਕ ਪੂਰਾ ਅਭਰਾਮੂ॥15॥ ਤਹਾ ਰਬਾਬੀ ਰਹੈ ਫਰਿੰਦਾ॥ ਫੇਰੂ ਕਰ ਭੀ ਤਹਿ ਭਨਿੰਦਾ॥ ਹਿੰਦੂ ਜਨਮ ਤਾਸ ਪੈ ਜਾਵੋ॥ ਆਨ ਰਬਾਬ ਨ ਬਿਲਮ ਲਗਾਵੋ॥16॥ ਜੌ ਨ ਦੇਹ ਮੇਰੌ ਲੈ ਨਾਮੂ॥ ਨਿਸਚੈ ਕਰ ਬਨ ਹੈ ਤਿਹ ਕਾਮੂ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 163).

[88] ਜਿਲਾ ਗੁੱਜਰਾਂਵਾਲਾ ਦੀ ਤਸੀਲ ਵਿੱਚ ਇੱਕ ਨਗਰ, ਜੋ ਗੁੱਜਰਾਂਵਾਲੇ ਤੋਂ ਅੱਠ ਮੀਲ ਪੂਰਵ ਦੱਖਣ ਹੈ, ਇਸ ਦਾ ਪਹਿਲਾ ਨਾਉਂ 'ਸੈਦਪੁਰ' ਸੀ। ਸ਼ੇਰਸ਼ਾਹ ਨੇ ਇਸ ਨੂੰ ਤਬਾਹ ਕਰਕੇ ਨਵੀਂ ਆਬਾਦੀ ਦਾ ਨਾਉਂ ਸ਼ੇਰਗੜ੍ਹ ਰੱਖਿਆ, ਫੇਰ ਮੁਹੰਮਦ ਅਮੀਨ ਅਕਬਰ ਦੇ ਅਹਿਲਕਾਰ ਨੇ ਸ਼ੇਰਗੜ੍ਹ ਦਾ ਨਾਉਂ ਬਦਲ ਕੇ ਏਮਨਾਬਾਦ ਥਾਪਿਆ, ਸ੍ਰੀ ਗੁਰੂ ਨਾਨਕ ਦੇਵ ਸੈਦਪੁਰ ਵਿੱਚ ਭਾਈ ਲਾਲੋ ਤਖਾਣ ਸਿੱਖ ਦੇ ਘਰ ਕੁਝ ਕਾਲ ਵਿਰਾਜੇ ਹਨ। ਕਿਤਨੇ ਵਿਦ੍ਵਾਨਾਂ ਦਾ ਖ਼ਿਆਲ ਹੈ ਕਿ ਸੰਮਤ 1528 ਵਿੱਚ ਗੁਰੂ ਨਾਨਕ ਦੇਵ ਨੇ ਜਦ ਬਾਬਰ ਤੋਂ ਸੈਦਪੁਰ ਦੇ ਵਸਨੀਕਾਂ ਨੂੰ ਗੁਲਾਮੀ ਤੋਂ ਛੁਡਵਾਕੇ ਜੰਗੀ ਕਾਨੂਨ ਤੋਂ ਅਮਾਨ ਦਿਵਾਈ ਤਦ ਤੋਂ ਇਸ ਦਾ ਨਾਉਂ ਏਮਨਾਬਾਦ ਹੋ ਗਿਆ ਹੈ, ਏਮਨਾਬਾਦ ਰੇਲਵੇ ਸਟੇਸ਼ਨ ਤੋਂ ਇਹ ਨਗਰ 3 ਮੀਲ ਪੂਰਵ ਹੈ।

(ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 132).

[89] ਚੌਪਈ॥ ਹੇ ਪ੍ਰਭ ਜਿਮ ਰਜਾਇ ਹੈ ਤੋਰੀ॥ ਆਗੈ ਆਰ ਪਿਛਾਰੀ ਮੋਰੀ॥ ਕਹ ਗੁਰ ਚਲ ਮਿਲ ਹੈ ਤਿਹ ਆਦੂ॥ ਲਾਲੋ ਨਾਮ ਏਮਨਾਬਾਦੂ॥3॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 173).

[90] ਦਿਵਸ ਪਚੀਸ ਰਹੇ ਹਮੈ ਲਾਲੋ ਤੁਮਰੇ ਗੇਹ॥ ਦਿਵਸ ਪਾਂਚ ਫਿਰ ਰਹੈਗੇ ਨਿਸਚੈ ਉਰ ਲਖ ਲੇਹ॥26 ॥

(ਉਹੀ, ਪੰਨਾ 185).

ਅਤਿਆਚਾਰਾਂ ਨੂੰ ਦਸਿਆ। ਫਿਰ ਉਸ ਦੇ ਅਨਾਜ ਦਾ ਇਕ ਟੁਕੜਾ ਫੜ੍ਹ ਲਿਆ ਅਤੇ ਦੂਜੇ ਪਾਸੇ ਭਾਈ ਲਾਲੋ ਦੇ ਅਨਾਜ ਦਾ ਟੁਕੜਾ ਫੜ੍ਹ ਕੇ ਜਦੋਂ ਉਸ ਨੂੰ ਹਥ ਨਾਲ ਘੁਟਿਆ , ਤਾਂ ਮਲਿਕ ਭਾਗੋ ਵਾਲੇ ਵਿਚੋਂ ਖ਼ੂਨ ਅਤੇ ਭਾਈ ਲਾਲੋ ਵਾਲੇ ਵਿਚੋਂ ਦੁਧ ਨਿਕਲਿਆ। ਇਸ ਪ੍ਰਕਾਰ ਗਣੇਸ਼ ਸਿੰਘ ਨੇ ਪਰੰਪਰਾਗਤ ਚਲਦੀ ਆ ਰਹੀ ਵਾਰਤਾ ਅਨੁਸਾਰ ਹੀ ਭਾਈ ਲਾਲੋ ਵਾਲੀ ਸਾਖੀ ਬਿਆਨ ਕੀਤੀ ਹੈ।

ਪਰ ਜਿਥੇ ਕਵਿ ਨੇ ਇਹ ਸਾਖੀ ਗੁਰੂ ਜੀ ਦੀਆਂ ਲੰਮੀਆਂ ਯਾਤ੍ਰਾਵਾਂ ਉਪਰ ਜਾਣ ਦੇ ਆਰੰਭ ਵਿਚ ਘਟੀ ਦਸੀ ਹੈ , ਉਥੇ ਹੀ 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਇਹ ਘਟਨਾ ਪਿਛਲੇਰੀ ਉਮਰ ਵਿਚ ਲਾਹੌਰ ਵਿਚ ਘਟੀ ਦਸੀ ਹੈ। ਪਰੰਤੂ ਡਾ . ਕਿਰਪਾਲ ਸਿੰਘ ਨੇ ਇਸ ਸਾਖੀ ਨੂੰ ਗੁਰੂ ਜੀ ਦੁਆਰਾ ਲੰਮੀਆਂ ਯਾਤ੍ਰਾਵਾਂ ਉਪਰ ਜਾਣ ਤੋਂ ਪਹਿਲਾਂ ਹੀ ਘਟੀ ਮੰਨਿਆਂ ਹੈ।[91] ਜੇਕਰ ਡਾ. ਕਿਰਪਾਲ ਸਿੰਘ ਅਨੁਸਾਰ ਇਹ ਸਮਾਂ ਸਹੀ ਹੈ , ਤਾਂ ਕਵਿ ਦੁਆਰਾ ਅੰਕਿਤ ਸਾਖੀ ਇਤਿਹਾਸਿਕ ਦ੍ਰਿਸ਼ਟੀਕੋਣ ਅਨੁਸਾਰ ਸਹੀ ਸਥਾਨ ਉਪਰ ਦਰਜ ਕੀਤੀ ਗਈ ਹੈ। ਫਿਰ ਗੁਰੂ ਜੀ ਰਾਇ ਬੁਲਾਰ ਦੀ ਬੇਨਤੀ ਸੁਣ ਕੇ 25 ਦਿਨਾਂ ਬਾਅਦ ਤਲਵੰਡੀ ਗਏ-

ਭਯੋ ਏਮਨਾਬਾਦ ਮੈ ਇਮ ਕਥਾ ਪ੍ਰਸੰਗਾ॥
ਅਬ ਤਲਵੰਡੀ ਕੀ ਕਥਾ ਸੁਨਿਯੈ ਹਿਤ ਸੰਗਾ॥
ਪਹੁਚਯੋ ਜਬ ਮੈ ਜਾਇ ਕੈ ਤਲਵੰਡੀ ਮਾਹੀ॥
ਸੁਨ ਕਾਲੂ ਆਵਤ ਭਯੋ ਤੂਰਨ ਮੋ ਪਾਹੀ॥2॥[92]

ਜਿਥੇ ਆਪ ਨੇ ਚੰਦ੍ਰ ਭਾਨ ਦੇ ਖੂਹ ਉਪਰ ਡੇਰਾ ਲਗਾਇਆ। ਫਿਰ ਆਪ ਜੀ ਕੁਝ ਸਮਾਂ ਤਲਵੰਡੀ ਰਹੇ ਜਿਥੇ ਆਪ ਨੇ ਰਾਇ ਬੁਲਾਰ ਨੂੰ ਉਪਦੇਸ਼ ਦਿਤਾ। ਫਿਰ ਇਕ ਦਿਨ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਯਾਤ੍ਰਾਵਾਂ ਉਪਰ ਚਲ ਪਏ। ਸਭ ਤੋਂ ਪਹਿਲਾਂ ਗੁਰੂ ਜੀ ਏਮਨਾਬਾਦ ਗਏ , ਕਿਉਂਕਿ ਭਾਈ ਲਾਲੋ ਨੂੰ ਵਚਨ ਦਿਤਾ ਸੀ , ਕਿ ਉਹ ਉਸ ਕੋਲ ਮਹੀਨਾ ਰਹਿਣਗੇ। ਪਹਿਲੀ ਮਿਲਣੀ ਵਕਤ ਗੁਰੂ ਜੀ ਉਸ ਕੋਲ

---

[91] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 26.

[92] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 181.

25 ਦਿਨ ਰਹੇ ਸਨ। ਹੁਣ ਭਾਈ ਲਾਲੋ ਕੋਲ ਪੰਜ ਦਿਨ ਰਹਿ ਕੇ [93] ਗੁਰੂ ਜੀ ਅਗੇ ਚਲ ਪਏ । ਸਾਖੀਕਾਰ ਅਨੁਸਾਰ ਇਥੋਂ ਉਹ ਢਾਕਾ ਬੰਗਾਲ ਲਈ ਚਲੇ ਪਏ-

ਜੋ ਜਨ ਏਕ ਗਜੋ ਗੁਰੁ ਸਾਥਾ॥ ਫਿਰਜੋ ਫੇਰ ਪਗਨਾਯੋ ਮਾਥਾ॥

ਤਿਸ ਦਿਸ ਚਲੇ ਤਬੈ ਗੁਨ ਆਲਾ॥ ਦੇਸ ਪ੍ਰਸਿਧ ਜੁ ਢਾਕ ਬੰਗਾਲਾ॥14॥[94]

ਕਵਿ ਨੇ ਗੁਰੂ ਜੀ ਦੇ ਢਾਕਾ ਬੰਗਾਲ ਨੂੰ ਜਾਣ ਦਾ ਵਰਣਨ ਕੀਤਾ ਹੈ , ਪਰ ਢਾਕਾ ਬੰਗਾਲ ਪਹੁੰਚਣ ਦਾ ਜ਼ਿਕਰ ਕਿਧਰੇ ਵੀ ਜਨਮਸਾਖੀ ਵਿਚ ਅੰਕਿਤ ਨਹੀਂ ਕੀਤਾ। ਡਾ . ਕਿਰਪਾਲ ਸਿੰਘ ਦੇ ਕਥਨ ਅਨੁਸਾਰ , *ਗੁਰੂ ਨਾਨਕ ਸਾਹਿਬ ਢਾਕੇ ਦੇ ਉਤਰੀ ਪਾਸੇ ਉਸ ਸਥਾਨ ਤੇ ਜਾ ਠਹਿਰੇ ਜਿਸ ਨੂੰ ਅਜ ਕਲ ਰੇਅਰ ਬਾਜ਼ਾਰ ਕਿਹਾ ਜਾਂਦਾ ਹੈ। ਇਥੇ ਘੁਮਿਆਰਾਂ ਦੇ ਘਰ ਸਨ , ਜਿਵੇਂ ਕਿ ਅਜ ਕਲ ਵੀ ਹਨ ਅਤੇ ਇਨ੍ਹਾਂ ਲੋਕਾਂ ਵਿਚ ਗੁਰੂ ਨਾਨਕ ਸਾਹਿਬ ਦੇ ਉਥੇ ਜਾਣ ਦੀ ਰਿਵਾਇਤ ਹੁਣ ਤਕ ਪ੍ਰਚਲਿਤ ਹੈ। ਇਥੇ ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਇਕ ਖੂਹ ਵੀ ਮੌਜੂਦ ਹੈ ਅਤੇ ਕਹਿੰਦੇ ਹਨ ਕਿ ਇਥੇ ਗੁਰੂ ਨਾਨਕ ਸਾਹਿਬ ਨੇ ਆਪਣੀ ਸੋਟੀ ਨਾਲ ਜ਼ਮੀਨ ਨੂੰ ਖੋਦਿਆ ਤੇ ਖੂਹ ਪੁਟਿਆ। ਇਥੇ ਪਾਕਿਸਤਾਨ ਬਣਨ ਤੋਂ ਪਹਿਲਾਂ ਚੇਤਰ ਦੇ ਮਹੀਨੇ ਮੇਲਾ ਲਗਦਾ ਸੀ।*[95]

ਗਣੇਸ਼ ਸਿੰਘ ਨੇ ਢਾਕਾ ਬੰਗਾਲ ਜਾਣ ਤੋਂ ਬਿਨਾ ਹੋਰ ਕਿਸੇ ਵੀ ਘਟਨਾ ਦਾ ਜ਼ਿਕਰ ਨਹੀਂ ਕੀਤਾ। ਕਵਿ ਅਨੁਸਾਰ ਗੁਰੂ ਜੀ ਢਾਕਾ ਬੰਗਾਲ ਜਾਂਦੇ ਹੋਏ ਰਸਤੇ ਵਿਚ ਕਾਮਰੂਪ ਦੇਸ ਵਿਚ ਪਹੁੰਚੇ-

ਦੇਸ ਕਾਮ ਰੂ ਕੀਨ ਪ੍ਰਵੇਸਾ॥ ਦਰਵੇਸਨ ਕੇ ਵੇਸ ਸੁਰੇਸਾ॥

---

[93] ਮਗ ਮੈ ਕਰਤ ਗਯਾਨ ਕੀ ਗਾਥਾ॥ ਸਨੇ ਸਨੇ ਗਮਨੇ ਜਗ ਨਾਥਾ॥ ਸੁਨਤ ਕਹਤ ਬਾਤਨ ਅਹਲਾਦੂ॥ ਪਹੁਚਤ ਭਏ ਏਮਨਾਬਾਦੂ॥12॥ ਲਾਲੋ ਸੇਵ ਕੀਨ ਪਗਬੰਦੂ॥ ਪਾਂਚ ਦਿਵਸ ਤਿਹ ਰਹੇ ਮੁਕੰਦੂ॥ ਬਹੁਰ ਬਿਦਾ ਹ੍ਵੈ ਚਲੇ ਅਗਾਰੀ॥ ਲਾਲੋ ਸੋ ਮੂਰਤਿ ਉਰਧਾਰੀ॥13॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 198).

[94] ਉਹੀ, ਪੰਨਾ 198

[95] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 61-62.

ਮੰਤ੍ਰ ਜੰਤ੍ਰ ਬਹੁ ਬਿਧ ਜਿਹ ਥਾਈ॥ ਨਰ ਤੇ ਗਾਡ ਰਲੇ ਤਬ ਨਾਈ॥2॥[96]

ਪਰ ਡਾ. ਕਿਰਪਾਲ ਸਿੰਘ ਦੇ ਕਥਨ ਅਨੁਸਾਰ, *ਗੁਰੂ ਨਾਨਕ ਸਾਹਿਬ ਢਾਕੇ ਤੋਂ ਕਾਮਰੂਪ ਨੂੰ ਚਲ ਪਏ। ਢਾਕੇ ਵਾਲੇ ਪਾਸੇ ਤੋਂ ਕਾਮਰੂਪ ਜਾਣ ਦਾ ਵਿਸ਼ੇਸ਼ ਸਾਧਨ ਉਨ੍ਹਾਂ ਸਮਿਆਂ ਵਿਚ ਬ੍ਰਹਮਪੁਤਰ ਦਰਿਆ ਸੀ।*[97]

ਸੋ ਇਸ ਤਰ੍ਹਾਂ ਕਵਿ ਨੇ ਗੁਰੂ ਜੀ ਨੂੰ ਕਾਮਰੂਪ (ਅਸਾਮ) ਤੋਂ ਅਗੇ ਢਾਕਾ ਬੰਗਾਲ ਨੂੰ ਜਾਣ ਦਾ ਵੇਰਵਾ ਦਿਤਾ ਹੈ। ਕਾਮਰੂਪ ਦੇਸ[98] ਅਤੇ ਤ੍ਰਿਯਾ ਰਾਜ[99] ਨਾਮੀ ਇਸ ਜਨਮਸਾਖੀ ਵਿਚ ਦੋ ਸਾਖੀਆਂ ਅੰਕਿਤ ਹਨ, ਪਰ ਬਾਕੀ ਜਨਮਸਾਖੀਆਂ ਵਿਚ ਮਾਤ੍ਰ ਇਕ ਹੀ ਸਾਖੀ ਦਾ ਜ਼ਿਕਰ ਮਿਲਦਾ ਹੈ। ਭਾਵੇਂ ਕਵਿ ਨੇ ਇਨ੍ਹਾਂ ਦੋਵੇਂ ਸਥਾਨਾਂ ਦੀ ਵਖਰੀ ਹੋਂਦ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ [100], ਪਰ ਇਹ ਸਾਖੀਆਂ ਇਕ ਦੂਜੀ ਨਾਲ ਇੰਨ-ਬਿੰਨ ਮਿਲਦੀਆਂ ਹੋਣ ਕਰਕੇ ਅਸੀਂ ਇਨ੍ਹਾਂ ਦੀ ਵਿਚਾਰ ਇਸੇ ਥਾਂ ਇਕਠੀ ਕਰ ਰਹੇ ਹਾਂ। ਇਸ ਜਨਮਸਾਖੀ ਵਿਚ ਤ੍ਰਿਯਾ ਰਾਜ, ਜੋ ਕਿ ਇਸਤ੍ਰੀਆਂ ਦਾ ਨਗਰ ਹੈ, ਉਨ੍ਹਾਂ ਦੀ ਸਰਦਾਰਨੀ ਦਾ ਨਾਮ

---

[96] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, 1990, ਪੰਨਾ 200.

[97] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 62.

[98] ਦੇਸ ਕਾਮ ਰੂ ਕੀਨ ਪ੍ਰਵੇਸਾ॥ ਦਰਵੇਸਨ ਕੇ ਵੇਸ ਸੁਰੇਸਾ॥ ਮੰਤ੍ਰ ਜੰਤ੍ਰ ਬਹੁ ਬਿਧ ਜਿਹ ਥਾਈ॥ ਨਰ ਤੇ ਗਾਡ ਰਲੇ ਤਬ ਨਾਈ॥2॥ ਨਗਰ ਸਮੀਪ ਸੁਭਗ ਤਰ ਏਕੂ॥ ਤਿਹ ਤਰੁ ਬੈਸੇ ਜਲਧ ਬਿਬੇਕੂ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 200).

[99] ਸ੍ਰੀ ਅੰਗਦ ਸੁਨਿਯੈ ਸੁਖਦਾਨੀ॥ ਆਗੈ ਚਲੇ ਤਬੈ ਗਤਿ ਦਾਨੀ॥ ਤਿਜ ਰਾਜ ਪਹੁਚੇ ਜਗ ਨਾਥਾ॥ ਮੈ ਅਰੁ ਮਰਦਾਨਾ ਤਿਹ ਸਾਥਾ॥2॥

(ਉਹੀ, ਪੰਨਾ 213).

[100] ਨੂਰ ਸਾਹ ਤਿਹ ਨਾਮ ਪਛਾਨੋ॥ ਜਾਕੋ ਹੁਕਮ ਚਲੇ ਸਬ ਛਾਨੋ॥3 ॥ ਮੰਤ੍ਰ ਜੰਤ੍ਰ ਆਵਤ ਸਮੁਦਾਈ॥ ਦੇਸ ਕਾਮਰੂ ਤੇ ਅਧਿਕਾਈ॥

(ਉਹੀ).

ਨੂਰਸ਼ਾਹ ਦਸਿਆ ਹੈ। 'ਪੁਰਾਤਨ ਜਨਮਸਾਖੀ' ਵਿਚ ਵੀ ਇਥੋਂ ਦੀ ਸਰਦਾਰਨੀ ਦਾ ਨਾਮ ਨੂਰਸ਼ਾਹ ਦਸਿਆ ਹੈ।[101] ਡਾ. ਕਿਰਪਾਲ ਸਿੰਘ ਨੇ ਇਸ ਸਾਖੀ ਬਾਰੇ ਤਾਂ ਹਾਮੀ ਭਰੀ ਹੈ , ਪਰ ਸਰਦਾਰਨੀ ਦਾ ਨਾਮ ਨੂਰਸ਼ਾਹ ਹੋਣ ਨਾਲ ਅਸਹਿਮਤੀ ਪ੍ਰਗਟਾਈ ਹੈ। [102] ਗੁਰੂ ਜੀ ਬਾਲੇ ਅਤੇ ਮਰਦਾਨੇ ਨਾਲ ਕਾਮਰੂਪ ਪਹੁੰਚਦੇ ਹਨ। ਜਿਥੇ ਮਰਦਾਨੇ ਨੂੰ ਭੁਖ ਲਗਦੀ ਹੈ , ਤ੍ਰਿਯਾ ਰਾਜ ਵਾਲੀ ਸਾਖੀ ਵਿਚ ਮਰਦਾਨੇ ਨੂੰ ਪਿਆਸ ਲਗੀ ਹੁੰਦੀ ਹੈ। ਗੁਰੂ ਜੀ ਦੇ ਮਨ੍ਹਾ ਕਰਣ 'ਤੇ ਵੀ ਮਰਦਾਨਾ ਉਸ ਨਗਰ ਵਿਚ ਭੁਖ /ਪਿਆਸ ਮਿਟਾਉਣ ਲਈ ਜਾਂਦਾ ਹੈ , ਪਰ ਉਥੇ ਉਸ ਨੂੰ ਇਸਤ੍ਰੀਆਂ ਆਪਣੇ ਜਾਦੂ ਨਾਲ ਲੇਲਾ ਬਣਾ ਲੈਂਦੀਆਂ ਹਨ। ਗੁਰੂ ਜੀ ਕੁਝ ਸਮਾਂ ਮਰਦਾਨੇ ਨੂੰ ਉਡੀਕਕੇ ਉਸ ਨਗਰ ਵਿਚ ਜਾਂਦੇ ਹਨ , ਜਿਥੇ ਮਰਦਾਨਾ ਗੁਰੂ ਜੀ ਨੂੰ ਇਕ ਲੇਲੇ ਦੇ ਰੂਪ ਵਿਚ ਮਿਲਦਾ ਹੈ, ਜਿਸ ਦੇ ਗਲ ਵਿਚ ਇਕ ਧਾਗਾ ਪਾਇਆ ਹੁੰਦਾ ਹੈ। ਉਹ ਇਸਤ੍ਰੀਆਂ ਗੁਰੂ ਜੀ ਅਤੇ ਬਾਲੇ ਦੇ ਗਲ ਵਿਚ ਵੀ ਧਾਗਾ ਪਾਉਣ ਦਾ ਯਤਨ ਕਰਦੀਆਂ ਹਨ , ਪਰ ਉਹ ਆਪ ਹੀ ਪਸ਼ੂ ਬਣ ਜਾਂਦੀਆਂ ਹਨ। ਇਸ ਪ੍ਰਕਾਰ ਮੁਆਫ਼ੀ ਮੰਗਣ 'ਤੇ ਉਨ੍ਹਾਂ ਇਸਤ੍ਰੀਆਂ ਨੂੰ ਮੁਆਫ਼ ਕਰਕੇ ਅਤੇ ਸਦਵਿਵਹਾਰ ਦਾ ਉਪਦੇਸ਼ ਦੇ ਕੇ ਗੁਰੂ ਜੀ ਬਾਲੇ ਅਤੇ ਮਰਦਾਨੇ ਸਮੇਤ ਅਗੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਕੋਲ ਜਾਂਦੇ ਹਨ-

ਦੀਪ ਸੰਗਲਾ ਕੇ ਵਿਖੇ ਤਿਹ ਤੇ ਕਿਜ ਗੌਨਾ॥
ਸਰਧਾ ਪੂਰਨ ਕਰਨ ਹਿਤ ਨ੍ਰਿਪਕੀ ਸੁਖ ਭੌਨਾ॥
ਸੁਸਕ ਬਾਗ ਇਕ ਭੂਪ ਕੋ ਗਮਨੇ ਤਿਹ ਮਾਹੀ॥
ਗੁਰ ਪ੍ਰਤਾਪ ਕਰ ਹਰਤ ਭਾ ਤਤ ਛਿਨ ਸੋ ਆਹੀ॥5॥[103]

ਢਾਕਾ, ਬੰਗਾਲ ਦੀ ਰਾਜਧਾਨੀ ਹੈ ਅਤੇ ਕਾਮਰੂਪ (ਕਾਵਰੂ) ਅਸਾਮ ਦਾ ਇਕ ਜ਼ਿਲ੍ਹਾ ਹੈ। ਕਵਿ ਦੇ ਅਨੁਸਾਰ ਢਾਕੇ ਦੇ ਰਸਤੇ ਵਿਚ ਹੀ ਗੁਰੂ ਜੀ ਕਾਮਰੂਪ ਗਏ ਸਨ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ

---

[101] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 68-73.

[102] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 63. (ਦੇਖੋ ਪਗ ਟਿਪਣੀ)

[103] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 203.

ਕਾਮਰੂਪ ਤੋਂ ਗੁਰੂ ਜੀ ਢਾਕੇ ਗਏ ਸਨ, ਪਰ ਇਸ ਦਾ ਵੇਰਵਾ ਕਵਿ ਨੇ ਨਹੀਂ ਦਿਤਾ। ਸੋ ਇਹ ਕਵਿ ਦੀ ਵਡੀ ਉਕਾਈ ਜਾਪਦੀ ਹੈ ਕਿ ਜਿਸ ਸਥਾਨ ਵਲ ਜਾਣ ਦਾ ਸੰਕੇਤ ਕੀਤਾ ਹੈ , ਉਥੇ ਸੰਪੂਰਨ ਜਨਮਸਾਖੀ ਵਿਚ ਗੁਰੂ ਸਾਹਿਬ ਦੇ ਪਹੰਚਣ ਦਾ ਕੋਈ ਵੀ ਵੇਰਵਾ ਅੰਕਿਤ ਨਹੀਂ ਕੀਤਾ ਗਿਆ। ਜਨਮਸਾਖੀ ਅਨੁਸਾਰ ਗੁਰੂ ਜੀ ਕਾਮਰੂਪ ਪੰਜ ਦਿਨ ਰਹਿ ਕੇ ਅਗੇ ਸੰਗਲਾਦੀਪ ਨੂੰ ਗਏ।[104]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ , *ਸਿੰਹਲਦ੍ਵੀਪ, ਭਾਰਤ ਦੇ ਦਖਣ ਵਲ ਇਕ ਟਾਪੂ , ਜਿਸ ਨੂੰ ਲੰਕਾ ਆਖਦੇ ਹਨ।*[105] ਸੋ ਸੰਗਲਾਦੀਪ ਨੂੰ ਲੰਕਾ ਕਿਹਾ ਜਾਂਦਾ ਸੀ। ਕਾਮਰੂਪ ਤੋਂ ਗੁਰੂ ਜੀ ਸੰਗਲਾਦੀਪ ਜਾਂਦੇ ਹਨ। ਜਿਥੇ ਦਾ ਰਾਜਾ ਸ਼ਿਵਨਾਭ ਸੀ [106], ਜਿਸਦੀ ਪਤਨੀ ਦਾ ਨਾਮ ਚੰਦ੍ਰਕਲਾ ਸੀ ।[107] ਉਸ ਦੇ ਮੰਤ੍ਰੀ ਦਾ ਨਾਮ ਪਰਸਰਾਮ ਸੀ।[108] ਸ਼ਿਵਨਾਭ ਦਾ ਜ਼ਿਕਰ ਕਵਿ ਨੇ ਦੋ ਵਿਸ਼ੇਸ਼ ਸਾਖੀਆਂ ਵਿਚ ਕੀਤਾ ਹੈ। ਪਹਿਲੀ ਸਾਖੀ ਭਗੀਰਥ ਅਤੇ ਮਨਸੁਖ ਵਾਲੀ ਹੈ , ਜਿਸ ਵਿਚ ਮਨਸੁਖ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ ਅਤੇ

---

[104] ਕੀਨੇ ਪੰਚ ਦਿਨ ਤਹਾ ਨਿਵਾਸਾ ਚਲਨ ਲਗੇ ਪ੍ਰਭ ਜਬਹੀ॥ ਰਹੋ ਸਦਾ ਇਤ ਕਰੋ ਕ੍ਰਿਤਾਰਥ ਬੋਲਤ ਭੇ ਸਿਖ ਸਬਹੀ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 203).

[105] ਨਾਭਾ, ਕਾਨ੍ਹ ਸਿੰਘ,*ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 241.

[106] ਸੁਨ ਰਾਜਾ ਸਿਵਨਾਭ ਤੂ ਸੁਭ ਮਤਿ ਤੇਰੀ ਰਾਸ॥ ਨਾਨਕ ਪੜਦਾ ਦੂਰ ਕਰ ਹੋਵੈ ਦਾਸਨਿ ਦਾਸ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 205).

[107] ਚੰਦ੍ਰਕਲਾ ਰਾਨੀ ਜੁਤ ਭੂਪਤਿ ਪੂਜਨ ਕਰਤ ਭਯੋ ਤਿਹ ਬਾਰ॥ ਪੁਸਪ ਧੂਪ ਨੈ ਬੇਦ ਭੇਟ ਧਰ ਕਰੀ ਆਰਤੀ ਕੰਚਨ ਥਾਰ॥

(ਉਹੀ, ਪੰਨਾ 211).

[108] ਆਯੋ ਹੋਇ ਜੁ ਸ੍ਰੀ ਗੁਰ ਨਾਨਕ ਤੋ ਭੀ ਪਰਖ ਕਰੋ ਨਿਰਧਾਰ॥ ਪਰਸਰਾਮ ਸੁਨ ਨ੍ਰਿਪ ਕੀ ਬਾਨੀ ਲੈ ਅਹਾਰ ਗਮਨਯੋ ਬਿਨਬਾਰ॥

(ਉਹੀ, ਪੰਨਾ 205).

ਉਹ ਰਾਜੇ ਸ਼ਿਵਨਾਭ ਪਾਸ ਜਾ ਕੇ ਵਾਪਾਰ ਕਰਦਾ ਹੈ ।[109] ਉਸ ਦੇ ਨਿਤ ਕਰਮ ਦੇਖ ਕੇ ਰਾਜਾ ਸ਼ਿਵਨਾਭ ਵੀ ਗੁਰੂ ਜੀ ਦਾ ਮੁਰੀਦ ਹੋ ਜਾਂਦਾ ਹੈ-

ਉਤ ਭੂਪਤਿ ਕੇ ਮਨ ਲਿਵ ਲਾਗੀ ਕਬਿ ਦਰਸਨ ਪਾਵੈਂ ਸੁਖ ਰਾਸ॥

ਸ੍ਰੀ ਨਾਨਕ ਸ੍ਰੀ ਨਾਨਕ ਨਾਮੰ ਊਠਤ ਬੈਠਤ ਭਨੈ ਪ੍ਰਕਾਸ॥[110]

ਮਨਸੁਖ ਦੁਆਰਾ ਵਾਪਾਰ ਕਰਣ ਸੰਗਲਾਦੀਪ ਜਾਣ ਦਾ ਜ਼ਿਕਰ ਹੋਰ ਕਿਸੇ ਵੀ ਜਨਮਸਾਖੀ ਵਿਚ ਨਹੀਂ ਹੈ। ਇਸ ਤਰ੍ਹਾਂ ਕਵਿ ਦੁਆਰਾ ਇਸ ਜਨਮਸਾਖੀ ਵਿਚ ਇਹ ਤਥ ਨਵਾਂ ਅੰਕਿਤ ਕੀਤਾ ਗਿਆ ਹੈ। ਜਦ ਗੁਰੂ ਜੀ ਸੰਗਲਾਦੀਪ ਗਏ , ਤਾਂ ਉਥੇ ਸ਼ਿਵਨਾਭ ਪਹਿਲਾਂ ਹੀ ਗੁਰੂ ਜੀ ਦਾ ਇੰਤਜ਼ਾਰ ਕਰ ਰਿਹਾ ਸੀ। ਉਸ ਨੂੰ ਜਦੋਂ ਪਤਾ ਲਗਾ ਕਿ ਗੁਰੂ ਜੀ ਆਏ ਹਨ , ਤਾਂ ਉਹ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਲੈ ਕੇ ਆਇਆ। ਫਿਰ ਗੁਰੂ ਜੀ ਦੀ ਸੇਵਾ ਕੀਤੀ ਅਤੇ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿਤਾ। ਇਥੇ ਇਕ ਧਰਮਸਾਲ ਬਣਾਈ ਗਈ ਅਤੇ ਗੁਰੂ ਜੀ ਨੇ ਰਾਜੇ ਨੂੰ ਜੋਗ ਦਾ ਗਿਆਨ ਦੇਣ ਲਈ 'ਪ੍ਰਾਣ ਸੰਗਲੀ' ਗ੍ਰੰਥ ਰਚ ਕੇ ਉਸ ਨੂੰ ਦਿਤਾ ਅਤੇ ਬਚਨ ਕੀਤਾ , ਕਿ ਇਕ ਸਿਖ ਆਵੇਗਾ , ਉਸ ਨੂੰ ਇਹ ਗ੍ਰੰਥ ਦੇਣਾ ਹੈ। [111] ਇਸ ਗ੍ਰੰਥ ਦੇ ਰਚਨਾਕਾਰ ਬਾਰੇ ਵਿਦਵਾਨਾਂ ਵਿਚ ਭੇਦ ਹਨ। ਪਰ ਕਵਿ ਇਸ ਨੂੰ ਗੁਰੂ ਕ੍ਰਿਤ ਮੰਨਦਾ ਹੈ-

ਧਰਮ ਸਾਲ ਮਹਿ ਬਾਸ ਕਰਯੋ ਗੁਰ ਸਰਬ ਦੇਸ ਚੇਰਾ ਕਰ ਲੀਨ॥

---

[109] ਹੇਤ ਬਪਾਰ ਸੰਗਲਾਦੀਪਾ॥ ਭਨੋ ਤਜਾਂ ਵਹੁ ਗੁਰ ਅਵਨੀਪਾ॥36 ॥ ਖੁਸੀ ਕੀਨ ਬੇਦੀ ਕੁਲ ਕੇਤੂ॥ ਪ੍ਰਿਥਮ ਲਹੌਰ ਗਯੋ ਕਰ ਹੇਤੂ॥ ਕੇਤਕ ਦਿਵਸ ਰਹਯੋ ਨਿਜ ਧਾਮਾ॥ ਮਾਲ ਬਿਸਾਲ ਭਰਯੋ ਅਭਿਰਾਮਾ॥ ਬੈਠ ਜਹਾਜ ਸਿੰਧੁ ਕੇ ਪਾਰਾ॥ ਗਯੋ ਸੰਗਲਾਦੀਪ ਮਝਾਰਾ॥ ਜਾਮ ਜਾਮਨੀ ਤੇ ਨਿਤ ਜਾਗੈ॥ ਕਰ ਸਨਾਨ ਜਪ ਪਢ ਅਨਰਾਗੈ॥38॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 128).

[110] ਉਹੀ, ਪੰਨਾ 130.

[111] ਨੋਟ- ਪ੍ਰਾਣ ਸੰਗਲੀ ਗ੍ਰੰਥ ਬਾਰੇ ਡਾ. ਜਗਜੀਤ ਸਿੰਘ ਖਾਨਪੁਰੀ ਦਾ ਵਿਚਾਰ ਹੈ ਕਿ ਇਹ ਆਦਿ ਗ੍ਰੰਥ ਦੇ ਸੰਪਾਦਨਾ ਤੋਂ ਝਟ ਬਾਅਦ ਸ਼ੁਰੂ ਹੋ ਕੇ 1650 ਈ. ਤਕ ਬਣ ਚੁਕਾ ਸੀ ਪਰ ਇਸ ਦਾ 80 ਅਧਿਆਵਾਂ ਵਾਲਾ ਆਕਾਰ ਅਠਾਰ੍ਹਵੀਂ ਸਦੀ ਦੇ ਅੰਤ ਤਕ ਕਈ ਰਚਨਾਵਾਂ ਨੂੰ ਮਿਲਾ ਕੇ ਬਣਾਇਆ ਗਿਆ ਹੈ।

(ਖਾਨਪੁਰੀ, ਡਾ. ਜਗਜੀਤ ਸਿੰਘ, *ਪ੍ਰਾਣ ਸੰਗਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਦੂਜੀ ਵਾਰ, ਪੰਨਾ 38).

ਭੂ ਪਤ ਜੋਗ ਦੈਨ ਕੇ ਰਾਜਾ ਪ੍ਰਾਨ ਸੰਗਲੀ ਗ੍ਰੰਥ ਸੁ ਕੀਨ॥[112]

ਇਤਿਹਾਸ ਵਾਚਿਆਂ ਪਤਾ ਲਗਦਾ ਹੈ, ਕਿ ਉਸ ਸਮੇਂ ਕੋਈ ਵੀ ਰਾਜਾ ਸ਼ਿਵਨਾਭ ਜਾਂ ਉਸ ਦਾ ਮੰਤ੍ਰੀ ਪਰਸਰਾਮ ਨਹੀਂ ਸੀ। ਡਾ . ਕਿਰਪਾਲ ਸਿੰਘ ਦਾ ਮੰਨਣਾ ਹੈ ਕਿ ਉਸ ਸਮੇਂ ਲੰਕਾ ਦੇ ਪੂਰਬੀ ਕੰਢੇ ਉਤੇ ਸਤ ਰਾਜਿਆਂ ਦਾ ਰਾਜ ਸੀ, ਜਿਨ੍ਹਾਂ ਦੇ ਨਾਮ ਦੀ ਜਾਣਕਾਰੀ ਨਹੀਂ ਹੈ, ਪਰ ਉਥੋਂ ਦੇ ਸਥਾਨ ਬੈਟੀਕੁਲਾ ਦਾ ਰਾਜਾ ਸ਼ਿਵ ਦਾ ਉਪਾਸ਼ਕ ਸੀ ਅਤੇ ਇਹ ਉਹੀ ਰਾਜਾ ਹੈ ਜਿਸ ਨੂੰ ਜਨਮਸਾਖੀਆਂ ਵਿਚ ਸ਼ਿਵਨਾਭ ਲਿਖਿਆ ਗਿਆ ਹੈ। ਸ਼ਿਵਨਾਭ ਦਾ ਅਰਥ ਸ਼ਿਵ ਦਾ ਉਪਾਸ਼ਕ ਹੀ ਬਣਦਾ ਹੈ। [113] ਡਾ. ਜਗਜੀਤ ਸਿੰਘ ਖਾਨਪੁਰੀ ਗੁਰੂ ਜੀ ਦੇ ਸੰਗਲਾਦੀਪ ਜਾਣ ਬਾਰੇ ਸਹਿਮਤੀ ਜਤਾਉਂਦਾ ਹੈ। ਪਰ ਉਥੋਂ ਦੇ ਰਾਜੇ ਦੇ ਸਿਖ ਬਣਨ ਪ੍ਰਤੀ ਸ਼ੰਕਾ ਜ਼ਾਹਿਰ ਕਰਦਾ ਹੈ। [114] ਇਕ ਰੌਚਕ ਗਲ ਇਹ ਹੈ , ਕਿ ਚਰਚਿਤ ਜਨਮਸਾਖੀ ਵਿਚ ਗੁਰੂ ਜੀ ਦਾ ਲੰਕਾ ਜਾਣ ਦਾ ਪ੍ਰਸੰਗ ਦੁਬਾਰਾ ਵੀ ਦਰਜ ਕੀਤਾ ਗਿਆ ਹੈ , ਪਰ ਇਥੇ ਰਾਜਾ ਸ਼ਿਵਨਾਭ ਦੀ ਵਿਚਾਰ ਅੰਕਿਤ ਨਹੀਂ, ਉਥੇ ਮਾਤ੍ਰ ਰਮਾਇਣ ਦਾ ਪ੍ਰਸੰਗ ਹੀ ਬਿਆਨ ਕੀਤਾ ਗਿਆ ਹੈ ਅਤੇ ਹੈਰਾਨੀ ਦੀ ਗਲ ਇਹ ਹੈ , ਕਿ ਸ਼ਿਵਨਾਭ ਵਾਲੇ ਪ੍ਰਸੰਗ ਵਿਚ ਰਮਾਇਣ ਦੀ ਕਿਸੇ ਵੀ ਕਥਾ ਦਾ ਜ਼ਿਕਰ ਤਕ ਵੀ ਨਹੀਂ ਕੀਤਾ ਗਿਆ। ਇਸ ਦਾ ਕਾਰਣ ਕਵਿ ਦਾ 'ਸ੍ਰੀ ਨਾਨਕ ਪ੍ਰਕਾਸ਼' ਨੂੰ ਆਧਾਰ ਬਣਾਉਣਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚਲ ਰਹੇ ਸਿਖ -ਸਰੋਤ ਇਤਿਹਾਸਿਕ ਗ੍ਰੰਥ ਸੰਪਾਦਨਾ ਤਹਿਤ 'ਸ੍ਰੀ ਨਾਨਕ ਪ੍ਰਕਾਸ਼ ਦੇ ਉਤ੍ਰਾਰਧ ਭਾਗ ਦੂਜਾ' ਵਿਚ ਲੰਕਾ ਪ੍ਰਸੰਗ ਵਾਲੀ ਸਾਖੀ ਅੰਕਿਤ ਕੀਤੀ ਗਈ ਹੈ। ਇਸ ਸਾਖੀ ਵਿਚ ਗੁਰੂ ਜੀ ਬਿਭੀਖਨ ਅਤੇ ਹਨੂੰਮਾਨ ਨੂੰ ਮਿਲਦੇ ਹਨ। ਇਸ ਲਈ ਸਮੇਂ ਦੇ ਵਡੇ ਵਕਫ਼ੇ ਕਰਕੇ ਇਸ ਸਾਖੀ ਨੂੰ ਉਨ੍ਹਾਂ ਨੇ ਮਿਥਿਹਾਸਿਕ -ਪਖ ਨਾਲ ਜੋੜਿਆ ਹੈ ਅਤੇ ਇਸ ਦਾ ਇਤਿਹਾਸ ਨਾਲ ਕਿਸੇ ਵੀ ਪ੍ਰਕਾਰ

---

[112] ਬੇਦੀ, ਗਣੇਸ਼ਾ ਸਿੰਘ, ਗੁਰੂ ਨਾਨਕ ਸੂਰਜੋਦੇ ਜਨਮਸਾਖੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 212.

[113] ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 78.

[114] ਖਾਨਪੁਰੀ, ਡਾ. ਜਗਜੀਤ ਸਿੰਘ, ਪ੍ਰਾਣ ਸੰਗਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਦੂਜੀ ਵਾਰ, ਪੰਨਾ 25.

ਦਾ ਸੰਬੰਧ ਨਾ ਹੋਣ ਕਰਕੇ ਮਿਥਿਹਾਸਿਕ ਦਰਜਾ ਦਿਤਾ ਹੈ।[115] ਸੋ ਇਹ ਸਾਖੀ ਉਪਦੇਸ਼ਾਤਮਕ ਪ੍ਰਵਿਰਤੀ ਦੀ ਅਧਿਕ ਜਾਪਦੀ ਹੋਣ ਕਾਰਣ ਅਸੀਂ ਵੀ ਇਸ ਨੂੰ ਇਤਿਹਾਸਿਕ ਤਥਾਂ ਨਾਲ ਅਸੰਬੰਧਿਤ ਮੰਨਦੇ ਹਾਂ । ਰਾਜੇ ਸ਼ਿਵਨਾਭ ਨੂੰ ਉਪਦੇਸ਼ ਦੇ ਕੇ ਗੁਰੂ ਜੀ ਤ੍ਰਿਆ ਰਾਜ ਜਾਂਦੇ ਹਨ , ਪਰ ਇਸ ਦੀ ਵਿਚਾਰ ਅਸੀਂ ਉਪਰੋਕਤ ਕਰ ਆਏ ਹਾਂ।

ਇਸ ਤੋਂ ਅਗਲੀ ਸਾਖੀ ਭਰਥਰੀ ਅਤੇ ਕੌਡੇ ਰਾਖਸ਼ ਦੀ ਅੰਕਿਤ ਕੀਤੀ ਗਈ ਹੈ। ਜਦੋਂ ਭਰਥਰੀ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਚਲਦਾ ਹੈ ਤਾਂ ਉਹ ਪੁਛਦਾ ਹੈ , ਕਿ ਤੁਸੀਂ ਕਿਥੋਂ ਆਏ ਹੋ ਅਤੇ ਕਿਥੇ ਜਾਣਾ ਹੈ? ਭਾਈ ਬਾਲੇ ਨੇ ਭਰਥਰੀ ਨੂੰ ਦਸਿਆ, ਕਿ ਇਹ ਨਾਨਕ ਨਿਰੰਕਾਰੀ ਹਨ, ਮੈਂ ਤੇ ਮਰਾਦਨਾ ਦੋਵੇਂ ਇਹਨਾਂ ਦੇ ਸੇਵਾਦਾਰ ਹਾਂ। ਗੁਰੂ ਸਾਹਿਬ ਦਾ ਨਾਮ ਸੁਣ ਕੇ ਭਰਥਰੀ ਬਹੁਤ ਪ੍ਰਸੰਨ ਹੋਇਆ ਅਤੇ ਚਰਣ ਬੰਦਨਾ ਕਰਕੇ ਕਹਿਣ ਲਗਾ , ਕਿ ਮੈਂ ਬਹੁਤ ਸਮੇਂ ਤੋਂ ਆਪ ਦੀ ਉਡੀਕ ਕਰ ਰਿਹਾ ਸੀ। ਗੁਰੂ ਸਾਹਿਬ ਨੇ ਉਸ ਤੋਂ ਉਡੀਕ ਦਾ ਕਾਰਣ ਪੁਛਿਆ , ਤਾਂ ਉਸ ਨੇ ਦਸਿਆ , ਕਿ ਇਕ ਵਾਰ ਮੈਨੂੰ ਨਾਰਦ ਮੁਨੀ ਮਿਲੇ ਸਨ ਅਤੇ ਉਹਨਾਂ ਤੋਂ ਕੁਝ ਪ੍ਰਸ਼ਨ ਪੁਛੇ ਸਨ , ਤਦ ਉਨ੍ਹਾਂ ਨੇ ਕਿਹਾ ਸੀ , ਕਿ ਇਹਨਾਂ ਦਾ ਉਤਰ ਨਾਨਕ ਨਿਰੰਕਾਰੀ ਜੀ ਤੁਹਾਨੂੰ ਏਥੇ ਹੀ ਦੇਣਗੇ। ਇਸ ਲਈ ਮੈਂ ਤੁਹਾਨੂੰ ਇਥੇ ਉਡੀਕ ਰਿਹਾ ਹਾਂ। ਗੁਰੂ ਸਾਹਿਬ ਨੇ ਉਸਦੀ ਸ਼ਰਧਾ ਦੇਖ ਕੇ ਕਿਹਾ , ਕਿ ਜੋ ਕੁਝ ਤੁਸੀਂ ਪੁਛਣਾ ਚਾਹੁੰਦੇ ਹੋ , ਪੁਛ ਲਓ । ਇਸ ਅਧਿਆਇ ਵਿਚ ਭਰਥਰੀ ਅਤੇ ਗੁਰੂ ਸਾਹਿਬ ਦੀ ਵਾਰਤਾ ਦਿਤੀ ਹੈ। ਭਰਥਰੀ ਗੁਰੂ ਸਾਹਿਬ ਤੋਂ ਪ੍ਰਸ਼ਨ ਪੁਛਦਾ ਹੈ ਅਤੇ ਗੁਰੂ ਸਾਹਿਬ ਉਸਦੇ ਸ਼ੰਕੇ ਦੂਰ ਕਰਦੇ ਹਨ। ਭਰਥਰੀ ਤੋਂ ਵਿਦਾ ਹੋ ਕੇ ਗੁਰੂ ਜੀ ਮਰਦਾਨਾ ਅਤੇ ਬਾਲਾ ਨਾਲ ਕੁਝ ਕੋਹ ਅਗੇ ਗਏ ਅਤੇ ਬੈਠ ਗਏ। ਮਰਦਾਨਾ ਗੁਰੂ ਸਾਹਿਬ ਤੋਂ ਘਰ ਜਾਣ ਲਈ ਆਗਿਆ ਮੰਗਣ ਲਗਾ। ਮਰਦਾਨਾ ਉਦਾਸ ਹੋ ਕੇ ਗੁਰੂ ਸਾਹਿਬ ਦੇ ਮਨ੍ਹਾ ਕਰਣ ਤੇ ਵੀ ਵਾਪਸ ਘਰ ਜਾਣ ਲਈ ਤੁਰ ਪਿਆ। ਰਸਤੇ ਵਿਚ ਜਾਂਦਿਆਂ ਮਰਦਾਨੇ ਨੂੰ ਰਾਕਸ਼ ਨੇ ਫੜ ਲਿਆ ਅਤੇ ਆਪਣੇ ਰਹਿਣ ਵਾਲੀ ਥਾਂ ਲੈ ਗਿਆ। ਮਰਦਾਨਾ ਡਰ

---

[115] ਡਾ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 351.

ਨਾਲ ਕੰਬਣ ਲਗਾ। ਗੁਰੂ ਸਾਹਿਬ ਬਾਲੇ ਨੂੰ ਨਾਲ ਲੈ ਕੇ ਮਰਦਾਨੇ ਨੂੰ ਛੁਡਾਉਣ ਲਈ ਕੌਡੇ ਰਾਕਸ਼ ਕੋਲ ਪੁਹੰਚ ਕੇ ਉਸ ਨੂੰ ਛੁਡਾਉਂਦੇ ਹਨ।

ਉਪਰੋਕਤ ਦੋਵਾਂ ਸਾਖੀਆਂ ਵਿਚ ਕਵਿ ਨੇ ਕਿਤੇ ਵੀ ਇਨ੍ਹਾਂ ਵਾਪਰੀਆਂ ਘਟਨਾਵਾਂ ਦੇ ਸਥਾਨ ਦਾ ਨਾਮ ਨਹੀਂ ਦਸਿਆ , ਬਲਕਿ ਇਤਨਾ ਕਿਹਾ ਹੈ ਕਿ ਤ੍ਰਿਆ ਰਾਜ ਤੋਂ ਗੁਰੂ ਜੀ ਭਰਥਰੀ ਜੋਗੀ ਕੋਲ ਗਏ ਅਤੇ ਭਰਥਰੀ ਜੋਗੀ ਕੋਲੋਂ ਕੌਡੇ ਰਾਕਸ਼ ਕੋਲ ਗਏ , ਜਿਸ ਦਾ ਵਾਸਾ ਇਕ ਜੰਗਲ ਵਿਚ ਸੀ ਅਤੇ ਇਥੇ ਉਨ੍ਹਾਂ ਮਰਦਾਨੇ ਨੂੰ ਕੌਡੇ ਦੇ ਚੰਗੁਲ ਵਿਚੋਂ ਛੁਡਾਇਆ । 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਭਰਥਰੀ ਜੋਗੀ ਗੁਰੂ ਜੀ ਨੂੰ ਜਗਨਨਾਥ ਵਿਖੇ ਮਿਲਿਆ ਸੀ।[116] ਡਾ. ਕਿਰਪਾਲ ਸਿੰਘ ਨੇ ਭਰਥਰੀ ਜੋਗੀ ਨਾਲ ਗੁਰੂ ਜੀ ਦੀ ਮੁਲਾਕਾਤ ਉਜੈਨ[117] ਅਤੇ ਕੌਡੇ ਰਾਕਸ਼ ਨਾਲ ਮਿਲਾਪ ਕੋਇੰਬਟੂਰ ਜ਼ਿਲ੍ਹੇ ਦੇ ਅਨਾਮਲਾਏ ਪਰਬਤ[118] ਉਪਰ ਦਸਿਆ ਹੈ। ਜੇਕਰ ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਵਾਚਿਆ ਜਾਵੇ , ਤਾਂ ਅਸੀਂ ਇਹ ਕਹਾਂਗੇ ਕਿ ਭਰਥਰੀ ਅਤੇ ਕੌਡੇ ਰਾਕਸ਼ ਨਾਲ ਗੁਰੂ ਜੀ ਦੀ ਮੁਲਾਕਾਤ ਰਾਜੇ ਸ਼ਿਵਨਾਭ ਤੋਂ ਬਾਅਦ ਹੁੰਦੀ ਹੈ , ਇਸ ਲਈ ਇਹ ਸਥਾਨ ਲੰਕਾ ਦੇ ਨੇੜੇ ਹੋਣੇ ਚਾਹੀਦੇ ਹਨ। ਪਰ ਭਰਥਰੀ ਜੋਗੀ ਨਾਲ ਮੁਲਾਕਾਤ ਉਜੈਨ ਵਿਚ ਹੁੰਦੀ ਹੈ ਜੋ ਕਿ ਲੰਕਾ ਤੋਂ ਸੈਂਕੜੇ ਮੀਲ ਦੂਰੀ 'ਤੇ ਸਥਿਤ ਹੈ ਅਤੇ ਫਿਰ ਕੌਡੇ ਨਾਲ ਮੁਲਾਕਾਤ ਕੋਇੰਬਟੂਰ ਵਿਚ ਹੁੰਦੀ ਹੈ, ਜੋ ਕਿ ਲੰਕਾ ਦੇ ਨੇੜੇ ਹੈ। ਇਸ ਤਰ੍ਹਾਂ ਪਹਿਲਾਂ ਗੁਰੂ ਜੀ ਉਜੈਨ ਜਾਂਦੇ ਹਨ ਅਤੇ ਫਿਰ ਕੋਇੰਬਟੂਰ ਵਿਚ ਕੌਡੇ ਨਾਲ ਮਿਲਦੇ ਹਨ। ਇਸ ਤਰ੍ਹਾਂ ਕਵਿ ਨੇ ਇਨ੍ਹਾਂ ਇਤਿਹਾਸਿਕ ਘਟਨਾਵਾਂ ਨੂੰ ਕਾਵਿ ਉਡਾਰੀਆਂ ਦੁਆਰਾ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਅਗੇ ਗੁਰੂ ਜੀ ਵਿਸੰਭਰਪੁਰ ਪਹੁੰਚਦੇ ਹਨ-

ਲਖ ਇਕ ਬਿਟ ਪਛਾਇ ਜਿਹ ਘਨੀ॥ ਬੈਠ ਗਏ ਤਿਹਤ੍ਰੈ ਭੁਨ ਧਨੀ॥

ਪੁਨ ਹਸ ਬੋਲੇ ਸੁਨ ਮਰਦਾਨਾ॥ ਨਾਮ ਬਿਸੰਭਰ ਪੁਰ ਇਹ ਜਾਨ॥11॥[119]

---

[116] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 122 (ਅੰਤਿਕਾ).

[117] ਉਹੀ, ਪੰਨਾ 91-92.

[118] ਉਹੀ, ਪੰਨਾ 85.

[119] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 225.

ਮਰਦਾਨੇ ਨੂੰ ਬਹੁਤ ਭੁਖ ਲਗੀ ਹੁੰਦੀ ਹੈ । ਉਹ ਗੁਰੂ ਜੀ ਨੂੰ ਬੇਨਤੀ ਹੈ ਕਰਦਾ ਹੈ , ਗੁਰੂ ਜੀ ਪੈਰ ਨਾਲ ਰੇਤ ਵਿਚੋਂ ਇਕ ਲਾਲ ਕਢ ਕੇ ਮਰਦਾਨੇ ਨੂੰ ਵੇਚਣ ਲਈ ਭੇਜਦੇ ਹਨ। ਉਸ ਲਾਲ ਦੀ ਕੀਮਤ ਦੇਖ ਕੇ ਕੋਈ ਵੀ ਉਸਨੂੰ ਖ਼ਰੀਦ ਨਾ ਸਕਿਆ। ਸਾਲਸ ਰਾਇ ਜੌਹਰੀ ਗੁਰੂ ਜੀ ਨੂੰ ਮਿਲਣ ਆਉਂਦਾ ਹੈ ਅਤੇ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਗੁਰੂ ਜੀ ਉਸਨੂੰ ਮੰਜੀ ਸੌਂਪ ਕੇ ਇਹ ਹੁਕਮ ਕਰਦੇ ਹਨ, ਕਿ ਮੰਜੀ ਦਾ ਗਦੀਦਾਰ ਆਪਣੇ ਕਿਸੇ ਸੇਵਕ ਨੂੰ ਬਣਾਵੇ, ਆਪਣੇ ਕਿਸੇ ਪੁਤ੍ਰ ਨੂੰ ਨਹੀਂ । ਗੁਰੂ ਜੀ ਉਸਨੂੰ ਕਹਿੰਦੇ ਹਨ, ਕਿ ਤੇਰੀ ਉਮਰ ਮਾਤ੍ਰ ਦੋ ਸਾਲ ਸਤ ਮਹੀਨੇ ਰਹਿ ਗਈ ਹੈ। ਵਿਸੰਭਰਪੁਰ ਦਾ ਜ਼ਿਕਰ ਕੇਵਲ 'ਭਾਈ ਬਾਲਾ ਜਨਮਸਾਖੀ' ਅਤੇ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਹੀ ਹੈ। 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਹਾਜੀਪੁਰ ਦਾ ਤਾਂ ਜ਼ਿਕਰ ਹੈ, ਪਰ ਸਾਲਸਰਾਇ ਅਤੇ ਵਿਸੰਭਰਪੁਰ ਦਾ ਜ਼ਿਕਰ ਕਿਧਰੇ ਵੀ ਨਹੀਂ ਮਿਲਦਾ। ਡਾ . ਕਿਰਪਾਲ ਸਿੰਘ ਨੇ ਦਲੀਲ ਪੂਰਵਕ ਇਹ ਸਿਧ ਕਰਣ ਦਾ ਯਤਨ ਕੀਤਾ ਹੈ, ਕਿ ਗੁਰੂ ਜੀ ਵਿਸੰਭਰਪੁਰ ਨਹੀਂ ਗਏ, ਬਲਕਿ ਪਟਨੇ ਵਿਖੇ ਗਏ ਸਨ। ਕਿਉਂਕਿ ਉਨ੍ਹਾਂ ਅਨੁਸਾਰ ਵਿਸੰਭਰਪੁਰ ਨਾਂ ਦਾ ਕੋਈ ਵੀ ਪੁਰਾਣਾ ਪਿੰਡ ਜਾਂ ਨਗਰ ਉਥੇ ਨਹੀਂ ਮਿਲਦਾ, ਪਰ ਹਾਜੀਪੁਰ ਨਾਮ ਦਾ ਨਗਰ ਮੌਜੂਦ ਹੈ ਅਤੇ 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਹਾਜੀਪੁਰ ਦਾ ਜ਼ਿਕਰ ਕੀਤਾ ਮਿਲਦਾ ਹੈ।[120] ਹੁਣ ਜੇਕਰ ਵਿਸੰਭਰਪੁਰ ਪਟਨੇ ਵਿਚ ਮੰਨ ਲਿਆ ਜਾਵੇ ਅਤੇ ਅਨਾਮਲਾਏ ਪਰਬਤ ਜੋ ਕਿ ਕੋਇੰਬਟੂਰ ਵਿਚ ਸਥਿਤ ਹੈ, ਜਿਥੇ ਕੌਡਾ ਰਾਕਸ਼ ਰਹਿੰਦਾ ਸੀ, ਤੋਂ ਵਿਸੰਭਰਪੁਰ ਦੀ ਦੂਰੀ ਸੈਂਕੜੇ ਮੀਲ ਬਣਦੀ ਹੈ। ਇਸ ਤਰ੍ਹਾਂ ਕਵਿ ਨੇ ਇਥੇ ਵੀ ਕਾਵਿ-ਉਡਾਰੀ ਦੁਆਰਾ ਦੋ ਘਟਨਾਵਾਂ ਨੂੰ ਜੋੜਨ ਦਾ ਯਤਨ ਕੀਤਾ ਹੈ।

ਇਸ ਦੇ ਨਾਲ ਹੀ ਅਗਲੀ ਸਾਖੀ ਵਿਚ ਕਵਿ ਨੇ ਦੋ ਮਿਥਿਹਾਸਿਕ ਸਾਖੀਆਂ ਨੂੰ ਅੰਕਿਤ ਕੀਤਾ ਹੈ , ਜਿਸ ਵਿਚ ਗੁਰੂ ਜੀ ਬਾਲਾ ਅਤੇ ਮਰਦਾਨਾ ਇਕ ਬਹੁਤ ਵਡੇ ਮਛ ਉਪਰ ਚਲਦੇ ਹਨ, ਜਿਸਦੀ ਲੰਬਾਈ 35 ਕੋਹ ਹੁੰਦੀ ਹੈ। ਜਦੋਂ ਉਹ ਮਛ ਦੇ ਮੁਖ ਕੋਲ ਜਾਂਦੇ ਹਨ ਤਾਂ ਉਹ ਰੂਪ ਵਟਾਉਂਦਾ ਹੈ ਅਤੇ ਗੁਰੂ ਜੀ ਉਸ

---

[120] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 58-60.

ਨੂੰ ਮੁਕਤੀ ਪ੍ਰਦਾਨ ਕਰਦੇ ਹਨ। ਅਗੇ ਗੁਰੂ ਜੀ ਨੂੰ ਕਲਹ ਮਿਲਦਾ ਹੈ, ਜੋ ਕਿ ਉਨ੍ਹਾਂ ਨੂੰ ਡਰਾਉਂਦਾ ਹੈ ਅਤੇ ਗੁਰੂ ਜੀ ਉਸਨੂੰ ਬਖ਼ਸ਼ ਕੇ ਅਗੇ ਬਿਸੀਹਰ ਦੇਸ ਜਾਂਦੇ ਹਨ।

ਬਿਸੀਹਰ ਦੇਸ, ਬ੍ਰਹਮਪੁਰ, ਦੇਵਗੰਧਾਰ, ਸਵਰਨਪੁਰ ਦੀ ਵਿਚਾਰ ਅਸੀਂ ਇਥੇ ਖੋਜ-ਕਾਰਜ ਦੀ ਸਰਲਤਾ ਲਈ ਇਨ੍ਹਾਂ ਘਟਨਾਵਾਂ ਨੂੰ ਅੰਕਿਤ ਕਰਣ ਤੋਂ ਬਆਦ ਇਕਠੀ ਕਰਾਂਗੇ। ਘਟਨਾਵਾਂ ਇਸ ਪ੍ਰਕਾਰ ਹਨ- ਗੁਰੂ ਜੀ ਬਿਸੀਹਰ ਦੇਸ ਪਹੁੰਚਦੇ ਹਨ-

ਟਾਪੂ ਏਕ ਸਿੰਧ ਕੇ ਮਾਹੀ॥
ਨਾਮ ਬਿਸੀਹਰ ਜਾਕੋ ਆਹੀ॥
ਤਾ ਮਹਿ ਬਸੈ ਨਗਰ ਅਭਰਾਮਾ॥
ਚਹੁ ਦਿਸ ਬਹੁ ਉਪਬਨ ਘਨਿਛਾਮਾ॥3॥[121]

ਮਰਦਾਨੇ ਨੂੰ ਝੰਡੇ ਬਾਢੀ ਕੋਲ ਭੇਜਦੇ ਹਨ। ਝੰਡਾ ਬਾਢੀ ਗੁਰੂ ਜੀ ਦੇ ਦਰਸ਼ਨ ਲਈ ਭੋਜਨ ਤਿਆਰ ਕਰਕੇ ਲਿਆਉਂਦਾ ਹੈ। ਗੁਰੂ ਜੀ ਭੋਜਨ ਦੇ ਪੰਜ ਹਿਸੇ ਕਰਦੇ ਹਨ । ਇਕ ਹਿਸਾ ਮਰਦਾਨੇ ਨੂੰ ਖਾਣ ਲਈ ਕਹਿੰਦੇ ਹਨ ਅਤੇ ਝੰਡੇ ਬਾਢੀ ਨੂੰ ਪੁਛਦੇ ਹਨ, ਤੇਰੀ ਸੰਗਤ ਕਿਸ ਨਾਲ ਹੈ। ਉਹ ਕਹਿੰਦਾ ਹੈ ਸੁਧਰ ਸੈਨ ਦੇ ਭਣੇਵੇ ਇੰਦਰ ਸੈਨ ਨਾਲ । ਗੁਰੂ ਜੀ ਉਸ ਨੂੰ ਬੁਲਾਉਣ ਨੂੰ ਕਹਿੰਦੇ ਹਨ। ਉਹ ਆ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਗਿਆਨ ਬਾਰੇ ਪ੍ਰਸ਼ਨ ਕਰਦੇ ਹਨ। ਗੁਰੂ ਜੀ ਉਸਨੂੰ ਦ੍ਰਿਸ਼ਟਾਂਤ ਦੇ ਕੇ ਉਹਨਾਂ ਨੂੰ ਗਿਆਨ ਬਾਰੇ ਉਪਦੇਸ਼ ਦਿੰਦੇ ਹਨ ਅਤੇ ਝੰਡੇ ਬਾਢੀ ਨੂੰ ਇਲਾਕੇ ਦੀ ਮੰਜੀ ਸੌਂਪਦੇ ਹਨ। ਇਸ ਗਲ ਦਾ ਪਤਾ ਜਦੋਂ ਸੁਧਰ ਸੈਨ ਨੂੰ ਲਗਦਾ ਹੈ, ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਣ ਆਉਂਦਾ ਹੈ ਅਤੇ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਗੁਰੂ ਜੀ ਉਸ ਨੂੰ 17 ਗੁਆਂਢੀ ਰਾਜਾਂ ਦਾ ਰਾਜਾ ਬਣਨ ਦਾ ਵਰ ਦਿੰਦੇ ਹਨ।

ਫਿਰ ਗੁਰੂ ਜੀ ਬ੍ਰਹਮਪੁਰ ਨੂੰ ਰਵਾਨਾ ਹੁੰਦੇ ਹਨ । ਜਿਥੋਂ ਦੇ ਰਾਜਾ ਮਧੁਰ ਬੈਨ ਨੂੰ ਉਪਦੇਸ਼ ਦੇ ਕੇ ਗੁਰੂ ਸਾਹਿਬ ਇਕ ਨਗਰ ਦੇਵ ਗੰਧਾਰ ਵਿਖੇ ਪਹੁੰਚਦੇ ਹਨ । ਜਿਸਦਾ ਰਾਜਾ ਰਾਖਸ਼ ਦੇਵਲੂਤ ਸੀ। ਗੁਰੂ ਸਾਹਿਬ ਇਕ ਪਹਾੜ ਪਾਸ ਰਮਣੀਕ ਥਾਂ 'ਤੇ ਬੈਠ ਜਾਂਦੇ ਹਨ। ਮਰਦਾਨਾ ਗੁਰੂ ਸਾਹਿਬ ਨੂੰ ਤਿੰਨ ਦਿਨ ਤੋਂ

[121] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 237.

ਭੁਖੇ ਹੋਣ ਕਰਕੇ ਕੁਛ ਖਾਣ ਲਈ ਕਹਿੰਦਾ ਹੈ। ਗੁਰੂ ਸਾਹਿਬ ਦਸਦੇ ਹਨ, ਕਿ ਇਹ ਨਗਰ ਕੌਡੇ ਰਾਖਸ਼ ਦੇ ਨਗਰ ਵਰਗਾ ਹੈ। ਮਰਦਾਨਾ ਡਰ ਜਾਂਦਾ ਹੈ। ਰਾਖਸ਼ਾਂ ਦਾ ਰਾਜਾ ਆਪਣੀ ਫੌਜ ਸਮੇਤ ਸ਼ਿਕਾਰ ਖੇਡਣ ਵਾਸਤੇ ਆ ਗਿਆ। ਰਾਖਸ਼ਾਂ ਦੇ ਰਾਜੇ ਨੇ ਗੁਰੂ ਸਾਹਿਬ , ਬਾਲੇ ਅਤੇ ਮਰਦਾਨੇ ਨੂੰ ਵੇਖ ਕੇ ਉਹਨਾਂ ਨੂੰ ਫੜ੍ਹ ਕੇ ਲਿਆਉਣ ਲਈ ਰਾਖਸ਼ਾਂ ਨੂੰ ਕਿਹਾ। ਜਦ ਉਹ ਤਿੰਨ ਰਾਖਸ਼ ਗੁਰੂ ਜੀ ਨੂੰ ਫੜ੍ਹਣ ਲਈ ਗਏ ਤਾਂ ਉਹ ਅੰਨ੍ਹੇ ਹੋ ਗਏ। ਜਦ ਉਹ ਪਿਛੇ ਮੁੜੇ, ਤਾਂ ਉਹਨਾਂ ਨੂੰ ਦਿਸਣ ਲਗ ਗਿਆ। ਉਹਨਾਂ ਨੇ ਰਾਖਸ਼ ਰਾਜੇ ਨੂੰ ਸਭ ਕੁਝ ਦਸਿਆ। ਉਸ ਨੇ ਹੋਰ ਤਿੰਨ ਜਣੇ ਭੇਜੇ। ਅਗੇ ਜਾ ਕੇ ਉਹ ਵੀ ਅੰਨ੍ਹੇ ਹੋ ਗਏ । ਇਸ ਤਰ੍ਹਾ ਰਾਖਸ਼ ਰਾਜੇ ਨੇ ਸਤ ਵਾਰ ਆਪਣੇ ਰਾਖਸ਼ ਭੇਜੇ, ਪਰ ਸਾਰੇ ਹੀ ਅੰਨ੍ਹੇ ਹੋ ਗਏ। ਜਦ ਰਾਜੇ ਨੇ ਆਪਣੇ ਮੰਤ੍ਰੀ ਨੂੰ ਪੁਛਿਆ, ਕਿ ਇਹ ਕੀ ਕੌਤੁਕ ਹੈ , ਸਤ ਵਾਰ ਰਾਖਸ਼ ਭੇਜੇ ਹਨ, ਪਰ ਕੋਈ ਵੀ ਉਹਨਾਂ ਨੂੰ ਫੜ ਕੇ ਨਹੀਂ ਲਿਆਇਆ। ਮੰਤ੍ਰੀ ਨੇ ਕਿਹਾ ਇਹ ਕੋਈ ਕਲਾਵਾਨ ਜਾਪਦਾ ਹੈ ਅਤੇ ਮੰਤ੍ਰੀ ਖ਼ੁਦ ਗੁਰੂ ਜੀ ਨੂੰ ਮਿਲਣ ਲਈ ਚਲਾ ਗਿਆ। ਅਰਦਾਸ ਬੇਨਤੀ ਕਰਕੇ ਗੁਰੂ ਸਾਹਿਬ ਅਗੇ ਜਾ ਬੈਠਾ ਅਤੇ ਪੁਛਿਆ ਕਿ ਤੁਹਾਡਾ ਨਾਮ ਕੀ ਹੈ ਅਤੇ ਕਿਥੋਂ ਚਲ ਕੇ ਆਏ ਹੋ ਅਗੇ ਕਿਥੇ ਜਾਣਾ ਹੈ ? ਗੁਰੂ ਜੀ ਨੇ ਦਸਿਆ ਕਿ ਸਾਡਾ ਨਾਮ ਨਾਨਕ ਨਿਰੰਕਾਰੀ ਹੈ , ਵੈਰਾਗ ਧਾਰਣ ਕਰਕੇ ਆਪਣੀ ਮੌਜ ਵਿਚ ਵਿਚਰ ਰਹੇ ਹਾਂ। ਮੰਤ੍ਰੀ ਨੇ ਰਾਜੇ ਨੂੰ ਦਸਿਆ, ਕਿ ਤੁਹਾਡੇ ਨਗਰ ਵਿਚ ਕਰਤਾਰ ਆਪ ਆਇਆ ਹੈ। ਸ਼ਰਧਾ ਧਾਰ ਕੇ ਉਹਨਾਂ ਦੀ ਸ਼ਰਣ ਪਵੋ ਦੇਵਲੂਤ ਨੇ ਮੰਤ੍ਰੀ ਨੂੰ ਕਿਹਾ ਮਨੁਖ ਮੇਰੀ ਖ਼ੁਰਾਕ ਹੈ ਅਤੇ ਮੈਂ ਤੇਰੀ ਗਲ ਮੰਨ ਕੇ ਉਹਨਾਂ ਦੀ ਸ਼ਰਣ ਗ੍ਰਹਿਣ ਨਹੀਂ ਕਰ ਸਕਦਾ। ਦੇਵਲੂਤ ਆਪਣੇ ਰਾਖਸ਼ਾਂ ਨੂੰ ਨਾਲ ਲੈ ਕੇ ਗੁਰੂ ਜੀ ਵਲ ਹੋ ਤੁਰਿਆ। ਜਦ ਉਹ ਗੁਰੂ ਜੀ ਦੇ ਨੇੜੇ ਗਏ, ਤਾਂ ਰਾਜਾ ਅੰਨ੍ਹਾਂ ਹੋ ਗਿਆ। ਇਹ ਸਭ ਦੇਖ ਕੇ ਰਾਜੇ ਨੇ ਮੰਤ੍ਰੀ ਦੀ ਗਲ ਮੰਨ ਲਈ ਅਤੇ ਗੁਰੂ ਜੀ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਰਾਜੇ ਨੂੰ ਕਿਹਾ ਅਖਾਂ ਖੋਲ੍ਹ ਅਸੀਂ ਤੇ ਪਾਸ ਹੀ ਬੈਠੇ ਹਾਂ। ਰਾਜੇ ਨੇ ਜਦ ਇਹ ਬਚਨ ਸੁਣੇ ਤਾਂ ਉਸਦੇ ਨੇਤ੍ਰ ਖੁਲ ਗਏ। ਉਸਨੇ ਗੁਰੂ ਜੀ ਦੇ ਚਰਣਾਂ ਤੇ ਸਿਰ ਰਖ ਕੇ ਮੁਆਫ਼ੀ ਮੰਗੀ ਅਤੇ ਨਗਰ ਵਿਚ ਚਲਕੇ ਨਿਵਾਸ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਰਾਜੇ ਦੇ ਘਰ ਚਲੇ ਗਏ। ਦੇਵਲੂਤ ਨੇ ਗੁਰੂ ਜੀ ਅਗੇ ਭੋਜਨ ਭੇਟ ਕੀਤਾ। ਗੁਰੂ ਜੀ ਨੇ ਉਸਨੂੰ ਕਿਹਾ, ਕਿ ਜੇਕਰ ਤੂੰ ਮਾਸ ਖਾਣਾ ਛਡ ਦੇਵੇਂਗਾ, ਤਾਂ ਅਸੀਂ ਇਹ ਭੋਜਨ ਛਕ ਲਵਾਂਗੇ। ਤੁਸੀਂ ਮਾਸ ਖਾਣ ਵਾਸਤੇ ਜੀਵ ਹਤਿਆ ਕਰਦੇ ਹੋ। ਗੁਰੂ ਸਾਹਿਬ ਰਾਜੇ ਨੂੰ ਉਪਦੇਸ਼ ਦਿੰਦੇ ਹਨ ਅਤੇ ਰਾਜੇ ਨੇ ਗੁਰੂ ਸਾਹਿਬ ਦੀ ਗਲ ਮੰਨ ਕੇ ਨਾਮ ਜਪਣ ਅਤੇ ਸਤਿਸੰਗ ਕਰਣ

ਦੀ ਮਰਯਾਦਾ ਕਾਇਮ ਕੀਤੀ। ਗੁਰੂ ਸਾਹਿਬ ਦੇ ਕਹਿਣ 'ਤੇ ਦੇਵਲੂਤ ਰਾਜਾ ਸੁਧਰਸੈਨ ਨੂੰ ਆਪਣਾ ਸੁਆਮੀ ਮੰਨਦਾ ਹੈ। ਗੁਰੂ ਜੀ ਦੇ ਵਿਦਾ ਹੋਣ ਸਮੇਂ ਰਾਖਸ਼ਾਂ ਨੇ ਮਿਲ ਕੇ ਗੁਰੂ ਜੀ ਦੇ ਚਰਣਾਂ ਤੇ ਮਥਾ ਟੇਕਿਆ ਅਤੇ ਗੁਰੂ ਜੀ ਦਾ ਨਾਮ ਜਪਣ ਲਗੇ।

ਗੁਰੂ ਜੀ ਰਾਜੇ ਦੇਵਲੂਤ ਕੋਲੋਂ ਵਿਦਾ ਹੋ ਕੇ ਇਕ ਜੰਗਲ ਵਿਚ ਪਹੁੰਚਦੇ ਹਨ। ਸਾਰਾ ਜੰਗਲ ਫਲਾਂ-ਫੁਲਾਂ ਨਾਲ ਭਰਿਆ ਹੋਇਆ ਸੀ। ਉਥੇ ਬਨ-ਮਾਨਸਾਂ ਦੀ ਡਾਰ ਵੇਖੀ ਜਿਹਨਾਂ ਦੇ ਸਰੀਰ ਨੰਗੇ , ਭਿਆਨਕ ਕਾਲੇ ਰੂਪ, ਬੋਲੀ ਵੀ ਪਸ਼ੂਆਂ ਸਮਾਨ ਸੀ ਅਤੇ ਪਸ਼ੂਆਂ ਸਮਾਨ ਰਹਿਣੀ -ਬਹਿਣੀ। ਮਰਦਾਨੇ ਨੇ ਪੁਛਿਆ ਇਹ ਕੀ ਬਲਾ ਹੈ। ਤਾਂ ਗੁਰੂ ਸਾਹਿਬ ਦਸਦੇ ਹਨ, ਕਿ ਇਹ ਬਨ-ਮਾਨਸ ਹਨ , ਡਰਨ ਦੀ ਲੋੜ ਨਹੀਂ ਹੈ। ਉਹਨਾਂ ਨੂੰ ਦੇਖ ਕੇ ਬਨ-ਮਾਨਸ ਭਜ ਗਏ। ਇਕ ਦੂਰ ਖੜ੍ਹਾ ਉਹਨਾਂ ਨੂੰ ਦੇਖਦਾ ਰਿਹਾ ਅਤੇ ਫਿਰ ਜੰਗਲ ਵਿਚੋਂ ਕੁਝ ਫਲ ਲਿਆ ਕੇ ਉਹਨਾਂ ਦੇ ਖਾਣ ਵਾਸਤੇ ਦੂਰ ਹੀ ਰਖ ਕੇ ਆਪਣੇ ਸਾਥੀਆਂ ਨਾਲ ਜਾ ਰਲਿਆ। ਗੁਰੂ ਜੀ ਦੇ ਕਹਿਣ ਤੇ ਮਰਦਾਨੇ ਨੇ ਰਜ ਕੇ ਫਲ ਖਾਧੇ ਅਤੇ ਅਗੇ ਤੁਰ ਪਏ। ਕਈ ਦਿਨ ਤੁਰਦੇ ਰਹੇ ਅਤੇ ਅਗੇ ਇਕ ਹੋਰ ਜੰਗਲ ਆਇਆ। ਇਸ ਜੰਗਲ ਵਿਚ ਫਲ-ਫੁਲ ਬਹੁਤ ਸਨ, ਪਰ ਕੋਈ ਜਾਨਵਰ ਨਹੀਂ ਸੀ। ਜਦ ਦੋ ਘੜੀਆਂ ਬੀਤ ਗਈਆਂ, ਤਾਂ ਮਰਦਾਨੇ ਨੇ ਗੁਰੂ ਜੀ ਨੂੰ ਫਲ ਤੋੜ ਕੇ ਖਾਣ ਲਈ ਪੁਛਿਆ । ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ, ਕਿ ਇਥੇ ਜਾਨਵਰ ਕੋਈ ਨਹੀਂ ਹੈ, ਇਸ ਲਈ ਇਸ ਜੰਗਲ ਨੂੰ ਚੰਗਾ ਨਾ ਸਮਝ। ਮਰਦਾਨਾ ਫਿਰ ਵੀ ਫਲ ਤੋੜ ਕੇ ਖਾਣ ਲਗਿਆ ਹੀ ਸੀ, ਕਿ ਇਕ ਰਾਖਸ਼ ਜਿਸਦਾ ਸਰੀਰ ਪਹਾੜ ਵਾਂਗ ਵਡਾ ਸੀ , ਮਰਦਾਨੇ ਨੂੰ ਸਬੂਤੇ ਹੀ ਖਾ ਗਿਆ। ਮਰਦਾਨਾ ਗੁਰੂ ਜੀ ਨੂੰ ਯਾਦ ਕਰਣ ਲਗਾ। ਗੁਰੂ ਸਾਹਿਬ ਮਰਦਾਨੇ ਨੂੰ ਛਡਾਉਣ ਚਲੇ ਗਏ। ਰਾਖਸ਼ ਗੁਰੂ ਜੀ ਨੂੰ ਵੀ ਅੰਦਰ ਲੰਘਾ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਧੀਰਜ ਦਿਤੀ ਅਤੇ ਆਪਣਾ ਸਰੀਰ ਐਨਾ ਵਧਾਇਆ, ਕਿ ਰਾਖਸ਼ ਦਾ ਪੇਟ ਫਟਣ ਲਗਾ , ਉਹ ਬਿਆਕੁਲ ਹੋ ਕੇ ਧਰਤੀ ਉਤੇ ਡਿਗ ਪਿਆ। ਉਸਦਾ ਪੇਟ ਫਟ ਗਿਆ ਅਤੇ ਗੁਰੂ ਜੀ ਤੇ ਮਰਦਾਨਾ ਬਾਹਰ ਨਿਕਲ ਆਏ। ਉਸਦੇ ਇਸ ਤਰ੍ਹਾਂ ਡਿਗਣ ਨਾਲ ਕਈ ਦਰਖ਼ਤ ਚੂਰ-ਚੂਰ ਹੋ ਗਏ। ਰਾਖਸ਼ ਦਾ ਅੰਤ ਹੋ ਗਿਆ ਅਤੇ ਉਸ ਨੇ ਸੁੰਦਰ ਦੇਹ ਧਾਰ ਕੇ ਗੁਰੂ ਜੀ ਦੇ ਚਰਣਾਂ ਤੇ ਮਥਾ ਟੇਕਿਆ। ਬਾਲੇ ਦੇ ਪੁਛਣ 'ਤੇ ਉਸਨੇ ਦਸਿਆ ਕਿ ਉਹ ਰਾਜਾ ਜਨਕ ਰਾਜ ਦਾ ਰਸੋਈਆ ਹੁੰਦਾ ਸੀ। ਇਕ ਦਿਨ ਰਾਜੇ ਨੇ ਸੰਤਾਂ ਦਾ ਭੋਜਨ ਕੀਤਾ। ਰਸੋਈ ਤਿਆਰ ਕਰਣ ਸਮੇਂ ਮੈਨੂੰ ਭੁਖ ਲਗ ਆਈ, ਜਿਸ ਕਰਕੇ ਮੈਂ ਸਭ ਤੋਂ ਪਹਿਲਾਂ ਛੁਪ ਕੇ ਭੋਜਨ

ਛਕ ਲਿਆ। ਇਸ ਗਲ ਦਾ ਜਦ ਰਾਜੇ ਨੂੰ ਪਤਾ ਲਗਾ, ਤਾਂ ਉਸਨੇ ਕਿਹਾ ਇਹ ਰਸੋਈ ਜੂਠੀ ਹੋ ਗਈ ਹੈ। ਇਹ ਭੋਜਨ ਸੰਤਾਂ ਦੇ ਛਕਣ ਯੋਗ ਨਹੀਂ ਰਿਹਾ , ਉਸਨੇ ਤਿਆਰ ਹੋਇਆ ਭੋਜਨ ਨਦੀ ਵਿਚ ਰੁੜ੍ਹਾ ਦਿਤਾ ਅਤੇ ਮੈਨੂੰ ਸ੍ਰਾਪ ਦਿਤਾ ਕਿ ਤੂੰ ਵਡਾ ਰਾਖਸ਼ ਬਣੇਂਗਾ । ਰਾਜਾ ਦਾ ਸਰਾਪ ਸੁਣ ਕੇ ਮੈਂ ਡਰ ਗਿਆ ਅਤੇ ਬੇਨਤੀ ਕੀਤੀ, ਕਿ ਮੇਰੀ ਗਤੀ ਕਦੋਂ ਹੋਵੇਗੀ। ਰਾਜੇ ਨੇ ਕਿਹਾ ਕਿ ਕਲਿਯੁਗ ਵਿਚ ਪਰਮੇਸ਼ਰ ਦਾ ਰੂਪ ਨਾਨਕ ਪ੍ਰਗਟ ਹੋਵੇਗਾ, ਉਹਨਾਂ ਦਾ ਦਰਸ਼ਨ ਕਰਕੇ ਤੇਰਾ ਉਧਾਰ ਹੋਵੇਗਾ । ਇਹ ਵਾਰਤਾ ਸੁਣਾ ਕੇ ਉਹ ਬੈਕੁੰਠ ਚਲਾ ਗਿਆ। ਮਰਦਾਨੇ ਦੇ ਪੁਛਣ 'ਤੇ ਗੁਰੂ ਸਾਹਿਬ ਨੇ ਦਸਿਆ, ਕਿ ਇਹ ਸੰਤਾਂ ਦੀ ਬਹੁਤ ਸੇਵਾ ਕਰਦਾ ਸੀ ਅਤੇ ਨਾਮ ਜਪਦਾ ਹੁੰਦਾ ਸੀ, ਉਸ ਸੇਵਾ ਦੇ ਫਲ ਕਰਕੇ ਇਹ ਬੈਕੁੰਠ ਨੂੰ ਗਿਆ ਹੈ।

ਅਗੇ ਗੁਰੂ ਜੀ ਸਵਰਨ ਪੁਰੀ ਨਗਰੀ ਵਿਚ ਆਉਂਦੇ ਹਨ। ਜਿਥੋਂ ਦਾ ਰਾਜਾ ਕਮਲ ਨੈਨ ਹੁੰਦਾ ਹੈ। ਉਸਦੇ ਰਾਜ ਵਿਚ ਸਾਰਾ ਕੁਝ ਮੁਫਤ ਮਿਲਦਾ ਹੈ। ਮਰਦਾਨਾ ਉਸ ਨਗਰ ਵਿਚ ਜਾ ਕੇ ਧਰਮ ਸਿੰਘ ਨਾਮ ਦੇ ਵਿਅਕਤੀ ਨੂੰ ਮਿਲਦਾ ਹੈ ਅਤੇ ਰਜ ਕੇ ਭੋਜਨ ਕਰਦਾ ਹੈ। ਧਰਮ ਸਿੰਘ ਗੁਰੂ ਜੀ ਅਤੇ ਬਾਲੇ ਲਈ ਭੋਜਨ ਲੈ ਕੇ ਜਾਂਦਾ ਹੈ। ਗੁਰੂ ਜੀ ਧਰਮ ਸਿੰਘ ਨੂੰ ਉਸਦਾ ਭੋਜਨ ਇਹ ਕਹਿ ਕੇ ਮੋੜਦੇ ਹਨ, ਕਿ ਇਹ ਅਪਵਿਤ੍ਰ ਹੈ ਕਿਉਂਕਿ ਕਮਲ ਨੈਨ ਰਾਜੇ ਦੇ ਅੰਦਰ ਦੋਸ਼ ਹੈ। ਇਹ ਗਲ ਧਰਮ ਸਿੰਘ ਕਮਲ ਨੈਨ ਨੂੰ ਦਸਦਾ ਹੈ । ਉਹ ਗੁਰੂ ਜੀ ਕੋਲ ਆਉਂਦਾ ਹੈ। ਗੁਰੂ ਜੀ ਉਸਦੇ ਪੂਰਬਲੇ ਜਨਮ ਦੀ ਕਥਾ ਦਸਦੇ ਹਨ, ਕਿ ਉਹ ਇਕ ਰਾਜੇ ਦਾ ਦਾਸ ਸੀ। ਰਾਜੇ ਨੇ ਪਾਣੀ ਮੰਗਿਆ । ਜਦੋਂ ਉਹ ਪਾਣੀ ਲੈਣ ਜਾ ਰਿਹਾ ਸੀ, ਤਾਂ ਉਸ ਦੇ ਮਨ ਵਿਚ ਇਛਾ ਆਈ, ਕਿ ਜੇਕਰ ਮੈਂ ਰਾਜਾ ਹੋਵਾਂ, ਤਾਂ ਮੈਂ ਵੀ ਇਸ ਤੋਂ ਸੇਵਕਾਂ ਵਾਲੇ ਕੰਮ ਕਰਾਵਾਂ । ਰਾਜੇ ਨੂੰ ਪਾਣੀ ਲਿਆ ਕੇ ਦਿਤਾ, ਤਾਂ ਰਾਜੇ ਨੇ ਕਿਹਾ ਜੋ ਕੁਝ ਮੰਗਣਾ ਹੈ, ਮੰਗ ਲਓ । ਉਸਨੇ ਮੰਗਣ ਤੋਂ ਮਨ੍ਹਾਂ ਕੀਤਾ ਅਤੇ ਰਾਜਾ ਅੰਤਰਜਾਮੀ ਹੋਣ ਕਰਕੇ ਉਸਦੇ ਦਿਲ ਦੀ ਜਾਣ ਗਿਆ । ਰਾਜੇ ਨੇ ਉਸ ਨੂੰ ਅਗਲੇ ਜਨਮ ਵਿਚ ਰਾਜਾ ਹੋਣ ਦਾ ਵਰ ਦਿਤਾ । ਕਮਲ ਨੈਨ ਨੇ ਪੁਛਿਆ, ਕਿ ਮੈਨੂੰ ਆਤਮ-ਗਿਆਨ ਕਦੋਂ ਹੋਵੇਗਾ। ਰਾਜੇ ਨੇ ਕਿਹਾ ਕਿ ਕਲਿਯੁਗ ਜਨਮ ਵਿਚ ਤੈਨੂੰ ਸੰਤ ਮਿਲਣਗੇ। ਗੁਰੂ ਜੀ ਨੇ ਉਸਨੂੰ ਉਪਦੇਸ਼ ਦਿਤਾ ਅਤੇ ਆਤਮ-ਗਿਆਨ ਹੋ ਗਿਆ। ਉਸ ਨੇ ਗੁਰੂ ਜੀ ਦੇ ਨਾਮ ਦੀ ਧਰਮਸਾਲ ਬਣਵਾਈ।

ਇਨ੍ਹਾਂ ਘਟਨਾਵਾਂ ਵਿਚ ਗੁਰੂ ਜੀ ਬਿਸੀਹਰ ਦੇਸ , ਬ੍ਰਹਮਪੁਰ , ਦੇਵਗੰਧਾਰ, ਸਵਰਨਪੁਰ ਜਾਂਦੇ ਹਨ। ਜਿਥੇ ਉਹ ਕਈ ਰਾਜਿਆਂ ਨੂੰ ਮਿਲਦੇ ਹਨ , ਇਤਿਹਾਸ ਵਾਚਿਆਂ ਅਜੇ ਤੀਕ ਇਨ੍ਹਾਂ ਦੇ ਨਾਮ ਕਿਤੇ ਵੀ ਨਹੀਂ ਮਿਲਦੇ। ਭਾਈ ਕਾਨ੍ਹ ਸਿੰਘ ਨਾਭਾ ਨੇ ਬਿਸੀਹਰ ਦੇਸ ਨੂੰ ਬਸ਼ਹਰ ਦਸਿਆ ਹੈ, ਜੋ ਕਿ ਸ਼ਿਮਲੇ ਜ਼ਿਲ੍ਹੇ ਦੀ ਇਕ ਪਹਾੜੀ ਰਿਆਸਤ ਸੀ। [122] ਪਰ ਗਿਆਨੀ ਗਿਆਨ ਸਿੰਘ ਇਸ ਨੂੰ ਮਨੀਪੁਰ ਵਿਚ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਸੁਧਰਸੈਨ ਰਾਜੇ ਦੀ ਸੰਤਾਨ ਮਨੀਪੁਰ ਵਿਚ ਰਾਜ ਕਰਦੀ ਸੀ ਅਤੇ ਉਨ੍ਹਾਂ ਨੇ ਅੰਗਰੇਜਾਂ ਨਾਲ ਯੁਧ ਵੀ ਲੜੇ ਸਨ। [123] ਬ੍ਰਹਮਪੁਰ ਬਾਰੇ ਭਾਈ ਵੀਰ ਸਿੰਘ 'ਸ੍ਰੀ ਨਾਨਕ ਪ੍ਰਕਾਸ਼' ਦੇ ਫੁਟਨੋਟ ਵਿਚ ਜ਼ਿਕਰ ਕਰਦੇ ਹੋਏ ਲਿਖਦੇ ਹਨ , "ਜਾਪਦਾ ਹੈ ਕਿ ਅਸਾਮ ਦੇਸ ਦਾ ਸੈਲਾ ਹੋ ਰਿਹਾ ਹੈ। ਬ੍ਰਹਮਕੁੰਡ ਨਾਮੇ ਇਕ ਜਗਹ ਡਿਬਰੂਗੜ੍ਹ ਤੋਂ ਪੂਰਬੋਤ੍ਰ ਵਲ ਹੈ , ਹੋ ਸਕਦਾ ਹੈ ਕਿ ਉਸਤੋਂ ਮੁਰਾਦ ਹੋਵੇ , ਯਾ ਬ੍ਰਹਮਨ ਬੇਰੀਆ ਤੋਂ ਮੁਰਾਦ ਹੋਵੇ, ਜੋ ਟਿਪਰਾ ਪਹਾੜੀਆਂ ਦੇ ਪਛੋਂ ਵਲ ਮੇਗਨਾ ਨਦੀ ਦੇ ਲਾਗੇ ਹੈ। ਟਾਪੂ ਪਦ ਜ਼ਰੂਰੀ ਨਹੀਂ, ਕਿ ਜਜ਼ੀਰੇ ਲਈ ਹੀ ਵਰਤਿਆ ਜਾਵੇ। "[124] ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਮਧ ਭਾਰਤ ਦੇ ਚਾਂਦਾ ਜ਼ਿਲ੍ਹੇ ਦਾ ਇਕ ਨਗਰ ਦਸਿਆ ਹੈ, ਜੋ ਚਾਂਦਾ ਤੋਂ 77 ਮੀਲ ਦੂਰ ਹੈ। [125] ਦੇਵਗੰਧਾਰ ਸਥਾਨ ਬਾਰੇ ਭਾਈ ਵੀਰ ਸਿੰਘ ਦਾ ਅੰਦਾਜ਼ਾ ਦੇਪਾਗਿਰੀ ਪਹਾੜੀ ਲਗਾਇਆ ਗਿਆ ਹੈ , ਜੋ ਕਿ ਸੋਨਦੀਪ ਪਰਬਤ 'ਤੇ ਹੈ। [126] ਪਰ ਹੋਰ ਕਿਧਰੇ ਵੀ ਇਸਦਾ ਜ਼ਿਕਰ ਨਹੀਂ ਮਿਲਦਾ। ਗਿਆਨੀ ਗਿਆਨ ਸਿੰਘ

---

[122] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 824.

[123] ਗਿਆਨੀ, ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ, ਪਟਿਆਲਾ, ਪੰਜਵੀ ਵਾਰ, 2011, ਪੰਨਾ 122.

[124] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1927, ਪੰਨਾ 586.

[125] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 896.

[126] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927, ਪੰਨਾ 591.

ਸਵਰਨਪੁਰ ਨੂੰ ਚਾਂਦ ਪੁਰ ਵਾਲਾ ਦਸਦੇ ਹਨ।[127] ਭਾਈ ਵੀਰ ਸਿੰਘ 'ਸ੍ਰੀ ਨਾਨਕ ਪ੍ਰਕਾਸ਼' ਦੇ ਫੁਟ ਨੋਟ ਵਿਚ ਕਹਿੰਦੇ ਹਨ, ਕਿ ਸੋਨਦੀਪ ਅਤੇ ਸਵਰਨਪੁਰ ਇਕ ਹੀ ਗਲ ਹੈ। ਉਹ ਵੀ ਇਸ ਨੂੰ ਚਿਟਾਗਾਂਗ ਤੋਂ ਨੇੜੇ ਸਮੁੰਦਰ ਵਿਚ ਇਕ ਟਾਪੂ ਹੀ ਮੰਨਦੇ ਹਨ।[128] ਅਗੇ ਇਨ੍ਹਾਂ ਸਾਖੀਆਂ ਵਿਚ ਟਾਪੂਆਂ ਦੇ ਅਠਾਰਾਂ ਰਾਜਿਆਂ ਦੇ ਨਾਮ ਦਸੇ ਹਨ , ਜੋ ਇਸ ਪ੍ਰਕਾਰ ਹਨ - 1. ਕਮਲ ਨੈਨ 2. ਸੁਧਰ ਸੈਨ 3. ਮਧੁਰ ਬੈਨ 4. ਸਾਗਰ ਸੈਨ 5. ਨੈਨ ਜੋਤ 6. ਸੁਖ ਚੈਨ 7. ਬਾਲ ਸਿੰਘ 8. ਮੁਧਭਾਲਕਾ 9. ਅਟਕਾ ਘਟਕਾ 10. ਰਾਇ ਐਨ 11. ਨਾਗਾ ਪਰਸਰਾਮ 12. ਬੀਰ ਬੈਨ 13. ਲਾਲ ਚੈਨ 14. ਮਗਨ ਰਾਇ 15. ਅਸਰਾ ਪਨਾਹ 16. ਬੁਧਿ ਬਿਬੇਕੂ 17. ਤੁਰ ਤਰੰਗ 18. ਸੁਖ ਸਾਗਰ।[129] ਇਨ੍ਹਾਂ ਸਾਖੀਆਂ ਦੀ ਪੜਚੋਲ ਕਰਣ ਲਈ ਕਰਮ ਸਿੰਘ ਹਿਸਟੋਰੀਅਨ ਦੇ ਸ਼ਬਦ, ਜੋ ਕਿ ਉਨ੍ਹਾਂ ਨੇ ਬਾਲਾ ਵਾਲੀ ਜਨਮਸਾਖੀ ਵਿਚ ਆਏ ਇਨ੍ਹਾਂ ਰਾਜਿਆਂ ਦੇ ਬਾਰੇ ਵਿਚ ਦਸੇ ਹਨ, ਵੀ ਸਾਡੇ ਖੋਜ-ਕਾਰਜ ਲਈ ਲਾਹੇਵੰਦ ਹੋਣਗੇ-

*ਰਾਜਿਆਂ ਦੀ ਫ਼ਰਿਸਤ ਤਾਂ ਖਾਸੀ ਲੰਮੀ ਹੈ ਤੇ ਨਾਉਂ ਵੀ ਚੰਗੇ ਸੋਹਣੇ ਜਾਪਦੇ ਹਨ, ਪਰ ਵੇਖਣ ਵਾਲੀ ਗਲ ਇਹ ਹੈ ਕਿ ਜਦ ਗੁਰੂ ਨਾਨਕ ਜੀ ਦੇ ਵੇਲੇ ਹਿੰਦੁਸਤਾਨ ਦੇ ਆਸ-ਪਾਸ ਦੇ ਟਾਪੂਆਂ ਵਿਚ ਹਿੰਦੂਆਂ ਦੀ ਵਸੋਂ ਹੀ ਨਹੀਂ ਸੀ ਤਾਂ ਹਿੰਦੂ ਰਾਜੇ ਕਿਥੋਂ ਹੋਏ ਸਨ ? ਅਰ ਦੂਰ ਦੇਸ ਦਿਆਂ ਟਾਪੂਆਂ ਵਿਚ ਹਿੰਦੂ ਰਾਜਿਆਂ ਦੇ ਰਾਜ ਦਾ ਖਿਆਲ ਕਰਨਾ ਤਾਂ ਸਚਮੁਚ ਹੀ ਬੇ -ਸਮਝੀ ਹੋਵੇਗੀ। ਰਹਿ ਰਹਿ ਕੇ ਹੈਰਾਨੀ ਇਸ ਗਲ ਉਤੇ ਆਉਂਦੀ ਹੈ ਕਿ ਲਿਖਣ ਵਾਲੇ ਨੂੰ ਇਤਨੀਆਂ ਗੱਪਾਂ ਠੱਪਣ ਦਾ ਹੌਂਸਲਾ ਕਿਸ ਤਰ੍ਹਾਂ ਹੋ ਗਿਆ ਤੇ*

---

[127] ਗਿਆਨੀ, ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ, ਪਟਿਆਲਾ, ਪੰਜਵੀ ਵਾਰ, 2011, ਪੰਨਾ 122.

[128] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1927, ਪੰਨਾ 608.

[129] ਪ੍ਰਿਥਮੈ ਕਮਲ ਨੈਨ ਬਡ ਰਾਜਾ॥ ਸੁਧਰ ਸੈਨ ਪੁਨ ਸਬ ਸਿਰਤਾਜਾ॥ ਮਧੁਰ ਬੈਨ ਅਰੁ ਸਾਗਰ ਸੈਨਾ॥ ਨੈਨ ਜੋਤ ਜਾਨੋ ਸੁਖ ਚੈਨਾ॥੫॥ ਬਾਲ ਸਿੰਘ ਨ੍ਰਿਪ ਮੁਧ ਭਾਲਕ ਲਹ॥ ਅਟਕਾ ਘਟਕਾ ਰਾਇ ਐਨ ਕਹ॥ ਨਾਗਾ ਪਰਸ ਰਾਮ ਉਰ ਮੈ ਗਨ॥ ਬੀਰ ਬੈਠ ਅਰੁ ਲਾਲ ਚੈਨ ਭਨ॥6॥ ਮਗਨ ਰਾਇ ਅਸਰਾਪ ਨਾਹ ਪੁਨ॥ ਬੁਧਿ ਬਿਬੇਕੂ ਤੁਰ ਤਰੰਗ ਭਨ॥ ਸੁਖ ਸਾਗਰ ਜਾਨੋ ਅਵਨੀ ਪਾ॥ ਠਾਰਹ ਨ੍ਰਿਪਤ ਸਾਲ ਮਲਿ ਦੀਪਾ॥7॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 265)

*ਰਾਜਿਆਂ ਦੇ ਨਾਮ ਕਿਸ ਸਫ਼ਾਈ ਨਾਲ ਘੜੇ ਹਨ ! ਦਸ ਪੰਦਰਾਂ ਲਫਜ਼ ਲੇ ਤੇ ਉਹਨਾਂ ਨਾਲ ਐਨ , ਬੈਨ, ਚੈਨ, ਨੈਨ, ਸੈਣ, ਮੈਨ ਕੋਈ ਲਾ ਦਿਤਾ, ਬੱਸ! ਰਾਜੇ ਦਾ ਨਾਉਂ ਬਣ ਗਿਆ। ਲਾਲ ਨੈਨ , ਅਟਕਾ ਘਟਕਾ, ਸੁਧ ਸੰਭਾਲਕਾ, ਬੁਧ ਬਿਬੇਕ ਬਾਲਕਾ ਤਾਂ ਬਹੁਤ ਹੀ ਅਨੋਖੇ ਨਾਉਂ ਹਨ, ਪਰ ਤੁਰਤ ਰੰਗ, ਸਭ ਨਾਲੋਂ ਵਧ ਕੇ ਹੈ। ਮਗਨ ਰਾਇ ਰੱਖਿਆ ਵੀ ਅਖੀਰ ਉਤੇ ਹੈ ਤੇ ਸੋਹਣਾ ਵੀ ਇਥੇ ਹੀ ਲਗਦਾ ਹੈ।*[130]

ਇਸ ਤਰ੍ਹਾਂ ਕਵਿ ਦੁਆਰਾ ਅੰਕਿਤ ਸਾਖੀਆਂ ਆਧਾਰਿਤ ਸ੍ਰੋਤਾਂ ਅਨੁਸਾਰ ਹੀ ਪ੍ਰਸਤੁਤ ਕੀਤੀਆਂ ਗਈਆਂ ਹਨ, ਜਿਨ੍ਹਾਂ ਬਾਰੇ ਇਤਿਹਾਸਿਕ ਸ੍ਰੋਤਾਂ ਵਿਚ ਜਾਂ ਤਾਂ ਸਪਸ਼ਟਤਾ ਨਹੀਂ ਜਾਂ ਕੋਈ ਇਤਿਹਾਸਿਕਤਾ ਉਪਲਬਧ ਨਹੀਂ। ਇਤਿਹਾਸਕਾਰਾਂ ਨੇ ਕਿਆਸ ਜ਼ਰੂਰ ਲਗਾਏ ਹਨ । ਇਸ ਦੇ ਨਾਲ ਹੀ ਅੰਤਿਮ ਸਾਖੀ ਵਿਚਲੇ ਤਥਾਂ ਨੂੰ ਮੂਲੋਂ ਰਦ ਕੀਤਾ ਗਿਆ ਹੈ।

ਇਨ੍ਹਾਂ ਤੋਂ ਅਗੇ ਤਿੰਨ ਸਾਖੀਆਂ ਵਿਚ ਕਵਿ ਨੇ ਗੁਰੂ ਜੀ ਦੀ ਮਕਾ ਅਤੇ ਮਦੀਨਾ ਯਾਤ੍ਰਾ ਦਾ ਵਰਣਨ ਕੀਤਾ ਹੈ। ਗੁਰੂ ਜੀ ਮਰਦਾਨੇ ਨੂੰ ਕਹਿੰਦੇ ਹਨ, ਕਿ ਹੁਣ ਸੁਮੇਰ ਦੀ ਸੈਰ 'ਤੇ ਚਲਦੇ ਹਾਂ। ਪਰ ਮਰਦਾਨੇ ਦੇ ਕਹਿਣ 'ਤੇ ਗੁਰੂ ਜੀ ਹਾਜੀਆਂ ਦਾ ਭੇਖ ਧਾਰਣ ਕਰਕੇ ਮਕੇ ਨੂੰ ਚਲੇ ਜਾਂਦੇ ਹਨ। ਰਸਤੇ ਵਿਚ ਉਨ੍ਹਾਂ ਦਾ ਮਿਲਾਪ ਮੁਲਤਾਨ ਦੇ ਰਹਿਣ ਵਾਲੇ ਹਾਜੀਆਂ ਨਾਲ ਹੁੰਦਾ ਹੈ। ਉਹ ਗੁਰੂ ਜੀ ਨੂੰ ਕੁਝ ਪ੍ਰਸ਼ਨ ਪੁਛਦੇ ਹਨ , ਗੁਰੂ ਜੀ ਉਨ੍ਹਾਂ ਦੇ ਪ੍ਰਸ਼ਨਾ ਦੇ ਉਤਰ ਦਿੰਦੇ ਹਨ । ਮੁਸਲਮਾਨ ਗੁਰੂ ਜੀ ਨੂੰ ਹਿੰਦੂ ਸਮਝ ਕੇ ਮਕੇ ਲਿਜਾਣ ਲਈ ਇਨਕਾਰ ਕਰ ਦਿੰਦੇ ਹਨ। ਗੁਰੂ ਜੀ ਮਰਦਾਨੇ ਨੂੰ ਸ਼ਬਦ ਗਾਉਣ ਲਈ ਕਹਿੰਦੇ ਹਨ। ਸ਼ਬਦ ਦੀ ਸਮਾਪਤੀ ਹੋਣ 'ਤੇ ਮਕੇ ਪਹੁੰਚ ਜਾਂਦੇ ਹਨ। ਮਰਦਾਨਾ ਮਕੇ ਦੀ ਮਸੀਤ ਅੰਦਰ ਜਾ ਕੇ ਦਰਸ਼ਨ ਕਰਦਾ ਹੈ , ਉਸ ਦੀਆਂ ਅਖਾਂ 'ਤੇ ਕਪੜਾ ਬੰਨ੍ਹ ਕੇ ਅੰਦਰ ਜਾਣ ਦਿਤਾ ਜਾਂਦਾ ਹੈ। ਮਰਦਾਨਾ ਦਰਸ਼ਨ ਕਰਕੇ ਬਾਹਰ ਆਉਂਦਾ ਹੈ। ਰਾਤ ਦੇ ਸਮੇਂ ਗੁਰੂ ਜੀ ਕਾਅਬੇ ਵਲ ਨੂੰ ਪੈਰ ਕਰਕੇ ਪੈ ਜਾਂਦੇ ਹਨ। ਮੁਲਾ ਜੀਵਨ ਜਦ ਝਾੜੂ ਦੇਣ ਆਉਂਦਾ ਹੈ, ਤਾਂ ਕਾਅਬੇ ਵਲ ਗੁਰੂ ਨਾਨਕ ਦੇਵ ਜੀ ਦੇ ਪੈਰ ਦੇਖਕੇ ਕਹਿੰਦਾ ਹੈ, ਕਿ ਉਹ ਅਪਣੇ ਪੈਰ ਖ਼ੁਦਾ ਦੇ ਘਰ ਵਲੋਂ ਦੂਜੇ ਪਾਸੇ ਕਰ ਲਏ। ਗੁਰੂ ਜੀ ਕਹਿੰਦੇ ਹਨ, ਕਿ ਉਹ ਮੁਸਾਫ਼ਿਰ ਹਨ ਅਤੇ ਥਕੇ ਹੋਏ ਹਨ, ਇਸ ਲਈ ਉਹ ਹੀ ਉਨ੍ਹਾਂ ਦੇ ਪੈਰ ਉਸ ਪਾਸੇ ਕਰ ਦੇਵੇ, ਜਿਸ ਪਾਸੇ ਖ਼ੁਦਾ ਦਾ ਘਰ ਨਹੀਂ ਹੈ। ਜਦੋਂ

[130] ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008, ਪੰਨਾ 31.

ਮੁਲਾ ਜੀਵਨ ਪੈਰਾਂ ਨੂੰ ਦੂਜੀ ਦਿਸ਼ਾ ਵਲ ਘੁੰਮਾਉਂਦਾ ਹੈ, ਤਾਂ ਕਾਅਬਾ ਵੀ ਉਸੇ ਦਿਸ਼ਾ ਨੂੰ ਘੁੰਮ ਜਾਂਦਾ ਹੈ । ਇਹ ਦੇਖ ਕੇ ਉਹ ਬਹੁਤ ਹੈਰਾਨ ਹੁੰਦਾ ਹੈ। ਫਿਰ ਹਾਜੀ ਅਤੇ ਕਾਜ਼ੀ ਗੁਰੂ ਜੀ ਨਾਲ ਸਵਾਲ -ਜਵਾਬ ਕਰਦੇ ਹਨ। ਅੰਤ ਵਿਚ ਸਾਰੇ ਹੀ ਗੁਰੂ ਜੀ ਦੇ ਚਰਨਾਂ ਵਿਚ ਪੈ ਜਾਂਦੇ ਹਨ। ਉਥੋਂ ਗੁਰੂ ਜੀ ਅਗੇ ਮਦੀਨੇ ਨੂੰ ਜਾਂਦੇ ਹਨ। ਮਦੀਨੇ ਦੀ ਮਸੀਤ ਅੰਦਰ ਗੁਰੂ ਜੀ ਖੜਾਵਾਂ ਪਾ ਕੇ ਹੀ ਚਲੇ ਗਏ। ਜਦੋਂ ਮੁਲਾਣਿਆਂ ਨੇ ਗੁਰੂ ਜੀ ਨੂੰ ਮਰਯਾਦਾ ਦਾ ਪਾਲਣ ਕਰਣ ਨੂੰ ਕਿਹਾ, ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ ਅਤੇ ਉਹ ਸਾਰੇ ਗੁਰੂ ਜੀ ਦੇ ਚਰਣਾਂ ਵਿਚ ਪੈ ਗਏ ਅਤੇ ਗੁਰੂ ਜੀ ਦੀ ਖੜਾਂਵ ਨੂੰ ਉਥੇ ਹੀ ਰਖ ਲਿਆ। ਇਸ ਤੋਂ ਬਾਅਦ ਗੁਰੂ ਜੀ ਨੂੰ ਬੀਬੀ ਨਾਨਕੀ ਨੇ ਯਾਦ ਕੀਤਾ ਅਤੇ ਉਹ ਸੁਲਤਾਨਪੁਰ ਪਹੁੰਚ ਗਏ।

'ਪੁਰਾਤਨ ਜਨਮ ਸਾਖੀ' ਵਿਚ ਚੌਥੀ ਉਦਾਸੀ ਦੌਰਾਨ ਨਾਥਾਂ ਨੂੰ ਅਚਲ ਵਟਾਲੇ ਮਿਲਣ ਤੋਂ ਬਾਅਦ ਗੁਰੂ ਜੀ ਮਕਾ -ਮਦੀਨਾ ਗਏ ਦਸੇ ਹਨ ।[131] 'ਮਕੇ ਮਦੀਨੇ ਦੀ ਗੋਸ਼ਟਿ' ਵਿਚ ਬਿਦਰ ਤੋਂ ਮਕਾ - ਮਦੀਨਾ ਜਾਣਾ ਲਿਖਿਆ ਹੈ।[132] 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਮੁਲਤਾਨ ਤੋਂ ਮਕਾ -ਮਦੀਨਾ ਜਾਣਾ ਲਿਖਿਆ ਮਿਲਦਾ ਹੈ।[133] 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਉਲੇਖ ਹੈ, ਕਿ ਸ੍ਰੀ ਗੁਰੂ ਜੀ ਕਰਤਾਰਪੁਰ ਤੋਂ ਮਕਾ -ਮਦੀਨਾ ਗਏ ਸਨ । ਡਾ. ਕਿਰਪਾਲ ਸਿੰਘ ਨੇ ਹਿੰਗਲਾਜ ਤੋਂ ਮਕਾ -ਮਦੀਨਾ ਜਾਣਾ ਮੰਨਿਆ ਹੈ।[134] ਇਨ੍ਹਾਂ ਸਾਰੇ ਸ੍ਰੋਤਾਂ ਵਿਚ ਇਕ ਗਲ ਦੀ ਸਾਂਝ ਇਹ ਹੈ ਕਿ ਪੀਰ ਬਹਾਉਦੀਨ ਮੁਲਤਾਨ ਦਾ ਹਾਜੀ ਸੀ। ਉਸ ਦਾ ਮਿਲਾਪ ਜਾਂ ਤਾਂ ਗੁਰੂ ਜੀ ਨਾਲ ਮੁਲਤਾਨ ਵਿਚ ਹੁੰਦਾ ਹੈ ਅਤੇ ਜਾਂ ਫਿਰ ਰਸਤੇ ਵਿਚ। 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਅਤੇ 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਸੁਮੇਰੁ ਉਤੇ ਸਿਧਾਂ ਨਾਲ ਗੋਸ਼ਟਿ ਮਕਾ-ਮਦੀਨਾ ਦੀ ਯਾਤ੍ਰਾ ਤੋਂ ਪਹਿਲਾਂ ਦਰਸਾਈ ਹੈ। ਡਾ . ਕਿਰਪਾਲ ਸਿੰਘ ਨੇ ਵੀ ਇਸ

---

[131] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਉਨ੍ਹੀਵੀਂ ਵਾਰ, 2014, ਪੰਨਾ 162.

[132] ਡਾ. ਕੁਲਵੰਤ ਸਿੰਘ, *ਮੱਕੇ ਮਦੀਨੇ ਦੀ ਗੋਸ਼ਟਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 2013, ਪੰਨਾ 33.

[133] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 149 (ਦੇਖੋ ਅੰਤਿਕਾ).

[134] ਉਹੀ, ਪੰਨਾ 125.

ਨੂੰ ਸਹੀ ਮੰਨਿਆ ਹੈ। ਉਥੇ ਸਾਡੀ ਚਰਚਿਤ ਕ੍ਰਿਤੀ ਵਿਚ ਇਸ ਘਟਨਾ ਦਾ ਜ਼ਿਕਰ ਬਾਅਦ ਵਿਚ ਹੈ। ਸਾਰੇ ਹੀ ਸ੍ਰੋਤਾਂ ਵਿਚ ਮਕੇ ਤੋਂ ਬਾਅਦ ਮਦੀਨੇ ਜਾਣ ਦਾ ਜ਼ਿਕਰ ਹੈ , ਕਵਿ ਨੇ ਵੀ ਮਕੇ ਤੋਂ ਬਾਅਦ ਹੀ ਮਦੀਨੇ ਜਾਣ ਦਾ ਉਲੇਖ ਕੀਤਾ ਹੈ। ਡਾ . ਕਿਰਪਾਲ ਸਿੰਘ ਮਕੇ ਤੋਂ ਮਦੀਨਾ ਜਾਣ ਬਾਰੇ ਲਿਖਦੇ ਹਨ - *ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦਾ ਮਕੇ ਜਾਣਾ ਪਹਿਲਾਂ ਮੰਨਿਆ ਹੈ ਅਤੇ ਬਗ਼ਦਾਦ ਜਾਣਾ ਪਿਛੋਂ। ਭਾਈ ਬਾਲੇ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਵੀ ਗੁਰੂ ਸਾਹਿਬ ਦਾ ਮਕੇ ਜਾਣਾ ਪਹਿਲਾਂ ਅਤੇ ਮਦੀਨੇ ਜਾਣਾ ਪਿਛੋਂ ਮੰਨਿਆ ਹੈ। ਭਾਰਤ ਤੋਂ ਮਕੇ ਜਾਣ ਦੇ ਦੋ ਹੀ ਰਸਤੇ ਸਨ - ਇਕ ਸਮੁੰਦਰੀ ਰਸਤਾ ਤੇ ਇਕ ਖ਼ੁਸ਼ਕੀ ਦਾ ਰਸਤਾ। ਖ਼ੁਸ਼ਕੀ ਦੇ ਰਸਤੇ ਪਹਿਲਾਂ ਬਗ਼ਦਾਦ, ਫੇਰ ਮਦੀਨਾ ਤੇ ਫੇਰ ਮਕਾ ਆਉਂਦਾ ਹੈ। ਕਿਉਂਕਿ ਸਭ ਜਨਮ ਸਾਖੀਆਂ ਵਿਚ ਮਕਾ ਪਹਿਲਾਂ ਹੈ। ਭਾਈ ਗੁਰਦਾਸ ਜੀ ਨੇ ਵੀ ਮਕਾ ਪਹਿਲਾਂ ਲਿਖਿਆ ਹੈ, ਇਸ ਲਈ ਅਨੁਮਾਨ ਹੈ, ਕਿ ਗੁਰੂ ਨਾਨਕ ਸਾਹਿਬ ਸਮੁੰਦਰੀ ਰਸਤੇ ਹੀ ਮਕੇ ਗਏ ਹੋਣਗੇ।*[135]

ਮਕਾ ਦੀ ਮਸੀਤ ਵਿਚ ਮੁਲਾ ਜੀਵਨ ਅਤੇ ਰੁਕਨਦੀਨ ਨਾਲ ਗੋਸ਼ਟਿ ਨੂੰ ਵੀ ਸਾਖੀਕਾਰਾਂ ਨੇ ਪ੍ਰਵਾਣਿਤ ਕੀਤਾ ਹੈ। ਜਿਥੇ ਕਵਿ ਨੇ ਪਰਿਪਕਤਾ ਨਾਲ ਇਸ ਸਾਖੀ ਨੂੰ ਗੁਰੂ ਜੀ ਦੇ ਜੀਵਨ ਨਾਲ ਜੋੜਿਆ ਹੈ, ਉਥੇ ਹੀ ਆਧੁਨਿਕ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਇਸ ਘਟਨਾ ਨੂੰ ਇਸਲਾਮਿਕ ਪਰੰਪਰਾ ਤੋਂ ਆਈ ਮੰਨਿਆ ਹੈ।[136]

---

[135] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 126. (ਦੇਖੋ ਪਗ ਟਿਪਣੀ)

[136] ਜਨਮ ਸਾਖੀਆਂ ਵਿਚ ਕਾਹਬਾ ਫਿਰਨ ਜਾਂ ਇਕ ਥਾਂ ਤੋਂ ਦੂਸਰੀ ਥਾਂ ਜਾਣ ਦੀ ਰਵਾਇਤ ਮੁਸਲਮਾਨੀ ਕਿਤਾਬਾਂ ਤੋਂ ਆਈ ਜਾਪਦੀ ਹੈ। ਤਜ਼ਕਰਾਤੂ ਔਲੀਆ ਕ੍ਰਿਤ ਫ਼ਰੀਦਉਦੀਨ ਅਤਾਰ (1119-1230 ਈ.) ਦੇ ਨੌਵੇਂ ਕਾਂਡ ਵਿਚ ਹਜ਼ਰਤ ਰਾਬਿਆ ਦੇ ਸੰਬੰਧ ਵਿਚ ਲਿਖਿਆ ਹੈ- "ਜਬ ਦੂਸਰੀ ਮਰਤਬਾ ਆਪ ਹਜ ਕੇ ਤਸ਼ਰੀਫ ਲੇ ਗਏ, ਜੰਗਲ ਮੈਂ ਦੇਖਾ ਕਿ ਕਾਹਬਾ ਮੁਅਲਾ ਆਪ ਕੇ ਇਸਤਕਬਾਲ ਕੇ ਲੀਏ ਆ ਰਹਾ ਹੈ।" ਇਸ ਦੇ ਨਾਲ ਹੀ ਅਗੇ ਲਿਖਿਆ ਹੈ ਹਜਰਤ ਇਬਰਾਹੀਮ ਮੱਕਾ ਮੁਅਜ਼ਮਾ ਗਏ.......... "ਚੌਦਾ ਸਾਲ ਕੇ ਅਰਸਾ ਮੇਂ ਮੱਕਾ ਮੁਅਜ਼ਮਾ ਪਹੁੰਚੇ ਤੋਂ ਕਾਹਬਾ ਵਹਾਂ ਨਜ਼ਰ ਨਾ ਆਇਆ........ ਆਵਾਜ਼ ਆਈ ਕਾਹਬਾ ਏਕ ਜ਼ਈਫ਼ਾ ਕੇ ਇਸਤਕਬਾਲ ਕੇ ਲੀਏ ਗਿਆ ਹੂਆ ਹੈ"।

(ਉਹੀ, ਪੰਨਾ 127. ਪਗ ਟਿਪਣੀ)

ਇਸ ਪ੍ਰਕਾਰ ਗੁਰੂ ਜੀ ਸੁਲਤਾਨਪੁਰ ਭੈਣ ਨਾਨਕੀ ਕੋਲ ਪਹੁੰਚਦੇ ਹਨ। ਉਥੇ ਜੈ ਰਾਮ ਅਤੇ ਹੋਰ ਪਰਿਵਾਰਿਕ ਮੈਂਬਰਾਂ ਨੂੰ ਮਿਲ ਕੇ ਜਲਦੀ ਹੀ ਅਗੇ ਦੀ ਯਾਤਰਾ ਲਈ ਰਵਾਨਾ ਹੋ ਗਏ। ਰਸਤੇ ਵਿਚ ਮਰਦਾਨੇ ਨੂੰ ਪੁਛਿਆ, ਕਿ ਕਿਸ ਪਾਸੇ ਨੂੰ ਚਲੀਏ ਤਾਂ ਮਰਦਾਨੇ ਨੇ ਕਿਹਾ, ਕਿ ਅਸੀਂ ਤਾਂ ਤੇਰੇ ਅਨੁਸਾਰੀ ਹਾਂ, ਜਿਧਰ ਨੂੰ ਕਹੋ ਚਲਦੇ ਹਾਂ । ਗੁਰੂ ਜੀ ਨੇ ਸੁਮੇਰ ਪਰਬਤ ਵਲ ਨੂੰ ਚਲਣ ਦਾ ਹੁਕਮ ਦਿਤਾ। ਰਸਤੇ ਵਿਚ ਹਿਮਾਚਲ ਪਰਬਤ ਉਪਰ ਗੁਰੂ ਜੀ ਨੂੰ ਗੋਰਖ ਮਿਲਿਆ। ਉਸ ਨੇ ਗੁਰੂ ਜੀ ਨੂੰ ਆਪਣੇ ਪੰਥ ਵਿਚ ਲਿਆਉਣ ਲਈ ਬਹੁਤ ਸਾਰੇ ਪ੍ਰਸ਼ਨ ਕੀਤੇ, ਪਰ ਗੁਰੂ ਜੀ ਨੂੰ ਉਹ ਜਿਤ ਨਾ ਸਕਿਆ ਅਤੇ ਉਥੋਂ ਵਾਪਸ ਚਲਾ ਗਿਆ। ਇਸੇ ਤਰ੍ਹਾਂ ਮਛਿੰਦਰ ਨਾਥ , ਲਹੁਰੀਪਾ, ਭੰਗਰਨਾਥ, ਹਨੀਫਾ, ਸੰਘਰਨਾਥ, ਝੰਗਰ ਨਾਥ, ਸੰਭਾਲਕਾ, ਗੋਪੀ ਚੰਦ, ਮੰਗਲ ਨਾਥ, ਸ਼ੰਭੂ ਨਾਥ, ਈਸ਼ਰ, ਭਰਥਰੀ, ਇਤਿਆਦਿਕ ਸਿਧਾਂ ਨਾਲ ਚਰਚਾ ਕੀਤੀ। ਉਨ੍ਹਾਂ ਨੇ ਅਨੇਕਾਂ ਕਰਾਮਾਤਾਂ ਰਾਹੀਂ ਗੁਰੂ ਜੀ ਨੂੰ ਡਰਾਉਣ ਦਾ ਯਤਨ ਕੀਤਾ ਅਤੇ ਆਪਣੇ ਗਿਆਨ ਦੁਆਰਾ ਗੁਰੂ ਜੀ ਨੂੰ ਆਪਣੇ ਪੰਥ ਨੂੰ ਧਾਰਨ ਕਰਾਉਣ ਦਾ ਯਤਨ ਵੀ ਕੀਤਾ, ਪਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਗੁਰਮਤਿ ਦਾ ਉਪਦੇਸ਼ ਦਿਤਾ। ਕਵਿ ਨੇ ਛੇ ਜਤੀ - ਗੋਰਖ, ਲਛਮਨ, ਹਨੂਮਾਨ, ਭੈਰਵ, ਭੀਸ਼ਮ ਤੇ ਦਤ ਦਸੇ ਹਨ। [137] ਨੌ ਨਾਥ - ਪ੍ਰਾਨ ਨਾਥ , ਗੋਪੀ ਚੰਦ, ਸੁਰਤਿ ਨਾਥ, ਗੋਰਖ ਨਾਥ, ਮਛਿੰਦਰ, ਮੰਗਲ, ਚਰਪਟ, ਚੰਬਾ, ਘੁਗੂ ਨਾਥ ਦਸੇ ਹਨ। [138] ਇਸ ਪ੍ਰਕਾਰ ਚੁਰਾਸੀ ਸਿਧਾਂ[139] ਦੇ ਇਹ ਨਾਮ ਦਸੇ ਹਨ - 1. ਸੂਰ ਸਿਧ 2. ਲਹੁਰੀਪਾ 3. ਭੰਗਰ 4. ਹਾਜੀ ਰਤਨ 5. ਖਿੰਥੜ 6. ਝੰਗਰ 7. ਕੇਵਲ ਕਰਨ 8.

---

[137]ਅਬ ਖਟ ਜਤੀ ਸੁਨੋ ਗੁਨ ਵੰਤਾ॥ ਗੋਰਖ ਲਛਮਨ ਅਰੁ ਹਨਮੰਤਾ॥38॥ ਭੈਰਫ ਭੀਸਮ ਦਤ ਬਖਾਨਾ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 316)

[138] ਸ੍ਰੀ ਗੁਰ ਭਨਜੋ ਤਬਾ ਤਿਹ ਸਾਥਾ॥ ਸਬ ਹੀ ਸਿਧ ਕਹਾਵਤ ਨਾਥਾ॥ ਇਨ ਮੈ ਹੈ ਨਵ ਨਾਥ ਬਿਸਾਲਾ॥ ਸੁਨੋ ਤਿਨੋ ਕੇ ਨਾਮ ਰਸਾਲਾ॥36॥ ਪ੍ਰਾਨ ਨਾਥ ਅਰੁ ਗੋਪੀ ਚੰਦਾ॥ ਸੁਰਤਿ ਨਾਥ ਜਾਨੋ ਸੁਖਕੰਦਾ॥ ਗੋਰਖ ਨਾਥ ਮਛਿੰਦ੍ਰ ਬਖਾਨੋ॥ ਮੰਗਲ ਚਰਪਟ ਚੰਬਾ ਜਾਨੋ॥37॥ ਘੁਗੂ ਨਾਥ ਲਖੋ ਸੁਖ ਧਾਮਾ॥ ਜਾਨੋ ਨਵ ਨਾਥਨ ਕੇ ਨਾਮਾ॥

(ਉਹੀ)

[139] ਨੋਟ- ਕਵਿ ਨੇ ਇਥੇ 84 ਸਿਧਾਂ ਦੇ ਨਾਮ ਦਸੇ ਹਨ ਜੋ ਕਿ ਭਾਈ ਬਾਲਾ, ਸ੍ਰੀ ਨਾਨਕ ਪ੍ਰਕਾਸ਼ ਨਾਲੋਂ ਥੋੜੇ ਭਿੰਨ ਹਨ। ਦਰਅਸਲ ਚੁਰਾਸੀ ਸਿਧਾਂ ਦੇ ਨਾਵਾਂ ਦੀ ਭਿੰਨਤਾਂ ਸਾਨੂੰ ਲਿਖਤਾਂ ਵਿਚ ਦੇਖਣ ਨੂੰ ਮਿਲਦੀ ਹੈ।

ਨਿਰੰਜਾਲਕਾ 9. ਸੰਗਰ 10. ਲੰਗਰ 11. ਸਮਰਥ 12. ਬਿਮਲਾ 13. ਔਘੜ 14. ਊਰਮ 15. ਧੂਰਮ 16. ਭਰਥਰੀ 17. ਈਸ਼ਰ 18. ਪਰਬਤ 19. ਪੂਰਨ 20. ਨਾਸਕ 21. ਜੋਤ ਮਗਨ 22. ਸੈਨ 23. ਰਾਇ ਐਨ 24. ਪਤਿ ਪ੍ਰਾਨ 25. ਹਨੀਫਾ 26. ਬਿਮਲਜੋਤ 27. ਸੀਤਲ ਜਲ 28. ਗਿਰਵਰ 29. ਚਤਰ ਬੈਨ 30. ਮੁਕਤੀ ਸਰ 31. ਗਿਰਧਰ 32. ਕਨੀਫਾ 33. ਸੂਰਸੈਨ 34. ਗਿਰਬੋਧ 35. ਪਲਕ ਨਿਧ 36. ਸ਼ੰਭੂ 37. ਮਗਨ ਧਾਰ 38. ਕਨਕਾ 39. ਗੌਨ ਗੁਆਲ 40. ਕਲਿੰਦ੍ਰ 41. ਦਰਸ਼ਨ 42. ਚਲਤ ਜੋਤਿ 43. ਗੋਵਰਧਨ 44. ਕੇਵਲ ਕਰਮੀ 45. ਕਲਾ ਬਿਲਾਸੀ 46. ਭੂਤਵ 47. ਕੇਸ ਕਰਨ 48. ਕ੍ਰਮਨਾਸੀ 49. ਸੰਘਰ 50. ਕਿਸਨ ਕੁਯਰ 51. ਪਲਕਾ 52. ਰਾਮਕੁਮਾਰ 53. ਰਾਮਸਿਧ 54. ਮੀਰ ਹੁਸੈਨ 55. ਮੀਰ ਜੰਬੀਲ 56. ਕੇਸੰਧੂਪੀ 57. ਆਪਾਰੂਪੀ 58. ਜੋਗ ਹਰੇ 59. ਖੁਲਾਸ 60. ਕਧੂਪੀ 61. ਜੋਗ 62. ਅਨੂਪੀ 63. ਕੇਵਲ ਕਰਮੀ 64. ਜੋਗ ਮੰਤਰੀ 65. ਕੈਦਾਰਾ 66. ਇਕ ਰੰਗੀ 67. ਨਾਸਕ 68. ਸਿਲ ਸਿਲ 69. ਤੁਰ ਤੁਰੰਗ 70. ਬਿਚਿਤ੍ਰਾ 71. ਕਲਕਰ 72. ਭਨ ਜੋਗ 73. ਈਸਰਪਰਮੀ 74. ਜੋਗ ਪਵ੍ਰਿਤਾ 75. ਸੰਭਾਲਕਾ 76. ਬਿਹੰਗ 77. ਬ੍ਰਹੰਮ ਜੋਗੀ 78. ਬ੍ਰਹਮ ਭੋਗੀ 79. ਸਾਰ ਸੁਤੀ 80. ਬਿਸਨਪਤੀ 81. ਕੰਧਾਰੀ ਬਾਸੀ 82. ਗੁਫਾ ਬਾਸੀ 83. ਮੁਗਲ ਜੋਗ 84. ਬ੍ਰਹਮ ਬ੍ਰਤਧਾਰੀ।[140]

---

[140] ਅਬ ਸੁਨ ਸਿਧ ਚੁਰਾਸੀ ਕਾਨਾ॥ ਸੂਰ ਸਿਧ ਲਹਰੀਪਾ ਜਾਨੋ॥ ਭੰਗਰ ਹਾਜੀ ਰਤਨ ਬਖਾਨੋ॥39 ॥ ਸ੍ਵੈਯਾ ਛੰਦ॥ ਖਿੰਥੜ ਝੰਗਰ ਕੇਵਲ ਕਰਨਾ ਨਿਰੰਜਾਲਕਾ ਸੰਗਰ ਜਾਨ॥ ਲੰਗਰ ਸਮਰਥ ਬਿਮਲਾ ਔਘੜ ਊਰਮ ਧੂਰਮ ਭਰਥਰ ਮਾਨ॥ ਈਸਰ ਪਰਬਤ ਪੂਰਨ ਨਾਸਕ ਜੋਤ ਮਗਨ ਸਿਧ ਸੈਨ ਬਖਾਨ॥ ਰਾਇ ਐਨ ਪਤਿ ਪ੍ਰਾਨ ਹਨੀਫਾ ਬਿਮਲ ਜੋਤਿ ਸੀਤਲ ਜਲ ਠਾਨ॥40॥ ਗਿਰਵਰ ਚਤਰ ਬੈਨ ਮੁਕਤੀ ਸਰ ਗਿਰਧਰ ਔਰ ਕਨੀਫਾ ਨਾਮ॥ ਸੂਰ ਸੈਨ ਗਿਰਬੋਧ ਪਲਕ ਨਿਧ ਸੰਭੂ ਮਗਨ ਧਾਰ ਅਭਿਰਾਮ॥ ਕਨਕਾ ਗੌਨ ਗੁਆਲ ਕਲਿੰਦ੍ਰੇ ਦਰਸਨ ਚਲਤ ਜੋਤਿ ਸੁਖਧਾਮ॥ ਗੋਵਰਧਨ ਪੁਨ ਕੇਵਲ ਕਰਮੀ ਕਲਾ ਬਿਲਾਸੀ ਭੂਤਵ ਨਾਮ॥41॥ ਕੇਸ ਕਰਨ ਕ੍ਰਮਨਾਸੀ ਸੰਘਰ ਕਿਸਨ ਕੁਯਰ ਨਿਧ ਲੀਜੈ ਜੋਇ॥ ਪਲਕਾ ਰਾਮ ਕੁਮਾਰ ਰਾਮ ਸਿਧ ਮੀਰ ਹੁਸੈਨੀ ਬਹੁਰੋ ਹੋਇ॥ ਮੀਰ ਜੰਬੀਲ ਕਕੇ ਸੰਧੂਪੀ ਆਪਾ ਰੂਪੀ ਨਾਮ ਅਲੋਇ॥ ਜੋਗ ਰਹੇਖ ਖੁਲਾਸ ਕਧੂਪੀ ਜੋਗ ਅਨੂਪੀ ਜਾਨੋ ਸੋਇ॥42॥ ਕੇਵਲ ਕਰਮੀ ਜੋਗ ਮੰਤਰੀ ਕੇਦਾਰਾ ਇਕ ਰੰਗੀ ਜਾਨ॥ ਨਾਸਕ ਸਿਲ ਸਿਲ ਤੁਰ ਤਰੰਗ ਭਨ ਜੋਗ ਬਿਚਿਤ੍ਰਾ ਕਲ ਕਰ ਮਾਨ॥ ਈਸਰ ਪਰਮੀ ਜੋਗ ਪਵਿਤ੍ਰਾ ਸੰਭਾਲਕ ਬਿਹੰਗ ਪਹਚਾਨ॥ ਬ੍ਰਹਮੰ ਜੋਗੀ ਬ੍ਰਹਮੰ ਭੋਗੀ ਸਾਰ ਸੁਤੀ ਬਿਸਨੰ ਪਤਿ ਠਾਨ॥43॥ ਦੋ.॥ ਕੰਧਾਰੀ ਬਾਸੀ ਗੁਫਾ ਬਾਸੀ ਗੁਫਾ ਮੁਗਲ ਜੋਗ ਪਹਚਾਨ॥ ਬ੍ਰਹਮ ਬਰਤ ਧਾਰੀ ਯਹੈ ਚੋਰਾਸੀ ਜਾਨ॥44॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 316-17)

ਬੀਤੇ ਸਮੇਂ ਦੇ ਸਿਧਾਂ ਦਾ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਅੰਸਭਵ ਹੈ , ਇਸ ਬਾਬਤ ਪ੍ਰੋ . ਸਾਹਿਬ ਸਿੰਘ ਲਿਖਦੇ ਹਨ- *ਪਹਿਲਾ ਚਰਪਟ ਜੋਗੀ ਦਸਵੀਂ ਸਦੀ ਵਿਚ ਹੋਇਆ, ਗੁਰੂ ਨਾਨਕ ਦੇਵ ਜੀ ਤੋਂ ਪੰਜ ਸਦੀਆਂ ਪਹਿਲਾਂ। ਪਰ ਅਸੀਂ ਇਹ ਗਲ ਆਮ ਵੇਖਦੇ ਹਾਂ ਕਿ ਪ੍ਰਸਿਧ ਹਸਤੀਆਂ ਦੇ ਨਾਮ ਉਹਨਾਂ ਦੇ ਸ਼ਰਧਾਲੂ ਆਪਣੇ ਪਰਿਵਾਰਾਂ ਵਿਚ ਵਰਤਦੇ ਰਹਿੰਦੇ ਹਨ। ਸਿੱਖ ਪੰਥ ਵਿਚ ਪੰਜ ਪਿਆਰਿਆਂ ਦੇ ਨਾਮ ਖ਼ਾਸ ਆਦਰ ਸਤਿਕਾਰ ਰਖਦੇ ਹਨ , ਪਰ ਇਹ ਨਾਮ ਵਰਤਣੋਂ ਭੀ ਨਹੀਂ ਜਕਦੇ। ਇਸ ਤਰ੍ਹਾਂ ਇਹ ਚਰਪਟ ਭੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਦਾ ਹੀ ਕੋਈ ਪ੍ਰਸਿਧ ਜੋਗੀ ਹੈ।*[141]

ਇਸੇ ਵਿਚਾਰ ਦੀ ਪ੍ਰੋੜਤਾ ਡਾ. ਕਿਰਪਾਲ ਸਿੰਘ ਨੇ ਵੀ ਕੀਤੀ ਹੈ- *ਭਾਰਤ ਵਿਚ ਸਿਧਾਂ ਦੀ ਪੁਰਾਣੀ ਪਰੰਪਰਾ ਚਲਦੀ ਰਹੀ ਹੈ, ਉਨ੍ਹਾਂ ਦੇ ਪ੍ਰਮੁਖ ਚੇਲੇ ਹੁੰਦੇ ਸਨ, ਜੋ ਉਨ੍ਹਾਂ ਦੇ ਉਤਰਾਧਿਕਾਰੀ ਮੰਨੇ ਜਾਂਦੇ ਸਨ। ਉਹ ਆਪਣੇ ਨਾਂ ਵੀ ਆਪਣੇ ਸੰਚਾਲਕ ਦੇ ਨਾਮ ਉਤੇ ਰਖਦੇ ਸਨ , ਜਿਵੇਂ ਗੋਰਖ ਦੇ ਚੇਲੇ ਗੋਰਖ ਹੀ ਅਖਵਾਉਂਦੇ ਸਨ। ਚਰਪਟ ਦੇ ਚੇਲੇ ਚਰਪਟ ਅਖਵਾਉਂਦੇ ਸਨ। ਇਸ ਤਰ੍ਹਾਂ ਸੰਚਾਲਕ ਅਤੇ ਉਸ ਦੇ ਚੇਲੇ ਵੱਖ-ਵੱਖ ਸਮੇਂ ਵਿਚ ਹੋਣ ਦੇ ਬਾਵਜੂਦ ਵੀ ਉਹ ਇਕੋ ਨਾਮ ਨਾਲ ਜਾਣੇ ਜਾਂਦੇ ਸਨ। ਜਿਵੇਂ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀਆਂ ਨੇ ਆਪਣੇ ਆਪ ਨੂੰ ਨਾਨਕ ਹੀ ਲਿਖਿਆ ਹੈ। ਸ਼ੇਖ਼ ਫ਼ਰੀਦ ਦੇ ਚੇਲੇ , ਜੋ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ , ਆਪਣੇ ਆਪ ਨੂੰ ਫ਼ਰੀਦ ਹੀ ਅਖਵਾਉਂਦੇ ਸਨ। ਸ਼ੇਖ਼ ਇਬਰਾਹੀਮ ਨੂੰ ਫ਼ਰੀਦ ਸਾਨੀ ਕਿਹਾ ਜਾਂਦਾ ਸੀ। ਠੀਕ ਉਸੇ ਤਰ੍ਹਾਂ ਜਿਨ੍ਹਾਂ ਸਿਧਾਂ ਨੇ ਗੁਰੂ ਨਾਨਕ ਸਾਹਿਬ ਨਾਲ ਚਰਚਾ ਕੀਤੀ, ਉਹ ਆਪਣੇ ਸਿਧ-ਸੰਚਾਲਕਾਂ ਦੇ ਉਤਰਾਧਿਕਾਰੀ ਸਨ।*[142]

ਸੋ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ, ਕਿ ਗੁਰੂ ਜੀ ਨਾਲ ਜਿਹੜੇ ਵੀ ਸਿਧਾਂ ਦੀ ਚਰਚਾ ਹੋਈ ਸੀ, ਉਹ ਉਨ੍ਹਾਂ ਸਿਧਾਂ ਦੇ ਸੰਚਾਲਕ ਸਨ। ਸਿਧਾਂ ਨਾਲ ਚਰਚਾ ਤੋਂ ਬਾਅਦ ਕਵਿ ਨੇ ਚਰਚਿਤ ਕ੍ਰਿਤੀ ਵਿਚ ਅਗਲੀਆਂ ਚਾਰ ਸਾਖੀਆਂ ਮਿਥਿਹਾਸਿਕ ਦਿਤੀਆਂ ਹਨ , ਜਿਨ੍ਹਾਂ ਵਿਚ ਪਹਿਲੀ ਸਾਖੀ ਕਾਕਭਸੁੰਡ ਅਤੇ ਦੱਤਾ ਤ੍ਰੇਅ ਦੀ, ਦੂਜੀ ਸਾਖੀ ਭਗਤ ਪ੍ਰਹਿਲਾਦ ਦੀ , ਤੀਜੀ ਭਗਤ ਬੈਰਾਹ ਅਵਤਾਰ ਦੀ ਅਤੇ ਚੌਥੀ ਸਾਖੀ ਧਰੁਵ ਭਗਤ ਦੀ ਦਰਜ ਕੀਤੀ ਹੈ। ਸਾਖੀਆਂ ਇਸ ਤਰ੍ਹਾਂ ਅੰਕਿਤ ਹਨ। ਗੁਰੂ ਜੀ ਕਾਕਭਸੁੰਡ ਦੇ ਨਗਰ

---

[141] ਪ੍ਰੋ. ਸਾਹਿਬ ਸਿੰਘ, *ਸਿਧ ਗੋਸਟਿ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰਵੀਂ ਵਾਰ, 2006, ਪੰਨਾ 35.

[142] ਡਾ. ਕਿਰਪਾਲ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006, ਪੰਨਾ 62.

ਵਿਚ ਜਾਂਦੇ ਹਨ। ਉਹ ਬਹੁਤ ਹੀ ਦਿਆਲੂ ਪੰਛੀ ਹੁੰਦਾ ਹੈ। ਗੁਰੂ ਜੀ ਉਸ ਤੋਂ ਪਿਛਲੇ ਜਨਮ ਦੀ ਕਥਾ ਸੁਣਦੇ ਹਨ। ਉਸ ਦੀ ਆਯੂ ਬਹੁਤ ਹੁੰਦੀ ਹੈ। ਕਈ ਬ੍ਰਹਮਾ ਉਸਨੇ ਦੇਖੇ ਹੁੰਦੇ ਹਨ। ਇਕ ਬ੍ਰਹਮਾ ਆ ਕੇ ਨਵੀਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਉਸ ਨੂੰ ਸ਼ਿਵ ਨੇ ਸ੍ਰਾਪ ਦਿਤਾ ਹੁੰਦਾ ਹੈ, ਕਿਉਂਕਿ ਉਹ ਵਿਸ਼ਨੂੰ ਦੀ ਭਗਤੀ ਤੋਂ ਇਨਕਾਰੀ ਸੀ। ਫਿਰ ਉਹ ਸਰਗੁਣ ਦੀ ਭਗਤੀ ਕਰਦਾ ਹੈ, ਤਾਂ ਇਕ ਰਿਸ਼ੀ ਉਸਨੂੰ ਨਿਰਗੁਣ ਦੀ ਭਗਤੀ ਕਰਣ ਨੂੰ ਕਹਿੰਦਾ ਹੈ। ਉਸ ਦੇ ਮਨ੍ਹਾਂ ਕਰਣ 'ਤੇ ਉਹ ਨੂੰ ਸ੍ਰਾਪ ਦਿੰਦਾ ਹੈ, ਕਿ ਉਹ ਅਗਲੇ ਜਨਮ ਵਿਚ ਕਾਂ ਦੀ ਜੂਨੀ ਵਿਚ ਮਰੇਗਾ ਅਤੇ ਬੇਨਤੀ ਕਰਣ 'ਤੇ ਇਹ ਵਰ ਮਿਲਦਾ ਹੈ, ਕਿ ਉਸਦਾ ਗਿਆਨ ਉਸ ਕੋਲ ਰਹੇਗਾ ਅਤੇ ਮਨ-ਮਰਜ਼ੀ ਦੀ ਮੌਤ ਆਵੇਗੀ। ਫਿਰ ਗੁਰੂ ਜੀ ਦਤਾ ਤ੍ਰੇਅ ਨੂੰ ਮਿਲਦੇ ਹਨ । ਉਸ ਨਾਲ ਗਿਆਨ ਦੀਆਂ ਗਲਾਂ ਕਰਕੇ ਅਗੇ ਜਾਂਦੇ ਹਨ। ਭਾਈ ਬਾਲਾ ਦਤਾ ਤ੍ਰੇਅ ਨੂੰ ਮਿਲ ਕੇ ਬਹੁਤ ਖੁਸ਼ ਹੁੰਦਾ ਹੈ।

ਅਗੇ ਗੁਰੂ ਜੀ ਬਾਲਾ ਅਤੇ ਮਰਦਾਨਾ ਪ੍ਰਹਿਲਾਦ ਭਗਤ ਦੇ ਸਥਾਨ ਉਤੇ ਜਾਂਦੇ ਹਨ। ਬਾਲੇ ਦੇ ਕਹਿਣ 'ਤੇ ਪ੍ਰਹਿਲਾਦ ਅਪਣੀ ਕਥਾ ਦਸਦਾ ਹੈ। ਉਹ ਹਿਰਣਗਰਭ ਤੋਂ ਲੈ ਕੇ ਹਰਨਾਕਸ਼ ਤਕ ਦੀ ਕਥਾ ਦਸਦਾ ਹੈ, ਕਿ ਕਿਵੇਂ ਧਰਤੀ ਨੂੰ ਬਚਾਇਆ ਸੀ ਅਤੇ ਹਰਨਾਕਸ਼ ਨੇ ਕਿੰਨੇ ਤਸੀਹੇ ਲੋਕਾਂ ਨੂੰ ਦਿਤੇ ਸਨ। ਪ੍ਰਹਿਲਾਦ ਸਭ ਤੋਂ ਪਹਿਲਾਂ ਗੁਰੂ ਜੀ ਨੂੰ ਕੁਝ ਦਾਰਸ਼ਨਿਕ ਪ੍ਰਸ਼ਨ ਵੀ ਪੁਛਦਾ ਹੈ, ਜਿਸਦਾ ਉਤਰ ਗੁਰੂ ਜੀ ਸਹਿਜ ਹੀ ਦਿੰਦੇ ਹਨ।

ਫਿਰ ਮਰਦਾਨੇ ਦੇ ਕਹਿਣ 'ਤੇ ਗੁਰੂ ਨਾਨਕ ਜੀ ਬੈਰਾਹ ਅਵਤਾਰ ਦੀ ਕਥਾ ਦਸਦੇ ਹਨ। ਕਥਾ ਇਸ ਤਰ੍ਹਾਂ ਹੈ- ਕਸ਼ਯਪ ਰਿਸ਼ੀ ਦੀ ਪਤਨੀ ਅਦਿਤੀ ਨੇ ਇਕ ਵਾਰ ਸੰਧਿਆ ਸਮੇਂ ਭੋਗ ਕਰਣ ਲਈ ਜਿਦ ਕੀਤੀ ਰਿਸ਼ੀ ਨੇ ਕਿਹਾ ਕਿ ਸੰਧਿਆ ਸਮੇਂ ਭੋਗ ਕਰਣ ਨਾਲ ਜੋ ਪੁਤ੍ਰ ਪੈਦਾ ਹੁੰਦੇ ਹਨ, ਉਹ ਬਹੁਤ ਹੀ ਰਾਖਸ਼ ਬਿਰਤੀ ਵਾਲੇ ਹੁੰਦੇ ਹਨ, ਪਰ ਕਾਮ ਵਿਚ ਅੰਨ੍ਹੀ ਅਦਿਤੀ ਨੇ ਭੋਗ ਕੀਤਾ ਅਤੇ ਬਾਅਦ ਵਿਚ ਪਛਤਾਈ। ਰਿਸ਼ੀ ਨੇ ਕਿਹਾ ਕੇ ਤੇਰੇ ਦੋ ਪੁਤ੍ਰ ਪੈਦਾ ਹੋਣਗੇ, ਜੋ ਬਹੁਤ ਹੀ ਨਿਰਦਯੀ ਹੋਣਗੇ ਪਰ ਇਕ ਪੁਤ੍ਰ ਦੇ ਘਰ ਇਕ ਬਹੁਤ ਹੀ ਭਗਤ ਬਾਲਕ ਪੈਦਾ ਹੋਵੇਗਾ। ਦੋਵੇਂ ਪੁਤ੍ਰਾਂ ਨੂੰ ਵਿਸ਼ਨੂੰ ਅਵਤਾਰ ਧਾਰ ਕੇ ਮਾਰੇਗਾ। ਅਦਿਤੀ ਦੇ ਘਰ ਹਿਰਣਗਰਭਯ ਅਤੇ ਹਿਰਨਾਕਸ਼ ਪੈਦਾ ਹੋਏ । ਹਿਰਣਗਰਭਯ ਨੂੰ ਵਿਸ਼ਨੂੰ ਨੇ ਬੈਰਾਹ ਅਵਤਾਰ ਧਾਰ ਕੇ ਉਦੋਂ ਮਾਰਿਆ, ਜਦੋਂ ਉਹ ਧਰਤੀ ਨੂੰ ਪਾਣੀ ਵਿਚੋਂ ਲੈਣ ਜਾ ਰਿਹਾ ਸੀ, ਤਾਂ ਰਸਤੇ ਵਿਚ

ਹਿਰਣਗਰਭਯ ਨੇ ਰੋਕਿਆ ਜਿਸਨੂੰ ਵਿਸ਼ਨੂੰ ਨੇ ਮਾਰ ਕੇ ਧਰਤੀ ਨੂੰ ਪਾਣੀ ਉਤੇ ਟਿਕਾ ਦਿਤਾ ਅਤੇ ਮਨੂ ਅਤੇ ਸਤ ਰੂਪਾ ਨੇ ਆਪਣੀ ਸੰਤਾਨ ਨੂੰ ਵਸਾਇਆ। ਇਸ ਵਿਚ ਸ੍ਰਿਸ਼ਟੀ ਰਚਨਾ ਦੀ ਵੀ ਵਿਚਾਰ ਅੰਕਿਤ ਹੈ।

ਗੁਰੂ ਜੀ ਤਾਰਿਆਂ ਤੋਂ ਬਹੁਤ ਉਪਰ ਲੰਘ ਜਾਂਦੇ ਹਨ । ਬਾਲਾ ਪੁਛਦਾ ਹੈ, ਕਿ ਗੁਰੂ ਜੀ ਇਹ ਪ੍ਰਕਾਸ਼ ਕਿਸਦਾ ਹੈ, ਤਾਂ ਗੁਰੂ ਜੀ ਦਸਦੇ ਹਨ, ਕਿ ਧ੍ਰੂਅ ਭਗਤ ਦਾ ਹੈ, ਜਿਸ ਨੇ ਭਗਤੀ ਕਰਕੇ ਇਹ ਸਥਾਨ ਹਾਸਿਲ ਕੀਤਾ ਹੈ। ਫਿਰ ਗੁਰੂ ਜੀ ਧ੍ਰੂਅ ਭਗਤ ਦੀ ਕਥਾ ਦਸਦੇ ਹਨ, ਕਿ ਕਿਸ ਤਰ੍ਹਾਂ ਉਸ ਨੇ ਭਗਤੀ ਕੀਤੀ ਅਤੇ ਰਾਜ ਪ੍ਰਾਪਤ ਕੀਤਾ । ਰਾਜ ਪ੍ਰਾਪਤੀ ਤੋਂ ਬਾਅਦ ਉਸ ਦਾ ਜੁਧ ਜਛਾਂ ਨਾਲ ਹੋਇਆ । ਮਨੂ ਬਾਬੇ ਦੇ ਕਹਿਣ 'ਤੇ ਧ੍ਰੂਅ ਨੇ ਜੁਧ ਬੰਦ ਕੀਤਾ ਅਤੇ ਕਈ ਹਜ਼ਾਰ ਵਰ੍ਹੇ ਰਾਜ ਕਰਕੇ ਵਿਸ਼ਨੂੰ ਦੇ ਗਣ ਉਸਨੂੰ ਬਿਬਾਨ ਵਿਚ ਲੈ ਕੇ ਗਏ ਅਤੇ ਹੁਣ ਇਥੇ ਰਹਿੰਦਾ ਹੈ, ਜਿਥੇ ਚੰਦ ਤਾਰੇ , ਸੂਰਜ ਉਸ ਦੀ ਪਰਿਕਰਮਾ ਕਰਦੇ ਹਨ। ਇਥੇ ਹੁਣ ਤਕ ਕੋਈ ਵੀ ਨਹੀਂ ਪਹੁੰਚ ਸਕਿਆ ਹੈ। ਧ੍ਰੂਅ ਉਨ੍ਹਾਂ ਨੂੰ ਦੇਖਕੇ ਹੈਰਾਨ ਹੋ ਕੇ ਪੁਛਦਾ ਹੈ, ਕਿ ਤੁਸੀ ਇਥੇ ਕਿਵੇਂ ਪਹੁੰਚੇ ਤੇ ਕਿਸ ਨੇ ਇਥੋਂ ਦਾ ਰਸਤਾ ਦਸਿਆ। ਗੁਰੂ ਜੀ ਕਹਿੰਦੇ ਹਨ, ਕਿ ਅਸੀਂ ਹਰਿ ਦੇ ਦਰਸ਼ਨ ਕਰਨ ਜਾ ਰਹੇ ਹਾਂ ਇਸ ਲਈ ਹਰੀ ਨੇ ਹੀ ਸਾਰੇ ਰਸਤੇ ਦਸੇ ਹਨ ਅਤੇ ਸਾਰੇ ਰਸਤੇ ਸੌਖੇ ਲਗ ਰਹੇ ਹਨ।

ਉਪਰੋਕਤ ਚਾਰੋਂ ਸਾਖੀਆਂ ਵਿਚ ਇਤਿਹਾਸਿਕ ਤਥਾਂ ਦੀ ਅਣਹੋਂਦ ਹੈ ਅਤੇ ਇਹ ਨਿਰੋਲ ਮਿਥਿਹਾਸ ਨਾਲ ਸੰਬੰਧਿਤ ਹਨ , ਇਸ ਲਈ ਇਨ੍ਹਾਂ ਦੀ ਚਰਚਾ ਕਰਣੀ ਉਚਿਤ ਨਹੀਂ ਹੋਵੇਗੀ। ਇਨ੍ਹਾਂ ਦੇ ਨਾਲ ਹੀ ਕਵਿ ਨੇ ਇਕ ਹੋਰ ਸਾਖੀ ਅੰਕਿਤ ਕੀਤੀ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦਾ ਪਰਮਾਤਮਾ ਨਾਲ ਮਿਲਾਪ ਕਰਵਾਇਆ ਗਿਆ ਹੈ। ਇਸ ਸਾਖੀ ਵਿਚ ਗੁਰੂ ਜੀ ਦੁਆਰਾ ਪਰਮਾਤਮਾ ਦੀ ਉਸਤਤਿ ਕੀਤੀ ਗਈ ਹੈ, ਇਥੇ ਹੀ ਚਰਚਿਤ ਕ੍ਰਿਤੀ ਦਾ ਪਹਿਲਾ ਭਾਗ ਪੂਰਬਾਰਧ ਸਮਾਪਤ ਹੁੰਦਾ ਹੈ।

ਧ੍ਰੂਅ ਤੋਂ ਵਿਦਾ ਲੈ ਕੇ ਗੁਰੂ ਜੀ ਵਾਪਸ ਚਲ ਪਏ। ਮਰਦਾਨੇ ਨੇ ਪੁਛਿਆ, ਕਿ ਹੁਣ ਆਪਾਂ ਕਿਥੋਂ ਦੀ ਹੋ ਕੇ ਜਾਵਾਂਗੇ? ਗੁਰੂ ਜੀ ਨੇ ਦਸਿਆ ਕਿ ਸੂਰਤ ਬੰਦਰ , ਨਟਕਾ ਚਪਟਾ ਤੋਂ ਹੁੰਦੇ ਹੋਏ ਮਛਲੀ ਬੰਦਰ ਨੂੰ ਜਾਵਾਂਗੇ। ਭਾਈ ਵੀਰ ਸਿੰਘ ਮਛਲੀ ਬੰਦਰ ਨੂੰ ਮਦਰਾਸ ਵਿਚ ਮੰਨਦੇ ਹਨ । ਉਹ ਕਹਿੰਦੇ ਹਨ , *"ਮਛਲੀ ਪਟਮ ਮਦਰਾਸ ਅਹਾਤੇ ਦਾ ਇਕ ਬੰਦਰ ਹੈ ਜੋ ਗੋਦਾਵਰੀ ਸੰਗਮਾਂ ਤੋਂ ਹੇਠਾਂ ਵਾਰ ਹੈ ਤੇ ਸੂਰਤ ਬੰਬਈ*

*ਅਹਾਤੇ ਵਿਚ ਹੈ।"*[143] ਪਰ ਡਾ. ਕਿਰਪਾਲ ਸਿੰਘ ਦੀ ਇਨ੍ਹਾਂ ਥਾਵਾਂ ਬਾਰੇ ਇਹ ਰਾਇ ਹੈ, *"ਸੂਰਤ ਬੰਦਰ 'ਸੂਰਤ' ਸ਼ਹਿਰ ਦੇ ਕੋਲ ਸਮੁੰਦਰ ਦਾ ਇਕ ਘਾਟ ਹੈ। ਨਟਕਾ ਚਪਟਾ ਬਾਰੇ ਕਿਸੇ ਥਾਂ ਤੋਂ ਕੋਈ ਵੀ ਵੇਰਵਾ ਨਹੀਂ ਮਿਲਦਾ। ਮਛਲੀ ਬੰਦਰ ਮਦਰਾਸ ਤੋਂ 12 ਮੀਲ ਦੂਰ, ਉਤਰ ਵਿਚ ਇਕ ਬੰਦਰਗਾਹ ਹੈ। ਇਹ ਕ੍ਰਿਸ਼ਨਾ ਜ਼ਿਲ੍ਹੇ ਵਿਚ ਪੈਂਦੀ ਹੈ। ਪਹਿਲਾਂ ਇਥੇ ਸਮੁੰਦਰੀ-ਮਛੀਆਂ ਦਾ ਬਹੁਤ ਵਾਪਾਰ ਹੁੰਦਾ ਸੀ, ਜਿਸ ਕਰਕੇ ਇਸ ਥਾਂ ਦਾ ਨਾਂ ਮਛਲੀ ਬੰਦਰ ਪੈ ਗਿਆ ਹੈ।"*[144] ਧੂਅ ਤੋਂ ਚਲ ਕੇ ਗੁਰੂ ਜੀ ਪਹਿਲਾਂ ਸੀਲਾ ਗਿਰ[145] ਪਰਬਤ ਤੇ ਪਹੁੰਚੇ ਅਤੇ ਫਿਰ ਗਿਰ ਘਿਰਾਨ ਪਰਬਤ[146] 'ਤੇ ਗਏ, ਜਿਥੇ ਉਹ ਰਿਸ਼ੀਆਂ ਨੂੰ ਮਿਲੇ। ਸੀਲਾਗਿਰ ਅਤੇ ਗਿਰਘਿਰਾਣ ਦਾ ਇਤਿਹਾਸ ਵਾਚਿਆਂ ਪਤਾ ਲਗਦਾ ਹੈ, ਕਿ ਇਹ ਮਾਤ੍ਰ ਕਾਲਪਨਿਕ ਹਨ[147], ਕਿਉਂਕਿ ਇਨ੍ਹਾਂ ਦਾ ਵੇਰਵਾ 'ਭਾਈ ਬਾਲਾ ਵਾਲੀ ਜਨਮਸਾਖੀ' ਤੋਂ ਇਲਾਵਾ ਹੋਰ ਕਿਸੇ ਵੀ ਜਨਮਸਾਖੀ ਵਿਚ ਨਹੀਂ ਮਿਲਦਾ।

---

[143] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 4 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1928, ਪੰਨਾ 774-75 (ਪਗ ਟਿਪਣੀ)

[144] ਡਾ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 25. (ਫੁਟ ਨੋਟ).

[145] ਸੀਲਾ ਗਿਰ ਪੈ ਆਵਤ ਭਏ॥ ਮਰਦਾਨੇ ਤਬ ਬੈਨ ਅਲਏ॥ ਪ੍ਰਭ ਦੀਸਤ ਇਹ ਬਿਪਨ ਭਿਯਾਨਾ॥ ਰਹਤ ਕਿ ਨਹਿ ਕੋਊ ਇਸ ਥਾਨਾ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 357.)

[146] ਗਿਰ ਘਿਰਾਨ ਪਰ ਪਹੁਚੇ ਆਈ॥ ਸੁੰਦਰ ਬਿਟਪ ਸੁਖਦ ਜਿਹ ਛਾਈ॥ ਫੂਲੀ ਫਲੀ ਫਬੀ ਤਰ ਡਾਰੀ॥ ਝੂਮਤ ਝੁਕੀ ਝਾਲਰੀ ਭਾਰੀ॥

(ਉਹੀ, ਪੰਨਾ 359.)

[147] ਸੀਲਾਗਿਰ ਪਹਾੜ ਕਲਪਿਤ ਲਗਦਾ ਹੈ ਜਾਂ ਫੇਰ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਹਿੰਦਾਲੀਆਂ ਵਲੋਂ ਕੀਤੀ ਰਲਾਵਟ ਦਾ ਸਿਟਾ ਹੈ।....... ਗਿਰਘਿਰਾਣ ਦਾ ਕਥਨ ਸੰਤਦਾਸ ਛਿਬਰ ਵਾਲੀ ਜਨਮਸਾਖੀ ਵਿਚ ਹੀ ਹੈ, ਜਿਥੇ ਮਿਲੇ ਰਿਖੀ ਦਾ ਨਾਂ ਸੁਖਚੈਨ ਦਸਿਆ ਗਿਆ ਹੈ।

(ਡਾ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 25. ਦੇਖੋ ਫੁਟ ਨੋਟ)

ਅਗੇ ਕਵਿ ਨੇ ਗੁਰੂ ਜੀ ਦਾ ਨੋ ਖੰਡਾਂ ਵਿਚ ਜਾਣ ਦਾ ਹਾਲ ਬਿਆਨ ਕੀਤਾ ਹੈ। ਸਭ ਤੋਂ ਪਹਿਲਾਂ ਗੁਰੂ ਜੀ ਬਾਲਾ ਅਤੇ ਮਰਦਾਨਾ ਉਲਕਾ ਗਿਰ ਉਪਰ ਜਾਂਦੇ ਹਨ। ਗੁਰੂ ਜੀ ਦਸਦੇ ਹਨ, ਕਿ ਉਥੋਂ ਲਾਹੁੜ ਬੰਦਰ ਨੇੜੇ ਹੈ। ਫਿਰ ਗੁਰੂ ਜੀ ਇਲਾ ਵ੍ਰਤ ਖੰਡ ਪਹੁੰਚਦੇ ਹਨ। ਉਥੇ ਸਾਰੇ ਹੀ ਸ਼ੇਰ ਰਹਿੰਦੇ ਹਨ । ਉਨ੍ਹਾਂ ਨੂੰ ਨਾਮ ਸਿਮਰਨ ਵਿਚ ਲਗਾ ਕੇ ਗੁਰੂ ਜੀ ਅਗੇ ਹਿਰਨਖੰਡ ਜਾਂਦੇ ਹਨ, ਉਥੇ ਸਾਰੀ ਧਰਤੀ ਉਥੇ ਸੋਨੇ ਦੀ ਹੁੰਦੀ ਹੈ। ਉਨ੍ਹਾਂ ਨੂੰ ਭਗਤੀ ਵਿਚ ਲਾ ਕੇ ਗੁਰੂ ਜੀ ਅਗੇ ਨਿੰਪੁਰਖ ਖੰਡ ਵਿਚ ਜਾਂਦੇ ਹਨ। ਜਿਥੇ ਦਾ ਰਾਜਾ ਧਰਮ ਚੰਦ ਹੁੰਦਾ ਹੈ। ਉਹ ਆਪਣੇ ਪੁਤ੍ਰ ਦਾ ਮਾਸ ਗੁਰੂ ਜੀ ਦੇ ਸ਼ੇਰ ਨੂੰ ਜੋ ਕਿ ਬਾਲੇ ਨੂੰ ਬਣਾਇਆ ਸੀ, ਅਰਪਣ ਕਰਦਾ ਹੈ। ਗੁਰੂ ਜੀ ਉਸ ਦੀ ਭਗਤੀ ਤੋਂ ਖੁਸ਼ ਹੁੰਦੇ ਹਨ ਅਤੇ ਉਸਨੂੰ ਵੀ ਸਤਿਨਾਮ ਦਾ ਸਿਮਰਨ ਦਸ ਕੇ ਅਗੇ ਹਰਿ ਬਰਖ ਖੰਡ ਜਾਂਦੇ ਹਨ। ਉਥੋਂ ਦੇ ਲੋਕ ਜਦ ਕੋਈ ਜੰਮਦਾ ਹੈ, ਤਾਂ ਰੋਂਦੇ ਹਨ ਅਤੇ ਮਰਣ 'ਤੇ ਖੁਸ਼ ਹੁੰਦੇ ਹਨ। ਗੁਰੂ ਜੀ ਉਨ੍ਹਾਂ ਨੂੰ ਉਪਦੇਸ਼ ਦੇ ਕੇ ਅਗੇ ਜਾਂਦੇ ਹਨ, ਉਹ ਉਥੇ ਧਰਮਸ਼ਾਲਾ ਬਣਾਉਂਦੇ ਹਨ।

ਗੁਰੂ ਜੀ ਮਰਦਾਨੇ ਅਤੇ ਬਾਲੇ ਨਾਲ ਕੇਤ ਮਾਲ ਖੰਡ ਜਾਂਦੇ ਹਨ । ਉਥੋਂ ਦੇ ਲੋਕ ਚੰਡਿਕਾ ਦੇਵੀ ਦੇ ਉਪਾਸਕ ਹੁੰਦੇ ਹਨ । ਉਹ ਬਾਲੇ ਨੂੰ ਫੜ੍ਹ ਕੇ ਬਲੀ ਦੇਣ ਜਾਂਦੇ ਹਨ, ਤਾਂ ਚੰਡਿਕਾ ਜੋ ਰਾਜਾ ਬਲੀ ਦੇਣ ਲਗਦਾ ਹੈ, ਨੂੰ ਪ੍ਰਗਟ ਹੋ ਕੇ ਮਾਰ ਦਿੰਦੀ ਹੈ। ਸਾਰੇ ਲੋਕ ਗੁਰੂ ਜੀ ਤੋਂ ਮੁਆਫ਼ੀ ਮੰਗਦੇ ਹਨ । ਗੁਰੂ ਜੀ ਰਾਜੇ ਦੇ ਪੁਤ੍ਰ ਧਰਮ ਜਸ ਨੂੰ ਰਾਜਾ ਬਣਾ ਕੇ ਉਪਦੇਸ਼ ਦਿੰਦੇ ਹਨ । ਉਹ ਉਥੇ ਧਰਮਸਾਲ ਬਣਾਉਂਦਾ ਹੈ। ਫਿਰ ਗੁਰੂ ਜੀ ਰੰਮਕ ਖੰਡ ਪਹੁੰਚਦੇ ਹਨ। ਇਥੇ ਲੋਕਾਂ ਨੂੰ ਸਮ ਦ੍ਰਿਸ਼ਟੀ ਦੀ ਸਿਖਿਆ ਦਿੰਦੇ ਹਨ। ਉਥੋਂ ਗੁਰੂ ਜੀ ਭਦ੍ਰ ਖੰਡ ਜਾਂਦੇ ਹਨ। ਉਥੋਂ ਦੇ ਲੋਕਾਂ ਨੂੰ ਗ੍ਰਿਹਸਥ ਅਤੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਭਰਤ ਖੰਡ ਨੂੰ ਜਾਂਦੇ ਹਨ ਅਤੇ ਜੰਬੂ ਨਗਰ ਪਹੁੰਚ ਜਾਂਦੇ ਹਨ। ਉਥੇ ਉਹ ਜਾਮਾਵੰਤ ਨੂੰ ਮਿਲਦੇ ਹਨ ਅਤੇ ਕਹਿੰਦੇ ਹਨ, ਕਿ ਜੇਕਰ ਉਹ ਭਗਤੀ ਕਰੇਗਾ, ਤਾਂ ਉਸਨੂੰ ਬਾਈ ਧਾਰ ਦਾ ਰਾਜ ਮਿਲੇਗਾ। ਇਨ੍ਹਾਂ ਸਾਰੇ ਖੰਡਾਂ ਬਾਰੇ ਵਿਸਤ੍ਰਿਤ ਜਾਣ ਲੈਣਾ ਖੋਜ-ਕਾਰਜ ਲਈ ਸਹਾਈ ਸਿਧ ਹੋਵੇਗਾ। The Geography of Puranas ਵਿਚ ਇਨ੍ਹਾਂ ਖੰਡਾਂ ਦੀ ਤਰਤੀਬ ਇਸ ਪ੍ਰਕਾਰ ਦਿਤੀ ਹੈ-

"Similarly, to the south of Meru are the three ranges, the Nisadha, Hemakut and Himalaya (or Himavan) spreading east and west like the prceding ones. The

width of these ranges is the same as that of the northen ranges. They are the boundry ranges of Harivarsa, Kimpursa and Bharata-Varsa. Between the Nisadha and Nila there are these varsa. The one round Meru and bounded by Gandhamadana on the west and Malyavan on the east is Ilaverta Versa."[148]

"From the north of the Sveta Mountain to the south of the Srigavan Mountain there is a country named Hiranyavat Versa through which the river Hiranyavati flows."[149]

"Agnidhara the king of Jambu Dwipa had nine sons........... He apportioned Jambu Dwipa among these nine sons. He gave the country called Hime, south of Himavat to Nabhi; Hemkuta to Kimurusa; the country of Nisadha to Harivarsa, the country in the centre of which Meru is situated to Ilavarta....................."[150]

"The mountains from south to north are named Himavat, Mahahimavat, Nisadha, Nilavata, Rupya and Sikharin, Harivarsa, Videhaka, Ramyaka, Airanyavata and Airavata."[151]

"South of the North Sea live the Kurus. Consequently, their land is known Kuru Varsa, which is served by pious Siddhas. The trees of this region provide flowers and sweet fruits through out the year and even clothing and ornaments. There are other trees named Chirin, which always furnish neatar like milk containing six juices. There the entire earth is full of diamonds. At a few places there is gold in sand which is pleasant to touch. The land is free from impurities and throns.[152]

"It is difficult to identify all the features named in the above description of Ketumala, but even a few identifications mentiones below are sufficient to bring out one important fact regarding the extent of that region of Jambu Dwipa which was called Ketumala by the Puranics. They show that Ketumala signified practically the

---

148 Ali, S. M., *The Geography of the Puranas,* People's publishing house, New Delhi, 1966, page 52.

149 ਉਹੀ, ਪੰਨਾ 76.

150 ਉਹੀ, ਪੰਨਾ 10.

151 ਉਹੀ, ਪੰਨਾ 32.

152 ਉਹੀ, ਪੰਨਾ 76.

whole of the ancient Bactria which included the whole of the present Afghan Turkistan (north of Hindukush), the lower Hari Rud Velley, the basin of Murghab Kashka system (all south of the old bed of Amu Darya) and..................."[153]

"Nila- Zarafshan, Trans Alai, Kokshal Tau, Tien Shan ranges. Sveta-Nura Tau, Turkistan, Alai, Atbashi, Akshai, Irak ranges. Srigavan- Kara Tau, Kirghiz, Zailai, Ala Tau, Ketman ranges. Between these ranges and the Northern Ocean (the Arctic) lie the following regions; Ramyaka or Ramanaka Varsa (between the Nila and the sveta)."[154]

"The mountains forming the boundaries of Bhadarvarsa, as mentioned earlier are the Nila and the Nisadha. The Nila is the Tienshen range and the Puranics extended it further towards the east to include the Badgu Ula, the Barkol and the Karlik Tagh ranges in order to give it a paralleslism with the southern range, the Nisadha. As mentioned earlier the Nisadha or rather its eastern extension is the Kunlun range................"[155]

"Bhartavarsa is commonly identified with the Indian sub continent. But, in fact, no comprehensive designation was given to the Indian sub-contiment in ancient Indian or foreign literature. Sapta Saindhava was the name given to the Punjab plains by Vedic Aryans; Aryavarta was the designation of Aryan domain in the days of Baudhayana and Manu; the word Ind or Indu (Hindu) was applied by Darius and Herodotus to the Indus Valley and the Upper Gagetic region with which they were acquainted. It is only in or account of approximately the whole country down to the Pandya region in the extreme south. The Epics also mention the Pandya realm in the south and the peninsulas and islands beyond the Bay of Bengal."[156]

---

153 Ali, S. M., *The Geography of the Puranas,* People's publishing house, New Delhi, 1966, page 97.

154 ਉਹੀ, ਪੰਨਾ 73.

155 ਉਹੀ, ਪੰਨਾ 99.

156 ਉਹੀ, ਪੰਨਾ 109.

ਉਪਰੋਕਤ ਸਾਰੇ ਖੰਡਾਂ ਦੇ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ, ਕਿ ਇਹ ਸਾਰੇ ਹੀ ਖੇਤ੍ਰ ਜੋ ਕਿ ਜਨਮਸਾਖੀ ਵਿਚ ਅੰਕਿਤ ਕੀਤੇ ਗਏ ਹਨ , ਉਹ ਭਾਰਤ ਦੇ ਆਲੇ-ਦੁਆਲੇ ਨਾਲ ਲਗਦੇ ਖੇਤ੍ਰ ਹੀ ਹਨ, ਜਿਨ੍ਹਾਂ ਦਾ ਵਿਸ਼ਵ-ਪਧਰ 'ਤੇ ਕੀਤੇ ਗਏ ਭੂਗੋਲ ਵਿਗਿਆਨੀਆਂ ਦੇ ਨੌਂ ਖੰਡਾਂ ਨਾਲ ਕੋਈ ਸੰਬੰਧ ਨਹੀਂ ਹੈ । ਇਕ ਤਥ ਹੋਰ ਵੀ ਦਿਲਚਸਪ ਹੈ, ਕਿ ਕਵਿ ਨੇ ਇਥੇ ਵਿਸਤਾਰ ਨਾਲ ਕਿਸੇ ਵੀ ਖੰਡ ਦਾ ਵਰਣਨ ਨਹੀਂ ਕੀਤਾ, ਬਲਕਿ ਮਾਤ੍ਰ ਇਕ-ਦੋ ਛੋਹਾਂ ਦੇ ਨਾਲ ਸੰਕੇਤਿਕ ਜਾਂ ਇਕ -ਦੋ ਪੁਰਸ਼ਾਂ ਨਾਲ ਮਿਲਾਪ ਕਰਵਾ ਕੇ ਹੀ ਵੇਰਵੇ ਸਮਾਪਤ ਕਰ ਦਿਤੇ ਹਨ। ਸੋ ਇਸ ਤਰ੍ਹਾਂ ਭਾਸਦਾ ਹੈ, ਕਿ ਇਸ ਦਾ ਯਥਾਰਥਕਤਾ ਨਾਲ ਕਿਸੇ ਪ੍ਰਕਾਰ ਦਾ ਕੋਈ ਸੰਬੰਧ ਨਹੀਂ ਹੈ, ਸਗੋਂ ਇਸ ਦਾ ਆਧਾਰ ਮਿਥਿਹਾਸ ਹੀ ਹੈ, ਜਿਸ ਦਾ ਗੁਰਮਤਿ ਅਤੇ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਨਾਲ ਕੋਈ ਸੰਬੰਧ ਨਹੀਂ ਹੈ। 'ਸ੍ਰੀ ਨਾਨਕ ਪ੍ਰਕਾਸ਼' ਵਿਚ ਵੀ ਇਹ ਵੇਰਵੇ ਮਿਲਦੇ ਹਨ, ਜਿਨ੍ਹਾਂ ਨੂੰ ਡਾ. ਕਿਰਪਾਲ ਸਿੰਘ ਨੇ ਮੂਲੋਂ ਰਦ ਕੀਤਾ ਹੈ।[157]

ਕਵਿ ਨੇ ਦੁਨੀ ਚੰਦ ਦਾ ਮਿਲਾਪ ਵੀ ਗੁਰੂ ਜੀ ਨਾਲ ਇਨ੍ਹਾਂ ਖੰਡਾਂ ਦੇ ਅੰਤ ਵਿਚ ਕਰਵਾਇਆ ਹੈ। ਚਰਚਿਤ ਜਨਮਸਾਖੀ ਵਿਚ ਦਸਿਆ ਹੈ, ਕਿ ਫਿਰ ਗੁਰੂ ਜੀ ਵਣਜਾਰਿਆਂ ਦੇ ਨਗਰ ਤੋਂ ਅਗੇ ਜੰਮੂ ਅਤੇ ਜੰਮੂ ਤੋਂ ਲਾਹੌਰ ਪਹੁੰਚੇ ਜਿਥੇ ਉਹ ਦੁਨੀ ਚੰਦ ਨੂੰ ਮਿਲਦੇ ਹਨ। ਉਸ ਨੇ ਬਹੁਤ ਧਨ ਜੋੜਿਆ ਹੁੰਦਾ ਹੈ ਉਹ ਆਪਣੇ ਪਿਤਾ ਦੇ ਨਿਮਿਤ ਸ੍ਰਾਧ ਕਰਵਾ ਰਿਹਾ ਹੁੰਦਾ ਹੈ। ਗੁਰੂ ਜੀ ਉਸ ਨੂੰ ਦਸਦੇ ਹਨ, ਕਿ ਉਸ ਦਾ ਪਿਤਾ

---

[157] ਪੁਰਾਣਕ ਨੌਂ-ਖੰਡ ਕੇਂਦਰੀ ਏਸ਼ੀਆ ਦਾ ਪਹਾੜੀ ਸਿਲਸਿਲਾ ਹੈ ਤੇ ਪਾਮੀਰ-ਪਰਬਤ ਦੇ ਵਖ-ਵਖ ਪਹਾੜ ਹਨ। ਗੁਰੂ ਨਾਨਕ ਸਾਹਿਬ ਨੂੰ ਪਾਮੀਰ ਪਰਬਤ ਦੀਆਂ ਵਖ-ਵਖ ਪਹਾੜੀ ਸ਼ਾਖਾਵਾਂ ਅਤੇ ਉਨ੍ਹਾਂ ਦੀਆਂ ਵਾਦੀਆਂ ਵਿਚ ਫੇਰਨਾ ਭਾਈ ਸੰਤੋਖ ਸਿੰਘ ਦੀ ਕਾਵਿ-ਉਡਾਰੀ ਹੀ ਜਾਪਦੀ ਹੈ। ਗੁਰੂ ਨਾਨਕ ਜੀ ਦੇ ਲੰਮੇ ਸਫਰਾਂ ਦਾ ਮਨੋਰਥ, ਭਾਈ ਗੁਰਦਾਸ ਜੀ ਨੇ ਚੜ੍ਹਿਆ ਸੋਧਣਿ ਧਰਤਿ ਲੁਕਾਈ ਦਸਿਆ ਹੈ, ਨਾ ਕਿ ਪਹਾੜਾਂ ਦੀ ਸੈਰ ਕਰਨਾ। ਪਹਾੜਾਂ ਵਿਚ ਵਸੋਂ ਬਹੁਤ ਘਟ ਹੁੰਦੀ ਹੈ, ਉਥੇ ਲੋਕਾਈ ਸੋਧਣ ਵਾਲੀ ਗਲ ਕਿਸੇ ਤਰ੍ਹਾਂ ਨਹੀਂ ਢੁਕਦੀ।............ਨੌਂ ਖੰਡਾਂ ਦੇ ਨਾਮ ਦਸ ਕੇ, ਹਰ ਖੰਡ ਵਿਚ ਸ਼ੇਰਾਂ ਨੂੰ ਮਨੁਖ ਬਣਾ ਦੇਣ ਦੀਆਂ ਕਰਾਮਾਤਾਂ ਦਿਖਾਉਣੀਆਂ ਵੀ ਭਾਈ ਸੰਤੋਖ ਸਿੰਘ ਦੀ ਕਲਪਨਾ ਹੀ ਹੈ। ਇਸ ਕਰਕੇ ਉਤਰਾਰਧ ਦੇ ਪਹਿਲੇ ਤਿੰਨ ਅਧਿਆਇ, ਜਿਨ੍ਹਾਂ ਵਿਚ ਨੌਂ ਖੰਡਾਂ ਦਾ ਕਥਨ ਹੈ, ਹਿੰਦੂ ਮਿਥਿਹਾਸ ਤੇ ਪੁਰਾਣਕ ਕਥਾਵਾਂ ਉਤੇ ਅਧਾਰਿਤ ਕਰਕੇ ਲਿਖੇ ਹੋਏ ਹਨ....... ਇਨ੍ਹਾਂ ਦਾ ਸਿਖ-ਇਤਿਹਾਸ ਅਤੇ ਗੁਰਮਤਿ ਨਾਲ ਕੋਈ ਸੰਬੰਧ ਨਹੀ ਜੁੜਦਾ।

(ਡਾ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 18-19. ਪ੍ਰਸਤਾਵਨਾ)

ਬਘਿਆੜ ਜੋਨ ਵਿਚ ਤਿੰਨ ਦਿਨ ਤੋਂ ਭੁਖਾ ਹੈ । ਉਹ ਆਪਣੇ ਪਿਤਾ ਨੂੰ ਮਿਲਦਾ ਹੈ । ਪਿਤਾ ਦਸਦਾ ਹੈ, ਕਿ ਅੰਤ ਸਮੇਂ ਉਸ ਦਾ ਧਿਆਨ ਮਾਸ ਖਾਣ ਵਿਚ ਰਹਿ ਗਿਆ ਸੀ, ਇਸ ਲਈ ਉਸਨੂੰ ਬਘਿਆੜ ਦੀ ਜੋਨੀ ਮਿਲੀ ਹੈ। ਗੁਰੂ ਜੀ ਦੁਨੀ ਚੰਦ ਨੂੰ ਸੂਈ ਦੇ ਕੇ ਅਗਲੇ ਲੋਕ ਵਿਚ ਦੇਣ ਨੂੰ ਕਹਿੰਦੇ ਹਨ। ਦੁਨੀ ਚੰਦ ਦੀ ਪਤਨੀ ਕਹਿੰਦੀ ਹੈ, ਕਿ ਉਥੇ ਕੁਝ ਵੀ ਨਾਲ ਨਹੀਂ ਜਾਂਦਾ। ਗੁਰੂ ਜੀ ਉਸਨੂੰ ਉਪਦੇਸ਼ ਦੇ ਕੇ ਅਗੇ ਜਾਂਦੇ ਹਨ। ਉਹ ਆਪਣਾ ਧਨ ਚੰਗੇ ਕਰਮਾਂ ਲਈ ਲਾਉਂਦਾ ਹੈ।

ਦੁਨੀ ਚੰਦ ਦਾ ਜ਼ਿਕਰ 'ਭਾਈ ਬਾਲਾ ਜਨਮਸਾਖੀ' ਅਤੇ 'ਪੁਰਾਤਨ ਜਨਮਸਾਖੀ' ਤੋਂ ਬਿਨਾਂ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਆਇਆ। 'ਪੁਰਾਤਨ ਜਨਮਸਾਖੀ' ਵਿਚ ਦੁਨੀ ਚੰਦ ਨੂੰ ਲਾਹੌਰ ਦਾ ਧੁਪੜ ਖਤ੍ਰੀ ਦਸਿਆ ਹੈ।[158] ਸੋ ਕਵਿ ਦੀ ਸਹਿਮਤੀ ਵੀ ਪੁਰਾਤਨ ਜਨਮਸਾਖੀ ਨਾਲ ਹੈ, ਕਿ ਦੁਨੀ ਚੰਦ ਲਾਹੌਰ ਦਾ ਰਹਿਣ ਵਾਲਾ ਸੀ-

ਸੁਨਿਯੈ ਸ੍ਰੀ ਅੰਗਦ ਸੁਭ ਗਾਥਾ॥ ਤਿਹ ਤੇ ਗਮਨ ਕੀਨ ਜਗ ਨਾਥਾ॥
ਲਵਪੁਰ ਨਿਕਟ ਨਿਰਖ ਸੁਭ ਥਾਨਾ॥ ਬੈਠ ਗਏ ਤਿਹ ਕ੍ਰਿਪਾ ਨਿਧਾਨਾ॥2॥[159]

ਸੋ ਲਾਹੌਰ ਤੋਂ ਗੁਰੂ ਜੀ ਸੁਲਤਾਨ ਪੁਰ ਜਾਂਦੇ ਹਨ ਅਤੇ ਤਲਵੰਡੀ ਦੇ ਬਾਹਰ ਹੀ ਡੇਰਾ ਲਗਾਉਂਦੇ ਹਨ। ਮਰਦਾਨਾ ਘਰ ਜਾਣ ਲਈ ਕਹਿੰਦਾ ਹੈ । ਗੁਰੂ ਜੀ ਕਹਿੰਦੇ ਹਨ ਕਿ ਰੋੜਾਂ ਦੀ ਮੁਠੀ ਭਰ ਕੇ ਨਾਲ ਲੈ ਜਾ ਜੋ ਵੀ ਦਿਲ ਵਿਚ ਆਵੇਗਾ ਇਸ ਦਾ ਉਹੀ ਬਣ ਜਾਵੇਗਾ। ਮਰਦਾਨਾ ਘਰ ਪਹੁੰਚਦਾ ਹੈ ਅਤੇ ਰੋੜਾਂ ਲਈ ਸੋਨਾ ਹੋਣਾ ਲੋਚਦਾ ਹੈ । ਉਹ ਸੋਨੇ ਦੇ ਬਣ ਜਾਂਦੇ ਹਨ, ਸਾਰੇ ਬਹੁਤ ਖ਼ੁਸ਼ ਹੁੰਦੇ ਹਨ। ਜਦ ਮਰਦਾਨਾ ਗੁਰੂ ਜੀ ਕੋਲ ਵਾਪਸ ਆਉਣ ਲਗਦਾ ਹੈ, ਤਾਂ ਮਾਤਾ ਤ੍ਰਿਪਤਾ ਅਤੇ ਕੁਝ ਹੋਰ ਲੋਕ ਮਰਦਾਨੇ ਦੇ ਪਿਛੇ ਆ ਜਾਂਦੇ ਹਨ। ਮਰਦਾਨਾ ਗੁਰੂ ਜੀ ਕੋਲ ਆਉਂਦਾ ਹੈ, ਤਾਂ ਮਾਤਾ ਨੂੰ ਦੇਖ ਕੇ ਗੁਰੂ ਜੀ ਨਮਸਕਾਰ ਕਰਦੇ ਹਨ । ਪਿਤਾ

---

[158] ਤਬ ਰਾਵੀ ਨਦੀ ਦੇ ਕਿਨਾਰੇ ਲਹੋਰਿ ਆਇ ਨਿਕਲਿਆ। ਤਬ ਲਹੋਰ ਦੇ ਪੁਰਗਣੇ ਦਾ ਕਰੋੜੀ ਦੁਨੀ ਚੰਦ ਧੁਪੁੜ ਖੱਤ੍ਰੀ ਥਾ। ਤਿਸਕੇ ਪਿਤਾ ਕਾ ਸਰਾਧੁ ਥਾ, ਉਸ ਸੁਣਿਆ ਜੋ ਨਾਨਕੁ ਤਪਾ ਆਇਆ ਹੈ।

(ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਉਨ੍ਹੀਵੀਂ ਵਾਰ, 2014, ਪੰਨਾ 122.)

[159] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 371.

ਨੂੰ ਪਤਾ ਲਗਣ 'ਤੇ ਉਹ ਵੀ ਗੁਰੂ ਜੀ ਨੂੰ ਮਿਲਣ ਆ ਜਾਂਦਾ ਹੈ। ਫਿਰ ਉਹ ਆਪਸ ਵਿਚ ਵਿਚਾਰਾਂ ਕਰਦੇ ਹਨ।

ਕਈ ਦਿਨ ਗੁਰੂ ਜੀ ਤਲਵੰਡੀ ਰਹਿੰਦੇ ਹਨ। ਪਿਤਾ ਕਾਲੂ ਇਕ ਦਿਨ ਸ੍ਰਾਧ ਕਰਣ ਲਈ ਲੋਕਾਂ ਨੂੰ ਇਕਠੇ ਕਰਦਾ ਹੈ। ਗੁਰੂ ਜੀ ਕਾਲੂ ਨੂੰ ਪਿਤ੍ਰਾਂ ਦੇ ਦਰਸ਼ਨ ਕਰਵਾਉਂਦੇ ਹਨ। ਕਾਲੂ ਕਹਿੰਦਾ ਹੈ, ਕਿ ਮੈਨੂੰ ਵੀ ਉਨ੍ਹਾਂ ਕੋਲ ਭੇਜ ਦਿਉ। ਗੁਰੂ ਜੀ ਬਚਨ ਕਰਦੇ ਹਨ, ਕਿ ਉਨ੍ਹਾਂ ਦਾ ਸਮਾਂ ਨੇੜੇ ਹੈ। ਕੁਝ ਦਿਨ ਬਾਅਦ ਕਾਲੂ ਜੀ ਦਾ ਦੇਹਾਂਤ ਹੋ ਜਾਂਦਾ ਹੈ ਅਤੇ ਉਸ ਤੋਂ ਕੁਝ ਦਿਨਾਂ ਬਾਅਦ ਹੀ ਮਾਤਾ ਜੀ ਦਾ ਵੀ ਦੇਹਾਂਤ ਹੋ ਜਾਂਦਾ ਹੈ। ਗੁਰੂ ਜੀ ਉਨ੍ਹਾਂ ਦਾ ਸ਼ਰਧਾ ਨਾਲ ਸੰਸਕਾਰ ਕਰਦੇ ਹਨ ਅਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਚਲਣ ਲਈ ਤਿਆਰ ਹੋ ਜਾਂਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਕਾਲੂ ਜੀ ਦਾ ਦੇਹਾਂਤ 1579 ਸੰਵਤ[160] (1522 ਈ.) ਵਿਚ ਕਰਤਾਰਪੁਰ ਵਿਖੇ ਅਤੇ ਮਾਤਾ ਤ੍ਰਿਪਤਾ ਜੀ ਦਾ ਦੇਹਾਂਤ ਵੀ ਕਰਤਾਰਪੁਰ ਵਿਚ ਹੀ 1579 ਸੰਵਤ[161] (1522 ਈ.) ਨੂੰ ਮੰਨਿਆ ਹੈ। ਕਵਿ ਨੇ ਇਨ੍ਹਾਂ ਦੇ ਦੇਹਾਂਤ ਦਾ ਸਮਾਂ ਜਾਂ ਸੰਵਤ ਨਹੀਂ ਦਿਤਾ, ਬਲਕਿ ਦੇਹਾਂਤ ਦਾ ਸਥਾਨ ਤਲਵੰਡੀ ਦਸਿਆ ਹੈ। ਲਾਹੌਰ ਤੋਂ ਵਾਪਸ ਗੁਰੂ ਜੀ ਸੁਲਤਾਨਪੁਰ ਤੋਂ ਤਲਵੰਡੀ ਗਏ ਅਤੇ ਉਥੇ ਹੀ ਮਾਤਾ-ਪਿਤਾ ਨੂੰ ਮਿਲੇ। ਕਵਿ ਇਥੇ ਹੀ ਇਨ੍ਹਾਂ ਦੇ ਅੰਤਮ ਸਮੇਂ ਦਾ ਵੇਰਵਾ ਦਿੰਦਾ ਕਹਿੰਦਾ ਹੈ-

ਬੀਤਤ ਭਯੋ ਜਬੈ ਕਛੂ ਕਾਲੂ॥ ਅੰਤ ਸਮਾ ਆਯੋ ਤਬ ਕਾਲੂ॥
ਜਿਮ ਕੰਚਕਿ ਤਜ ਸਰਪ ਸਿਧਾਵਾ॥ ਤਿਮ ਤਨ ਤਜਾਰਾ ਪਰਮਪਦ ਪਾਵਾ॥47॥
ਸ੍ਰੀ ਨਾਨਕ ਜੁਤ ਬੇਦ ਬਿਧਾਨਾ॥ ਪਿਤ ਕੋ ਦਾਹੁ ਕੀਨ ਤਿਹ ਥਾਨਾ॥
ਪਾਛੇ ਕੇਤਕ ਕਾਲ ਬਤਾਈ॥ ਤ੍ਰਿਪਤਾ ਤਜੀ ਦੇਹ ਤਿਹ ਠਾਈ॥48॥
ਕੀਨੇ ਦਾਹੁ ਤਾਹਿ ਬਿਧਿ ਸੰਗਾ॥ ਗੀ ਬਿਕੁੰਠ ਉਰ ਪਰਮ ਉਮੰਗਾ॥

[160] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 325.

[161] ਉਹੀ, ਪੰਨਾ 607.

ਜੇਤਕ ਦਰਬ ਹੁਤੋ ਗ੍ਰਿਹ ਮਾਹੀ॥ ਦੀਨਨ ਕੋ ਦੀਨੋ ਛਿਨ ਤਾਹੀ॥49॥[162]

ਡਾ. ਕਿਰਪਾਲ ਸਿੰਘ ਨੇ ਮਾਤਾ -ਪਿਤਾ ਦੇ ਦੇਹਾਂਤ ਬਾਰੇ ਕੋਈ ਗਲ ਨਹੀਂ ਕੀਤੀ, ਬਲਕਿ ਇਹ ਜ਼ਰੂਰ ਦਸਿਆ ਹੈ, ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਸਾਇਆ, ਤਾਂ ਉਦੋਂ ਉਹ ਆਪਣੇ ਬ੍ਰਿਧ ਮਾਤਾ-ਪਿਤਾ ਨੂੰ ਤਲਵੰਡੀ ਹੀ ਛਡ ਕੇ ਗਏ ਸਨ। [163] ਇਸ ਤੋਂ ਵੀ ਅਸੀਂ ਅਨੁਮਾਨ ਲਗਾ ਸਕਦੇ ਹਾਂ, ਕਿ ਉਨ੍ਹਾਂ ਦਾ ਇਸ਼ਾਰਾ ਵੀ ਤਲਵੰਡੀ ਵਿਚ ਦੇਹਾਂਤ ਦਾ ਹੀ ਹੈ। ਸੋ ਕਵਿ ਦਾ ਇਹ ਵੇਰਵਾ ਸਹੀ ਜਾਪਦਾ ਹੈ। ਪਰੰਤੂ ਸਮੇਂ ਬਾਰੇ ਕਵਿ ਅਸਪਸ਼ਟ ਹੈ।

ਸਾਰੀਆਂ ਅੰਤਮ ਰਸਮਾਂ ਕਰਕੇ ਗੁਰੂ ਜੀ ਫਿਰ ਮਰਦਾਨੇ ਅਤੇ ਬਾਲੇ ਨੂੰ ਲੈ ਕੇ ਯਾਤ੍ਰਾਵਾਂ ਲਈ ਰਵਾਨਾ ਹੋ ਗਏ। ਇਥੋਂ ਚਲ ਕੇ ਸਭ ਤੋਂ ਪਹਿਲਾਂ ਉਹ ਕੁਰਖੇਤ੍ਰ ਪਹੁੰਚੇ, ਜਿਥੇ ਸੂਰਜ ਗ੍ਰੈਹਣ ਲਗਣਾ ਸੀ। ਸੂਰਜ ਗ੍ਰੈਹਣ ਲਗਾ ਹੋਣ ਕਰਕੇ ਉਥੇ ਭਾਰੀ ਇਕਠ ਹੋਇਆ ਸੀ। ਬਹੁਤ ਸਾਰੇ ਬ੍ਰਾਹਮਣ ਇਸ਼ਨਾਨ ਲਈ ਆਏ ਹੋਏ ਸਨ। ਉਥੇ ਇਕ ਰਾਣੀ ਆਪਣੇ ਪੁਤ੍ਰ ਨਾਲ ਆਈ ਹੋਈ ਸੀ , ਜਿਸ ਦਾ ਰਾਜ ਭਾਗ ਦੁਸ਼ਮਣਾਂ ਨੇ ਖੋਹ ਲਿਆ ਸੀ। ਉਸ ਨੇ ਗੁਰੂ ਜੀ ਅਗੇ ਇਕ ਹਿਰਣ ਭੇਟ ਕੀਤਾ, ਜੋ ਕਿ ਉਸ ਦੇ ਪੁਤ੍ਰ ਨੇ ਸ਼ਿਕਾਰ ਕੀਤਾ ਸੀ। ਗੁਰੂ ਜੀ ਨੇ ਉਥੇ ਹੀ ਹਿਰਣ ਦਾ ਮਾਸ ਰਿਝਣ ਲਈ ਰਖ ਦਿਤਾ। ਇਹ ਸਾਰਾ ਵਰਤਾਰਾ ਜਦੋਂ ਬ੍ਰਾਹਮਣਾਂ ਨੂੰ ਪਤਾ ਲਗਾ, ਤਾਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਵਿਚ ਇਕ ਪੰਡਿਤ ਨਾਨੂ ਸੀ, ਜੋ ਕਿ ਬਹੁਤ ਹੀ ਗਿਆਨੀ ਸੀ। ਗੁਰੂ ਜੀ ਨਾਲ ਉਸ ਨੇ ਸੰਬਾਦ ਕੀਤਾ। ਗੁਰੂ ਜੀ ਨੇ ਉਨ੍ਹਾਂ ਦੇ ਸਾਰੇ ਸ਼ੰਕੇ ਨਿਵਰਤ ਕੀਤੇ। ਗੁਰੂ ਜੀ ਨੇ ਉਪਦੇਸ਼ ਦਿਤਾ, ਕਿ ਜੇਕਰ ਉਹ ਮਾਸ ਕਰਕੇ ਝਗੜਾ ਕਰਦੇ ਹਨ, ਤਾਂ ਪਹਿਲਾਂ ਸਾਰੇ ਹੋਰ ਰਸ ਵੀ ਛਡ ਦੇਣ ਫਿਰ ਮਾਸ ਛਡਣ ਦੀ ਗਲ ਕਹਿਣ। ਰਾਣੀ ਨੂੰ ਵਰ ਦੇ ਕੇ ਗੁਰੂ ਜੀ ਅਗੇ ਗੰਗਾ ਨੂੰ ਚਲ ਪਏ।

---

[162] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 385.

[163] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 140.

'      ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਗੁਰੂ ਜੀ ਦਾ ਕੁਰੂਕਸ਼ੇਤਰ ਜਾਣਾ ਮਥੁਰਾ ਤੋਂ ਲਿਖਿਆ ਹੈ - *ਤਬ ਬਾਬਾ ਨਾਨਕੁ ਜੀ ਮਥੁਰਾ ਤੇ ਕੁਲਖੇਤ੍ਰ ਕੇ ਨਾਵਣ ਕੰਉ ਚਲਿਆ। ਆਇ ਕੁਲਖੇਤ੍ਰ ਪ੍ਰਾਪਤ ਭਇਆ। ਆਗੈ ਨਾਵਣੁ ਪੁਰਬ ਕਾ ਹੈ। ਲੋਕ ਬਹੁਤੁ ਮਿਲਿਆ ਹੈ, ਨਾਵਣ ਕੰਉ ਆਇਆ ਹੈ।*[164]

'      ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਗੁਰੂ ਜੀ ਵੇਈਂ ਪ੍ਰਵੇਸ਼ ਤੋਂ ਬਾਅਦ ਹੀ ਕੁਰੂਕਸ਼ੇਤਰ ਦੇ ਸੂਰਜ ਗ੍ਰੈਹਣ ਦੇ ਮੇਲੇ 'ਤੇ ਗਏ ਸਨ - *ਤਬ ਬਾਬਾ ਚਲਿਆ ਤੀਰਥਾਂ ਨੂੰ ਸੋ ਪ੍ਰਿਥਮੇ ਕੁਲਖੇਤ੍ਰ ਪ੍ਰਾਪਤ ਹੋਏ। ਅਰ ਉਥੇ ਸਭ ਰਿਖੀਸਰ ਤਪੀਸਰ ਜਤੀ ਸਤੀ ਰਾਜਾ ਪਰਜਾ ਸਭ ਆਨ ਇਕਠੇ ਹੋਏ ਹੈਂ ਸਨ।*[165]

ਇਸ ਤਰ੍ਹਾਂ ਸੋਢੀ ਮਿਹਰਬਾਨ ਅਨੁਸਾਰ ਗੁਰੂ ਜੀ ਮਥੁਰਾ ਤੋਂ ਅਤੇ ਭਾਈ ਮਨੀ ਸਿੰਘ ਅਨੁਸਾਰ ਗੁਰੂ ਜੀ ਸੁਲਤਾਨਪੁਰ ਤੋਂ ਕੁਰੂਕਸ਼ੇਤਰ ਗਏ ਸਨ। ਚਰਚਿਤ ਕ੍ਰਿਤੀ ਵਿਚ ਤਲਵੰਡੀ ਤੋਂ ਕੁਰੂਕਸ਼ੇਤਰ ਜਾਣ ਦਾ ਕਿਹਾ ਗਿਆ ਹੈ। ਜੇਕਰ ਚਰਚਿਤ ਜਨਮਸਾਖੀ ਅਨੁਸਾਰ ਇਸ ਸਾਖੀ ਦੀ ਤਰਤੀਬ ਇਥੇ ਸਹੀ ਹੈ , ਜੇਕਰ ਗੁਰੂ ਜੀ ਮਾਤਾ ਪਿਤਾ ਦੇ ਦੇਹਾਂਤ ਤੋਂ ਬਾਅਦ ਕੁਰੂਕਸ਼ੇਤਰ ਗਏ ਸਨ, ਤਾਂ ਇਕ ਤਥ ਇਹ ਵੀ ਸਾਹਮਣੇ ਆ ਜਾਵੇਗਾ, ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਕਹੇ ਅਨੁਸਾਰ ਗੁਰੂ ਜੀ ਦੇ ਮਾਤਾ ਪਿਤਾ ਦਾ ਦੇਹਾਂਤ ਕਰਤਾਰਪੁਰ ਵਿਖੇ ਹੋਇਆ ਸੀ, ਤਾਂ ਫਿਰ ਇਕ ਨਵਾਂ ਸਥਾਨ ਕਰਤਾਰਪੁਰ ਤੋਂ ਕੁਰੂਕਸ਼ੇਤਰ ਜਾਣਾ ਵੀ ਮੰਨਿਆ ਜਾ ਸਕਦਾ ਹੈ। ਪੰਡਿਤ ਨਾਨੂ ਦੇ ਨਾਲ ਗੁਰੂ ਜੀ ਦਾ ਸੰਬਾਦ ਹੋਣਾ ਇਸ ਬਾਰੇ ਜ਼ਿਆਦਾਤਰ ਜਨਮਸਾਖੀਆਂ ਦੀ ਸਹਿਮਤੀ ਹੈ। ਕੇਵਲ 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਪੰਡਿਤ ਨਾਨੂੰ ਦਾ ਜ਼ਿਕਰ ਨਹੀਂ ਮਿਲਦਾ। 'ਪੁਰਾਤਨ ਜਨਮਸਾਖੀ' ਵਿਚ ਇਸ ਘਟਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਸੋ ਜਿਥੇ ਇਤਿਹਾਸਿਕ ਸ੍ਰੋਤਾਂ ਵਿਚ ਇਸ ਘਟਨਾ ਦਾ ਜ਼ਿਕਰ ਗੁਰੂ ਜੀ ਦੁਆਰਾ ਵੇਈਂ ਪ੍ਰਵੇਸ਼ ਤੋਂ ਬਾਅਦ ਮਿਲਦਾ ਹੈ, ਉਥੇ ਕਵਿ ਨੇ ਇਸ ਘਟਨਾ ਦਾ ਜ਼ਿਕਰ ਬਹੁਤ ਬਾਅਦ ਵਿਚ ਕੀਤਾ ਹੈ।

ਗੁਰੂ ਜੀ ਕੁਰੁਖੇਤ੍ਰ ਤੋਂ ਚਲ ਕੇ ਗੰਗਾ ਹਰਿਦੁਆਰ ਆਉਂਦੇ ਹਨ। ਉਥੋਂ ਦੇ ਲੋਕ ਪੂਜਾ ਹਿਤ ਸੂਰਜ ਨੂੰ ਪਾਣੀ ਦਿੰਦੇ ਹੁੰਦੇ ਹਨ। ਗੁਰੂ ਜੀ ਉਸ ਤੋਂ ਉਲਟ ਦਿਸ਼ਾ ਵਿਚ ਪਾਣੀ ਦੇਣ ਲਗਦੇ ਹਨ। ਪੁਛਣ 'ਤੇ ਗੁਰੂ

---

164 ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 152 (ਅੰਤਿਕਾ)

165 ਉਹੀ, ਪੰਨਾ 370-71 (ਅੰਤਿਕਾ)

ਜੀ ਉਨ੍ਹਾਂ ਨਾਲ ਸੰਬਾਦ ਰਚਾਉਂਦੇ ਹਨ ਅਤੇ ਉਪਦੇਸ਼ ਦੇ ਕੇ ਉਨ੍ਹਾਂ ਦੇ ਅੰਧ ਵਿਸ਼ਵਾਸ ਨੂੰ ਦੂਰ ਕਰਦੇ ਹਨ। ਫਿਰ ਬ੍ਰਾਹਮਣਾਂ ਨਾਲ ਭੋਜਨ ਛਕ ਕੇ ਉਨ੍ਹਾਂ ਦੇ ਚੌਂਕੇ ਦੀ ਸੁਚਤਾ ਨੂੰ ਵੀ ਵਿਅਰਥ ਦਸਦੇ ਹਨ । ਇਸ ਸਾਖੀ ਵਿਚ ਕਵਿ ਨੇ ਕੁਝ ਕੁ ਵੇਰਵੇ ਮਿਥਿਹਾਸਿਕ ਵੀ ਦਿਤੇ ਹਨ, ਜਿਵੇਂ ਗੰਗਾ ਦੁਆਰਾ ਭੰਡਾਰਾ ਕਰਣਾ ਇਤਿਆਦਿਕ।

ਗੰਗਾ ਹਰਿਦੁਆਰ ਜਾਣ ਬਾਰੇ 'ਭਾਈ ਬਾਲੇ ਵਾਲੀ ਜਨਮਸਾਖੀ' ਅਤੇ 'ਪੁਰਾਤਨ ਜਨਮਸਾਖੀ' ਵਿਚ ਇਹ ਘਟਨਾ ਨਹੀਂ ਮਿਲਦੀ , ਪਰ 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਅਤੇ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਇਸ ਘਟਨਾ ਦਾ ਜ਼ਿਕਰ ਮਿਲਦਾ ਹੈ। ਡਾ . ਕਿਰਪਾਲ ਸਿੰਘ ਅਨੁਸਾਰ ਗੁਰੂ ਜੀ ਵੇਈਂ ਪ੍ਰਵੇਸ਼ ਤੋਂ ਬਾਅਦ ਹੀ ਕੁਰੂਕਸ਼ੇਤਰ ਤੋਂ ਹੋ ਕੇ ਹਰਿਦੁਆਰ ਗਏ ਸਨ। ਕਵਿ ਨੇ ਵੀ ਕੁਰੂਕਸ਼ੇਤਰ ਤੋਂ ਬਾਅਦ ਹੀ ਗੰਗਾ ਜਾਣਾ ਲਿਖਿਆ ਹੈ। ਪਰ ਅਸੀਂ ਉਪਰ ਚਰਚਾ ਕਰ ਆਏ ਹਾਂ, ਕਿ ਕੁਰੂਕਸ਼ੇਤਰ ਵਾਲੀ ਘਟਨਾ ਕਵਿ ਨੇ ਬਹੁਤ ਬਾਅਦ ਵਿਚ ਅੰਕਿਤ ਕੀਤੀ ਹੈ।

ਗੁਰੂ ਜੀ ਪਹਿਲਾਂ ਬ੍ਰਿਜ ਜਾ ਕੇ ਉਥੋਂ ਦੇ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਉਥੇ ਇਕ ਪਹਾੜ ਪਿਆ ਹੁੰਦਾ ਹੈ ਪੁਛਣ ਤੇ ਗੁਰੂ ਜੀ ਦਸਦੇ ਹਨ, ਕਿ ਜਦ ਰਾਮ ਚੰਦ੍ਰ ਜੀ ਪੁਲ ਬਣਾ ਰਹੇ ਸਨ, ਉਦੋਂ ਹਨੂੰਮਾਨ ਇਸ ਪਹਾੜ ਨੂੰ ਲੈ ਕੇ ਆ ਰਿਹਾ ਸੀ। ਰਾਮ ਚੰਦ੍ਰ ਨੇ ਹੁਕਮ ਕੀਤਾ, ਕਿ ਪੁਲ ਬਣ ਗਿਆ ਹੈ, ਜਿਥੇ ਵੀ ਕੋਈ ਪਥਰ ਪਹਾੜ ਹੈ, ਉਥੇ ਹੀ ਛਡ ਆਉ। ਹਨੂੰਮਾਨ ਨੇ ਪਹਾੜ ਚੁਕਣ ਸਮੇਂ ਪਹਾੜ ਨਾਲ ਵਾਅਦਾ ਕੀਤਾ ਸੀ, ਕਿ ਉਸਨੂੰ ਰਾਮ ਚੰਦ੍ਰ ਦੇ ਚਰਣਾਂ ਵਿਚ ਰਖੇਗਾ। ਹਨੂੰਮਾਨ ਇਹ ਸੋਚਣ ਲਗ ਗਿਆ ਕਿ ਹੁਣ ਕੀ ਕਰੇ। ਫਿਰ ਰਾਮ ਜੀ ਨੇ ਸੁਨੇਹਾ ਭੇਜਿਆ ਕਿ ਅਗਲੇ ਅਵਤਾਰ ਵਿਚ ਉਹ ਇਸ ਪਹਾੜ ਉਤੇ ਬਹੁਤ ਸਮਾਂ ਬਿਤੀਤ ਕਰਣਗੇ। ਉਥੋਂ ਦੇ ਲੋਕਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅਯੁਧਿਆ ਪਹੁੰਚੇ । ਉਥੇ ਲੋਕਾਂ ਨੂੰ ਸਿਖਿਆ ਦੇ ਕੇ ਕਾਸ਼ੀ ਜਾ ਕੇ ਉਪਦੇਸ਼ ਦਿਤਾ।

ਇਸ ਸਾਖੀ ਵਿਚ ਕਵਿ ਦੁਆਰਾ ਗੁਰੂ ਜੀ ਦੇ ਬ੍ਰਿਜ ਜਾਣ ਦਾ ਜ਼ਿਕਰ ਕੀਤਾ ਹੈ , ਫਿਰ ਅਯੁਧਿਆ ਅਤੇ ਫਿਰ ਕਾਸ਼ੀ ਦਾ ਜ਼ਿਕਰ ਹੈ, ਬ੍ਰਿਜ ਬਾਰੇ ਕਵਿ ਲਿਖਦਾ ਹੈ-

ਸੁਨੋ ਕਥਾ ਸ੍ਰੀ ਫੇਰੂ ਨੰਦਨ॥ ਆਗੈ ਗਮਨੇ ਦੋਖ ਨਿਕੰਦਨ॥

ਪਹੁਚਤ ਭੇ ਬ੍ਰਿਜ ਮੈ ਸੁਖਰਾਸਾ॥ ਜਹਾ ਕ੍ਰਿਸਨ ਬਹੁ ਕਿਯੋ ਬਿਲਾਸ॥[166]

ਭਾਈ ਕਾਨ੍ਹ ਸਿੰਘ ਨਾਭਾ ਬ੍ਰਿਜ ਬਾਰੇ ਦਸਦੇ ਹਨ - ਮਥੁਰਾ ਦੇ ਪਾਸ ਦਾ ਇਕ ਦੇਸ਼ , ਜਿਸ ਵਿਚ ਕਿਸੇ ਸਮੇਂ ਬੁਹਤ ਗੋਵਾੜੇ ਸਨ। [167] ਸੋ ਕਵਿ ਦਾ ਸਭ ਤੋਂ ਪਹਿਲਾਂ ਗੁਰੂ ਜੀ ਦੁਆਰਾ ਮਥੁਰਾ ਜਾਣ ਦਾ ਬ੍ਰਿਤਾਂਤ ਪ੍ਰਸਤੁਤ ਕੀਤਾ ਹੈ। ਇਥੇ ਕਵਿ ਨੇ ਰਾਮਾਇਣ ਦੀ ਕਥਾ ਵੀ ਦਸੀ ਹੈ , ਸੋ ਇਥੇ ਵੀ ਇਸ ਕਥਾ ਦੀ ਵਿਚਾਰ ਸਾਡੇ ਖੋਜ-ਕਾਰਜ ਦੀ ਮੰਗ ਨਹੀਂ ਹੈ। ਇਸ ਸਾਖੀ ਤੋਂ ਗੁਰੂ ਜੀ ਦਾ ਮਥੁਰਾ , ਅਯੁਧਿਆ ਅਤੇ ਕਾਸ਼ੀ ਜਾਣ ਬਾਰੇ ਵਿਚਾਰ ਅੰਕਿਤ ਕਰਣ ਤੋਂ ਇਕ ਗਲ ਤਾਂ ਸਪਸ਼ਟ ਹੈ, ਕਿ ਗੁਰੂ ਜੀ ਇਨ੍ਹਾਂ ਥਾਵਾਂ ਉਪਰ ਜ਼ਰੂਰ ਵਿਚਰੇ ਹੋਣਗੇ। ਜੇਕਰ ਗੁਰੂ ਜੀ ਹਰਿਦੁਆਰ ਤੋਂ ਮਥੁਰਾ ਗਏ, ਤਾਂ ਸਭ ਤੋਂ ਪਹਿਲਾਂ ਉਹ ਅਯੁਧਿਆ ਗਏ ਹੋਣਗੇ, ਕਿਉਂਕਿ ਹਰਿਦੁਆਰ ਤੋਂ ਅਯੁਧਿਆ ਨੇੜੇ ਹੈ । ਫਿਰ ਮਥੁਰਾ ਅਤੇ ਅੰਤ ਵਿਚ ਕਾਸ਼ੀ ਗਏ ਹੋਣਗੇ। ਭੁਗੋਲਿਕ ਹਵਾਲੇ ਨਾਲ ਅਸੀਂ ਕਹਿ ਸਕਦੇ ਹਾਂ, ਕਿ ਕਵਿ ਨੇ ਇਥੇ ਵੀ ਕਾਲਪਨਿਕ ਉਡਾਰੀਆਂ ਨਾਲ ਹੀ ਗੁਰੂ ਜੀ ਦੁਆਰਾ ਇਨ੍ਹਾਂ ਸਥਾਨਾਂ ਉਪਰ ਜਾਣ ਦਾ ਜ਼ਿਕਰ ਕੀਤਾ ਹੈ , ਪੜਚੋਲ ਕਰਣਾ ਉਚਿਤ ਨਹੀਂ ਸਮਝਿਆ। ਡਾ. ਕਿਰਪਾਲ ਸਿੰਘ ਨੇ ਵੀ ਗੁਰੂ ਨਾਨਕ ਦੇਵ ਜੀ ਦੀਆਂ ਯਾਤ੍ਰਾਵਾਂ ਦੀ ਤਰਤੀਬ ਦੇਂਦਿਆਂ ਹਰਿਦੁਆਰ ਤੋਂ ਨਾਨਕ ਮਤਾ, ਨਾਨਕ ਮਤਾ ਤੋਂ ਟਾਂਡੇ, ਟਾਂਡੇ ਤੋਂ ਅਯੁਧਿਆ, ਅਯੁਧਿਆ ਤੋਂ ਪ੍ਰਯਾਗ, ਪ੍ਰਯਾਗ ਤੋਂ ਬਨਾਰਸ ਜਾਣਾ ਦਸਿਆ ਹੈ।[168] 'ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫ਼ਰ' ਪੁਸਤਕ ਵਿਚ ਵੀ ਗੁਰੂ ਜੀ ਦਾ ਅਯੁਧਿਆ ਤੋਂ ਬਨਾਰਸ ਜਾਣਾ ਹੀ ਜ਼ਿਆਦਾ ਸਹੀ ਦਸਿਆ ਹੈ - *ਮਿਹਰਬਾਨ ਦੀ ਜਨਮਸਾਖੀ ਵਿਚ ਅਜੁਧਿਆ ਜਾਣ ਦਾ ਸਪਸ਼ਟ ਕਥਨ ਹੈ। ਭਾਵੇਂ ਉਥੇ ਬਨਾਰਸ ਤੋਂ ਅਜੁਧਿਆ ਆਉਣਾ ਲਿਖਿਆ ਹੈ, ਜੋ ਅਸੰਭਵ ਨਹੀਂ ਪਰ ਗੋਰਖਮਤੇ ਤੋਂ ਬਨਾਰਸ ਆਉਂਦਿਆਂ ਅਜੁਧਿਆ ਜਾਣਾ ਜ਼ਿਆਦਾ ਠੀਕ ਜਾਪਦਾ ਹੈ।*[169]

---

[166] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 397.

[167] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 899.

[168] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 35-50.

[169] ਡਾ. ਫ਼ੌਜਾ ਸਿੰਘ, *ਐਟਲਸ ਗੁਰੂ ਨਾਨਕ ਦੇਵ ਜੀ ਦੇ* ਸਫ਼ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015, ਪੰਨਾ 50.

ਸੋ ਕਵਿ ਨੇ ਜੋ ਤਰਤੀਬ ਇਥੇ ਗੁਰੂ ਜੀ ਦੇ ਸਫ਼ਰ ਦੀ ਦਿਤੀ ਹੈ ਉਹ ਭੂਗੋਲਿਕ ਹਵਾਲੇ ਅਨੁਸਾਰ ਸਹੀ ਨਹੀਂ ਹੈ। ਪਰ ਇਨ੍ਹਾਂ ਥਾਵਾਂ ਉਪਰ ਜਾਣਾ ਸਹੀ ਹੈ।

ਅਗੇ ਗੁਰੂ ਜੀ ਜਗਨਨਾਥ ਜਾਂਦੇ ਹਨ, ਉਥੇ ਜਾ ਕੇ ਹੋ ਰਹੀ ਆਰਤੀ ਵਿਚ ਬੈਠੇ ਰਹਿੰਦੇ ਹਨ, ਪੁਛਣ ਤੇ ਦਸਦੇ ਹਨ, ਕਿ ਸਾਰੀ ਕਾਇਨਾਤ ਪਰਮਾਤਮਾ ਦੀ ਆਰਤੀ ਹਰ ਸਮੇਂ ਕਰ ਰਹੀ ਹੈ। ਫਿਰ ਮਰਦਾਨਾ ਇਕ ਸ਼ਬਦ ਗਾਉਂਦਾ ਹੈ, ਜਿਸ ਨੂੰ ਸੁਣ ਕੇ ਇਕ ਬਘਿਆੜ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਉਹ ਮੁਰਦਾ ਨਹੀਂ ਖਾਂਦਾ। ਫਿਰ ਗੁਰੂ ਜੀ ਨੂੰ ਕਲਿਯੁਗ ਮਿਲਦਾ ਹੈ । ਉਸ ਨਾਲ ਵਿਚਾਰ ਤੋਂ ਬਾਅਦ ਗੁਰੂ ਜੀ ਅਗੇ ਜਾਂਦੇ ਹਨ।

ਇਸ ਸਾਖੀ ਵਿਚ ਵੀ ਕਵਿ ਨੇ ਮਿਥਿਹਾਸਿਕ ਬਿਰਤਾਂਤ ਅੰਕਿਤ ਕੀਤਾ ਹੈ, ਜਿਸ ਦਾ ਗੁਰਮਤਿ ਵਿਚ ਕੋਈ ਵਜੂਦ ਨਹੀਂ ਹੈ। ਜਗਨਨਾਥ ਪੁਰੀ ਜਾਣ ਬਾਰੇ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਇਹ ਘਟਨਾ ਪਟਨੇ ਤੋਂ ਬਾਅਦ ਵਾਲੀ ਸਾਖੀ ਵਿਚ ਅੰਕਿਤ ਕੀਤੀ ਹੈ, ਭਾਵ ਗੁਰੂ ਜੀ ਪਟਨੇ ਤੋਂ ਜਗਨਨਾਥ ਪੁਰੀ ਗਏ।[170] 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਅਯੁਧਿਆ ਤੋਂ ਜਗਨਨਾਥ ਜਾਣਾ ਲਿਖਿਆ ਹੈ- *ਤਬ ਦਰਗਾਹ ਤੇ ਅਜੋਧਿਆ ਆਇਆ। ਅਜੋਧਿਆ ਤੇ ਜਗਨਨਾਥ ਗਇਆ , ਜਹਾਂ ਠਾਕੁਰ ਕਾ ਦੇਵਾਲ ਥਾ ਤਹਾ ਗਇਆ।*[171]

ਡਾ. ਕਿਰਪਾਲ ਸਿੰਘ ਨੇ ਕਟਕ ਤੋਂ ਜਗਨਨਾਥ ਪੁਰੀ ਜਾਣਾ ਸਹੀ ਮੰਨਿਆ ਹੈ। [172] 'ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫ਼ਰ' ਵਿਚ ਗੁਰੂ ਜੀ ਦੁਆਰਾ ਢਾਕੇ ਤੋਂ ਬੈਟੀਕੁਲਾ (ਲੰਕਾ) ਜਾਣ ਸਮੇਂ ਜਗਨਨਾਥ ਪੁਰੀ ਜਾਣਾ ਮੰਨਿਆ ਹੈ। ਉਸ ਵਿਚ ਵੀ ਕਟਕ ਤੋਂ ਜਗਨਨਾਥ ਪੁਰੀ ਜਾਣ ਬਾਰੇ ਦਸਿਆ ਹੈ - *ਕਟਕ ਤੋਂ ਜਗਨਨਾਥ ਪੁਰੀ ਇਕ ਯਾਤਰੂਆਂ ਦਾ ਰਾਹ ਜਾਂਦਾ ਸੀ, ਜਿਸ ਨੂੰ ਜਗਨਨਾਥ ਦੀ ਸੜਕ ਵੀ ਕਹਿੰਦੇ ਸਨ।*

---

[170] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 379-80 (ਅੰਤਿਕਾ).

[171] ਉਹੀ, ਪੰਨਾ 122 (ਅੰਤਿਕਾ).

[172] ਉਹੀ, ਪੰਨਾ 70.

*ਇਸ ਰਾਹ ਤੇ ਚਲਦੇ ਹੋਏ ਆਪ ਪੁਰੀ ਪੁਜ ਗਏ।* [173] ਪਰ ਚਰਚਿਤ ਕ੍ਰਿਤੀ ਵਿਚ ਕਵਿ ਨੇ ਕਾਸ਼ੀ ਤੋਂ ਜਗਨਨਾਥ ਪੁਰ ਜਾਣਾ ਲਿਖਿਆ ਹੈ।[174]

ਅਗੇ ਗੁਰੂ ਨਾਨਕ ਦੇਵ ਜੀ ਮੁਨਾਫ਼ਕ ਦੇਸ ਜਾਂਦੇ ਹਨ। ਉਥੋਂ ਦੇ ਰਾਜੇ ਨੂੰ ਥੋੜਾ ਬੁਹਤ ਗਿਆਨ ਹੁੰਦਾ ਹੈ। ਜਦ ਵੀ ਲੋਕਾਂ ਨੂੰ ਮੀਂਹ ਦੀ ਲੋੜ ਹੁੰਦੀ ਹੈ, ਉਹ ਰਾਜੇ ਕੋਲ ਜਾ ਕੇ ਬੇਨਤੀ ਕਰਦੇ ਹਨ । ਰਾਜਾ ਇੰਦ੍ਰ ਦੇਵਤਾ ਦੇ ਮੰਤ੍ਰ ਪੜ੍ਹਦਾ ਹੈ ਅਤੇ ਵਰਖਾ ਹੋ ਜਾਂਦੀ ਹੈ। ਜਦੋਂ ਗੁਰੂ ਜੀ ਉਥੇ ਜਾਂਦੇ ਹਨ, ਤਾਂ ਉਹ ਇਕ ਖੇਤ ਵਿਚ ਡੇਰਾ ਲਗਾ ਲੈਂਦੇ ਹਨ। ਲੋਕ ਮੀਂਹ ਲਈ ਰਾਜੇ ਨੂੰ ਬੇਨਤੀ ਕਰਦੇ ਹਨ, ਪਰ ਰਾਜੇ ਦੇ ਮੰਤ੍ਰ ਪੜ੍ਹਣ ਨਾਲ ਵੀ ਮੀਂਹ ਨਹੀਂ ਪੈਦਾਂ। ਉਹ ਰੋਜ਼ ਰਾਜੇ ਕੋਲ ਜਾ ਕੇ ਬੇਨਤੀ ਕਰਦੇ ਹਨ। ਦਰਅਸਲ ਉਨ੍ਹਾਂ ਨੇ ਰਾਜੇ ਨੂੰ ਹੀ ਪਰਮਾਤਮਾ ਮੰਨਿਆ ਹੋਇਆ ਸੀ। ਜਿਸ ਖੇਤ ਵਿਚ ਗੁਰੂ ਜੀ ਬੈਠੇ ਸਨ, ਉਸ ਦੇ ਮਾਲਿਕ ਨੇ ਗੁਰੂ ਜੀ ਦੇ ਪੁਛਣ 'ਤੇ ਉਦਾਸੀ ਦਾ ਕਾਰਣ ਦਸਿਆ, ਗੁਰੂ ਜੀ ਨੇ ਕਰਤਾਰ ਦਾ ਸਿਮਰਨ ਕਰ ਕੇ ਖੇਤੀ ਕਰਣ ਲਈ ਕਿਹਾ। ਉਸ ਨੇ ਉਵੇਂ ਕੀਤਾ। ਸਾਰੇ ਨਗਰ ਵਿਚ ਕਰਤਾਰ ਦਾ ਸਿਮਰਨ ਹੋਣ ਲਗ ਗਿਆ, ਇਸ ਤਰ੍ਹਾਂ ਗੁਰੂ ਜੀ ਨੇ ਲੋਕਾਂ ਨੂੰ ਰਾਜੇ ਦੀ ਅਰਾਧਨਾ ਛਡ ਕੇ ਕਰਤਾਰ ਦੀ ਉਪਾਸਨਾ ਕਰਣ ਹਿਤ ਲੋਕਾਂ ਨੂੰ ਉਪਦੇਸ਼ ਦਿਤਾ। ਗੁਰੂ ਜੀ ਦੇ ਕਹਿਣ 'ਤੇ ਲੋਕਾਂ ਨੂੰ ਉਪਦੇਸ਼ ਦਿਤਾ। ਗੁਰੂ ਜੀ ਦੇ ਕਹਿਣ 'ਤੇ ਲੋਕਾਂ ਨੇ ਉਥੇ ਧਰਮਸਾਲ ਬਣਾਈ ਅਤੇ ਸੰਗਤ ਕਰਣ ਲਗੇ।

ਇਹ ਸਾਖੀ ਉਪਦੇਸ਼ਾਤਮਕ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮੁਨਾਫ਼ਕ ਦਾ ਅਰਥ ਇਹ ਦਸਿਆ ਹੈ- *ਨਫ਼ਾਕ (ਫੁਟ) ਰਖਣ ਵਾਲਾ। ਜਨਮਸਾਖੀਆਂ ਵਿਚ ਕਾਫ਼ਿਰਸਤਾਨ ਲਈ ਮੁਨਾਫਕ ਸ਼ਬਦ ਵਰਤਿਆ ਹੈ।*[175]

ਮੁਨਾਫ਼ਕ ਦੇਸ਼ ਜਾਂ ਕਾਫ਼ਿਰਸਤਾਨ ਬਾਰੇ ਸਾਡੇ ਖੋਜ-ਕਾਰਜ ਲਈ ਭਾਈ ਵੀਰ ਸਿੰਘ ਦੇ ਸ਼ਬਦ ਵੀ ਲਾਹੇਵੰਦ ਹੋਣਗੇ- *ਮੁਨਾਫਕ ਦੇਸ ਕਿਸੇ ਜਗਾ ਦਾ ਨਾਮ ਪ੍ਰਤੀਤ ਨਹੀਂ ਦੇਂਦਾ , ਇਹ ਲੋਕਾਂ ਦੇ ਪਰਮੇਸ਼ਰ ਨੂੰ*

---

[173] ਡਾ. ਫ਼ੌਜਾ ਸਿੰਘ, *ਐਟਲਸ ਗੁਰੂ ਨਾਨਕ ਦੇਵ ਜੀ ਦੇ* ਸਫ਼ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015, ਪੰਨਾ 55.

[174] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 404-405.

[175] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 987.

*ਨਾ ਜਾਣਨੇ ਕਰਕੇ ਏਸ ਦੇਸ ਦੀ ਅੱਲ ਹੋਣੀ ਹੈ ਤੇ ਇਸ ਨਾਮ ਕਰਕੇ ਸਦਿਆ ਗਿਆ ਹੈ। ਜੋ ਦਿਲ ਵਿਚ ਹੋਰ ਹੋਵੇ ਬਾਹਰੋਂ ਹੋਰ ਹੋਵੇ ਓਸਨੂੰ ਮੁਨਾਫਿਕ ਆਖਦੇ ਹਨ। ਪਤਾ ਨਹੀਂ ਅਸਲ ਜਨਮਸਾਖੀ ਵਿਚ ਕੀਹ ਪਦ ਸੀ, ਪਰ ਰਾਜਾ ਇੰਦਰ ਦਾ ਉਪਾਸ਼ਕ ਹੋਣ ਕਰਕੇ ਜਾਪਦਾ ਹੈ ਹਿੰਦ ਵਿਚ ਹੀ ਕੋਈ ਛੋਟੀ ਹਿੰਦੂ ਰਜਾਸਤ ਹੋਊ।*[176]

ਸੋ ਇਸ ਸਥਾਨ ਬਾਰੇ ਇਤਿਹਾਸਿਕ ਸ੍ਰੋਤਾਂ ਵਿਚ ਸਪਸ਼ਟ ਰੂਪ ਵਿਚ ਜ਼ਿਕਰ ਨਹੀਂ ਮਿਲਦਾ। ਅਗੇ ਗੁਰੂ ਜੀ ਇਕ ਨਗਰ ਵਿਚ ਜਾਂਦੇ ਹਨ, ਜਿਸ ਦਾ ਨਾਮ ਹਾਰੂਪੁਰ ਟਾਪੂ ਦਸਿਆ ਹੈ । ਉਥੇ ਛੇ ਮਹੀਨੇ ਬਾਅਦ ਲੋਕਾਂ ਦੇ ਘਰਾਂ ਨੂੰ ਅਗ ਲਗ ਜਾਂਦੀ ਹੈ। ਗੁਰੂ ਜੀ ਲੋਕਾਂ ਨੂੰ ਪਰਮਾਤਮਾ ਦਾ ਸਿਮਰਨ ਕਰਣ ਲਈ ਕਹਿੰਦੇ ਹਨ। ਜਦ ਅਗ ਦੇ ਡਰੋਂ ਲੋਕ ਘਰ ਛਡ ਕੇ ਜਾਣ ਲਗਦੇ ਹਨ, ਤਾਂ ਗੁਰੂ ਜੀ ਉਨ੍ਹਾਂ ਨੂੰ ਰੋਕ ਲੈਂਦੇ ਹਨ ਅਤੇ ਜੋ ਰਾਖਸ਼ ਉਨ੍ਹਾਂ ਦੇ ਘਰਾਂ ਨੂੰ ਅਗ ਲਾਉਂਦਾ ਸੀ, ਉਸ ਦਾ ਉਧਾਰ ਕਰਕੇ ਉਥੇ ਧਰਮਸਾਲਾ ਬਣਵਾ ਦਿੰਦੇ ਹਨ। ਉਨ੍ਹਾਂ ਨੂੰ ਉਪਦੇਸ ਦੇ ਕੇ ਗੁਰੂ ਜੀ ਅਗੇ ਉਸ ਸਥਾਨ ‘ਤੇ ਜਾਂਦੇ ਹਨ, ਜਿਥੇ ਲੋਕਾਂ ਦੇ ਘਰ ਛੇ ਮਹੀਨੇ ਬਾਅਦ ਸਮੁੰਦਰ ਉਜਾੜ ਦਿੰਦਾ ਸੀ। ਗੁਰੂ ਜੀ ਲੋਕਾਂ ਨੂੰ ਕਹਿੰਦੇ ਹਨ, ਕਿ ਘਰਾਂ ਨੂੰ ਕੁਝ ਨਹੀਂ ਹੋਵੇਗਾ ਜੇ ਯਕੀਨ ਨਹੀਂ ਤਾਂ ਵਾਪਸ ਆ ਕੇ ਦੇਖ ਲੈਣਾ। ਲੋਕ ਵਾਪਸ ਆ ਕੇ ਦੇਖਦੇ ਹਨ ਤਾਂ ਘਰ ਉਵੇਂ ਹੁੰਦੇ ਹਨ ਲੋਕ ਗੁਰੂ ਜੀ ਦੇ ਸੇਵਕ ਬਣ ਜਾਂਦੇ ਹਨ ਅਤੇ ਧਰਮਸਾਲਾ ਬਣਾਉਂਦੇ ਹਨ। ਗੁਰੂ ਜੀ ਅਗੇ ਹਾਰੂ ਦੇਸ਼ ਜਾਂਦੇ ਹਨ, ਜਿਥੇ ਇਕ ਸਰੇਵੜਾ (ਜੈਨੀ) ਲੋਕਾਂ ਨੂੰ ਮੰਤ੍ਰਾਂ ਨਾਲ ਮੀਂਹ, ਪੁਤ੍ਰ ਆਦਿ ਦੀ ਦਾਤ ਦਿੰਦਾ ਸੀ। ਸਾਰੇ ਲੋਕ ਉਸ ਦੀ ਪੂਜਾ ਕਰਦੇ ਸਨ। ਗੁਰੂ ਜੀ ਲੋਕਾਂ ਨੂੰ ਉਸਦੀ ਅਰਾਧਨਾ ਛਡ ਕੇ ਪਰਮਾਤਮਾ ਦੇ ਲੜ ਲਾਉਂਦੇ ਹਨ। ਸਰੇਵੜੇ ਨਾਲ ਵਿਚਾਰ ਵੀ ਕਰਦੇ ਹਨ। ਉਹ ਵੀ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ, ਉਥੇ ਵੀ ਇਕ ਧਰਮਸਾਲਾ ਬਣਵਾਈ ਜਾਂਦੀ ਹੈ।

---

[176] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 4 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1928, ਪੰਨਾ 965 (ਪਗ ਟਿਪਣੀ)

‘ ਭਾਈ ਮਨੀ ਸਿੰਘ ਵਾਲੀ ਜਨਮਸਾਖੀ’ ਵਿਚ ਇਹ ਮਾਨਸਰੋਵਰ ਦੇ ਨੇੜੇ ਇਕ ਨਗਰ ਦਸਿਆ ਹੈ। ਪਰ ਇਥੇ ਨਾਮ ਹਾਰੂ ਦੇਸ ਨਹੀਂ ਦਸਿਆ , ਬਲਕਿ ਸਰੇਵੜੇ ਨਾਲ ਮੁਲਾਕਾਤ ਦਾ ਜ਼ਿਕਰ ਕੀਤਾ ਹੈ।[177] ‘ਪੁਰਾਤਨ ਜਨਮਸਾਖੀ’ ਵਿਚ ਇਹ ਸਾਖੀ ਦਖਣ ਦੀ ਉਦਾਸੀ ਸਮੇਂ ਅੰਕਿਤ ਕੀਤੀ ਗਈ ਹੈ, ਜਿਥੇ ਸਰੇਵੜੇ ਦਾ ਨਾਮ ਅਨਭੀ ਦਸਿਆ ਹੈ।[178] ਭਾਈ ਵੀਰ ਸਿੰਘ ਨੇ ਹਾਰੂ ਦੇਸ ਬਾਰੇ ਕਿਹਾ ਹੈ - *ਇਸ ਧਜਾਇ ਵਿਚ ਜੋ ਥਾਂ ਆਏ ਹਨ ਜਾਪਦਾ ਹੈ ਕਿ ਗਿਰਨਾਰ ਆਦਿ ਟਿਕਾਣੇ ਫਿਰਦੇ ਗੁਜਰਾਤ ਦੇ ਇਲਾਕੇ ਗੁਰੂ ਜੀ ਵਿਚਰਦੇ ਰਹੇ ਹਨ, ਬਾਮੀਆਂ ਤੇ ਸਰੇਵੜਿਆਂ ਨੂੰ ਸੁਧਾਰਦੇ ਰਹੇ ਹਨ , ਕਿਨਾਰੇ ਤੋਂ ਸਮੁੰਦਰ ਖੇੜਾ ਲੰਘ ਕੇ ਕਿਸੇ ਟਾਪੂ ਜਾਣ ਤੋਂ ਖਜਾਲ ਹੁੰਦਾ ਹਾ ਕਿ ਆਪ ਦੁਆਰਕਾ ਤੋਂ ਬੇਟ ਦੁਆਰਕਾ ਗਏ ਹਨ ............. ਹਾਰੂੰ ਪਹਾੜ ਰੂਮ ਵਿਚ ਹੈ , ਪਰ ਓਥੇ ਸਰੇਵੜੇ ਨਹੀਂ ਹੁੰਦੇ , ਸਰੇਵੜੇ ਹਿੰਦ ਵਿਚ ਹਨ ਤੇ ਇਹ ਪਛੋਂ ਦਾ ਪਾਸਾ ਉਨ੍ਹਾਂ ਦੀ ਵਿਸ਼ੇਸ਼ ਵਸੋਂ ਹੁੰਦੀ ਸੀ।*[179]

ਡਾ. ਕਿਰਪਾਲ ਸਿੰਘ ਨੇ ਇਸ ਘਟਨਾ ਨੂੰ ਕਾਂਚੀਪੁਰਮ ਵਿਚ ਹੋਣ ਦੀ ਪੁਸ਼ਟੀ ਕੀਤੀ ਹੈ - *ਵਲਾਇਤ ਵਾਲੀ ਜਨਮਸਾਖੀ ਵਿਚ ਜੈਨੀ ਮਠ ਦੇ ਪੁਜਾਰੀ ਦਾ ਨਾਂ ਅਨੁਭਵੀ ਲਿਖਿਆ ਹੈ ਤੇ ਦਸਿਆ ਹੈ ਕਿ ਅਨੁਭਵੀ ਸਰੇਵੜਾ ਗੁਰੂ ਜੀ ਨੂੰ ਦੱਖਣ ਦੀ ਉਦਾਸੀ ਵਿਚ ਮਿਲਿਆ ਸੀ। ਜੈਨੀਆ ਦਾ ਇਕ ਪ੍ਰਸਿਧ ਤੇ ਪੁਰਾਣਾ ਮੰਦਰ ਕਾਂਚੀ ਕੋਲ ਸੀ। ਇਸ ਲਈ ਇਹ ਸਾਖੀ ਇਥੇ ਹੀ ਹੋਈ ਜਾਪਦੀ ਹੈ , ਕਾਂਚੀ ਪੁਰਾਣੇ ਰਾਤ ਤੇ ਸੀ ਜੋ*

---

[177] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 385. (ਅੰਤਿਕਾ)

[178] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਉਨ੍ਹੀਵੀਂ ਵਾਰ, 2014, ਪੰਨਾ 135-37.

[179] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 4 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1928, ਪੰਨਾ 871-72 (ਪਗ ਟਿਪਣੀ)

*ਤ੍ਰਿਣਮਲਾਏ ਤੇ ਸ੍ਰੀ ਰੰਗਮ ਨੂੰ ਜਾਂਦਾ ਸੀ। ਇਸ ਗਲ ਤੋਂ ਵੀ ਅਨੁਭਵੀ ਸਰੇਵੜੇ ਦੀ ਸਾਖੀ ਇਥੇ ਹੋਣ ਦੀ ਪੁਸ਼ਟੀ ਹੁੰਦੀ ਹੈ।*[180]

ਸੋ ਚਰਚਿਤ ਕ੍ਰਿਤੀ ਵਿਚ ਇਸ ਘਟਨਾ ਨੂੰ ਬਿਆਨ ਤਾਂ ਕੀਤਾ ਗਿਆ ਹੈ, ਪਰ ਇਸ ਦੇ ਸਥਾਨ ਦੀ ਪੁਸ਼ਟੀ ਨਹੀਂ ਕੀਤੀ। ਜੇਕਰ ਇਹ ਘਟਨਾ ਕਾਂਚੀਪੁਰਮ ਵਿਚ ਹੋਈ ਤਾਂ ਇਹ ਹਾਰੂ ਦੇਸ਼ ਦਾ ਨਾਮ ਤਰਕ ਸੰਗਤ ਨਹੀਂ ਹੈ। ਜਗਨਨਾਥ ਪੁਰੀ ਤੋਂ ਕਾਂਚੀਪੁਰਮ ਜਾਣਾ ਸਹੀ ਜਾਪਦਾ ਹੈ। ਅਗੇ ਗੁਰੂ ਜੀ ਭੁਟੰਤ ਦੇਸ਼ ਤੋਂ ਹੁੰਦੇ ਹੋਏ ਕਸ਼ਮੀਰ ਪਹੁੰਚਦੇ ਹਨ। ਭੁਟੰਤ ਦੇਸ਼ ਵਿਚ ਅਗ ਨਹੀਂ ਹੁੰਦੀ , ਉਥੋਂ ਦੇ ਲੋਕ ਮਾਸ ਖਾਂਦੇ ਹਨ। ਭਾਈ ਵੀਰ ਸਿੰਘ ਨੇ ਇਸ ਨੂੰ ਭੁਟਾਨ ਵਲ ਇਸ਼ਾਰਾ ਦਸਿਆ ਹੈ।[181] ਪਰ ਕਵਿ ਜਗਨਨਾਥ ਪੁਰੀ ਦੇ ਨੇੜੇ ਕਿਸੇ ਹਾਰੂ ਦੇਸ਼ ਦੀ ਗਲ ਕਰ ਰਿਹਾ ਹੈ ਅਤੇ ਭੂਟਾਨ ਉਥੋਂ ਬਹੁਤ ਦੂਰ ਹੈ। ਅਗਲੀ ਸਾਖੀ ਵਿਚ ਕਵਿ ਨੇ ਕਸ਼ਮੀਰ ਦੀ ਯਾਤ੍ਰਾ ਦੀ ਸਾਖੀ ਦਸੀ ਹੈ। ਸੋ ਕਸ਼ਮੀਰ ਵੀ ਜਗਨਨਾਥ ਜਾਂ ਭੂਟਾਨ ਤੋਂ ਦੂਰ ਹੈ। ਇਸ ਲਈ ਇਥੇ ਵੀ ਕਵਿ ਦੀ ਭੂਗੋਲਿਕ ਊਣਤਾਈ ਸਾਹਮਣੇ ਆਉਂਦੀ ਹੈ।

ਗੁਰੂ ਜੀ ਕਸ਼ਮੀਰ ਨੂੰ ਜਾਂਦੇ ਹਨ। ਰਸਤੇ ਵਿਚ ਇਕ ਸਥਾਨ ਉਤੇ 13 ਦਿਨ ਬੈਠੇ ਰਹਿੰਦੇ ਹਨ ਉਥੇ ਇਕ ਆਜੜੀ ਗੁਰੂ ਜੀ ਨੂੰ ਮੰਦਾ ਬੋਲਦਾ ਹੈ । ਉਸ ਦੇ ਪਸ਼ੂ ਮਰ ਜਾਂਦੇ ਹਨ । ਫਿਰ ਉਹ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ ਅਤੇ ਸਾਰੇ ਕਸ਼ਮੀਰ ਵਿਚ ਗੁਰੂ ਜੀ ਦੀ ਚਰਚਾ ਹੋ ਜਾਂਦੀ ਹੈ। ਇਕ ਅਹੰਕਾਰ ਗ੍ਰਸਤ ਪੰਡਿਤ ਗੁਰੂ ਜੀ ਨਾਲ ਵਿਚਾਰ ਕਰਦਾ ਹੈ ਅਤੇ ਗੁਰੂ ਜੀ ਉਪਦੇਸ਼ ਦਿੰਦੇ ਹਨ, ਕਿ ਗੁਰੂ ਧਾਰਣ ਕਰ ਲਏ। ਉਹ ਚਾਰੇ ਪਾਸੇ ਘੁੰਮਦਾ ਹੈ। ਉਸਨੂੰ ਸਮਝ ਆ ਜਾਂਦੀ ਹੈ, ਕਿ ਗੁਰੂ ਨਾਨਕ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਫਿਰ ਗੁਰੂ ਜੀ ਕਾਬਲ ਪਹੁੰਚਦੇ ਹਨ, ਜਿਥੇ ਉਹ ਇਕ ਮਸੀਤ ਵਿਚ ਚਲੇ ਜਾਂਦੇ ਹਨ । ਕਾਜ਼ੀ ਉਨ੍ਹਾਂ ਨੂੰ ਮਸੀਤ ਵਿਚੋਂ ਬਾਹਰ ਜਾਣ ਨੂੰ ਕਹਿੰਦਾ ਹੈ । ਗੁਰੂ ਜੀ ਦੇ ਕੌਤੁਕ ਨਾਲ ਮਸੀਤ ਘੁੰਮਣ ਲਗ ਜਾਂਦੀ

---

[180] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 75.

[181] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 4 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1928, ਪੰਨਾ 877 (ਪਗ ਟਿਪਣੀ)

ਹੈ ਅਤੇ ਮੁਆਫ਼ੀ ਮੰਗਣ ‘ਤੇ ਗੁਰੂ ਜੀ ਉਸ ਨੂੰ ਮੁਆਫ਼ ਕਰਦੇ ਹਨ ਅਤੇ ਉਪਦੇਸ਼ ਦੇ ਕੇ ਅਗੇ ਚਲੇ ਜਾਂਦੇ ਹਨ। ਜਿਥੇ ਉਹ ਇਕ ਪਠਾਣ ਨੂੰ ਧਰਮ ਦਾ ਉਚਿਤ ਮਾਰਗ ਦਰਸਾ ਕੇ ਉਸਨੂੰ ਸਿਧੇ ਰਸਤੇ ਪਾਉਂਦੇ ਹਨ।

ਗੁਰੂ ਜੀ ਕਸ਼ਮੀਰ ਵਿਚ ਹੀ ਇਕ ਬਾਲਕ ਨੂੰ ਮਿਲਦੇ ਹਨ । ਉਹ ਗੁਰੂ ਜੀ ਦੀ ਸੇਵਾ ਕਰਦਾ ਹੈ । ਗੁਰੂ ਜੀ ਉਸਨੂੰ ਰਾਜ ਪ੍ਰਾਪਤੀ ਦਾ ਵਰ ਦਿੰਦੇ ਹਨ। ਉਹ ਬਾਲਕ ਖੇਤ ਦੀ ਰਾਖੀ ਕਰ ਰਿਹਾ ਹੁੰਦਾ ਹੈ । ਰਾਤ ਨੂੰ ਵੀ ਖੇਤ ਵਿਚ ਹੀ ਰਹਿੰਦਾ ਹੈ। ਦੂਜੇ ਪਾਸੇ ਰਾਜੇ ਦੇ ਕੋਈ ਸੰਤਾਨ ਨਹੀਂ ਸੀ । ਉਹ ਮਰ ਜਾਂਦਾ ਹੈ। ਮੰਤ੍ਰੀ ਇਹ ਮਤਾ ਪਾਉਂਦੇ ਹਨ, ਕਿ ਅਗਲੀ ਸਵੇਰ ਜੋ ਵੀ ਮਨੁਖ ਸ਼ਹਿਰ ਦੇ ਦਰਵਾਜ਼ੇ ‘ਤੇ ਸਭ ਤੋਂ ਪਹਿਲਾਂ ਆਵੇਗਾ, ਉਹੋ ਇਥੋਂ ਦਾ ਰਾਜਾ ਹੋਵੇਗਾ ਉਹ ਬਾਲਕ ਸਵੇਰੇ ਸਭ ਤੋਂ ਪਹਿਲਾਂ ਉਸ ਦਰਵਾਜ਼ੇ ਉਤੇ ਪੁਜ ਜਾਂਦਾ ਹੈ ਅਤੇ ਰਾਜ ਪ੍ਰਾਪਤ ਕਰਦਾ ਹੈ। ਦੂਜੀ ਸਾਖੀ ਚੋਰਾਂ ਦੀ ਹੈ। ਅਗੇ ਇਕ ਨਗਰ ਠਗਾਂ ਦਾ ਹੁੰਦਾ ਹੈ । ਗੁਰੂ ਜੀ ਨਵੇਂ ਵਿਆਹ ਦਾ ਸਵਾਂਗ ਧਾਰ ਕੇ, ਉਸ ਨਗਰ ਵਿਚ ਜਾਂਦੇ ਹਨ। ਰਾਤ ਨੂੰ ਉਹ ਠਗ ਲੁਟਣ ਦੀ ਇਛਾ ਨਾਲ ਗੁਰੂ ਜੀ ਨੂੰ ਘਰ ਲੈ ਜਾਂਦੇ ਹਨ ਅਤੇ ਸਵੇਰੇ ਉਹਨਾਂ ਤੋਂ ਉਠ ਨਹੀਂ ਹੁੰਦਾ । ਗੁਰੂ ਜੀ ਸਵੇਰੇ ਹੀ ਚਲੇ ਜਾਂਦੇ ਹਨ। ਉਹ ਠਗ ਗੁਰੂ ਜੀ ਦੇ ਪਿਛੇ ਜਾਂਦੇ ਹਨ। ਫਿਰ ਉਨ੍ਹਾਂ ਨਾਲ ਸਿਵੇ ਵਾਲੀ ਘਟਨਾ ਵਾਪਰਦੀ ਹੈ, ਜਿਸ ਵਿਚ ਗੁਰੂ ਜੀ ਦੀ ਉਂਗਲ ਕਰਣ ਨਾਲ ਜਮ ਆਤਮਾ ਨੂੰ ਛਡ ਜਾਂਦੇ ਹਨ ਅਤੇ ਦੇਵਗਣ ਉਸ ਨੂੰ ਲੈ ਕੇ ਜਾਂਦੇ ਹਨ। ਉਹ ਠਗ ਗੁਰੂ ਜੀ ਤੋਂ ਮੁਆਫ਼ੀ ਮੰਗ ਕੇ ਗੁਰੂ ਜੀ ਦੇ ਸੇਵਕ ਬਣ ਜਾਂਦੇ ਹਨ ਅਤੇ ਧਰਮਸਾਲ ਬਣਾ ਕੇ ਸੰਗਤ ਕਰਦੇ ਹਨ। ਉਥੋਂ ਗੁਰੂ ਜੀ ਅਗੇ ਜਾਂਦੇ ਹਨ।

ਕਸ਼ਮੀਰ ਦੇ ਵਿਚ ਕਵਿ ਨੇ ਪੰਜ ਸਾਖੀਆਂ ਦਸੀਆਂ ਹਨ। ਹੁਣ ਜੇਕਰ ਭੂਗੋਲਿਕ ਸਥਿਤੀ ਨੂੰ ਵਿਚਾਰਿਆ ਜਾਵੇ, ਤਾਂ ਅਸੀਂ ਦੇਖਦੇ ਹਾਂ ਕਿ ਕਵਿ ਨੇ ਇਥੇ ਕਾਲਪਨਿਕ ਉਡਾਰੀਆਂ ਤੋਂ ਹੀ ਕਾਰਜ ਸਿਧ ਕਰਣ ਦਾ ਯਤਨ ਕੀਤਾ ਹੈ। ਚਰਚਿਤ ਕ੍ਰਿਤੀ ਵਿਚ ਗੁਰੂ ਜੀ ਭੁਟੰਤ ਦੇਸ਼ ਤੋਂ ਜਾਂ ਜਿਥੇ ਅਗ ਨਹੀਂ ਹੈ , ਤੋਂ ਕਸ਼ਮੀਰ ਜਾਂਦੇ ਹਨ। ਇਹ ਵਿਚਾਰ ਤਾਂ ਸਹੀ ਹੈ, ਕਿ ਇਹ ਸਾਰੇ ਹੀ ਲਛਣ ਪਹਾੜੀ ਖੇਤ੍ਰ ਦੇ ਹਨ, ਪਰ ਜੇਕਰ ਭੁਟੰਤ ਦਾ ਸੰਕੇਤ ਭੂਟਾਨ ਵਲ ਹੈ, ਤਾਂ ਉਥੋਂ ਕਸ਼ਮੀਰ ਦਾ ਪੈਂਡਾ ਲੰਮਾ ਹੈ। ਇਸ ਲਈ ਇਥੇ ਵੀ ਕਵਿ ਦੀ ਭੂਗੋਲਿਕਤਾ ਬਾਰੇ ਊਣਤਾਈ ਦੇਖਣ ਨੂੰ ਮਿਲਦੀ ਹੈ। ਡਾ . ਕਿਰਪਾਲ ਸਿੰਘ ਨੇ ਕਸ਼ਮੀਰ ਦੀ ਯਾਤਰਾ ਬਾਰੇ ਕਿਹਾ ਹੈ - *ਸਾਰੀਆਂ ਜਨਮ ਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਕੈਲਾਸ਼ (ਸੁਮੇਰ) ਪਰਬਤ*

*ਤੇ ਕਸ਼ਮੀਰ ਜਾਣਾ ਉਤਰ ਦੀ ਉਦਾਸੀ ਵਿਚ ਲਿਖਿਆ ਹੈ। ਉਸ ਹਾਲਤ ਵਿਚ ਗੁਰੂ ਸਾਹਿਬ ਦਾ ਕੈਲਾਸ਼ ਪਰਬਤ ਤੋਂ ਮੁੜ ਕੇ ਲਦਾਖ ਕਸ਼ਮੀਰ ਵਿਚ ਆਉਣਾ ਠੀਕ ਜਾਪਦਾ ਹੈ।*[182]

ਸੋ ਇਹ ਅੰਦਾਜ਼ਾ ਸਹੀ ਜਾਪਦਾ ਹੈ, ਪਰ ਕਵਿ ਨੇ ਭੂਟਾਨ ਤੋਂ ਕਸ਼ਮੀਰ ਆਉਣਾ ਲਿਖਿਆ ਹੈ। ਇਥੇ ਜਿਸ ਪੰਡਿਤ ਨਾਲ ਗੁਰੂ ਜੀ ਦੀ ਚਰਚਾ ਹੋਈ ਸੀ, ਉਸ ਦਾ ਨਾਮ ਬ੍ਰਹਮ ਦਾਸ ਲਿਖਿਆ ਮਿਲਦਾ ਹੈ।[183] ਪਰ ਕਵਿ ਨੇ ਉਸ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ। ਇਸੇ ਸਾਖੀ ਵਿਚ ਗੁਰੂ ਜੀ ਕਸ਼ਮੀਰ ਤੋਂ ਕਾਬੁਲ ਜਾਂਦੇ ਹਨ-

ਕਿਤਕ ਕਾਲ ਤਿਹ ਕੀਨ ਨਿਵਾਸਾ॥ ਪੁਨ ਆਗੈ ਗਮਨੇ ਸੁਖਰਾਸਾ॥
ਕਾਬਲ ਨਗਰ ਪਹੂਚੇ ਜਾਈ॥ ਤੁਰਕਨ ਕੋ ਬਲ ਜਿਹ ਅਧਿਕਾਈ॥[184]

ਕਾਬੁਲ ਵਿਚ ਮਸੀਤ ਘੁੰਮਣ ਵਾਲੀ ਸਾਖੀ ਤੋਂ ਇਹ ਪਰਤੀਤ ਹੁੰਦਾ ਹੈ, ਕਿ ਕਵਿ ਨੇ ਮਕੇ ਵਾਲੀ ਸਾਖੀ ਦੀ ਨਕਲ ਕਰਕੇ ਹੀ ਮਸੀਤ ਘੁੰਮਣ ਵਾਲੀ ਸਾਖੀ ਅੰਕਿਤ ਕਰ ਦਿਤੀ , ਜਾਂ ਜੇਕਰ ਕਿਸੇ ਲਿਖਤ ਤੋਂ ਉਤਾਰਾ ਕੀਤਾ ਹੈ, ਤਾਂ ਇਸ ਦੀ ਪੜਚੋਲ ਨਹੀਂ ਕੀਤੀ ਗਈ। ਹੈਰਾਨੀ ਇਸ ਤੋਂ ਅਗਲੀ ਸਾਖੀ ਤੋਂ ਹੁੰਦੀ ਹੈ। ਅਗਲੀ ਸਾਖੀ ਵਿਚ ਗੁਰੂ ਜੀ ਦੁਆਰਾ ਪਠਾਣਾਂ ਨੂੰ ਉਪਦੇਸ਼ ਦਿਤਾ ਗਿਆ ਹੈ। ਰੌਚਕ ਤਥ ਇਹ ਹੈ, ਕਿ ਇਸ ਦੇ ਆਰੰਭ ਵਿਚ ਕਵਿ ਕਹਿੰਦਾ ਹੈ, ਗੁਰੂ ਜੀ ਬਾਲਾ ਅਤੇ ਮਰਦਾਨਾ ਨੂੰ ਕਸ਼ਮੀਰ ਵਿਚ ਛਡ ਕੇ ਅਗੇ ਪਠਾਣਾਂ ਦੇ ਦੇਸ਼ ਵਿਚ ਗਏ-

ਸ੍ਰੀ ਅੰਗਦ ਸੁਨ ਕਥਾ ਰਸਾਲਾ॥ ਆਗੈ ਗਮਨੇ ਤਬੈ ਕ੍ਰਿਪਾਲਾ॥
ਮੈ ਅਰੁ ਮਰਦਾਨਾ ਤਬ ਦੋਊ॥ ਕਾਸਮੀਰ ਮੈ ਛਾਡੈ ਜੋਊ॥[185]

---

[182] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 107. (ਪਗ ਟਿਪਣੀ)

[183] ਉਹੀ.

[184] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 432.

[185] ਉਹੀ, ਪੰਨਾ 434.

ਕਾਬੁਲ ਤੋਂ ਵਾਪਸ ਆਉਣ ਦਾ ਜ਼ਿਕਰ ਕਿਧਰੇ ਵੀ ਨਹੀਂ ਕੀਤਾ। ਇਸ ਤਰ੍ਹਾਂ ਲਗਦਾ ਹੈ, ਕਿ ਕਵਿ ਕਾਬੁਲ ਨੂੰ ਕਸ਼ਮੀਰ ਵਿਚ ਹੀ ਸਮਝਦਾ ਹੈ। ਜਦਕਿ ਕਸ਼ਮੀਰ ਦਾ ਕਾਬੁਲ ਨਾਲੋਂ ਅੰਤਰ ਹੈ। ਪਠਾਣਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਫਿਰ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਜਾਣ ਲਈ ਕਸ਼ਮੀਰ ਵਾਪਸ ਆਏ-

ਸ੍ਰੀ ਅੰਗਦ ਸੁਨ ਸੁਧਾ ਕਹਾਨੀ॥ ਕਾਸਮੀਰ ਪਹੁਚੇ ਗਤਿ ਦਾਨੀ॥

ਮੁਝ ਅਰੁ ਮਰਦਾਨੇ ਲੈ ਸਾਥਾ॥ ਆਗੈ ਗਮਨ ਕੀਨ ਜਗ ਨਾਥਾ॥[186]

ਇਸ ਤੋਂ ਅਗੇ ਸੁਲਤਾਨ ਵਾਲੀ, ਵਪਾਰੀ ਅਤੇ ਠਗਾਂ ਦੀ ਸਾਖੀ ਹੈ। ਕਵਿ ਨੇ ਇਨ੍ਹਾਂ ਵਿਚ ਕਿਸੇ ਦਾ ਵੀ ਸਥਾਨ ਨਿਸ਼ਚਿਤ ਨਹੀਂ ਕੀਤਾ। ਇਤਨਾ ਕੁ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਕਿ ਕਵਿ ਕਸ਼ਮੀਰ ਦੀਆਂ ਘਟਨਾਵਾਂ ਦਾ ਜ਼ਿਕਰ ਕਰ ਰਿਹਾ ਹੈ। ਇਸ ਲਈ ਕਵਿ ਅਨੁਸਾਰ ਇਹ ਕਸ਼ਮੀਰ ਦੇ ਖੇਤ੍ਰ ਦੀਆਂ ਹੀ ਘਟਨਾਵਾਂ ਹਨ। ਇਨ੍ਹਾਂ ਸਾਖੀਆਂ ਤੋਂ ਅਗੇ ਭੂਮੀਏ ਚੋਰ ਦੀ ਸਾਖੀ ਅੰਕਿਤ ਕੀਤੀ ਗਈ ਹੈ। ਗੁਰੂ ਜੀ ਉਸ ਤੋਂ ਤਿੰਨ ਪ੍ਰਤਿਗਿਆ ਲੈਂਦੇ ਹਨ- ਮੁਖ ਤੋਂ ਮੰਦਾ ਨਹੀਂ ਬੋਲਣਾ, ਨਮਕ ਹਰਾਮੀ ਨਹੀਂ ਕਰਣੀ, ਗ਼ਰੀਬ ਨੂੰ ਦੁਖੀ ਨਹੀਂ ਕਰਣਾ। ਫਿਰ ਉਹ ਜਿਸ ਰਾਜੇ ਦੇ ਚੋਰੀ ਕਰਣ ਜਾਂਦਾ ਹੈ, ਤਾਂ ਉਥੇ ਨਮਕ ਖਾ ਲੈਂਦਾ ਹੈ। ਪ੍ਰਣ ਯਾਦ ਕਰਕੇ ਉਹ ਚੋਰੀ ਦੀ ਵਸਤ ਉਥੇ ਹੀ ਛਡ ਜਾਂਦਾ ਹੈ। 'ਸ੍ਰੀ ਨਾਨਕ ਪ੍ਰਕਾਸ਼' ਅਤੇ 'ਭਾਈ ਬਾਲਾ ਵਾਲੀ ਜਨਮਸਾਖੀ' ਵਿਚ ਇਹ ਸਾਖੀ ਅੰਕਿਤ ਨਹੀਂ ਹੈ। ਡਾ. ਗੁਰਬਚਨ ਕੌਰ ਅਨੁਸਾਰ ਭੂਮੀਏ ਚੋਰ ਵਾਲੀ ਸਾਖੀ ਦਾ 'ਭਾਈ ਬਾਲਾ ਵਾਲੀ ਜਨਮਸਾਖੀ' ਵਿਚ ਪ੍ਰਵੇਸ਼ 1797 ਵਿਕ੍ਰਮੀ (1740 ਈ.) ਵਿਚ ਹੁੰਦਾ ਹੈ-

"*ਦੂਜਾ ਹੱਲਾ ਸੰਮਤ 1797 ਬਿ. (1740 ਈ.) ਵਿਚ ਹੋਇਆ। ਇਸ ਵਿਚ ਅਗੇ ਲਿਖੀਆਂ 14 ਹੋਰ ਨਵੀਆਂ ਸਾਖੀਆਂ ਦਾ ਪ੍ਰਵੇਸ਼ ਪਹਿਲੀ ਵਾਰ ਹੋਇਆ ਹੈ; ਖੇਤ ਹਰਿਆ ਕਰਣਾ, ਬਿਸਨ ਲੋਕ ਵਿਚ ਦੁਰਗਾ ਨਾਲ ਵਾਰਤਾਲਾਪ, ਅਗੇ ਸੁੰਨ ਅਕਾਰਿ ਦੇ ਮੰਡਲ ਕੀ /ਸਚਖੰਡ ਗਏ, ਦੀਪਾਲੂ ਸ਼ਹਿਰ ਭਾਗ ਚੰਦ ਤੇ ਕਾਮਵੰਤੀ ਨਾਲ, ਰੁਹੇਲਿਆਂ ਦੇ ਖੰਡ ਗਏ, ਮਲੀਣ ਨਗਰ ਘੇਹੋ ਤੇ ਸੈਦੋ ਜੱਟ ਨਾਲ, ਕਲਜੁਗ, ਕੀੜ ਨਗਰ, ਸਾਖੀ ਭੂਮੀਏ ਚੋਰ ਨਾਲ ਹੋਈ, ਕਰੋੜੀਆ.............. ਸਾਖੀ ਚਲਾਣੇ ਦੀ।*"[187]

---

[186] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 434.

[187] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987, ਪੰਨਾ 113-114.

ਭੂਮੀਏ ਚੋਰ ਦੀ ਸਾਖੀ 'ਪ੍ਰਾਚੀਨ ਜਨਮਸਾਖੀ' ਵਿਚ ਦਰਜ ਹੈ ,[188] ਪਰ ਇਸ ਜਨਮਸਾਖੀ ਵਿਚ ਇਸ ਦਾ ਸਥਾਨ ਅੰਕਿਤ ਨਹੀਂ ਹੈ । ਪਰ ਕੁਝ ਭੂਗੋਲਕਿ ਸੰਕੇਤ ਦਿਤੇ ਹਨ - *ਸ੍ਰੀ ਬਾਬਾ ਜੀ ਅਗਲਿਆ ਤੀਰਥਾ ਕਉ ਚਲੇ। ਗੰਗਾ , ਗੁਦਾਉਰੀ, ਗਇਆ, ਪਿਰਾਗੁ ਬਨਾਰਸੀ , ਗੋਮਤੀ, ਅਜੁਧਿਆ, ਦੁਆਰਕਾ, ਜਗੰਨਾਥ, ਉਡੀਸਾ ਅਠਸਠ ਤੀਰਥ ਕਰੇ , ਇਸਨਾਨ ਕਰਿਆ, ਸਭੁ ਧਰਤੀ ਦੇਖੀ। ਸ੍ਰੀ ਗੁਰੂ ਪੂਰਾ ਸ੍ਰੀ ਬਾਬਾ ਜੀ ਸਮੁੰਦਰ ਕੇ ਸਿਰੇ ਉਸ ਧਰਤੀ ਜਾਇ ਕੈ ਸਮੁੰਦ੍ਰ ਕੇ ਕਿਨਾਰੇ ਤੇ ਫਿਰੁ ਫਿਰੇ। ਆਉਂਦੇ ਆਉਂਦੇ ਇਕ ਭੋਮੀਆ ਬਡਾ ਜਿਮੀਦਾਰੁ ਥਾ।*[189]

ਡਾ. ਰਤਨ ਸਿੰਘ ਜੱਗੀ ਨੇ 'ਪ੍ਰਾਚੀਨ ਜਨਮਸਾਖੀ' ਬਾਰੇ ਜਾਣਕਾਰੀ ਦਿੰਦਿਆਂ, ਇਸ ਸਾਖੀ ਦਾ ਜ਼ਿਕਰ ਕੀਤਾ ਹੈ- *ਇਸ ਵਿਚ ਭੂਮੀਆ ਚੋਰ ਦੀ ਸਾਖੀ ਵੀ ਦਰਜ ਹੈ। ਇਹ ਸਾਖੀ ਬਹੁਤ ਨਵੀਨ ਹੈ।*[190]

' ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਹੱਥ-ਲਿਖਤ Panj. B 40' ਵਿਚ ਭੂਮੀਆ ਚੋਰ ਦੀ ਸਾਖੀ ਦਰਜ ਹੈ। ਉਸ ਵਿਚ ਇਹ ਸਾਖੀ ਹਿਵੰਚਲ ਤੋਂ ਗੁਜਰਾਤ , ਗੁਜਰਾਤ ਤੋਂ ਠਗਾਂ ਦੇ ਨਗਰ ਅਤੇ ਠਗਾਂ ਦੇ ਨਗਰ ਤੋਂ ਭੂਮੀਏ ਚੋਰ ਕੋਲ ਪੁਜਣ ਵਾਲੀ ਸਾਖੀਆਂ ਨਾਲ ਅੰਕਿਤ ਹੈ। ਹਿਮਾਚਲ ਤਾਂ ਪਹਾੜੀ ਖੇਤ੍ਰ ਹੈ, ਪਰ ਗੁਜਰਾਤ ਕਿਹੜੇ ਖੇਤ੍ਰ ਦੀ ਗਲ ਕਰਤਾ ਨੇ ਕੀਤੀ ਹੈ, ਇਸ ਦਾ ਨਹੀਂ ਪਤਾ। ਫਿਰ ਉਥੋਂ ਠਗਾਂ ਦੇ ਨਗਰ ਦਾ ਅਤੇ ਭੂਮੀਏ ਦੇ ਨਗਰ ਦਾ ਵੀ ਕੋਈ ਥਹੁ ਪਤਾ ਨਹੀਂ ਦਸਿਆ।[191]

ਜਿਵੇਂ ਕਿ ਅਸੀਂ ਉਪਰ ਵਿਚਾਰ ਕੀਤੀ ਸੀ, ਕਿ ਕਵਿ ਦਾ ਮੰਨਣਾ ਹੈ ਚਰਚਿਤ ਕ੍ਰਿਤੀ ਦਾ ਆਧਾਰ 'ਭਾਈ ਬਾਲੇ ਵਾਲੀ ਜਨਮਸਾਖੀ' ਅਤੇ 'ਸ੍ਰੀ ਨਾਨਕ ਪ੍ਰਕਾਸ਼' ਹਨ, ਉਨ੍ਹਾਂ ਵਿਚ ਵੀ ਇਹ ਸਾਖੀ ਦਰਜ ਨਹੀਂ ਹੈ। ਸੋ ਸੰਭਾਵਨਾ ਹੈ, ਕਿ ਜਾਂ ਤਾਂ ਕਵਿ ਕੋਲ 'ਭਾਈ ਬਾਲੇ ਵਾਲੀ ਜਨਮਸਾਖੀ' ਬਹੁਤ ਬਾਅਦ ਵਾਲੀ ਪ੍ਰਤਿ

---

[188] ਸੇਵਕ, ਸੇਵਾ ਸਿੰਘ, *ਪ੍ਰਾਚੀਨ ਜਨਮ ਸਾਖੀ,* ਨਿਊ ਬੁੱਕ ਕੰਪਨੀ, ਜਲੰਧਰ, ਦੂਜੀ ਵਾਰ, 2006, ਪੰਨਾ 225-230.

[189] ਉਹੀ, ਪੰਨਾ 225.

[190] ਜੱਗੀ, ਡਾ. ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1184.

[191] ਡਾ. ਪਿਆਰ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974, ਪੰਨਾ 127-132.

ਜਿਸ ਵਿਚ ਰਲਾ ਹੋਇਆ ਹੈ , ਉਹ ਹੋਵੇਗੀ ਜਾਂ ਹੋਰ ਵੀ ਸ੍ਰੋਤ-ਗ੍ਰੰਥ ਸਾਹਮਣੇ ਹੋਣਗੇ , ਜਿਨ੍ਹਾਂ ਉਤੇ ਆਧਾਰਿਤ ਇਹ ਸਾਖੀ ਦਰਜ ਕੀਤੀ ਹੈ।

'ਪ੍ਰਾਚੀਨ ਜਨਮਸਾਖੀ' ਦੇ ਕਰਤਾ ਦਾ ਇਸ਼ਾਰਾ ਸਮੁੰਦਰ ਦੇ ਕਿਨਾਰੇ ਭੂਮੀਏ ਚੋਰ ਨਾਲ ਮਿਲਾਪ ਦੀ ਵਾਰਤਾ ਹੈ, ਪਰ ਵਿਚਾਰਾਧੀਨ ਕ੍ਰਿਤੀ ਵਿਚ ਇਹ ਘਟਨਾ ਪਹਾੜੀ ਖੇਤ੍ਰ ਵਿਚ ਵਾਪਰੀ ਲਗਦੀ ਹੈ। ਸੋ ਇਹ ਦੋਨੋਂ ਵਿਪਰੀਤ ਗਲਾਂ ਹਨ। ਹੁਣ 'ਪ੍ਰਾਚੀਨ ਜਨਮਸਾਖੀ' ਦੀ ਮੌਲਿਕਤਾ ਦੀ ਵੀ ਵਿਚਾਰ ਕਰ ਲਈਏ - *ਇਸ ਸਾਖੀ ਦਾ ਪ੍ਰਸਤੁਤ ਸੰਗ੍ਰਹਿ ਵਿਚ ਸੰਕਲਿਤ ਹੋਣਾ, ਇਸ ਦੀ ਆਧਾਰ ਪੋਥੀ ਨੂੰ 1733 ਈ. ਤੋਂ ਪਹਿਲਾਂ ਦਾ ਸਿਧ ਨਹੀਂ ਕਰਦਾ ਅਤੇ ਨ ਹੀ ਇਹ ਸਾਬਤ ਹੁੰਦਾ ਹੈ ਕਿ ਇਹ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਿਚ ਲਿਖੀ ਜਨਮਸਾਖੀ ਦੀ ਨਕਲ ਹੈ। ਸਗੋਂ ਅਨੇਕ ਜਨਮਸਾਖੀਆਂ ਵਿਚੋਂ ਲਏ ਗਏ ਬੇਮੇਲੇ ਤੱਤ੍ਵਾਂ ਦਾ ਇਕ ਅਜਿਹਾ ਸਾਖੀ-ਸੰਗ੍ਰਹਿ ਹੈ ਜਿਸ ਦੀ ਯੋਜਨਾ ਸੰਕਲਨ-ਕਰਤਾ ਦੀ ਮਨ-ਮਰਜ਼ੀ 'ਤੇ ਅਧਾਰਿਤ ਹੈ।*[192]

ਸੰਭਾਵਨਾ ਇਹ ਬਣਦੀ ਹੈ, ਕਿ ਕਵਿ ਨੇ ਇਹ ਸਾਖੀ 'ਪ੍ਰਾਚੀਨ ਜਨਮਸਾਖੀ' ਤੋਂ ਨਹੀਂ ਲਈ , ਬਲਕਿ ਕਿਸੇ ਹੋਰ ਸ੍ਰੋਤ ਤੋਂ ਲਈ ਹੋਵੇਗੀ। ਇਹ ਵੀ ਸੰਭਾਵਨਾ ਬਣ ਜਾਂਦੀ ਹੈ, ਕਿ 'ਪ੍ਰਾਚੀਨ ਜਨਮਸਾਖੀ' ਦੀ ਮੌਲਿਕਤਾ ਵੀ ਅਸਪਸ਼ਟ ਹੈ, ਉਥੇ ਵੀ ਕਿਸੇ ਪ੍ਰਕਾਰ ਦੀ ਊਣਤਾਈ ਹੋ ਸਕਦੀ ਹੈ। ਸੋ ਅਸੀਂ ਇਸ ਸਾਖੀ ਬਾਰੇ ਇਹ ਕਹਿ ਸਕਦੇ ਹਾਂ, ਕਿ ਕਵਿ ਦੀ ਮਾਨਤਾ ਅਨੁਸਾਰ ਇਹ ਘਟਨਾ ਪਹਾੜੀ ਖੇਤ੍ਰ ਵਿਚ ਘਟਿਤ ਹੋਈ, ਜਿਸਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਕਿ ਕਵਿ ਨੇ ਇਹ ਸਾਖੀ ਕਿਤੋਂ ਸੁਣੀ ਹੋਵੇ ਅਤੇ ਅੰਦਾਜ਼ੇ ਨਾਲ ਹੀ ਇਥੇ ਦਰਜ ਕੀਤੀ ਹੋਵੇ। ਜੇਕਰ ਇਹ ਅੰਦਾਜ਼ਾ ਨਹੀਂ, ਤਾਂ ਇਹ ਜਨਮਸਾਖੀ ਪਰੰਪਰਾ ਵਿਚ ਇਕ ਨਵੀਂ ਖੋਜ ਹੈ, ਕਿ ਇਹ ਘਟਨਾ ਕਸ਼ਮੀਰ ਵਿਚ ਵਾਪਰੀ ਸੀ । ਪਰ ਕਵਿ ਦਾ ਕਸ਼ਮੀਰ ਅਤੇ ਕਾਬੁਲ ਵਿਚ ਅੰਤਰ ਨਾ ਕਰਣਾ, ਉਸ ਦਾ ਇਕ ਕਮਜ਼ੋਰ ਪਖ ਹੈ। ਇਸ ਤੋਂ ਅਗੇ ਗੁਰੂ ਜੀ ਕਾਰੂ ਰਾਜੇ ਕੋਲ ਜਾਂਦੇ ਹਨ, ਜੋ ਕਿ ਰੂਮ ਵਿਲਾਇਤ ਵਿਚ ਰਹਿੰਦਾ ਹੈ। ਗੁਰੂ ਜੀ ਉਸਨੂੰ ਉਪਦੇਸ਼ ਦੇ ਕੇ ਆਪਣਾ ਸੇਵਕ ਬਣਾਉਂਦੇ ਹਨ ਅਤੇ ਉਹ ਲੋਕਾਂ ਦੀ ਸੇਵਾ ਕਰਣ ਲਗ ਜਾਂਦਾ ਹੈ।

---

[192] ਜੱਗੀ, ਡਾ. ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1184.

ਭਾਈ ਮਨੀ ਸਿੰਘ ਨੇ ਇਸ ਦਾ ਨਾਮ ਹਮੀਦ ਕਾਰੂ ਦਸਿਆ ਹੈ - *ਅਰ ਬਾਬਾ ਜੀ ਉਥੋਂ ਟੁਰ ਕੇ ਰੂਮ ਕੇ ਸਹਿਰ ਵਿਚ ਗਏ। ਸੋ ਰੂਮ ਦਾ ਹਮੀਦ ਕਾਰੂ ਪਾਤਸ਼ਾਹ ਸੀ ਅਰ ਉਸਨੈ ਪੈਤਾਲੀ ਗਜ ਖਜਾਨਾ ਜੋੜਿਆ ਸੀ।*[193]

'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਾਂਗ ਹੀ ਭਾਈ ਵੀਰ ਸਿੰਘ ਨੇ ਕਾਰੂ ਦਾ ਨਾਮ ਹਮੀਦ ਕਾਰੂ ਦਸਿਆ ਹੈ- *ਮਸ਼ਹੂਰ ਕਾਰੂੰ ਈਰਾਨ ਦਾ ਪਾਤਸ਼ਾਹ ਜਿਸਨੇ ਰੂਮ ਆਦਿ ਦੇਸ ਜਿੱਤੇ ਸਨ ਬਹੁਤ ਚਿਰ ਸਤਿਗੁਰ ਜੀ ਤੋਂ ਪਹਲਾਂ ਹੋ ਚੁਕਾ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਬੀ ਲਿਖਿਆ ਹੈ ਕਿ ਅਗੇ ਬੀ ਕਾਰੂੰ ਹੋਇਆ ਹੈਸੀ, ਭਾਈ ਜੀ ਇਸ ਕਾਰੂ ਦਾ ਨਾਮ ਜੋ ਸਤਗੁਰੂ ਨੂੰ ਮਿਲਿਆ ਹਮੀਦ ਕਾਰੂੰ ਦਸਦੇ ਹਨ। ਸੋ ਇਹ ਕੋਈ ਹੋਰ ਕ੍ਰਿਪਣਸ਼ਾਹ ਹੈ ਜਿਸਨੇ ਬੁਰੀ ਤਰ੍ਹਾਂ ਦੌਲਤ ਜਮਾਂ ਕਰਕੇ ਕਾਰੂੰ ਦੀ ਅਲ ਨਾਲ ਯਾਦ ਕੀਤਾ ਗਿਆ ਹੈ।*[194]

ਭਾਈ ਕਾਨ੍ਹ ਸਿੰਘ ਨਾਭਾ ਕਾਰੂ ਦੇ ਨਾਮ ਦੀ ਸਾਖੀ ਨੂੰ ਇਤਿਹਾਸਕਾਰਾਂ ਦੀ ਭੁਲ ਕਹਿੰਦਾ ਹੈ - *ਇਸਰਾਈਲ ਵੰਸ਼ੀ ਯਸ਼ਰ ਦਾ ਪੁਤ੍ਰ, ਜੋ ਮਿਸਰ ਵਿਚ ਵਡਾ ਧਨੀ ਅਤੇ ਕੰਜੂਸਾਂ ਦਾ ਸਰਤਾਜ ਸੀ, ਇਸ ਦਾ ਜਿਕਰ ਕੁਰਾਨ ਵਿਚ ਭੀ ਆਇਆ ਹੈ। ਇਹ ਮੂਸਾ ਦੇ ਚਾਚੇ ਦਾ ਪੁਤ੍ਰ ਸੀ। ਯਹੂਦੀਆਂ ਦੇ ਗ੍ਰੰਥ ਵਿਚ ਵੀ ਲਿਖਿਆ ਹੈ ਕਿ ਕਾਰੂੰ ਦੇ ਖ਼ਜ਼ਾਨਿਆਂ ਦੀਆਂ ਕੁੰਜੀਆਂ 300 ਖਚਰਾਂ ਦਾ ਬੋਝ ਸੀ। ਇਹ ਧਨ ਦੇ ਮਦ ਵਿਚ ਆਕੇ ਹਜਰਤ ਮੂਸਾ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਦਾ ਸੀ ਅਤੇ ਜ਼ਕਾਤ ਨਹੀਂ ਦਿੰਦਾ ਸੀ। ਮੂਸਾ ਦੇ ਸ੍ਰਾਪ ਨਾਲ ਕਾਰੂੰ ਖ਼ਜ਼ਾਨਿਆਂ ਸਮੇਤ ਜ਼ਮੀਨ ਵਿਚ ਗਰਕ ਹੋ ਗਿਆ। ਭਾਈ ਸੰਤੋਖ ਸਿੰਘ ਆਦਿ ਅਨੇਕ ਇਤਿਹਾਸ ਲੇਖਕਾਂ ਨੇ ਕਾਰੂੰ ਨੂੰ ਰੂਮ ਦਾ ਬਾਦਸ਼ਾਹ ਲਿਖਕੇ ਭੁਲ ਕੀਤੀ ਹੈ। ............. ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਰੂਮ ਵਲਾਇਤ ਗਏ ਹਨ, ਉਸ ਵੇਲੇ ਤਖ਼ਤ ਤੇ ਸੁਲਤਾਨ ਸਲੀਮਖ਼ਾਨ ਅੱਵਲ ਸੀ।*[195]

---

[193] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 412. (ਅੰਤਿਕਾ)

[194] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 4 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1928, ਪੰਨਾ 909-10. (ਪਗ ਟਿਪਣੀ)

[195] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 323.

ਰੂਮ ਜਾਣ ਬਾਰੇ 'ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫ਼ਰ' ਪੁਸਤਕ ਵਿਚ ਲਿਖਿਆ ਹੈ - *ਭਾਈ ਮਨੀ ਸਿੰਘ ਦੀ ਜਨਮਸਾਖੀ ਅਨੁਸਾਰ ਆਪ ਸ਼ਾਮ ਅਤੇ ਰੂਮ ਦੇ ਮੁਲਕਾਂ ਵਿਚ ਵੀ ਗਏ। ਅਜੋਕੇ ਕਈ ਲਿਖਾਰੀਆਂ ਨੇ ਗੁਰੂ ਜੀ ਦੇ ਸਫ਼ਰ ਦੇ ਘੇਰੇ ਵਿਚ ਮੱਧ ਏਸ਼ੀਆ ਦੇ ਕੁਝ ਭਾਗ ਵੀ ਸ਼ਾਮਲ ਕਰ ਦਿਤੇ ਹਨ , ਪਰ ਇਸ ਗਲ ਦੀ ਪੁਸ਼ਟੀ ਵਿਚ ਕੋਈ ਪਕੇਰਾ ਸਬੂਤ ਨਹੀਂ ਮਿਲਦਾ।*[196]

ਸੋ ਉਪਰੋਕਤ ਵਿਚਾਰਾਂ ਤੋਂ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ, ਕਿ ਕਵਿ ਨੇ ਇਹ ਸਾਖੀ ਆਧਾਰਿਤ ਸ੍ਰੋਤਾਂ ਦੀ ਨਕਲ ਕਰ ਕੇ ਲਿਖ ਦਿਤੀ ਹੈ, ਇਸ ਦੀ ਪੜਚੋਲ ਕਰਨੀ ਉਚਿਤ ਨਹੀਂ ਸਮਝੀ। ਇਸ ਤੋਂ ਅਗੇ ਵੀ ਚਰਚਿਤ ਕ੍ਰਿਤੀ ਵਿਚ ਕੁਝ ਮਿਥਿਹਾਸਿਕ ਸਾਖੀਆਂ ਅੰਕਿਤ ਕੀਤੀਆਂ ਹਨ। ਇਨ੍ਹਾਂ ਦੀ ਤਰਤੀਬ ਇਸ ਪ੍ਰਕਾਰ ਹੈ - ਸਾਖੀ ਹਬਸ਼ ਵਿਲਾਇਤ[197] ਤਥਾ ਰਾਮਚੰਦ੍ਰ ਪ੍ਰਸੰਗ , ਲੰਕਾ ਪ੍ਰਸੰਗ (ਇਸ ਦੀ ਵਿਚਾਰ ਅਸੀਂ ਉਪਰ ਸਿੰਗਲਾਦੀਪ ਵਾਲੀ ਸਾਖੀ ਦੇ ਨਾਲ ਹੀ ਕਰ ਆਏ ਹਾਂ।) ਅਤੇ ਦੀਪਨ ਪ੍ਰਸੰਗ। ਇਨ੍ਹਾਂ ਸਾਖੀਆਂ ਵਿਚ ਇਤਿਹਾਸਿਕ ਤਥਾਂ ਦੀ ਅਣਹੋਂਦ ਹੈ, ਇਸ ਲਈ ਇਨ੍ਹਾਂ ਦੀ ਵਿਚਾਰ ਇਥੇ ਤਰਕ-ਸੰਗਤ ਨਹੀਂ ਹੈ। ਅਗੇ ਗੁਰੂ ਜੀ ਨਾਨਕ ਮਤੇ ਜਾਂਦੇ ਹਨ, ਜਿਸ ਦਾ ਉਸ ਸਮੇਂ ਗੋਰਖਮਤਾ ਨਾਮ ਸੀ। ਇਹ ਨਾਥ ਪੰਥੀਆਂ ਦਾ ਵਡਾ ਗੜ੍ਹ ਸੀ। ਇਥੇ ਉਨ੍ਹਾਂ ਦੀ ਨਾਥਾਂ ਨਾਲ ਚਰਚਾ ਹੋਈ ਸੀ । ਨਾਥਾਂ ਨੇ ਕਈ ਕਿਸਮ ਦੇ ਕਰਾਮਾਤੀ ਸ਼ਕਤੀ-ਪਰਦਰਸ਼ਨ ਕੀਤੇ, ਪਰ ਉਹਨਾਂ ਦੇ ਸਭ ਯਤਨ ਅਸਫਲ ਹੋ ਗਏ ਅਤੇ ਉਹ ਗੁਰੂ ਜੀ ਨੂੰ ਪ੍ਰਭਾਵਿਤ ਨਹੀਂ ਕਰ ਸਕੇ। ਗੁਰੂ ਜੀ ਨੇ ਸਾਰੇ ਹੀ ਸਿਧਾਂ ਨੂੰ ਵਾਸਤਵਿਕ ਧਰਮ ਦਾ ਉਪਦੇਸ਼ ਦਿਤਾ। ਇਥੇ ਗੋਰਖ, ਭੰਗਰ ਨਾਥ , ਪ੍ਰਾਨ ਨਾਥ ਇਤਿਆਦਿਕ ਸਿਧਾਂ ਨਾਲ ਚਰਚਾ ਹੋਈ ਸੀ। ਇਸ ਸਥਾਨ ਦਾ

---

[196] ਡਾ. ਫ਼ੌਜਾ ਸਿੰਘ, *ਐਟਲਸ ਗੁਰੂ ਨਾਨਕ ਦੇਵ ਜੀ ਦੇ* ਸਫ਼ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015, ਪੰਨਾ 41.

[197] ਨੋਟ- ਹਬਸ਼ ਵਲਾਇਤ ਜੋ ਹੁਣ ਅਫਰੀਕਾ ਵਿਚ ਹੈ ਐਬਸੀਨੀਆ ਜਾਂ ਇਥੋਪੀਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਦੇਸ਼ ਅਫਰੀਕਾ ਵਿਚ ਅਰਬ-ਦੇਸ਼ ਦੇ ਨਾਲ ਲਗਦੇ ਲਾਲ-ਸਾਗਰ ਦੇ ਕਿਨਾਰੇ ਸਥਿਤ ਹੈ। ਭਾਵੇਂ ਇਹ ਅਰਬ ਤੇ ਮੱਕੇ ਤੋਂ ਦੂਰ ਨਹੀਂ ਪਰ ਗੁਰੂ ਨਾਨਕ ਸਾਹਿਬ ਦੇ ਇਥੇ ਜਾਣ ਦੀ ਕਿਸੇ ਵੀ ਜਨਮਸਾਖੀ ਤੋਂ ਪੁਸ਼ਟੀ ਨਹੀਂ ਹੁੰਦੀ।

(ਡਾ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 350.)

ਨਾਮ ਬਾਅਦ ਵਿਚ ਨਾਨਕ ਮਤਾ ਰਖਿਆ ਗਿਆ। ਚੇਤੇ ਰਹੇ, ਕਿ ਭਾਈ ਮਨੀ ਸਿੰਘ ਅਨੁਸਾਰ ਭੰਗਰਿ ਨਾਥ ਅਚਲ ਵਟਾਲੇ ਦੀ ਗੋਸ਼ਠਿ ਵਿਚ ਸ਼ਾਮਿਲ ਸੀ। ਸੋ ਲਗਦੈ ਕਵਿ ਜੀ ਨੂੰ ਟਪਲਾ ਲਗਿਆ ਹੈ।

ਗੋਰਖ ਮਤੇ ਜਾਂ ਨਾਨਕ ਮਤੇ ਦਾ ਜ਼ਿਕਰ 'ਪੁਰਾਤਨ ਜਨਮਸਾਖੀ' , ' ਭਾਈ ਬਾਲੇ ਵਾਲੀ ਜਨਮਸਾਖੀ', ' ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਅਤੇ 'ਮਿਹਰਬਾਨ ਵਾਲੀ ਜਨਮਸਾਖੀ' ਵਿਚ ਮਿਲਦਾ ਹੈ। ਡਾ . ਕਿਰਪਾਲ ਸਿੰਘ ਦਾ ਮੰਨਣਾ ਹੈ, ਕਿ ਗੁਰੂ ਜੀ ਰੀਠਾ ਸਾਹਿਬ (ਅਲਮੋੜਾ) ਤੋਂ ਹੋ ਕੇ ਨਾਨਕ ਮਤੇ ਗਏ ਸਨ।[198] ਚਰਚਿਤ ਕ੍ਰਿਤੀ ਵਿਚ ਗੁਰੂ ਜੀ ਦਾ ਇਸ ਸਥਾਨ ਉਪਰ ਜਾਣਾ ਕੁਝ ਮਿਥਿਹਾਸਿਕ ਪ੍ਰਸੰਗਾਂ ਤੋਂ ਬਾਅਦ ਹੈ। ਸਿਧਾਂ ਦੇ ਬੀਤੇ ਸਮੇਂ ਤੋਂ ਬਾਅਦ ਮਿਲਣ ਦੀ ਵਿਚਾਰ ਅਸੀਂ ਉਪਰ ਕਰ ਆਏ ਹਾਂ। ਸਿਧਾਂ ਨਾਲ ਚਰਚਾ ਤੋਂ ਬਾਅਦ ਗੁਰੂ ਜੀ ਦਿਲੀ ਗਏ। ਉਥੇ ਇਕ ਰਥਵਾਨ ਦਾ ਹਾਥੀ ਮਰ ਜਾਂਦਾ ਹੈ। ਉਹ ਬਹੁਤ ਵਿਰਲਾਪ ਕਰਦਾ ਹੈ, ਗੁਰੂ ਜੀ ਹਾਥੀ ਨੂੰ ਜਿਵਾ ਦਿੰਦੇ ਹਨ। ਰਾਜੇ ਦੇ ਕਹਿਣ 'ਤੇ ਫਿਰ ਹਾਥੀ ਮਾਰ ਦਿਤਾ ਜਾਂਦਾ ਹੈ ਅਤੇ ਕਾਜ਼ੀ ਨਿਜ਼ਾਮੁਦੀਨ ਦੇ ਕਹਿਣ 'ਤੇ ਫਿਰ ਹਾਥੀ ਜਿਉਂਦਾ ਕਰ ਦਿਤਾ ਜਾਂਦਾ ਹੈ। ਫਿਰ ਉਹ ਸਾਰੇ ਹੀ ਗੁਰੂ ਜੀ ਦੇ ਸੇਵਕ ਬਣ ਜਾਂਦੇ ਹਨ। ਮਰਦਾਨੇ ਦੇ ਦਿਲ ਵਿਚ ਇਛਾ ਉਪਜਦੀ ਹੈ, ਕਿ ਲੋਕ ਉਸਨੂੰ ਵੀ ਭੇਟਾ ਕਰਿਆ ਕਰਣ। ਗੁਰੂ ਜੀ ਕਹਿੰਦੇ ਹਨ, ਕਿ ਅਗਲੇ ਨਗਰ ਵਿਚ ਉਸ ਦੀ ਇਹ ਇਛਾ ਪੂਰੀ ਹੋ ਜਾਵੇਗੀ। ਅਗਲੇ ਨਗਰ ਵਿਚ ਮਰਦਾਨਾ ਸਮਾਨ ਦੀ ਪੰਡ ਬੰਨ੍ਹ ਕੇ ਲੈ ਆਉਂਦਾ ਹੈ ਅਤੇ ਗੁਰੂ ਜੀ ਅਗੇ ਰਖਦਾ ਹੈ । ਗੁਰੂ ਜੀ ਉਸ ਨੂੰ ਗ਼ਰੀਬਾਂ ਵਿਚ ਵੰਡਣ ਨੂੰ ਕਹਿੰਦੇ ਹਨ। ਉਹ ਗ਼ਰੀਬਾਂ ਵਿਚ ਵੰਡ ਕੇ ਗੁਰੂ ਜੀ ਤੋਂ ਮੁਆਫ਼ੀ ਮੰਗਦਾ ਹੈ। ਗੁਰੂ ਜੀ ਇਕ ਅਜੀਬ ਬਾਣਾ ਪਾਉਂਦੇ ਹਨ, ਜਿਸ ਵਿਚ ਨਾ ਤਾਂ ਉਹ ਹਿੰਦੂ ਨਾ ਮੁਸਲਮਾਨ ਲਗਦੇ ਹਨ।

ਇਤਿਹਾਸਿਕ ਸ੍ਰੋਤਾਂ ਵਿਚ ਦਿਲੀ ਨਾਲ ਸੰਬੰਧਿਤ ਸਾਨੂੰ ਦੋ ਸਾਖੀਆਂ ਦੇਖਣ ਨੂੰ ਮਿਲਦੀਆਂ ਹਨ। ਇਕ ਤਾਂ ਉਪਰ ਵਰਣਿਤ ਹੈ। ਦੂਜੀ ਸਾਖੀ ਇਹ ਹੈ, ਕਿ ਗੁਰੂ ਜੀ ਦਿਲੀ ਗਏ , ਜਿਥੇ ਸਿੰਕਦਰ ਲੋਧੀ ਉਥੋਂ ਦਾ ਸੁਲਤਾਨ ਸੀ , ਨੂੰ ਮਿਲੇ। ਉਸ ਦੀ ਖ਼ੈਰਾਇਤ ਦੀ ਬਹੁਤ ਚਰਚਾ ਸੀ। ਗੁਰੂ ਜੀ ਨੂੰ ਇਕ ਦਿਨ ਕੁਝ

---

[198] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 36-42.

ਫ਼ਕੀਰਾਂ ਨੇ ਪੁਛਿਆ, ਕਿ ਗ਼ਰੀਬ ਨੂੰ ਦਾਨ ਦੇਣਾ ਸਭ ਧਰਮਾਂ ਵਿਚ ਚੰਗਾ ਹੈ, ਜੇਕਰ ਬਾਦਸ਼ਾਹ ਖ਼ੈਰਾਇਤ ਦੇਵੇ, ਤਾਂ ਕੀ ਉਹ ਮੁਕਤੀ ਦੀ ਭਾਗੀ ਬਣਦਾ ਹੈ ਜਾਂ ਨਹੀਂ। ਗੁਰੂ ਜੀ ਮਥੁਰਾ ਵਿਚ ਸਿਕੰਦਰ ਲੋਧੀ ਦੁਆਰਾ ਢਾਹੇ ਹੋਏ ਮੰਦਿਰ ਦੇਖ ਆਏ ਸਨ , ਸੋ ਉਨ੍ਹਾਂ ਨੇ ਉਤਰ ਦਿਤਾ, ਜੋ ਮਨ ਦੇ ਅੰਨ੍ਹੇ ਹਨ, ਪਖਪਾਤੀ ਹਨ ਅਤੇ ਲੋਕਾਂ ਉਤੇ ਜ਼ੁਲਮ ਕਰਦੇ ਹਨ , ਉਨ੍ਹਾਂ ਦੀ ਖ਼ੈਰਾਇਤ ਸਮੁਦੰਰ ਅਗੇ ਚਿਕੜ ਦਾ ਬੰਨ੍ਹ ਲਾਉਣ ਵਾਲੀ ਗਲ ਹੈ।[199] ਇਹ ਸਾਖੀ 'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਵਿਚ ਦਸੀ ਹੈ , ਜਦਕਿ ਬਾਕੀ ਜਨਮਸਾਖੀਆਂ ਵਿਚ ਦਿਲੀ ਅੰਦਰ ਮੋਏ ਹਾਥੀ ਨੂੰ ਜਿਵਾਉਣ ਵਾਲੀ ਸਾਖੀ ਹੈ , ਜਿਸਨੂੰ ਚਰਚਿਤ ਕ੍ਰਿਤੀ ਵਿਚ ਵੀ ਅੰਕਿਤ ਕੀਤਾ ਗਿਆ ਹੈ। ਸੋ ਇਹ ਖ਼ੈਰਾਇਤ ਵਾਲੀ ਸਾਖੀ ਦਿਲੀ ਵਿਖੇ ਘਟੀ ਹੋਣ ਦੀ ਜ਼ਿਆਦਾ ਸੰਭਾਵਨਾ ਹੈ, ਬਲਕਿ ਮੋਏ ਹਾਥੀ ਵਾਲੀ ਸਾਖੀ ਗੁਰੂ ਜੀ ਦੀ ਪ੍ਰਸ਼ੰਸਾ ਲਈ ਘੜੀ ਪ੍ਰਤੀਤ ਹੁੰਦੀ ਹੈ। ਗੁਰੂ ਜੀ ਦਾ ਦਿਲੀ ਜਾਣਾ ਸਹੀ ਹੈ, ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਵੀ ਬਣਿਆ ਹੋਇਆ ਹੈ। ਜਿਸਦਾ ਨਾਮ ਮਜਨੂੰ ਟਿਲਾ ਸਾਹਿਬ ਹੈ। 'ਗੁਰਦੁਆਰਾ ਕੋਸ਼' ਵਿਚ ਇਸ ਗੁਰਦੁਆਰੇ ਬਾਰੇ ਲਿਖਿਆ ਹੈ, ਕਿ ਇਹ ਯਮੁਨਾ ਦੇ ਕੰਢੇ ਉਤੇ ਸਥਿਤ ਹੈ- *ਇਹ ਅਸਥਾਨ ਦਰਿਆ ਯਮੁਨਾ ਦੇ ਕੰਢੇ ਉਪਰ ਇਕ ਟਿਲੇ 'ਤੇ ਸਥਿਤ ਹੈ। ਇਹ ਤੀਮਾਰ ਕਲੋਨੀ ਦੇ ਪਿਛੇ ਬਾਹਰਲੀ ਦਿਲੀ ਰਿੰਗ ਰੋਡ 'ਤੇ ਸਥਿਤ ਹੈ। ਇਤਿਹਾਸ ਅਨੁਸਾਰ ਇਥੇ ਇਕ ਮੁਸਲਮਾਨ ਫਕੀਰ, ਸੁਲਤਾਨ ਸਿਕੰਦਰ ਲੋਧੀ ਦੇ ਰਾਜ ਸਮੇਂ ਰਹਿੰਦਾ ਸੀ। ਜਿਸ ਕਾਰਨ ਲੋਕ ਉਸ ਨੂੰ ਮਜਨੂੰ ਕਾ ਟਿਲਾ ਜਾਂ ਮਜਨੂੰ ਟਿਲਾ ਆਖਦੇ ਸਨ। ਗੁਰੂ ਨਾਨਕ ਸਾਹਿਬ ਜਦੋਂ ਦਿਲੀ ਆਏ ਤਾਂ ਉਸ ਫਕੀਰ ਦੇ ਲੋਕ -ਭਲਾਈ ਲਈ ਕੰਮਾਂ ਦੀ ਤਾਰੀਫ ਕਰਕੇ ਮੁਲਾਕਾਤ ਕੀਤੀ।*[200]

ਸੋ ਦਿਲੀ ਵਿਖੇ ਗੁਰੂ ਜੀ ਦੁਆਰਾ ਮੋਏ ਹਾਥੀ ਨੂੰ ਜਿਵਾਉਣ ਵਾਲੀ ਸਾਖੀ ਪ੍ਰਸ਼ੰਸਾ ਵਿਚ ਲਿਖੀ ਗਈ ਹੈ, ਜਦਕਿ ਅਸਲ ਸਾਖੀ ਕਵਿ ਦੇ ਧਿਆਨ ਗੋਚਰੇ ਨਾ ਆਉਣ ਕਾਰਣ ਅੰਕਿਤ ਨਹੀਂ ਕੀਤੀ ਗਈ। ਦੂਜੀ ਸਾਖੀ ਕਵਿ ਨੇ ਮਰਦਾਨੇ ਦੀ ਪੂਜਾ ਕਰਵਾਉਣ ਵਾਲੀ ਦਰਜ ਕੀਤੀ ਹੈ , ਜੋ ਕਿ ਸਿਧਾਂਤਿਕ ਪਰਿਪਕਤਾ ਲਈ ਦਰਜ ਕੀਤੀ ਪ੍ਰਤੀਤ ਹੁੰਦੀ ਹੈ।

---

[199] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 96.

[200] ਸਰਨਾ, ਜਸਬੀਰ ਸਿੰਘ, *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016, ਪੰਨਾ 235.

ਦਿਲੀ ਤੋਂ ਗੁਰੂ ਜੀ ਲਾਹੌਰ ਵਿਖੇ ਪਹੁੰਚੇ , ਜਿਥੇ ਉਹ ਇਕ ਪੰਡਿਤ ਨੂੰ ਮਿਲੇ ਜੋ ਬਹੁਤ ਹੀ ਅਹੰਕਾਰੀ ਸੀ। ਉਸ ਨੇ ਬਾਰਾਂ ਤਿਲਕ ਲਗਾਏ ਹੋਏ ਸਨ। ਗੁਰੂ ਜੀ ਨੇ ਉਸ ਦੀ ਠਾਕੁਰ ਵਾਲੀ ਚੌਂਕੀ ਆਪਣੀ ਦਿਵਯ ਸ਼ਕਤੀ ਨਾਲ ਗ਼ੈਬ ਕਰ ਦਿਤੀ। ਫਿਰ ਗੁਰੂ ਜੀ ਅਤੇ ਉਸ ਦੀ ਚਰਚਾ ਹੋਈ । ਅੰਤ ਵਿਚ ਗੁਰੂ ਜੀ ਨੇ ਉਸਨੂੰ ਉਪਦੇਸ਼ ਦਿਤਾ ਅਤੇ ਉਹ ਗੁਰੂ ਜੀ ਦਾ ਸੇਵਕ ਬਣ ਗਿਆ। ਉਸ ਨੇ ਗੁਰੂ ਜੀ ਦੇ ਨਾਮ ਦੀ ਧਰਮਸਾਲ ਬਣਾਈ। ਲਾਹੌਰ ਸ਼ਹਿਰ ਦੇ ਨਾਲ ਇਹ ਸਾਖੀ ਜੋੜੀ ਜਾਂਦੀ ਹੈ, ਕਿ ਗੁਰੂ ਜੀ ਨੇ ਇਥੇ ਕਹਿਰ ਦੇਖ ਕੇ *ਲਾਹੌਰ ਸਹਰ ਜਹਰ ਕਹਰ ਸਵਾ ਪਹਰ* ਸ਼ਬਦ ਉਚਾਰਣ ਕੀਤਾ ਸੀ। ਪਰ ਆਧੁਨਿਕ ਵਿਦਵਾਨ ਲਾਹੌਰ ਵਿਚ ਦੁਨੀ ਚੰਦ ਦੇ ਮਿਲਾਪ ਦੀ ਘਟਨਾ ਨੂੰ ਸਹੀ ਮੰਨਦੇ ਹਨ। ਲਾਹੌਰ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਲ ਸੰਬੰਧਿਤ ਗੁਰਦੁਆਰੇ ਬਾਰੇ 'ਗੁਰੁ ਤੀਰਥ ਸੰਗ੍ਰਹਿ' ਵਿਚ ਇੰਵ ਲਿਖਿਆ ਹੈ - *ਲਾਹੌਰ ਸ਼ਹਿਰ, ਗੁਰਦੁਆਰਾ ਜੁਵਾਹਰ ਮਲ ਕੇ ਚੌਹੱਟੇ ਮੇਂ, ਈਹਾਂ ਗੁਰੂ ਜੀ ਨੇ ਬੜਾ ਕਸਾਈ ਵਾੜਾ ਦੇਖ ਕੇ ਬਚਨ ਕੀਆ ਲਾਹੌਰ ਸਹਰ ਜਹਰ ਕਹਰ ਸਵਾ ਪਹਰ। ਦੁਨੀ ਚੰਦ ਖਤ੍ਰੀ ਕੇ ਬਾਪ ਕਾ ਬਘਿਆੜ ਜੂਨੀ ਸੇ ਉਧਾਰ ਕੀਆ। ਈਹਾਂ ਸੇ ਨਨਕਾਣੇ ਪਹੁੰਚ ਪਿਤਾ ਕੋ ਦਰਸ਼ਨ ਦੀਆ।*[201]

ਪਰ ਕਵਿ ਨੇ ਦੁਨੀ ਚੰਦ ਦੀ ਸਾਖੀ ਪਹਿਲਾਂ ਅੰਕਿਤ ਕਰ ਦਿਤੀ ਹੈ। ਅਗੇ ਗੁਰੂ ਜੀ ਕਹਿਲੂਰ ਦੀ ਪਹਾੜੀ ਰਿਆਸਤ ਵਿਚ ਜਾਂਦੇ ਹਨ, ਜਿਸਨੂੰ ਅਜਕਲ੍ਹ ਬਿਲਾਸਪੁਰ ਕਹਿੰਦੇ ਹਨ। ਕਵਿ ਨੇ ਇਸ ਨੂੰ ਕਲੂਰ ਦੇਸ ਲਿਖਿਆ ਹੈ। ਇਸ ਵਿਚ ਬੁਢਣ ਸ਼ਾਹ ਦੀ ਕਥਾ ਹੈ । ਕਵਿ ਨੇ ਉਸ ਦੀ ਅਗੇ ਦੀ ਕਥਾ ਵੀ ਦਸੀ ਹੈ। ਬਾਬਾ ਗੁਰਦਿਤਾ ਜੀ ਦੀ ਵੀ ਕਥਾ ਅੰਕਿਤ ਕੀਤੀ ਹੈ।

ਕਹਿਲੂਰ ਦੀ ਸਾਖੀ ਕਿਸੇ ਵੀ ਜਨਮਸਾਖੀ ਵਿਚ ਦਰਜ ਨਹੀਂ ਹੈ। ਇਹ ਸਾਖੀ ਕਵਿ ਦੇ ਆਧਾਰ-ਗ੍ਰੰਥ 'ਭਾਈ ਬਾਲੇ ਵਾਲੀ ਜਨਮਸਾਖੀ' ਅਤੇ 'ਸ੍ਰੀ ਨਾਨਕ ਪ੍ਰਕਾਸ਼' ਵਿਚ ਵੀ ਦਰਜ ਨਹੀਂ ਹੈ। ਸੋ ਕਵਿ ਨੇ ਇਹ ਸਾਖੀ ਚਰਚਿਤ ਕ੍ਰਿਤੀ ਵਿਚ ਨਵੀਂ ਅੰਕਿਤ ਕੀਤੀ ਹੈ। ਡਾ . ਕਿਰਪਾਲ ਸਿੰਘ ਇਸ ਸਾਖੀ ਨੂੰ ਸਹੀ

---

[201] ਪੰਡਿਤ ਤਾਰਾ ਹਰਿ ਨਰੋਤਮ, *ਸ੍ਰੀ ਗੁਰੁ ਤੀਰਥ ਸੰਗ੍ਰਹਿ,* ਨਿਰਮਲ ਪੰਚਾਇਤੀ ਅਖਾੜਾ, ਕਨਖਲ, ਦੂਜੀ ਵਾਰ, 1975, ਪੰਨਾ 18.

ਮੰਨਦੇ ਹਨ - *ਭਾਵੇਂ ਇਸ ਵਾਰਤਾ ਦਾ ਕਥਨ ਕਿਸੇ ਜਨਮ ਸਾਖੀ ਵਿਚ ਨਹੀਂ, ਪਰ ਸਥਾਨਕ ਰਵਾਇਤ ਅਨੁਸਾਰ ਇਹ ਠੀਕ ਜਾਪਦੀ ਹੈ।*[202]

ਜਿਵੇਂ ਅਸੀਂ ਕਵਿ ਦੇ ਜੀਵਨ ਵਾਲੇ ਅਧਿਆਇ ਵਿਚ ਵਿਚਾਰ ਕਰ ਆਏ ਹਾਂ, ਕਿ ਕਵਿ ਦਾ ਅਧਿਕ ਸਮਾਂ ਬਿਲਾਸਪੁਰ ਵਿਖੇ ਹੀ ਬਿਤੀਤ ਹੋਇਆ , ਇਸ ਲਈ ਸਥਾਨਕ ਘਟਨਾਵਾਂ ਦਾ ਕਵਿ ਚੰਗਾ ਗਿਆਤਾ ਸੀ। ਉਸਨੇ ਇਸ ਸਾਖੀ ਦੀ ਇਤਿਹਾਸਿਕਤਾ ਨੂੰ ਦੇਖਦੇ ਹੋਏ , ਚਰਚਿਤ ਜਨਮਸਾਖੀ ਵਿਚ ਦਰਜ ਕੀਤਾ ਹੈ। ਸੋ ਕਵਿ ਨੇ ਸਥਾਨਕ ਸ੍ਰੋਤਾਂ ਤੋਂ ਇਕ ਸਾਖੀ ਦਰਜ ਕਰਕੇ ਇਸ ਸਾਖੀ ਨੂੰ ਨਵੇਂ ਸਿਰੇ ਤੋਂ ਸੁਰਜੀਤ ਕਰਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਗੁਰੂ ਜੀ ਲੋਕਾਂ ਨੂੰ ਉਪਦੇਸ਼ ਦਿੰਦੇ ਅਤੇ ਸੰਤਾਂ ਨਾਲ ਵਿਚਾਰ ਕਰਦੇ ਹੋਏ ਅਗੇ ਐਮਨਾਬਾਦ ਪਹੁੰਚੇ। ਸਪਸ਼ਟ ਹੈ, ਕਿ ਕਵਿ ਨੇ ਬਾਬਰ ਦੇ ਯੁਧ ਦਾ ਪ੍ਰਸੰਗ ਅੰਕਿਤ ਕਰਣਾ ਹੀ ਸੀ । ਭਾਈ ਗਣੇਸ਼ ਸਿੰਘ ਨੇ ਬਾਬਰ ਦਾ ਪ੍ਰਸੰਗ ਦੋ ਸਾਖੀਆਂ ਵਿਚ ਸੰਪੂਰਨ ਕੀਤਾ ਹੈ। ਇਸ ਵਿਚ ਬਾਬਰ ਦੇ ਏਮਨਾਬਾਦ ਉਤੇ ਯੁਧ ਦਾ ਵਰਣਨ ਕੀਤਾ ਹੈ, ਜਿਸ ਵਿਚ ਭਾਈ ਲਾਲੋ ਅਤੇ ਕੁਝ ਸਾਧੂ ਬਚ ਦੇ ਹਨ। ਬਾਬਰ ਦਾ ਪ੍ਰਸੰਗ ਕਵਿ ਨੇ ਪਰੰਪਰਾਗਤ ਅਨੁਸਾਰ ਹੀ ਕੀਤਾ ਹੈ । ਇਸ ਵਿਚ ਬਾਬਰ ਬਾਣੀ ਦੇ ਸ਼ਬਦ ਵੀ ਅੰਕਿਤ ਕੀਤੇ ਹਨ ਅਤੇ ਉਨ੍ਹਾਂ ਦੀ ਵਿਆਖਿਆ ਵੀ ਪਰੰਪਰਾਗਤ ਢੰਗ ਅਨੁਸਾਰ ਹੀ ਕੀਤੀ ਹੈ।

ਬਾਬਰ ਗੁਰੂ ਜੀ ਨੂੰ ਕੈਦ ਕਰ ਲੈਂਦਾ ਹੈ। ਗੁਰੂ ਜੀ ਦੇ ਚਰਚੇ ਸੁਣ ਕੇ ਬਾਬਰ ਗੁਰੂ ਜੀ ਤੋਂ ਵਰ ਮੰਗਦਾ ਹੈ, ਕਿ ਉਸ ਦਾ ਰਾਜ ਭਾਗ ਬਣਿਆ ਰਹੇ ਗੁਰੂ ਜੀ ਕਹਿੰਦੇ ਹਨ, ਕਿ ਜਿਤਨਾ ਸਮਾਂ ਉਹ ਪੁੰਨ ਕਰਣਗੇ, ਉਤਨਾ ਸਮਾਂ ਉਨ੍ਹਾਂ ਦਾ ਰਾਜ ਰਹੇਗਾ ਜਦ ਉਹ ਪਾਪ ਕਰਣ ਲਗ ਗਏ, ਉਨ੍ਹਾਂ ਦਾ ਰਾਜ ਖ਼ਤਮ ਹੋ ਜਾਵੇਗਾ। ਉਹ ਹੁਣ ਸਾਰੇ ਕੈਦੀਆਂ ਨੂੰ ਛਡ ਦੇਵੇ। ਬਾਬਰ ਨੇ ਸਾਰੇ ਕੈਦੀਆਂ ਨੂੰ ਛਡ ਦਿਤਾ।

ਹਰੀ ਰਾਮ ਗੁਪਤਾ ਦਾ ਮੰਨਣਾ ਹੈ, ਕਿ ਜਦੋਂ ਬਾਬਰ ਨੇ ਪੰਜਾਬ ਉਪਰ ਹਮਲਾ ਕੀਤਾ, ਤਾਂ ਗੁਰੂ ਨਾਨਕ ਦੇ ਜੀ ਸਯਦਪੁਰ ਵਿਚ ਸਨ। ਭਾਵ ਸਯਦਪੁਰ ਉਪਰ ਹਮਲੇ ਸਮੇਂ ਗੁਰੂ ਜੀ ਉਸ ਦੇ ਨੇੜੇ ਸਨ - *Nanak was still at Sayyidpur when Babar entered the Punjab. The Trans-Idus territory and the Sind Sagar Doab were already under him. He now seized Gujrat and*

---

[202] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 102. (ਪਗ ਟਿਪਣੀ)

*Sialkot situated in the Chaj and Rachna Doabs respectively, and appeared at Sayyiedpur on his way to Lahor.*[203]

ਪਰ ਡਾ. ਕਿਰਪਾਲ ਸਿੰਘ ਦਾ ਮੰਨਣਾ ਹੈ, ਕਿ ਗੁਰੂ ਜੀ ਨੂੰ ਲਾਲੋ ਨੇ ਸਾਰਾ ਹਾਲ ਦਸਿਆ । ਭਾਵ ਪਹਿਲਾਂ ਹੀ ਹਮਲਾ ਹੋ ਚੁਕਾ ਸੀ - *ਜਦੋਂ ਗੁਰੂ ਨਾਨਕ ਸਾਹਿਬ ਭਾਈ ਲਾਲੋ ਕੋਲ ਪਹੁੰਚੇ*[204] *ਤਾਂ ਆਪ ਨੇ ਵੇਖਿਆ, ਕਿ ਜਿਸ ਨਗਰ ਵਿਚ ਆਪ ਪਹਿਲਾਂ ਰਹੇ ਸਨ ਉਹ ਉਜੜਿਆ ਪਿਆ ਹੈ, ਮਕਾਨ ਢਠੇ ਪਏ ਹਨ ਤੇ ਸਭ ਪਾਸੇ ਉਜਾੜ ਹੀ ਉਜਾੜ ਹੈ। ਭਾਈ ਲਾਲੋ , ਜੋ ਪਿੰਡ ਤੋਂ ਬਾਹਰ ਵਲ ਰਹਿੰਦਾ ਸੀ , ਨੇ ਦਸਿਆ ਕਿ ਮੁਗ਼ਲਾਂ ਨੇ ਪਿੰਡ ਤੇ ਹਮਲਾ ਕੀਤਾ ਤੇ ਪਿੰਡ ਵਾਲਿਆਂ ਅਗੋਂ ਟਾਕਰਾ ਕੀਤਾ ਪਰ ਉਨ੍ਹਾਂ ਦੀ ਕੋਈ ਪੇਸ਼ ਨਹੀਂ ਗਈ।*[205]

ਕਰਮ ਸਿੰਘ ਹਿਸਟੋਰੀਅਨ ਨੇ ਵੀ ਗੁਰੂ ਜੀ ਦਾ ਬਾਬਰ ਦੇ ਹਮਲੇ ਸਮੇਂ ਸਯਦਪੁਰ ਵਿਚ ਹੋਣਾ ਹੀ ਮੰਨਿਆ ਹੈ- *ਬਾਬਰ ਗੁਰੂ ਜੀ ਨੂੰ ਮਿਲਿਆ ਤਾਂ ਜ਼ਰੂਰ ਹੈ , ਪਰ ਇਸ ਪੰਜਵੇਂ ਹਮਲੇ ਵਿਚ ਨਹੀਂ , ਜੈਸਾ ਕਿ ਇਸ ਜਨਮਸਾਖੀ ਵਿਚ ਲਿਖਿਆ ਹੈ , ਮਿਲਿਆ ਕੇਵਲ ਤੀਜੇ ਹਮਲੇ ਵਿਚ ਹੈ। ਜਦ ਸਤਿਗੁਰੂ ਜੀ ਏਮਨਾਬਾਦ ਸਨ, ਬਾਬਰ ਕਾਬਲੋਂ ਸਿਧਾ ਸਿਆਲਕੋਟ ਆਇਆ ਅਤੇ ਸਿਆਲਕੋਟੋਂ ਰਾਤੋ ਰਾਤ ਏਮਨਾਬਾਦ ਉਤੇ ਛਾਪਾ ਮਾਰਿਆ , ਸ਼ਹਿਰ ਫੂਕ ਦਿਤਾ , ਲੋਕੀਂ ਲੁਟ ਲਏ ਅਤੇ ਕੈਦ ਕਰ ਦਿਤੇ। ਇਥੇ ਹੀ ਗੁਰੂ ਜੀ ਬਾਬਰ ਨੂੰ ਮਿਲੇ ਅਤੇ ਪਾਤਸ਼ਾਹ ਨੂੰ ਉਪਦੇਸ਼ ਕਰ ਕੇ ਸਭ ਕੈਦੀ ਛਡਾਏ ਸਨ।*[206]

---

[203] Gupta, Hari Ram, *History of The Sikhs Vol. I,* Munshiram Manoharlal Publishers, New Delhi, 2008, Page 16.

[204] ਨੋਟ- ਗੁਰੂ ਨਾਨਕ ਦੇਵ ਜੀ ਦਾ ਭਾਈ ਲਾਲੋ ਨਾਲ ਮਿਲਾਪ ਦੋ ਵਾਰ ਹੋਣ ਦਾ ਜ਼ਿਕਰ ਇਤਿਹਾਸਕ ਸ੍ਰੋਤਾਂ ਵਿਚ ਮਿਲਦਾ ਹੈ, ਸਭ ਤੋਂ ਪਹਿਲਾਂ ਜਦੋਂ ਗੁਰੂ ਜੀ ਉਦਾਸੀਆਂ ਤੇ ਜਾਂਦੇ ਹਨ ਉਸ ਸਮੇਂ ਲਾਲੋ ਕੋਲ ਲਗਪਗ ਇਕ ਮਹੀਨਾ ਰਹਿੰਦੇ ਹਨ, ਜਿਸ ਦੀ ਚਰਚਾ ਚਰਚਿਤ ਖੋਜ ਕਾਰਜ ਵਿਚ ਵੀ ਕੀਤੀ ਗਈ ਹੈ। ਸੋ ਇਥੇ ਡਾ. ਕਿਰਪਾਲ ਸਿੰਘ ਦਾ ਸੰਕੇਤ ਪਹਿਲੀ ਮੁਲਾਕਾਤ ਵੱਲ ਹੈ।

[205] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 138.

[206] ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008, ਪੰਨਾ 76.

ਸੋ ਉਪਰੋਕਤ ਵਿਚਾਰਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ, ਕਿ ਜਦੋਂ ਬਾਬਰ ਨੇ ਏਮਨਾਬਾਦ ਉਪਰ ਹਮਲਾ ਕੀਤਾ, ਤਾਂ ਗੁਰੂ ਜੀ ਉਥੇ ਨੇੜੇ ਹੀ ਸਨ। ਇਹ ਗਲ ਉਪਰੋਕਤ ਵਿਦਵਾਨ ਵੀ ਮੰਨਦੇ ਹਨ ਅਤੇ ਕਵਿ ਨੇ ਵੀ ਇਵੇਂ ਹੀ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਕਵਿ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚੋਂ ਬਾਬਰ ਬਾਣੀ ਦਰਜ ਕਰਕੇ ਉਸ ਦੇ ਪਰੰਪਰਾਗਤ ਸੰਪ੍ਰਦਾਈ ਅਰਥ ਕਰਕੇ ਗੁਰਬਾਣੀ ਦੀ ਵਿਆਖਿਆ ਦੁਆਰਾ ਜਿਗਿਆਸੀ ਦੇ ਸ਼ੰਕੇ ਨਿਵਿਰਤ ਕਰਣ ਦਾ ਯਤਨ ਕੀਤਾ ਹੈ। ਸੋ ਇਸ ਸਾਖੀ ਦੀ ਆਪਣੀ ਇਤਿਹਾਸਿਕ ਮਹਤਤਾ ਹੈ।

ਕਵਿ ਨੇ ਜਿਥੇ ਇਹ ਮੰਨਿਆ ਹੈ, ਕਿ ਗੁਰੂ ਜੀ ਕਹਿਲੂਰ ਤੋਂ ਹੁੰਦੇ ਹੋਏ ਏਮਨਾਬਾਦ ਆਏ , ਉਥੇ ਆਧੁਨਿਕ ਵਿਦਵਾਨ ਇਹ ਮੰਨਦੇ ਹਨ, ਕਿ ਗੁਰੂ ਜੀ ਗੋਰਖ ਹਟੜੀ ਤੋਂ ਹਸਨ ਅਬਦਾਲ , ਟਿਲਾ ਬਾਲ ਗੁੰਦਾਈ ਤੋਂ ਹੋ ਕੇ ਸਯਦਪੁਰ (ਐਮਨਾਬਾਦ/ਏਮਨਾਬਾਦ) ਪਹੁੰਚੇ।[207]

ਏਮਨਾਬਾਦ ਤੋਂ ਗੁ ਰੂ ਜੀ ਪਖੋ ਕੇ ਰੰਧਾਵੇ ਜਾਂਦੇ ਹਨ । ਗੁਰੂ ਜੀ ਸੁਲਖਣੀ ਦੀ ਬਿਰਹਾ ਦੇਖ ਕੇ ਕਹਿੰਦੇ ਹਨ, ਕਿ ਸਾਡੇ ਪਾਸ ਤਾਂ ਦੁਖ-ਸੁਖ ਹੀ ਹੈ, ਜੇਕਰ ਤੂੰ ਸਾਡੇ ਦੁਖ-ਸੁਖ ਵਿਚ ਹੀ ਕਟਣੀ ਹੈ, ਤਾਂ ਪੁਤ੍ਰਾਂ ਨੂੰ ਲੈ ਕੇ ਸਾਡੇ ਪਾਸ ਆ ਜਾ। ਸੁਲਖਣੀ ਜੀ ਇਹ ਬਚਨ ਸੁਣ ਕੇ ਜਲਦੀ ਹੀ ਗੁਰੂ ਜੀ ਕੋਲ ਆ ਗਈ। ਇਹ ਵੇਖਕੇ ਮੂਲਚੰਦ ਅਤੇ ਚੰਦੋਰਾਣੀ ਚੁਪ ਕਰ ਕੇ ਘਰ ਵਾਪਸ ਚਲੇ ਗਏ। ਅਜਿਤਾ ਰੰਧਾਵਾ ਗੁਰੂ ਜੀ ਦੀ ਸੇਵਾ ਕਰਦਾ ਰਿਹਾ। ਗੁਰੂ ਜੀ ਕੁਝ ਸਮਾਂ ਪਖੋ ਕੇ ਰੰਧਾਵੇ ਰਹਿੰਦੇ ਰਹੇ। ਜਿਥੇ ਆਪ ਜੀ ਦੀ ਮਹਿਮਾ ਬਹੁਤ ਹੀ ਜ਼ਿਆਦਾ ਵਧ ਗਈ। ਆਪ ਜੀ ਇਕਾਂਤ ਸਥਾਨ ਉਤੇ ਜਾ ਬਿਰਾਜੇ। ਗੁਰੂ ਜੀ ਦੀ ਮਹਿਮਾ ਇਕ ਕ੍ਰੋੜੀਏ ਨੇ ਸੁਣੀ। ਉਹ ਗੁਰੂ ਜੀ ਨਾਲ ਈਰਖਾ ਕਰਣ ਲਗਾ। ਇਕ ਦਿਨ ਉਸਨੇ ਕੁਝ ਸੇਵਾਦਾਰ ਲੈ ਕੇ ਗੁਰੂ ਜੀ ਨੂੰ ਫੜਣ ਦੀ ਕੋਸ਼ਿਸ ਕੀਤੀ। ਜਦ ਉਹ ਗੁਰੂ ਜੀ ਕੋਲ ਆਇਆ ਤਾਂ ਉਸ ਨੂੰ ਦਿਸਣਾ ਬੰਦ ਹੋ ਗਿਆ। ਫਿਰ ਉਸਨੇ ਗੁਰੂ ਜੀ ਤੋਂ ਭੁਲ ਬਖ਼ਸ਼ਾਈ। ਜਿਥੇ ਗੁਰੂ ਜੀ ਬੈਠੇ ਸਨ, ਉਸ ਨੇ ਕਿਹਾ ਕਿ ਇਹ ਮੇਰੀ ਭੇਟਾ ਲਉ ਅਤੇ ਇਥੇ ਧਰਮਸਾਲ ਬਣਾ ਦਿਉ। ਕਰੋੜੀ ਨੇ ਕਾਰੀਗਰ ਮੰਗਵਾ ਲਏ ਅਤੇ ਧਰਮਸਾਲ ਬਣਵਾ ਦਿਤੀ ।

---

[207] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 138.

ਇਸ ਦਾ ਨਾਮ ਕਰਤਾਰਪੁਰ ਰਖਿਆ ਗਿਆ । ਸੰਗਤ ਇਸ ਸਥਾਨ 'ਤੇ ਆਉਣ ਲਗ ਗਈ। ਮਾਤਾ ਸੁਲਖਣੀ ਦੋਵਾਂ ਪੁਤ੍ਰਾਂ ਨੂੰ ਲੈ ਕੇ ਗੁਰੂ ਜੀ ਕੋਲ ਆ ਗਏ। ਸੰਗਤ ਲੰਗਰ-ਸਾਮਗ੍ਰੀ ਲੈ ਕੇ ਆਉਣ ਲਗ ਗਈ ਅਤੇ ਲੰਗਰ ਚਲਣ ਲਗਾ। ਇਕ ਦਿਨ ਇਕ ਕਰਮ ਕਾਂਡੀ ਪੰਡਿਤ ਗੁਰੂ ਜੀ ਕੋਲ ਆਇਆ ਅਤੇ ਕਿਹਾ, ਕਿ ਉਸਨੂੰ ਸੁਕਾ ਸੀਧਾ ਦੇ ਦਿਉ । ਉਹ ਆਪ ਅਪਣਾ ਭੋਜਨ ਬਣਾ ਕੇ ਖਾਵੇਗਾ। ਗੁਰੂ ਜੀ ਨੇ ਉਸ ਨੂੰ ਸੁਕੀ ਸਾਮਗ੍ਰੀ ਦੇ ਦਿਤੀ । ਉਸ ਨੇ ਬਹੁਤ ਥਾਂਵਾਂ ਪੁਟੀਆਂ ਪਰ ਸਾਰੀਆਂ ਹੀ ਥਾਂਵਾਂ ਤੋਂ ਜ਼ਮੀਨ ਵਿਚੋਂ ਹਡੀਆਂ ਨਿਕਲਦੀਆਂ ਰਹੀਆਂ। ਥਕ ਕੇ ਉਹ ਗੁਰੂ ਜੀ ਨੂੰ ਆ ਕੇ ਕਹਿੰਦਾ ਹੈ, ਕਿ ਉਸਨੂੰ ਲੰਗਰ ਵਿਚੋਂ ਹੀ ਭੋਜਨ ਦੇ ਦਿਉ। ਗੁਰੂ ਜੀ ਨੇ ਕਿਹਾ ਕਿ ਭਰਮ ਨਾ ਕਰੋ। ਹੁਣ ਜਿਥੋਂ ਵੀ ਧਰਤੀ ਪੁਟੋਗੇ ਉਹ ਪਵਿਤ੍ਰ ਹੋਵੇਗੀ। ਉਸ ਨੇ ਫਿਰ ਧਰਤੀ ਪੁਟ ਕੇ ਭੋਜਨ ਬਣਾ ਕੇ ਛਕਿਆ।

ਇਸ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਲੰਮੀਆਂ ਯਾਤ੍ਰਾਵਾਂ ਦੇ ਅੰਤ ਵਿਚ ਕਰਤਾਰਪੁਰ ਨਗਰ ਵਸਾਇਆ ਸੀ। ਕਰਤਾਰਪੁਰ ਵਸਾਉਣ ਤੋਂ ਬਾਅਦ ਗੁਰੂ ਜੀ ਬਗ਼ਦਾਦ ਅਤੇ ਮੁਲਤਾਨ ਗਏ ਸਨ। ਕਵਿ ਨੇ ਕਰਤਾਰਪੁਰ ਵਸਾਉਣ ਦਾ ਸਮਾਂ ਨਹੀਂ ਦਸਿਆ, ਉਂਞ ਇਸ ਨਗਰ ਨੂੰ ਵਸਾਉਣ ਦੀ ਘਟਨਾ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਗੁਰੂ ਜੀ ਨੇ ਕੇਵਲ ਇਹ ਨਗਰ ਵਸਾਇਆ ਹੀ ਨਹੀਂ, ਬਲਕਿ ਇਸ ਦਾ ਨਾਮ ਵੀ ਕਰਤਾਰਪੁਰ ਆਪ ਰਖਿਆ ਹੈ, ਇਹ ਹਵਾਲਾ ਇਸ ਰਚਨਾ ਵਿਚੋਂ ਇੰਞ ਪ੍ਰਾਪਤ ਹੋ ਜਾਂਦਾ ਹੈ-

ਤਬੈ ਕਰੋੜੀ ਕਾਰੀਗਰ ਜੇ ਲੀਨੇ ਬਹੁ ਮੁਗੰਵਾਇ॥
ਧਰਮ ਸਾਲ ਬਿਰਚੀ ਤਿਹ ਸੁੰਦਰ ਅਰੁ ਬਡ ਗ੍ਰਾਮ ਬਸਾਇ॥
ਸ੍ਰੀ ਕਰਤਾਰਪੁਰਾ ਬਰ ਨਾਮੰ ਰਾਖਤ ਭੇ ਤਿਹ ਗਾਮ॥
ਧਰਮਸਾਲ ਮੈ ਤਬੈ ਬਛਾਯੋ ਮੰਚ ਮ੍ਰਿਦਲ ਅਭਿਰਾਮ॥23॥[208]

ਜਿਸ ਵਿਅਕਤੀ ਨੇ ਕਰਤਾਰਪੁਰ ਨਗਰ ਵਸਾਉਣ ਲਈ ਸੇਵਾ ਕੀਤੀ ਸੀ, ਕਵਿ ਨੇ ਉਸ ਦਾ ਨਾਮ ਕਰੋੜੀਆ ਲਿਖਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਦੁਨੀ ਚੰਦ ਕਿਹਾ ਹੈ - *ਦੁਨੀ ਚੰਦ ਸ਼ਾਹੂਕਾਰ ਦੀ ਉਪਾਧੀ, ਜੋ ਸ੍ਰੀ ਗੁਰੂ ਨਾਨਕ ਦੇਵ ਦਾ ਸਿਖ ਹੋ ਕੇ ਭਰਮ ਪਾਖੰਡ ਨੂੰ ਤਜਾਗਕੇ ਪਰਉਪਕਾਰੀ ਹੋਇਆ ,*

[208] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 526.

*ਇਸ ਦਾ ਨਾਉਂ ਕਰੋੜੀਮਲ ਭੀ ਜਨਮਸਾਖੀਆਂ ਵਿਚ ਆਇਆ ਹੈ। ਕਰਤਾਰਪੁਰ ਨਗਰ ਵਸਾਉਣ ਲਈ ਇਸੇ ਨੇ ਧਨ ਖ਼ਰਚਿਆ ਅਤੇ ਸਤਿਗੁਰੂ ਦਾ ਮਹਿਲ ਤਥਾ ਧਰਮਸਾਲਾ ਬਣਵਾਈ।*[209]

ਜਿਵੇਂ ਕਿ ਕਵਿ ਨੇ ਕਿਹਾ ਹੈ, ਗੁਰੂ ਜੀ ਨੇ ਲੰਮੀਆਂ ਯਾਤ੍ਰਵਾਂ ਦੇ ਅੰਤ ਵਿਚ ਕਰਤਾਰਪੁਰ ਵਸਾਇਆ, ਡਾ. ਕਿਰਪਾਲ ਸਿੰਘ ਨੇ ਉਦਾਸੀਆਂ ਦੇ ਅੰਤ ਵਿਚ ਨਹੀਂ ਸਗੋਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਸਾਉਣਾ ਸਹੀ ਮੰਨਿਆ ਹੈ - *ਵਲਾਇਤ ਵਾਲੀ ਜਨਮ ਸਾਖੀ ਵਿਚ ਪਹਿਲੀ ਬਾਰਾਂ ਸਾਲ ਦੀ ਉਦਾਸੀ ਪਿਛੋਂ ਕਰਤਾਰਪੁਰ ਵਸਾਉਣਾ ਲਿਖਿਆ ਹੈ। ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿਚ ਪੂਰਬ ਤੇ ਦੱਖਣ ਦੀ ਉਦਾਸੀ ਪਿਛੋਂ ਕਰਤਾਰਪੁਰ ਵਸਾਉਣਾ ਲਿਖਿਆ ਹੈ। ਮਿਹਰਬਾਨ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਮੱਕੇ ਮਦੀਨੇ ਦੀ ਉਦਾਸੀ ਪਿਛੋਂ ਕਰਤਾਰਪੁਰ ਵਸਾਇਆ। ਲੰਮੀਆਂ ਉਦਾਸੀਆਂ ਤੋਂ ਆ ਕੇ ਕਰਤਾਰਪੁਰ ਵਸਾਉਣਾ ਜ਼ਿਆਦਾ ਠੀਕ ਜਾਪਦਾ ਹੈ ਕਿਉਂਕਿ ਹਰ ਨਵਾਂ ਪਿੰਡ ਵਸਾਉਣ ਲਗਿਆਂ ਕੁਝ ਔਕੜਾਂ ਆਉਂਦੀਆਂ ਸਨ ਜੋ ਗੁਰੂ ਜੀ ਆਪ ਉਥੇ ਰਹਿ ਕੇ ਹੀ ਦੂਰ ਕਰ ਸਕਦੇ ਸਨ।*[210]

ਸੋ ਕਵਿ ਨੇ ਵੀ ਉਦਾਸੀਆਂ ਦੇ ਅੰਤ ਵਿਚ ਕਰਤਾਰਪੁਰ ਵਸਾਉਣ ਦਾ ਜ਼ਿਕਰ ਕੀਤਾ ਹੈ, ਜੋ ਕਿ ਇਤਿਹਾਸ ਦੇ ਨੇੜੇ ਹੈ, ਭਾਵੇਂ ਇਸ ਤੋਂ ਬਾਅਦ ਵੀ ਕੁਝ ਸਥਾਨਾਂ ਉਪਰ ਜਾਣ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਅਸੀਂ ਅਗੇ ਕਰਾਂਗੇ । ਪਰ ਫਿਰ ਵੀ ਕਰਤਾਰਪੁਰ ਵਸਾਉਣ ਦੀ ਕਵਿ ਜੀ ਦੁਆਰਾ ਵਰਣਿਤ ਸਾਖੀ ਬਾਕੀ ਜਨਮਸਾਖੀਆਂ ਦੇ ਮੁਕਾਬਲੇ ਇਹ ਜ਼ਿਆਦਾ ਸਹੀ ਪ੍ਰਤੀਤ ਹੁੰਦਾ ਹੈ।

ਉਪਰੰਤ ਗੁਰੂ ਜੀ ਸਿਆਲਕੋਟ ਜਾਂਦੇ ਹਨ। ਇਥੇ ਦੋ ਅਧਿਆਵਾਂ ਵਿਚ ਤਿੰਨ ਸਾਖੀਆਂ ਦਰਜ ਹਨ। ਪਹਿਲੀ ਸਾਖੀ ਮੂਲੇ ਦੀ ਹੈ। ਇਕ ਵਾਰ ਗੁਰੂ ਜੀ ਮਰਦਾਨੇ ਨੂੰ ਇਕ ਸੋਨੇ ਦੀ ਮੋਹਰ ਦੇ ਕੇ ਭੇਜਦੇ ਹਨ, ਕਿ ਸਚ ਅਤੇ ਝੂਠ ਖ਼ਰੀਦ ਕੇ ਲੈ ਆ। ਮਰਦਾਨੇ ਨੂੰ ਮੂਲਾ ਕਾਗਜ਼ 'ਤੇ ਮਰਨਾ ਸਚ ਅਤੇ ਜਿਊਣਾ ਝੂਠ ਲਿਖ ਕੇ ਭੇਜਦਾ ਹੈ। ਗੁਰੂ ਜੀ ਮੂਲੇ ਨੂੰ ਕੋਲ ਬੁਲਾਉਂਦੇ ਹਨ ਅਤੇ ਪੁਛਦੇ ਹਨ, ਕਿ ਇਸ ਦਾ ਗਿਆਨ

---

[209] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 307.

[210] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 140-41. (ਪਗ ਟਿਪਣੀ)

ਹੈ ਜਾਂ ਨਹੀਂ। ਮੂਲਾ ਕਹਿੰਦਾ ਹੈ, ਕਿ ਜੇ ਗੁਰੂ ਕਰਵਾਵੇ ਤਾਂ ਗਿਆਨ ਵੀ ਹੋ ਜਾਵੇ। ਮੂਲਾ ਗੁਰੂ ਜੀ ਦੇ ਨਾਲ ਹੀ ਜਾਂਦਾ ਹੈ।

ਇਸ ਸਾਖੀ ਤੋਂ ਬਾਅਦ ਗੁਰੂ ਜੀ ਇਕ ਮੁਸਲਮਾਨਾਂ ਦੇ ਪਿੰਡ ਵਿਚ ਜਾਂਦੇ ਹਨ, ਜਿਥੇ ਇਕ ਸ਼ਹੁ ਸੁਹਾਗਣ ਪਾਖੰਡੀ ਹੁੰਦਾ ਹੈ । ਉਹ ਲੋਕਾਂ ਤੋਂ ਭੇਟਾਵਾਂ ਲੈਂਦਾ ਹੈ ਅਤੇ ਆਪ ਕੁਕਰਮ ਕਰਦਾ ਹੈ। ਗੁਰੂ ਜੀ ਉਸਨੂੰ ਮਿਲਣ ਵਾਸਤੇ ਕਹਿੰਦੇ ਹਨ, ਉਹ ਮਨ੍ਹਾ ਕਰ ਦਿੰਦਾ ਹੈ। ਗੁਰੂ ਜੀ ਉਥੋਂ ਜਾਣ ਲਗਦੇ ਹਨ, ਤਾਂ ਮੇਲੇ ਵਿਚ ਲੜਾਈ ਸ਼ੁਰੂ ਹੋ ਜਾਂਦੀ ਹੈ । ਲੁਟੇਰੇ ਸ਼ਹੁ ਸੁਹਾਗਣ ਦਾ ਸਾਰਾ ਸਮਾਨ ਲੁਟ ਲੈਂਦੇ ਹਨ । ਲੋਕਾਂ ਨੂੰ ਵੀ ਉਸ ਦੇ ਕੁਕਰਮਾਂ ਦਾ ਪਤਾ ਲਗ ਜਾਂਦਾ ਹੈ । ਉਸ ਦੀ ਦਸ਼ਾ ਬਹੁਤ ਮਾੜੀ ਹੁੰਦੀ ਹੈ। ਇਹ ਸਾਖੀਆਂ ਤੋਂ ਬਾਅਦ ਇਸ ਦੀ ਬਾਕੀ ਘਟਨਾ ਦਾ ਜ਼ਿਕਰ ਕੀਤਾ ਹੈ।

ਉਥੋਂ ਗੁਰੂ ਜੀ ਅਗੇ ਜਾਂਦੇ ਹਨ। ਸਿੰਧ ਦੇਸ਼ ਵਿਚ ਸਯਦਾਂ ਦੇ ਨਗਰ ਵਿਚ ਪਹੁੰਚਦੇ ਹਨ। ਪੀਰ ਜਲਾਲ ਦਾ ਇਕ ਸੇਵਕ ਗੁਰੂ ਜੀ ਦੇ ਮੁਖ ਤੋਂ *ਗੁਰਮੁਖਿ ਨਾਦੰ ਗੁਰਮੁਖਿ ਵੇਦੰ* ਪਾਠ ਸੁਣ ਕੇ ਜਲਾਲ ਨੂੰ ਦਸਦਾ ਹੈ। ਪੀਰ ਗੁਰੂ ਜੀ ਨੂੰ ਮਿਲਣ ਲਈ ਬੁਲਾਉਂਦਾ ਹੈ। ਗੁਰੂ ਜੀ ਤੋਂ ਉਸ ਦੇ ਅਰਥ ਪੁਛਦਾ ਹੈ। ਗੁਰੂ ਜੀ ਕਹਿੰਦੇ ਹਨ, ਕਿ ਜੇ ਉਹ ਮਕੇ ਦੀ ਯਾਤ੍ਰਾ ਕਰ ਆਵੇ, ਤਾਂ ਉਸ ਨੂੰ ਅਰਥ ਪਤਾ ਲਗ ਜਾਣਗੇ । ਪੀਰ ਯਾਤ੍ਰਾ 'ਤੇ ਚਲਾ ਜਾਂਦਾ ਹੈ।

ਗੁਰੂ ਜੀ ਮੂਲੇ ਨੂੰ ਕਹਿੰਦੇ ਹਨ, ਕਿ ਉਸ ਦੇ ਘਰ ਕਿਸੇ ਨੇ ਅਫਵਾਹ ਫੈਲਾ ਦਿਤੀ ਹੈ, ਕਿ ਮੂਲਾ ਮਰ ਗਿਆ ਹੈ। ਇਸ ਲਈ ਉਹ ਘਰ ਵਾਪਿਸ ਆ ਜਾਂਦਾ ਹੈ। ਦੂਜੇ ਪਾਸੇ ਜਲਾਲ ਰਸਤੇ ਵਿਚ ਇਕ ਪਹਾੜ ਕੋਲ ਰੁਕ ਜਾਂਦਾ ਹੈ, ਜਿਥੇ ਮੰਦਿਰ ਹੁੰਦਾ ਹੈ। ਉਥੇ ਦੋ ਘਟਨਾਵਾਂ ਹੁੰਦੀਆਂ ਹਨ । ਇਕ ਤਾਂ ਜਹਾਜ਼ ਡੁਬਣ ਲਗਦਾ ਹੈ ਅਤੇ ਜਲਾਲ ਖ਼ੁਦਾ ਨੂੰ ਬੇਨਤੀ ਕਰਕੇ ਉਸਨੂੰ ਡੁਬਣ ਤੋਂ ਬਚਾ ਲੈਂਦਾ ਹੈ। ਦੂਜੀ ਸਮੁੰਦਰ ਵਿਚ ਮੀਂਹ ਪੈਂਦਾ ਹੁੰਦਾ ਹੈ। ਜਲਾਲ ਦੀ ਬੇਨਤੀ 'ਤੇ ਜਿਥੇ ਲੋੜ ਹੁੰਦੀ ਹੈ, ਉਥੇ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਹੈ । ਉਸ ਮੰਦਿਰ ਵਿਚ ਰਾਤ ਸਮੇਂ ਕੁਝ ਸਾਧੂ ਆਉਂਦੇ ਹਨ । ਉਨ੍ਹਾਂ ਨੂੰ ਰੋਜ਼ ਭੋਜਨ ਦੇ ਥਾਲ ਪਰਮਾਤਮਾ ਵਲੋਂ ਆਉਂਦੇ ਹਨ, ਪਰ ਜਲਾਲ ਨੂੰ ਕੋਈ ਥਾਲ ਨਹੀਂ ਆਉਂਦਾ । ਪੁਛਣ 'ਤੇ ਉਨ੍ਹਾਂ ਦੇ ਮਹੰਤ ਨੇ ਦਸਿਆ, ਕਿ ਉਸ ਨੇ ਪਰਮਾਤਮਾ ਦੇ ਭਾਣੇ ਵਿਚ ਵਿਘਨ ਪਾਇਆ ਹੈ, ਇਸ ਲਈ ਉਹ ਮਨਮੁਖ ਹੈ। ਉਹ ਦਸਦਾ ਹੈ, ਕਿ

ਜੋ ਪਰਮਾਤਮਾ ਦਾ ਭਾਣਾ ਮੰਨੇ, ਉਹ ਗੁਰਮੁਖ ਹੈ, ਜੋ ਨਾ ਮੰਨੇ ਉਹ ਮਨਮੁਖ। ਜਲਾਲ ਕਹਿੰਦਾ ਹੈ, ਕਿ ਮੇਰੇ ਸਵਾਲ ਦਾ ਜਵਾਬ ਮਿਲ ਗਿਆ । ਹੁਣ ਮੈਨੂੰ ਮਕੇ ਜਾਣ ਦੀ ਲੋੜ ਨਹੀਂ ਹੈ। ਉਹ ਗੁਰੂ ਜੀ ਨੂੰ ਆਕੇ ਸਾਰੀ ਗਲ ਦਸਦਾ ਹੈ। ਗੁਰੂ ਜੀ ਜਲਾਲ ਨੂੰ ਉਪਦੇਸ਼ ਦੇ ਕੇ ਅਗੇ ਜਾਂਦੇ ਹਨ।

ਮੂਲੇ ਅਤੇ ਸ਼ਹੁ ਸੋਹਾਗਣ ਨਾਲ ਇਥੇ ਗੁਰੂ ਜੀ ਦੀ ਮੁਲਾਕਾਤ ਹੁੰਦੀ ਹੈ ਅਤੇ ਇਹ ਦੋਵੇਂ ਸਾਖੀਆਂ ਕਵਿ ਨੇ ਵਲੀ ਕੰਧਾਰੀ , ਸ਼ੇਖ ਬ੍ਰਹਮ ਇਤਿਆਦਿਕ ਦੀਆਂ ਸਾਖੀਆਂ ਤੋਂ ਬਾਅਦ ਅਗੇ ਸੰਪੂਰਨ ਕੀਤੀਆਂ ਹਨ। ਅਸੀਂ ਖੋਜ-ਕਾਰਜ ਦੀ ਸਰਲਤਾ ਲਈ, ਇਥੇ ਹੀ ਉਨ੍ਹਾਂ ਦੀ ਵੀ ਪੜਚੋਲ ਕਰਾਂਗੇ। ਉਹ ਸਾਖੀਆਂ ਇਸ ਤਰ੍ਹਾਂ ਹਨ- ਮੁਲਤਾਨ ਤੋਂ ਗੁਰੂ ਜੀ ਸ਼ਹੁ ਸੁਹਾਗਣ ਦੇ ਨਗਰ ਪਹੁੰਚਦੇ ਹਨ। ਉਥੇ ਗੁਰੂ ਸਾਹਿਬ ਇਕ ਲੂਲ੍ਹੇ ਨੂੰ ਠੀਕ ਕਰਕੇ ਸ਼ਹੁ ਸੁਹਾਗਣ ਦਾ ਖੋਇਆ ਮਾਨ ਉਸਨੂੰ ਵਾਪਸ ਦਵਾਉਂਦੇ ਹਨ। ਉਸਨੂੰ ਉਪਦੇਸ਼ ਦੇਣ ਉਪਰੰਤ ਉਥੋਂ ਰਵਾਨਾ ਹੋ ਕੇ ਇਕ ਦਿਨ ਬਾਲ ਗੁੰਦਾਈ ਪਾਸ ਗੁਜ਼ਾਰਨ ਮਗਰੋਂ ਸਿਆਲਕੋਟ ਮੂਲੇ ਨੂੰ ਮਿਲਣ ਹਿਤ ਜਾਂਦੇ ਹਨ। ਗੁਰੂ ਸਾਹਿਬ ਦੇ ਮੂਲੇ ਦੇ ਘਰ ਪਹੁੰਚਣ ਤੇ ਮੂਲਾ ਆਪਣੀ ਪਤਨੀ ਦੇ ਕਹਿਣ 'ਤੇ ਅੰਦਰ ਲੁਕ ਗਿਆ। ਉਸ ਨੂੰ ਸਪ ਲੜ ਗਿਆ। ਸਾਰੇ ਪਿੰਡ ਵਿਚ ਚਰਚਾ ਹੋਣ ਲਗੀ। ਮੂਲੇ ਦੀ ਮੌਤ ਹੋ ਗਈ। ਪਿੰਡ ਵਾਸੀਆਂ ਦੇ ਮੂਲੇ ਨੂੰ ਜਿਊਂਦਾ ਕਰਣ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਹੁਕਮ ਕੀਤਾ, ਕਿ ਇਸ ਦੀ ਮੁਕਤੀ ਸਾਡੇ ਦਸਮੇ ਜਾਮੇ ਵਿਚ ਹੋਵੇਗੀ।

ਸਿਆਲਕੋਟ ਵਿਚ ਮੂਲੇ ਵਾਲੀ ਸਾਖੀ ਅੰਕਿਤ ਕੀਤੀ ਗਈ ਹੈ। 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਏਮਨਾਬਾਦ (ਸਯਦਪੁਰ) ਤੋਂ ਸਿਆਲਕੋਟ ਜਾਣਾ ਲਿਖਿਆ ਹੈ।[211] ਪਰ ਕਵਿ ਨੇ ਕਰਤਾਰਪੁਰ ਵਸਾਉਣ ਤੋਂ ਬਾਅਦ ਸਿਆਲਕੋਟ ਜਾਣ ਦੀ ਸਾਖੀ ਅੰਕਿਤ ਕੀਤੀ ਹੈ। ਜਿਸ ਬਾਰੇ ਡਾ. ਕਿਰਪਾਲ ਸਿੰਘ ਨੇ ਇਸਦੇ ਵਾਪਰੇ ਹੋਣਾ ਸਹੀ ਮੰਨਿਆ ਹੈ।[212] ਅਗੇ ਗੁਰੂ ਜੀ ਉਚ ਜਾਂਦੇ ਹਨ।[213] ਜਿਥੇ ਉਹ

---

[211] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 396-97. (ਅੰਤਕਾ)

[212] ਉਹੀ, ਪੰਨਾ 149. (ਪਗ ਟਿਪਣੀ)

[213] ਉੱਚ ਜਹਾ ਸੈਯਦ ਬਹੁ ਬਸ ਹੈ ਤਿਹ ਥਲ ਪਹੁਚੇ ਜਾਈ॥ ਪੁਰ ਤੇ ਬਹਰ ਸਿਵਰ ਗੁਰ ਕੀਨੇ ਨਿਸਾ ਭਈ ਤਿਹ ਥਾਂਈ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 531).

ਪੀਰ ਜਲਾਲ ਨੂੰ ਮਿਲਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਉਚ ਨਿਵਾਸੀ ਇਕ ਫ਼ਕੀਰ, ਜਿਸ ਨੂੰ ਗੁਰੂ ਨਾਨਕ ਦੇਵ ਨੇ ਗੁਰਮੁਖ ਪਦਵੀ ਬਖਸ਼ੀ।[214] ਪੀਰ ਜਲਾਲ ਵਾਲੀ ਸਾਖੀ ਨਾਲ ਇੰਨ-ਬਿੰਨ ਮਿਲਦੀ ਸਾਖੀ 'ਪੁਰਾਤਨ ਜਨਮਸਾਖੀ' ਵਿਚ ਵੀ ਅੰਕਿਤ ਹੈ, ਪਰ ਉਥੇ ਮਖ਼ਦੂਮ ਬਹਾਵਦੀ ਨਾਲ ਇਹ ਘਟਨਾ ਵਾਪਰੀ ਦਸੀ ਹੈ।[215] ਕਰਮ ਸਿੰਘ ਹਿਸਟੋਰੀਅਨ ਨੇ ਪੀਰ ਜਲਾਲ ਨੂੰ ਗੁਰੂ ਜੀ ਤੋਂ ਬਹੁਤ ਸਮਾਂ ਪਹਿਲਾਂ ਹੋਇਆ ਦਸਿਆ ਹੈ- *ਅਸਾਂ ਦੇਖਣਾ ਇਹ ਹੈ ਕਿ ਸੱਯਦ ਜਲਾਲ ਜੀ ਗੁਰੂ ਨਾਨਕ ਜੀ ਦੇ ਵੇਲੇ ਹੋਏ ਵੀ ਹਨ ਜਾਂ ਨਹੀਂ। ਇਤਨਾ ਤਾਂ ਜ਼ਰੂਰੀ ਹੈ ਕਿ ਉਚ ਨਗਰ ਵਿਚ ਸੱਯਦ ਜਲਾਲ ਨਾਮੀ ਇਕ ਪੀਰ ਹੋਇਆ, ਪਰ ਉਹ ਗੁਰੂ ਨਾਨਕ ਜੀ ਦੇ ਵੇਲੇ ਨਹੀਂ ਹੋਇਆ। ਜਿਸ ਵੇਲੇ ਬਾਬਾ ਫਰੀਦ ਜੀ ਪਾਕਪਟਨ ਵਿਚ ਅਤੇ ਬਾਬਾ ਬਹਾਉਦੀਨ ਜੀ ਮੁਲਤਾਨ ਵਿਚ ਹੋਏ ਹਨ, ਓਦੋਂ ਹੀ ਸੱਯਦ ਜਲਾਲ ਜੀ ਉਚ ਨਗਰ ਵਿਚ ਰਹਿੰਦੇ ਸਨ।*[216]

ਇਸ ਪ੍ਰਕਾਰ ਇਹ ਸਿਧ ਹੁੰਦਾ ਹੈ, ਕਿ ਪੀਰ ਜਲਾਲ ਗੁਰੂ ਜੀ ਤੋਂ ਬਹੁਤ ਸਮਾਂ ਪਹਿਲਾਂ ਹੋਇਆ ਹੈ। ਇਸ ਲਈ ਪੀਰ ਜਲਾਲ ਨਾਲ ਗੁਰੂ ਜੀ ਦੀ ਮੁਲਾਕਾਤ ਸੰਭਵ ਨਹੀਂ ਹੋ ਸਕਦੀ, ਪਰ ਸਿਧਾਂ ਨਾਲ ਮੁਲਾਕਾਤ ਵਿਚ ਵੀ ਬਹੁਤ ਸਾਰੇ ਪੁਰਾਣੇ ਸਿਧਾਂ ਦੇ ਨਾਲ ਗੁਰੂ ਜੀ ਦੀ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ। ਉਨ੍ਹਾਂ ਨੂੰ ਮਿਲਣ ਦੀ ਚਰਚਾ ਅਸੀਂ ਉਪਰ ਕਰ ਆਏ ਹਾਂ। ਉਸੇ ਭਾਂਤਿ ਸੰਭਾਵਨਾ ਹੈ, ਕਿ ਗੁਰੂ ਜੀ ਨੂੰ ਪੀਰ ਜਲਾਲ ਦਾ ਕੋਈ ਚੇਲਾ ਮਿਲਿਆ ਹੋਵੇ। ਡਾ. ਕਿਰਪਾਲ ਸਿੰਘ ਨੇ ਇਸ ਦਾ ਨਾਮ ਸ਼ੇਖ ਹਾਜੀ ਅਬਦੁਲ ਸਾਹਿਬ ਬੁਖ਼ਾਰੀ ਦਸਿਆ ਹੈ- *ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਜਲਾਲੁਉਦੀਨ ਬੁਖਾਰੀ ਦੀ ਔਲਾਦ ਉਚ ਵਿਚ ਵਸਦੀ ਸੀ। ਜਲਾਲੁਉਦੀਨ ਬੁਖਾਰੀ ਦੇ ਵਡੇ ਪੁਤਰ ਸੱਯਦ ਮੁਹੰਮਦ ਦਾ ਪੁਤਰ ਜਲਾਲੁਉਦੀਨ ਮਖਦੂਮ ਕਰਨੀ ਵਾਲਾ ਹੋਇਆ ਹੈ। ਇਸਦਾ ਦਿਹਾਂਤ 1383 ਈ. ਵਿਚ ਹੋਇਆ। ਅਜ ਕਲ ਆਮ ਤੌਰ ਤੇ ਵਡਾ ਪੁਤਰ ਮਖਦੂਮ ਬਣਦਾ ਹੈ ਪਰ ਮਖਦੂਮ-ਇ-ਜਹਾਨੀਆ ਦੀ ਮੌਤ ਪਿਛੋਂ ਉਸ ਦਾ ਛੋਟਾ ਭਰਾ ਗੱਦੀ ਤੇ*

---

[214] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 513.

[215] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 138-142.

[216] ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2008, ਪੰਨਾ 69.

*ਬੈਠਾ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋ ਮਖਦੂਮ ਸੀ ਉਹ ਇਸ ਦੀ ਔਲਾਦ ਵਿਚੋਂ ਸੀ ਤੇ ਉਸ ਦਾ ਨਾਂ ਸ਼ੇਖ ਹਾਜੀ ਅਬਦੁਲ ਸਾਹਿਬ ਬੁਖਾਰੀ ਸੀ।*[217]

ਸ਼ਹੁ ਸੋਹਾਗਣ ਬਾਰੇ ਭਾਈ ਵੀਰ ਸਿੰਘ ਨੇ 'ਤਵਾਰੀਖ ਗੁਰੂ ਖ਼ਾਲਸਾ' ਦੇ ਹਵਾਲੇ ਨਾਲ ਇਹ ਘਟਨਾ ਪਾਕਪਟਨ, ਮੁਲਤਾਨ ਅਤੇ ਉਚ ਦੇ ਇਲਾਕੇ ਵਿਚਕਾਰ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ - *ਐਉਂ ਜਾਪਦਾ ਹੈ ਕਿ ਸਿਆਲਕੋਟ ਤੋਂ ਹੇਠ ਨੂੰ ਵਿਚਰਦੇ ਲਹੌਰ ਲਾਗਦੀ ਦੱਖਣੀ ਪੰਜਾਬ ਨੂੰ ਟੁਰੇ ਹੈਨ। ਤਵਾ. ਖਾ. ਵਿਚ ਲਿਖਿਆ ਹੈ ਕਿ ਗੁਰੂ ਜੀ ਕਰਤਾਰਪੁਰੋਂ ਨੁਸ਼ਹਰੇ , ਨਸ਼ਹਰੇ ਤੋਂ ਜਾਜਣ, ਏਥੋਂ ਹੁਜਰਾ ਸ਼ਾਹ ਮੁਕੀਮ, ਪਾਕਪਟਨ, ਮੁਲਤਾਨ ਤੇ ਏਥੋਂ ਉਚ ਅਪੜੇ , ਸੋ ਸ਼ਹੁ ਸੁਹਾਗਣ ਦਾ ਥਾਂ ਇਨ੍ਹਾਂ ਟਿਕਾਣਿਆਂ ਵਿਚੋਂ ਕਿਤੇ ਸੀ।*[218]

ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਸ ਦੇ ਸਥਾਨ ਦੀ ਪੁਸ਼ਟੀ ਨਹੀਂ ਕੀਤੀ, ਬਲਕਿ ਸਿਰਫ਼ ਘਟਨਾ ਵਲ ਸੰਕੇਤ ਕੀਤਾ ਹੈ - *ਇਕ ਪਾਖੰਡੀ ਫਕੀਰ, ਜੋ ਰਾਤ ਨੂੰ ਇਸਤ੍ਰੀ ਦਾ ਵੇਸ ਧਾਰਕੇ ਆਖਦਾ ਸੀ ਕਿ ਮੇਰੇ ਪਾਸ ਪਤੀ ਹੋ ਕੇ ਪਰਮੇਸ਼ੂਰ ਸੇਜਾ ਤੇ ਆਉਂਦਾ ਹੈ ............ਸਤਿਗੁਰੂ ਨਾਨਕ ਦੇਵ ਦੇ ਉਪਦੇਸ਼ ਨਾਲ ਇਹ ਪਾਖੰਡ ਤਿਆਗਕ ਸੱਚਾ ਸਾਧੂ ਬਣਿਆ।*[219]

ਸੋ ਇਨ੍ਹਾਂ ਵਿਚਾਰਾਂ ਤੋਂ ਅਸੀਂ ਇਹ ਕਹਿ ਸਕਦੇ ਹਾਂ, ਕਿ ਸ਼ਹੁ ਸੋਹਾਗਣ ਵਾਲੀ ਸਾਖੀ ਦੇ ਘਟੀ ਹੋਣ ਬਾਰੇ ਅਨੁਮਾਨ ਤਾਂ ਵਿਦਵਾਨਾਂ ਨੇ ਲਗਾਏ ਹਨ , ਪਰ ਇਤਿਹਾਸਿਕ ਤਥਾਂ ਦੀ ਪੁਸ਼ਟੀ ਤੋਂ ਬਗੈਰ ਨਿਰੋਲ ਅੰਦਾਜ਼ੇ ਹੀ ਲਗਾਏ ਗਏ ਹਨ।

ਅਗੇ ਗੁਰੂ ਜੀ ਵਲੀ ਕੰਧਾਰੀ ਨੂੰ ਮਿਲਣ ਲਈ ਉਸ ਦੇ ਪਰਬਤ ਉਪਰ ਸਥਿਤ ਟਿਕਾਣੇ ਵਲ ਜਾਂਦੇ ਹਨ ਅਤੇ ਵਲੀ ਕੰਧਾਰੀ ਜਿਸ ਪਹਾੜ ਉਪਰ ਰਹਿੰਦਾ ਹੈ, ਉਸ ਦੇ ਹੇਠ ਬੈਠ ਜਾਂਦੇ ਹਨ। ਮਰਦਾਨੇ ਨੂੰ

---

[217] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 122.

[218] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927, ਪੰਨਾ1027. (ਪਗ ਟਿਪਣੀ)

[219] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 140.

ਪਿਆਸ ਲਗਦੀ ਹੈ। ਗੁਰੂ ਸਾਹਿਬ ਉਸ ਨੂੰ ਉਪਰ ਪਰਬਤ ਤੇ ਜਾ ਕੇ ਵਲੀ ਕੰਧਾਰੀ ਤੋਂ ਪਾਣੀ ਲੈਣ ਲਈ ਕਹਿੰਦੇ ਹਨ। ਮਰਦਾਨਾ ਉਥੇ ਜਾ ਕੇ ਪੀਣ ਲਈ ਪਾਣੀ ਮੰਗਦਾ ਹੈ। ਉਹ ਮਰਦਾਨੇ ਤੋਂ ਪੁਛਦਾ ਹੈ, ਕਿ ਤੂੰ ਕੌਣ ਹੈਂ ਅਤੇ ਤੇਰੇ ਨਾਲ ਵੀ ਕੋਈ ਹੈ ? ਮਰਦਾਨਾ ਆਪਣਾ ਨਾਮ ਦਸਦਾ ਹੈ ਅਤੇ ਕਹਿੰਦਾ ਹੈ, ਕਿ ਗੁਰੂ ਨਾਨਕ ਉਸਦੇ ਨਾਲ ਹਨ, ਜਿਸ ਨੂੰ ਹਿੰਦੂ, ਮੁਸਲਮਾਨ ਦੋਵੇਂ ਹੀ ਪੂਜਦੇ ਹਨ। ਵਲੀ ਕੰਧਾਰੀ ਗੁਰੂ ਸਾਹਿਬ ਦੀ ਉਸਤਤਿ ਸੁਣ ਕੇ ਕ੍ਰੋਧਿਤ ਹੋ ਜਾਂਦਾ ਹੈ ਅਤੇ ਕਹਿੰਦਾ ਹੈ, ਕਿ ਜੇਕਰ ਤੇਰਾ ਗੁਰੂ ਐਨਾ ਹੀ ਕਰਣੀ ਵਾਲਾ ਹੈ, ਤਾਂ ਹੇਠਾਂ ਹੀ ਪਾਣੀ ਕਿਉਂ ਨੀ ਮੰਗਵਾ ਲੈਂਦਾ। ਉਹ ਗੁਰੂ ਸਾਹਿਬ ਨੂੰ ਆ ਕੇ ਸਭ ਕੁਝ ਦਸਦਾ ਹੈ। ਇਸ ਤੋਂ ਅਗੇ ਕਵਿ ਨੇ ਗੁਰੂ ਸਾਹਿਬ ਦੁਆਰਾ ਪਾਣੀ ਦਾ ਚਸ਼ਮਾ ਚਲਾਉਣਾ, ਵਲੀ ਕੰਧਾਰੀ ਦਾ ਪਾਣੀ ਦਾ ਚਸ਼ਮਾ ਸੁਕ ਜਾਣਾ, ਉਸਦਾ ਪਾਣੀ ਸੁਕ ਜਾਣ ਕਰਕੇ ਗੁਸੇ ਨਾਲ ਉਪਰੋਂ ਪਹਾੜ ਸੁਟਣਾ, ਗੁਰੂ ਸਾਹਿਬ ਦਾ ਪੰਜੇ ਨਾਲ ਪਹਾੜ ਰੋਕਣਾ ਅਤੇ ਵਲੀ ਕੰਧਾਰੀ ਦਾ ਗੁਰੂ ਸਾਹਿਬ ਦਾ ਸਿਖ ਬਣਨਾ ਆਦਿ ਘਟਨਾਵਾਂ ਦਾ ਜ਼ਿਕਰ ਕੀਤਾ ਹੈ।

ਵਲੀ ਕੰਧਾਰੀ ਵਾਲੀ ਸਾਖੀ ਦੀ ਸਮੀਖਿਆ ਕਰਣ ਲਈ ਕੁਝ ਵਿਚਾਰ ਪ੍ਰਸਤੁਤ ਕਰਣੇ ਅਤਿ ਜ਼ਰੂਰੀ ਹਨ-

1. ਕਵਿ ਨੇ ਇਹ ਸਾਖੀ ਕਰਤਾਰਪੁਰ ਵਸਾਉਣ ਤੋਂ ਬਾਅਦ ਦੀ ਦਰਸਾਈ ਹੈ। ਜਦਕਿ ਕਵਿ ਦੇ ਆਧਾਰ ਸ੍ਰੋਤ 'ਭਾਈ ਬਾਲੇ ਵਾਲੀ ਜਨਮਸਾਖੀ' ਅਤੇ 'ਸ੍ਰੀ ਨਾਨਕ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਏਮਨਾਬਾਦ ਦੇ ਪ੍ਰਸੰਗ ਤੋਂ ਪਹਿਲਾਂ ਦਾ ਹੈ।

2. ਪ੍ਰਸੰਗ ਬਾਅਦ ਵਿਚ ਅੰਕਿਤ ਕਰਣ ਕਰਕੇ ਯਾਤ੍ਰਾ ਦੀ ਤਰਤੀਬ ਵਿਚ ਅੰਤਰ ਆ ਜਾਂਦਾ ਹੈ।

3. 'ਸ੍ਰੀ ਨਾਨਕ ਪ੍ਰਕਾਸ਼Æ ਵਿਚ ਗੁਰੂ ਜੀ ਜਦੋਂ ਕਸ਼ਮੀਰ ਦੀ ਯਾਤਰਾ ਕਰਦੇ ਹਨ , ਉਸ ਸਮੇਂ ਹੀ ਵਲੀ ਕੰਧਾਰੀ ਨੂੰ ਮਿਲਦੇ ਹਨ।

4. ਕਵਿ ਨੇ ਉਚ ਦੇ ਪੀਰ ਜਲਾਲ ਤੋਂ ਬਾਅਦ ਇਹ ਪ੍ਰਸੰਗ ਅੰਕਿਤ ਕੀਤਾ ਹੈ , ਭਾਵ ਉਚ ਤੋਂ ਹੋ ਕੇ ਗੁਰੂ ਜੀ ਵਲੀ ਕੰਧਾਰੀ ਨੂੰ ਮਿਲਦੇ ਹਨ।

5. 'ਸ੍ਰੀ ਨਾਨਕ ਪ੍ਰਕਾਸ਼' ਵਿਚ ਗੁਰੂ ਜੀ ਜਲਾਲ ਤੋਂ ਬਾਅਦ ਸ਼ੇਖ ਬ੍ਰਿਹਮ (ਇਬਰਾਹੀਮ) ਨੂੰ ਮਿਲਦੇ ਹਨ।

6. ਕਵਿ ਨੇ ਜਲਾਲ ਤੋਂ ਬਾਅਦ ਵਲੀ ਕੰਧਾਰੀ ਨੂੰ ਮਿਲਣਾ ਦਸਿਆ ਹੈ ਅਤੇ ਫਿਰ ਸ਼ੇਖ ਬ੍ਰਿਹਮ ਦੀ ਸਾਖੀ ਅੰਕਿਤ ਕੀਤੀ ਹੈ।

ਹੁਣ ਉਪਰੋਕਤ ਵਿਚਾਰਾਂ ਨੂੰ ਧਿਆਨ ਵਿਚ ਰਖ ਕੇ ਇਸ ਸਾਖੀ ਦੀ ਇਤਿਹਾਸਿਕਤਾ ਉਤੇ ਨਜ਼ਰ ਮਾਰਦੇ ਹਾਂ। ਜੇਕਰ ਕਵਿ ਦੀ ਤਰਤੀਬ ਅਨੁਸਾਰ ਅਧਿਐਨ ਕਰੀਏ, ਤਾਂ ਗੁਰੂ ਜੀ ਉਚ ਤੋਂ ਵਲੀ ਕੰਧਾਰੀ ਦੇ ਪਰਬਤ, ਵਲੀ ਕੰਧਾਰੀ ਦੇ ਪਰਬਤ ਤੋਂ ਪਾਕਪਟਨ ਜਾਂਦੇ ਹਨ । ਪਰੰਤੂ ਇਹ ਤਰਤੀਬ ਭੂਗੋਲਿਕ ਪ੍ਰਸਥਿਤੀਆਂ ਦੇ ਅਨੁਕੂਲ ਨਹੀਂ ਹੈ। ਉਚ ਤੋਂ ਪਾਕਪਟਨ ਜਾਣਾ ਸਹੀ ਹੈ, ਲੇਕਿਨ ਪਹਿਲਾਂ ਵਲੀ ਕੰਧਾਰੀ ਦੇ ਪਰਬਤ ਜਾਣਾ ਅਤੇ ਫਿਰ ਪਾਕਪਟਨ ਜਾਣਾ ਇਹ ਸਹੀ ਨਹੀਂ ਹੈ । ਸੋ ਇਥੇ ਕਵਿ ਨੇ ਸਾਖੀਆਂ ਦੀ ਤਰਤੀਬ ਅਗੇ ਪਿਛੇ ਕਰਕੇ ਇਤਿਹਾਸਿਕਤਾ ਦੇ ਨੇੜੇ ਆਉਣ ਦਾ ਯਤਨ ਕੀਤਾ ਹੈ, ਪਰ ਭੂਗੋਲਿਕ ਪ੍ਰਸਿਥਤੀਆਂ ਸਹੀ ਨਹੀਂ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਵਲੀ ਕੰਧਾਰੀ ਨੂੰ ਹਸਨ ਅਬਦਾਲ ਵਿਖੇ ਰਹਿੰਦਾ ਦਸਿਆ ਹੈ-*ਜਿਲ੍ਹਾ ਅਟਕ ਦਾ ਇਕ ਨਗਰ, ਜਿਥੇ ਥਾਣਾ ਅਤੇ ਰੇਲਵੇ ਸਟੇਸ਼ਨ ਹੈ, ਪਰ ਹੁਣ ਇਹ ਪੰਜਾ ਸਾਹਿਬ ਦੇ ਨਾਉਂ ਤੋਂ ਮਸ਼ਹੂਰ ਹੈ। ਇਥੋਂ ਦੇ ਰਹਿਣ ਵਾਲੇ ਬਾਬਾ ਹਸਨ ਅਬਦਾਲ ਪੀਰ ਨੇ ਆਪਣੇ ਤਾਲ ਦਾ ਪਾਣੀ ਤ੍ਰਿਖਾਤੁਰ ਭਾਈ ਮਰਦਾਨੇ ਨੂੰ ਨਹੀਂ ਦਿਤਾ ਸੀ। ............ਪੰਜੇ ਦਾ ਨਿਸ਼ਾਨ ਹੋਣ ਕਰਕੇ ਅਸਥਾਨ ਦਾ ਨਾਉਂ ਪੰਜਾ ਸਾਹਿਬ ਹੋ ਗਿਆ ਹੈ। ਬਾਬਾ ਹਸਨ ਅਬਦਾਲ ਸੱਯਦ (ਸੈਯਦ) ਸਬਜ਼ਵਾਰ (ਇਲਾਕਾ ਖੁਰਾਸਾਨ) ਦਾ ਸੀ ਅਤੇ ਭਾਰਤ ਵਿਚ ਮਿਰਜ਼ਾ ਸ਼ਾਹਰੁਖ ਨਾਲ ਆਇਆ ਸੀ। ਇਸ ਦਾ ਦੇਹਾਂਤ ਕੰਧਾਰ ਵਿਚ ਹੋਇਆ।*[220]

ਸੋ ਵਲੀ ਕੰਧਾਰ ਦਾ ਪਰਬਤ ਹਸਨ ਅਬਦਾਲ ਸੀ, ਜਿਸਨੂੰ ਅਜ ਕਲ ਪੰਜਾ ਸਾਹਿਬ ਕਿਹਾ ਜਾਂਦਾ ਹੈ। 'ਮਹਿਮਾ ਪ੍ਰਕਾਸ਼' ਸਰੂਪ ਦਾਸ ਭੱਲਾ ਵਿਚ ਗੁਰੂ ਜੀ ਨੂੰ ਇਕ ਦੁੰਬੇ ਚਾਰਣ ਵਾਲਾ ਹਸਨ ਵੀ ਮਿਲਿਆ ਸੀ, ਜਿਸ ਨੇ ਗੁਰੂ ਜੀ ਅਤੇ ਮਰਦਾਨੇ ਨੂੰ ਦੁਧ ਪਿਆਇਆ ਸੀ। [221] ਪਰ ਕਵਿ ਨੇ ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ। ਉਥੋਂ ਵਿਦਾ ਹੋ ਕੇ ਗੁਰੂ ਸਾਹਿਬ ਪਟਣ (ਸ਼ਹਿਰ) ਵਿਖੇ ਸ਼ੇਖ ਬ੍ਰਿਹਮ ਨੂੰ ਮਿਲਣ

---

[220] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 256.

[221] ਬਾਜਵਾ, ਡਾ. ਕੁਲਵਿਦੰਰ ਸਿੰਘ, *ਮਹਿਮਾ ਪ੍ਰਕਾਸ਼ ਵਾਰਤਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 42-43.

ਲਈ ਸ਼ਹਿਰ ਤੋਂ ਦੋ ਕੋਹ ਦੂਰ ਬੈਠ ਗਏ। ਉਥੇ ਸ਼ੇਖ ਬ੍ਰਿਹਮ ਦਾ ਇਕ ਚੇਲਾ ਲਕੜੀ ਇਕਠੀ ਕਰਨ ਆਇਆ ਸੀ, ਉਸ ਨੇ ਗੁਰੂ ਸਾਹਿਬ ਨੂੰ ਦੇਖਿਆ। ਗੁਰੂ ਸਾਹਿਬ ਨੇ ਇਕ ਸਲੋਕ ਉਚਾਰਣ ਕੀਤਾ। ਉਹ ਕੋਲ ਆ ਕੇ ਗੁਰੂ ਸਾਹਿਬ ਨੂੰ ਨਮਸ਼ਕਾਰ ਕਰਕੇ ਉਸ ਸਲੋਕ ਦੇ ਅਰਥ ਪੁਛਣ ਲਗਾ। ਗੁਰੂ ਸਾਹਿਬ ਅਰਥ ਸਮਝਾਉਂਦੇ ਹਨ। ਉਹ ਸ਼ੇਖ ਬ੍ਰਿਹਮ ਨੂੰ ਸਾਰੀ ਗਲ ਦਸਦਾ ਹੈ। ਸ਼ੇਖ ਬ੍ਰਿਹਮ ਇਕ ਸਲੋਕ ਦੇ ਕੇ ਉਸ ਦਾ ਜਵਾਬ ਮੰਗਣ ਲਈ ਆਪਣੇ ਚੇਲੇ ਨੂੰ ਭੇਜਦਾ ਹੈ। ਸ਼ੇਖ ਦਾ ਚੇਲਾ ਗੁਰੂ ਸਾਹਿਬ ਨੂੰ ਸਲੋਕ ਦਸਦਾ ਹੈ , ਗੁਰੂ ਸਾਹਿਬ ਉਸਦਾ ਜਵਾਬ ਦਿੰਦੇ ਹਨ। ਜਵਾਬ ਸੁਣ ਕੇ ਸ਼ੇਖ ਬ੍ਰਿਹਮ ਆਪ ਗੁਰੂ ਜੀ ਨੂੰ ਮਿਲਣ ਲਈ ਆਉਂਦਾ ਹੈ। ਇਥੇ ਦੋਹਾਂ ਦੇ ਆਪਸ ਵਿਚ ਸਵਾਲ-ਜਵਾਬ ਹੁੰਦੇ ਹਨ।

ਸ਼ੇਖ ਬ੍ਰਿਹਮ ਨੂੰ ਮਿਲਣ ਦਾ ਜ਼ਿਕਰ ਵਖ -ਵਖ ਜਨਮਸਾਖੀਆਂ ਵਿਚ ਵਖ -ਵਖ ਹੈ। 'ਪੁਰਾਤਨ ਜਨਮਸਾਖੀ' ਵਿਚ ਇਕ ਵਾਰੀ ਆਸਾ ਦੇਸ਼ ਵਿਖੇ ਸ਼ੇਖ ਫ਼ਰੀਦ ਨੂੰ ਮਿਲਣ ਦਾ ਬਿਰਤਾਂਤ ਹੈ ਅਤੇ ਦੂਜੀ ਵਾਰੀ ਸ਼ੇਖ ਬ੍ਰਿਹਮ ਨੂੰ ਮਿਲਣ ਦਾ। 'ਪੁਰਾਤਨ ਜਨਮਸਾਖੀ' ਵਿਚ ਪਹਿਲੀ ਉਦਾਸੀ ਸਮੇਂ ਪਾਕਪਟਣ ਜਾਣ ਦਾ ਜ਼ਿਕਰ ਕੀਤਾ ਗਿਆ ਹੈ। 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿਚ ਗੁਰੂ ਜੀ ਦੋ ਵਾਰੀ ਪਾਕਪਟਨ ਗਏ, ਪਹਿਲੀ ਵਾਰੀ ਬਚਪਨ ਵਿਚ ਅਤੇ ਦੂਜੀ ਵਾਰੀ ਮਕੇ ਦੀ ਉਦਾਸੀ ਤੋਂ ਬਾਅਦ। ਕਵਿ ਨੇ ਸ਼ੇਖ ਬ੍ਰਿਹਮ ਨਾਲ ਮੁਲਾਕਾਤ ਦਾ ਜ਼ਿਕਰ ਪਾਕਪਟਨ ਵਿਖੇ ਵਲੀ ਕੰਧਾਰੀ ਤੋਂ ਬਾਅਦ ਕਰਦਾ ਹੈ-

ਸ੍ਰੀ ਅੰਗਦ ਆਗੈ ਸੁਨੋ ਸ੍ਰੀ ਗੁਰ ਕਥਾ ਬਿਚਿਤ੍ਰ॥
ਸੇਖ ਫਰੀਦ ਪਟਣ ਜਹਾ ਪਹੁਚੇ ਪਰਮ ਪਵਿਤ੍ਰ॥22॥
ਸੇਖ ਬ੍ਰਹਮ ਬਸ ਹੀ ਤਹਾ ਤਿਹ ਮਿਲਨੇ ਕੇ ਕਾਜ॥
ਬੈਠਤ ਭੇ ਦ੍ਵੈ ਕੋਸ ਪਰ ਗੁਰੂ ਗਰੀਵ ਨਵਾਜ॥23॥[222]

ਸੋ ਸਾਰੀਆਂ ਹੀ ਜਨਮਸਾਖੀਆਂ ਵਿਚ ਸ਼ੇਖ ਬ੍ਰਿਹਮ ਨਾਲ ਗੁਰੂ ਜੀ ਦੀ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ। ਇਸ ਤਰ੍ਹਾਂ ਕਵਿ ਨੇ ਵੀ ਸ਼ੇਖ ਬ੍ਰਿਹਮ ਨਾਲ ਗੁਰੂ ਜੀ ਦੀ ਮੁਲਾਕਾਤ ਦਾ ਬਿਰਤਾਂਤ ਪ੍ਰਸਤੁਤ ਕੀਤਾ ਹੈ। ਅਸੀਂ ਉਪਰ ਇਹ ਚਰਚਾ ਕਰ ਆਏ ਹਾਂ, ਕਿ ਪਾਕਪਟਣ ਗੁਰੂ ਜੀ ਪਹਿਲਾਂ ਆਏ ਹੋ ਸਕਦੇ

---

[222] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 540.

ਹਨ। ਕਵਿ ਦੁਆਰਾ ਦਿਤੀ ਤਰਤੀਬ ਅਨੁਸਾਰ ਪਹਿਲਾਂ ਉਚ ਤੋਂ ਹਸਨ ਅਬਦਾਲ ਅਤੇ ਫਿਰ ਪਾਕਪਟਣ ਆਉਣਾ ਭੂਗੋਲਿਕ ਤਰਤੀਬ ਅਨੁਸਾਰ ਸਹੀ ਨਹੀਂ ਹੈ। ਪਾਕਪਟਣ ਤੋਂ ਕਵਿ ਨੇ ਗੁਰੂ ਜੀ ਦਾ ਬਗ਼ਦਾਦ ਜਾਣਾ ਦਸਿਆ ਹੈ। ਜਿਥੇ ਗੁਰੂ ਜੀ ਦੀ ਮੁਲਾਕਾਤ ਪੀਰ ਦਸਤਗੀਰ ਨਾਲ ਹੁੰਦੀ ਹੈ ਅਤੇ ਉਸ ਦੇ ਪੁਤ੍ਰ ਨੂੰ ਲਖਾਂ ਆਕਾਸ਼ ਪਾਤਾਲਾਂ ਦੇ ਦਰਸ਼ਨ ਕਰਵਾਉਂਦੇ ਹਨ।

ਡਾ. ਕਿਰਪਾਲ ਸਿੰਘ ਬਗ਼ਦਾਦ ਵਿਚ ਕਾਦਿਰੀ ਸੰਪ੍ਰਦਾਇ ਹੋਣਾ ਦਸਦੇ ਹਨ- *ਬਗਦਾਦ ਵਿਚ ਕਾਦਰੀ ਸੂਫੀ ਸੰਪਰਦਾ ਦੇ ਸੰਚਾਲਕ ਸ਼ਾਹ ਮਹੀਉਦੀਨ ਅਬਦੁਲ ਕਾਦਰ ਗੀਲਾਨੀ (1077-1168 ਈ.) ਦਾ ਮਜ਼ਾਰ ਪ੍ਰਸਿਧ ਅਸਥਾਨ ਸੀ। ਇਹ ਮਜ਼ਾਰ ਉਸ ਦੇ ਪੁਤਰ ਜੋ ਉਸਦੇ ਪਿਛੋਂ ਗੱਦੀ ਨਸ਼ੀਨ ਬਣਿਆ , ਨੇ ਬਣਵਾਇਆ ਸੀ ਤੇ ਇਸ ਵਿਚ ਸੱਤਾਂ ਮੁਨਾਰਿਆਂ ਵਾਲੀ ਮਸਜਦ ਸੀ।*[223]

ਕਾਦਿਰੀ ਸੰਪ੍ਰਦਾਇ ਵਿਚ ਸ਼ਾਮਿਲ ਹੋਣ ਦੇ ਕੁਝ ਨਿਯਮ ਸਨ। ਜਿਵੇਂ - *There are 7 names of Allah,used in Zikar, each having its pecullar light, prayer and number of times which it must be repeated.*[224] *ਅਤੇ The initiatory rites muhaya at of a murid include the bai' at or giving of the right hand clasped in the Shaikh's right hand with the two thumbs raised up against each other.*[225]

ਸੋ ਇਸ ਰਸਮ ਕਰਕੇ ਹੀ ਮੁਰਸ਼ਦ ਨੂੰ ਪੀਰ ਦਸਤਗੀਰ ਕਿਹਾ ਜਾਂਦਾ ਸੀ, ਜਿਸਦਾ ਭਾਵ 'ਹਥ ਪਕੜਣ ਵਾਲਾ' ਸੋ ਗੁਰੂ ਜੀ ਜਿਸ ਨੂੰ ਮਿਲੇ ਉਹ ਸ਼ੇਖ ਅਬਦੁਲ ਕਾਦਿਰ ਗੀਲਾਨੀ ਦੇ ਮਜ਼ਾਰ ਦੇ ਗਦੀ ਨਸ਼ੀਨ ਨੂੰ ਪੀਰ ਦਸਤਗੀਰ ਕਹਿੰਦੇ ਸਨ।[226]

---

[223] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 130.

[224] Rose, H. A., *A Glossary of the Tribes And Castes of the Punjab and North-west Frontier Province vol. I*, Govt. printing, Lahore, 1919, page 539. (Foot note)

[225] ਉਹੀ, ਪੰਨਾ 539.

[226] ਡਾ. ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 131.

ਕਵਿ ਨੇ ਗੁਰੂ ਜੀ ਦਾ ਬਗ਼ਦਾਦ ਜਾਣਾ ਲਿਖਿਆ ਹੈ । ਉਹ ਪਾਕਪਟਣ ਤੋਂ ਬਾਅਦ ਦਸਿਆ ਹੈ। ਜਦਕਿ ਮਕੇ ਤੋਂ ਬਗ਼ਦਾਦ ਜਾਣਾ ਭੂਗੋਲਿਕ ਪਖੋਂ ਜ਼ਿਆਦਾ ਸਹੀ ਹੈ। ਇਸ ਲਈ ਗੁਰੂ ਜੀ ਮਕੇ ਤੋਂ ਹੀ ਬਗ਼ਦਾਦ ਗਏ ਹੋਣਗੇ ਨਾ ਕਿ ਪਾਕਪਟਣ ਤੋਂ ਬਗ਼ਦਾਦ। ਕਿਉਂਕਿ ਪਾਕਪਟਣ ਤੋਂ ਬਗ਼ਦਾਦ ਦੀ ਦੂਰੀ ਬਹੁਤ ਹੀ ਜ਼ਿਆਦਾ ਹੈ। ਜਦਕਿ ਪਹਿਲਾਂ ਗੁਰੂ ਜੀ ਉਸ ਪਾਸੇ ਮਕੇ ਜਾ ਚੁਕੇ ਹਨ। ਸੋ ਕਵਿ ਦੀ ਉਕਾਈ ਇਹ ਹੈ, ਕਿ ਉਸ ਨੇ ਇਹ ਸਾਖੀ ਮਕੇ ਦੀ ਯਾਤ੍ਰਾ ਸਮੇਂ ਹੀ ਦਰਜ ਕਰਨੀ ਸੀ। ਇਸ ਸਾਖੀ ਦੀ ਇਤਿਹਾਸਿਕ ਮਹਤਤਾ ਹੈ, ਪਰ ਤਰਤੀਬ ਸਹੀ ਨਹੀਂ ਹੈ। ਫਿਰ ਗੁਰੂ ਜੀ ਮੁਲਤਾਨ ਨੂੰ ਗਏ। ਮੁਲਤਾਨ ਵਿਖੇ ਸਮਸ ਤਬਰੇਜ਼ ਪਾਸ ਜਾ ਬੈਠੇ। ਉਥੇ ਹੀ ਸਾਰੇ ਪੀਰ ਆ ਗਏ। ਉਹ ਭੇਟਾ ਕਰਣ ਲਈ ਕਟੋਰਾ ਦੁਧ ਦਾ ਭਰ ਲਿਆਏ। ਗੁਰੂ ਸਾਹਿਬ ਨੇ ਪੀਰਾਂ ਦਾ ਦੁਧ ਭੇਂਟ ਕਰਣ ਦਾ ਭਾਵ ਸਮਝ ਕੇ ਦੁਧ ਦੇ ਕਟੋਰੇ ਵਿਚ ਚੰਬੇਲੀ ਦਾ ਫੂਲ ਰਖ ਦਿਤਾ ਅਤੇ ਉਪਦੇਸ਼ ਦਿਤਾ- ਜਿਸ ਤਰ੍ਹਾਂ ਇਹ ਫੂਲ ਦੁਧ ਉਤੇ ਟਿਕਿਆ ਹੈ , ਇਸ ਤਰ੍ਹਾਂ ਅਸੀਂ ਮੁਲਤਾਨ ਵਿਚ ਸਮਾ ਜਾਵਾਂਗੇ, ਜਿਸ ਨਾਲ ਮੁਲਤਾਨ ਵਿਚ ਕੋਈ ਹਲਚਲ ਨਹੀਂ ਹੋਵੇਗੀ। ਗੁਰੂ ਸਾਹਿਬ ਦੀ ਪੀਰਾਂ ਨਾਲ ਲੰਬੀ ਵਾਰਤਾ ਹੁੰਦੀ ਹੈ। ਗੁਰੂ ਜੀ ਪੀਰਾਂ ਦੇ ਸ਼ੰਕੇ ਦੂਰ ਕਰਦੇ ਹਨ। ਉਹਨਾਂ ਨੂੰ ਉਪਦੇਸ਼ ਦੇ ਕੇ ਉਥੋਂ ਬਿਦਾ ਹੁੰਦੇ ਹਨ। ਮੁਲਤਾਨ ਦੀ ਸਾਖੀ ਨੂੰ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਅੰਕਿਤ ਕੀਤਾ ਹੈ-

ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ॥
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ॥
ਬਾਬੇ ਕਢਿ ਕਰਿ ਬਗਲ ਤੇ ਚੰਮੇਲੀ ਦੁਧਿ ਵਿਚਿ ਮਿਲਾਈ॥
ਜਿਉ ਸਾਗਰਿ ਵਿਚਿ ਗੰਗ ਸਮਾਈ॥[227]

ਸੋ ਮੁਲਤਾਨ ਜਾਣਾ ਸਹੀ ਹੈ, ਪਰ ਮੁਲਤਾਨ ਦੀ ਯਾਤ੍ਰਾ ਨਾਲ ਬਗ਼ਦਾਦ ਨੂੰ ਜੋੜ ਦੇਣਾ ਅਤੇ ਇਸ ਨੂੰ ਮਕੇ-ਮਦੀਨੇ ਦੀ ਯਾਤ੍ਰਾ ਤੋਂ ਵਖ ਕਰ ਦੇਣਾ, ਇਹੋ ਸਿਧ ਕਰਦਾ ਹੈ, ਕਿ ਕਵਿ ਇਤਿਹਾਸਕਾਰੀ ਵਲ ਰੁਚਿਤ ਨਹੀਂ। ਇਤਿਹਾਸਕਾਰ ਵਾਲੀ ਪਾਰਖੂ ਦ੍ਰਿਸ਼ਟੀ ਉਸ ਕੋਲ ਨਹੀਂ। ਉਹ ਸਿਰਫ਼ ਜਨਮਸਾਖੀਆਂ ਦੀਆਂ

---

[227] ਵਾਰ ਪਹਿਲੀ, ਪਉੜੀ ੪੪, *ਵਾਰਾਂ ਭਾਈ ਗੁਰਦਾਸ.*

ਵਾਰਤਕ ਕਥਾਵਾਂ ਨੂੰ ਕਵਿਤਾ ਵਿਚ ਬਿਆਨ ਕਰਣ ਦਾ ਪ੍ਰਯਤਨ ਕਰਦਾ ਹੈ। ਜਿਥੇ ਭਾਈ ਗੁਰਦਾਸ ਦੇ ਹਵਾਲੇ ਤੋਂ ਸਪਸ਼ਟ ਹੁੰਦਾ ਹੈ, ਕਿ ਗੁਰੂ ਜੀ ਮੇਲੇ ਤੋਂ ਮੁਲਤਾਨ ਗਏ , ਉਥੇ ਕਵਿ ਨੇ ਮੁਲਤਾਨ ਤੋਂ ਬਾਅਦ ਅਚਲ ਵਟਾਲੇ ਜਾਣ ਦਾ ਜ਼ਿਕਰ ਕੀਤਾ ਹੈ। ਮੁਲਤਾਨ ਤੋਂ ਗੁਰੂ ਜੀ ਵਾਪਸ ਕਰਤਾਰਪੁਰ ਆ ਗਏ ਅਤੇ ਕੁਝ ਸਮੇਂ ਬਾਅਦ ਅਚਲ ਵਟਾਲੇ ਦਾ ਸ਼ਿਵਰਾਤਰੀ ਦਾ ਮੇਲਾ ਸੀ , ਜਿਥੇ ਸਿਧ ਪਹੁੰਚੇ ਹੋਏ ਸਨ। ਗੁਰੂ ਜੀ ਵੀ ਉਥੇ ਗਏ। ਇਥੇ ਵੀ ਗੁਰੂ ਸਾਹਿਬ ਦੀ ਸਿਧਾਂ ਨਾਲ ਚਰਚਾ ਹੁੰਦੀ ਹੈ। ਪ੍ਰੋ . ਸਾਹਿਬ ਸਿੰਘ ਗੁਰੂ ਜੀ ਦਾ ਅਚਲ ਵਟਾਲੇ ਜਾਣਾ ਫਰਵਰੀ -ਮਾਰਚ 1539 ਈ. ਦਾ ਮੰਨਦੇ ਹਨ । ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਇਸ ਗੋਸ਼ਠਿ ਦਾ ਕਾਫ਼ੀ ਵਿਸਤਾਰ ਨਾਲ ਜ਼ਿਕਰ ਕੀਤਾ ਹੈ। ਉਥੇ ਉਹ ਲਿਖਦੇ ਹਨ, ਕਿ ਸ਼ਿਵਰਾਤ੍ਰੀ ਦਾ ਮੇਲਾ ਸੁਣ ਕੇ ਗੁਰੂ ਨਾਨਕ ਦੇਵ ਜੀ ਕਰਤਾਰਪੁਰੋਂ ਅਚਲ ਵਟਾਲੇ ਗਏ। ਮੇਲਾ ਖ਼ਤਮ ਹੋਣ ਤੇ ਆਪ ਮੁਲਤਾਨ ਪੁਹੰਚੇ। ਮੁਲਤਾਨ ਤੋਂ ਵਾਪਸ ਕਰਤਾਰਪੁਰ ਆ ਕੇ ਜਲਦੀ ਹੀ ਸਤਿਗੁਰੂ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣੀ ਜ਼ਿੰਮੇਵਾਰੀ ਸੌਂਪ ਦਿਤੀ।

ਸ਼ਿਵਰਾਤ੍ਰੀ ਫ਼ਰਵਰੀ -ਮਾਰਚ ਵਿਚ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਸਤੰਬਰ 1539 ਵਿਚ ਜੋਤੀ-ਜੋਤਿ ਸਮਾਏ ਸਨ। ਇਸ ਤੋਂ ਪ੍ਰਗਟ ਹੁੰਦਾ ਹੈ, ਕਿ ਸਿਧਾਂ ਨਾਲ ਸਤਿਗੁਰੂ ਜੀ ਦੀ ਗੋਸ਼ਟਿ ਫ਼ਰਵਰੀ - ਮਾਰਚ ਸੰਨ 1539 ਵਿਚ ਹੋਈ ਸੀ ਅਤੇ ਮੁਲਤਾਨ ਤੋਂ ਵਾਪਸ ਕਰਤਾਰਪੁਰ ਪਹੁੰਚ ਕੇ ਸਤਿਗੁਰੂ ਜੀ ਨੇ ਬਾਣੀ 'ਸਿਧ ਗੋਸਟਿ' ਲਿਖੀ ਸੀ, ਜੋ ਹਰ ਹਾਲਤ ਵਿਚ ਸਤੰਬਰ ਤੋਂ ਪਹਿਲਾਂ ਸੀ।[228]

ਸੋ ਇਥੇ ਵੀ ਕਵਿ ਦੀ ਇਤਿਹਾਸ ਪ੍ਰਤੀ ਉਕਾਈ ਰਹੀ ਹੈ, ਕਿ ਉਸ ਨੇ ਇਹ ਸਿਧ ਕੀਤਾ ਹੈ, ਕਿ ਗੁਰੂ ਜੀ ਮੁਲਤਾਨ ਤੋਂ ਬਾਅਦ ਅਚਲ ਗਏ , ਜਦਕਿ ਉਪਰੋਕਤ ਵਿਚਾਰ ਤੋਂ ਇਹ ਸਿਧ ਹੁੰਦਾ ਹੈ, ਕਿ ਗੁਰੂ ਜੀ ਅਚਲ ਵਟਾਲੇ ਤੋਂ ਬਾਅਦ ਮੁਲਤਾਨ ਗਏ ਸਨ। ਇਸ ਤੋਂ ਬਾਅਦ ਗੁਰੂ ਜੀ ਨੇ ਕਰਤਾਰਪੁਰ ਵਿਖੇ ਰਹਿ ਕੇ ਹੀ ਸਿਖਾਂ ਨੂੰ ਉਪਦੇਸ਼ ਦਿਤਾ, ਜਿਸਦਾ ਜ਼ਿਕਰ ਕਵਿ ਨੇ ਵਿਸਤ੍ਰਿਤ ਢੰਗ ਨਾਲ ਚਰਚਿਤ ਜਨਮਸਾਖੀ ਵਿਚ ਕੀਤਾ ਹੈ। ਉਪਰੋਕਤ ਯਾਤ੍ਰਾਵਾਂ ਦੀ ਚਰਚਾ ਤੋਂ ਬਾਅਦ ਚਰਚਿਤ ਜਨਮਸਾਖੀ ਵਿਚ ਗੁਰੂ ਜੀ ਦੀਆਂ ਯਾਤ੍ਰਾਵਾਂ ਦੀ ਤਰਤੀਬ ਇਸ ਪ੍ਰਕਾਰ ਬਣਦੀ ਹੈ-

---

[228] ਪ੍ਰੋ. ਸਾਹਿਬ ਸਿੰਘ, *ਸਿਧ ਗੋਸਟਿ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰ੍ਹਵੀਂ ਵਾਰ, 2006, ਪੰਨਾ 35 ਅਤੇ 36.

ਏਮਨਾਬਾਦ ਤੋਂ ਤਲਵੰਡੀ[229], ਤਲਵੰਡੀ ਤੋਂ ਕਾਵਰੂ ਦੇਸ[230], ਸੰਗਲਾਦੀਪ[231], ਤ੍ਰਿਯਾ ਰਾਜ[232], ਵਿਸ਼ੰਭਰਪੁਰ[233], ਬਿਸੀਹਰ ਦੇਸ਼[234], ਦੇਵਗੰਧਾਰ[235], ਆਸਾ ਦੇਸ ਤੋਂ ਹੁੰਦੇ ਹੋਏ ਮਕਾ[236] ਮਦੀਨਾ[237],

---

[229] ਭਯੋ ਏਮਨਾਬਾਦ ਮੈ ਇਮ ਕਥਾ ਪ੍ਰਸੰਗਾ॥ ਅਬ ਤਲਵੰਡੀ ਕੀ ਕਥਾ ਸੁਨਿਯੈ ਹਿਤ ਸੰਗਾ॥ ਪਹੁਚਯੋ ਜਬ ਮੈ ਜਾਇ ਕੈ ਤਲਵੰਡੀ ਮਾਹੀ॥ ਸੁਨ ਕਾਲੂ ਆਵਤ ਭਯੋ ਤੂਰਨ ਮੋ ਪਾਹੀ॥2॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 181).

[230] ਦੇਸ ਕਾਮ ਰੂ ਕੀਨ ਪ੍ਰਵੇਸਾ॥ ਦਰਵੇਸਨ ਕੇ ਵੇਸ ਸੁਰੇਸਾ॥ ਮੰਤ੍ਰ ਜੰਤ੍ਰ ਬਹੁ ਬਿਧ ਜਿਹ ਥਾਈ॥ ਨਰ ਤੇ ਗਾਡ ਰਲੇ ਤਬ ਨਾਈ॥2॥

(ਉਹੀ, ਪੰਨਾ 200).

[231] ਦੀਪ ਸੰਗਲਾ ਕੇ ਵਿਖੇ ਤਿਹ ਤੇ ਕਿਜ ਗੌਨਾ॥ ਸਰਧਾ ਪੂਰਨ ਕਰਨ ਹਿਤ ਨ੍ਰਿਪਕੀ ਸੁਖ ਭੌਨਾ॥ ਸੁਸਕ ਬਾਗ ਇਕ ਭੂਪ ਕੋ ਗਮਨੇ ਤਿਹ ਮਾਹੀ॥ ਗੁਰ ਪ੍ਰਤਾਪ ਕਰ ਹਰਤ ਭਾ ਤਤ ਛਿਨ ਸੋ ਆਹੀ॥5॥

(ਉਹੀ, ਪੰਨਾ 203).

[232] ਸ੍ਰੀ ਅੰਗਦ ਸੁਨਿਯੈ ਸੁਖਦਾਨੀ॥ ਆਗੈ ਚਲੇ ਤਬੈ ਗਤਿ ਦਾਨੀ॥ ਤਿਜ ਰਾਜ ਪਹੁਚੇ ਜਗ ਨਾਥਾ॥ ਮੈ ਅਰੁ ਮਰਦਾਨਾ ਤਿਹ ਸਾਥਾ॥2॥ ਤਿਹ ਪੁਰ ਮੈ ਨਰੇਸ ਕੋ ਨਾਹੀ॥ ਰਾਜ ਕਰਤ ਤਿਜ ਹੁਤੀ ਤਹਾ ਹੀ॥ ਨੂਰ ਸਾਹ ਤਿਹ ਨਾਮ ਪਛਾਨੇ॥ ਜਾਕੋ ਹੁਕਮ ਚਲੇ ਸਬ ਥਾਨੇ॥3॥

(ਉਹੀ, ਪੰਨਾ 213).

[233] ਲਖ ਇਕ ਬਿਟ ਪਛਾਇ ਜਿਹ ਘਨੀ॥ ਬੈਠ ਗਏ ਤਿਹਤ੍ਰੈ ਭੁਨ ਧਨੀ॥ ਪੁਨ ਹਸ ਬੋਲੇ ਸੁਨ ਮਰਦਾਨਾ॥ ਨਾਮ ਬਿਸੰਭਰ ਪੁਰ ਇਹ ਜਾਨ॥11॥

(ਉਹੀ, ਪੰਨਾ 225).

[234] ਟਾਪੂ ਏਕ ਸਿੰਧ ਕੇ ਮਾਹੀ॥ ਨਾਮ ਬਿਸੀਹਰ ਜਾਕੋ ਆਹੀ॥ ਤਾ ਮਹਿ ਬਸੈ ਨਗਰ ਅਭਰਾਮਾ॥ ਚਹੁ ਦਿਸ ਬਹੁ ਉਪਬਨ ਘਨਿਛਾਮਾ॥3॥

(ਉਹੀ, ਪੰਨਾ 237).

[235] ਨਗਰ ਹੁਤੋ ਤਿਹ ਦੇਵ ਗੰਧਾਰਾ॥ ਜਾਮਹ ਰਾਕਸ ਬਸੈ ਅਪਾਰਾ॥ ਇਕ ਗਿਰ ਨਿਕਟ ਥਾਨ ਲਖ ਸੁੰਦਰ॥ ਬੈਠਤ ਭਏ ਤਹਾ ਗੁਨ ਮੰਦਰ॥5॥

(ਉਹੀ, ਪੰਨਾ 248).

ਮਦੀਨਾ ਤੋਂ ਸੁਲਤਾਨਪੁਰ[238], ਸਿਧਾਂ ਨਾਲ ਚਰਚਾ[239], ਭਾਰਤ ਖੰਡ[240] ਤੋਂ ਲਵ ਪੁਰ[241], ਤਲਵੰਡੀ[242] ਤੋਂ ਕੁਰਖੇਤਰ[243], ਗੰਗਾ[244], ਬ੍ਰਿਜ[245], ਅਜੁਧਿਆ[246], ਕਾਂਸੀ[247], ਜਗਨਨਾਥ ਪੁਰੀ[248], ਮੁਨਾਫਕ ਦੇਸ[249],

---

[236] ਮੱਕਾ ਔਰ ਮਦੀਨਾ ਜੋਈ॥ ਕਾਨੀ ਸੁਨੇ ਨ ਦੇਖੇ ਸੋਈ॥ ਤੁਰਕ ਤਰੀਫ ਕਰਤ ਬਹੁ ਆਹੀ॥ ਹਮ ਤੇ ਰਹੇ ਕੌਨ ਦਿਸ ਮਾਹੀ॥12॥ ਤਿਹ ਦੇਖਣ ਕੀ ਚਾਹ ਘਨੇਰੀ॥ ਪੂਰਨ ਕੀਜੈ ਮਨਸਾ ਮੇਰੀ॥ ਤੁਮ ਜਿਹ ਕਹੌ ਜਾਹੁ ਤਤਕਾਲਾ॥ ਸ੍ਰੀ ਪਰਮੇਸਰ ਦੀਨ ਦਿਆਲਾ॥13॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 266).

[237] ਨਾਮ ਮਦੀਨਾ ਜਾਹਿ ਅਲਾਵਹ॥ ਚਲ ਅਬ ਸੋਇ ਤੁਝੈ ਦਿਖਰਾਵਹ॥ ਯੌ ਕਹ ਚਲੇ ਤਬੈ ਜਗ ਨਾਥਾ॥ ਮੁਝ ਅਰੁ ਮਰਦਾਨੇ ਲੈ ਸਾਥਾ॥7॥

(ਉਹੀ, ਪੰਨਾ 277).

[238] ਏਕ ਦਿਵਸ ਸ੍ਰੀ ਗੁਰ ਹਮ ਦਿਸ ਲਖ ਇਹ ਬਿਧ ਮੁਖ ਤੇ ਕੀਨ ਉਚਾਰ॥ ਕੀਨੋ ਯਾਦ ਆਜ ਮਮ ਭਗਨੀ ਚਲੋ ਅਬੈ ਕੀਜੈ ਨਹਿ ਬਾਰ॥ ਸੰਧਯਾ ਭਈ ਭਨਯੋ ਮਰਦਾਨੇ ਕਿਮ ਗਮਨੋ ਇਸ ਸਮੈ ਮੁਰਾਰਿ॥ ਰੈਨ ਬਤਾਵਨ ਕੀਜੈ ਇਹ ਥਲ ਪ੍ਰਾਤ ਕਾਲ ਕੀਜੈ ਅਭਿਸਾਰ॥3॥ ਕਹ ਗੁਰ ਬਚਨ ਦਿਯੋ ਬੇਬੇ ਕੋ ਜਬ ਸਿਮਰੈ ਤਬ ਹਾਜਰ ਜਾਨ॥ ਇਮ ਕਹ ਲੀਨ ਉਡਾਰੀ ਤਬ ਹੀ ਘਟੀ ਨਿਸਾ ਗਤਿ ਪਹੁਚੇ ਆਨ॥

(ਉਹੀ, ਪੰਨਾ 280 ਅਤੇ 281).

[239] ਇਸ ਪ੍ਰਕਾਰ ਸਜ ਸੈਨ ਮਹਾਨਾ॥ ਚਲਨ ਸੁਮੇਰ ਮੰਤ੍ਰ ਉਰਠਾਨਾ॥ ਸਿੱਧਨ ਮਾਨ ਖੰਡਨੇ ਹੇਤਾ॥ ਉਦਤ ਭਏ ਬੇਦੀ ਕੁਲਕੇਤਾ॥5॥

(ਉਹੀ, ਪੰਨਾ 284).

[240] ਕਿਤਕ ਕਾਲ ਤਿਹ ਰਹੇ ਕ੍ਰਿਪਾਲਾ॥ ਕੀਨ ਪ੍ਰਜਾ ਜੁਤ ਸਿੱਖ ਭੁਆਲਾ॥ ਤਿਹ ਤੇ ਬਿਦਾ ਹੋਇ ਗੁਨ ਐਨਾ॥ ਮਰਦਾਨੇ ਪ੍ਰਤਿ ਉਚਰੇ ਬੈਨਾ॥51॥ ਅਸਟ ਖੰਡ ਕੀ ਸੈਲ ਕਰਾਈ॥ ਨਵਮੋ ਭਾਰਤ ਖੰਡ ਗਨਾਈ॥

(ਉਹੀ, ਪੰਨਾ 368).

[241] ਸੁਨਿਯੈ ਸ੍ਰੀ ਅੰਗਦ ਸੁਭ ਗਾਥਾ॥ ਤਿਹ ਤੇ ਗਮਨ ਕੀਨ ਜਗ ਨਾਥਾ॥ ਲਵ ਪੁਰ ਨਿਕਟ ਨਿਰਖ ਸੁਭ ਥਾਨਾ॥ ਬੈਠ ਗਏ ਤਿਹ ਕ੍ਰਿਪਾ ਨਿਧਾਨਾ॥2॥ ਦੁਨੀ ਚੰਦ ਬਨਿਯਾ ਇਕ ਤਹਾ॥ ਸੁਨੀ ਤਿਨੇ ਗੁਰ ਮਹਮਾ ਮਹਾ॥ ਤਿਹ ਦਿਨ ਹੁਤੋ ਸ੍ਰਾਧ ਤਿਹ ਤਾਤਾ॥ ਕੀਨ ਅਰੰਭ ਘਨੋ ਬਿਖਜਾਤਾ॥3॥

(ਉਹੀ, ਪੰਨਾ 371).

[242] ਸੁਨਿਯੈ ਸ੍ਰੀ ਅੰਗਦ ਇਤਹਾਸਾ॥ ਜਾਹਿ ਸੁਨਤ ਨਾਸੈ ਦੁਖ ਰਾਸਾ॥ ਦੈ ਘਟ ਕਾ ਪਾਛੈ ਮਰਦਾਨਾ॥ ਸ੍ਰੀ ਕਾਲੂ ਗ੍ਰਿਹ ਗਯੋ ਸੁਜਾਨਾ॥2॥ ਗੁਰ ਮਾਤਾ ਤ੍ਰਿਪਤਾ ਜਿਹ ਨਾਮਾ॥ ਬੈਠੀ ਹੁਤੀ ਤਬੈ ਨਿਜ ਧਾਮਾ॥ ਮਰਦਾਨਾ ਆਵਤ ਜਬ ਚੀਨਾ॥ ਕੰਠ ਲਗਾਇ ਰੁਦਨ ਬਹੁ ਕੀਨਾ॥3॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 376).

[243] ਸੁਨਿਯੈ ਸ੍ਰੀ ਅੰਗਦ ਸੁਖਕਾਰੀ॥ ਤੀਰਥ ਹਿਤ ਪੁਨ ਲੀਨ ਉਡਾਰੀ॥ ਪੂਰਬ ਕੁਰਖੇਤਰ ਮਹ ਜਾਈ॥ ਏਕ ਸਥਾਨ ਥਿਰੇ ਜਗ ਰਾਈ॥2॥ ਸੂਰਜ ਗ੍ਰਹਨ ਹੁਤੋ ਤਿਹ ਸਮੈ॥ ਭਏ ਲੋਗ ਬਹੁਤਿ ਤਿਹ ਠਾ ਜਮੈ॥ ਬਰਣਾ ਸਮ ਦਿਜ ਗ੍ਰਿਸਤ ਜਿਆਦਾ॥ ਮੱਜਨ ਹਿਤ ਆਏ ਅਹਲਾਦਾ॥

(ਉਹੀ, ਪੰਨਾ 386).

[244] ਸੁਨਿਯੈ ਸ੍ਰੀ ਅੰਗਦ ਬਡਭਾਗੇ॥ ਮੰਦ ਮੰਦ ਗਮਨੇ ਗੁਰ ਆਗੈ॥ ਸ੍ਰੀ ਗੰਗਾ ਕੋ ਆਯੋ ਪਰਬਾ॥ ਦੇਸ ਬਿਦੇਸਨ ਤੇ ਨਰ ਸਰਬਾ॥2॥ ਮੱਜਨ ਹਿਤ ਆਏ ਨਰ ਜਾਲਾ॥ ਭਈ ਭੀਰ ਤਬ ਤਹਾ ਬਿਸਾਲਾ॥ ਪਾਪ ਉਤਾਰਨ ਉਰ ਅਭਿਲਾਖਹਿ॥ ਧੰਨ ਗੰਗ ਮੁਖ ਗਿਰਾ ਪ੍ਰਕਾਸਹਿ॥3॥

(ਉਹੀ, ਪੰਨਾ 392).

[245] ਸੁਨੋ ਕਥਾ ਸ੍ਰੀ ਫੇਰੂ ਨੰਦਨ॥ ਆਗੈ ਗਮਨੇ ਦੋਖ ਨਿਕੰਦਨ॥ ਪਹੁਚਤ ਭੇ ਬ੍ਰਿਜ ਮੈ ਸੁਖਰਾਸਾ॥ ਜਹਾ ਕ੍ਰਿਸਨ ਬਹੁ ਕਿਯੇ ਬਿਲਾਸਾ॥2॥

(ਉਹੀ, ਪੰਨਾ 397).

[246] ਆਗੈ ਗਮਨੇ ਬਹੁਰ ਕ੍ਰਿਪਾਲਾ॥ ਜਾਹਿ ਜਪੈ ਨ ਪਰੈ ਜਮ ਜਾਲਾ॥51॥ ਨਗਰਿ ਅਜੁਧਿਯਾ ਥੀ ਜਿਹ ਠਾਈ॥ ਛਿਨ ਮੈ ਤਾ ਮਹਿ ਪਹੁਚੇ ਜਾਈ॥ ਨਿਰਖ ਨਦੀ ਸਰਜੂ ਤਟ ਸੁੰਦਰ॥ ਬੈਠਤ ਭਏ ਤਹਾ ਗੁਨ ਮੰਦਰ॥52॥

(ਉਹੀ, ਪੰਨਾ 401).

[247] ਕਾਂਸੀ ਪਹੁਚੇ ਗੁਨੀ ਗਹੀਰਾ॥ ਸਿਵਰ ਕਰਯੋ ਸ੍ਰੀ ਸੁਰਸਰਿ ਤੀਰਾ॥ ਪੰਡਤ ਹੁਤੇ ਜੁ ਤਹਾ ਮਹਾਨੇ॥ ਸੁਨ ਸੁਧਿ ਸਗਰੇ ਮਨ ਹਰਖਾਨੇ॥74॥

(ਉਹੀ, ਪੰਨਾ 403).

[248] ਸ੍ਰੀ ਅੰਗਦ ਸੁਨਿਯੈ ਇਤਹਾਸਾ॥ ਆਗੈ ਗਮਨ ਕੀਨ ਸੁਖ ਰਾਸਾ॥ ਜਿਹ ਸ੍ਰੀ ਜਗੰ ਨਾਥ ਕੋ ਧਾਮਾ॥ ਪਹੁਚੇ ਜਾਇ ਤਹਾ ਸੁਖ ਧਾਮਾ॥2॥ ਹਰਿ ਮੰਦਰ ਕੀ ਪੌਰ ਮਝਾਰਾ॥ ਦ੍ਰਿਢ ਆਸਨ ਬੈਠੇ ਸੁਖ ਸਾਰਾ॥ ਹੋਤ ਭਯੋ ਜਬ ਸੰਧਯਾ ਕਾਲਾ॥ ਸਬ ਪੰਡੇ ਆਏ ਤਿਹ ਕਾਲਾ॥3॥ ਲਗੇ ਆਰਤੀ ਕਰਨ ਸਭਾਗੇ॥ ਮੰਦਰ ਮੈ ਹਰਿ ਮੂਰਤਿ ਆਗੇ॥ ਹ੍ਵੈ ਅਡੋਲ ਗੁਰ ਤਿਸ ਹੀ ਥਾਨਾ॥ ਬੈਠੇ ਰਹੇ

ਹਾਰੂ ਦੇਸ[250] ਤੋਂ ਹੁੰਦੇ ਹੋਏ ਕਸ਼ਮੀਰ[251] ਤੋਂ ਕਾਬਲ[252] ਪਹੁੰਚਦੇ ਹਨ। ਫਿਰ ਗੋਰਖ ਮਤੇ[253] (ਨਾਨਕ ਮਤੇ)[254] ਤੋਂ ਦਿਲੀ[255], ਕਲੂਰ ਦੇਸ[256], ਬਾਬਰ ਪ੍ਰਸੰਗ[257], ਪਖੋ ਕੇ ਰੰਧਾਵੇ[258] ਤੋਂ ਬਾਅਦ ਕਰਤਾਰਪੁਰ

---

ਮੌਨ ਮੁਖ ਠਾਨਾ॥4॥ ਇਕ ਪੰਡਾ ਲਖ ਰਿਦੈ ਰਿਸਾਯੋ॥ ਨਿਕਟ ਆਨ ਇਮ ਬੈਨ ਅਲਾਯੋ॥ ਕੋ ਹੈ ਤੂ ਆਯੋ ਕਿਤ ਦੇਸਾ॥ ਕਹਾ ਗਈ ਤੁਮ ਮਤੀ ਅਸੇਸਾ॥5॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 405).

[249] ਦੇਸ ਮੁਨਾਫਕ ਕੀਨ ਨਿਹਾਲਾ॥ ਆਗੇ ਗਮਨੇ ਬਹੁਰ ਕ੍ਰਿਪਾਲਾ॥ ਸਾਖੀ ਪੂਰਨ ਲੇਹੁ ਬਿਚਾਰਾ॥ ਵਾਹਿਗੁਰੂ ਮੁਖ ਕਰੋ ਉਚਾਰਾ॥64॥

(ਉਹੀ, ਪੰਨਾ 418).

[250] ਇਹ ਬਿਧ ਮਗ ਮੈ ਕਰ ਉਰ ਚੈਨਾ॥ ਸਿੰਧ ਪਾਰ ਉਤਰੇ ਗੁਨ ਐਨਾ॥ ਹਾਰੂ ਨਗਰ ਪਹੂਚੇ ਜਾਈ॥ ਇਕ ਤੁਰ ਤਰੇ ਥਿਰੇ ਜਗਰਾਈ॥48॥

(ਉਹੀ, ਪੰਨਾ 421).

[251] ਸ੍ਰੀ ਅੰਗਦ ਸੁਨ ਕਥਾ ਵਿਚਿਤ੍ਰੰ॥ ਆਗੈ ਗਮਨੇ ਪਰਮ ਪਵਿਤ੍ਰੰ॥ ਸੈਲਨ ਸੈਲ ਕਰਤ ਜਗਰਾਈ॥ ਕਾਸਮੀਰ ਮੈ ਪਹੁਚੇ ਜਾਈ॥2॥

(ਉਹੀ, ਪੰਨਾ 429).

[252] ਕਿਤਕ ਕਾਲ ਤਿਹ ਕੀਨ ਨਿਵਾਸਾ॥ ਪੁਨ ਆਗੈ ਗਮਨੇ ਸੁਖਰਾਸਾ॥ ਕਾਬਲ ਨਗਰ ਪਹੂਚੇ ਜਾਈ॥ ਤੁਰਕਨ ਕੋ ਬਲ ਜਿਹ ਅਧਿਕਾਈ॥51॥

(ਉਹੀ, ਪੰਨਾ 432).

[253] ਕਰੀ ਅਦੇਸ ਅਦੇਸ ਗੁਰੂ ਕੋ ਕੀਨੇ ਬਹੁਰ ਪਿਯਾਨਾ॥ ਗੋਰਖ ਮਤਾ ਨਾਮ ਇਕ ਠਾਊ ਪਹੁਚੇ ਤਬ ਤਿਹ ਥਾਨਾ॥ ਨਿਜ ਨਿਜ ਬਲ ਆਸਨ ਕਰ ਜੋਗੀ ਬੈਸੇ ਆਸਨ ਲਾਈ॥ ਕੇਤਕ ਕਾਲ ਬਿਤਯੋ ਤਿਹ ਪਾਛੇ ਸ੍ਰੀ ਗੁਰ ਪਹੁਚੇ ਜਾਈ॥13॥

(ਉਹੀ, ਪੰਨਾ 475).

[254] ਏਕ ਦਿਵਸ ਪੁਨ ਰਹੇ ਕ੍ਰਿਪਾਲਾ ਬਹੁਰ ਚਲਨ ਮਨ ਭਾਯੋ॥ ਗੋਰਖ ਮਤਾ ਮੇਟ ਤਿਹ ਨਾਮਾ ਨਾਨਕ ਮਤਾ ਰਖਾਯੋ॥

(ਉਹੀ, ਪੰਨਾ 479).

[255] ਸੁਨਿਯੈ ਸ੍ਰੀ ਅੰਗਦ ਸੁਖਦ ਗਾਥਾ॥ ਕਿਜ ਗਮਨ ਅਗਾਰੀ ਜਗਂ ਨਾਥਾ॥ ਪਹੁਚੇ ਤਬ ਦਿੱਲੀ ਨਗਰ ਮਾਹਿ॥ ਡੇਰਾ ਕਿਜ ਉਪਬਨ ਬੀਚ ਆਹ॥3॥

ਵਸਾਉਣ[259] ਦਾ ਜ਼ਿਕਰ ਆਉਂਦਾ ਹੈ। ਸਿਆਲਕੋਟ[260] ਤੋਂ ਅਗੇ ਵਲੀ ਕੰਧਾਰੀ[261] ਅਤੇ ਸ਼ੇਖ ਬ੍ਰਿਹਮ[262] ਦਾ ਪ੍ਰਸੰਗ ਹੈ, ਬਗ਼ਦਾਦ[263] ਤੋਂ ਮੁਲਤਾਨ[264] ਹੁੰਦੇ ਹੋਏ ਸਿਧਾਂ ਨਾਲ ਚਰਚਾ[265] ਕਰਕੇ, ਕਰਤਾਰਪੁਰ ਵਿਖੇ

---

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 480

256 ਸ੍ਰੀ ਅੰਗਦ ਆਗੈ ਸੁਨੋ ਗੁਰ ਕਥਾ ਰਸਾਲਾ॥ ਮੰਦ ਮੰਦ ਗਮਨੇ ਤਬੈ ਮਗ ਮਾਹਿ ਕ੍ਰਿਪਾਲਾ॥ ਬਹੁਰੋ ਦੇਸ ਕਲੂਰ ਮੈ ਪਹੁਚੇ ਜਗਰਾਈ॥ ਊਚੋ ਥਲ ਸੁਭ ਨਿਰਖ ਕੈ ਬੈਠੇ ਤਿਹ ਠਾਈ॥2॥

(ਉਹੀ, ਪੰਨਾ 483).

257 ਮਾਂਗ ਲੇਹੁ ਜੋ ਮਨ ਮੈ ਇੱਛਾ ਪ੍ਰਭ ਤੇ ਦੇਤ ਦੁਵਾਈ॥ ਸੁਨ ਗੁਰ ਬਚਨ ਮੁਦਤ ਭਾ ਬਾਬਰ ਸਰਧਾ ਉਰ ਪ੍ਰਗਟਾਈ॥

(ਉਹੀ, ਪੰਨਾ 513).

258 ਮੰਦ ਮੰਦ ਚਲ ਮਗ ਵਿਖੈ ਸਸੁਰੇ ਪੁਰ ਆਏ॥ ਕੂਪ ਅਜਿੱਤੇ ਕੋ ਹੁਤੋ ਸੁੰਦਰ ਜਿਹ ਛਾਏ॥ ਲਖ ਰਮਣੀਕ ਸਥਾਨ ਕੋ ਬੈਠੇ ਹਮ ਸੰਗਾ॥ ਕੀਨ ਸੈਲ ਬਹੁ ਪ੍ਰਭ ਭਨਜੋ ਅਬ ਥਿਰੈ ਉਮੰਗਾ॥11॥

(ਉਹੀ, ਪੰਨਾ 518).

259 ਤਬੈ ਕਰੋੜੀ ਕਾਰੀਗਰ ਜੇ ਲੀਨੇ ਬਹੁ ਮੁਗੰਵਾਇ॥ ਧਰਮ ਸਾਲ ਬਿਰਚੀ ਤਿਹ ਸੁੰਦਰ ਅਰੁ ਬਡ ਗ੍ਰਾਮ ਬਸਾਇ॥ ਸ੍ਰੀ ਕਰਤਾਰਪੁਰਾ ਬਰ ਨਾਮੰ ਰਾਖਤ ਭੇ ਤਿਹ ਗਾਮ॥ ਧਰਮਸਾਲ ਮੈ ਤਬੈ ਬਛਾਯੋ ਮੰਚ ਮ੍ਰਿਦਲ ਅਭਿਰਾਮ॥23॥

(ਉਹੀ, ਪੰਨਾ 526).

260 ਸੰਗਤ ਸਥਿਤ ਕਰ ਧਰਮ ਸਾਲਾ ਕੀਨ ਆਪ ਪਿਯਾਨ॥ ਮੁਝ ਔਰ ਮਰਦਾਨੈ ਤਬੈ ਸੰਗ ਲੀਨ ਸ੍ਰੀ ਸੁਖਦਾਨ॥3॥ ਪੁਰ ਸਜਾਲ ਕੋਟ ਸੁ ਨਾਮ ਜਾ ਕੋ ਤਹਾ ਪਹੁਚੇ ਜਾਇ॥ ਪੁਰ ਬਹਰ ਡੇਰਾ ਕੀਨ ਸ੍ਰੀ ਪ੍ਰਭ ਨਿਰਖ ਕੈ ਸੁਭ ਥਾਇ॥

(ਉਹੀ, ਪੰਨਾ 528 ਅਤੇ 529).

261 ਸ੍ਰੀ ਅੰਗਦ ਆਗੈ ਸੁਨੋ ਗੁਰ ਕਥਾ ਅਨੂਪਾ॥ ਆਨ ਥਾਨ ਕਿਜ ਗਮਨ ਕੋ ਬਹੁਰੋ ਸੁਰ ਭੂਪਾ॥ ਪਰਵਤ ਵਲੀ ਕੰਧਾਰ ਕੋ ਤਿਹ ਜਾਇ ਸਮੀਪਾ॥ ਬੈਸੇ ਸੁਭ ਥਲ ਨਿਰਖ ਕੈ ਬੇਦੀ ਕੁਲਦੀਪਾ॥ ਨਾਥ ਤ੍ਰਿਖਾ ਲਾਗੀ ਮੁਝੈ ਬੋਲਜੋ ਮਰਦਾਨਾ॥ ਸੁਨ ਕਰ ਸ੍ਰੀ ਨਾਨਕ ਤਬੈ ਮੁਖ ਕੀਨ ਬਖਾਨਾ॥2॥ ਗਿਰ ਪਰ ਬਲੀ ਕੰਧਾਰ ਹੈ ਅਜਮਤ ਜੁਤ ਪੀਰਾ॥ ਪੀਵਹੁ ਤਿਹ ਢਿਗ ਜਾਇਕੈ ਤੁਮ ਸੀਤਲ ਨੀਰਾ॥ ਸੁਨ ਮਰਦਾਨੇ ਗਮਨ ਕਿਜ ਬਡ ਊਚ ਪਹਾਰਾ॥ ਪਹੁਚਜੋ ਬਲੀ ਕੰਧਾਰ ਢਿਗ ਹ੍ਵੈ ਥਕਤਿ ਅਪਾਰਾ॥3॥

(ਉਹੀ, ਪੰਨਾ 537).

262 ਸੇਖ ਬ੍ਰਹਮ ਬਸ ਹੀ ਤਹਾ ਤਿਹ ਮਿਲਨੇ ਕੇ ਕਾਜ॥ ਬੈਠਤ ਭੇ ਦ੍ਵੈ ਕੋਸ ਪਰ ਗੁਰੂ ਗਰੀਵਨ ਵਾਜ॥23॥ ਸੇਖ ਬ੍ਰਹਮ ਕੋ ਸਿੱਖ ਤਿਹ ਆਯੋ ਈਧਨ ਹੇਤ॥ ਹੁਤੋ ਸੁ ਹਿਤੂ ਖੁਦਾਇ ਕੋ ਭਕਤੀ ਭਾਵ ਸਮੇਤ॥24॥

ਸਿਖਾਂ ਨੂੰ ਉਪਦੇਸ਼ ਦਿੰਦੇ ਹਨ।[266] ਇਸ ਵਿਵਰਣ ਤੋਂ ਇਹ ਸਿਧ ਹੁੰਦਾ ਹੈ, ਕਿ ਯਾਤ੍ਰਾਵਾਂ ਦੀਆਂ ਇਹ ਸੂਚਨਾਵਾਂ ਪੌਰਾਇਕ ਪ੍ਰਕ੍ਰਿਤੀ ਦੀਆਂ ਹਨ, ਇਨ੍ਹਾਂ ਦਾ ਸਿਲਸਿਲਾ ਕਿਸੇ ਵਿਗਿਆਨਿਕ ਤਰਤੀਬ ਵਿਚ ਪ੍ਰੋਇਆ ਹੋਇਆ ਨਹੀਂ। ਜਿਸ ਤਰਤੀਬ ਵਿਚ ਸੂਚਨਾਵਾਂ 'ਭਾਈ ਬਾਲੇ ਵਾਲੀ ਜਨਮਸਾਖੀ' ਵਿਚ ਉਪਲਬਧ ਸਨ, ਉਸੇ ਦਾ ਅਨੁਸਰਣ ਕਰ ਲਿਆ ਗਿਆ ਹੈ। 'ਵਿਲਾਇਤ ਵਾਲੀ ਜਨਮਸਾਖੀ ', 'ਜਨਮਸਾਖੀ ਸੋਢੀ ਮਿਹਰਵਾਨ' ਅਤੇ 'ਜਨਮਸਾਖੀ ਭਾਈ ਮਨੀ ਸਿੰਘ' ਵਿਚ ਇਹ ਯਾਤ੍ਰਾਵਾਂ ਦੀ ਤਰਤੀਬ ਵਖੋ-ਵਖਰੀ ਹੈ।

ਸੰਭਾਵਿਤ ਹੀ ਸੀ, ਕਿ ਕਵਿ ਗੁਰੂ ਨਾਨਕ ਦੇਵ ਜੀ ਦੁਆਰਾ ਭਾਈ ਲਹਿਣੇ ਨੂੰ ਗੁਰਿਆਈ ਸੌਂਪਣ ਦੀ ਘਟਨਾ ਦਾ ਵਰਣਨ ਇਸ ਜਨਮਸਾਖੀ ਵਿਚ ਕਰਦਾ। ਇਥੇ ਵੀ ਗੁਰਿਆਈ ਦੇਣ ਦੀ ਕੋਈ ਮਿਤੀ ਜਾਂ ਸੰਵਤ ਦੇਣ ਦਾ ਯਤਨ ਨਹੀਂ ਕੀਤਾ, ਬਸ ਇਸ ਘਟਨਾ ਦਾ ਸੰਪੂਰਣ ਵੇਰਵਾ ਦੇਂਦਿਆਂ ਉਹ ਲਿਖਦਾ ਹੈ, ਕਿ ਗੁਰੂ ਨਾਨਕ ਦੇਵ ਜੀ ਨੇ ਸਾਰੀ ਸਿਖ ਸੰਗਤ ਬੁਲਾਈ ਅਤੇ ਆਪਣੇ ਦੋਨੋਂ ਪੁਤ੍ਰ ਵੀ ਬੁਲਾ ਕੇ ਕੋਲ ਬਿਠਾ ਲਏ। ਇਕਤ੍ਰ ਹੋਈ ਭਾਰੀ ਭੀੜ ਵਿਚੋਂ ਭਾਈ ਲਹਿਣੇ ਨੂੰ ਆਪਣੇ ਕੋਲ ਬੈਠਾਇਆ ਅਤੇ ਸਾਰੀ ਸੰਗਤ ਦੇ

---

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 540).

[263] ਸ੍ਰੀ ਅੰਗਦ ਸੁਨ ਕਥਾ ਸੁਖਦ ਮੁਕਤੀ ਮਰਾ ਜਾਨੋ॥ ਦੇਸ ਜੁ ਹੈ ਬਗਦਾਦ ਤਹਾ ਗੁਰ ਕੀਨ ਪਿਯਾਨੋ॥ ਦਸਤਗੀਰ ਤਿਹ ਪੀਰ ਸਬੈ ਮਾਨੈ ਤਿਹ ਆਨੋ॥ ਸਕਲ ਪ੍ਰਜਾ ਜੁਤ ਨ੍ਰਿਪਤ ਕਰੈ ਤਿਹ ਸੇਵ ਮਹਾਨੋ॥2॥

(ਉਹੀ, ਪੰਨਾ 545).

[264] ਸ੍ਰੀ ਅੰਗਦ ਪਾਵਨ ਕਥਾ ਸੁਨਿਯੈ ਦੈ ਕਾਨਾ॥ ਤਿਹ ਤੇ ਸ੍ਰੀ ਗੁਰ ਗਮਨ ਕਰ ਪਹੁਚੇ ਮੁਲਤਾਨਾ॥ ਜੁਰੇ ਪੀਰ ਬਹੁ ਸਮਸ ਜੁਤ ਤਿਹ ਮਿਲਨੇ ਹੇਤਾ॥ ਬੈਠੇ ਪ੍ਰਿਥਮੈ ਸਮਸ ਪੈ ਬੇਦੀ ਕੁਲਕੇਤਾ॥2॥

(ਉਹੀ, ਪੰਨਾ 561).

[265] ਪੰਡਤ ਜੁ ਮਾਨੀ ਮੂਢ ਗਜਾਨੀ ਕਲਾ ਜੁਤ ਜਗ ਜੋਇ॥ ਪੁਨ ਸਿੱਧ ਗੋਰਖ ਆਦਿ ਜੇ ਨਹਿ ਟਿਕਜੋ ਆਗੈ ਕੋਇ॥4॥

(ਉਹੀ, ਪੰਨਾ 571).

[266] ਬਾਢਜੋ ਸੁ ਜਸ ਤਬ ਰਹਨ ਲਾਗੇ ਪੁਰੀ ਸ੍ਰੀ ਕਰਤਾਰ॥ ਉਪਦੇਸ ਦੈ ਸਤਿਨਾਮ ਕੋ ਬਹੁ ਕੀਨ ਜਗ ਨਿਸਤਾਰ॥3॥

(ਉਹੀ, ਪੰਨਾ 571).

ਸਾਹਮਣੇ ਪਹਿਲਾਂ ਤਿੰਨ ਪਰਿਕਰਮਾਂ ਕੀਤੀਆਂ ਅਤੇ ਅੰਤ ਵਿਚ ਇਕ ਨਾਰੀਅਲ ਅਤੇ ਪੰਜ ਪੈਸੇ ਰਖ ਕੇ ਗੁਰੂ ਸਾਹਿਬ ਨੇ ਲਹਿਣੇ ਨੂੰ ਪ੍ਰਣਾਮ ਕੀਤੀ। ਯਥਾ-

ਲਹਣੇ ਕੋ ਬਠਾਇਆ ਅਪਨੇ ਢਿਗ ਸੰਗਤਿ ਸਕਲ ਬੁਲਾਈ॥

ਦ੍ਵੈ ਸੁਤ ਨਿਕਟ ਹਕਾਰ ਬਠਾਏ ਭਈ ਭੀਰ ਅਧਿਕਾਈ॥

ਏਕ ਨਲੇਰ ਪੰਚ ਪੈਸੇ ਲੈ ਲਹਣੇ ਦਿਸ ਅਨੁਰਾਗੇ॥

ਤੀਨ ਪ੍ਰਦੱਛਨ ਕੀਨ ਤੋਨ ਛਿਨ ਭੇਟ ਧਰੀ ਪੁਨ ਆਗੈ॥36॥[267]

ਅਗੇ ਕਵਿ ਨੇ ਗੁਰੂ ਸਾਹਿਬ ਦੁਆਰਾ ਭਾਈ ਲਹਿਣੇ ਨੂੰ ਅੰਗਦ ਨਾਮ ਦੇਣ ਦਾ ਜ਼ਿਕਰ ਵੀ ਕੀਤਾ ਹੈ-

ਸਿਰੀ ਚੰਦ ਜੀ ਸੁਨ ਚੁਪ ਠਾਨੀ ਸ੍ਰੀ ਨਾਨਕ ਬਚ ਕੀਨਾ॥

ਅੰਗਦ ਨਾਮ ਆਜ ਤੋ ਹੋਵੈ ਨਿਜ ਅੰਗਨ ਤੇ ਕੀਨਾ॥[268]

ਗਣੇਸ਼ ਸਿੰਘ ਅਨੁਸਾਰ ਗੁਰੂ ਜੀ ਲੰਮੀਆਂ ਯਾਤ੍ਰਾਵਾਂ ਤੋਂ ਬਾਅਦ ਆਪਣੇ ਅੰਤਿਮ ਸਮੇਂ ਕਰਤਾਰਪੁਰ ਰਹੇ। ਕਵਿ ਕਹਿੰਦਾ ਹੈ, ਕਿ ਗੁਰੂ ਨਾਨਕ ਦੇਵ ਜੀ ਲਗਪਗ 70 ਸਾਲ ਦੀ ਉਮਰ 'ਚ ਸੰਵਤ 1596 ਵਿਕ੍ਰਮੀ (1539 ਈ.) ਅਸੂ ਵਦੀ ਦਸਮੀ ਨੂੰ ਸਚਖੰਡ ਜਾ ਬਿਰਾਜੇ, ਯਥਾ-

ਪੰਦਰਾ ਸਹਸ ਛਿਆਨਵਾ ਬਿਕ੍ਰਮ ਸਨ ਜਾਨੋ॥

ਅੱਸਨ ਬਦਿ ਦਸਮੀ ਵਿਖੈ ਸਚ ਖੰਡ ਪਿਯਾਨੋ॥35॥[269]

ਉਪਰ ਅਸੀਂ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਵਰਣਿਤ ਇਤਿਹਾਸਿਕ ਤਥਾਂ ਦੀ ਵਿਚਾਰ ਕੀਤੀ ਹੈ। ਰਚਨਾ ਦੇ ਅਧਿਐਨ ਤੋਂ ਅਸੀਂ ਕਹਿ ਸਕਦੇ ਹਾਂ, ਕਿ ਕਵਿ ਦਾ ਯਤਨ ਸੀ ਕਿ ਆਪਣੇ ਇਸ਼ਟ ਨਾਲ ਸੰਬੰਧਿਤ ਵੇਰਵਿਆਂ ਨੂੰ ਸ਼ਰਧਾ ਭਾਵ ਅਤੇ ਪ੍ਰੇਰਨਾਦਾਇਕ ਰੀਤੀ ਨਾਲ ਵਰਣਨ ਕਰੇ, ਜੋ ਉਸ ਨੇ ਸਫਲਤਾ ਸਹਿਤ ਕੀਤਾ ਵੀ ਹੈ। ਜਿਥੇ ਇਸ ਕ੍ਰਿਤੀ ਵਿਚ ਅਨੇਕਾਂ ਹੀ ਮਿਥਿਹਾਸਿਕ/ਕਾਲਪਨਿਕ ਪ੍ਰਸੰਗ

---

[267] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 643.

[268] ਉਹੀ.

[269] ਉਹੀ, ਪੰਨਾ 669.

ਅੰਕਿਤ ਕੀਤੇ ਗਏ ਹਨ। ਉਥੇ ਹੀ ਕੁਝ ਕੁ ਨਵੇਂ ਇਤਿਹਾਸਿਕ ਤਥ ਵੀ ਪ੍ਰਤੀਪਾਦਿਤ ਕੀਤੇ ਹਨ। ਕਿਤੇ - ਕਿਤੇ ਇੰਞ ਭਾਸਦਾ ਹੈ, ਕਿ ਕਵਿ ਨੇ ਇੰਨ-ਬਿੰਨ ਹੀ ਆਧਾਰ-ਸ੍ਰੋਤ ਤੋਂ ਪ੍ਰਸੰਗਾਂ ਦੀ ਤਰਤੀਬ ਦਿਤੀ ਹੈ ਅਤੇ ਕਿਤੇ-ਕਿਤੇ ਲੋੜ ਅਨੁਸਾਰ ਉਨ੍ਹਾਂ ਵਿਚ ਬਦਲਾਅ ਵੀ ਕੀਤੇ ਹਨ। ਇਸ ਤਰ੍ਹਾਂ ਕਵਿ ਦੁਆਰਾ ਨਵੇਂ ਪ੍ਰਸੰਗ, ਜੋ ਕਿ ਹੋਰ ਸਮਕਾਲੀ ਸ੍ਰੋਤਾਂ ਵਿਚ ਦਰਜ ਨਹੀਂ ਹਨ , ਨੂੰ ਅੰਕਿਤ ਕਰਕੇ ਗੁਰੂ ਜੀ ਦੀ ਸ਼ਖ਼ਸੀਅਤ ਨੂੰ ਹੋਰ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਵਿਅਕਤ ਕਰਣ ਦਾ ਸਫਲ ਯਤਨ ਹੈ। ਇਹ ਵੀ ਸਪਸ਼ਟ ਹੈ, ਕਿ ਉਸ ਸਮੇਂ ਇਤਿਹਾਸ ਅਜੋਕੇ ਸਮੇਂ ਵਾਂਗ ਤਥਾਂ ਦੇ ਆਧਾਰ ਉਤੇ ਲਿਖਣ ਦੀ ਪਿਰਤ ਨਹੀਂ ਸੀ ਪਈ , ਇਸ ਲਈ ਕਵਿ ਦੀ ਸ਼ੈਲੀ ਵੀ ਪੁਰਾਤਨ ਗੁਰਮੁਖੀ ਕਵੀਆਂ ਅਤੇ ਵਾਰਤਕ ਲੇਖਕਾਂ (ਮਿਹਰਬਾਨ, ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ) ਵਾਲੀ ਹੈ। ਕਵਿ ਦਾ ਮਨੋਰਥ ਗੁਰੂ ਨਾਨਕ ਦੇਵ ਜੀ ਦੇ ਮਾਨਵ -ਕਲਿਆਣ ਹਿਤ ਜਗਤ - ਆਗਮਨ ਦਾ ਪ੍ਰਯੋਜਨ ਅਤੇ ਸਚ ਦੀ ਭਾਲ ਲਈ ਕੀਤੀਆਂ ਲੰਮੀਆਂ ਯਾਤ੍ਰਾਵਾਂ ਦਾ ਉਲੇਖ ਕਰਨਾ ਸੀ , ਇਸ ਲਈ ਕਵਿ ਨੇ ਗੁਰੂ ਜੀ ਨਾਲ ਸੰਬੰਧਿਤ ਘਟਨਾਵਾਂ ਦਾ ਜ਼ਿਕਰ ਤਾਂ ਕੀਤਾ ਹੈ, ਪਰ ਇਸ ਨਾਲ ਸੰਬੰਧਿਤ ਤਿਥੀਆਂ ਦੇ ਵੇਰਵੇ ਘਟ ਹੀ ਦਿਤੇ ਹਨ। ਪਰ ਇਹ ਕਹਿਣਾ ਵੀ ਉਚਿਤ ਨਹੀਂ ਹੋਵੇਗਾ, ਕਿ ਇਸ ਜਨਮਸਾਖੀ ਵਿਚ ਕਿਸੇ ਵੀ ਘਟਨਾ ਦੀਆਂ ਮਿਤੀਆਂ ਦਾ ਵੇਰਵਾ ਨਹੀਂ ਹੈ। ਉਪਰ ਅਸੀਂ ਵਿਚਾਰ ਕਰ ਆਏ ਹਾਂ, ਕਿ ਕਵਿ ਨੇ ਗੁਰੂ ਜੀ ਦਾ ਜਨਮ ਸੰਵਤ 1526 ਵਿਕ੍ਰਮੀ ਦਸਿਆ ਹੈ। ਇਸੇ ਪ੍ਰਕਾਰ ਸ੍ਰੀ ਚੰਦ ਜੀ ਦੇ ਜਨਮ ਦਾ ਸਾਲ, ਵੇਈਂ ਪ੍ਰਵੇਸ਼ ਦਾ ਸਾਲ ਅਤੇ ਹੋਰ ਵੀ ਸੰਨ-ਸੰਵਤ ਦਸਣ ਦਾ ਯਤਨ ਕੀਤਾ ਹੈ। ਜੇਕਰ ਸਾਰੀ ਵਿਚਾਰ ਦਾ ਸਾਰ ਕਹਿਣਾ ਹੋਵੇ, ਤਾਂ ਅਸੀਂ ਕਹਿ ਸਕਦੇ ਹਾਂ, ਕਿ ਕਵਿ ਨੇ ਗੁਰੂ ਜੀ ਨਾਲ ਸੰਬੰਧਿਤ ਘਟਨਾਵਾਂ ਅਤੇ ਕਰਾਮਾਤਾਂ ਦਾ ਜ਼ਿਕਰ ਪਰੰਪਰਾਗਤ ਢੰਗ ਨਾਲ ਕੀਤਾ ਹੈ ਅਤੇ ਅਜੋਕੇ ਕਾਲ ਦੇ ਇਤਿਹਾਸਕਾਰਾਂ ਵਾਂਗ ਤਥਾਂ ਦੀ ਪੜਚੋਲ ਕਰਨੀ ਉਚਿਤ ਨਹੀਂ ਸਮਝੀ। ਫਿਰ ਵੀ ਇਹ ਰਚਨਾ ਮਾਤ੍ਰ ਮਿਥਿਹਾਸਿਕ ਨਹੀਂ ਹੈ। ਜਨਮਸਾਖੀ ਵਿਚ ਮੌਜੂਦ ਇਤਿਹਾਸਿਕ ਤਥਾਂ ਦੀ ਮੌਜੂਦਗੀ ਇਸ ਨੂੰ ਇਤਿਹਾਸਿਕ ਰਚਨਾਵਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੰਦੀ ਹੈ।

ਹਰ ਧਰਮ ਵਿਚ ਸਿਧਾਂਤਿਕ ਵਿਆਖਿਆਕਾਰੀ, ਵਿਸ਼ਲੇਸ਼ਣ ਅਤੇ ਸਮੀਖਿਆ ਨੂੰ ਅਹਿਮ ਸਥਾਨ ਪ੍ਰਾਪਤ ਹੈ। ਹਾਲਾਂਕਿ ਧਰਮ-ਗ੍ਰੰਥ ਨੂੰ ਲਿਖਣ ਲਗਿਆਂ ਇਸ ਦੀ ਸੰਪਾਦਨਾ ਸਿਧਾਂਤ-ਸੰਗ੍ਰਹਿ ਵਾਂਗ ਨਹੀਂ ਕੀਤੀ ਜਾਂਦੀ, ਕਿਉਂਕਿ ਧਰਮ-ਗ੍ਰੰਥ ਦੀ ਮੂਲ ਪ੍ਰੇਰਨਾ ਜਿਗਆਸੀ ਨੂੰ ਵਿਸ਼ਵਾਸੀ ਬਣਾਉਣ ਉਤੇ ਕੇਂਦ੍ਰਿਤ ਰਹਿੰਦੀ ਹੈ, ਪਰ ਕਿਸੇ ਵੀ ਧਾਰਮਿਕ ਪੰਥ ਦੇ ਅਸੂਲਾਂ ਦਾ ਸੰਬੰਧ ਮਾਨਵ-ਜੀਵਨ ਦੇ ਅਧਿਆਤਮਕ, ਸਮਾਜਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ ਆਦਿ ਸਾਰੇ ਪਹਿਲੂਆਂ ਨਾਲ ਹੁੰਦਾ ਹੈ। ਇਸ ਲਈ ਧਰਮ ਗ੍ਰੰਥਾਂ ਵਿਚ ਇਨ੍ਹਾਂ ਸੰਬੰਧੀ ਇਕ ਸਰਬਕਾਲੀ  ਵਿਚਾਰਧਾਰਾ ਦਾ ਪ੍ਰਤਿਪਾਦਨ ਉਪਲਬਧ ਹੋਣਾ ਸੁਭਾਵਿਕ  ਹੈ, ਭਾਵੇਂ ਇਹ ਇਕ ਸਥਾਨ ਉਤੇ ਇਕਤ੍ਰਿਤ ਨਾ ਵੀ ਹੋਵੇ। ਸਿਧਾਂਤਿਕ ਵਿਆਖਿਆਕਾਰ ਵਿਚਾਰਧਾਰਾ ਨੂੰ ਸੂਤ੍ਰਿਤ ਕਰ ਕੇ ਸਿਧਾਂਤਕਾਰੀ ਨੂੰ ਸਿਲਸਿਲੇਵਾਰ ਤਰਤੀਬ ਦੇ ਦੇਂਦੇ ਹਨ। ਸਿਧਾਂਤ ਧਾਰਮਿਕ ਵਿਚਾਰਧਾਰਾ ਦਾ ਅਜਿਹਾ ਵਿਵਸਥਿਤ ਸਾਰਾਂਸ਼ ਹੁੰਦਾ ਹੈ, ਜੋ ਕਿਸੇ ਧਾਰਮਿਕ ਸਮੁਦਾਇ ਦੇ ਵਿਵਹਾਰ ਅਤੇ ਚਿੰਤਨ ਨੂੰ ਨਿਸ਼ਚਿਤ ਤਰਤੀਬ ਪ੍ਰਦਾਨ ਕਰਦਾ ਹੈ। ਸਿਖ ਸਿਧਾਂਤ ਵੀ ਸਿਖ ਜੀਵਨ-ਵਿਵਹਾਰ ਅਤੇ ਵਿਚਾਰਧਾਰਾ ਦੀ ਰੂਹ ਹੈ। ਨਵੇਕਲੀ ਸਿਧਾਂਤਿਕ ਰੂਪ-ਰੇਖਾ ਕਰਕੇ ਹੀ ਸਿਖ ਧਰਮ ਦੀ ਆਪਣੀ ਵਖਰੀ ਪਹਿਚਾਨ ਹੈ। ਪਰਮੇਸ਼ਰ ਦਾ ਸਰੂਪ, ਸ਼ਬਦ ਗੁਰੂ, ਜੋਤਿ-ਜੁਗਤਿ, ਮੀਰੀ-ਪੀਰੀ, ਸੰਤ-ਸਿਪਾਹੀ, ਨਾਮ ਜਪਣ, ਵੰਡ ਛਕਣ, ਕਿਰਤ ਕਰਣ, ਸਰਬਤ ਦਾ ਭਲਾ, ਸਹਿਜ-ਆਨੰਦ, ਚੜ੍ਹਦੀ ਕਲਾ, ਸਤਿਸੰਗ, ਸੰਗਤ-ਪੰਗਤ, ਸੇਵਾ ਆਦਿ ਸੰਬੰਧੀ ਸਿਖ ਧਰਮ ਵਿਚ ਵਿਲਖਣ ਸਿਧਾਂਤ ਪ੍ਰਤੀਪਾਦਿਤ ਹਨ।

ਸਿਧਾਂਤ ਸ਼ਬਦ ਦਾ ਅਰਥ ਹੈ ਨਿਰਣੈ, ਨਿਚੋੜ, ਤਤਸਾਰ, ਅੰਤਿਮ ਫ਼ੈਸਲਾ, ਅੰਤ ਨੂੰ ਸਿਧ ਹੋਈ ਬਾਤ, ਪਰਮ ਸਤਿ ਆਦਿ। ਸੰਖੇਪ ਵਿਚ ਵਿਚਾਰਧਾਰਾ ਦਾ ਨਿਚੋੜ, ਤਤਸਾਰ, ਮਕਸਦ ਜਾਂ ਅਸਲੀਅਤ ਨੂੰ ਸਿਧਾਂਤ ਕਿਹਾ ਜਾ ਸਕਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਸਿਧਾਂਤ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ- ਅੰਤ ਨੂੰ ਸਿਧ ਹੋਈ ਬਾਤ, ਸਹੀ ਨਤੀਜਾ, ਮਕਸਦ।[1]

## ਗੁਰੂ ਨਾਨਕ ਸੂਰਜੋਦੇ ਜਨਮਸਾਖੀ ਵਿਚ ਆਏ ਸਿਧਾਂਤਿਕ ਤਤ-

'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਵਿਚ ਕਵਿ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਵਿਸਤ੍ਰਿਤ ਵਰਣਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਵਿਚ ਸਿਧਾਂਤ-ਚਰਚਾ ਦਾ ਵਿਵਸਥਿਤ ਵਰਣਨ ਹੋਣਾ ਲਾਜ਼ਿਮੀ ਹੈ, ਕਿਉਂਕਿ ਉਨ੍ਹਾਂ ਨੇ ਵਖ-ਵਖ ਧਾਰਮਿਕ ਪੰਥਾਂ ਦੇ ਵਿਚਾਰਵਾਨਾਂ ਨਾਲ ਵਿਆਪਕ ਗੋਸ਼ਠੀਆਂ ਕੀਤੀਆਂ, ਜੋ ਉਨ੍ਹਾਂ ਪੰਥਾਂ ਦੀ ਸਿਧਾਂਤਿਕ ਰੂਪ-ਰੇਖਾ ਦੇ ਮੁਲਾਂਕਣ ਉਤੇ ਕੇਂਦ੍ਰਿਤ ਸਨ। ਗੁਰੂ ਜੀ ਨੇ ਵਖ-ਵਖ ਧਰਮਾਂ ਦੀ ਸਿਧਾਂਤਿਕ ਸ਼ਬਦਾਵਲੀ ਨੂੰ ਵੀ ਪੁਨਰ-ਪਰਿਭਾਸ਼ਿਤ ਕੀਤਾ ਅਤੇ ਮਰਯਾਦਿਤ ਮਾਨਵੀ ਜੀਵਨ ਨਿਰਵਾਹ ਲਈ ਸਰਵ-ਪ੍ਰਵਾਣਿਤ ਅਤੇ ਯੁਕਤੀ-ਸੰਗਤ ਸਿਧਾਂਤਿਕ ਰੂਪ-ਰੇਖਾ ਤਿਆਰ ਕੀਤੀ। ਪ੍ਰਚਲਿਤ ਧਰਮ-ਸਿਧਾਂਤ ਦਾ ਮੰਥਨ ਅਤੇ ਮੁਲਾਂਕਣ ਅਤੇ ਸਰਬ-ਉਪਯੋਗੀ ਨਵੀਨ ਸਿਧਾਂਤਾਂ ਦੀ ਸਥਾਪਿਤੀ ਉਨ੍ਹਾਂ ਦੇ ਜਗਤ-ਭ੍ਰਮਣ ਦਾ ਪ੍ਰਮੁਖ ਉਦੇਸ਼ ਸੀ। ਇਹੀ ਉਨ੍ਹਾਂ ਦੀ ਵਡੀ ਪ੍ਰਾਪਤੀ ਸੀ। ਇਸ ਲਈ ਸਾਰੀਆਂ ਜਨਮਸਾਖੀਆਂ ਗੁਰੂ ਜੀ ਦੀਆਂ ਜੀਵਨ ਘਟਨਾਵਾਂ ਤੋਂ ਵੀ ਵਧੀਕ ਉਨ੍ਹਾਂ ਦੁਆਰਾ ਪ੍ਰਤਿਪਾਦਿਤ ਸਿਧਾਂਤ ਦੀ ਵਿਆਖਿਆ ਉਤੇ ਕੇਂਦ੍ਰਿਤ ਰਹੀਆਂ। ਇਸੇ ਕਾਰਣ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਜੋ ਗੁਰੂ ਨਾਨਕ ਦੇਵ ਜੀ ਦੀ ਪ੍ਰਕਾਸ਼ਮਾਨਤਾ ਉਤੇ ਹੀ ਕੇਂਦ੍ਰਿਤ ਹੈ, ਉਸ ਵਿਚ ਸਿਧਾਂਤਿਕ ਤਤਾਂ ਦਾ ਹੋਣਾ ਸੁਭਾਵਿਕ ਹੀ ਹੈ। ਇਸ ਜਨਮਸਾਖੀ ਵਿਚ ਆਏ ਪ੍ਰਮੁਖ ਸਿਧਾਂਤ ਨਿਮਨਲਿਖਤ ਅਨੁਸਾਰ ਹਨ-

### ਪਰਮਾਤਮਾ

ਈਸ਼ਵਰਵਾਦ ਅਤੇ ਅਨਈਸ਼ਵਰਵਾਦ ਦੋ ਪ੍ਰਮੁਖ ਯੁਕਤੀਆਂ ਰਾਹੀਂ ਪਰਮਾਤਮਾ ਦੀ ਵਿਚਾਰ ਕੀਤੀ ਜਾਂਦੀ ਹੈ। ਗੁਰਮਤਿ ਵਿਚ ਪਰਮਾ ਤਮਾ ਬਾਰੇ ਨਾ ਤਾਂ ਵਿਕਾਸਵਾਦੀ ਧਾਰਨਾ ਦੀ ਸਵੀਕ੍ਰਿਤੀ ਹੈ ਅਤੇ ਨਾ ਹੀ

[1] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 196.

ਸਬੂਤ ਪ੍ਰਸਤੁਤ ਕੀਤੇ ਗਏ ਹਨ। ਚਰਚਿਤ ਵਿਚਾਰ ਇਹ ਹੈ ਕਿ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦਾ ਸ੍ਵਰੂਪ ਕਿਸ ਤਰ੍ਹਾਂ ਵਰਣਨ ਹੋਇਆ ਹੈ? ਪਰਮਾਤਮਾ ਦੇ ਗੁਣ ਕੀ ਹਨ? ਜਾਂ ਫਿਰ ਸਮੁਚਿਤ ਰੂਪ ਵਿਚ ਅਸੀਂ ਕਹਿ ਸਕਦੇ ਹਾਂ, ਕਿ ਮੂਲ ਪ੍ਰਸ਼ਨ ਹੈ- ਪਰਮਾ ਤਮਾ ਕੀ ਹੈ? ਇਹ ਪ੍ਰਸ਼ਨ ਮੁਢਕਦੀਮ ਤੋਂ ਮਨੁਖੀ ਜ਼ਿਹਨ ਵਿਚ ਚਲਿਆ ਆ ਰਿਹਾ ਹੈ ਅਤੇ ਹਕੀਕਤਨ ਇਹ ਅਧਿਆਤਮਕ ਜਗਤ ਦਾ ਪ੍ਰਥਮ ਪ੍ਰਸ਼ਨ ਹੈ । ਲਗਪਗ ਸਾਰੇ ਧਾਰਮਿਕ ਗ੍ਰੰਥਾਂ ਵਿਚ ਇਸ ਸਮਸਿਆ ਦਾ ਉਲੇਖ ਜ਼ਰੂਰ ਮਿਲਦਾ ਹੈ। ਕਵਿ ਗਣੇਸ਼ ਸਿੰਘ ਨੇ ਪਰਮਾਤਮਾ ਦਾ ਜੋ ਸ੍ਵਰੂਪ ਪ੍ਰਸਤੁਤ ਕੀਤਾ ਹੈ, ਉਹ ਗੁਰੁਬਾਣੀ ਉਤੇ ਆਧਾਰਿਤ ਹੈ, ਇਸ ਲਈ ਸਰਵ-ਪ੍ਰਥਮ ਗੁਰੁਬਾਣੀ ਵਿਚੋਂ ਇਸ ਦੇ ਸਮਾਧਾਨ ਦੀ ਪੜਚੋਲ ਖੋਜ ਕਾਰਜ ਦੀ ਮੰਗ ਹੈ, ਜਿਸ ਕਾਰਣ ਪਹਿਲਾਂ ਇਹੋ ਵਿਵੇਚਨ ਕਰਣਾ ਆਵਸ਼ਕ ਹੈ ਕਿ ਗੁਰੂ ਗ੍ਰੰਥ ਜੀ ਦੀ ਬਾਣੀ ਅਨੁਸਾਰ ਪਰਮਾਤਮਾ ਕੀ ਹੈ? ਕਿਹੋ ਜਿਹਾ ਹੈ?

**ਗੁਰੁਬਾਣੀ ਅਨੁਸਾਰ ਪਰਮਾਤਮਾ ਦਾ ਸ੍ਵਰੂਪ-**

ਵਖ-ਵਖ ਧਾਰਮਿਕ ਪੰਥਾਂ ਨੇ ਪਰਮਾਤਮਾ ਦੇ ਪ੍ਰਥਾਇ ਅਨੇਕਾਂ ਪ੍ਰਯਾਯਵਾਚੀ ਸ਼ਬਦਾਂ ਦੀ ਵਰਤੋਂ ਕੀਤੀ ਹੈ; ਪਰਮਾਤਮਾ, ਹਰਿ, ਨਿਰੰਜਨ, ਗੋਬਿੰਦ, ਭਗਵਾਨ, ਖ਼ਾਲਿਕ, ਗ਼ਨੀ, ਅਲਾਹ, ਪ੍ਰਭੂ, ਰਬ, ਵਿਸ਼ਨੂੰ, ਗੋਪਾਲ, ਗੋਵਰਧਨ, ਪਰਮੇਸ਼ਵਰ, ਪਾਰਬ੍ਰਹਮ, ਮੁਰਾਰੀ, ਠਾਕੁਰ, ਗੋਸਾਈਂ, ਸੁਆਮੀ, ਦੀਨਾਨਾਥ, ਮਾਧੋ ਇਤਿਆਦਿਕ। ਅਦ੍ਰਿਸ਼ਟ, ਨਿਰਾਕਾਰ ਅਤੇ ਅਸੀਮ ਹੋਣ ਕਾਰਣ ਪਰਮਾਤਮਾ ਨੂੰ ਸਾਮਗ੍ਰ ਰੂਪ ਵਿਚ ਪਾਰਿਭਾਸ਼ਿਤ ਕਰਣਾ ਅਤਿ-ਜਟਿਲ, ਸਗੋਂ ਅਸੰਭਵ ਕਾਰਜ ਹੈ ਅਤੇ ਅੰਤ ਵਿਚ ਸਾਧਕ ਨੇਤਿ ਨੇਤਿ ਕਹਿਣਾ ਹੀ ਉਚਿਤ ਸਮਝਦਾ ਹੈ। ਪਰਮੇਸ਼ਵਰ ਸੰਬੰਧੀ ਗਿਆਨ ਅਰਜਿਤ ਕਰਣ ਹਿਤ ਅਸੀਂ ਇਸ ਪ੍ਰਥਾਇ ਵਰਤੇ ਜਾਂਦੇ ਸ਼ਬਦਾਂ ਵਿਚੋਂ ਕੁਝ ਇਕ ਦੇ ਸ਼ਾਬਦਿਕ ਅਰਥਾਂ ਦੀ ਪੜਤਾਲ ਕਰਾਂਗੇ। ਪਰਮਾਤਮਾ ਦੋ ਸ਼ਬਦਾਂ ਪਰਮ ਅਤੇ ਆਤਮਾ ਦੇ ਸੰਗਮ ਤੋਂ ਬਣਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਰਮਾ ਤਮਾ ਸ਼ਬਦ ਦੇ ਅਰਥ ਪਰਮ-ਆਤਮਾ, ਪਾਰਬ੍ਰਹਮ, ਵਾਹਗੁਰੂ ਹਨ।[2] ਪਰਮਾਤਮਾ ਨੂੰ ਪਰਮਸਤਾ ਵੀ ਕਿਹਾ ਜਾਂਦਾ ਹੈ। ਭਾਈ ਜੀ ਪਰਮ ਅਤੇ ਸਤ ਦੇ ਅਰਥ ਇਸ

---

[2] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 748.

ਤਰ੍ਹਾਂ ਹਨ- ਪਰਮ ਦੇ ਅਰਥ ਅਤਜੰਤ, ਸਭ ਤੋਂ ਵਧ ਕੇ, ਪਹਿਲਾ, ਆਦਜ, ਕਰਤਾਰ ਹਨ [3] ਅਤੇ ਸਤ ਦੇ ਸੱਚ, ਸਤਯ ਪਰਮਾਤਮਾ, ਬ੍ਰਹਮ। [4] ਭਾਈ ਜੀ ਪਰਮਾਤਮਾ ਦੇ ਪ੍ਰਯਾਯਵਾਚੀ ਸ਼ਬਦਾਂ ਵਿਚੋਂ ਪਰਮੇਸੁਰ ਸ਼ਬਦ ਦੇ ਅਰਥ ਸਭ ਤੋਂ ਵਡਾ, ਸ੍ਵਾਮੀ, ਕਰਤਾਰ, ਪਾਰਬ੍ਰਹਮ, ਵਾਹਗੁਰੂ ਕਰਦੇ ਹਨ ।[5] ਬ੍ਰਹਮ[6] ਸ਼ਬਦ ਨੂੰ ਬ੍ਰਿਹ ਧਾਤੂ ਤੋਂ ਨਿਕਲਿਆ ਮੰਨਦੇ ਹਨ ਜਿਸ ਦਾ ਅਰਥ ਹੈ ਵਧਣਾ। ਇਸ ਤਰ੍ਹਾਂ ਬ੍ਰਹਮ ਦੇ ਅਰਥ ਸਭ ਤੋਂ ਜ਼ਿਆਦਾ ਵਧਿਆ ਹੋਇਆ, ਕਰਤਾਰ, ਜਗਨਨਾਥ, ਵਾਹਗੁਰੂ ਹੋ ਜਾਂਦੇ ਹਨ। [7] ਪਰਮਾਤਮਾ ਨੂੰ ਬਿਜਲੀ, ਆਕਾਸ਼, ਵਾਯੂ, ਅਗਨੀ ਆਦਿਕ ਸੰਗਿਆ ਰਾਹੀਂ ਵੀ ਜਾਣਿਆ ਗਿਆ ਹੈ। ਇਸ ਪ੍ਰਸ਼ਨ ਦਾ ਉਤਰ ਗੁਰੁਬਾਣੀ ਵਿਚ ਬਹੁਤ ਹੀ ਸਪਸ਼ਟ ਅਤੇ ਵਿਸਤਾਰ ਨਾਲ ਪ੍ਰਸਤੁਤ ਕੀਤਾ ਗਿਆ ਹੈ। ਗੁਰੁਬਾਣੀ ਵਿਚ ਪਰਮਾਤਮਾ ਦੇ ਸ੍ਵਰੂਪ ਦਾ ਨਿਰਣਯ ਇਸ ਪ੍ਰਕਾਰ ਕੀਤਾ ਹੈ-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[8]

ਪਾਰਬ੍ਰਹਮ ਨੂੰ ਅਨੁਭੂਤ ਕਰਣ ਸੰਬੰਧੀ ਇਹ ਕਿਹਾ ਹੈ, ਕਿ ਜਿਵੇਂ ਗੂੰਗੇ ਦੁਆਰਾ ਗੁੜ ਖਾ ਕੇ ਗੁੜ ਦੇ ਗੁਣ ਜਾਂ ਸਵਾਦ ਬਾਰੇ ਬਿਆਨ ਕਰਣਾ ਅਸੰਭਵ ਹੈ, ਉਸੇ ਤਰ੍ਹਾਂ ਹੀ ਪਰਮਾਤਮਾ ਦਾ ਸ੍ਵਰੂਪ ਵੀ ਅਕਥਨੀਯ ਹੈ। ਯਥਾ-

---

[3] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 747.

[4] ਉਹੀ, ਪੰਨਾ 146.

[5] ਉਹੀ, ਪੰਨਾ 748.

[6] ਕਿਉਂਕਿ ਬ੍ਰਹਮ ਸ਼ਬਦ ਵੀ ਪਰਮਾਤਮਾ ਲਈ ਵਰਤਿਆ ਜਾਂਦਾ ਹੈ। ਗੁਰਮਤਿ ਅਨੁਸਾਰ ਬ੍ਰਹਮ ਵੀ ਪਰਮਾਤਮਾ ਦਾ ਇਕ ਨਾਮ ਹੈ, ਇਸ ਲਈ ਇਸ ਦੇ ਸ਼ਾਬਦਿਕ ਅਰਥਾਂ ਬਾਰੇ ਜਾਣ ਕੇ ਸਾਨੂੰ ਪਰਮਾਤਮਾ ਦੇ ਗੁਣਾਂ ਦਾ ਗਿਆਨ ਹੋ ਸਕਦਾ ਹੈ।

[7] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 896.

[8] ਜਪੁ, ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1.

ਜਿਨਿ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ॥

ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ॥[9]

ਸੋ ਪਰਮਾਤਮਾ ਦਾ ਗਿਆਤਾ ਵੀ ਉਸ ਨੂੰ ਬਿਆਨ ਕਰਣ ਵਿਚ ਅਸਮਰਥ ਹੈ, ਕਿਉਂਕਿ ਪਰਮਾਤਮਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਨੂੰ ਸਤਿ, ਚਿਤ, ਆਨੰਦ, ਕਾਰਣਾਂ ਦਾ ਕਾਰਣ, ਜੋ ਸ੍ਰਿਸ਼ਟੀ ਦਾ ਇਕ ਰਸ ਰਹਿਣ ਵਾਲਾ ਮੂਲ ਕਾਰਣ ਹੈ, ਜਿਸ ਤੋਂ ਸਭ ਕੁਝ ਪ੍ਰਕਾਸ਼ ਹੁੰਦਾ ਹੈ, ਵੀ ਕਿਹਾ ਗਿਆ ਹੈ।[10] ਵਾਸਤਵ ਵਿਚ ਉਹ ਕੇਵਲ ਪਦਾਰਥਕ ਜਗਤ ਦੀ ਆਤਮਾ ਹੀ ਨਹੀਂ ਬਲਕਿ ਪਦਾਰਥ ਵੀ ਹੈ ਅਤੇ ਆਤਮਾ ਵੀ ਹੈ। ਪਰਮਾਤਮਾ *'ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ'* ਕਥਨ ਅਨੁਸਾਰ ਕੇਵਲ ਇਕ ਵਰਣਨਾਤੀਤ ਸਾਮਗ੍ਰ ਹੋਂਦ ਹੈ।[11]

ਪਰਮਾਤਮਾ ਨੂੰ ਹੋਰ ਸਮਝਣ ਲਈ ਇਸ ਦੇ ਵਿਭਿੰਨ ਸ੍ਵਰੂਪਾਂ ਦੀ ਚਰਚਾ ਕਰਣੀ ਅਤਿ-ਜ਼ਰੂਰੀ ਹੈ। ਮੁਖ ਰੂਪ ਵਿਚ ਉਸ ਨੂੰ ਦੋ ਰੂਪਾਂ ਵਿਚ ਚਿਤ੍ਰਿਆ ਜਾਂਦਾ ਹੈ-

1. ਨਿਰਗੁਣ

2. ਸਰਗੁਣ[12]

**1. ਨਿਰਗੁਣ-**

ਪਰਮਾਤਮਾ ਦਾ ਗਿਆਨ ਅਰਜਿਤ ਕ ਰਣ ਲਈ ਉਸ ਦੇ ਵਿਭਿੰਨ ਰੂਪਾਂ ਦੀ ਵਿਚਾਰ ਕਰਣ ਲਗਿਆਂ ਸਰਵ-ਪ੍ਰਥਮ ਨਿਰਗੁਣ ਸ੍ਵਰੂਪ ਸਾਹਮਣੇ ਆਉਂਦਾ ਹੈ। ਨਿਰਗੁਣ ਦਾ ਸ਼ਾਬਦਿਕ ਅਰਥ ਹੈ, ਪਰਮੇਸ਼ਰ ਦਾ ਉਹ ਰੂਪ ਜੋ ਮਾਇਆ ਦੇ ਤਿੰਨ ਗੁਣਾਂ ਤੋ ਪਰੇ ਹੈ। ਇਸ ਸ੍ਵਰੂਪ ਦੀ ਵਿਚਾਰ ਕੀਤੇ ਬਿਨਾਂ ਅਸੀਂ ਪਰਮਾਤਮਾ ਨੂੰ ਚੰਗੀ

---

[9] ਸੋਰਠਿ, ਮਹਲਾ 1, 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 635.

[10] ਭਾਈ ਵੀਰ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2003, ਪੰਨਾ 481.

[11] ਮਨਜੀਤ ਕੌਰ (ਸੰਪਾ.), *ਗ੍ਰੰਥ ਭਰਮ ਤੋੜ,* ਡਾ. ਹਰਭਜਨ ਸਿੰਘ, *ਗੁਰਮਤਿ ਅਦ੍ਵੈਤ,* ਨਿਰਮਲ ਆਸ਼ਰਮ, ਰਿਸ਼ੀਕੇਸ਼, 2015, ਪੰਨਾ 47.

[12] ਡਾ. ਮਨਮੋਹਨ ਸਿੰਘ, *ਗੁਰਮਤਿ ਕਾਵਿ ਦਾ ਬਹੁ-ਪੱਖੀ ਅਧਿਐਨ,* ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1993, ਪੰਨਾ 1.

ਤਰ੍ਹਾਂ ਸਮਝ ਨਹੀਂ ਸਕਦੇ। ਧਾਰਮਿਕ ਸਮੁਦਾਇ ਅਤੇ ਵਿਦਵਿਤ ਪੁਰਸ਼ਾਂ ਨੇ ਇਸ ਸ੍ਵਰੂਪ ਨੂੰ ਸੁੰਨ ਜਾਂ ਸ਼ੂੰਨਯ ਵੀ ਕਿਹਾ ਹੈ। ਉਂਞ ਸ਼ੂਨਯ ਅਤੇ ਨਿਰਗੁਣ ਦੋ ਵਖਰੇ ਸੰਕਲਪ ਹਨ। ਜਿਥੇ ਸ਼ੂਨਯ ਅਨੀਸ਼ਵਰਵਾਦੀ ਸੰਕਲਪ ਹੈ, ਉਥੇ ਨਿਰਗੁਣ ਈਸ਼ਵਰਵਾਦਿਤਾ ਦਾ ਵਾਸਤਵਿਕ ਆਧਾਰ ਹੈ। ਨਿਰਗੁਣ ਸ੍ਵਰੂਪ ਨੂੰ ਬਿਆਨ ਕਰ ਣਾ ਅਤਿ - ਜਟਿਲ ਕਾਰਜ ਹੈ, ਕਿਉਂਕਿ ਉਹ ਗਿਆਨ ਇੰਦ੍ਰੀਆਂ ਤੋਂ ਪਰੇ ਦਾ ਗਿਆਨ ਹੈ ਅਤੇ ਉਸ ਦੇ ਬਿਆਨ ਕਰਣ ਲਈ ਸ਼ਬਦਾਂ ਦੀ ਅਣਹੋਂਦ ਹੈ। ਨਿਰਗੁਣ ਪਰਮਾਤਮਾ ਨੂੰ ਹੀ ਨਿਰਾਕਾਰ, ਨਿਰਵਿਸ਼ੇਸ਼, ਅਸਿਰਜਿਤ ਇਤਿਆਦਿਕ ਕਿਹਾ ਗਿਆ ਹੈ।

ਨਿਰਗੁਣ ਪਰਮਾਤਮਾ ਦੀ ਕੋਈ ਮੂਰਤੀ ਨਹੀਂ ਅਤੇ ਨਾ ਹੀ ਕੋਈ ਅਕਾਰ ਹੈ। ਇਸ ਸ੍ਵਰੂਪ ਤੋਂ ਬਾਅਦ ਹੀ ਉਸ ਦਾ ਸਰਗੁਣ ਸ੍ਵਰੂਪ ਵਿਚ ਵਿਸਤਾਰ ਹੋਇਆ ਮੰਨਿਆ ਜਾਂਦਾ ਹੈ। ਨਿਰਗੁਣ ਅਕਥ[13], ਅਲੇਖ[14], ਅਨੰਤ[15], ਅਥਾਹ [16], ਅਨੂਪ [17], ਅਦ੍ਰਿਸ਼ਟ [18], ਅਟਲ [19], ਅਦ੍ਵੈਤ[20], ਨਿਰਾਲਾ [21], ਅਬਰਨ [22], ਅਰੂਪ [23] ਇਤਿਆਦਿਕ ਹੈ।

---

[13] ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

(ਜਪੁ, ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 2.)

[14] ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥

(ਉਹੀ, ਪੰਨਾ 5.)

[15] ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ॥

(ਮਾਰੂ ਮਹਲਾ 1, 2, ਉਹੀ, ਪੰਨਾ 1021.)

[16] ਤਾ ਕੇ ਅੰਤ ਨ ਪਾਏ ਜਾਹਿ॥

(ਜਪੁ, ਮਹਲਾ 1, ਉਹੀ, ਪੰਨਾ 5.)

[17] ਸੂਰਤਿ ਮੂਰਤਿ ਆਦਿ ਅਨੂਪੁ॥

(ਧਨਾਸਰੀ ਮਹਲਾ 1, 1, ਉਹੀ, ਪੰਨਾ 685.)

[18] ਅਦਿਸਟੁ ਦਿਸੈ ਤਾ ਕਹਿਆ ਜਾਇ॥

**2. ਸਰਗੁਣ-**

ਵਿਸ਼ੇਸ਼ਤਰ ਭਾਰਤੀ ਧਰਮ ਦਰਸ਼ਨ ਵਿਚ ਨਿਰਗੁਣ ਤੋਂ ਪ੍ਰਿਥਕ ਪਰਮਾਤਮਾ ਦਾ ਜੋ ਦੂਜਾ ਸ੍ਵਰੂਪ ਨਿਸ਼ਚਿਤ ਕੀਤਾ ਮਿਲਦਾ ਹੈ, ਉਹ ਹੈ ਸਰਗੁਣ ਜਾਂ ਸਗੁਣ। 'ਸਗੁਣ' ਦਾ ਭਾਵ ਹੈ, ਮਾਇਆਵੀ ਗੁਣਾਂ ਸਹਿਤ। ਇਹ ਮਾਇਆ ਵਿਚ ਪ੍ਰਗਟ ਅਤੇ ਵਿਦਮਾਨ ਰੂਪ ਹੈ। ਨਿਰਗੁਣ ਸ੍ਵਰੂਪ ਤੋਂ ਹੀ ਪਰਮਾਤਮਾ ਆਪਣੇ ਸਰਗੁਣ ਸ੍ਵਰੂਪ ਵਿਚ ਆਉਂਦਾ ਹੈ। ਕੁਦਰਤ ਵਿਚ ਵਿਦਮਾਨ ਪਰਮੇਸ਼ਰ ਸਰਗੁਣ ਹੈ, ਪਰ ਇਸ ਤੋਂ ਵੀ ਅਗੇ ਸਰਗੁਣ ਈਸ਼ਵਰ ਮਾਨਵੀ ਕਾਇਆ ਵਿਚ ਅਵਤਾਰ ਧਾਰਣ ਕਰਦਾ ਹੈ। ਵੈਦਿਕ ਧਰਮ ਸ਼ਾਸਤ੍ਰ ਵਿਚ ਤਾਂ ਉਹ ਮਛ, ਕਛ, ਬਰਾਹ ਆਦਿ ਹੋਰ ਜੂਨਾਂ ਵਿਚ ਵੀ ਅਵਤਾਰ ਧਾਰਦਾ ਹੈ। ਸਰਗੁਣ ਪਰਮੇਸ਼ਰ ਨੂੰ ਹੀ ਸਵਿਸ਼ੇਸ਼, ਕਾਰਜ-ਪਰਮਾਤਮਾ, ਸਿਰਜਨਾ ਸਹਿਤ ਆਦਿ ਕਿਹਾ ਗਿਆ ਹੈ। ਸਰਗੁਣ ਪਰਮਾਤਮਾ ਜਗਤ ਰੂਪ ਵਿਚ ਦ੍ਰਿਸ਼ਟੀ-ਗੋਚਰ ਹੈ। ਸਾਰੀ ਸ੍ਰਿਸ਼ਟੀ ਸਰਗੁਣ ਪਰਮਾਤਮਾ ਦਾ ਹੀ ਪ੍ਰਸਾਰ ਹੈ। ਗੁਰੁਬਾਣੀ ਵਿਚ ਅਨੰਤ ਹੀ ਗੁਣ ਸਰਗੁਣ

---

(ਗਉੜੀ ਗੁਆਰੇਰੀ ਮਹਲਾ 1, 4, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 222.)

[19] ਅਟਲੁ ਅਡੋਲੁ ਅਤੋਲੁ ਮੁਰਾਰੇ॥

(ਮਾਰੂ ਮਹਲਾ 1, 2, ਉਹੀ, ਪੰਨਾ 1034.)

[20] ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥

(ਜਪੁ, ਮਹਲਾ 1, ਉਹੀ, ਪੰਨਾ 7.)

[21] ਹਰਿ ਅਗਮ ਅਗਾਹੁ ਅਗਾਧਿ ਨਿਰਾਲਾ॥

(ਮਾਰੂ ਮਹਲਾ 1, 2, ਉਹੀ, ਪੰਨਾ 1027.)

[22] ਜੇ ਕਿਹੁ ਹੋਇ ਤਾ ਕਿਹੁ ਦਿਸੈ ਜਾਪੈ ਰੂਪੁ ਨਾ ਜਾਤਿ॥

(ਮਹਲਾ 1, ਉਹੀ, ਪੰਨਾ 1239.)

[23] ਨਾ ਤਿਸ ਰੂਪ ਵਰਨ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥

(ਸੋਰਠਿ ਮਹਲਾ 1, 6, ਉਹੀ, ਪੰਨਾ 597.)

ਪਰਮਾਤਮਾ ਦੇ ਦਸੇ ਗਏ ਹਨ- ਪੁਰਖ/ਨਾਰੀ[24], ਖਾਣੀ/ਬਾਣੀ[25], ਦਿਆਲ/ਕ੍ਰਿਪਾਲ/ਨਿਰਾਲਮ[26], ਦਾਨੀ[27], ਦੁਖ-ਭੰਜਨ[28] ਇਤਿਆਦਿਕ।

ਜੇ ਗੁਰੁਬਾਣੀ ਦੇ ਆਧਾਰ 'ਤੇ ਵਿਚਾਰ ਕਰੀਏ, ਤਾਂ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ, ਕਿ ਨਿਰਗੁਣ ਤੋਂ ਹੀ ਸਰਗੁਣ ਸ੍ਵਰੂਪ ਹੋਂਦ ਵਿਚ ਆਇਆ ਹੈ। ਦੂਜੇ ਸ਼ਬਦਾਂ ਵਿਚ ਜੇ ਅਸੀਂ ਕਹੀਏ ਕਿ ਨਿਰਗੁਣ ਪਰਮਾਤਮਾ ਨੇ ਹੀ ਸਰਗੁਣ ਰੂਪ ਵਟਾਇਆ ਹੈ, ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਗੁਰੁਬਾਣੀ ਫ਼ਰਮਾਨ ਹੈ-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥

ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥[29]

---

[24] ਆਪੇ ਪੁਰਖੁ ਆਪੇ ਹੀ ਨਾਰੀ॥ ਆਪੇ ਪਾਸਾ ਆਪੇ ਸਾਰੀ॥ ਆਪੇ ਪਿੜ ਬਾਧੀ ਜਗੁ ਖੇਲੈ॥ ਆਪੇ ਕੀਮਤਿ ਪਾਈ ਹੇ॥

(ਮਾਰੂ ਸੋਲਹੇ ਮਹਲਾ 1, 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1020.)

[25] ਖਾਣੀ ਬਾਣੀ ਤੁਝਹਿ ਸਮਾਣੀ॥

(ਉਹੀ, ਪੰਨਾ 1021.)

[26] ਜਹ ਦੇਖਾ ਤਹ ਦੀਨ ਦਇਆਲਾ॥ ਆਇ ਨਾ ਜਾਈ ਪ੍ਰਭੁ ਕਿਰਪਾਲਾ॥ ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥

(ਮਾਰੂ ਮਹਲਾ 1, 1, ਉਹੀ, ਪੰਨਾ 1038.)

[27] ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ॥

(ਰਾਮਕਲੀ ਮਹਲਾ 1, ਦਖਣੀ ਓਅੰਕਾਰੁ, ਉਹੀ, ਪੰਨਾ 934.)

[28] ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ॥

(ਉਹੀ)

[29] ਸਿਰੀਰਾਗੁ ਮਹਲੁ 1, 15, ਉਹੀ, ਪੰਨਾ 19.

ਭਾਰਤੀ ਧਰਮ ਦਰਸ਼ਨ ਵਿਚ ਨਿਰਗੁਣਵਾਦੀਆਂ ਅਤੇ ਸਰਗੁਣਵਾਦੀਆਂ ਦੀਆਂ ਦੋ ਧਾਰਾਵਾਂ ਵਿਖਿਆਤ ਰਹੀਆਂ ਹਨ ਅਤੇ ਇਸ ਵਿਸ਼ਯ ਉਤੇ ਕਾਫ਼ੀ ਬਹਿਸ ਵੀ ਹੁੰਦੀ ਰਹੀ ਹੈ। ਪਰ ਗੁਰਮਤਿ ਨੇ ਨਿਰਗੁਣ ਸਰਗੁਣ ਦਾ ਸਮਨਵੈ ਕੀਤਾ ਹੈ। ਵੈਦਿਕ ਦਾਰਸ਼ਨਿਕਾਂ ਵਾਂਗ ਗੁਰਮਤਿ ਵਿਚ ਨਿਰਗੁਣ ਜਾਂ ਸਰਗੁਣ ਪਰਮਾਤਮਾ ਕੋਈ ਵਿਰੋਧੀ ਭਿੰਨ ਜਾਂ ਵਿਰੋਧੀ ਸ੍ਵਰੂਪ ਨਹੀਂ, ਸਗੋਂ ਇਕੋ ਹੋਂਦ ਦੇ ਦੋ ਰੂਪ ਹਨ। ਉਹ ਵੀ ਸਮਾਨਾਂਤਰ ਰਹਿੰਦੇ ਹਨ। ਸੋ ਪਰਮਾਤਮਾ ਅੰਤਿਮ ਸਚ ਦੀ ਦ੍ਰਿਸ਼ਟੀ ਤੋਂ ਨਿਰਗੁਣ ਅਤੇ ਜਗਤ ਵਿਵਹਾਰ ਦੀ ਦ੍ਰਿਸ਼ਟੀ ਤੋਂ ਸਰਗੁਣ ਸ੍ਵਰੂਪਧਾਰੀ ਹੈ। ਜੇ ਗੁਰੁਬਾਣੀ ਵਿਚ ਅਸੀਂ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸ੍ਵਰੂਪ ਦਾ ਅਧਿਐਨ ਕਰਣਾ ਹੋਵੇ ਤਾਂ ਅਨੇਕਾਂ ਹੀ ਉਦਾਹਰਣ ਗੁਰੁਬਾਣੀ ਵਿਚੋਂ ਸਹਿਜੇ ਹੀ ਮਿਲ ਸਕਦੇ ਹਨ-

ਨਿਰਗੁਣੁ ਸਰਗੁਣੁ ਆਪੇ ਸੋਈ॥[30]

ਤੂੰ ਨਿਰਗੁਨ ਤੂੰ ਸਰਗੁਨੀ॥[31]

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥[32]

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥[33]

ਗੁਰਮਤਿ ਸਿਧਾਂਤ ਅਨੁਸਾਰ ਸ੍ਰਿਸ਼ਟੀ-ਕਾਲ ਵਿਚ ਵੀ ਪ੍ਰਮੇਸ਼ਰ ਕੇਵਲ ਸਰਗੁਣ ਨਹੀਂ, ਨਿਰਗੁਣ ਵੀ ਰਹਿੰਦਾ ਹੈ ਅਤੇ ਪ੍ਰਲਯ-ਕਾਲ ਵਿਚ ਸਰਗੁਣਤਾ ਨਸ਼ਟ ਨਹੀਂ ਹੁੰਦੀ, ਬਲਕਿ ਨਿਰਗੁਣ ਵਿਚ ਵਿਲੀਨ ਹੋ ਜਾਂਦੀ ਹੈ। ਗੁਰਮਤਿ ਨੇ ਹਕੀਕਤਨ ਨਿਰਗੁਣ ਅਤੇ ਸਰਗੁਣ ਅਭੇਦ ਹੀ ਮੰਨੇ ਹਨ, ਪਰ ਗੁਰਮਤਿ ਸਿਧਾਂਤ ਰਾਮਾਨੁਜ ਦੇ ਵਿਸ਼ਿਸ਼ਿਟ ਅਦ੍ਵੈਤ ਤੋਂ ਭਿੰਨ ਹੈ।

## ਗੁਰੂ ਨਾਨਕ ਸੂਰਜੋਦੇ ਜਨਮਸਾਖੀ ਵਿਚ ਪਰਮਾਤਮਾ ਬਾਰੇ ਵਿਚਾਰ-

---

[30] ਮਾਝ ਮਹਲਾ 3, 31, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 128.

[31] ਗਉੜੀ ਮਹਲਾ 5, 5, ਉਹੀ, ਪੰਨਾ 211.

[32] ਗਉੜੀ ਸੁਖਮਨੀ ਮਹਲਾ 5, ਸਲੋਕ, ਉਹੀ, ਪੰਨਾ 290.

[33] ਗਉੜੀ ਬਾਵਨ ਅਖਰੀ, ਮਹਲਾ 5, ਸਲੋਕ, ਉਹੀ, ਪੰਨਾ 250.

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੈ ਕਿ ਨਿਰਗੁਣ ਦਾ ਸਰਗੁਣ ਪ੍ਰਸਾਰ ਹੀ ਪਰਮਾਤਮਾ ਹੈ। ਪਰ ਇਸ ਤੋਂ ਬਿਨਾਂ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦੇ ਸ੍ਵਰੂਪ ਬਾਰੇ ਹੋਰ ਵੀ ਵਿਚਾਰ ਸੰਕਿਲਤ ਕੀਤੇ ਹਨ , ਜੋ ਕਿ ਖੋਜ-ਕਾਰਜ ਦੇ ਚਰਚਿਤ ਵਿਚਾਰ ਨੂੰ ਸਪਸ਼ਟ ਕਰ ਣ ਹਿਤ ਸਹਾਈ ਸਿਧ ਹੋਣਗੇ, ਇਸ ਲਈ ਇਨ੍ਹਾਂ ਨੂੰ ਨਿਮਨਾਂਕਿਤ ਅਨੁਸਾਰ ਵਰਗੀਕ੍ਰਿਤ ਕਰਕੇ ਸਮੀਖਿਆ ਕਰਣੀ ਸਰਲ ਰਹੇਗੀ-

- ਪਰਮਾਤਮਾ ਦਾ ਸ੍ਵਰੂਪ (ਨਿਰਗੁਣ/ਸਰਗੁਣ)
- ਅਦ੍ਵੈਤ
- ਪਾਲਣਹਾਰਾ/ਸਰਵ-ਵਿਆਪੀ/ਬੇਅੰਤਤਾ

-ਪਰਮਾਤਮਾ ਨਾਲ ਮਿਲਾਪ ਦਾ ਸਾਧਨ

## ਪਰਮਾਤਮਾ ਦਾ ਸ੍ਵਰੂਪ (ਨਿਰਗੁਣ/ਸਰਗੁਣ)

ਕਵਿ ਦਾ ਪਰਮਾਤਮਾ ਵਿਚ ਅਟੁਟ ਵਿਸ਼ਵਾਸ ਹੈ। ਇਸ ਦਾ ਸਬੂਤ ਸਾਨੂੰ ਉਸਦੀਆਂ ਰਚਨਾਵਾਂ ਤੋਂ ਮਿਲ ਜਾਂਦਾ ਹੈ। ਕਵਿ ਗਣੇਸ਼ ਸਿੰਘ ਬੇਦੀ ਗੁਰੂ ਨੂੰ ਪਰਮਾਤਮਾ ਦਾ ਰੂਪ ਮੰਨਦਾ ਹੈ। ਉਸ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਵਿਵਸਥਿਤ ਕੀਤੇ ਗੁਰਮਤਿ-ਸਿਧਾਂਤਾਂ ਦਾ ਗੂੜ੍ਹ ਗਿਆਨ ਹੋਣਾ ਵੀ ਸੁਭਾਵਿਕ ਹੈ, ਕਵਿ ਦੀਆਂ ਰਚਨਾਵਾਂ ਦੇ ਮੰਥਨ ਤੋਂ ਇਸ ਗਲ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਗਣੇਸ਼ ਸਿੰਘ ਪਰਮਾਤਮਾ ਦੀ ਉਸਤਤਿ ਕਰਦਾ ਹੋਇਆ, ਉਸ ਦੇ ਗੁਣਾਂ ਅਤੇ ਸ੍ਵਰੂਪ ਨੂੰ ਬਿਆਨ ਕਰਣ ਤੋਂ ਆਪਣੀ ਅਸਮਰਥਾ ਪ੍ਰਗਟ ਕਰਦਾ ਹੈ। ਉਹ ਕਹਿੰਦਾ ਹੈ, ਕਿ ਮੈਂ ਪਰਮਾਤਮਾ ਦੇ ਗੁਣਾਂ ਅਤੇ ਸ੍ਵਰੂਪ ਨੂੰ ਬਿਆਨ ਨਹੀਂ ਕਰ ਸਕਦਾ। ਮੇਰੇ ਕੋਲ ਕੇਵਲ ਇਕ ਜੀਭ ਹੈ, ਜੇ ਸੈਂਕੜੇ ਜੀਭਾਂ ਵੀ ਹੋਵਣ ਤਾਂ ਵੀ ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ-

ਪਤਤ ਉਧਾਰਨ ਭੈ ਹਰਨ ਸ੍ਰੀ ਗੁਰ ਚਰਤ ਅਨੰਤ॥
ਏਕ ਜੀਹ ਕਿਮ ਕਹ ਸਕੈ ਸੇਸ ਨ ਪਾਵਤ ਅੰਤ॥[34]

[34] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 200.

ਜਿਥੇ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਥੇ ਉਸ ਦਾ ਸ੍ਵਰੂਪ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਕਵਿ ਨੇ ਪਰਮਾਤਮਾ ਦੇ ਸ੍ਵਰੂਪ ਦੀ ਗਲ 'ਹਰਿ ਦਰਸਨ' ਪ੍ਰਸੰਗ ਵਿਚ ਕੀਤੀ ਹੈ। ਗੁਰੂ ਨਾਨਕ ਦੇਵ ਜੀ ਜਦੋਂ ਹਰਿ ਦੇ ਦਰਸ਼ਨ ਕਰਕੇ ਧ੍ਰੂਅ (ਧਰੁਵ) ਕੋਲ ਆਉਂਦੇ ਹਨ, ਤਾਂ ਧ੍ਰੂਅ ਵਿਸਮਾਦਮਈ ਲਹਿਜ਼ੇ ਨਾਲ ਗੁਰੂ ਜੀ ਤੋਂ ਹਰਿ ਦੇ ਸ੍ਵਰੂਪ ਬਾਰੇ ਪੁਛਦਾ ਹੈ, ਕਿ ਉਸ ਦਾ ਬਰਨ, ਰੂਪ, ਰੰਗ ਇਤਿਆਦਿਕ ਕਿਹੋ ਜਿਹਾ ਹੈ? ਗੁਰੂ ਜੀ ਉਤਰ ਦਿੰਦੇ ਹਨ, ਕਿ ਜਿਵੇਂ ਕੋਟਿ ਸੂਰਜਾਂ ਦਾ ਪ੍ਰਕਾਸ਼ ਇਕ ਸਮਾਨ ਪੈ ਜਾਵੇ, ਮਾਨੋ ਉਸ ਤਰ੍ਹਾਂ ਦਾ ਪ੍ਰਕਾਸ਼ ਦਿਖਾਈ ਦਿੰਦਾ ਹੈ, ਪਰ ਉਸ ਦਾ ਭੇਦ ਧਾਰਮਿਕ ਗ੍ਰੰਥ ਨਹੀਂ ਪਾ ਸਕਦੇ। ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ, ਕਿ ਉਸ ਵਰਗਾ ਤਾਂ ਕੇਵਲ ਉਹੀ ਹੈ। ਹੋਰ ਕੋਈ ਉਸ ਸਮ ਨਹੀਂ ਦਿਖਦਾ। ਯਥਾ-

ਬਰਨ ਰੂਪ ਤਾ ਕੋ ਹੈ ਕੈਸਾ॥ ਜੈਸਾ ਲਖ੍ਯੋ ਬਤਾਵਹੁ ਤੈਸਾ॥
ਸੁਨ ਸ੍ਰੀ ਗੁਰ ਤਬ ਗਿਰਾ ਅਲਾਈ॥ ਰੂਪ ਰੰਗ ਤਿਹ ਜਾਨ ਨ ਜਾਈ॥8॥
ਭਗਤਨ ਧ੍ਯਾਨ ਧਰਨ ਕੇ ਹੇਤਾ॥ ਪਰਯੋ ਸ੍ਯਾਮ ਤਨ ਅਹਿ ਰਿਪ ਕੇਤਾ॥
ਕੋਟ ਸੂਰ ਸਮ ਜਾਸ ਪ੍ਰਕਾਸਾ॥ ਬੇਦ ਭੇਦ ਨਹਿ ਪਾਵਤ ਜਾਸਾ॥9॥
ਦਿਪੈ ਨਖਨ ਕੀ ਕ੍ਰਾਂਤ ਮਹਾਨਾ॥ ਕੋਟ ਕਾਮ ਨਹਿ ਤਾਹਿ ਸਮਾਨਾ॥
ਤਿਹ ਸਮ ਕੋ ਇਨ ਉਪਮਾ ਦੀਸਾ॥ ਸ੍ਰੀ ਪ੍ਰਭੁ ਸਮ ਸ੍ਰੀ ਪ੍ਰਭ ਜਗ ਦੀਸਾ॥10॥[35]

ਪਰਮਾਤਮਾ ਆਪਣੇ ਆਪ ਤੋਂ ਹੀ ਪੈਦਾ ਹੋਇਆ ਹੈ, ਉਹ ਅਨੂਪ, ਅਲੇਖ, ਅਚਯੁਤ, ਅਭੂਤ, ਨਿਤ, ਅਮਰ, ਅਜਨਮਾ, ਅਨੰਤ, ਨਿਰਲੇਪ, ਭੈ ਰਹਿਤ, ਕਰਮ ਰਹਿਤ, ਭਰਮ ਰਹਿਤ, ਮਾਇਆ ਰਹਿਤ, ਨੇੜੇ ਅਤੇ ਦੂਰ ਹੈ, ਉਸ ਦੇ ਅਨੰਤ ਹੀ ਨਾਮ ਹਨ । ਉਸ ਬਾਰੇ ਤਾਂ ਧਾਰਮਿਕ ਗ੍ਰੰਥ ਨੇਤਿ ਨੇਤਿ ਕਹਿੰਦੇ ਹਨ। ਇਸ ਲਈ ਉਸ ਦਾ ਪਾਰ ਪਾਉਣਾ ਅਸੰਭਵ ਹੈ। ਯਥਾ-

ਸੁਯੰ ਅਰੂਪ ਅਨੂਪ ਅਲੇਖਾ ਅਚੁਤ ਨਿਤ ਅਭੂਤਾ॥
ਅਜਰ ਅਜਾਯਾ ਅਜੈ ਅਜਨਮਾ ਮੋਹ ਨ ਮਾਇ ਅਛੂਭਾ॥20॥

---

[35] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 356.

ਅਭੈ ਅਨਾਦਿ ਅਕਰਮ ਅਭਰਮ ਸੁਤੈ ਪ੍ਰਕਾਸ ਗੁਸਾਈ॥

ਸਬ ਮੈ ਬਾਸ ਅਲੇਪ ਨਿਰੰਜਨ ਨੇਰੇ ਦੂਰ ਅਲਾਈ॥

ਨੇਤ ਨੇਤ ਪ੍ਰਭੁ ਅਲਖ ਅਪਾਰਾ ਨਾਮ ਸਹਸ੍ਰ ਅਲਾਯੋ॥

ਪੁਨ ਨਭ ਸਬਦ ਭਯੋ ਬਾਰਦ ਲੈ ਮਧੁਰ ਮਨੋਹਰ ਭਾਯੋ॥21॥[36]

ਇਸ ਤਰ੍ਹਾਂ ਕਵਿ ਨੇ ਪਰਮਾਤਮਾ ਨੂੰ ਅਲੇਖ ਕਹਿ ਕੇ ਉਸ ਨੂੰ ਅਨੰਤ, ਅਪਾਰ ਦਸਿਆ ਹੈ, ਕਿ ਉਸ ਦਾ ਸ੍ਵਰੂਪ ਮਾਤਰ ਉਹ ਹੀ ਜਾਣ ਸਕਦਾ ਹੈ। ਮਨੁਖ ਦੀ ਤੁਛ ਬੁਧੀ ਉਸ ਦੀ ਵਿਸ਼ਾਲਤਾ ਨੂੰ ਬਿਆਨ ਕਰਣ ਦੇ ਸਮਰਥ ਨਹੀਂ ਹੈ। ਇਸ ਦੇ ਨਾਲ ਹੀ ਕਵਿ ਗਣੇਸ਼ ਸਿੰਘ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸ੍ਵਰੂਪ ਨੂੰ ਵੀ ਅਤਿ ਸਰਲਤਾ ਨਾਲ ਜਿਗਿਆਸੀ ਨੂੰ ਸਮਝਾਉਣ ਦਾ ਯਤਨ ਕਰਦਿਆਂ, ਮਨੁਖਾ ਸਰੀਰ ਦੀ ਉਦਾਹਰਣ ਦਿੰਦਿਆਂ ਲਿਖਦਾ ਹੈ, ਕਿ ਜਿਸ ਪ੍ਰਕਾਰ ਮਨੁਖ ਦਾ ਸਰੀਰ ਮਾਨੋ ਸਰਗੁਣ ਹੈ ਭਾਵ ਦ੍ਰਿਸ਼ਮਾਨ ਹੈ ਅਤੇ ਉਸ ਅੰਦਰ ਵਿਦਮਾਨ ਸ਼ਬਦ ਜਾਂ ਹਿਰਦੈ ਅਦ੍ਰਿਸ਼ਟ ਹੈ, ਪਰ ਉਸ ਦੀ ਹੋਂਦ ਹੈ। ਉਸੇ ਪ੍ਰਕਾਰ ਪਰਮਾਤਮਾ ਨਿਰਗੁਣ ਅਤੇ ਸਰਗੁਣ ਹੈ। ਜਿਗਿਆਸੀ ਦੀ ਪਰਮਾਤਮਾ ਨਾਲ ਸੁਮੇਲਤਾ ਵੀ ਸ਼ਬਦ ਨਾਲ ਹੀ ਹੁੰਦੀ ਹੈ। ਜਿਸ ਦਾ ਹਿਰਦੈ ਸ਼ਬਦ ਵਿਚ ਲੀਨ ਹੋ ਗਿਆ, ਉਸ ਨੂੰ ਜੀਵਨ-ਮੁਕਤਿ ਪ੍ਰਾਪਤ ਹੁੰਦੀ ਹੈ। ਯਥਾ-

ਸੰਤ ਪ੍ਰਭੁ ਮੈ ਭੇਦ ਨਹਿ ਦ੍ਰਿਢ ਨਿਸਚਾ ਕੀਜੈ॥

ਧਰਮ ਕ੍ਰਿਤ ਕਰ ਮਿਲ ਛਕੋ ਪਗ ਸਰਨ ਲਖੀਜੈ॥

ਸਰਗੁਣ ਰੂਪ ਸਰੀਰ ਹੈ ਨਿਸਚੇ ਜਿਜ ਜਾਨੋ॥

ਸਬਦ ਰਿਦਾ ਨਿਰਗੁਣ ਮੁਝੈ ਉਰ ਮਾਹਿ ਪਛਾਨੋ॥27॥

ਸਬਦ ਮਿਲਜੋ ਨਹਿ ਬੀਛਰੈ ਮਿਲ ਬਿਛਰੈ ਦੇਹਾ॥

ਸੁਨਤ ਤਿਨੈ ਸ੍ਰੀ ਗੁਰ ਬਚਨ ਕੀਨੀ ਬਿਧ ਹੇਹਾ॥

ਜੀਵਨ ਮੁਕਤਿ ਭਏ ਤਬੈ ਸੁਖ ਪਦ ਕੋ ਪਾਵਾ॥

---

[36] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 502.

ਬਹੁਰ ਨ ਲਾਗੀ ਤਾਹਿ ਕੋ ਜਗ ਦੁਖ ਬਨਦਾਵਾ॥28॥[37]

ਵਿਚਾਰਾਧੀਨ ਕ੍ਰਿਤੀ ਵਿਚ ਨਿਰਗੁਣ-ਸਰਗੁਣ ਦੇ ਭੇਦ ਨੂੰ ਹੋਰ ਦ੍ਰਿੜ ਕਰਣ ਹਿਤ ਕਵਿ ਨੇ ਉਸ ਮਨੁਖ ਨੂੰ ਮਤਿਹੀਨ ਕਿਹਾ ਹੈ, ਜੋ ਇਨ੍ਹਾਂ ਵਿਚ ਰੰਚਕ ਮਾਤਰ ਵੀ ਭਿੰਨਤਾ ਸਮਝਦਾ ਹੈ। ਪਰਮਾਤਮਾ ਨਿਰਗੁਣ ਅਤੇ ਸਰਗੁਣ ਸ੍ਵਰੂਪ ਵਿਚ ਸਾਰੀ ਕਾਇਨਾਤ ਅੰਦਰ ਵਿਦਮਾਨ ਹੈ-

ਨਿਰਗੁਨ ਸਰਗੁਨ ਜਾਨ ਅਭੇਦਾ॥ ਸੇਵਹ ਪ੍ਰਿਥਕ ਜਿ ਹੋਵਹਿ ਭੇਦਾ॥

ਜੇ ਨਰ ਭਿੰਨ ਇਨੋ ਕੋ ਚੀਨਾ॥ ਤੇ ਜਾਨੋ ਜਗ ਮੈ ਮਤਿ ਹੀਨਾ॥44॥

ਨਿਰਗੁਨ ਹੈ ਸਬ ਮਾਹਿ ਸਮਾਨਾ॥ ਜੀਵ ਚਰਾਚਰ ਜੇ ਜਗ ਜਾਨਾ॥

ਸਰਗੁਨ ਹ੍ਵੈ ਬ੍ਰਿਜ ਮੈ ਤਨ ਧਾਰਾ॥ ਕੀਨ ਬਿਨੋਦ ਹਰਯੋ ਧਰ ਭਾਰਾ॥45॥[38]

ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦੀ ਨਿਰਗੁਣਤਾ ਅਤੇ ਸਰਗੁਣਤਾ ਬਾਰੇ ਸੰਖਿਪਤ ਵਿਚਾਰ ਅੰਕਿਤ ਕੀਤੇ ਹਨ, ਜੋ ਕਿ ਕਵਿ ਦੀ ਗੁਰਮਤਿ ਉਪਰ ਦ੍ਰਿੜਤਾ ਨੂੰ ਪ੍ਰਤਖ ਕਰਦੇ ਹਨ।

## ਅਦ੍ਵੈਤ-

ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦੇ ਨਿਰਗੁਣ-ਸਰਗੁਣ ਸ੍ਵਰੂਪ ਦੀ ਏਕਤਾ ਪ੍ਰਤੀ ਜਿਗਿਆਸੀ ਦੇ ਸ਼ੰਕਿਆਂ ਨੂੰ ਨਿਵਿਰਤ ਕਰਣ ਹਿਤ ਬਹੁਤ ਸਥਾਨਾਂ 'ਤੇ ਪਰਮਾਤਮਾ ਦੀ ਏਕਤਾ ਦੀ ਵਿਚਾਰ ਸੰਕਲਿਤ ਕੀਤੀ ਹੈ। ਪਰਮਾਤਮਾ ਹੀ ਸਾਰਿਆਂ ਵਿਚ ਪਸਰਿਆ ਹੋਇਆ ਦਸਿਆ ਹੈ। ਇਹ ਜਗਤ ਝੂਠਾ ਪਰਪੰਚ ਹੈ । ਜੋ ਵਿਅਕਤੀ ਸਾਰਿਆਂ ਵਿਚ ਪਰਮਾਤਮਾ ਨੂੰ ਜਾਣਦਾ ਹੈ, ਉਸ ਦੀ ਏਕਤਾ ਨੂੰ ਪਛਾਣਦਾ ਹੈ, ਉਸ ਦੀ ਆਤਮਾ ਹੀ ਪਰਮਾਤਮਾ ਵਰਗੀ ਸ਼ੁਧ ਚੇਤੰਨ ਹੁੰਦੀ ਹੈ। ਯਥਾ-

ਸਬ ਮੈ ਪੂਰਨ ਬ੍ਰਹਮ ਪਛਾਨੈ॥ ਜਗ ਪਰਪੰਚ ਕੂਰ ਸਬ ਜਾਨੈ॥

ਭੰਗ ਭਯੋ ਭ੍ਰਮ ਜਬ ਹੀ ਆਤਮ॥ ਭਯੋ ਸੁਧ ਚੈਤਨ ਪਰਮਾਤਮ॥[39]

---

[37] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 590.

[38] ਉਹੀ, ਪੰਨਾ 401.

ਸ਼ੇਖ ਬ੍ਰਿਹਮ (ਇਬਰਾਹੀਮ) ਨਾਲ ਚਰਚਾ ਦੀ ਸਾਖੀ ਵਿਚ ਕਵਿ ਨੇ ਪਰਮਾਤਮਾ ਦੀ ਏਕਤਾ ਬਾਰੇ ਵਿਚਾਰ ਅੰਕਿਤ ਕੀਤੇ ਹਨ। ਗੁਰੂ ਜੀ ਸ਼ੇਖ ਬ੍ਰਿਹਮ ਨੂੰ ਸਮਝਾਉਂਦੇ ਹਨ, ਜੇ ਤੂੰ ਇਹ ਮੰਨਦਾ ਹੈ, ਕਿ ਕਾਅਬੇ ਵਿਚ ਹੀ ਖ਼ੁਦਾ ਦਾ ਨਿਵਾਸ ਹੈ, ਤਾਂ ਇਹ ਤੇਰਾ ਭ੍ਰਮ ਮਾਤ੍ਰ ਹੈ । ਇਹ ਉਸੇ ਤਰ੍ਹਾਂ ਦਾ ਭ੍ਰਮ ਹੈ, ਜਿਵੇਂ ਪਾਣੀ ਨੂੰ ਰਿੜਕ ਕੇ ਮਖਣ ਇਤਿਆਦਿਕ ਪਦਾਰਥ ਕਢਣ ਦਾ ਨਿਸਫਲ ਯਤਨ ਹੋਵੇ। ਇਸ ਲਈ ਪਾਣੀ ਦਾ ਮੰਥਨ ਕਰਣ ਨਾਲ ਕੁਝ ਵੀ ਪ੍ਰਾਪਤ ਹੋਣ ਵਾਲਾ ਨਹੀਂ। ਯਥਾ-

ਕਾਬੈ ਲਬਯੋ ਖੁਦਾਇ ਤੈ ਨਹਿ ਔਰ ਸਥਾਨਾ॥
ਇਮ ਨਹਿ ਖੋਜ ਸਕੋ ਤਿਸੈ ਨਿਸਚੈ ਜਿਜ ਜਾਨਾ॥34॥
ਪੀਰ ਭਨਯੋ ਸੁਨ ਤਪਾ ਜੀ ਤੁਰਕਨ ਕੇ ਦੀਨਾ॥
ਕਾਬਾ ਗੇਹ ਖੁਦਾਇ ਕੋ ਲੀਜੈ ਉਰ ਚੀਨਾ॥
ਕਹ ਗੁਰ ਜੋ ਤੁਮ ਇਮ ਲਖਯੋ ਤੌਂ ਭੂਲੇ ਪੰਥਾ॥
ਕਰ ਮੈ ਕਛੂ ਨ ਆਵਹੀ ਜਿਮ ਜਲ ਕੋ ਮੰਥਾ॥35॥[40]

ਇਸ ਅਧਿਆਇ ਦੇ ਆਰੰਭ ਵਿਚ ਪਰਮਾਤਮਾ ਦੀ ਏਕਤਾ ਬਾਰੇ ਸ਼ੇਖ ਬ੍ਰਿਹਮ ਨੇ ਆਪਣੇ ਮੁਰੀਦ ਰਾਹੀਂ ਗੁਰੂ ਜੀ ਕੋਲ ਇਕ ਪ੍ਰਸ਼ਨ ਭੇਜਿਆ । ਉਹ ਪ੍ਰਸ਼ਨ ਇਹ ਸੀ, ਕਿ ਦੋ ਪੰਥ ਹਿੰਦੂ ਅਤੇ ਮੁਸਲਮਾਨ ਇਸ ਸਮੇਂ ਭਾਰਤੀ ਸਮਾਜ ਵਿਚ ਪ੍ਰਚਲਿਤ ਹਨ, ਫਿਰ ਕਿਸਦੇ ਪਰਮਾਤਮਾ ਨੂੰ ਮੰਨੀਏ? ਯਥਾ-

ਇਕ ਸਾਹਿਬੁ ਦੋ ਹੱਦ ਹੈ ਕਿਸ ਸੇਵੀ ਰੱਦੀ॥
ਇਸ ਕੋ ਉਤਰ ਦੀਜਿਯੈ ਤੁਮ ਪੁਰਖ ਬਿਹੱਦੀ॥
ਜੋ ਤੁਮਰੇ ਮਤਿ ਸਾਚ ਹੈ ਸੋ ਕਰੋ ਬਿਚਾਰਾ॥
ਸੁਨ ਕੈ ਏਕ ਸਲੋਕ ਤਬ ਸ੍ਰੀ ਗੁਰੂ ਉਚਾਰਾ॥29॥[41]

---

[39] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 364.

[40] ਉਹੀ, ਪੰਨਾ 542.

ਗੁਰੂ ਨਾਨਕ ਦੇਵ ਜੀ ਨੇ ਉਤਰ ਦਿਤਾ, ਕਿ ਪਰਮਾਤਮਾ ਨਾ ਮੁਸਲਮਾਨ ਦਾ ਹੈ ਅਤੇ ਨਾ ਹੀ ਹਿੰਦੂਆਂ ਦਾ ਹੈ, ਬਲਕਿ ਉਹ ਤਾਂ ਇਕ ਹੈ। ਇਸ ਲਈ ਦ੍ਵੈਤ-ਭਾਵ ਵਿਚ ਵਿਚਰਨਾ ਅਤੇ ਦੋ ਹਦਾਂ ਮੰਨ ਲੈਣ ਨਾਲ ਪਰਮਾਤਮਾ ਦੀ ਏਕਤਾ ਭੰਗ ਨਹੀਂ ਹੁੰਦੀ, ਉਹ ਇਕ ਹੀ ਹੈ। ਯਥਾ-

ਸੁਨੋ ਤੁਮਾਰੇ ਪੀਰ ਕੀ ਦੁਬਧਾ ਨਹਿ ਨਾਸੀ॥

ਏਕ ਖੁਦਾਇ ਲਖਯੋ ਨਹੀ ਪੂਰਨ ਅਬਿਨਾਸੀ॥

ਨਹਿ ਹਿੰਦੂ ਨਹਿ ਤੁਰਕ ਹੈ ਕਰਤਾ ਇਕ ਜਾਨਾ॥

ਪੱਖ ਬਾਦ ਮੈ ਪਚ ਰਹੇ ਹੱਦਾ ਦ੍ਵੈ ਮਾਨਾ॥30॥[42]

ਸੋ ਕਵਿ ਨੇ ਪਰਮਾਤਮਾ ਦੀ ਏਕਤਾ ਦੀ ਗਲ ਸਿਧੇ ਰੂਪ ਵਿਚ ਸ਼ੇਖ ਬ੍ਰਿਹਮ ਦੀ ਸਾਖੀ ਵਿਚ ਹੀ ਅੰਕਿਤ ਕੀਤੀ ਹੈ, ਜਿਸ ਵਿਚ ਨਿਰਣਯ ਹੋ ਜਾਂਦਾ ਹੈ, ਕਿ ਧਾਰਮਿਕ ਸਮੁਦਾਇ ਦੀ ਸੰਕ੍ਰੀਣਤਾ ਨੂੰ ਤੋੜ ਕੇ ਪਰਮਾਤਮਾ ਦੀ ਏਕਤਾ ਨੂੰ ਬਹੁਤ ਹੀ ਸਰਲ ਭਾਵ ਨਾਲ ਜਿਗਿਆਸੀ ਨੂੰ ਸਮਝਾਉਣ ਦਾ ਯਤਨ ਹੈ।

### ਪਾਲਣਹਾਰਾ/ਸਰਵ-ਵਿਆਪੀ/ਬੇਅੰਤਤਾ-

'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਵਿਚ ਪਰਮਾਤਮਾ ਨੂੰ ਜਗਤ ਵਿਚ ਵਿਦਮਾਨ ਕਿਹਾ ਹੈ। ਉਸ ਦੀ ਸ਼ਕਤੀ ਨਾਲ ਹੀ ਸੂਰਜ, ਚੰਦਰਮਾ ਨੂੰ ਰੌਸ਼ਨੀ ਮਿਲਦੀ ਹੈ। ਇਹ ਗੂੜ੍ਹ ਰਮਜ਼ਾਂ ਗੁਰਮੁਖ ਹੀ ਜਾਣ ਸਕਦਾ ਹੈ। ਮਨਮੁਖ ਤਾਂ ਅੰਨ੍ਹੇ ਦੇ ਸਮਾਨ ਹੈ, ਜਿਸ ਨੂੰ ਸੂਰਜ ਦੀ ਰੌਸ਼ਨੀ ਦਾ ਇਲਮ ਨਹੀਂ ਹੁੰਦਾ ਅਤੇ ਉਹ ਕਹਿ ਉਠਦਾ ਹੈ, ਕਿ ਸੂਰਜ ਹੈ ਹੀ ਨਹੀਂ। ਪਰਮਾਤਮਾ ਦੀ ਸਰਵ-ਵਿਆਪਕਤਾ ਨੂੰ ਜਾਣਨ ਲਈ ਗੁਰਮੁਖ ਵਾਲੀ ਦ੍ਰਿਸ਼ਟੀ ਅਤਿ ਆਵਸ਼ਕ ਹੈ। ਯਥਾ-

ਸੰਤੋ ਰਵਿ ਸਸਿ ਮੈ ਜੋ ਜੋਤੀ ਜਾ ਸੌ ਹੋਤ ਉਜਾਰਾ॥

ਸੋ ਸਬ ਈਸ ਕਲਾ ਜਿਜ ਜਾਨੋ ਜਿਹ ਸਮ ਕੌਨ ਉਦਾਰਾ॥

---

[41] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 541.

[42] ਉਹੀ.

ਦਈ ਜੋਤ ਦੀਪਕ ਜਗ ਕੀਨੇ ਤਿਮ ਸਬ ਘਟ ਮੈ ਜਾਨੋ॥

ਜੋ ਗੁਰਮੁਖ ਤੇ ਲਖ ਹੈ ਸਬ ਹੀ ਰਮਯੋ ਰਾਮ ਸਬ ਥਾਨੋ॥25॥

ਜੇ ਮਨਮੁਖ ਤੇ ਜਾਨੈ ਨਾਹੀ ਜਿਹ ਉਰ ਨਹਿ ਸਤਿਨਾਮਾ॥

ਭਏ ਮੋਹਤ ਮਕਰ ਸੋ ਅੰਧੇ ਲਖੈ ਨ ਮਗ ਹਰਿ ਧਾਮਾ॥

ਭਨਯੋ ਸੰਤ ਨਰ ਹੋਤ ਜੁ ਅੰਧੇ ਤਿਨ ਕੇ ਨੈਨਾ ਨਾਹੀ॥

ਤੇ ਰਵਿਸਸਿ ਕੋ ਨਿਰਖ ਨ ਸਾਕੈ ਦ੍ਰਿਗ ਹ੍ਵੈ ਤੌ ਲਖ ਪਾਹੀ॥26॥[43]

ਕਵਿ ਨੇ ਪਰਮਾਤਮਾ ਦੀ ਸਰਵ-ਵਿਆਪਕਤਾ ਸੰਬੰਧੀ ਮੁਨਾਫ਼ਕ ਦੇਸ਼ ਦੀ ਸਾਖੀ ਵਿਚ ਵੀ ਵਿਚਾਰ ਅੰਕਿਤ ਕੀਤੇ ਹਨ। ਉਥੋਂ ਦੇ ਲੋਕ ਆਪਣੇ ਰਾਜਾ ਨੂੰ ਹੀ ਪ੍ਰਮੇਸ਼ਰ ਮੰਨਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਪਰਮਾਤਮਾ ਬਾਰੇ ਦਸਦਿਆਂ ਉਪਦੇਸ਼ ਦਿਤਾ ਅਤੇ ਉਨ੍ਹਾਂ ਦੇ ਸ਼ੰਕੇ ਨਿਵ੍ਰਿਤ ਕੀਤੇ। ਉਥੋਂ ਦੇ ਇਕ ਸੇਵਕ ਦਾ ਪ੍ਰਸ਼ਨ ਸੀ, ਕਿ ਪਰਮਾਤਮਾ ਕਿਥੇ ਰਹਿੰਦਾ ਹੈ? ਤਾਂ ਗੁਰੂ ਜੀ ਨੇ ਉਤਰ ਦਿਤਾ ਸੀ, ਕਿ ਉਹ ਸਾਰੇ ਹੀ ਬ੍ਰਹਿਮੰਡ ਵਿਚ ਪਸਰਿਆ ਹੋਇਆ ਹੈ। ਸਾਰੀ ਹੀ ਕਾਇਨਾਤ ਉਸ ਦੇ ਸਿਮਰਨ ਵਿਚ ਲਗੀ ਹੋਈ ਹੈ। ਯਥਾ-

ਸੁਨ ਕਰ ਭਨਯੋ ਤਿਨੈ ਕਰ ਜੋਰਾ॥ ਜੋ ਕਰਤਾਰ ਬਸੈ ਕਿਸ ਠੌਰਾ॥

ਕਾਨੀ ਸੁਨਯੋ ਨ ਨੈਨ ਨਿਹਾਰਾ॥ ਨਾਹਿ ਆਯੋ ਕਬਿ ਦੇਸ ਮਝਾਰਾ॥28॥

ਸੁਨ ਗੁਰ ਬਿਗਸੇ ਗਿਰਾ ਅਲਾਈ॥ ਪੂਰ ਰਹਯੋ ਸੋ ਸਬਨੀ ਥਾਈ॥

ਜਿਹ ਸਿਮਰਹ ਤਿਹ ਪ੍ਰਗਟ ਉਦਾਰਾ॥ ਜੀਵ ਚਰਾਚਰ ਪੋਖਨ ਹਾਰਾ॥29॥

ਬਿਰਚੇ ਜਾਹਿ ਅਖਲ ਬ੍ਰਹਮੰਡਾ॥ ਨਾਮ ਲੇਤ ਅਘ ਕੋਟ ਬਿਹੰਡਾ॥

ਤਿਹ ਸਿਮਰੋ ਦੈ ਹੈ ਬਹੁ ਬਾਰਾ॥ ਉਪਜੈ ਧਰ ਮੈ ਅੰਨ ਅਪਾਰਾ॥30॥[44]

---

[43] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 503.

[44] ਉਹੀ, ਪੰਨਾ 415.

ਪਰੰਪਰਾਗਤ ਵਿਚਾਰਾਂ ਨੂੰ ਕਵਿ ਨੇ ਅਤਿ ਸਾਕਾਰਾਤਮਕ ਯੁਕਤੀ ਨਾਲ ਵਰਤਦਿਆਂ ਪਰਮਾਤਮਾ ਦੀ ਅਨੰਤਤਾ ਦੀ ਗਲ ਕੀਤੀ ਹੈ ਕਿ ਮਾਇਆ ਅਨੰਤ ਹੈ, ਕਿਉਂਕਿ ਮਾਇਆ ਅਨੰਤ ਹੈ, ਇਸ ਲਈ ਉਸ ਦਾ ਰਚਣਹਾਰਾ ਵੀ ਅਨੰਤ ਹੈ। ਯਥਾ-

ਹੋਇ ਮਾਸ ਦ੍ਵਾਦਸ ਇਕ ਸਾਲ ਦੇਵਨ ਨਿਸ ਦਿਨ ਜਾਨੋ॥

ਦ੍ਵੈ ਸਹੰਸ੍ਰ ਜੁਗ ਦੇਵਨ ਕੇਰਾ ਬਿਧ ਦਿਨ ਰਾਤ ਪਛਾਨੋ॥

ਅਸ ਨਿਸ ਦਿਨ ਕੇ ਹ੍ਵੈ ਸਤ ਸਾਲਾ ਬ੍ਰਹਮੈ ਬੈਸ ਬਿਹਾਈ॥

ਸੋ ਬਿਸਨੂ ਕੀ ਹ੍ਵੈ ਦਿਨ ਰਾਤੀ ਸਹਸ ਬਰਖ ਇਮ ਜਾਈ॥6॥

ਤਜ ਹੈ ਤਬੈ ਬਿਸਨ ਨਿਜ ਤਨ ਕੋ ਏਕ ਦਿਵਸ ਸਿਵ ਹੋਈ॥

ਇਹ ਬਿਧ ਹੋਤ ਬਰਖ ਸਤ ਜਬ ਹੀ ਤਨ ਕੋ ਤਜ ਹੈ ਸੋਈ॥

ਏਤਾ ਕਾਲ ਬਿਤੀਤੈ ਜਬ ਹੀ ਮਾਯਾ ਏਕ ਨਿਮੇਖਾ॥

ਮਾਯਾ ਕੋ ਕਛੁ ਅੰਤ ਨ ਆਵੈ ਤਿਹ ਪਤਿ ਕੋ ਕਜਾ ਲੇਖਾ॥7॥[45]

ਪਰਮਾਤਮਾ ਅਨੰਤ ਹੈ, ਉਸ ਦਾ ਕੋਈ ਵੀ ਭੇਦ ਨਹੀਂ ਪਾ ਸਕਿਆ। ਧਾਰਮਿਕ ਗ੍ਰੰਥ ਉਸ ਨੂੰ ਨੇਤਿ ਨੇਤਿ ਕਹਿ ਕੇ ਉਸ ਦੀ ਅਨੰਤਤਾ ਦੀ ਗਵਾਹੀ ਭਰ ਰਹੇ ਹਨ। ਉਸ ਦਾ ਅੰਤ ਹਜ਼ਾਰ ਮੂੰਹਾਂ ਵਾਲੇ ਸ਼ੇਸ਼ ਨਾਗ ਨੇ ਵੀ ਨਹੀਂ ਪਾਇਆ ਹੈ। ਯਥਾ-

ਨੇਤ ਨੇਤ ਜਿਹ ਬੇਦ ਕਹ ਸੇਸ ਨ ਪਾਵਤ ਅੰਤ॥

ਬੰਦਨ ਤਿਹ ਅਰੁਵਿੰਦੁ ਪਦ ਜਿਹ ਗੁਰ ਚਰਤ ਅਨੰਤ॥1॥[46]

ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਨੂੰ ਜੀਵ ਨੂੰ ਦੁਖ-ਸੁਖ ਦੇਣ ਵਾਲਾ ਕਹਿ ਕੇ ਉਸ ਨੂੰ ਜੀਵ ਦਾ ਹਿਤੈਸ਼ੀ ਵੀ ਦਸਿਆ ਹੈ, ਕਿਉਂਕਿ ਉਸ ਜਿਤਨਾ ਮਹੀਨ ਲੇਖਾ ਹੋਰ ਕੋਈ ਨਹੀਂ ਕਰ ਸਕਦਾ। ਯਥਾ-

---

[45] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 500.

[46] ਉਹੀ, ਪੰਨਾ 150.

ਇਸ ਪ੍ਰਕਾਰ ਮਨ ਮਾਹ ਬਿਚਾਰੈ ਦੁਖ ਸੁਖ ਦੈ ਕਰਤਾਰਾ॥

ਪਰਮੇਸਰ ਸਮ ਹਿਤੂ ਨ ਕੋਈ ਕਰੈ ਸੁ ਨੀਕੀ ਕਾਰਾ॥[47]

ਸਾਰੀ ਸ੍ਰਿਸ਼ਟੀ ਪਰਮਾਤਮਾ ਦੇ ਹੁਕਮ ਅਧੀਨ ਹੈ, ਪਰ ਉਹ ਭਗਤਾਂ ਦੇ ਪ੍ਰੇਮ ਕਰਕੇ ਉਨ੍ਹਾਂ ਦੇ ਅਧੀਨ ਹੈ। ਉਹ ਬਹੁਤ ਹੀ ਕ੍ਰਿਪਾਲੂ ਹੈ। ਯਥਾ-

ਜਾਨਤ ਹੈ ਹਮ ਨਈ ਰੀਤ ਨਹਿ ਬਿਰਤ ਸਨਾਨਨ ਹੈ ਯਹ ਜਾਨ॥

ਜਿਮ ਭਗਤੀ ਕਰ ਨ੍ਰਿਪਤ ਜੁਧਿਸਟਰ ਬਸਿ ਕਰ ਲੀਨ ਕ੍ਰਿਸਨ ਭਗਵਾਨ॥

ਜਾ ਕੇ ਬਸ ਹੈ ਸ੍ਰਿਸਟੀ ਸਿਗਰੀ ਸੋ ਭਗਤਨ ਬਸਿ ਲੇਹੁ ਪਛਾਨ॥

ਪਰਮੇਸਰ ਤੂ ਪੁਰਖ ਪੁਰਾਤਨ ਪਾਰ ਬ੍ਰਹਮ ਪ੍ਰਭੁ ਕ੍ਰਿਪਾ ਨਿਧਾਨ॥16॥[48]

ਇਸ ਤਰ੍ਹਾਂ ਕਵਿ ਦੇ ਦ੍ਰਿਸ਼ਟੀਕੋਣ ਤੋਂ ਪਰਮਾਤਮਾ ਕ੍ਰਿਪਾਲੂ, ਪਾਲਣਹਾਰਾ, ਬੇਅੰਤ, ਸਰਵ-ਵਿਆਪੀ ਹੈ। ਸਾਰੀ ਹੀ ਸ੍ਰਿਸ਼ਟੀ ਉਸ ਦੇ ਅਧੀਨ ਹੈ।

## ਪਰਮਾਤਮਾ ਨਾਲ ਮਿਲਾਪ ਦਾ ਸਾਧਨ-

ਅੰਤ ਵਿਚ ਅਸੀਂ ਵਿਚਾਰ ਕਰਣੀ ਹੈ, ਕਿ ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਪਰਮਾਤਮਾ ਨਾਲ ਮਿਲਾਪ ਦੇ ਸਾਧਨ ਕਿਹੜੇ ਹਨ? 'ਗੁਰੂ ਨਾਨਕ ਸੂਰਜੋਦੇ ਜਨਮਸਾਖੀ' ਵਿਚ ਪਰਮਾਤਮਾ ਨਾਲ ਮਿਲਣ ਦੀਆਂ ਯੁਕਤੀਆਂ ਵੀ ਦਸੀਆਂ ਹਨ। ਪਰਮਾਤਮਾ ਜੋ ਬੇਸ਼ੁਮਾਰ, ਸਾਰਿਆਂ ਦਾ ਪਤੀ ਪ੍ਰਭੂ, ਜਿਸ ਦੀ ਸਾਰੀ ਹੀ ਸ੍ਰਿਸ਼ਟੀ ਘਰ ਹੈ, ਉਹ ਸਹਿਜਤਾ ਨਾਲ ਹੀ ਪਾਇਆ ਜਾ ਸਕਦਾ ਹੈ। ਯਥਾ-

ਬੇਸੁਮਾਰ ਸੁਰ ਨਰ ਪਤਿ ਜੋਈ ਜਾ ਕੋ ਧਾਮ ਅਪਾਰਾ॥

ਸਹਜ ਸੁਭਾਇ ਮਿਲੈ ਸੋ ਸੁਯਾਗੀ ਨਦਰੀ ਉਤਰੇ ਪਾਰਾ॥29॥[49]

---

[47] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 496.

[48] ਉਹੀ, ਪੰਨਾ 187.

[49] ਉਹੀ, ਪੰਨਾ 504.

ਸ਼ੇਖ ਬ੍ਰਿਹਮ ਗੁਰੂ ਜੀ ਤੋਂ ਪੁਛਦਾ ਹੈ, ਕਿ ਉਸ ਨੂੰ ਇਹ ਵਿਧੀ ਸਮਝਾਓ, ਕਿ ਪਰਮਾਤਮਾ ਨੂੰ ਕਿਸ ਤਰ੍ਹਾਂ ਨਾਲ ਮਿਲਿਆ ਜਾ ਸਕਦਾ ਹੈ? ਯਥਾ-

ਖਿੰਥਾ ਕਮਰੀ ਕੀ ਕਰੋ ਪਟ ਪਾੜਤ ਜਾਹੀ॥

ਜਿਸ ਬਿਧ ਕਰ ਪਿਯਾਰਾ ਮਿਲੈ ਸੋ ਕਰਹੌ ਚਾਰੀ॥37॥

ਸੋ ਬਿਧ ਦੇਹੁ ਬਤਾਯ ਕੈ ਨਾਨਕ ਦਰਵੇਸਾ॥

ਪੀਰ ਬੈਨ ਸੁਨ ਕੈ ਤਬੈ ਬੋਲੇ ਜਗਤੇਸਾ॥[50]

ਗੁਰੂ ਨਾਨਕ ਦੇਵ ਜੀ ਨੇ ਉਤਰ ਦਿਤਾ ਕਿ ਘਰ-ਬਾਰ ਤਿਆਗਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਪਿਆਰਾ ਕੰਤ, ਪ੍ਰੀਤਮ ਘਰ ਵਿਚ ਹੀ ਮਿਲ ਜਾਂਦਾ ਹੈ, ਮਾਤ੍ਰ ਇਹ ਸ਼ਰਤ ਹੈ, ਕਿ ਨੀਅਤ ਠੀਕ ਹੋਣੀ ਚਾਹੀਦੀ ਹੈ। ਜਿਵੇਂ ਕਿਸੇ ਇਸਤ੍ਰੀ ਦਾ ਪਤੀ ਵਾਪਾਰ ਲਈ ਵਿਦੇਸ਼ ਜਾਂਦਾ ਹੈ, ਪਿਛੋਂ ਉਹ ਇਸਤ੍ਰੀ ਆਪਣਾ ਸਿਦਕ ਨਹੀਂ ਡੋਲਦੀ, ਸਗੋਂ ਆਪਣੇ ਪਤੀ ਦੀ ਉਡੀਕ ਕਰਦੀ ਹੈ। ਫਿਰ ਪਤੀ ਉਸਨੂੰ ਸਮੇਂ ਬਾਅਦ ਬਹੁਤ ਖੁਸ਼ ਹੋ ਕੇ ਮਿਲਦਾ ਹੈ। ਉਸੇ ਭਾਂਤਿ ਜੀਵ ਨੂੰ ਵੀ ਪਰਮਾਤਮਾ ਰੂਪੀ ਪਤੀ ਦੀ ਉਡੀਕ ਕਰਣੀ ਚਾਹੀਦੀ ਹੈ, ਕੰਤ ਆਪ ਹੀ ਉਸ ਦੀ ਉਡੀਕ ਖ਼ਤਮ ਕਰੇਗਾ। ਯਥਾ-

ਕਾਹੇ ਕੋ ਪਟ ਕੋ ਤਜੋ ਕਤ ਤਜੌ ਅਵਾਸਾ॥

ਘਰ ਹੀ ਮੈ ਪ੍ਰੀਤਮ ਮਿਲੈ ਜੋ ਨੀਅਤ ਰਾਸਾ॥38॥

ਜਿਮ ਕਾਮਨਿ ਹੁਇ ਗੇਹ ਪਿਜ ਹੋਇ ਬਿਦੇਸਾ॥

ਰਾਖੈ ਜੋ ਨਿਜ ਸਿਦਕ ਕੋ ਡੋਲੈ ਨਹਿ ਲੇਸਾ॥

ਮਿਲੈ ਕੰਤ ਤਿਹ ਆਇਕੈ ਹਿਤ ਕਰ ਅਧਿਕਾਈ॥

ਜੋ ਔਰਤਿ ਬਿਦਕਾਰ ਹ੍ਵੈ ਪਰ ਪਤਿ ਚਿਤ ਲਾਈ॥39॥

ਤਾ ਕੋ ਕੰਤ ਬਿਸਾਰਹੀ ਹ੍ਵੈ ਦੁਖੀ ਮਹਾਨਾ॥

---

[50] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 542.

ਸੁਨ ਇਮ ਗੁਰ ਕੇ ਬਚਨ ਕੋ ਪੁਨ ਸੇਖ ਬਖਾਨਾ॥[51]

ਪਰਮਾਤਮਾ ਦੇ ਮਿਲਾਪ ਲਈ ਕਵਿ ਨੇ ਇਹ ਵੀ ਨਿਰਣਯ ਕਰ ਦਿਤਾ ਹੈ, ਕਿ ਮਨੁਖ ਦੁਆਰਾ ਪਰਮਾਤਮਾ ਨੂੰ ਜਵਾਨੀ, ਬੁਢਾਪੇ ਇਤਿਆਦਿਕ ਹਰ ਅਵਸਥਾ ਵਿਚ ਯਾਦ ਰਖਣਾ ਚਾਹੀਦਾ ਹੈ, ਕਿਉਂਕਿ ਬਿਰਧ ਅਵਸਥਾ ਵਿਚ ਜਦੋਂ ਮਨੁਖ ਬਲ ਹੀਨ ਹੋ ਜਾਂਦਾ ਹੈ, ਤਾਂ ਉਸ ਤੋਂ ਪ੍ਰਭੂ ਭਗਤੀ ਵੀ ਨਹੀਂ ਹੁੰਦੀ, ਇਸ ਲਈ ਉਸ ਨੂੰ ਹਮੇਸ਼ਾ ਹੀ ਪ੍ਰਭੂ ਨੂੰ ਸਿਮਰਦੇ ਰਹਿਣਾ ਹੈ। [52] ਜੇਕਰ ਉਹ ਪਰਮਾਤਮਾ ਨੂੰ ਸਿਮਰੇਗਾ ਤਦ ਹੀ ਉਸ ਵਿਚ ਚੰਗੇ ਗੁਣ ਆਉਣਗੇ ਅਤੇ ਚੰਗੇ ਗੁਣਾਂ ਕਾਰਣ ਹੀ ਪਰਮਾਤਮਾ ਦਾ ਮਿਲਾਪ ਹੁੰਦਾ ਹੈ। ਜਿਸ ਤਰ੍ਹਾਂ ਪਤੀ ਸੁਚਜੀ ਇਸਤ੍ਰੀ ਨਾਲ ਮੋਹ ਕਰਦਾ ਹੈ, ਉਸ ਤਰ੍ਹਾਂ ਪਰਮਾਤਮਾ ਵੀ ਸੁਚਜੀ ਜੀਵ-ਇਸਤ੍ਰੀ ਨੂੰ ਜਲਦੀ ਹੀ ਮਿਲਦਾ ਹੈ। ਮਨੁਖ ਦੇ ਪੰਜ ਵਿਕਾਰ ਉਸ ਵਿਚ ਕੁਚਜ ਪਾਉਂਦੇ ਹਨ। ਇਸ ਲਈ ਜੀਵ ਨੂੰ ਸੁਚਜੀ ਇਸਤ੍ਰੀ ਵਾਂਗ ਗੁਣਾਂ ਨੂੰ ਸੰਕਲਿਤ ਕਰਣਾ ਅਤਿ ਆਵਸ਼ਕ ਹੈ। ਯਥਾ-

ਮਹਲ ਕੁਚੱਜੀ ਬਿਖੈ ਰਤਿ ਕਲ ਮਲ ਜਿਹ ਜੀਆ॥
ਉਰ ਕੁ ਬਾਸ ਜਿਹ ਦ੍ਵੈਤ ਕੀ ਕਯੋਂ ਮਾਣੈ ਪੀਆ॥
ਹੋਇ ਜੁ ਸੁੰਦਰ ਸੁਘਰ ਪਿਜ ਤਜ ਕਰ ਤਿਹ ਨਾਰੀ॥
ਤੀਯ ਸੁਚੱਜੀ ਸੌ ਰਮੈ ਜਿਹ ਸਜੇ ਸਿੰਗਾਰੀ॥41॥
ਪੰਚ ਬਿਕਾਰ ਕੁਚੱਜ ਪਨ ਜਿਜ ਮੈ ਤੁਮ ਜਾਨੋ॥
ਸੁਨ ਕਰ ਸ੍ਰੀ ਗੁਰ ਕੈ ਬਚਨ ਤਬ ਸੇਖ ਬਖਾਨੋ॥[53]

[51] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 542 ਅਤੇ 43.

[52] ਤਰੁਨ ਸਮੈ ਚੇਤਯੋ ਨਹੀ ਬ੍ਰਿਧ ਭਾ ਬਲ ਖੀਨਾ॥ ਭਈ ਤਜਾਰੀ ਗੋਰ ਕੀ ਸਹੁ ਜਾਇ ਨ ਚੀਨਾ॥40॥

(ਉਹੀ, ਪੰਨਾ 543).

[53] ਉਹੀ.

ਜਿਤਨਾ ਸਮਾਂ ਜੀਵ ਦੀ ਰਸਨਾ ਤੋਂ ਪਰਮਾਤਮਾ ਦੀ ਸਿਫ਼ਤ-ਸਲਾਹ ਰੂਪੀ ਮੋਤੀ ਨਹੀਂ ਉਚਰਿਤ ਹੁੰਦੇ, ਉਤਨਾ ਸਮਾਂ ਪਰਮਾਤਮਾ ਰੂਪੀ ਕੰਤ ਵਸ ਵਿਚ ਆਉਣ ਵਾਲਾ ਨਹੀਂ। ਪਰਮਾਤਮਾ ਨੂੰ ਵਸ ਵਿਚ ਕਰਣ ਲਈ ਉਸ ਦਾ ਸਿਮਰਨ ਹੀ ਸਭ ਤੋਂ ਉਤਮ ਯੁਕਤੀ ਹੈ। ਇਸੇ ਵਿਧੀ ਨਾਲ ਹੀ ਪਰਮਾਤਮਾ ਦਾ ਮੇਲ ਹੋ ਸਕਦਾ ਹੈ। ਯਥਾ-

ਸੁਣੋ ਸੇਖ ਸਬ ਕੋ ਨਿਵੈ ਅੱਖਰ ਸੁਭ ਜਾਨੋ॥

ਜੋ ਦੁਖ ਸੁਖ ਪ੍ਰਭ ਦੇਵ ਹੀ ਤਿਹ ਖਿਵੈ ਸਮਾਨੋ॥

ਰਸਨਾ ਸਿਫਤ ਕਰੈ ਸਦਾ ਇਹ ਮਣੀਆ ਮੰਤ॥

ਇਸ ਬਿਧ ਕੋ ਜੋ ਉਰ ਧਰੈ ਬਸਿ ਆਵੈ ਕੰਤ॥42॥[54]

ਇਸ ਤਰ੍ਹਾਂ ਕਵਿ ਨੇ ਪਰਮਾਤਮਾ ਨਾਲ ਮਿਲਣ ਦਾ ਇਕ ਮਾਤ੍ਰ ਸਾਧਨ ਸਿਮਰਨ ਦਸਿਆ ਹੈ। ਪਰਮਾਤਮਾ ਦੇ ਮਿਲਾਪ ਲਈ ਮਨੁਖ ਨੂੰ ਚੰਗੇ ਗੁਣਾਂ ਦਾ ਧਾਰਨੀ ਹੋਣਾ ਵੀ ਲਾਜ਼ਿਮੀ ਹੈ।

ਉਪਰੋਕਤ ਪ੍ਰਸੰਗ ਵਿਚ ਅਸੀਂ ਪਰਮਾਤਮਾ ਬਾਰੇ ਵਿਚਾਰ ਕੀਤੀ ਹੈ। ਕਵਿ ਨੇ ਪਰਮਾਤਮਾ ਬਾਰੇ ਵਿਸਤ੍ਰਿਤ ਜਾਣਕਾਰੀ ਦਿਤੀ ਹੈ, ਜੋ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹੋਣ ਕਰਕੇ ਇਸ ਵਿਚ ਸਿਧਾਂਤਿਕ ਅਤੇ ਵਿਵਹਾਰਿਕ ਵਿਚਾਰਾਂ ਦੀ ਬਹੁਲਤਾ ਹੈ। ਇਸ ਲਈ ਬਹੁਤ ਥਾਵਾਂ 'ਤੇ ਗੁਰੂ ਨਾਨਕ ਦੇਵ ਜੀ ਤੋਂ ਹੀ ਪਰਮਾਤਮਾ ਦੇ ਗੁਣਾਂ ਦਾ ਵਿਸ ਤਾਰ ਕਰਵਾਇਆ ਹੈ। ਨਿਰਗੁਣ ਅਤੇ ਸਰਗੁਣ ਸ੍ਰੂਪ ਦੀ ਗਲ ਦੇ ਨਾਲ-ਨਾਲ ਹੋਰ ਗੁਣਾਂ ਦਾ ਵਿਸ ਤਾਰ ਵੀ ਵਖ-ਵਖ ਥਾਵਾਂ 'ਤੇ ਗੁਰੂ ਜੀ ਦੁਆਰਾ ਉਪਦੇਸ਼ ਦੇਣ ਸਮੇਂ ਹੀ ਕੀਤਾ ਹੈ। ਪਰਮਾਤਮਾ ਨੂੰ ਹੀ ਜਗਤ ਦਾ ਜਨਮ -ਦਾਤਾ ਅਤੇ ਪਾਲਣਹਾਰ ਦਸਿਆ ਹੈ। ਸੋ ਅਸੀਂ ਦੇਖਦੇ ਹਾਂ , ਕਿ ਕਵਿ ਨੇ ਭਾਵੇਂ ਪਰਮਾਤਮਾ ਦੇ ਸ੍ਰੂਪ ਪ੍ਰਤੀ ਸਿਧੇ ਰੂਪ ਵਿਚ ਵਿਆਖਿਆ ਨਾ ਕੀਤੀ ਹੋਵੇ, ਪਰ ਜਿਤਨੀ ਵੀ ਵਿਆਖਿਆ ਦਾ ਪ੍ਰਯਤਨ ਹੈ, ਉਹ ਗੁਰਬਾਣੀ ਦੀ ਸੇਧ ਵਿਚ ਹੀ ਨਿਰੂਪਤ ਕੀਤਾ ਹੈ। ਇਸ ਸਮੁਚੀ ਕ੍ਰਿਤੀ ਦੇ ਦ੍ਰਿਸ਼ਟੀਕੋਣ ਅਨਸਾਰ ਪਰਮਾਤਮਾ ਅਦ੍ਵੈਤ, ਅਕਾਲ, ਬੇਅੰਤ, ਅਰੂਪ, ਅਲੇਖ ਅਤੇ ਜੀਵਾਂ ਦਾ ਹਮਦਰਦ ਹੈ।

---

[54] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 543.

## ਸ੍ਰਿਸ਼ਟੀ

ਵਿਗਿਆਨ ਨੇ ਸ੍ਰਿਸ਼ਟੀ ਰਚਨਾ ਸੰਬੰਧੀ ਕਈ ਸਿਧਾਂਤ ਪ੍ਰਸਤੁਤ ਕੀਤੇ ਹਨ, ਜਿਨ੍ਹਾਂ ਦੀ ਸਮੇਂ ਨਾਲ ਆਲੋਚਨਾ ਵੀ ਹੁੰਦੀ ਰਹੀ ਹੈ। ਸਾਰੇ ਸਿਧਾਂਤਾਂ ਵਿਚ ਬਿਗ ਬੈਂਗ ਸਿਧਾਂਤ ਤੋਂ ਹੀ ਸ੍ਰਿਸ਼ਟੀ ਦੇ ਆਰੰਭ ਦੀ ਚਰਚਾ ਹੁੰਦੀ ਰਹੀ ਹੈ। ਵਿਗਿਆਨੀਆਂ ਨੇ ਤਿੰਨ ਪ੍ਰਮੁਖ ਸਿਧਾਂਤ ਪ੍ਰਸਤੁਤ ਕੀਤੇ ਹਨ- 1. ਬਿਗ ਬੈਂਗ ਸਿਧਾਂਤ 2. ਸਟੈਡੀ ਸਟੇਟ ਸਿਧਾਂਤ 3. ਗਤੀਸ਼ੀਲ ਬ੍ਰਹਿਮੰਡ ਦਾ ਸਿਧਾਂਤ । ਬਿਗ ਬੈਂਗ ਸਿਧਾਂਤ ਜਾਰਜ ਲੈਮੈਤਰੇ ਦੀ ਦੇਣ ਹੈ। ਇਸ ਸਿਧਾਂਤ ਅਨੁਸਾਰ ਸਰਵ -ਪ੍ਰਥਮ ਸਾਰੀ ਹੀ ਸ੍ਰਿਸ਼ਟੀ ਇਕ ਸੀ, ਤਾਪਮਾਨ ਵਧਣ ਕਰਕੇ ਵਿਸਫੋਟ ਹੋਇਆ ਅਤੇ ਸਾਰਾ ਬ੍ਰਹਿਮੰਡ ਪਸਰਨਾ ਸ਼ੁਰੂ ਹੋ ਗਿਆ। ਦੂਜਾ ਪ੍ਰਮੁਖ ਸਿਧਾਂਤ ਸਟੈਡੀ ਸਟੇਟ ਹੈ ਜਿਸ ਦੇ ਪ੍ਰਮੁਖ ਵਿਗਿਆਨੀ ਹਾਇਲ ਤੇ ਨਾਰਲੀਕਰ ਹਨ। ਇਸ ਸਿਧਾਂਤ ਅਨੁਸਾਰ ਸਾਰੀਆਂ ਹੀ ਗਲੈਕਸੀਆਂ ਨਿਰੰਤਰ ਇਕ ਦੂਜੀ ਤੋਂ ਦੂਰ ਜਾ ਰਹੀਆਂ ਹਨ, ਪਰੰਤੂ ਦੂਰ ਜਾਣ ਕਾਰਣ ਪੈਦਾ ਹੋ ਰਹੀ ਖਾਲੀ ਥਾਂ ਵੀ ਨਿਰੰਤਰ ਭਰ ਰਹੀ ਹੈ ਜਿਸ ਦੀ ਗਤੀ ਬਹੁਤ ਧੀਮੀ ਹੈ। ਤੀਜਾ ਪ੍ਰਮੁਖ ਸਿਧਾਂਤ ਹੈ ਗਤੀਸ਼ੀਲ ਬ੍ਰਹਿਮੰਡ ਦਾ ਸਿਧਾਂਤ, ਇਸ ਦੇ ਪ੍ਰਮੁਖ ਵਿਗਿਆਨੀ ਐਲਨ ਸੈਂਡੈਜ ਤੇ ਉਸ ਦੇ ਸਾਥੀ ਹਨ। ਇਸ ਸਿਧਾਂਤ ਅਨੁਸਾਰ ਇਹ ਬ੍ਰਹਿਮੰਡ ਇਕ ਵਾਰ ਨਹੀਂ ਬਲਕਿ ਕਈ ਵਾਰ ਸੁੰਗੜਿਆ ਅਤੇ ਫੈਲਿਆ ਹੈ ਇਸ ਫੈਲਣ ਅਤੇ ਸੁੰਗੜਨ ਦੇ ਇਕ ਚਕਰ ਨੂੰ ਅੰਦਾਜਨ 41 ਅਰਬ ਸਾਲ ਲਗਦੇ ਹਨ। ਜਿਸ ਬ੍ਰਹਿਮੰਡ ਵਿਚ ਅਸੀਂ ਜੀਅ ਰਹੇ ਹਾਂ ਇਹ ਲਗਪਗ 14-15 ਅਰਬ ਸਾਲ ਪਹਿਲਾਂ ਹੋਂਦ ਵਿਚ ਆਇਆ ਸੀ ਅਤੇ 26-27 ਅਰਬ ਸਾਲ ਹੋਰ ਫੈਲੇਗਾ।[55]

ਸ੍ਰਿਸ਼ਟੀ ਰਚਨਾ ਸੰਬੰਧੀ ਚੇਤਨਤਾ ਆਦਿ-ਮਾਨਵ ਦੀ ਬੌਧਿਕਤਾ ਵਿਚ ਵਿਦਮਾਨ ਸੀ, ਪਰ ਇਸ ਵਿਚ ਵਿਗਿਆਨਕ ਯੁਕਤੀਆਂ ਦੇ ਅਭਾਵ ਹੋਣ ਦੇ ਨਾਲ-ਨਾਲ ਜ਼ਿਆਦਾਤਰ ਚੇਤਨਤਾ ਅਸਚਰਜਮੁਖੀ ਤੇ ਕਾਲਪਨਿਕ ਸੀ। ਵਾਸਤਵ ਵਿਚ ਆਦਿ-ਮਾਨਵ ਦੀਆਂ ਵਿਚਾਰ-ਪ੍ਰਣਾਲੀਆਂ 'ਵਿਸ਼ਵਾਸ' ਅਤੇ 'ਵਿਸਮਾਦ' ਦੀ

---

[55] ਧੀਰ, ਡਾ. ਕੁਲਦੀਪ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ-ਦ੍ਰਿਸ਼ਟੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 61-64.

ਸੰਗਮਤਾ 'ਤੇ ਅਧਾਰਿਤ ਹਨ। ਸਰਵ ਪ੍ਰਥਮ ਗੁਰਮਤਿ ਦਰਸ਼ਨ ਅਨੁਸਾਰ ਇਸ ਪ੍ਰਸ਼ਨ ਸੰਬੰਧੀ ਜੋ ਵਿਚਾਰ ਮਿਲਦੇ ਹਨ ਉਨ੍ਹਾਂ ਦੀ ਸੰਖਿਪਤ ਵਿਚਾਰ ਕਰ ਣੀ ਉਚਿਤ ਰਹੇਗੀ। ਸਮੁਚਿਤ ਬ੍ਰਹਿਮੰਡ ਦ੍ਰਿਸ਼ਟਮਾਨ/ਅਦ੍ਰਿਸ਼ਟਮਾਨ ਜਾਂ ਭੌਤਿਕ/ਅਭੌਤਿਕ ਸਿਰਜਿਆ ਹੈ, ਉਸ ਪਾਸਾਰੇ ਨੂੰ ਹੀ ਸ੍ਰਿਸ਼ਟੀ ਕਿਹਾ ਗਿਆ ਹੈ। ਗੁਰੁਬਾਣੀ ਵਿਚ ਵਰਤੇ ਗਏ ਸ਼ਬਦ ਜਾਂ ਸਮਾਸਾਂ ਵਿਚੋਂ ਕੁਦਰਤਿ ਸ਼ਬਦ ਰਾਹੀਂ 'ਸ੍ਰਿਸ਼ਟੀ ਕੀ ਹੈ' ਦਾ ਵਿਸਤ੍ਰਿਤ ਉਤਰ ਮਿਲਦਾ ਹੈ-

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਣ ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥[56]

ਗੁਰੁਬਾਣੀ ਅਕਾਲ ਦੁਆਰਾ ਸ੍ਰਿਸ਼ਟੀ ਨੂੰ ਅਫੁਰ ਦਾ ਸਫੁਰ, ਫੁਰਨਾ, ਨਿਰਗੁਣ ਦੇ ਸਰਗੁਣ ਸ੍ਰਰੂਪ ਵਿਚ ਸਵੀਕ੍ਰਿਤ ਕਰਦੀ ਹੋਈ ਨਿਰਣਯ ਕਰਦੀ ਹੈ ਕਿ ਸ੍ਰਿਸ਼ਟੀ ਦੇ ਆਦਿ ਵਿਚ ਕੁਝ ਨਹੀਂ ਸੀ। ਵਾਸਤਵਿਕ ਵਿਚ ਕੁਝ ਨਹੀਂ ਦਾ ਭਾਵ ਦ੍ਰਿਸ਼ਟਮਾਨ ਜਗਤ ਪਰਪੰਚ ਦੀ ਹੋਂਦ ਤੋਂ ਹੈ। ਸਰਵ ਪ੍ਰਥਮ ਜਗਤ ਜਾਂ ਦ੍ਰਿਸ਼ਟਮਾਨ ਦਾ ਦ੍ਰਸ਼ਟਾ ਸ੍ਵਰੂਪ ਵਿਚ ਨਿਰੂਪਣ ਸੀ ਜਿਸ ਨੂੰ ਗੁਰਬਾਣੀ ਵਿਚ ਨਿਰਗੁਣ ਸ੍ਵਰੂਪ ਕਿਹਾ ਗਿਆ ਹੈ, ਜਦ ਨਿਰਗੁਣ

---

[56] ਆਸਾ ਮਹਲਾ 1, 2, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 464.

ਸ੍ਵਰੂਪ ਦਾ ਫੁਰਨਾ ਹੋਇਆ ਤਾਂ ਬ੍ਰਹਿਮੰਡੀ ਪਸਾਰਾ ਪਸਰ ਗਿਆ। ਅਨੰਤ ਬ੍ਰਹਿਮੰਡ ਦੇ ਆਕਾਰ ਦਾ ਨਿਰਣਯ, ਪਸਰੇ ਪਸਾਰੇ ਬਾਰੇ ਅਤੇ ਘਟੀ ਘਟਨਾ ਨੂੰ ਕਰਤਾ ਹੀ ਜਾਣਦਾ ਹੈ, ਕਦੋਂ ਘਟੀ?[57]

ਵਾਸਤਵਿਕਤਾ ਇਹ ਹੈ, ਕਿ ਇਹ ਰਹਸ ਗੁਪਤ ਰਖਿਆ ਗਿਆ ਹੈ, ਇਸ ਲਈ ਇਸ ਦਾ ਭੇਤ ਜਾਣਿਆ ਨਹੀਂ ਜਾ ਸਕਦਾ-

ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥[58]

ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ॥[59]

ਗੁਰੁਬਾਣੀ ਅਨੁਸਾਰ ਇਹ ਨਿਰਣਯ ਵੀ ਹੋ ਚੁਕਾ ਹੈ, ਕਿ ਇਹ ਰਚਨਾ ਸਥਿਰ ਨਹੀਂ, ਸਗੋਂ ਇਹ ਚਲਾਇਮਾਨ, ਪਰਿਵਰਤਨਸ਼ੀਲ ਹੈ, ਇਸ ਕਰਕੇ ਇਹ ਝੂਠ, ਕੂੜ, ਬਾਜੀਗਰ ਦੀ ਬਾਜੀ, ਪਾਣੀ ਦਾ ਬੁਲਬੁਲਾ, ਮਾਇਆ ਜਾਂ ਭੁਲੇਖਾ ਹੈ, ਪਰ ਕਰਤੇ ਦਾ ਕ੍ਰਿਤ ਵਿਚ ਵਿਦਮਾਨ ਹੋਣਾ, ਇਸ ਨੂੰ ਵੀ ਆਪਣੇ ਵਾਂਗ ਸਚ, ਬੇਅੰਤ, ਅਸੀਮ, ਵਿਸਤ੍ਰਿਤ ਬਣਾ ਦਿੰਦਾ ਹੈ ਜੋ ਮਨੁਖੀ ਅਲਪ-ਬੁਧੀ ਦੀ ਪਕੜ ਵਿਚ ਨਹੀਂ ਆ ਸਕਦਾ-

ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ॥

ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ॥[60]

ਸ੍ਰਿਸ਼ਟੀ ਰਚਨਾ ਬਾਰੇ ਗੁਰੁਬਾਣੀ ਵਿਚ ਵੇਰਵੇ ਅਤੇ ਬਾਰੀਕੀਆਂ, ਕਿਉਂ ਅਤੇ ਕਿਵੇਂ ਦੇ ਉਤਰ ਨਹੀਂ ਦਿਤੇ ਬਲਕਿ ਸਿਧੇ ਹੀ ਰਚਨਾ ਬਾਰੇ ਵਿਚਾਰ ਸੰਕਲਿਤ ਕੀਤੇ ਮਿਲਦੇ ਹਨ।

---

[57] ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਜਪੁ ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 4.)

[58] ਰਾਮਕਲੀ ਕੀ ਵਾਰ, ਮਹਲਾ 3, 16, ਉਹੀ, ਪੰਨਾ 955.

[59] ਬਿਹਾਗੜਾ (ਵਾਰ), ਮਹਲਾ 3, 7, ਉਹੀ, ਪੰਨਾ 551.

[60] *ਵਾਰ-8, ਪਾਉੜੀ-2,* ਵਾਰਾਂ ਭਾਈ ਗੁਰਦਾਸ.

ਇਸੇ ਭਾਂਤਿ ਕਵਿ ਨੇ ਸ੍ਰਿਸ਼ਟੀ ਰਚਨਾ ਸੰਬੰਧੀ ਪਰੰਪਰਾਗਤ ਵਿਚਾਰ ਹੀ ਪ੍ਰਸਤੁਤ ਕੀਤੇ ਹਨ। ਉਸ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਸਮੇਂ ਸਭ ਤੋਂ ਪਹਿਲਾਂ ਨੌਂ ਖੰਡ, ਸਤ ਦੀਪ, ਚੌਦਹ ਭਵਨ ਅਤੇ ਚਾਰ ਵੇਦਾਂ ਦੀ ਰਚਨਾ ਕੀਤੀ। ਯਥਾ-

ਨਵ ਖੰਡ ਸਾਤੋ ਦੀਪ ਜੇ ਜੌਦਹ ਭੌਨ ਸੁਧਾਰ॥

ਤੀਨ ਗੁਨੰ ਚਹੁ ਬੇਦ ਕਰ ਰਚਨਾ ਰਚੀ ਅਪਾਰ॥53॥[61]

ਇਹ ਰਚਨਾ ਹੋਈ ਕਿਵੇਂ? ਇਸ ਦੀ ਵਿਸਤ੍ਰਿਤ ਜਾਣਕਾਰੀ ਕਵਿ ਨੇ ਬੈਰਾਹ ਅਵਤਾਰ ਪ੍ਰਸੰਗ ਵਿਚ ਦਿਤੀ ਹੈ। ਉਸ ਸਾਖੀ ਵਿਚ ਕਵਿ ਨੇ ਮਰਦਾਨੇ ਤੋਂ ਪ੍ਰਸ਼ਨ ਪੁਛਾਇਆ ਹੈ, ਕਿ ਗੁਰੂ ਜੀ ਇਹ ਸ੍ਰਿਸ਼ਟੀ ਪੈਦਾ ਕਿਵੇਂ ਹੋਈ? ਜਿਸ ਦਾ ਉਤਰ ਗੁਰੂ ਜੀ ਤੋਂ ਪਰੰਪਰਾਗਤ ਰੀਤੀ ਅਨੁਸਾਰ ਦਿੰਦੇ ਦਸਿਆ ਹੈ। ਜਿਸ ਵਿਚ ਦਸਿਆ ਹੈ, ਕਿ ਸਰਵ ਪ੍ਰਥਮ ਕਮਲ ਦੀ ਨਾਭਿ ਵਿਚੋਂ ਬ੍ਰਹਮਾ ਪ੍ਰਗਟ ਹੋਇਆ ਅਤੇ ਉਸ ਨੇ ਪਰਮਾਤਮਾ ਦੀ ਉਸਤਤਿ ਕੀਤੀ। ਯਥਾ-

ਕਹ ਗੁਰ ਸ੍ਰਿਸਟਿ ਆਦਿ ਕੀ ਗਾਥਾ ਸੁਨੋ ਸੁਨਾਵਤ ਸਾਈ॥

ਨਾਭਿ ਕਮਲ ਤੇ ਉਪਜਯੋ ਬ੍ਰਹਮਾ ਉਸਤਤਿ ਪ੍ਰਭ ਕੀ ਗਾਈ॥

ਤੱਤ ਗਯਾਨ ਕੇ ਲਖਬੈ ਕੇਰੀ ਭੀ ਲਾਲਸ ਮਨ ਮਾਹੀ॥

ਹੈ ਕਰਤਾਰ ਪੁਰਖ ਵਹ ਕੈਸੋ ਦੇਖੌਂ ਕਿਹ ਬਿਧ ਤਾਹੀ॥9॥

ਰਿਚਾ ਬਡਾਈ ਕੀ ਬਹੁ ਉਚਰੀ ਉਰ ਮੈ ਪ੍ਰੇਮ ਬਢਾਵਾ॥

ਬਾਰ ਬਾਰ ਧੁਨਿ ਮਧੁਰ ਮਨੋਹਰ ਰੀਝ ਰੀਝ ਮੁਖ ਗਾਵਾ॥

ਬਢੀ ਪ੍ਰੀਤ ਪੁਨ ਔਰ ਬਨਾਵਹਿ ਅਰਥ ਸਮਝ ਸੁਖ ਲੇਈ॥

ਪ੍ਰੇਮ ਮਗਨ ਗਦ ਗਦ ਮੁਖ ਬਾਨੀ ਬਹੁ ਬਿਧ ਮੋਦ ਕਰੇਈ॥10॥[62]

---

[61] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 269.

[62] ਉਹੀ, ਪੰਨਾ 501 ਅਤੇ 02.

ਫਿਰ ਬ੍ਰਹਮਾ ਨੇ ਆਪਣੇ ਚਾਰ ਮੁਖਾਂ ਤੋਂ ਚਾਰ ਵੇਦਾਂ ਦੀ ਰਚਨਾ ਕੀਤੀ, ਜਿਨ੍ਹਾਂ ਤੋਂ ਰਿਸ਼ੀਆਂ ਨੇ ਸਿਮ੍ਰਤੀਆਂ, ਆਗਮ, ਨਿਗਮ ਇਤਿਆਦਿਕ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ। ਵੇਦਾਂ ਦੀ ਰਚਨਾ ਤੋਂ ਬਾਅਦ ਉਸ ਦੇ ਮਨ ਵਿਚ ਇਹ ਪ੍ਰਸ਼ਨ ਬਿਹਬਲਤਾ ਨਾਲ ਉਠਿਆ, ਕਿ ਉਸ ਦੀ ਰਚਨਾ ਕਿਵੇਂ ਹੋਈ। ਉਸ ਨੂੰ ਪੈਦਾ ਕਰਣ ਵਾਲਾ ਕੌਣ ਹੈ? ਜਦੋਂ ਉਸ ਨੇ ਚਾਰੇ ਪਾਸੇ ਦੇਖਿਆ ਤਾਂ ਸਾਰੇ ਪਾਸੇ ਹੀ ਜਲ ਦਿਖਾਈ ਦਿਤਾ। ਯਥਾ-

ਚਾਰ ਬੇਦ ਤਬ ਰਚੇ ਚਤਰ ਮੁਖ ਜੇ ਜਗ ਮੈ ਪ੍ਰਗਟਾਨੇ॥

ਤਿਨ ਕੋ ਨਿਰਖ ਰਿਖਨ ਸਿਮ੍ਰਿਤਿ ਰਚ ਆਗਮ ਸੁਗਮ ਬਖਾਨੇ॥

ਚਾਰ ਬੇਦ ਕੋ ਰਚ ਕਰ ਬਹੁਰੋ ਮਨ ਮੈ ਕੀਨ ਬਿਚਾਰਾ॥

ਕਿਸ ਬਿਧ ਭਈ ਮੋਹਿ ਉਤਪੱਤੀ ਕੋ ਉਪਜਾਵਨ ਹਾਰਾ॥11॥

ਚਾਰ ਓਰ ਮੈ ਦ੍ਰਿਸਟਿ ਪਸਾਰੀ ਜਹਾ ਤਹਾ ਜਲ ਪੇਖਾ॥

ਕੈ ਮੈ ਹੌ ਕੇ ਦੂਸਰ ਪਾਨੀ ਅਪਰ ਨ ਤੀਜਾ ਲੇਖਾ॥[63]

ਜਦੋਂ ਬ੍ਰਹਮਾ ਇਹ ਗੰਭੀਰ ਸੋਚਾਂ ਵਿਚ ਸੀ ਤਾਂ ਆਕਾਸ਼ ਵਿਚੋਂ ਬਾਣੀ ਪੈਦਾ ਹੋਈ। ਬ੍ਰਹਮਾ ਨੇ ਪੁਛਿਆ ਕਿ ਉਸ ਦਾ ਜਨਮ ਕਿਥੋਂ ਹੋਇਆ ਹੈ? ਆਕਾਸ਼ ਬਾਣੀ ਨੇ ਦਸਿਆ ਕਿ ਇਸ ਕਮਲ ਦੇ ਫੂਲ ਵਿਚੋਂ । ਬ੍ਰਹਮਾ ਨੇ ਕਿਹਾ, ਕਿ ਇਤਨੇ ਛੋਟੇ ਫੂਲ ਵਿਚੋਂ ਉਸ ਦਾ ਜਨਮ ਕਿਵੇਂ ਹੋ ਸਕਦਾ ਹੈ, ਉਸਨੇ ਫੂਲ ਨੂੰ ਲਤ ਮਾਰੀ ਅਤੇ ਉਸ ਦੀ ਨਾਲ ਵਿਚ ਜਾ ਡਿਗਾ ਅਤੇ ਬਹੁਤ ਸਾਲ ਉਹ ਨਾਲ ਵਿਚ ਹੀ ਭ੍ਰਮਦਾ ਰਿਹਾ। [64] ਜਦੋਂ ਕੋਈ ਵੀ ਚਾਰਾ ਨਾ

---

[63] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 501 ਅਤੇ 502.

[64] ਗਰਬ ਬਢਯੋ ਮੋ ਬਿਨ ਨਹਿ ਕੋਈ ਉਸਤਤਿ ਕਿਸ ਕੀ ਠਾਨੋ॥ ਮੈ ਹੌ ਕਰਣ ਕਰਾਵਨ ਹਾਰਾ ਨਹਿ ਦੀਸਤ ਕੋ ਆਨੋ॥12॥ ਤਬ ਗੰਭੀਰ ਧੁਨਿ ਮਧੁਰ ਮਨੋਹਰ ਬਾਨੀ ਭਈ ਅਕਾਸਾ॥ ਕਜੌ ਗਰਬਤ ਬ੍ਰਹਮਾ ਉਰ ਮਾਹੀ ਮੈ ਹੌ ਕਰਤ ਪ੍ਰਕਾਸਾ॥ ਜਨਮ ਤੁਮਾਰ ਭਯੋ ਹੈ ਜਿਸ ਤੇ ਤਿਸ ਕਾ ਖੋਜਨ ਕੀਜੈ॥ ਸੁਨ ਬ੍ਰਹਮਾ ਮਨ ਮੈ ਬਿਸਮਾਯੋ ਕਿਸ ਕੋ ਬੈਨ ਸੁਨੀਜੈ॥13॥ ਕੈ ਮੈ ਹੋ ਕੈ ਪਾਨੀ ਆਹੀ ਤੀਸਰ ਕੋਨ ਦਿਖਾਈ॥ ਜੋ ਤੀਸਰ ਕਾਹੂ ਬਲ ਹੋਤਾ ਤੌ ਮੁਹਿ ਪਰਤ ਲਖਾਈ॥ ਪੁਨ ਨਭ ਬਾਨੀ ਕੀਨ ਉਚਾਰਾ ਤੁਮ ਬੈਠੇ ਜਿਹ ਥਾਨੋ॥ ਯਾ ਕੋ ਅਪਨੀ ਆਦਿ ਬਿਚਾਰੋ ਇਸੈ ਖੋਜ ਮਦ ਠਾਨੋ॥14॥ ਕਮਲ ਨਿਰਖ ਬਿਧ ਕੀਨ ਉਚਾਰਾ ਇਹ ਤੌ ਲਘੁ ਦਰਸਾਈ॥ ਹੈ ਬਿਸਾਲ ਅਤਿ ਹਮਰੀ ਦੇਹੀ ਇਸ ਤੇ ਕਿਮ ਉਪਜਾਈ॥ ਲਘੁ ਬਸਤੂ ਜਨ ਹੈ ਕਿਮ ਦੀਰਘ ਪੁਨ ਨਭ ਗਿਰਾ ਬਖਾਨੀ॥ ਨੀਕੀ ਬਿਧ ਖੋਜੈ ਜਬ ਯਾ ਕੋ ਤਬ ਤੁਹਿ ਪਰੈ ਪਛਾਨੀ॥15॥

ਚਲਿਆ, ਤਾਂ ਉਸ ਨੇ ਹੰਕਾਰ ਨੂੰ ਤਿਆਗਿਆ ਅਤੇ ਦੁਖੀ ਹੋ ਕੇ ਰੋ-ਰੋ ਕੇ ਪਰਮਾਤਮਾ ਦੀ ਉਸਤਤਿ ਕਰਣ ਲਗਾ।[65] ਬੇਨਤੀਆਂ ਕਰਣ ਲਗਾ ਕਿ ਉਸਨੂੰ ਉਥੋਂ ਕਢਿਆ ਜਾਵੇ। ਯਥਾ-

ਬਿਹਬਲ ਬਹੁ ਦੁਖ ਬਧ੍ਯੋ ਬਿਸਾਲਾ ਬਨੈ ਨ ਕੋ ਉਪਚਾਰਾ॥

ਭਨੀ ਜੁ ਪ੍ਰਿਥਮ ਗਰਬ ਜੁਤ ਬਾਨੀ ਤਾ ਕੋ ਫਲ ਨਿਰਧਾਰਾ॥

ਸੋ ਸਬ ਗਰਬ ਬਿਨਾਸ੍ਯੋ ਉਰ ਤੇ ਗਿਰ੍ਯੋ ਕਮਲ ਮੈ ਜਬ ਹੀ॥

ਰੁਦਨ ਕੀਨ ਬਹੁ ਹੋਇ ਦੁਖਾਤੁਰ ਉਸਤਤਿ ਕੀਨੀ ਤਬ ਹੀ॥18॥

ਨਮੋ ਨਮੋ ਪ੍ਰਭ ਅੰਤਰਜਾਮੀ ਅਬਨਾਸੀ ਕਰਤਾਰਾ॥

ਪਾਰ ਬ੍ਰਹਮ ਪਰਮੇਸਰ ਸੁਆਮੀ ਗਰਬ ਪ੍ਰਹਾਰਨ ਹਾਰਾ॥

ਦੀਨ ਦਸਾ ਲਖ ਕਰ ਪ੍ਰਭ ਤਾ ਕੀ ਕਾਢ ਨਾਲ ਤੇ ਲੀਨਾ॥

ਬੈਠ ਕਮਲ ਪਰ ਅਤਿ ਸੁਖ ਖਾਯੋ ਆਦਿ ਪੁਰਖ ਤਬ ਚੀਨਾ॥19॥[66]

---

ਸੁਨ ਬਿਧ ਭ੍ਯੋ ਚਕਤ ਮਨ ਮਾਹੀ ਬਾਰਜ ਓਰ ਨਿਹਾਰਾ॥ ਮੈ ਬਿਸਾਲ ਲਘੁ ਸੋ ਯਹ ਦੀਸੈ ਕਿਮ ਮਮ ਜਨਨੇ ਹਾਰਾ॥ ਪੁਨ ਚਿਤਵ੍ਯੋ ਮਾਰੌ ਇਸ ਲਾਤਾ ਜੋ ਇਹ ਲੇਇ ਸਹਾਰੀ॥ ਤੌ ਜਾਨੋ ਇਸ ਕੋ ਨਿਜ ਕਰਤਾ ਤੁਟੈ ਤ ਬ੍ਰਿਥਾ ਬਿਚਾਰੀ॥16॥ ਹਨੀ ਲਾਤ ਹਾਲ੍ਯੋ ਨਹਿ ਬਾਰਜ ਹਨੀ ਦੂਸਰੀ ਤਾਹੀ॥ ਪਰ੍ਯੋ ਤਾਹਿ ਮਹ ਠੌਰ ਨ ਪਾਈ ਗ੍ਯੋ ਨਾਲ ਮਗ ਆਹੀ॥ ਚਲਤ ਚਲਤ ਬੀਤ੍ਯੋ ਬਹੁ ਕਾਲਾ ਬਾਇ ਨ ਕਿਤਹੂ ਪਾਈ॥ ਕਬਹੂ ਸਿਰ ਊਚੋ ਕਬਿ ਨੀਚੋ ਨਾਲ ਮਾਹਿ ਚਲ ਜਾਈ॥17॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 501 ਅਤੇ 502.)

[65] ਲਾਗ੍ਯੋ ਕਰਣ ਪ੍ਰਸੰਸਾ ਤਬ ਹੀ ਬਾਰ ਬਾਰ ਸਿਰਨਾਈ॥ ਅਗਮ ਅਗੋਚਰ ਅਲਭ ਅਨੰਤਾ ਪਾਰਬ੍ਰਹਮ ਸੁਖਦਾਈ॥ ਸੁਯੰ ਅਰੂਪ ਅਨੂਪ ਅਲੇਖਾ ਅਚੁੱਚ ਨਿੱਤ ਅਭੂਤਾ॥ ਅਜਰ ਅਜਾਯਾ ਅਜੈ ਅਜਨਮਾ ਮੋਹ ਨ ਮਾਇ ਅਛੂਭਾ॥20॥ ਅਭੈ ਅਨਾਦਿ ਅਕਰਮ ਅਭਰਮ ਸੁਤੈ ਪ੍ਰਕਾਸ ਗੁਸਾਈ॥ ਸਬ ਮੈ ਬਾਸ ਅਲੇਪ ਨਿਰੰਜਨ ਨੇਰੇ ਦੂਰ ਅਲਾਈ॥

(ਉਹੀ, ਪੰਨਾ 502.)

[66] ਉਹੀ.

ਬ੍ਰਹਮਾ ਦੀਆਂ ਬੇਨਤੀਆਂ ਸੁਣ ਕੇ ਆਕਾਸ਼ ਵਿਚੋਂ ਅਵਾਜ ਆਈ, ਕਿ ਤਪ ਕਰਣ ਨਾਲ ਹੀ ਦੁਖਾਂ ਦਾ ਨਾਸ਼ ਹੋਵੇਗਾ। ਬ੍ਰਹਮਾ ਨੇ ਇਸ ਨੂੰ ਮੰਨਿਆ ਅਤੇ ਤਪ ਸਦਕਾ ਹੀ ਸ੍ਰਿਸ਼ਟੀ ਰਚਨਾ ਦੀ ਸ਼ਕਤੀ ਉਸਨੂੰ ਪ੍ਰਾਪਤ ਹੋਈ। ਪਰਮਾਤਮਾ ਦੇ ਤਪ ਸਦਕਾ ਹੀ ਉਹ ਸ੍ਰਿਸ਼ਟੀ ਕਰ ਸਕਿਆ। ਯਥਾ-

ਨੇਤ ਨੇਤ ਪ੍ਰਭੁ ਅਲਖ ਅਪਾਰਾ ਨਾਮ ਸੱਹਸ੍ਰ ਅਲਾਯੋ॥

ਪੁਨ ਨਭ ਸਬਦ ਭਯੋ ਬਾਰਦ ਲੈ ਮਧੁਰ ਮਨੋਹਰ ਭਾਯੋ॥21॥

ਤਪ ਕਰ ਤਪ ਕਰ ਤਪ ਕਰ ਬ੍ਰਹਮਾ ਤੀਨ ਬਾਰ ਇਮ ਭਾਖਾ॥

ਜਗ ਰਚਨਾ ਕੀ ਹ੍ਵੈ ਤਬ ਸਕਤੀ ਪੂਜੈ ਉਰ ਅਭਿਲਾਖਾ॥

ਸੁਨ ਬਿਧ ਕੀਨੇ ਤਪ ਬਹੁ ਕਾਲਾ ਪਾਇ ਸਕਿ ਜਗ ਸਿਰਜਾ॥

ਪਾਰਬ੍ਰਹਮ ਕੋ ਅੰਤ ਨ ਖਾਯੋ ਥਕਤ ਭਜੋ ਪਤਿ ਪਰਜਾ॥22॥[67]

ਕਵਿ ਦੁਆਰਾ ਪਰੰਪਰਾਗਤ ਸੰਕ੍ਰੀਣਤਾ ਤੋਂ ਹਟ ਕੇ ਬ੍ਰਹਮਾ ਨੂੰ ਪਰਮਾਤਮਾ ਦੀ ਭਗਤੀ ਸਦਕਾ ਹੀ ਜਗਤ ਰਚਨਾ ਦੇ ਯੋਗ ਬਣਾਉਣਾ ਇਹ ਸਿਧ ਕਰਦਾ ਹੈ, ਕਿ ਸ਼੍ਰਿਸ਼ਟੀ ਦਾ ਸਿਰਜਕ ਪਰਮਾਤਮਾ ਹੀ ਹੈ। ਜਗਤ ਰਚਨਾ ਬਾਰੇ ਕਵਿ ਦੀ ਦ੍ਰਿਸ਼ਟੀ ਬਹੁਤ ਹੀ ਸਜਗ ਹੈ, ਉਸ ਨੂੰ ਪਤਾ ਹੈ ਕਿ ਜੇਕਰ ਜਿਗਿਆਸੀ ਨੂੰ ਪਰੰਪਰਾਗਤ ਕਥਾ ਅਨੁਸਾਰ ਹੀ ਸ੍ਰਿਸ਼ਟੀ ਰਚਨਾ ਦਸੀ, ਤਾਂ ਉਸ ਦਾ ਗਿਆਨ ਅਧੂਰਾ ਰਹੇਗਾ। ਇਸ ਲਈ ਕਵਿ ਨੇ ਇਹ ਵੀ ਨਿਰਣਯ ਕਰ ਦਿਤਾ, ਕਿ ਸ੍ਰਿਸ਼ਟੀ ਰਚਨਾ ਅਨਿਕ ਪ੍ਰਕਾਰ ਨਾਲ ਹੋਈ ਹੈ। ਇਸ ਦਾ ਭੇਦ ਕੋਈ ਨਹੀਂ ਜਾਣ ਸਕਦਾ। ਯਥਾ-

ਬਹੁ ਪ੍ਰਕਾਰ ਰਚਨਾ ਜਗ ਜਾਨਾ॥ ਤਾ ਕੋ ਭੇਦ ਨ ਕੋਇ ਪਛਾਨਾ॥

ਹੋਤ ਬੰਦਗੀ ਆਯੋ ਬੰਦਾ॥ ਤਿਹ ਤਜ ਮਾਨ ਮੋਹ ਮਹ ਫੰਦਾ॥26॥[68]

---

[67]ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 502.

[68] ਉਹੀ, ਪੰਨਾ 267.

ਚਰਚਿਤ ਕ੍ਰਿਤੀ ਵਿਚ ਮਨੁਖ ਨੂੰ ਮੋਹ ਮਾਇਆ ਵਿਚ ਫਸਿਆ ਹੋਣ ਕਰਕੇ ਇਸ ਨੂੰ ਤਿਆਗਣ ਲਈ ਕਿਹਾ ਹੈ। ਇਸ ਲਈ ਹੀ ਕਵਿ ਸੰਸਾਰ ਨੂੰ ਅਸਤਿ ਮੰਨਦਾ ਹੈ ਅਤੇ ਪਰਮਾਤਮਾ ਨੂੰ ਸਤਿ ਸ੍ਵਰੂਪ ਦਸਦਾ ਹੈ। ਯਥਾ-

ਮਨਸੁਖ ਕੋ ਬਹੁਰੋ ਜਗਤੇਸਾ॥ ਦੀਨ ਕ੍ਰਿਪਾ ਕਰ ਨਿਜ ਉਪਦੇਸਾ॥

ਜਗ ਅਸਤ ਹਰ ਸਤ ਲਖਾਯੋ॥ ਨਾਮ ਦਾਨ ਸਚੁ ਧਰਮ ਦ੍ਰਿਢਾਯੋ॥34॥[69]

ਇਸਲਾਮਿਕ ਦ੍ਰਿਸ਼ਟੀਕੋਣ ਅਨੁਸਾਰ ਚੌਦਾਂ ਤਬਕ ਮੰਨੇ ਹਨ। ਬਗ਼ਦਾਦ ਦੀ ਸਾਖੀ ਵਿਚ ਕਵਿ ਨੇ ਪੀਰ ਦਸਤਗੀਰ ਦੀ ਗੁਰੂ ਜੀ ਨਾਲ ਚਰਚਾ ਦਾ ਜ਼ਿਕਰ ਕਰਦਿਆਂ ਕਿਹਾ ਹੈ, ਕਿ ਜਿਸ ਨੂੰ ਜਿਤਨੀ ਸੁਧ ਹੁੰਦੀ ਹੈ ਉਹ ਉਤਨਾ ਹੀ ਦਸਦਾ ਹੈ, ਗੁਰੂ ਜੀ ਨੇ ਕਿਹਾ ਕਿ ਮੈਨੂੰ ਲਖਾਂ ਪਾਤਾਲ ਆਕਾਸ਼ ਦੀ ਸੁਧ ਹੈ, ਇਸ ਲਈ ਮੈਂ ਇਤਨੀ ਦਸ ਰਿਹਾ ਹਾਂ। ਪਰ ਪਰਮਾਤਮਾ ਤਾਂ ਇਸ ਤੋਂ ਵੀ ਪਰੇ ਹੈ। ਯਥਾ-

ਦੂਸਰ ਉੱਤਰ ਲੇਹ ਜੁ ਚੌਦਾ ਤਬਕ ਬਖਾਨੈ॥

ਬਰਨੈ ਜਿਨੈ ਕੁਰਾਨ ਖਬਰ ਇਤਨੀ ਤਿਹ ਜਾਨੈ॥

ਲਾਖਨ ਕੀ ਸੁਧ ਜਾਹਿ ਤਿਨੈ ਮੁਖ ਲਾਖ ਉਕਾਰੇ॥

ਲਾਖੌਂ ਪਰੇ ਬਿਓੜ ਪ੍ਰਭੂ ਸੋ ਅਪਰ ਅਪਾਰੇ॥16॥[70]

ਕਵਿ ਨੇ ਦਸਿਆ ਹੈ, ਕਿ ਸ੍ਰੀ ਗੁਰੂ ਜੀ ਨੇ ਅਨੇਕਾਂ ਹੀ ਤਬਕ ਦਸਤਗੀਰ ਦੇ ਪੁਤ੍ਰ ਨੂੰ ਦਿਖਾਏ ਹਨ।[71] ਕਵਿ ਦੇ ਇਸ ਵਰਣਨ ਦਾ ਆਧਾਰ ਭਾਈ ਗੁਰਦਾਸ ਦੀਆਂ ਵਾਰਾਂ ਵੀ ਹਨ। ਜਦੋਂ ਦਸਤਗੀਰ ਦੇ ਪੁਤ੍ਰ ਨੇ ਆ ਕੇ

---

[69] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 127.

[70] ਉਹੀ, ਪੰਨਾ 547.

[71] ਇਮ ਨਹਿ ਹੋਇ ਪ੍ਰਤੀਤ ਜੁ ਸੁਧ ਤੌ ਦੇਹੁ ਦਿਖਾਈ॥ ਮਮ ਸੁਤ ਕੋ ਲੈ ਸੰਗ ਪਹੁਚ ਜਿਹ ਲਗ ਤਿਹ ਜਾਈ॥17॥ ਤਬ ਤਿਹ ਕੋ ਬੇਗ ਹਾਥ ਪਕਰਯੋ ਸੁਖ ਰਾਸਾ॥ ਮੁੰਦ ਲੇਹੁ ਨਿਜ ਨੈਨ ਜੁ ਦੇਖਯੋ ਚਹਤ ਤਮਾਸਾ॥ ਜਬ ਮੂੰਦੇ ਤਿਨ ਨੈਨ ਉਡੇ ਨਭ ਅਪਰ ਦਿਖਾਯੋ॥ ਕਿਤਕ ਦਿਵਸ ਤਿਹ ਰਹੇ ਬਹੁਰ ਅਪਰੇ ਦਰਸਾਯੋ॥18॥ ਇਮ ਬਹੁ ਬਰਖਨ ਮਾਝ ਗਗਨ ਲਾਖੌ ਦਦਰਸਾਏ॥ ਨਿਰਖ ਪੀਰ ਕੋ ਪੂਤ ਰਹਯੋ ਮਨ ਮੈ ਬਿਸਮਾਏ॥ ਬਹੁਰੋ ਗਏ ਪਤਾਲ ਪ੍ਰਿਥਮ ਪ੍ਰਿਥਮਾ ਦਿਖਰਾਯੋ॥ ਕਰੀ ਤਹਾ ਬਹੁ ਸੈਲ ਫੇਰ ਦੂਸਰ ਦਰਸਾਯੋ॥19॥ ਸੋ ਨੀਕੀ

ਦਸਿਆ, ਕਿ ਉਸਨੇ ਅਨੇਕਾਂ ਹੀ ਤਬਕ ਦੇਖੇ, ਤਾਂ ਦਸਤਗੀਰ ਨੂੰ ਯਕੀਨ ਹੋਇਆ। ਇਸ ਤਰ੍ਹਾਂ ਕਵਿ ਨੇ ਕਾਲਪਨਿਕਤਾ ਦਾ ਸਹਾਰਾ ਲੈ ਕੇ ਲਖ ਆਕਾਸ਼ ਪਾਤਾਲ ਦੀ ਗਲ ਕੀਤੀ ਹੈ, ਜੋ ਕਿ ਇਸਲਾਮਿਕ ਦ੍ਰਿਸ਼ਟੀਕੋਣ ਦੀ ਸੰਕ੍ਰੀਣਤਾ ਨੂੰ ਮੂਲੋਂ ਹੀ ਰੱਦ ਕਰਦੀ ਹੈ। ਕਵਿ ਸ੍ਰਿਸ਼ਟੀ ਦੀ ਲੀਨਤਾ ਦੀ ਗਲ ਕਰਦਿਆਂ ਕਹਿੰਦਾ ਹੈ, ਕਿ ਇਥੇ ਕੋਈ ਵੀ ਸਥਿਰ ਨਹੀਂ ਹੈ, ਸਾਰਾ ਹੀ ਖੇਲ ਇਕੋ ਪਰਮਹਸਤੀ ਦਾ ਹੈ। ਯਥਾ-

ਰਾਵਨ ਰਾਮ ਰਹੇ ਕੋਈ ਨਾਹੀ॥ ਦਾਨਵ ਦੇਵ ਸਬੈ ਬਿਨ ਸਾਹੀ॥

ਦੀਸੈ ਜਗ ਮੈ ਜਿਤਕ ਪਸਾਰਾ॥ ਜਾਨ ਏਕ ਕੋ ਖੇਲ ਅਪਾਰਾ॥32॥[72]

ਸੋ ਕਵਿ ਨੇ ਨਾ ਤਾਂ ਅਜੋਕੇ ਵਿਗਿਆਨ ਵਾਂਗ ਸ੍ਰਿਸ਼ਟੀ ਰਚਨਾ ਦੀ ਗਲ ਕੀਤੀ ਹੈ ਅਤੇ ਨਾ ਹੀ ਵਿਸਤਾਰ ਨਾਲ ਵਿਚਾਰ ਅੰਕਿਤ ਕੀਤੇ ਹਨ, ਸਗੋਂ ਪਰੰਪਰਾਗਤ ਸਿਖੀ ਸਿਧਾਂਤਾਂ ਅਨੁਸਾਰ ਸ੍ਰਿਸ਼ਟੀ ਰਚਨਾ ਬਾਰੇ ਕ੍ਰਿਤੀ ਦੀ ਜ਼ਰੂਰਤ ਅਨੁਸਾਰ ਸੰਖਿਪਿਤ ਵਿਚਾਰ ਜਨਮਸਾਖੀ ਵਿਚ ਅੰਕਿਤ ਕੀਤੇ ਹਨ।

## ਮਾਨਵ ਜਨਮ

ਭਾਵੇਂ ਗੁਰੁਬਾਣੀ ਹਰ ਜੀਵ-ਅਜੀਵ ਵਿਚ ਇਕੋ ਪਰਿਪੂਰਣ ਜੋਤਿ ਦੇ ਪ੍ਰਸਾਰ ਦਾ ਸਿਧਾਂਤ ਸਥਾਪਿਤ ਕਰਦੀ ਹੈ, ਫਿਰ ਵੀ ਜਿਥੇ-ਕਿਥੇ ਮਾਨਵ ਜੀਵਨ ਦੀ ਸਰਵੁਚਤਾ ਦਾ ਵਿਚਾਰ ਵੀ ਦਿਤਾ ਗਿਆ ਹੈ। ਮਾਨਵ ਜੀਵਨ ਨੂੰ ਬਹੁਤ ਅਨਮੋਲ ਦਸਿਆ ਗਿਆ ਹੈ। ਇਹ ਵੀ ਦਸਿਆ ਹੈ, ਕਿ ਲਖਾਂ ਜਨਮਾਂ ਵਿਚ ਭਟਕਣ ਤੋਂ ਬਾਅਦ ਇਹ ਮਾਨਵ ਸਰੀਰ ਪ੍ਰਾਪਤ ਹੁੰਦਾ ਹੈ। ਗੁਰੁਬਾਣੀ ਵਿਚ ਮਨੁਖਾ ਸਰੀਰ ਨੂੰ ਦੇਵਤਿਆਂ-ਜੂਨੀਆਂ ਤੋਂ ਵੀ ਉਤਮ ਦਰਸਾਇਆ ਹੈ। ਗੁਰੂ ਰਾਮਦਾਸ ਜੀ ਮਾਨਵ ਕਾਇਆ ਦੀ ਦੁਰਲਭਤਾ ਦਰਸਾਉਣ ਵਾਸਤੇ ਉਚਾਰਣ ਕਰਦੇ ਹਨ-

---

ਬਿਧ ਹੇਰ ਤੀਸਰੇ ਮਾਹਿ ਪਿਯਾਨੇ॥ ਇਮ ਲਾਖੋ ਪਾਤਾਲ ਪ੍ਰਭੂ ਤਾ ਕੋ ਦਰਸਾਨੇ॥ ਭਈ ਬਰਖ ਬਹੁ ਤਾਹਿ ਪੀਰ ਸੁਤ ਮਨ ਅਕੁਲਾਨਾ ॥ ਬੰਦ ਹਾਥ ਦ੍ਵੈ ਤਬੈ ਦੀਨ ਹ੍ਵੈ ਬਖਨ ਬਖਾਨਾ॥20॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 547.)

[72] ਉਹੀ, ਪੰਨਾ 310.

ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥

ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥[73]

ਚੌਰਾਸੀ ਲਖ ਜੂਨੀਆਂ ਵਿਚੋਂ ਮਾਨਵ ਕਾਇਆ ਆਤਮਾ ਦੇ ਸਚਖੰਡ ਮੰਡਲ ਵਿਚ ਪਹੁੰਚਣ ਲਈ ਅਹਿਮ ਪਉੜੀ ਅਤੇ ਸ਼ੁਭ ਅਵਸਰ ਹੈ। ਪਰ ਮਨੁਖ ਆਪਣੇ ਅਮਾਨਵੀ ਵਿਵਹਾਰ ਕਾਰਣ ਇਸ ਪਉੜੀ ਦੇ ਸਿਖਰ ਤੋਂ ਹੇਠਾਂ ਡਿਗ ਪੈਣ ਕਰਕੇ, ਫਿਰ ਜਨਮ-ਮਰਨ ਦੇ ਚਕ੍ਰ ਵਿਚ ਗ੍ਰਸਿਆ ਜਾਂਦਾ ਹੈ, ਹਾਲਾਂਕਿ ਕਰਤਾਰ ਨੇ ਬਹੁਤ ਕ੍ਰਿਪਾ ਕਰਕੇ ਜੀਵਾਤਮਾ ਨੂੰ ਇਕ ਅਨੁਕੂਲ ਅਵਸਰ ਪ੍ਰਦਾਨ ਕੀਤਾ ਸੀ। ਗੁਰੂ ਜੀ ਗੁਰੁਬਾਣੀ ਵਿਚ ਸਪਸ਼ਟ ਕਰਦੇ ਹਨ, ਕਿ ਪਰਮਾਤਮਾ ਵਲੋਂ ਮਾਨਵ ਜੀਵਨ ਨੂੰ ਬਹੁਤ ਵਡਿਆਈ ਦਿਤੀ ਗਈ ਹੈ-

ਲਖ ਚਉਰਾਸੀਹ ਜੋਨਿ ਸਬਾਈ॥

ਮਾਣਸ ਕਉ ਪ੍ਰਭਿ ਦੀਈ ਵਡਿਆਈ॥

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥2॥[74]

ਗੁਰੁਬਾਣੀ ਵਿਚ ਮਨੁਖੀ ਸਰੀਰ ਦੀ ਬਣਤਰ ਬਾਰੇ ਇਹ ਨਿਰਣਯ ਕੀਤਾ ਹੈ, ਕਿ ਹੋਰ ਜੋਨੀਆਂ ਵਾਂਗ ਹੀ ਮਾਨਵ ਕਾਇਆ ਵੀ ਪੰਜ ਤਤਾਂ ਤੋਂ ਬਣੀ ਹੈ ਅਤੇ ਇਸ ਨੇ ਉਨ੍ਹਾਂ ਤਤਾਂ ਵਿਚ ਹੀ ਲੀਨ ਹੋ ਜਾਣਾ ਹੈ। ਗੁਰੂ ਤੇਗ ਬਹਾਦੁਰ ਜੀ ਦਾ ਫ਼ਰਮਾਨ ਹੈ-

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ॥11॥[75]

---

[73] ਆਸਾ (ਛੰਤ), ਮਹਲਾ 4, 18, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 450.

[74] ਮਾਰੂ ਸੋਲਹੇ, ਮਹਲਾ 5, 5, ਉਹੀ, ਪੰਨਾ 1075.

[75] ਸਲੋਕ ਮਹਲਾ 9, 11, ਉਹੀ, ਪੰਨਾ 1427.

ਚਰਚਿਤ ਕ੍ਰਿਤੀ ਵਿਚ ਮਨੁਖਾ ਜੂਨ ਨੂੰ ਸਰਵੁਚ ਦਸ ਕੇ ਇਸ ਦੀ ਬਣਤਰ ਪੰਜ ਤਤਾਂ ਤੋਂ ਹੋਈ ਦਸੀ ਹੈ। ਇਨ੍ਹਾਂ ਪੰਜ ਤਤਾਂ ਦੀ ਦੇਹੀ ਵਿਚ ਆਤਮਾ ਰੂਪੀ ਪ੍ਰਭੂ ਦਾ ਅੰਸ਼ ਵਿਦਮਾਨ ਹੈ, ਜੋ ਸਾਰਿਆਂ ਨੂੰ ਗਤਿ ਦੇਣ ਵਾਲਾ ਹੈ। ਯਥਾ-

ਇਮ ਕਹ ਤਬੈ ਪੰਚ ਤੱਤਨ ਮੈ ਤਨ ਕੋ ਦੀਨ ਮਿਲਾਈ॥

ਅੰਸ ਲੀਨ ਭਾ ਸ੍ਰੀ ਮਾਹੀ ਜੋ ਸਬ ਕੋ ਗਤਿ ਦਾਈ॥31॥[76]

ਮਨੁਖੀ ਸਰੀਰ ਦੀ ਹੋਂਦ ਦੇ ਕਾਰਕ ਪੰਜ ਤਤ ਆਕਾਸ਼, ਹਵਾ, ਅਗਨੀ, ਪਾਣੀ ਅਤੇ ਮਿਟੀ ਹਨ, ਇਨ੍ਹਾਂ ਦੇ ਆਪਣੇ ਸੁਭਾਅ/ਗੁਣ ਹਨ- ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ। ਫਿਰ ਇਨ੍ਹਾਂ ਦੀਆਂ ਗਿਆਨ ਇੰਦ੍ਰੀਆਂ ਵੀ ਹਨ- ਆਕਾਸ਼ ਦੀ ਕੰਨ, ਹਵਾ ਦੀ ਚਮੜੀ, ਅਗਨੀ ਦੀ ਨੈਨ, ਪਾਣੀ ਦੀ ਜੀਭ ਅਤੇ ਧਰਤੀ ਦੀ ਗੰਧ। ਯਥਾ-

ਪੰਚ ਤਤ ਅਬ ਕਰਹੌ ਬਰਨਾ॥ ਨਭ ਸਮੀਰ ਪਾਵਕ ਜਲ ਧਰਨਾ॥

ਸੁਨੋ ਤਿਨੋ ਕੇ ਗੁਨਨ ਪ੍ਰਵੰਧਾ॥ ਸਬਦ ਸਪਰਸ ਰੂਪ ਰਸ ਗੰਧਾ॥78॥

ਗਗਨ ਕਾਨ ਮਾਰਤ ਤੁਚ ਜਾਨੋ॥ ਪਾਵਕ ਨੈਨ ਜੀਹ ਜਲ ਜਾਨੋ॥

ਘਾਣ ਧਰਨਿ ਇਹ ਇੰਦ੍ਰੀ ਗਜਾਨਾ॥ ਇਨ ਕੇ ਸੁਨੋ ਸੁਭਾਵ ਸੁਜਾਨਾ॥79॥[77]

ਇਨ੍ਹਾਂ ਤਤਾਂ ਦੀਆਂ ਪੰਜ-ਪੰਜ ਪ੍ਰਕ੍ਰਿਤੀਆਂ ਹਨ-

1. ਅਕਾਸ਼- ਲੋਭ, ਮੋਹ, ਹੰਕਾਰ, ਦੁਖ, ਪ੍ਰੀਤ।
2. ਹਵਾ- ਬਲ, ਪਸਰਨਾ, ਦੌੜਨਾ, ਸੰਕੋਚ, ਫੈਲਣਾ।
3. ਅਗਨੀ- ਨੀਂਦ, ਉਦਾਸੀ, ਆਲਸ, ਭੁਖ ਅਤੇ ਪਿਆਸ।
4. ਪਾਣੀ- ਲਹੂ, ਪਸੀਨਾ, ਪਿਤ, ਕਫ਼ ਅਤੇ ਵੀਰਜ।
5. ਧਰਤੀ- ਹਡੀਆਂ, ਮਾਸ, ਨਾੜੀਆਂ, ਚਮੜੀ ਅਤੇ ਰੋਮ। [78]

[76] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 575.

[77] ਉਹੀ, ਪੰਨਾ 291.

ਇਨ੍ਹਾਂ 25 ਪ੍ਰਕ੍ਰਿਤੀਆਂ ਅਤੇ ਪੰਜ ਤਤਾਂ ਤੋਂ ਮਿਲ ਕੇ ਮਨੁਖਾ ਦੇਹੀ ਬਣੀ ਹੈ। ਇਸ ਦੇਹੀ ਵਿਚ ਵਿਦਮਾਨ ਮਨ, ਬੁਧੀ, ਚਿਤ, ਅਹੰਕਾਰ ਤੋਂ ਪਰੇ ਪਰਮਾਤਮਾ ਦੀ ਅੰਸ਼ ਆਤਮਾ ਦਾ ਨਿਵਾਸ ਹੈ । ਜਿਸ ਨੂੰ ਜਾਣ ਕੇ ਹੀ ਸਤ ਗੁਣ ਅਤੇ ਚੇਤਨਤਾ ਆਉਂਦੀ ਹੈ। ਯਥਾ-

ਕਰਣ ਅਪੰਚੀ ਪੰਚ ਤੱਤ ਮਿਲ ਅੰਤਹ ਕਰਣ ਉਪਾਵੈ॥
ਚਾਰ ਬ੍ਰਿਤ ਹ੍ਵੈ ਤਾ ਕੇ ਮਾਹੀ ਚਤਰ ਭੇਦ ਹ੍ਵੈ ਜਾਵੈ॥
ਮਨ ਬੁਧਿ ਚਿੱਤ ਹੰਕਾਰ ਨਾਮ ਤਿਹ ਪਰੇ ਆਤਮਾ ਜਾਨੋ॥
ਜਿਹ ਸੱਤਾ ਕਰ ਸਰਬ ਰਿਖੀ ਕਾ ਕਰਤ ਚੇਸਟਾ ਮਾਨੋ॥
ਅੰਤਹ ਕਰਣ ਮਾਹਿ ਜੋ ਸਤ ਗੁਨ ਤਿਹ ਚੇਤਨ ਪ੍ਰਤਿ ਬਿੰਬਾ॥
ਜਿਨ ਕੇ ਸੁੱਧ ਲਖੈ ਨਰ ਸੋਈ ਲਖੈ ਨ ਮਲਨ ਕਦੰਬਾ॥6 ॥[79]

ਕਵਿ ਨੇ ਮਨੁਖਾ ਦੇਹੀ ਦੀ ਬਣਤਰ ਅਤੇ ਸ੍ਵਰੂਪ ਨੂੰ ਸਪਸ਼ਟ ਕਰਣ ਦੀ ਪ੍ਰੋੜ੍ਹਤਾ ਵਾਰ-ਵਾਰ ਕੀਤੀ ਹੈ। ਉਸ ਦੇ ਦ੍ਰਿਸ਼ਟੀਕੋਣ ਤੋਂ ਮਨੁਖੀ ਸਰੀਰ ਵਿਚਲੇ ਪੰਜ ਤਤਾਂ ਦੇ ਨਾਲ-ਨਾਲ ਇਸ ਵਿਚ ਵੈਰੀ ਤਤ ਵੀ ਵਿਦਮਾਨ ਹਨ। ਉਹ ਇੰਦ੍ਰੀਆਂ ਅਤੇ ਇਸ ਦੇ ਵੈਰੀ ਰੂਪੀ ਤਤਾਂ ਨੂੰ ਮਿਲਾ ਕੇ ਇਨ੍ਹਾਂ ਦੀ ਗਿਣਤੀ ਸਤਾਰਾਂ ਦਸਦਾ ਹੈ। ਯਥਾ-

ਇਕ ਸਥੂਲ ਬਾਹਰ ਤਨ ਜੋਈ ਜਿਹ ਹੰਤਾ ਕਰ ਪੀਰਾ॥
ਲਿੰਗ ਸਰੀਰ ਦੂਸਰਾ ਜਾਨੋ ਤਿਹ ਸਰੂਪ ਸੁਨ ਧੀਰਾ॥7॥
ਕਮ ਗਜਾਨ ਦਸ ਇੰਦ੍ਰੀ ਜੋਈ ਪੰਚ ਭੂਤ ਪੁਨ ਹੇਰੀ॥

---

[78] ਏਕ ਏਕ ਸੁਨ ਤਤ ਕੀ ਪਾਂਚ ਪ੍ਰਕ੍ਰਿਤ ਜਿਜ ਜਾਨ॥ ਲੋਭ ਮੋਹ ਹੰਕਾਰ ਦੁਖ ਪ੍ਰੀਤ ਗਗਨ ਕੀ ਜਾਨ॥80॥ ਬਲ ਪਸਰਨ ਧਾਵਨ ਸੰਕੁਚ ਦੇਹ ਬਧਨ ਪੁਨ ਹੋਇ॥ ਪਾਂਚ ਪ੍ਰਕ੍ਰਿਤ ਯਹ ਪੌਨ ਕੀ ਸੰਭਜ ਹਰ ਜਿਜ ਜੋਇ॥81॥ ਨੀਂਦ ਜੰਭਾਈ ਆਲਕਸ ਛੁਧਾ ਤ੍ਰਿਖਾਗਨਿ ਜਾਨ॥ ਰਕਤ ਪ੍ਰਸੀਨ ਪਿਤ ਕਫ ਬਿੰਦ ਨੀਰ ਪਹਚਾਨਾ॥82॥ ਹਾਡ ਮਾਸ ਨਾੜੀ ਤੁਚਾ ਰੋਮ ਧਰਾ ਜਿਜ ਜੋਇ॥ ਪੰਚ ਤਤ ਕੇ ਕੋਟ ਮੈ ਪਚਮ ਪਰਕ੍ਰਿਤ ਹੋਇ॥83॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 291).

[79] ਉਹੀ, ਪੰਨਾ 634.

ਮਨ ਬੁਧਿ ਤੱਤ ਸਤਾਰਾ ਏਹੀ ਲਿੰਗ ਦੇਹ ਇਨ ਕੇਰੀ॥[80]

ਮਨੁਖੀ ਸਰੀਰ ਦੀ ਬਣਤਰ ਬਾਰੇ ਅਤਿ ਬਾਰੀਕੀ ਨਾਲ ਦਸਦਿਆਂ ਕਵਿ ਕਹਿੰਦਾ ਹੈ, ਕਿ ਅਸੀਂ ਚੌਵੀ ਹਜ਼ਾਰ ਸਾਹ ਦਿਨ-ਰਾਤ ਨੂੰ ਲੈਂਦੇ ਹਾਂ, ਨੌ ਸੌ ਨਾੜੀਆਂ ਅਤੇ ਬਹਤਰ ਕੋਠੜੀਆਂ ਹਨ। ਰੋਮਾਂ ਦੀ ਗਿਣਤੀ ਕਰੋੜ ਹੈ ਅਤੇ ਸੋਲਾਂ ਸੌ ਜੋੜ ਹਨ। ਬਾਰਾਂ ਤਿਲੀ ਦੇ ਪਤੇ ਹਨ। ਅਠ ਉਂਗਲੀ ਜਿਤਨਾ ਕਲੇਜਾ ਹੈ। ਯਥਾ-

ਕਹ ਗੁਰ ਬਿਸੰਤ ਚਤੁਰ ਹਜਾਰਾ॥ ਨਿਸ ਦਿਨ ਚਾਲਤ ਸ੍ਵਾਸ ਨਿਰਧਾਰਾ॥

ਨੌ ਸੈ ਨਸ ਕੋਠਰੀ ਬਹਤਰੁ॥ ਚਾਰਾ ਗੁਲ ਮੁਖ ਤਾਕ ਜਾਨ ਬਰੁ॥60॥

ਕੋਟ ਰੋਮ ਸੋਲਾ ਸੈ ਸੰਧਾ॥ ਬਾਰਾਂ ਪਲਵ ਤਿਲੀ ਪ੍ਰਵੰਧਾ॥

ਜਾਨ ਕਾਲਜਾ ਅੰਗੁਰੀ ਆਠਾ॥ ਇਹ ਜਾਨੋ ਸਬ ਦੇਹੀ ਠਾਟਾ॥61॥[81]

ਕਵਿ ਨੇ ਇਤਨੇ ਸੂਖਮਤਾ ਨਾਲ ਮਨੁਖੀ ਸਰੀਰ ਦੀ ਬਣਤਰ ਦਸ ਕੇ ਜਗਿਆਸੀ ਨੂੰ ਦੇਹੀ ਦੀ ਮਹਤਾ ਦਸਣ ਦਾ ਪ੍ਰਯਤਨ ਕੀਤਾ ਹੈ। ਯਥਾ-

ਇਕ ਨਰ ਤਨ ਦੁਰਲਭ ਜਗ ਪਾਵਾ ਦੂਜੇ ਸਿੱਖੀ ਧਾਰੀ॥

ਤੀਸਰ ਕਲ ਮੈ ਅਲਪ ਸੇਵਤੇ ਬਹੁ ਫਲ ਹ੍ਵੈ ਨਿਰਧਾਰੀ॥46॥

ਐਸੋ ਸਮੋ ਪਾਇ ਜੋ ਚੁਕੈ ਗਿਰ ਚਢ ਗਿਰੈ ਪਤਾਲਾ॥

ਕਰ ਜਪ ਕੰਠ ਪਠੈ ਜੁਤ ਪ੍ਰੇਮਾ ਮੁਕਤੀ ਹੋਇ ਉਤਾਲਾ॥[82]

ਮਾਨਵ ਦੇਹੀ ਦੀ ਮਹਤਾ ਦੀ ਪ੍ਰੋੜ੍ਹਤਾ ਕਵਿ ਆਪਣੀ ਰਚਨਾ ਵਿਚ ਗੁਰੂ ਦਾ ਉਪਦੇਸ਼ ਦਸ ਕੇ ਕਰਦਾ ਹੈ, ਕਿ ਇਹ ਮਨੁਖਾ ਦੇਹੀ ਦੁਰਲਭ ਹੈ, ਜਿਸ ਦਾ ਕੀਮਤੀ ਵਕਤ ਵਿਅਰਥ ਨਸ਼ਟ ਨਹੀਂ ਕਰਣਾ ਚਾਹੀਦਾ। ਕਵਿ ਕਹਿੰਦਾ ਹੈ, ਕਿ ਇਹ ਗੁਰੁ-ਉਪਦੇਸ਼ ਸਾਰੇ ਸਿਖਾਂ ਲਈ ਹੈ-

---

[80] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 634.

[81] ਉਹੀ, ਪੰਨਾ 289.

[82] ਉਹੀ, ਪੰਨਾ 645.

ਸਬ ਹੀ ਸਿਖਨ ਕੋ ਤਬੈ ਉਦੇਸ ਅਲਾਵਾ॥

ਮਾਨੁਖ ਜਨਮ ਦੁਲੰਭ ਹੈ ਮਤ ਬ੍ਰਿਥਾ ਗਵਾਵਾ॥11॥[83]

ਚਰਚਿਤ ਕ੍ਰਿਤੀ ਵਿਚ ਜਿਥੇ ਸਰੀਰ ਦੀ ਬਣਤਰ ਬਾਰੇ ਇਤਨੀ ਬਾਰੀਕੀ ਨਾਲ ਵਿਚਾਰ ਕੀਤੀ ਹੈ, ਉਸ ਨਾਲ ਇਹ ਭ੍ਰਮ ਨਾ ਪੈ ਜਾਵੇ ਕਿ ਸਰੀਰ ਨੂੰ ਹੀ ਪਾਲਣਾ ਹੈ, ਇਸ ਦੀ ਹੀ ਦਿਨ ਰਾਤ ਸੇਵਾ ਕਰਨੀ ਹੈ। ਇਸ ਲਈ ਕੇਵਲ ਦੇਹੀ ਨੂੰ ਹੀ ਨਹੀਂ ਬਲਕਿ ਸ੍ਰਿਸ਼ਟੀ ਨੂੰ ਹੀ ਨਾਸ਼ਵਾਨ ਕਿਹਾ ਹੈ। ਜਗਤ ਰੂਪੀ ਪਰਪੰਚ ਨੂੰ ਸੁਪਨੇ ਦੀ ਭਾਂਤਿ ਦਰਸਾਉਂਦਿਆਂ ਇਹ ਕਿਹਾ ਹੈ, ਕਿ ਇਹ ਸੰਸਾਰ ਉਸ ਸੁਪਨੇ ਦੀ ਭਾਂਤਿ ਹੈ, ਜਿਵੇਂ ਕੋਈ ਮਨੁਖ ਸੁਪਨੇ ਵਿਚ ਬੁਹਤ ਹੀ ਆਨੰਦਿਤ ਹੁੰਦਾ ਹੈ ਅਤੇ ਜਦੋਂ ਸੁਪਨੇ ਤੋਂ ਜਾਗਦਾ ਹੈ, ਤਾਂ ਉਸ ਨੂੰ ਪਤਾ ਲਗਦਾ ਹੈ, ਕਿ ਇਹ ਤਾਂ ਭ੍ਰਮ ਸੀ, ਸੁਪਨਾ ਸੀ। [84] ਇਸ ਭ੍ਰਮ ਨੂੰ ਨਿਵ੍ਰਿਤ ਕਰਣ ਹਿਤ ਕਵਿ ਨੇ ਕਾਇਆ ਨੂੰ ਕੂੜ ਕਹਿ ਕੇ ਸੰਬੋਧਨ ਕਰਦਿਆਂ ਕਿਹਾ ਹੈ, ਕਿ ਇਹ ਕੂੜ ਹੈ ਅਤੇ ਇਸ ਨਾਲ ਜੋ ਅਸੀਂ ਪਦਾਰਥ ਇਕਠੇ ਕਰਦੇ ਹਾਂ, ਉਹ ਵੀ ਨਰਕ ਜਾਣ ਦੇ ਕਾਰਕ ਹਨ। ਯਥਾ-

ਕਾਇਆ ਕਪੜ ਕੂੜ ਹੈ ਇਨ ਕੋ ਦੇਖ ਨ ਭੂਲ॥

ਸੁਇਨਾ ਰੁਪਾ ਮਾਲ ਧਨ ਏਈ ਨਰਕ ਕੇ ਮੂਲ॥2॥

ਤਨ ਪਟ ਭੂਖਨ ਕੂੜ ਪਛਾਨੋ ਇਨ ਕੋ ਲਖ ਨਹਿ ਭੂਲ ਗੁਵਾਰ॥

ਏਕ ਬਸਤੁ ਨਹਿਕਾਮ ਹਮਾਰੇ ਜਾਇ ਦੀਜਿਯੈ ਅਪਨ ਭੁਆਰ॥[85]

---

[83] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੋ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 646.

[84] ਰਹੋ ਰੈਨ ਦਿਨ ਸੰਗ ਹਮ ਨਹ ਜਾਵੋ ਆਨਾ॥ ਜਨਮ ਸੁਧਾਰੋ ਜਗਤ ਕੋ ਲਖ ਸੁਪਨ ਸਮਾਨਾ॥ ਜੌ ਲੋ ਨਿਦ੍ਰਾ ਤਨ ਵਿਖੈ ਸੁਪਨਾ ਸਚ ਲਾਗੇ॥ ਸੁਪਨ ਪਦਾਰਥ ਕੂਰ ਹੈ੍ ਜਬ ਹੀ ਇਹ ਜਾਗੇ॥14 ॥ ਜਗਤ ਪਦਾਰਥ ਗਜਾਨ ਤੇ ਤਿਮ ਹੋਤ ਬਿਨਾਸਾ॥ ਸ੍ਰੀ ਗੁਰ ਕੇ ਇਮ ਬਚਨ ਸੁਨ ਉਰ ਗਜਾਨ ਪ੍ਰਕਾਸਾ॥

(ਉਹੀ, ਪੰਨਾ 157).

[85] ਉਹੀ, ਪੰਨਾ 205.

ਇਸ ਦੇਹੀ ਦਾ ਛਿੰਨ ਪਲ ਦਾ ਵੀ ਭਰੋਸਾ ਨਹੀਂ ਹੈ, ਜਿਸ ਤਰ੍ਹਾਂ ਅਗਨੀ ਦਾ ਸੁਭਾਅ ਹੈ, ਉਸੇ ਤਰ੍ਹਾਂ ਕਾਲ ਦਾ ਵੀ ਸੁਭਾਅ ਹੈ। ਅਗਨੀ ਵਡੀ-ਛੋਟੀ ਸਭ ਲਕੜੀਆਂ ਨੂੰ ਜਲਾ ਦਿੰਦੀ ਹੈ, ਉਸੇ ਭਾਂਤਿ ਕਾਲ ਵੀ ਹਰ ਉਮਰ ਦੇ ਵਡੇ-ਛੋਟੇ ਇਨਸਾਨ ਨੂੰ ਕਿਸੇ ਸਮੇਂ ਵੀ ਮੌਤ ਦੇ ਸਕਦਾ ਹੈ। ਯਥਾ-

ਲਖਯੋ ਕਾਲ ਅਰੁ ਅਗਨਿ ਕੋ ਜਗ ਏਕ ਸੁਭਾਊ॥

ਲਘ ਦੀਰਘ ਕੋ ਗਨਤ ਨਹਿ ਮਾਰਤ ਸਮ ਭਾਊ॥8॥

ਸ੍ਰੀ ਪ੍ਰਭ ਤੁਮਰੇ ਦ੍ਰਸ ਤੇ ਅਸ ਭਯੋ ਬਿਚਾਰਾ॥

ਜੁਵਾ ਬੈਸ ਹੋਵੈ ਕਿ ਨਾ ਭਾ ਸੰਸ ਅਪਾਰਾ॥

ਕਿਧੌ ਲਘੂ ਬਜ ਮੈ ਮਰੌ ਯਾ ਤੇ ਗੁਨਗਾਵਾ॥

ਜਾਨ ਕਾਲ ਕੋ ਭੈ ਮਹਾ ਤੁਵ ਸਰਨੀ ਆਵਾ॥6॥[86]

ਮਨੁਖਾ ਦੇਹੀ ਦੀ ਨਾਸ਼ਮਾਨਤਾ ਦੀ ਵੀਚਾਰ ਦਸ ਕੇ ਕਵਿ ਨੇ ਇਸ ਜਨਮ ਦੀ ਮਹਤਾ ਨੂੰ ਦਸਦਿਆਂ ਕਿਹਾ ਹੈ, ਕਿ ਸਤਿਸੰਗ ਦੀ ਸੋਝੀ ਕੇਵਲ ਮਾਨਵ ਜਨਮ ਵਿਚ ਹੀ ਹੁੰਦੀ ਹੈ, ਇਸ ਲਈ ਗਣੇਸ਼ ਸਿੰਘ ਬੇਦੀ ਅਨੁਸਾਰ ਸਤਿਸੰਗ ਵਿਚ ਜਾ ਕੇ ਹੀ ਇਹ ਮਾਨਵ ਜਨਮ ਸਫਲ ਕਰ ਸਕੀਦਾ ਹੈ। ਇਸ ਲਈ ਮਨੁਖ ਨੂੰ ਸਾਰੇ ਸ਼ੰਕੇ, ਭ੍ਰਮ ਆਦਿ ਛਡ ਕੇ ਸਤਿਸੰਗ ਵਿਚ ਜਾਣਾ ਚਾਹੀਦਾ ਹੈ। ਉਥੇ ਚਾਅ ਅਤੇ ਉਤਸ਼ਾਹ ਨਾਲ ਪਰਮੇਸ਼ਰ ਦਾ ਨਾਮ ਜਪ ਕੇ ਉਸ ਦਾ ਜਨਮ ਸਫਲ ਹੋ ਜਾਵੇਗਾ-

ਭ੍ਰਮ ਭੌਰੀ ਤੇ ਨਿਕਸ ਕੈ ਕੀਜੈ ਸਤਿਸੰਗਾ॥

ਜਨਮ ਸਫਲ ਕਰ ਲੀਜੀਯੈ ਜਪ ਨਾਮ ਉਮੰਗਾ॥[87]

ਕਵਿ ਮਨੁਖਾ ਜੀਵਨ ਦੀਆਂ ਤਿੰਨ ਅਵਸਥਾਵਾਂ ਦਾ ਦ੍ਰਿਸ਼ਟਾਂਤ ਦਿੰਦਾ ਹੈ। ਪਹਿਲੀ ਅਵਸਥਾ ਕਵਿ ਬਾਲ ਅਵਸਥਾ ਮੰਨਦਾ ਹੈ, ਜਿਸ ਵਿਚ ਅਨੇਕਾਂ ਹੀ ਮੁਸ਼ਕਿਲਾਂ ਹੁੰਦੀਆਂ ਹਨ, ਜਿਵੇਂ ਬਾਲ ਅਵਸਥਾ ਵਿਚ ਬਲ

---

[86] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 587.

[87] ਉਹੀ, ਪੰਨਾ 647.

ਨਹੀਂ ਹੁੰਦਾ। ਬਾਲਕ ਆਪਣੇ ਆਪ ਕੁਝ ਵੀ ਨਹੀਂ ਕਰ ਸਕਦਾ। ਬਾਲਕ ਇਕ ਜਗਹ ਨਹੀਂ ਰੁਕ ਸਕਦਾ। ਬੋਲ ਨਹੀਂ ਸਕਦਾ ਆਦਿ। ਕਵਿ ਕਹਿੰਦਾ ਹੈ, ਕਿ ਜਿਸ ਤਰ੍ਹਾਂ ਕੁਤਾ ਭਟਕਦਾ ਫਿਰਦਾ ਹੈ, ਇਹੀ ਹਾਲ ਬਾਲਕ ਦਾ ਹੁੰਦਾ ਹੈ-

ਪ੍ਰਿਥਮੈ ਬਾਲਕ ਤਨ ਲਘੂ ਬਲ ਬਿਨ ਜਢਤਾਈ॥

ਮਾਤਾ ਗ੍ਰਿਹ ਕ੍ਰਿਤ ਕੋ ਕਰੈ ਤਜ ਕਰ ਤਿਹ ਤਾਈ॥

ਬਾਲ ਅਵਸਥਾ ਕੇ ਵਿਖੈ ਏਤੇ ਦੁਖ ਚੀਨਾ॥

ਭ੍ਰਾਂਤਿ ਚਪਲਤਾ ਜਲਨਤਾ ਇਛਾ ਅਰ ਦੀਨਾ॥15॥

ਪ੍ਰਿਥਮੈ ਬਲ ਬਿਨ ਇਮ ਲਖੋ ਕਛੁ ਕਰਣ ਸਕਾਈ॥

ਅਤਿ ਮੂਰਖ ਸਮਝੈ ਨਹੀ ਭ੍ਰਮ ਲਖ ਸਮੁਦਾਈ॥

... ... ... ... ... ... ... ... ...

ਜਯੋ ਕੂਕਰ ਦਰ ਦਰ ਵਿਖੈ ਪਾਵੈ ਅਪਮਾਨਾ॥

ਬਾਲ ਅਵਸਥਾ ਕੇ ਵਿਖੈ ਇਮ ਦੂਖ ਮਹਾਨਾ॥[88]

ਦੂਜੀ ਅਵਸਥਾ ਕਵਿ ਨੇ ਜਵਾਨੀ ਦੀ ਮੰਨੀ ਹੈ। ਇਸ ਅਵਸਥਾ ਵਿਚ ਪੰਜ ਵਿਕਾਰਾਂ ਦਾ ਪੂਰਾ ਜ਼ੋਰ ਹੁੰਦਾ ਹੈ। ਇਹ ਪੰਜੇ ਚੋਰ ਸਾਰੇ ਦੈਵੀ ਗੁਣਾਂ ਦੀ ਥਾਂ ‘ਤੇ ਬੁਰਿਆਈ ਲੈ ਆਉਂਦੇ ਹਨ। ਜਵਾਨੀ ਦੀ ਅਵਸਥਾ ਵਿਚ ਕਾਮ, ਤ੍ਰਿਸ਼ਨਾ ਆਦਿ ਦਾ ਪ੍ਰਵਾਹ ਪੂਰੇ ਜ਼ੋਰ ‘ਤੇ ਹੁੰਦਾ ਹੈ। ਜਿਵੇਂ ਸਾਵਣ ਦੇ ਮਹੀਨੇ ਵਿਚ ਨਦੀ ਵਿਚ ਜਲ ਦੇ ਪ੍ਰਵਾਹ ਦਾ ਜ਼ੋਰ ਹੁੰਦਾ ਹੈ, ਕਵਿ ਕਹਿੰਦਾ ਹੈ, ਕਿ ਇੰਞ ਹੀ ਜਵਾਨੀ ਸਮੇਂ ਤ੍ਰਿਸ਼ਨਾ ਦਾ ਵੇਗ ਤੀਬਰ ਹੁੰਦਾ ਹੈ। ਜਿਸ ਤਰ੍ਹਾਂ ਸਮੁੰਦਰ ਵਿਚੋਂ ਕਿਸ਼ਤੀ ਬਿਨਾ ਬਾਹਰ ਨਹੀਂ ਆਇਆ ਜਾ ਸਕਦਾ, ਉਸੇ ਤਰ੍ਹਾਂ ਜਵਾਨੀ ਦੀ ਅਵਸਥਾ ਵਿਚ ਇਸ ਸੰਸਾਰ ਸਮੁੰਦਰ ਵਿਚੋਂ ਬਿਨਾ ਸਤਿਸੰਗ ਰੂਪੀ ਕਿਸ਼ਤੀ ਤੋਂ ਬਾਹਰ ਨਹੀਂ ਆਇਆ ਜਾ ਸਕਦਾ-

---

[88] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 647.

ਜੁਵਾ ਨਿਸਾ ਅਤਿ ਘੋਰ ਮੈ ਪੰਚ ਚੋਰਨ ਜੋਰਾ॥

ਸਤ ਸੰਤੋਖ ਬਿਚਾਰ ਪੁਨ ਆਤਮ ਧਨ ਗੋਰਾ॥

ਸਰਬਸ ਚੋਰ ਖਸੋਟ ਕੈ ਲੇਵਹ ਬਰਿਆਈ॥

ਜਨਮ ਮਰਨ ਦਾਰਦ ਮਹਾ ਬਯਾਪੈ ਦੁਖ ਦਾਈ॥21॥

... ... ... ... ... ... ...

ਜਯੌ ਸਾਵਨ ਮੈ ਨਦੀ ਕੋ ਬਲ ਸਹਤ ਪ੍ਰਵਾਹਾ॥

ਤਯੌ ਤ੍ਰਿਸਨਾ ਜੋਵਨ ਵਿਖੈ ਹੋਵਤ ਅਧਿਕਾਹਾ॥

ਜਯੌ ਜਲ ਨਿਧ ਗੰਭੀਰ ਹ੍ਵੈ ਜਲ ਜੰਤ ਅਪਾਰੇ॥

ਤਰਨੋ ਕਠਨ ਜਹਾਜ ਬਿਨ ਚਢ ਉਤਰੈ ਪਾਰੈ॥23॥

ਜੁਤ ਬਿਚਾਰ ਜੋਵਨ ਤਿਮੈ ਤਰਵੋ ਕਠਨਾਈ॥

ਸਤ ਸੰਗਤਿ ਬਰ ਪੋਤ ਹੈ ਕੇਵਟ ਹਰਿ ਨਾਈ॥[89]

ਅੰਤ ਵਿਚ ਕਵਿ ਨੇ ਬੁਢਾਪੇ ਨੂੰ ਜੀਵਨ ਦੀ ਤੀਜੀ ਅਤੇ ਅੰਤਿਮ ਅਵਸਥਾ ਮੰਨਿਆ ਹੈ। ਇਸ ਅਵਸਥਾ ਵਿਚ ਵਿਅਕਤੀ ਦਾ ਸਰੀਰ ਨਿਢਾਲ ਹੋ ਜਾਂਦਾ ਹੈ, ਅਖਾਂ ਦੀ ਰੌਸ਼ਨੀ ਚਲੀ ਜਾਂਦੀ ਹੈ, ਸਿਰ ਕੰਬਣ ਲਗਦਾ ਹੈ, ਮਾਸ ਢਿਲਾ ਪੈ ਜਾਂਦਾ ਹੈ ਅਤੇ ਅਨੇਕਾਂ ਪ੍ਰਕਾਰ ਦੇ ਰੋਗ ਲਗ ਜਾਂਦੇ ਹਨ। ਇਸ ਅਵਸਥਾ ਵਿਚ ਮਨੁਖ ਦਾ ਕੋਈ ਪਤਾ ਨਹੀਂ ਹੁੰਦਾ, ਕਿ ਕਿਸ ਸਮੇਂ ਕਾਲ ਦੇ ਮੂੰਹ ਵਿਚ ਚਲਾ ਜਾਏਗਾ। ਕਵਿ ਕਹਿੰਦਾ ਹੈ, ਕਿ ਬੁਢੇਪੇ ਅਤੇ ਕਾਲ ਤੋਂ ਕੋਈ ਬਚ ਨਹੀਂ ਸਕਦਾ। ਮ੍ਰਿਤੂ ਦਾ ਦੁਖ ਭਾਰੀ ਹੈ, ਜੋ ਬ੍ਰਿਧ ਅਵਸਥਾ ਵਿਚ ਹਰ ਹਾਲ ਸਹਿਣਾ ਹੀ ਪੈਂਦਾ ਹੈ, ਕਿਉਂਕਿ ਬਲਸ਼ਾਲੀ ਕਾਲ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਕਵਿ ਦੀਆਂ ਪੰਕਤੀਆਂ ਹਨ-

ਰੋਗਨ ਕੀ ਯਹ ਜਰ ਲਖੋ ਸਬ ਦੁਖ ਕੀ ਠੌਰਾ॥

---

[89] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 648.

ਸੇਤ ਕੇਸ ਜਨ ਜਰਾ ਪਰ ਝੂਲਤ ਹੈ ਚੌਰਾ॥27॥

ਕਿਧੌ ਜਰਾ ਕੇ ਦੂਤ ਹੈ ਤਨ ਕੋ ਗ੍ਰਸ ਲੀਨਾ॥

ਕਿਧੌ ਸੰਦੇਸੇ ਕਾਲ ਕੇ ਆਏ ਬਲ ਖੀਨਾ॥

ਤਾਂ ਕੇ ਪਾਛੈ ਮ੍ਰਿਤ ਗ੍ਰਸੈ ਹ੍ਵੈ ਕਸਟ ਮਹਾਨਾ॥

ਤਿਸ ਤੇ ਨਹਿ ਕੋਊ ਬਚੇ ਖਾਏ ਬਲਵਾਨਾ॥28॥[90]

ਇਸ ਪ੍ਰਕਾਰ ਮਨੁਖ ਵਾਰ-ਵਾਰ ਜੰਮਦਾ ਅਤੇ ਮਰਦਾ ਰਹਿੰਦਾ ਹੈ। ਜਨਮ-ਮ੍ਰਿਤੂ ਦੇ ਵਡੇ ਸੰਕਟ ਨੂੰ ਸਹਾਰਦਿਆਂ ਵੀ ਮਨੁਖ ਪਰਿਵਾਰ ਦੇ ਬੰਧਨਾਂ ਤੋਂ ਆਜ਼ਾਦ ਨਹੀਂ ਹੋ ਸਕਦਾ ਅਤੇ ਇਸਤ੍ਰੀ, ਪੁਤ੍ਰ ਆਦਿ ਦੇ ਮੋਹ ਦੀ ਫਾਹੀ ਵਿਚ ਫਸਿਆ ਰਹਿੰਦਾ ਹੈ। ਇੰਞ ਅਨੇਕਾਂ ਹੀ ਜੂਨਾਂ ਵਿਚ ਭ੍ਰਮਦਾ ਰਹਿੰਦਾ ਹੈ। ਉਸ ਦਾ ਪਰਿਵਾਰ ਵੀ ਇਸੇ ਗੇੜ ਵਿਚ ਫਸਿਆ ਰਹਿੰਦਾ ਹੈ-

ਬਾਰ ਬਾਰ ਜਨਮੈ ਮਰੈ ਤਿਹ ਭੀ ਪਰਵਾਰਾ॥

ਫਸੈ ਮੋਹ ਕੀ ਫਾਸ ਮੈ ਬਨਤਾ ਸੁਤ ਦਾਰਾ॥34॥

ਕਿਤਹੂ ਜਨਮੈ ਕਿਤ ਮਰੈ ਬਹੁ ਜੌਨ ਭ੍ਰਮਾਈ॥

ਕਬੀ ਨਰਕ ਕਬਿ ਸੁਰਗ ਮੈ ਪੁਨ ਆਵੈ ਜਾਈ॥[91]

ਗਣੇਸ਼ ਸਿੰਘ ਨੇ ਕਰਮਾਂ ਦੇ ਅਨੁਸਾਰ ਪਰੰਪਰਾਗਤ ਚੌਰਾਸੀ ਲਖ ਜੂਨਾਂ ਦੀ ਵਿਚਾਰ ਵੀ ਅੰਕਿਤ ਕੀਤੀ ਹੈ। ਯਥਾ-

ਅੰਤਰ ਰਸ ਖਾਵਨ ਅਨੁਰਾਗੀ॥ ਲੋਗ ਦਿਖਾਵਨ ਹਿਤ ਬੈਰਾਗੀ॥

ਲਾਖ ਚੁਰਾਸੀ ਜੌਨਿ ਮਝਾਰਾ॥ ਭ੍ਰਮਤ ਰਹੈ ਸੋ ਬਾਰੰਬਾਰਾ॥34॥[92]

---

[90] ਬੇਦੀ ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 648.

[91] ਉਹੀ, ਪੰਨਾ 649.

[92] ਉਹੀ, ਪੰਨਾ 388.

ਫਿਰ ਕਵਿ ਨੇ ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਕਰਣ ਲਈ ਯੁਕਤੀ ਦਸਦਿਆਂ ਕਿਹਾ ਹੈ, ਕਿ ਗੁਰੁਬਾਣੀ ਦੇ ਅਭਿਆਸ ਨਾਲ ਮਨੁਖ ਅੰਦਰ ਚੰਗੇ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਹ ਪਰਮਾਤਮਾ ਦੀ ਭਗਤੀ ਵਿਚ ਲਗਦਾ ਹੈ। ਪਰਮਾਤਮਾ ਵਿਚ ਦ੍ਰਿੜ ਵਿਸ਼ਵਾਸ ਸਦਕਾ ਹੀ ਉਹ ਭਗਤੀ ਕਰਦਾ ਹੈ, ਜਿਸ ਨਾਲ ਜਨਮ-ਮਰਨ ਰੂਪੀ ਕਲੇਸ਼ ਮਿਟ ਜਾਂਦਾ ਹੈ-

ਗੁਰਬਾਨੀ ਕੀਜੈ ਅਭਿਯਾਸਾ॥ ਭਾਉ ਭਗਤਿ ਉਰ ਦ੍ਰਿਡ ਬਿਸ੍ਰਾਸਾ॥

ਕਰਹੁ ਕਮਾਵਨ ਇਹ ਉਪਦੇਸਾ॥ ਜਨਮ ਮਰਨ ਕੇ ਕਟੈ ਕਲੇਸਾ॥73॥[93]

ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਜਨਮ-ਮਰਨ ਵਿਚੋਂ ਨਿਕਲਣ ਲਈ ਸਤਿਸੰਗ ਜ਼ਰੂਰੀ ਹੈ। ਪਰਮਾਤਮਾ ਦੀ ਮਿਹਰ ਹੋਵੇ, ਤਾਂ ਹੀ ਮਨੁਖ ਇਸ ਵਿਚੋਂ ਬਾਹਰ ਨਿਕਲ ਸਕਦਾ ਹੈ। ਨਾਸ਼ਵਾਨ ਸਰੀਰ ਦੇ ਵੈਰੀਆਂ ਤੋਂ ਦੂਰ ਰਹਿ ਕੇ ਨਿਜ-ਸ੍ਰੂਪ ਨੂੰ ਪਹਿਚਾਨੇ ਅਤੇ ਆਤਮ-ਤਤ ਨਾਲ ਅਭੇਦਤਾ ਪਾਵੇ, ਤਾਂ ਹੀ ਪਰਮਪਦ ਪਾਇਆ ਜਾ ਸਕਦਾ ਹੈ। ਇਸ ਪ੍ਰਕ੍ਰਿਆ ਵਿਚ ਸਫਲਤਾ ਲਈ ਸਤਿਸੰਗ ਨਾਲ ਪ੍ਰੇਮ ਕਰਣਾ ਸਰਬ-ਗੁਣਕਾਰੀ ਹੈ, ਜਿਸ ਨਾਲ ਆਤਮਾ ਸ਼ੁਧ ਅਤੇ ਚੇਤੰਨ ਹੋ ਜਾਂਦੀ ਹੈ-

ਸਤਿ ਸੰਗਤਿ ਮਹਿ ਹੋਇ ਜਬ ਬਸਨਾ॥ ਕਰਤ ਤਬੈ ਮਨ ਰੋਕਨ ਜਤਨਾ॥

ਹੋਹਿ ਬਿਨਾਸ ਤਬ ਹੀ॥ ਦ੍ਵੈਤ ਮਤਿ ਮਿਟ ਜੈ ਹੈ ਜਬ ਹੀ॥62॥

ਸਬ ਮੈ ਪੂਰਨ ਬ੍ਰਹਮ ਪਛਾਨੈ॥ ਜਗ ਪਰਪੰਚ ਕੂਰ ਸਬ ਜਾਨੈ॥

ਭੰਗ ਭਜੋ ਭ੍ਰਮ ਜਬ ਹੀ ਆਤਮ॥ ਭਜੋ ਸੁੱਧ ਚੈਤਨ ਪਰਮਾਤਮ॥63॥[94]

## ਨਾਮ ਅਤੇ ਸਿਮਰਨ

ਗੁਰਮਤਿ ਵਿਚ ਨਾਮ ਸਿਮਰਨ ਤਿਆਗਵਾਦੀ ਜਾਂ ਭਾਂਜਵਾਦੀ ਪ੍ਰਵਿਰਤੀ ਵਾਲਾ ਨਹੀਂ ਬਲਕਿ ਨਾਮ ਜਪਣ ਦਾ ਭਾਵ ਹਰ ਸਮੇਂ ਪਰਮਾਤਮਾ ਨੂੰ ਧਿਆਨ ਵਿਚ ਰਖਦਿਆਂ ਹਾਜ਼ਿਰ-ਨਾਜ਼ਿਰ ਸਮਝਣਾ ਹੈ। ਉਸ ਦਾ

---

[93] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 445.

[94] ਉਹੀ, ਪੰਨਾ 364.

ਭਾਣਾ ਮੰਨ ਕੇ ਉਸਨੂੰ ਸਰਵ-ਵਿਆਪਕ, ਸਰਵ-ਸ਼ਕਤੀਮਾਨ, ਕਰਤਾ, ਕਰਣਹਾਰਾ, ਅਗੰਮ-ਅਗੋਚਰ ਇਤਿਆਦਿਕ ਜਾਣਨਾ ਹੈ। ਸਿਮਰਨ ਤੋਂ ਭਾਵ ਕਿਸੇ ਪਦ ਨੂੰ ਵਾਰ-ਵਾਰ ਦੁਹਰਾਈ ਜਾਣਾ ਹੈ। ਇਸ ਤਰ੍ਹਾਂ ਦੇ ਰਟਣ ਦਾ ਮਨੁਖੀ ਮਨ ਉਪਰ ਡੂੰਘਾ ਅਸਰ ਪੈਂਦਾ ਹੈ, ਇਸ ਨਾਲ ਹਉਮੈਂ ਦਾ ਨਾਸ਼ ਹੁੰਦਾ ਹੈ-

ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥

ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥

ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥32॥[95]

ਪਰ ਜੇ ਨਾਮ ਸਿਮਰਨ ਦਾ ਮੰਤਵ ਪਰਾਭੌਤਿਕੀ ਸ਼ਕਤੀ ਦੀ ਪ੍ਰਾਪਤੀ ਹੋਵੇ ਜਾਂ ਕਿਸੇ ਦੇਵੀ ਦੇਵਤੇ ਨੂੰ ਹੀ ਪਰਮਾਤਮਾ ਦੀ ਥਾਂ ਅਸਲੀਅਤ ਸਮਝ ਕੇ ਉਸ ਦੀ ਪੂਜਾ ਕੀਤੀ ਜਾਏ, ਤਾਂ ਇਹ ਰਟਣ ਹਾਨੀਕਾਰਕ ਹੁੰਦਾ ਹੈ। ਫਿਰ ਇਸ ਨਾਲ ਮਨੁਖ ਦੀ ਹਉਮੈ ਵਿਚ ਵਾਧਾ ਹੁੰਦਾ ਹੈ ਅਤੇ ਪਰਮਾਤਮਾ ਨਾਲੋਂ ਵਿਥ ਵੀ ਵਧ ਜਾਂਦੀ ਹੈ-

ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ॥[96]

ਹਠ ਯੋਗ ਨਾਲ ਵੀ ਨਾਮ ਸਿਮਰਨ ਦਾ ਸੰਬੰਧ ਜੋੜਿਆ ਜਾਂਦਾ ਹੈ, ਪਰ ਗੁਰਮਤਿ ਇਸ ਦਾ ਵੀ ਵਿਰੋਧ ਕਰਦੀ ਹੈ। ਹਠ ਯੋਗ ਤਿਆਗਵਾਦੀ ਅਤੇ ਭਾਂਜਵਾਦੀ ਪ੍ਰਵਿਰਤੀ ਦਾ ਮਾਰਗ ਹੈ, ਬਲਕਿ ਗੁਰਮਤਿ ਵਿਚ ਗ੍ਰਿਹਸਥ ਨੂੰ ਅਪਣਾ ਕੇ ਪਰਮਾਤਮਾ ਦਾ ਹੁਕਮ ਮੰਨਣਾ ਹੈ। ਇਸ ਲਈ ਗੁਰੁਬਾਣੀ ਵਿਚ ਯੋਗ ਨੂੰ ਮੁਕਤੀ ਦਾ ਸਾਧਨ ਨਹੀਂ ਮੰਨਿਆ, ਬਲਕਿ ਨਾਮ ਸਿਮਰਨ ਨੂੰ ਹੀ ਮੁਕਤੀ ਦਾ ਸਾਧਨ ਮੰਨਿਆ ਹੈ-

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥

ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਈ ਪਾਈ॥

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ॥

---

[95] ਰਾਮਕਲੀ, ਸਿਧ ਗੋਸਟਿ, ਮਹਲਾ 1, 32, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 941.

[96] ਆਸਾ, ਮਹਲਾ 1, 16, ਉਹੀ, ਪੰਨਾ 353.

ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ॥

ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ॥72॥[97]

ਸੋ ਗੁਰਮਤਿ ਵਿਚ ਨਾਮ ਸਿਮਰਨ ਲਈ ਨਾ ਤਾਂ ਤੋਤਾ ਰਟਣ ਨੂੰ, ਨਾ ਹਠ ਯੋਗ ਨੂੰ ਅਤੇ ਨਾ ਹੀ ਮੰਤ੍ਰ ਦੀ ਸਿਧੀ ਨੂੰ ਪ੍ਰਵਾਨ ਕੀਤਾ। ਕਵਿ ਨੇ ਵੀ ਇਸੇ ਦ੍ਰਿਸ਼ਟੀਕੋਣ ਅਨੁਸਾਰ ਹੀ ਨਾਮ ਸਿਮਰਨ ਦੇ ਵਿਚਾਰ ਅੰਕਿਤ ਕੀਤੇ ਹਨ। ਕਵਿ ਪਰਮਾਤਮਾ ਦਾ ਨਾਮ ਜਪਣ ਉਤੇ ਜ਼ੋਰ ਦਿੰਦਾ ਹੈ। ਗਣੇਸ਼ ਸਿੰਘ ਬੇਦੀ ਪਰਮਾਤਮਾ ਦੇ ਨਾਮ ਨੂੰ ਅਮੋਲਕ ਲਾਲ ਕਹਿ ਕੇ ਇਸ ਦੀ ਸਾਰਥਕਤਾ ਸਮਝਾਉਣ ਦਾ ਯਤਨ ਕਰਦਾ ਹੈ। ਉਹ ਕਹਿੰਦਾ ਹੈ, ਕਿ ਜੇ ਜੀਵ ਨੇ ਆਤਮਾ ਦੀ ਕਲਿਆਣ ਵਾਸਤੇ ਕੋਈ ਪਦਾਰਥ ਇਕਤ੍ਰ ਕਰਨਾ ਹੈ, ਤਾਂ ਉਹ ਨਾਸ਼ਵੰਤ ਧਨ ਰੂਪ ਕਚੇ ਲਾਲ ਇਕਠੇ ਨਾ ਕਰੇ, ਸਗੋਂ ਪਰਮਾਤਮਾ ਦੇ ਨਾਮ ਨਾਲ ਆਪਣੀ ਸਾਂਝ ਬਣਾਉਣ ਦਾ ਯਤਨ ਕਰੇ, ਕਿਉਂਕਿ ਇਹੋ ਸਚਾ ਧਨ ਅਤੇ ਅਮੋਲਕ ਲਾਲ ਹੈ। ਨਾਮ ਹੀ ਸੁਖਦਾਇਕ ਪਦਾਰਥ ਹੈ, ਨਾਮ ਹੀ ਆਤਮਾ ਦਾ ਭੋਜਨ ਹੈ ਅਤੇ ਨਾਮ ਹੀ ਜੀਵਨ ਲਈ ਲੋੜੀਂਦਾ ਪ੍ਰਕਾਸ਼ ਹੈ-

ਕਾਚੇ ਲਾਲ ਜਿ ਸੰਚਨ ਕਰ ਹੀ॥ ਤਿਨ ਤੇ ਕਾਜ ਏਕ ਨਹਿ ਸਰ ਹੀ॥

ਖਾਨ ਪਾਨ ਮੈ ਆਵਤ ਨਾਹੀ॥ ਨਾਹਿ ਬਸਨ ਲੈ ਪਹਰੇ ਜਾਹੀ॥45॥

ਨਿਰਮਲ ਪਾਹਨ ਸੰਚਨ ਕਰ ਕੈ॥ ਸਾਹ ਸਦਾਇ ਗਰਬ ਉਰ ਭਰ ਕੈ॥

ਸਾਚ ਲਾਲ ਪ੍ਰਭ ਨਾਮ ਪਛਾਨੋ॥ ਜਾ ਕੇ ਸੁਨੇ ਗਤ ਜਾਨੋ॥46॥

ਦੋਹਰਾ॥

ਲਾਲ ਅਮੋਲਕ ਆਤਮਾ ਜੌ ਲੋ ਜਾਨਜੋ ਨਾਹਿ॥

ਤੌ ਲੋ ਸੁਖ ਨਹਿ ਹੋਤ ਹੈ ਪਰਯੋ ਅੰਧੇਰੇ ਮਾਹਿ॥47॥[98]

---

[97] ਰਾਮਕਲੀ, ਸਿਧ ਗੋਸਟਿ, ਮਹਲਾ 1, 72, ਉਹੀ, ਪੰਨਾ 946.

[98] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 228.

ਇਸੇ ਪ੍ਰਕਾਰ ਨਾਮ ਸੰਬੰਧੀ ਗੁਰੂ ਗ੍ਰੰਥ ਦੇ ਵਾਕ 'ਹਉਮੈ ਨਾਵੈ ਨਾਲਿ ਵਿਰੋਧ ਹੈ' ਦੀ ਪ੍ਰਤਿਪਾਦਨਾ ਕਰਦਿਆਂ ਕਵਿ ਲਿਖਦਾ ਹੈ, ਕਿ ਜਿਥੇ ਹਉਮੈ ਹੋਵੇਗੀ, ਉਥੇ ਨਾਮ ਨਹੀਂ ਹੋਵੇਗਾ ਅਤੇ ਜਿਥੇ ਨਾਮ ਹੋਵੇਗਾ, ਉਥੇ ਹਉਮੈ ਦਾ ਕੋਈ ਅਸਤਿਤ੍ਵ ਨਹੀਂ ਹੋ ਸਕਦਾ-

ਜਿਹ ਹਉਮੈ ਤਿਹ ਨਾਮਿ ਨ ਬਾਸਾ॥

ਜਹਾ ਨਾਮ ਤਿਹ ਹਉਮੈ ਨਾਸਾ॥[99]

ਸੇਵਾ ਦੇ ਮਹਤਵ ਨੂੰ ਕਵਿ ਨੇ ਬਹੁਤ ਹੀ ਵਧੀਆ ਢੰਗ ਨਾਲ ਚਿਤਰਿਆ ਹੈ। ਕਵਿ ਕਹਿੰਦਾ ਹੈ, ਕਿ ਸੇਵਾ ਉਹੋ ਲਾਭਕਾਰੀ ਹੈ, ਜੋ ਸੰਤਤਾਈ ਦਾ ਉਥਾਨ ਕਰਣ ਵਾਸਤੇ ਹੋਵੇ। ਗਣੇਸ਼ ਸਿੰਘ ਕਹਿੰਦਾ ਹੈ, ਕਿ ਸੰਤਾਂ ਦੀ ਸੇਵਾ ਅਤੇ ਸਿਮਰਨ ਹੀ ਕਲਿਯੁਗ ਵਿਚ ਸੁਖ ਦੇਣ ਵਾਲਾ ਹੈ-

ਸੰਤ ਸੇਵ ਸਿਮਰਨ ਹਰਿ ਨਾਮਾ॥

ਕਲਿ ਕੇਵਲ ਜਾਨੋ ਸੁਖ ਧਾਮਾ॥[100]

ਪਰਮਾਤਮਾ ਦਾ ਨਾਮ ਇਸ ਤਰ੍ਹਾਂ ਦਾ ਧਨ ਹੈ, ਜਿਸ ਨੂੰ ਜਿਤਨਾ ਖਰਚ ਕਰਾਂਗੇ ਉਤਨਾ ਹੀ ਇਹ ਵਧਦਾ ਜਾਵੇਗਾ, ਇਹ ਸੋਝੀ ਗੁਰੂ ਦੁਆਰਾ ਮਿਲਦੀ ਹੈ। [101] ਨਾਮੀ ਦੀ ਅਵਸਥਾ ਇਸ ਪ੍ਰਕਾਰ ਦੀ ਹੋ ਜਾਂਦੀ ਹੈ, ਕਿ ਉਸ ਲਈ ਮਾਨ ਅਪਮਾਨ ਇਕ ਸਮਾਨ ਹੁੰਦੇ ਹਨ। [102] ਸਿਮਰਨ ਹੀ ਕਲਿਯੁਗ ਵਿਚ ਸਾਰੇ ਵਿਘਨ ਹਰਦਾ ਹੈ। ਯਥਾ-

---

[99] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 237.

[100] ਉਹੀ, ਪੰਨਾ 258.

[101] ਮਾਨ ਅਪਮਾਨ ਸਮ ਜਾਹਿ ਕੋ ਜਾਨਿਯੈ॥ ਨਾਮ ਲੀਨੇ ਜਿਸੇ ਭੂਰੇ ਭਵ ਭਾਨਿਯੈ॥16॥

(ਉਹੀ, ਪੰਨਾ 121).

[102] ਗੁਰ ਕੁਬੇਰ ਹਰਿ ਨਾਮ ਧਨ ਪੂਰਨ ਉਰ ਭੰਡਾਰ॥ ਜਜੌ ਜਜੌ ਖਰਚਤ ਮੁਦਤ ਮਨ ਤਜੌ ਤਜੌ ਬਢਤ ਅਪਾਰ॥1॥

(ਉਹੀ, ਪੰਨਾ 217).

ਕਲਿ ਮੈ ਕਲਮਖਿ ਬਿਪਨ ਹਿਤ ਜਾ ਕੋ ਪਾਵਕ ਨਾਮ॥

ਤਿਹ ਸ੍ਰੀ ਗੁਰ ਨਾਨਕ ਭਜੋ ਸਦਾ ਸਰਬ ਸੁਖ ਧਾਮ॥[103]

ਤਲਵੰਡੀ ਵਿਖੇ ਪਿਤਾ ਕਾਲੂ ਨੂੰ ਸਿਮਰਨ ਦੀ ਮਹਤਾ ਗੁਰੂ ਨਾਨਕ ਦੇਵ ਜੀ ਦਸਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਕੋਈ ਵਪਾਰੀ ਪੂੰਜੀ ਲੈ ਕੇ ਪਰਦੇਸ ਵਪਾਰ ਕਰਣ ਹਿਤ ਜਾਂਦਾ ਹੈ ਉਸੇ ਭਾਂਤਿ ਜੀਵ ਵੀ ਸਰੀਰ ਰੂਪੀ ਪੂੰਜੀ ਲੈ ਕੇ ਸੰਸਾਰ ਉਪਰ ਆਇਆ ਹੈ। ਇਸ ਦਾ ਵਪਾਰ ਨਾਮ ਸਿਮਰਨ ਹੀ ਹੈ। ਪਰ ਅਲਪ ਮਤਿ ਕਾਰਣ ਜੀਵ ਵਿਸ਼ੈ-ਵਿਕਾਰਾਂ ਵਿਚ ਗ੍ਰਸਤ, ਭੋਗ-ਵਿਲਾਸਾਂ ਵਿਚ ਹੀ ਰੁਝ ਕੇ ਆਪਣਾ ਸਮਾਂ ਵਿਅਰਥ ਗੰਵਾ ਦਿੰਦਾ ਹੈ। ਯਥਾ-

ਸਰਧਾ ਜੁਤ ਆਵਹ ਨਰ ਬ੍ਰਿੰਦਾ॥ ਉਪਦੇਸਹ ਤਿਨ ਕੋ ਸੁਖਕੰਦਾ॥

ਕਰੈ ਜੁ ਇਸ ਮਨ ਜੀਤ ਨ ਕੋਈ॥ ਨਿਸਚੈ ਲਹੈ ਪਰਮਗਤਿ ਸੋਈ॥53॥

ਜੈਸੇ ਬਨਕ ਬਨਜ ਕੇ ਕਾਰਨ॥ ਲੈ ਪੂੰਜੀ ਪਰਦੇਸ ਪਧਾਰਨ॥

ਤਜੌ ਮਾਨਵ ਤਨ ਲੈ ਜਗ ਮਾਹੀ॥ ਆਏ ਨਾਮ ਬਿਹਾਝਨ ਆਹੀ॥54॥

ਨਾਮ ਨ ਲੀਨੋ ਮੁਗਧ ਗੁਵਾਰਾ॥ ਬਿਸੈ ਭੋਗ ਮਹ ਨਰ ਤਨ ਹਾਰਾ॥[104]

ਜੋ ਜੀਵ ਪਰਮਾਤਮਾ ਦੇ ਨਾਲ ਲਿਵ ਜੋੜਦੇ ਹਨ, ਉਨ੍ਹਾਂ ਨੂੰ ਸੁਰਗ ਅਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਜੀਵ ਸੰਸਾਰ ਵਿਚ ਜੋ ਵੀ ਪਦਾਰਥ ਇਕਠਾ ਕਰਣ ਹਿਤ ਕਾਰਜਸ਼ੀਲ ਰਹਿੰਦਾ ਹੈ, ਉਹ ਮਾਤ੍ਰ ਇਸ ਜਨਮ ਤਕ ਹੀ ਸੀਮਿਤ ਹਨ, ਮਰਨ ਉਪਰੰਤ ਉਸ ਨਾਲ ਕੁਝ ਵੀ ਨਹੀਂ ਜਾਂਦਾ। ਇਸ ਲਈ ਜੀਵ ਨੂੰ ਸਾਰੇ ਹੀ ਵਿਅਰਥ ਕਾਰਜ ਤਿਆਗ ਕੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ-

ਨਰ ਤਨ ਧਰ ਕੀਨੇ ਬਡਦਾਨਾ॥ ਅਰੁ ਜਪੁ ਤਪੁ ਬ੍ਰਤ ਜਗ ਮਹਾਨਾ॥

ਜਾਇ ਸ੍ਵਰਗ ਸੁਖ ਭੋਗਹ ਤੇਈ॥ ਬਹੁ ਰਮਨ ਜਤਨ ਜਗ ਮੈ ਲੇਈ॥57॥

---

[103] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 130.

[104] ਉਹੀ, ਪੰਨਾ 385.

ਤਿਨ ਪੂੰਜੀ ਰਾਖੀ ਜਿਜ ਜਾਨੋ॥ ਲਾਭ ਨ ਭਯੋ ਕਛੂ ਮਨ ਮਾਨੋ॥

ਲਾਹਾ ਲੀਨ ਸੁਨੋ ਤਿਨ ਗਾਥਾ॥ ਸਰਧਾ ਜੁਤ ਸਿਮਰੈ ਜਗ ਨਾਥਾ॥58॥

ਤੇ ਲਾਹਾ ਲੈ ਜਾਤ ਅਗਾਰੀ॥ ਪਾਵਤ ਹੈ ਅਬਚਲ ਸੁਖ ਭਾਰੀ॥

ਮਾਨਵ ਤਕ ਪੂੰਜੀ ਜਿਜ ਜਾਨੋ॥ ਤਾਤੇ ਨਾਮ ਜਪੋ ਤਜ ਆਨੋ॥59॥[105]

ਜੀਵ ਨੂੰ ਪਰਮਾਤਮਾ ਦਾ ਨਾਮ-ਧਨ ਸੰਚਿਤ ਕਰਣਾ ਚਾਹੀਦਾ ਹੈ, ਕਿਉਂਕਿ ਵਿਕਾਰਾਂ ਨੂੰ ਤਿਆਗ ਕੇ ਅਤੇ ਇਕ ਨਾਮ ਦੇ ਨਾਲ ਜੁੜ ਕੇ ਹੀ ਉਸ ਦੀ ਕਲਿਆਣ ਹੋ ਸਕਦੀ ਹੈ। ਕਵਿ ਇਹ ਵੀ ਨਿਰਣਯ ਕਰਦਾ ਹੈ, ਕਿ ਜਿਸ ਹਿਰਦੈ ਵਿਚ ਹਉਮੈਂ ਦਾ ਵਾਸ ਹੁੰਦਾ ਹੈ, ਉਥੇ ਕਦਾਚਿਤ ਪਰਮਾਤਮਾ ਦੇ ਨਾਮ ਦਾ ਵਾਸ ਨਹੀਂ ਹੋ ਸਕਦਾ, ਇਸ ਲਈ ਹਉਮੈਂ ਨੂੰ ਤਿਆਗ ਕੇ ਹੀ ਸਿਮਰਨ ਕੀਤਾ ਜਾ ਸਕਦਾ ਹੈ, ਨਾਮ ਸਿਮਰਨ ਨਾਲ ਹੀ ਹਉਮੈਂ ਦਾ ਨਾਸ਼ ਹੋ ਜਾਂਦਾ ਹੈ-

ਸੁਨੋ ਸਕਲ ਸ੍ਰੋਤਾ ਕਹ ਬਾਲਾ॥ ਏਕ ਨਾਮ ਤੇ ਹੋਤ ਨਿਹਾਲਾ॥

ਤਜ ਹਉਮੈ ਸਿਮਰੋ ਧਰ ਧਯਾਨਾ॥ ਲਗਤ ਨ ਬਾਰ ਹੋਤ ਕਲਜਾਨਾ॥71॥

ਜਿਹ ਹਉਮੈ ਤਿਨ ਨਾਮ ਨ ਬਾਸਾ॥ ਜਹਾ ਨਾਮ ਤਿਹ ਹੁਉਮੈ ਨਾਸਾ॥

ਸ੍ਰੀ ਗੁਰ ਨਾਨਕ ਜਿਮੈ ਸੁਨਾਈ॥ ਤਿਸੀ ਭਾਤ ਮੈ ਤੁਮ ਪੈ ਗਾਈ॥72॥[106]

ਪਰਮਾਤਮਾ ਦੇ ਨਾਮ ਦੀ ਪ੍ਰਾਪਤੀ ਦਾ ਸਾਧਨ ਵੀ ਇਸ ਜਨਮਸਾਖੀ ਵਿਚ ਦਸਿਆ ਹੈ। ਜਿਸ ਤਰ੍ਹਾਂ ਸ਼ਾਂਤੀ ਸੌ ਰੋਸਿਆਂ ਨੂੰ ਖ਼ਤਮ ਕਰ ਦਿੰਦੀ ਹੈ, ਨਾਮ ਨਾਲ ਮੌਤ ਦੇ ਭੈਅ ਤੋਂ ਮੁਕਤੀ ਮਿਲਦੀ ਹੈ ਅਤੇ ਸੰਤੋਖ ਤੋਂ ਲੋਭ ਖ਼ਤਮ ਹੁੰਦਾ ਹੈ, ਉਸੇ ਭਾਂਤਿ ਗੁਰੂ ਦੀ ਸੇਵਾ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ। ਯਥਾ-

ਸਾਂਤ ਸੌ ਰੋਸ ਕੋ ਜੀਤ ਭਲੀ ਬਿਧ ਸੇਵ ਗੁਰੂ ਕਰ ਨਾਮ ਨਿਵਾਰੈ॥

ਨਾਮ ਤੇ ਕਾਲ ਸੰਤੋਖ ਤੇ ਲੋਭ ਟਰੈ ਹਰਿ ਧਯਾਨ ਅਛੈ ਪਦ ਪਾਰੇ॥[107]

---

[105] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 385.

[106] ਉਹੀ, ਪੰਨਾ 237.

ਹਰਿ ਦੇ ਨਾਮ ਨਾਲ ਭਗਤ ਦੀ ਪ੍ਰੀਤ ਕਿਸ ਤਰ੍ਹਾਂ ਦੀ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ, ਇਸ ਬਾਰੇ ਕਵਿ ਨੇ ਇਹ ਕਿਹਾ ਹੈ, ਕਿ ਜਿਸ ਤਰ੍ਹਾਂ ਕਾਮ ਦਾ ਸੰਬੰਧ ਰੂਪ ਨਾਲ ਹੈ, ਲੋਭ ਦਾ ਸੰਬੰਧ ਪਾਪ ਨਾਲ, ਜਿਵੇਂ ਰਾਤ ਨੂੰ ਨੀਂਦ ਦਾ ਸੰਬੰਧ ਪਲੰਘ ਨਾਲ ਹੁੰਦਾ ਹੈ, ਉਸੇ ਭਾਂਤਿ ਭਗਤਾਂ ਦਾ ਪਿਆਰ ਪਰਮਾਤਮਾ ਦੇ ਨਾਮ ਨਾਲ ਹੁੰਦਾ ਹੈ, ਜਿਸ ਤਰ੍ਹਾਂ ਰੂਪ, ਪਾਪ, ਪਲੰਘ ਨਹੀਂ ਛਡ ਹੁੰਦਾ, ਉਸ ਤਰ੍ਹਾਂ ਭਗਤ ਭਗਤੀ ਨੂੰ ਨਹੀਂ ਛਡਦਾ, ਬਲਕਿ ਹੋਰ ਪ੍ਰੇਮ ਸਹਿਤ ਭਗਤੀ ਕਰਦਾ ਹੈ। ਯਥਾ-

ਰੂਪ ਕਾਮ ਲਬ ਪਾਪਹ ਕੇਰੀ ਜਿਉ ਰਤਿ ਨੀਦ ਪਲੰਗਾ॥
ਤੈਸੇ ਹਰਿ ਜਨ ਕੀ ਹ੍ਵੈ ਪ੍ਰੀਤੀ ਹਰਿ ਚਰਚਾ ਕੇ ਸੰਗਾ॥[108]

ਚਰਚਿਤ ਕ੍ਰਿਤੀ ਵਿਚ ਜੁਗਾਂ ਦੇ ਮਾਧਿਅਮ ਦੁਆਰਾ ਵੀ ਨਾਮ ਸਿਮਰਨ ਦੀ ਮਹਿਮਾ ਦਸੀ ਹੈ। ਕਵਿ ਕਹਿੰਦਾ ਹੈ, ਕਿ ਸਤਿਜੁਗ ਵਿਚ ਬੇਦ ਰਚੇ ਗਏ ਅਤੇ ਉਸ ਸਮੇਂ ਯੋਗ ਵਿਚ ਲਗਾ ਕੇ ਉਨ੍ਹਾਂ ਦਾ ਉਧਾਰ ਕੀਤਾ। ਤ੍ਰੇਤੇ ਜੁਗ ਵਿਚ ਯਗਾਂ ਦੀ ਧਾਰਨਾ ਨਾਲ ਜੀਵਾਂ ਦਾ ਉਧਾਰ ਕੀਤਾ। [109] ਦੁਆਪਰ ਦੇ ਲੋਕਾਂ ਲਈ ਪੁਰਾਨਾ ਦੀ ਸਿਰਜਣਾ ਕੀਤੀ ਗਈ ਅਤੇ ਪਾਠ ਪੂਜਾ ਕਰਕੇ ਜੀਵਾਂ ਦਾ ਉਧਾਰ ਕੀਤਾ। ਹੁਣ ਕਲਜੁਗ ਵਿਚ ਮਾਤ੍ਰ ਪਰਮਾਤਮਾ ਦਾ ਸਿਮਰਨ ਹੀ ਭਵ-ਸਾਗਰ ਤੋਂ ਤਰਨ ਦਾ ਇਕ ਮਾਤ੍ਰ ਸਾਧਨ ਹੈ। ਇਸ ਲਈ ਮਨੁਖ ਨੂੰ

---

[107] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 298.

[108] ਉਹੀ, ਪੰਨਾ 544.

[109] ਬੇਦ ਰਚੇ ਤਿਨ ਤੇ ਬਿਧ ਚਾਰਾ॥ ਸਤਜੁਗ ਕੋ ਇਮ ਧਰਮ ਉਚਾਰਾ॥ ਜੋਗ ਨਾਮ ਕੇ ਸੰਗ ਬਖਾਨਾ॥ ਜੇ ਨਰ ਸਿਮਰਹ ਹ੍ਵੈ ਕਲਜਾਨਾ॥31॥ ਬਹੁਰਿ ਅਲਪ ਮਤਿ ਨਰਨ ਨਿਹਾਰੀ॥ ਤਿਨ ਕੇ ਹਿਤ ਯਹ ਸੀਖ ਉਚਾਰੀ॥ ਸੰਭੂ ਮਨਮੁਖ ਦ੍ਵਾਰ ਬਖਾਨੀ॥ ਸੁਰਤਿ ਸਿਮ੍ਰਿਤਿ ਕੀਨੀ ਬਿਧ ਠਾਨੀ॥ 32॥ ਨਾਮ ਸੰਗ ਮਖ ਬਰਨਨ ਕੀਨਾ॥ ਤ੍ਰੇਤੇ ਜੁਗ ਜਗ ਮੈ ਇਮ ਚੀਨਾ॥ ਅਰੁ ਕੀਰਤ ਨ ਕਰਨੋ ਕਰਤਾਰਾ॥ ਇਹ ਬਿਧ ਧਰਮ ਕੀਨ ਪ੍ਰਤਿਪਾਰਾ॥ 33॥ ਤਿਨ ਤੇ ਅਲਪ ਮਤੀ ਨਰ ਜਾਨਾ॥ ਤਿਨ ਹਿਤ ਕੀਨੇ ਤਬੈ ਪੁਰਾ ਨਾ॥ ਬਜਾਸ ਰੂਪ ਹ੍ਵੈ ਸੁਗਮ ਉਚਾਰੇ॥ ਨਾਮ ਸੰਗ ਪੂਜਾ ਦ੍ਰਿਢ ਧਾਰੇ॥34॥ ਇਹ ਬਿਧ ਦ੍ਵਾਪੁਰ ਧਰਮ ਬਖਾਨਾ॥ ਕੀਨ ਉਧਾਰ ਜਗਤ ਸੁਖ ਦਾਨਾ॥
(ਉਹੀ, ਪੰਨਾ 234 ਅਤੇ 235).

ਸਤਿਸੰਗਤ ਵਿਚ ਜਾ ਕੇ ਪਰਮਾਤਮਾ ਦਾ ਸਿਮਰਨ ਕਰਕੇ ਪਰਮਪਦ ਨੂੰ ਪ੍ਰਾਪਤ ਕਰਣਾ ਅਤਿ ਆਵਸ਼ਕ ਹੈ। ਯਥਾ-

ਅਬਿ ਕਲ ਕਾਲ ਹੀਨ ਮਤਿ ਮਾਨੀ॥ ਦੁਖੀ ਬਿਖੈ ਲੰਪਟ ਨਰ ਜਾਨੀ॥35॥

ਤਿਨ ਹਿਤ ਬਾਨੀ ਸੁਗਮ ਬਨਾਵਹੁ॥ ਏਕ ਨਾਮ ਉਪਦੇਸ ਬਤਾਵਹੁ॥

ਮਿਲ ਸਤਿ ਸੰਗਤ ਸਿਮਰਹਿ ਜੋਈ॥ ਹੇ ਪ੍ਰਭ ਲਹੈ ਪਰਮ ਪਦ ਤੇਈ॥36॥[110]

ਮਕੇ ਦੇ ਰਸਤੇ ਵਿਚ ਗੁਰੂ ਜੀ ਦੀ ਮੁਲਾਕਾਤ ਪੀਰ ਬਹਾਵਦੀਨ ਨਾਲ ਹੁੰਦੀ ਹੈ, ਉਹ ਗੁਰੂ ਜੀ ਤੋਂ ਗ੍ਰੰਥਾਂ ਨੂੰ ਪੜ੍ਹਨ ਬਾਰੇ ਪੁਛਦਾ ਹੈ, ਕਿ ਗ੍ਰੰਥ ਪੜ੍ਹ ਕੇ ਮਨੁਖ ਨੂੰ ਕੀ ਕਰਣਾ ਚਾਹੀਦਾ ਹੈ। ਗੁਰੂ ਜੀ ਜਵਾਬ ਦਿੰਦੇ ਹਨ, ਕਿ ਗ੍ਰੰਥ ਨੂੰ ਪੜ੍ਹ ਕੇ ਮਨੁਖ ਤਿੰਨ ਪ੍ਰਕਾਰ ਦੇ ਕਰਮ ਕਰਦਾ ਹੈ- ਉਸਤਖਾਨ, ਗੋਸਤ ਅਤੇ ਮਗਜ। ਯਥਾ-

ਉਸਤ ਖਾਨ ਗੋਸਤ ਮਗਜ ਨਾਮ ਤਿਨੋ ਕੇ ਜਾਨ॥

ਅਬ ਇਨ ਕੇ ਲਛਨ ਕਹੌ ਸੁਨਹੁ ਸਕਲ ਦੈ ਕਾਨ॥30॥[111]

ਉਸਤ ਖਾਨ ਤੋਂ ਭਾਵ ਹੈ, ਕਿ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਕੇ ਮਨੁਖ ਸਾਰਿਆਂ ਨੂੰ ਟਿਚਰਾਂ ਕਰੇ ਭਾਵ ਬਾਕੀਆਂ ਦਾ ਮਜ਼ਾਕ ਉਡਾਵੇ। ਗੋਸਤ ਤੋਂ ਭਾਵ ਕਿ ਮਨੁਖ ਨੇ ਧਰਮ ਗ੍ਰੰਥਾਂ ਦਾ ਅਧਿਐਨ ਮਾਤ੍ਰ ਅਹੰਕਾਰ ਵਧਾਉਣ ਲਈ ਕੀਤਾ ਹੈ। ਉਹ ਆਪਣੇ ਗਿਆਨ ਦੇ ਅਗੇ ਬਾਕੀਆਂ ਨੂੰ ਤੁਛ ਸਮਝਦਾ ਹੈ। ਮਗਜ ਤੋਂ ਭਾਵ ਜਿਸ ਮਨੁਖ ਨੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਕੇ ਅਲਹ ਦੀ ਰਜ਼ਾ ਅਗੇ ਆਪਣਾ ਸੀਸ ਨਿਵਾ ਲਿਆ ਭਾਵ ਉਸ ਦੇ ਹੁਕਮ ਅਧੀਨ ਚਲਣ ਲਗ ਜਾਵੇ। ਉਸ ਦਾ ਦ੍ਵੈਤ ਭਾਵ ਉਸ ਦੇ ਹਿਰਦੈ ਵਿਚੋਂ ਖ਼ਤਮ ਹੋ ਜਾਵੇ, ਸਾਰਾ ਅਭਿਮਾਨ ਤਿਆਗ ਕੇ ਅਲਹ ਨਾਲ ਲਿਵ ਜੋੜ ਲਵੇ ਅਤੇ ਉਸ ਦੇ ਭਾਣੇ ਵਿਚ ਜੀਵੇ। ਯਥਾ-

ਪੁਨ ਕਰ ਸਬ ਸੌ ਹੁਜਤ ਕਰੈ॥ ਉਸਤ ਖਾਨ ਯਾ ਕੋ ਜਗ ਰਰੈ॥

ਕਰ ਉਰ ਗਰਬ ਗਨੈ ਨਹਿ ਕਿਸ ਕੋ॥ ਗੋਸਤ ਨਾਮ ਕਹਤ ਹੈ ਇਸ ਕੋ॥31॥

---

[110] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 234 ਅਤੇ 235 .

[111] ਉਹੀ, ਪੰਨਾ 267.

ਪਠ ਕਰ ਜਪੈ ਨਾਮ ਸੁਖਰਾਸਾ॥ ਸਬ ਮੈ ਲਖੈ ਖੁਦਾਇ ਪ੍ਰਕਾਸਾ॥

ਦ੍ਵੈਤ ਬਾਂਦ ਕੋ ਉਰ ਤੇ ਖੋਵੈ॥ ਤਜ ਅਭਿਮਾਨ ਸਰਬ ਸੁਖ ਜੋਵੈ॥32॥

ਅਲਹ ਰਜਾਇ ਸੀਸ ਪਰ ਮਾਨੈ॥ ਮਗਜ ਨਾਮ ਜਗ ਤਾਹਿ ਬਖਾਨੈ॥

ਪੁਨ ਹਾਜੀ ਕਹ ਕੁਲਹ ਜੁ ਰਾਖੀ॥ ਯਾ ਕੋ ਹੇਤ ਕਰੋ ਮੁਖ ਭਾਖੀ॥32॥[112]

ਇਸ ਤਰ੍ਹਾਂ ਕਵਿ ਨੇ ਜਿਗਿਆਸੀ ਨੂੰ ਧਾਰਮਿਕ ਗ੍ਰੰਥ ਪੜ੍ਹ ਕੇ ਵੀ ਪਰਮਾਤਮਾ ਨਾਲ ਲਿਵ ਲਾਉਣ ਲਈ ਹੀ ਪ੍ਰੇਰਿਤ ਕੀਤਾ ਹੈ। ਪਰਮਾਤਮਾ ਦਾ ਸਿਮਰਨ ਸ਼ੁਧ ਹਿਰਦੈ ਨਾਲ ਸਾਰੇ ਪਾਖੰਡ ਤਿਆਗ ਕੇ ਕਰਣ ਦਾ ਵੀਚਾਰ ਵੀ ਅੰਕਿਤ ਕੀਤਾ ਹੈ।[113] ਕਵਿ ਨੇ ਪਰਮਾਤਮਾ ਦੇ ਸਿਮਰਨ ਦੇ ਅਗੇ ਰਿਧੀਆਂ ਸਿਧੀਆਂ ਨੂੰ ਉਸ ਦੀਆਂ ਦਾਸੀਆਂ ਕਿਹਾ ਹੈ। ਸਿਮਰਨ ਇਕ ਤਰ੍ਹਾਂ ਨਾਲ ਕਲਪ ਬ੍ਰਿਛ ਵਰਗਾ ਹੈ, ਜੋ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਣ ਵਾਲਾ ਹੈ।[114] ਇਹ ਹਉਮੈ ਨੂੰ ਨਾਸ਼ ਕਰਣ ਵਾਲਾ ਹੈ। [115] ਪਰਮਾਤਮਾ ਦਾ ਨਾਮ ਹੀ ਅੰਤ ਸਮੇਂ ਮਨੁਖ ਨਾਲ ਸਹਾਈ ਹੁੰਦਾ ਹੈ।[116] ਪਰਮਾਤਮਾ ਦੇ ਨਾਮ ਨਾਲ ਹੀ ਮੁਕਤੀ ਮਿਲਦੀ ਹੈ। [117] ਪਰਮਾਤਮਾ ਦੇ ਸਿਮਰਨ

---

[112] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 267.

[113] ਸੁਨ ਕਰ ਬੋਲੇ ਤਬੈ ਕ੍ਰਿਪਾਲਾ ਤਜੋ ਕੂਰ ਕੀ ਬਾਨਾ॥ ਨਿਰਮਲ ਮਨ ਸਿਮਰੋ ਪਰਮੇਸਰ ਤਜਾਗ ਪਖੰਡ ਜੁ ਠਾਨਾ॥

(ਉਹੀ, ਪੰਨਾ 490).

[114] ਰਿਧਿ ਸਿਧਿ ਦਾਸੀ ਜਿਜ ਜਾਨੋ॥ ਨਾਮ ਕਲਪ ਤਰ ਉਰ ਮੈ ਮਾਨੋ॥ ਨਰ ਗਨ ਮਾਹਿ ਪੁਜਾਵਨ ਆਸਾ॥ ਬਿਸੈ ਬਾਸਨਾ ਸਕਲ ਬਿਨਾਸਾ॥31॥

(ਉਹੀ, ਪੰਨਾ 286).

[115] ਸਤਿਨਾਮ ਸਿਮਰਹੁ ਧਰ ਧਜਾਨਾ॥ ਹੋਇ ਸਕਲ ਹਉਮੈ ਮਲ ਹਾਨਾ॥ ਜਗਤ ਅਸਤ ਰਿਦੈ ਦ੍ਰਿੜ ਜਾਨੋ॥ ਆਤਮ ਏਕ ਸਤ ਪਹਚਾਨੋ॥32॥

(ਉਹੀ, ਪੰਨਾ 362).

[116] ਕਹ ਗੁਰ ਭਜੋ ਨਾਮ ਹਰਿ ਕੇਰਾ॥ ਹੋਇ ਸਹਾਇ ਅੰਤ ਕੀ ਬੇਰਾ॥ ਤਜੋ ਬਿਖੈ ਸੁਖ ਜਾਨ ਅਨਿਤਾ॥ ਭਗਤਿ ਭਾਉ ਮੈ ਲਾਵਹੁ ਚਿਤਾ॥54॥

(ਉਹੀ, ਪੰਨਾ 421 ਅਤੇ 22).

ਦੇ ਨਿਸ਼ਚੈ ਨਾਲ ਹੀ ਮਨੁਖ ਭਵ-ਸਾਗਰ ਨੂੰ ਤਰ ਸਕਦਾ ਹੈ, ਇਸ ਤੋਂ ਬਿਨਾਂ ਹੋਰ ਕੋਈ ਅਨਿਯ ਉਪਾਅ ਨਹੀਂ ਹੈ-

ਜੋ ਕਰੈ ਸਿਮਰਨ ਨਾਮ ਕੋ ਜਗ ਤਰੈ ਨਿਸਚੈ ਸੋਇ॥

ਇਹ ਸਮਨ ਸੁਗਮ ਉਪਾਵ ਭਵਨਿਧ ਤਰਨ ਕੋ ਜਗ ਜਾਨ॥

ਸੁਨ ਸਿੱਖ ਜੋ ਬਡਭਾਗ ਲਾਗੇ ਕਰਣ ਹਰਿ ਗੁਨ ਗਾਨ॥7॥[118]

## ਵਿਸ਼ੈ-ਵਿਕਾਰ

ਮਨੁਖ ਦੇ ਸੰਸਾਰ ਵਿਚ ਆਉਣ 'ਤੇ ਉਹ ਸਰਵ ਪ੍ਰਥਮ ਵਿਕਾਰਾਂ ਦੇ ਵਿਚ ਗ੍ਰਸਤ ਹੁੰਦਾ ਹੈ। ਗੁਰਮਤਿ ਵਿਚ ਪੰਜ ਵਿਕਾਰਾਂ ਨੂੰ ਜੀਵ ਦੇ ਦੁਸ਼ਮਣ ਕਹਿ ਕੇ ਇਹਨਾਂ ਤੋਂ ਬਚਣ ਲਈ ਸਾਵਧਾਨ ਕੀਤਾ ਹੈ। ਕਾਮ ਅਤੇ ਕ੍ਰੋਧ ਨੂੰ ਸਰੀਰ ਨੂੰ ਨਸ਼ਟ ਕਰਣ ਵਾਲੇ ਕਿਹਾ ਹੈ, ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ, ਉਸੇ ਭਾਂਤਿ ਸਰੀਰ ਨੂੰ ਇਹ ਦੋਵੇਂ ਨਿਢਾਲ ਕਰਦੇ ਹਨ-

ਕਾਮ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥[119]

ਗੁਰੁਬਾਣੀ ਵਿਚ ਲੋਭ ਨੂੰ ਕੁਤੇ ਦੇ ਸਮਾਨ ਦਸਿਆ ਹੈ, ਇਹ ਬਹੁਤ ਹੀ ਮਿਠਾ ਵਿਕਾਰ ਹੈ, ਇਸ ਦੀ ਮਿਠਾਸ ਜ਼ਹਿਰ ਵਾਂਗ ਕੰਮ ਕਰਦੀ ਹੈ। ਇਸ ਲਈ ਗੁਰੂ ਸਾਹਿਬ ਨੇ ਇਸ ਨੂੰ ਕੁਤਾ ਕਿਹਾ ਹੈ-

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰ॥[120]

---

[117] ਮਹਮਾ ਨਹਿ ਜਾਨਤ ਹੈ ਅਭਿਮਾਨੀ॥ ਬਹੁਤੋ ਸਕੁਚਾਇ ਬਹੈ ਚੁਪ ਠਾਨੀ॥ ਸੁਨਿਯੈ ਤੁਮ ਮੰਗਲ ਨਾਥ ਪ੍ਰਵੀਨਾ ॥ ਹਰਿ ਨਾਮ ਬਿਨਾ ਮੁਕਤੀ ਨਹਿ ਚੀਨਾ॥8॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 473).

[118] ਉਹੀ, ਪੰਨਾ 572.

[119] ਰਾਮਕਲੀ, ਦਖਣੀ ਓਅੰਕਾਰ, ਮਹਲਾ 1, 18, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 932.

[120] ਸਿਰੀ ਰਾਗ, ਮਹਲਾ 1, 4, ਉਹੀ, ਪੰਨਾ 15.

ਵਿਕਾਰ ਗ੍ਰਸਤ ਮਨੁਖ ਦੂਜੇ ਲੋਕਾਂ ਦਾ ਹਕ ਮਾਰਦਾ ਹੈ। ਉਸ ਦੀ ਪਦਾਰਥਕ ਲਾਲਸਾ ਇਤਨੀ ਪ੍ਰਬਲ ਹੋ ਜਾਂਦੀ ਹੈ, ਕਿ ਉਹ ਕਿਸੇ ਦਾ ਵੀ ਹਕ ਮਾਰ ਕੇ ਆਪਣੀਆਂ ਇਛਾਵਾਂ ਪੂਰੀਆਂ ਕਰਣਾ ਲੋਚਦਾ ਹੈ, ਇਸੇ ਕਰਕੇ ਗੁਰੂ ਸਾਹਿਬ ਨੇ ਲੋਭੀ ਨੂੰ ਚੇਤਾਵਨੀ ਦਿਤੀ ਹੈ, ਕਿ ਕਿਸੇ ਦਾ ਹਕ ਖਾਣਾ ਹਿੰਦੂ ਲਈ ਗਾਂ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਸਮਾਨ ਹੈ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥[121]

ਭਗਤ ਫ਼ਰੀਦ ਜੀ ਨੇ ਵੀ ਨਿਰਣਯ ਕੀਤਾ ਹੈ, ਕਿ ਜਿਸ ਵੀ ਵਿਅਕਤੀ ਅੰਦਰ ਲੋਭ ਰੂਪੀ ਵਿਕਾਰ ਹੋਵੇਗਾ ਉਹ ਕਿਸੇ ਨੂੰ ਵੀ ਪ੍ਰੇਮ ਨਹੀਂ ਕਰ ਸਕਦਾ, ਕਿਉਂਕਿ ਜਿਥੇ ਪ੍ਰੇਮ ਹੈ, ਉਥੇ ਕਦਾਚਿਤ ਲੋਭ ਨਹੀਂ ਹੁੰਦਾ। ਫ਼ਰੀਦ ਜੀ ਨੇ ਲੋਭ ਨੂੰ ਕੂੜ ਦਸਿਆ ਹੈ-

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥[122]

ਮੋਹ ਗ੍ਰਸਤ ਵਿਅਕਤੀ ਦਾ ਦਾਇਰਾ ਬਹੁਤ ਹੀ ਸੰਕੀਰਣ ਹੁੰਦਾ ਹੈ, ਉਸ ਦੀ ਸੰਕੀਰਣਤਾ ਵਿਚ ਉਸ ਦਾ ਆਪਾ, ਪਰਿਵਾਰ, ਜਾਤ, ਕੌਮ ਅਤੇ ਦੇਸ਼ ਹੁੰਦੇ ਹਨ। ਇਹ ਜੀਵ ਨੂੰ ਪਰਮਾਤਮਾ ਨਾਲੋਂ ਤੋੜਦਾ ਹੈ, ਕਿਉਂਕਿ ਉਸ ਦਾ ਮੋਹ ਨਸ਼ਵੰਤ ਵਸਤਾਂ ਅਤੇ ਜੀਵਾਂ ਨਾਲ ਪਿਆ ਹੁੰਦਾ ਹੈ। ਗੁਰੂ ਸਾਹਿਬ ਨੇ ਮੋਹ ਗ੍ਰਸਤ ਵਿਅਕਤੀ ਦੀ ਦਸ਼ਾ ਇਸ ਤਰ੍ਹਾਂ ਦੀ ਦਸੀ ਹੈ-

ਸੁਤ ਕੰਚਨ ਸਿਉ ਹਿਤੁ ਵਧਾਇਆ॥

ਸਭੁ ਕਿਛੁ ਅਪਨਾ ਇਕੁ ਰਾਮ ਪਰਾਇਆ॥[123]

ਅਭਿਮਾਨ, ਅਹੰਕਾਰ ਅਤਿ ਜਟਿਲ ਅਤੇ ਗੁੰਝਲਦਾਰ ਵਿਕਾਰ ਹੈ, ਇਸ ਦਾ ਪ੍ਰਭਾਵ ਇਤਨਾ ਜ਼ਿਆਦਾ ਖ਼ਤਰਨਾਕ ਹੈ, ਕਿ ਗੁਰੂ ਸਾਹਿਬ ਨੇ ਕਿਹਾ ਹੈ ਨਾਮ ਅਤੇ ਹਉਮੈਂ ਇਕ ਸਥਾਨ ਪੁਰ ਵਾਸ ਹੀ ਨਹੀਂ ਕਰ ਸਕਦੇ-

---

[121] ਮਾਝ, ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 141.

[122] ਸਲੋਕ ਸੇਖ ਫ਼ਰੀਦ ਕੇ, 18, ਉਹੀ, ਪੰਨਾ 1378.

[123] ਪ੍ਰਭਾਤੀ, ਮਹਲਾ 1, 2, ਉਹੀ, ਪੰਨਾ 1342.

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥[124]

ਭਗਤ ਕਬੀਰ ਜੀ ਨੇ ਕਿਹਾ ਹੈ, ਕਿ ਮਾਇਆ ਦੇ ਪ੍ਰਭਾਵ ਤੋਂ ਤਾਂ ਮਨੁਖ ਮੁਕਤੀ ਪਾ ਸਕਦਾ ਹੈ, ਪਰ ਜੇਕਰ ਅਹੰਕਾਰ ਦਾ ਤਿਆਗ ਨਹੀਂ ਕੀਤਾ, ਤਾਂ ਉਸ ਦੁਆਰਾ ਛਡੇ ਸਾਰੇ ਹੀ ਵਿਕਾਰ ਨਿਸਫਲ ਹਨ। ਇਸ ਲਈ ਅਹੰਕਾਰ ਨੂੰ ਤਿਆਗਣ ਦੀ ਤਾਕੀਦ ਭਗਤ ਜੀ ਨੇ ਵੀ ਕੀਤੀ ਹੈ-

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨ ਤਜਿਆ ਨਹੀ ਜਾਇ॥

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥[125]

ਪੰਜ ਵਿਕਾਰਾਂ ਪ੍ਰਤੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ-

*ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਵਿਕਾਰ ਸਦੀਦੇ ਹਨ, ਕਜੋਂਕਿ ਅੰਤਹਕਰਣ ਹੀ ਵਿਕ੍ਰਿਤ ਹੋਇਆ ਇਨ੍ਹਾਂ ਦਾ ਰੂਪ ਧਾਰਦਾ ਹੈ। ਗੁਰਮੁਖ ਲੋਕ ਵਿਸ਼ਯ ਅਤੇ ਵਿਕਾਰਾਂ ਨੂੰ ਆਪਣੇ ਢੰਗ ਅਨੁਸਾਰ ਵਰਤ ਕੇ ਲੋਕ ਪਰਲੋਕ ਦਾ ਆਨੰਦ ਲੈਂਦੇ ਅਤੇ ਮਨਮੁਖ ਇਨ੍ਹਾਂ ਦੇ ਅਧੀਨ ਹੋਏ ਕਲੇਸ਼ ਭੋਗਦੇ ਹਨ।* [126]

ਚਰਚਿਤ ਜਨਮਸਾਖੀ ਵਿਚ ਹਿੰਦੂ ਅਤੇ ਮੁਸਲਮਾਨ ਸਾਰੇ ਵਿਸ਼ੈ-ਵਿਕਾਰਾਂ ਵਿਚ ਗ੍ਰਸਤ ਦਸੇ ਹਨ। ਐਵੇਂ ਅਹੰਕਾਰ ਦੀ ਸੰਤੁਸ਼ਟੀ ਲਈ ਝੂਠੇ-ਝੂਠ ਹਿੰਦੂ, ਮੁਸਲਮਾਨ ਨਾਮ ਰਖਵਾ ਲਿਆ ਹੈ, ਉਂਵ ਵਿਸ਼ਿਆਂ ਵਿਚ ਫ਼ਸਿਆ ਮਨ ਸੁਖ-ਦੁਖ ਦਾ ਅੰਤਰ ਹੀ ਕਿਥੇ ਜਾਣਦਾ ਹੈ-

ਇਹ ਬਿਧ ਹਿੰਦੂ ਤੁਰਕ ਦ੍ਵੈ ਮਗ ਭੂਲੇ ਜਾਨੋ॥

ਝੂਠੇ ਨਾਮ ਧਰਾਇਕੈ ਉਰ ਗਰਬ ਮਹਾਨੋ॥

ਸੁਖ ਖਦ ਕੋ ਕੈਸੇ ਲਹੈ ਮਨ ਬਿਸੈ ਲੁਭਾਵਾ॥

ਸੁਨ ਕਾਜੀ ਤੂਸਨ ਭਜੋ ਨਹਿ ਉਤਰ ਆਵਾ॥23॥[127]

---

[124] ਵਡਹੰਸ, ਮਹਲਾ 3, 9, ਉਹੀ, ਪੰਨਾ 560.

[125] ਸਲੋਕ ਭਗਤ ਕਬੀਰ ਜੀਉ ਕੇ, 146, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1372.

[126] ਨਾਭਾ, ਕਾਨ੍ਹ ਸਿੰਘ, *ਗੁਰੁਮਤ ਮਰਤੰਡ ਭਾਗ ਦੂਜਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014, ਪੰਨਾ 822.

ਕਵਿ ਨੇ ਮਨੁਖ ਨੂੰ ਈਰਖ਼ਾ ਦਾ ਤਿਆਗ ਕਰਕੇ ਹਰ ਸਮੇਂ ਪ੍ਰਭੂ ਭਗਤੀ ਕਰਣ ਦਾ ਉਪਦੇਸ਼ ਦਿਤਾ ਹੈ, ਕਿ ਇਸ ਨਾਲ ਉਸ ਦਾ ਅੰਤਹ ਕਰਣ ਸ਼ੁਧ ਹੁੰਦਾ ਹੈ।[128] ਸੰਸਾਰ ਦੇ ਇਹ ਵਿਸ਼ੈ-ਵਿਕਾਰ ਮਾਨੋ ਖੰਡ ਦੇ ਲੇਪ ਨਾਲ ਰਸਦਾਇਕ ਬਣਾਏ ਹੋਣ, ਪਰ ਇਹ ਅੰਦਰ ਤੋਂ ਮਾਰੂ ਜ਼ਹਿਰ ਨਾਲ ਭਰੇ ਹੋਏ ਹੁੰਦੇ ਹਨ, ਇਸ ਲਈ ਇਹ ਵਿਕਾਰ ਮਨੁਖ ਦਾ ਜੀਵਨ ਵਿਅਰਥ ਕਰ ਦਿੰਦੇ ਹਨ। ਯਥਾ-

ਇਹ ਬਿਖ ਭਰੀਆ ਗੰਦਲਾ ਧਰੀਆ ਖੰਡ ਲਿਵਾੜ॥

ਸੁੰਦਰ ਰੂਪ ਅਪਾਰ ਹੈ ਦੇਤੀ ਜਨਮ ਵਿਗਾੜ॥1॥[129]

ਕਵਿ ਨੇ ਵਿਸ਼ੈ-ਵਿਕਾਰਾਂ ਨੂੰ ਕਲਿਜੁਗ ਦੀ ਸੈਨਾ ਵੀ ਕਿਹਾ ਹੈ। ਗੁਰੂ ਜੀ ਨੂੰ ਜਦੋਂ ਕਲਿਜੁਗ ਮਿਲਦਾ ਹੈ, ਤਾਂ ਉਹ ਗੁਰੂ ਜੀ ਨੂੰ ਦਸਦਾ ਹੈ, ਕਿ ਜੋ ਝੂਠ ਹੈ, ਉਹ ਉਸਦਾ ਸਭ ਤੋਂ ਵਡਾ ਸੂਰਮਾ ਹੈ, ਉਹ ਸਭ ਤੋਂ ਅਗੇ ਚਲਦਾ ਹੈ। ਇਹਨਾਂ ਵਿਕਾਰਾਂ ਦਾ ਜੋ ਰਾਜਾ ਮੋਹ ਹੈ, ਜੋ ਸਾਰਿਆਂ ਦਾ ਸੈਨਾਪਤਿ ਹੈ। ਕਾਮ, ਕ੍ਰੋਧ, ਲੋਭ ਇਤਿਆਦਿਕ ਇਸ ਸੈਨਾ ਦੇ ਬੀਰ ਹਨ। ਨਿੰਦਾ ਅਤੇ ਤ੍ਰਿਸ਼ਨਾ ਇਨ੍ਹਾਂ ਨਾਲ ਹੀ ਰਥ ਉਤੇ ਸਵਾਰ ਹਨ। ਯਥਾ-

ਗੁਰ ਬੂਝਯੋ ਲਛਨ ਤਿਹ ਭਾਖਹੁ॥ ਕੈਸੀ ਸੈਨ ਸੰਗ ਤੁਮ ਰਾਖਹੁ॥

ਕਿਸ ਬਿਧ ਕੀ ਸਿਕਦਾਰੀ ਤੋਰੀ॥ ਸੁਨ ਕਲਿਜੁਗ ਬੋਲਯੋ ਕਰ ਜੋਰੀ॥67॥

ਕੂਰ ਸੂਰ ਕਰ ਧੁਜਾ ਬਿਸਾਲਾ॥ ਸਬ ਕੈ ਆਗੈ ਚਲੈ ਉਤਾਲਾ॥

ਨ੍ਰਿਪ ਕੋ ਨਾਮ ਮੋਹ ਜਿਜ ਜਾਨੋ॥ ਸਰਬ ਸੈਨ ਪਤਿ ਹੰਸ ਪਛਾਨੋ॥68॥

ਕਾਮ ਕ੍ਰੋਧ ਮਦ ਲੋਭ ਸੁ ਬੀਰਾ॥ ਚਲਹ ਮਤੰਗ ਨ ਚਢ ਧਰ ਧੀਰਾ॥

---

[127] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 140.

[128] ਤਿਆਗ ਈਰਖਾ ਹੋਇ ਨਿਰਾਲਾ॥ ਹਰ ਦਮ ਰਿਦੈ ਖੁਦਾਇ ਸਮਾਲਾ॥ ਹੋਤ ਕੁਲਹ ਮੁਖ ਅੰਤਰ ਓਰਾ॥ ਅੰਤਰ ਕੋ ਸੋਧੈ ਗੁਨ ਗੋਰਾ॥34॥

(ਉਹੀ, ਪੰਨਾ 267).

[129] ਉਹੀ, ਪੰਨਾ 204.

ਅਨੁਸੂਆ ਨਿੰਦਾ ਬਟਪਾਰਾ॥ ਤ੍ਰਿਸਨਾ ਸਹਤ ਰਥਨ ਅਸਵਾਰਾ॥69॥[130]

ਮੰਦ ਵਿਵਹਾਰ ਅਤੇ ਆਲਸ ਮਾਨੋ ਘੋੜਿਆਂ ਉਪਰ ਚੜ੍ਹੇ ਹੋਏ ਹਨ। ਇਹ ਅਨਿਕ ਭਾਂਤਿ ਦੀ ਮੇਰੀ ਸੈਨਾ ਹੈ, ਜਿਸ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਹ ਸੈਨਾ ਸਮੁਚਿਤ ਦਿਸ਼ਾਵਾਂ ਵਿਚ ਚੜ੍ਹਾਈ ਕਰਕੇ ਸਾਰਿਆਂ ਨੂੰ ਹੀ ਆਪਣੇ ਅਧੀਨ ਕਰ ਲੈਂਦੀ ਹੈ। ਇਨ੍ਹਾਂ ਅਗੇ ਧੀਰਜ ਧਰਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ, ਉਹ ਮਾਨੋ ਕਰੋੜਾਂ ਵਿਚੋਂ ਇਕ ਹੋਵੇਗਾ। ਇਸ ਨਾਲ ਮਨੁਖ ਦੇ ਅੰਦਰ ਘਮਸਾਨ ਦਾ ਯੁਧ ਹੁੰਦਾ ਹੈ, ਇਸ ਕੋਲੋਂ ਬਚ ਕੇ ਨਿਕਲ ਜਾਣ ਵਾਲਾ ਬਚ ਜਾਂਦਾ ਹੈ, ਜੋ ਫਸ ਗਿਆ ਉਸ ਦੀ ਹਾਨੀ ਹੁੰਦੀ ਹੈ। ਇਹ ਸੈਨਾ ਇਤਨੀ ਪ੍ਰਬਲ ਹੁੰਦੀ ਹੈ, ਕਿ ਇਸ ਦੇ ਅਗੇ ਟਿਕਣਾ ਅਤਿ ਕਠਿਨ ਹੈ ਅਤੇ ਕੇਵਲ ਕੋਈ ਸਾਹਸੀ ਹੀ ਮੁਕਾਬਲਾ ਕਰ ਸਕਦਾ ਹੈ। ਯਥਾ-

ਦੁਰਾਚਾਰ ਆਲਸ ਮਦਜੂਪਾ॥ ਚਢੇ ਤੁਰੰਗ ਨ ਲਖੋ ਅਨੂਪਾ॥

ਚਤਰੰਗਨਿ ਮਮ ਸੈਨ ਬਿਸਾਲਾ॥ ਗਨੀ ਨ ਜਾਤ ਸੁਨੋ ਗੁਨ ਆਲਾ॥70॥

ਜਿਹ ਦਿਸ ਕੋ ਰਿਸ ਕਰਹਿ ਚਢਾਈ॥ ਨਿਰਖ ਸਤ੍ਰ ਸਬ ਜਾਹਿ ਪਲਾਈ॥

ਇਨਹ ਅਗਾਰੀ ਧਰੈ ਜੁ ਧੀਰਾ॥ ਕੋਟਨ ਮੈ ਕੋ ਬਿਰਲਾ ਬੀਰਾ॥71॥

ਰਨ ਮੈ ਕਰਹ ਮਹਾ ਘਮਸਾਨਾ॥ ਭਜੈ ਸੁ ਬਚੈ ਕਰਹ ਨਤ ਹਾਨਾ॥

ਜੀਤੇ ਦੁਰਗਮ ਵਾਸ ਜੁ ਭਾਰੀ॥ ਟਿਕੈ ਨ ਕੋਊ ਇਨਹ ਅਗਾਰੀ॥72॥[131]

ਕਵਿ ਨੇ ਇਨ੍ਹਾਂ ਵਿਕਾਰਾਂ ਦੀ ਸੈਨਾ ਨੂੰ ਅਲੌਕਿਕ ਢੰਗ ਨਾਲ ਪ੍ਰਸਤੁਤ ਕਰਕੇ ਉਨ੍ਹਾਂ ਦੇ ਬਲ ਦੀ ਅਸੀਮ ਪ੍ਰਚੰਡਤਾ ਦਸਦਿਆਂ ਇਨ੍ਹਾਂ ਤੋਂ ਬਚਣ ਦਾ ਉਪਦੇਸ਼ ਦਿਤਾ ਹੈ। ਜੋ ਮਨੁਖ ਪਰਨਾਰੀ ਨਾਲ ਪ੍ਰੀਤ ਕਰਦਾ ਹੈ ਭਾਵ ਕਾਮੀ ਹੈ, ਉਸ ਨੂੰ ਅੰਤ ਵਿਚ ਨਰਕਾਂ ਦਾ ਭਾਗੀ ਬਣਨਾ ਪੈਂਦਾ ਹੈ। ਉਸ ਨਾਲ ਮਾਨੋ ਇਵੇਂ ਦਾ ਵਰਤਾਰਾ ਕੀਤਾ ਜਾਂਦਾ ਹੋਵੇ, ਕਿ ਲੋਹੇ ਦੀ ਇਸਤ੍ਰੀ ਬਣਾ ਕੇ ਉਸ ਨੂੰ ਗਰਮ ਕਰਕੇ ਪੁਰਸ਼ ਦੇ ਹਿਰਦੈ ਨਾਲ ਲਗਾਈ ਜਾਵੇ। ਇਸ

---

[130] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 410.

[131] ਉਹੀ.

ਤਰ੍ਹਾਂ ਦੇ ਕਸ਼ਟਾਂ ਦੇ ਡਰ ਕਵਿ ਨੇ ਜਿਗਿਆਸੀ ਨੂੰ ਦਸ ਕੇ ਪਰਨਾਰੀ/ਪਰਪੁਰਸ਼ ਦੇ ਕਾਮੁਕ ਸੰਬੰਧਾਂ ਤੋਂ ਬਚਣ ਲਈ ਉਪਦੇਸ਼ ਦਿਤਾ ਹੈ। ਇਹ ਵੀ ਕਿਹਾ ਹੈ, ਕਿ ਕਾਮ-ਜੰਨਿਤ ਦੁਖਾਂ ਤੋਂ ਕੇਵਲ ਪਰਮੇਸ਼ਰ ਹੀ ਬਚਾਅ ਸਕਦਾ ਹੈ, ਯਥਾ-

ਪਰਨਾਰੀ ਸੌ ਪ੍ਰੀਤ ਕਰ ਕਰੈ ਨ ਜਗ ਪਰਤੀਤ॥

ਅੰਤ ਨਰਕ ਮੈ ਬਾਸ ਹ੍ਵੈ ਬੇਦ ਭਨੈ ਇਹ ਰੀਤਿ॥30॥

ਲੋਹ ਤੀਯ ਤਿਹ ਤਪਤ ਕਰ ਉਰ ਸੌ ਦੇਤ ਲਗਾਇ॥

ਹਾਇ ਹਾਇ ਮੁਖ ਤੇ ਕਰੈ ਕੋਇ ਨ ਹੋਇ ਸਹਾਇ॥31॥

ਬਹੁਰ ਹਨੈ ਜਮ ਡੰਡ ਗਹਿ ਸਿਸਨ ਦੇਹ ਮੁਖ ਮਾਹਿ॥

ਹਰਿ ਬਿਨ ਕੌਨ ਉਬਾਰ ਹੀ ਇਨ ਕਸਟਨ ਤੇ ਆਹਿ॥32॥[132]

ਲੋਭ ਨੂੰ ਤਿਆਗਣ ਲਈ ਕਵਿ ਨੇ ਇਸ ਜਨਮਸਾਖੀ ਵਿਚ ਇਕ ਵਾਰਤਾ ਦਰਜ ਕੀਤੀ ਹੈ, ਜਿਸ ਵਿਚ ਮਰਦਾਨੇ ਦੇ ਦਿਲ ਵਿਚ ਇਹ ਖ਼ਿਆਲ ਉਪਜਦਾ ਹੈ, ਕਿ ਉਸਦੀ ਪੂਜਾ ਹੋਵੇ, ਲੋਕ ਉਸਨੂੰ ਭੇਟਾਵਾਂ ਦੇਣ।[133] ਇਸ ਸਾਖੀ ਤੋ ਕਵਿ ਦਾ ਮਨੋਰਥ ਮਨੁਖ ਨੂੰ ਲੋਭ ਲਾਲਚ ਤੋਂ ਬਚ ਕੇ ਪਰਮਾਤਮਾ ਦੀ ਭਗਤੀ ਵਿਚ ਮਨ ਲਗਾਉਣ ਦਾ ਉਪਦੇਸ਼ ਦੇਣਾ ਹੈ।

---

[132] ਬੇਦੀ ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 426.

[133] ਲਗਯੋ ਅੰਬਾਰ ਅੰਬਰਨ ਕੇਰਾ ਮਰਦਾਨਾ ਹਰਖਾਨਾ॥ ਦੋਇ ਜਾਮ ਤਿਹ ਕਰੇ ਬਿਤਾਵਨ ਪੂਜੀ ਆਸ ਮਹਾਨਾ॥25॥ ਬਾਂਧ ਪੋਟ ਨਰ ਸੀਸ ਚਕਾਈ ਲੈ ਆਯੋ ਗੁਰ ਪਾਸਾ॥ ਬੰਦਨ ਕਰ ਮੁਖ ਗਿਰਾ ਉਚਾਰੀ ਭਯੋ ਨਗਰ ਮਮ ਦਾਸਾ॥ ਲਖ ਗੁਰ ਬਿਗਸੇ ਗਿਰਾ ਉਚਾਰੀ ਕੋ ਕੋ ਬਸਤੂ ਆਨੀ॥ ਮਰਦਾਨੇ ਮੁਝ ਕਰੋ ਦਿਖਾਵਨ ਦੀਸਤ ਖੁਸੀ ਮਹਾਨੀ॥26॥ ਸੁਨ ਮਰਦਾਨਾ ਉਰ ਹਰਖਾਨਾ ਸਗਰੀ ਬ੍ਰਿਥਾ ਸੁਨਾਈ॥ ਪਟ ਆਦਿਕ ਜਾਮੈ ਬਹੁ ਬਸਤੂ ਗਠਰੀ ਖੋਲ ਦਿਖਾਈ॥ ਲੋਭ ਲਹਰ ਲਖ ਉਰ ਮਰਦਾਨੇ ਊਚ ਹਾਸ ਗੁਰ ਕੀਨਾ॥ ਕੇਤਕ ਚਿਰ ਪਾਛੇ ਪੁਨ ਬੋਲੇ ਮਰਦਾਨੇ ਭਲ ਕੀਨਾ॥27 ॥ ਆਵਹਿ ਕਿਤੇ ਨ ਕਾਜ ਹਮਾਰੇ ਦੀਜੈ ਬਸਤ ਲੁਟਾਈ॥ ਲੈ ਗਰੀਵ ਤੁਹਿ ਦੇਹ ਅਸੀਸਾਂ ਸੁਖ ਪਾਵਹਿ ਅਧਿਕਾਈ॥

(ਉਹੀ, ਪੰਨਾ 483).

ਅਭਿਮਾਨ ਬਾਰੇ ਜਿਸ ਮਨੁਖ ਨੂੰ ਸੋਝੀ ਨਹੀਂ ਹੈ, ਉਸ ਲਈ ਕਵਿ ਨੇ ਇਹ ਕਿਹਾ ਹੈ, ਕਿ ਮਨੁਖ ਦੀ ਹਸਤੀ ਬਹੁਤ ਹੀ ਸੂਖਮ ਹੈ, ਪਰਮਾਤਮਾ ਦੇ ਅਗੇ ਮਨੁਖ ਇਕ ਅਣੂ ਸਮਾਨ ਹੈ, ਬ੍ਰਹਿਮੰਡ ਵਿਚ ਉਸਦੀ ਹੋਂਦ ਧੂੜ ਦੇ ਕਣ ਦੇ ਸਮਾਨ ਹੈ। ਇਸ ਲਈ ਮਨੁਖ ਨੂੰ ਅਭਿਮਾਨ ਨਹੀਂ ਕਰਣਾ ਚਾਹੀਦਾ। ਯਥਾ-

ਸ੍ਰੀ ਗੁਰ ਕਹ ਅਚਰਜ ਸ੍ਰੀ ਕਰਤਾ॥ ਅਚਰਜ ਕੇ ਅਚਰਜ ਹੀ ਚਰਤਾ॥

ਪਰਮਾਣੂ ਸਮ ਨਰ ਜਿਜ ਜਾਨੋ॥ ਕੈਸੋ ਕਰਤ ਰਿਦੈ ਅਭਿਮਾਨੋ॥47॥[134]

ਕਵਿ ਦਾ ਵਿਚਾਰ ਹੈ, ਕਿ ਸਾਰੇ ਹੀ ਰੋਗਾਂ ਦੀ ਜੜ੍ਹ ਹਉਮੈਂ ਹੈ। ਆਤਮਾ ਤਾਂ ਪਰਮਾਤਮਾ ਦਾ ਸ਼ੁਧ ਸ੍ਵਰੂਪ ਹੈ। ਇਸ ਲਈ ਆਤਮਾ ਨੂੰ ਕੋਈ ਵੀ ਰੋਗ ਨਹੀਂ ਹੈ। ਪਰ ਮਨੁਖ ਦੇ ਹਿਰਦੈ ਵਿਚ ਇਹ ਭ੍ਰਮ ਹੁੰਦਾ ਹੈ, ਕਿ ਉਸ ਵਰਗਾ ਸ਼੍ਰੇਸ਼ਠ ਹੋਰ ਕੋਈ ਨਹੀਂ ਹੈ, ਇਸ ਲਈ ਉਹ ਪਰ ਧਨ ਦੇਖ ਕੇ, ਕਿਸੇ ਦੇ ਗੁਣ ਨੂੰ ਦੇਖਕੇ, ਕਿਸੇ ਦੀ ਵਡਿਆਈ ਸੁਣ ਕੇ, ਜਰ ਨਹੀਂ ਸਕਦਾ, ਕਿਉਂਕਿ ਉਸਦਾ ਮਨ ਹਉਮੈਂ ਤੋਂ ਗ੍ਰਸਤ ਹੁੰਦਾ ਹੈ, ਯਥਾ-

ਦੀਨ ਬਿਨੈ ਸੁਨ ਕੈ ਤਬੈ ਬੋਲੇ ਗੁਨ ਖਾਨੀ॥

ਸਬ ਬਜਾਧਨ ਕੀ ਮੂਲ ਹੈ ਹਉਮੈ ਦੁਖ ਦਾਨੀ॥21॥

ਨਿਰ ਬਿਕਾਰ ਆਤਮ ਲਖੋ ਸਬ ਮਾਹਿ ਅਸੰਗਾ॥

ਭ੍ਰਮ ਭੰਗ ਹੁ ਜਬ ਰਿਦੈ ਤੇ ਤਬ ਹ੍ਵੈ ਇਹ ਭੰਗਾ॥

ਪਰ ਧਨ ਪਰ ਕੋ ਗੁਨ ਅਧਿਕ ਪਰ ਕੇਰ ਵਡਾਈ॥

ਸੁਨਤ ਜਰੈ ਇਹ ਜੁਰ ਲਖੋ ਜਗ ਮੈ ਅਧਿਕਾਈ॥22॥[135]

ਕਵਿ ਨੇ ਦਸਿਆ ਹੈ, ਕਿ ਹਉਮੈਂ ਤੋਂ ਬਚਣ ਦਾ ਸਾਧਨ ਇਕ ਚਿਤ ਹੋ ਕੇ ਪਰਮਾਤਮਾ ਦਾ ਸਿਮਰਨ ਕਰਣਾ ਹੀ ਹੈ। ਜਗਤ ਨੂੰ ਅਸਤਿ ਜਾਣਨਾ ਅਤੇ ਆਤਮਾ ਨੂੰ ਸਤਿ ਕਰ ਜਾਣਨਾ ਹੀ ਅਸਲ ਸਤਯ ਹੈ। ਯਥਾ-

ਸਤਿਨਾਮ ਸਿਮਰਹੁ ਧਰ ਧਜਾਨਾ॥ ਹੋਇ ਸਕਲ ਹਉਮੈ ਮਲ ਹਾਨਾ॥

---

[134] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 261.

[135] ਉਹੀ, ਪੰਨਾ 71.

ਜਗਤ ਅਸਤ ਰਿਦੈ ਦ੍ਰਿੜ ਜਾਨੋ॥ ਆਤਮ ਏਕ ਸਤ ਪਹਚਾਨੋ॥32॥[136]

ਲੋਭ ਅਤੇ ਲਾਲਸਾ ਦੀ ਅਗਨੀ ਨਾਲ ਗ੍ਰਸਤ ਅਨੇਕਾਂ ਹੀ ਵਿਅਕਤੀਆਂ ਦਾ ਖ਼ਾਤਮਾ ਹੋ ਚੁਕਿਆ ਹੈ, ਇਸ ਨਾਲ ਕਿਸੇ ਵੀ ਵਿਅਕਤੀ ਦੀ ਤ੍ਰਿਸ਼ਨਾ ਤ੍ਰਿਪਤ ਨਹੀਂ ਹੁੰਦੀ, ਇਸ ਲਈ ਇਸ ਦੀ ਵੀਚਾਰ ਕਰਕੇ ਇਸ ਨੂੰ ਤਿਆਗਣਾ ਹੀ ਉਚਿਤ ਕਾਰਜ ਹੈ-

ਸੁਨ ਪੰਡਤ ਅੰਤਰ ਅਗਨਿ ਤ੍ਰਿਸਨਾ ਲੇਹੁ ਬਿਚਾਰ॥
ਨਹਿ ਤ੍ਰਿਪਤਾਵਤ ਹੈ ਕਈ ਜੁਰੈ ਜੁ ਕੋਟ ਹਜਾਰ॥10॥[137]

ਇਸ ਅਗਨੀ ਨੂੰ ਸੰਤੋਖ ਰੂਪੀ ਨੀਰ ਹੀ ਬੁਝਾ ਸਕਦਾ ਹੈ, ਸੋ ਮਨੁਖ ਨੂੰ ਪਰਮਾਤਮਾ ਦੇ ਸਿਮਰਨ ਵਿਚ ਲਗ ਕੇ ਸਬਰ-ਸੰਤੋਖ ਵਿਚ ਹੀ ਜੀਵਨ ਜਿਉਣਾ ਚਾਹੀਦਾ ਹੈ, ਤਾਂ ਜੋ ਤ੍ਰਿਸ਼ਨਾ ਰੂਪੀ ਵਿਕਾਰ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕੇ-

ਸ੍ਰੀ ਗੁਰ ਕਹ ਹਮ ਸੌ ਰਹੈ ਸੋਈ ਨਰ ਧੀਰਾ॥
ਤ੍ਰਿਸਨਾ ਅਗਨਿ ਬੁਝਾਇ ਜੋ ਸੰਤੋਖ ਸੁ ਨੀਰਾ॥[138]

ਇਸ ਤਰ੍ਹਾਂ ਕਵਿ ਨੇ ਵਿਸ਼ੈ-ਵਿਕਾਰਾਂ ਤੋਂ ਨਰਕਾਦਿ ਦਾ ਡਰ ਦੇ ਕੇ, ਇਨ੍ਹਾਂ ਦੇ ਦੁਸ਼-ਪ੍ਰਭਾਵ ਦਸ ਕੇ, ਜਗਿਆਸੀ ਨੂੰ ਪਰਮਾਤਮਾ ਦੇ ਨਾਲ ਜੋੜਣ ਦਾ ਪ੍ਰਯਤਨ ਕੀਤਾ ਹੈ।

## ਗੁਰੂ

ਸਿਖ ਧਰਮ ਵਿਚ `ਗੁਰੂ` ਦਾ ਬਹੁਤ ਮਹਤਵਪੂਰਣ ਸਥਾਨ ਹੈ। ਜੀਵਨ ਨੂੰ ਸਫਲ ਕਰਣ ਹਿਤ ਗੁਰੂ ਦੀ ਸ਼ਰਣ ਵਿਚ ਆਉਣਾ ਅਤੇ ਉਸ ਤੋਂ ਪ੍ਰੇਰਣਾ ਲੈਣੀ, ਇਹ ਸਿਖੀ ਦਾ ਬੁਨਿਆਦੀ ਅਸੂਲ ਹੈ।[139] ਗੁਰੁਬਾਣੀ

---

136 ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨ 362.

137 ਉਹੀ, ਪੰਨਾ 137.

138 ਉਹੀ, ਪੰਨਾ 158.

139 ਨਰੈਣ ਸਿੰਘ, *ਸਿਖ ਧਰਮ ਦੀਆਂ ਬੁਨਿਆਦਾਂ,* ਪੂਰਨ ਪ੍ਰਿਟਿੰਗ ਪ੍ਰੈਸ, ਅੰਮ੍ਰਿਤਸਰ, 2000, ਪੰਨਾ 52.

ਵਿਚ ਗੁਰੂ ਦੀ ਹਸਤੀ ਨੂੰ ਵਖ-ਵਖ ਰੂਪਾਂ ਵਿਚ ਦਰਸਾਇਆ ਗਿਆ ਹੈ। ਗੁਰਬਾਣੀ ਵਿਚ ਗੁਰੂ ਦੇ ਪਰਮਾਤਮਾ ਸ੍ਵਰੂਪ ਦਾ ਵਰਣਨ ਸਹਿਜ ਹੀ ਮਿਲ ਜਾਂਦਾ ਹੈ। ਪਰਮਾਤਮਾ ਆਪਣੀ ਸਾਜੀ ਸ੍ਰਿਸ਼ਟੀ ਵਿਚ ਗਿਆਨ ਦਾ ਪ੍ਰਕਾਸ਼ ਕਰਣ ਲਈ ਆਪਣੇ ਆਪ ਨੂੰ ਕਈ ਰੂਪਾਂ ਵਿਚ ਪ੍ਰਕਾਸ਼ਿਤ ਕਰਦਾ ਹੈ। ਮਾਨਵਤਾ ਪ੍ਰਤੀ ਪਰਮਸਤਾ ਦੇ ਇਸ ਪ੍ਰਸਾਦਿ ਗੁਣ ਕਾਰਣ ਉਸ ਨੂੰ ਗੁਰੂ ਕਿਹਾ ਗਿਆ ਹੈ।[140] ਪਰਮਸਤਾ ਦਾ ਇਹ ਰੂਪ ਜਿਸ ਨੂੰ ਗੁਰੂ ਕਿਹਾ ਗਿਆ ਹੈ, ਅਕਥ ਹੈ। ਪਰਮਸਤਾ ਜਦੋਂ ਵਿਸ਼ਵ ਨੂੰ ਸ਼ਬਦ ਦੇ ਰੂਪ ਵਿਚ ਆਪਣਾ ਗਿਆਨ ਪ੍ਰਦਾਨ ਕਰਦੀ ਹੈ, ਤਾਂ ਗੁਰੂ ਅਖਵਾਉਂਦੀ ਹੈ।

ਗੁਰਬਾਣੀ ਵਿਚ ਕਿਸੇ ਦੇਹਧਾਰੀ ਵਿਅਕਤੀ ਨੂੰ ਗੁਰੂ ਸਵੀਕਾਰ ਨਹੀਂ ਕੀਤਾ, ਸਗੋਂ ਦੇਹਧਾਰੀ ਗੁਰੂ ਦੀ ਥਾਂ ਈਸ਼ਵਰ ਅਤੇ ਉਸ ਦੇ ਗਿਆਨ ਨੂੰ ਗੁਰੂ ਮੰਨਿਆ ਹੈ। ਗੁਰਬਾਣੀ ਵਿਚ 'ਗੁਰੂ' ਸ਼ਬਦ ਕੇਵਲ ਅਕਾਲ ਪੁਰਖ਼ ਲਈ ਹੀ ਵਰਤਿਆ ਹੈ।[141] ਗੁਰੂ ਰਾਮਦਾਸ ਜੀ ਪਰਮਾਤਮਾ ਨੂੰ ਸੁਜਾਨ ਪੁਰਖ਼ ਅਤੇ ਯੋਗੀ ਦੇ ਰੂਪ ਵਿਚ ਪੇਸ਼ ਕਰਦੇ ਹੋਏ, ਉਸੇ ਨੂੰ ਅਭੁਲ ਸਤਿਗੁਰੂ ਕਹਿੰਦੇ ਹਨ।[142] ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਗੁਰੂ ਬਾਰੇ ਜ਼ਿਕਰ ਕਰਦੇ ਹੋਏ ਕਹਿੰਦੇ ਹਨ, ਕਿ ਮੈਂ ਗੁਰੂ ਦੀ ਪੂਜਾ ਕਰਦਾ ਹਾਂ, ਕਿਉਕਿ ਮੇਰਾ ਗੁਰੂ ਗੋਬਿੰਦ ਦਾ ਰੂਪ ਹੈ। ਮੇਰਾ ਗੁਰੂ ਪਾਰਬ੍ਰਹਮ ਹੈ ਅਤੇ ਵਡੇ ਪਰਤਾਪ ਵਾਲਾ ਹੈ।[143]

---

[140] ਦਰਸ਼ਨ ਸਿੰਘ, *ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 42.

[141] ਤਤ ਨਿਰੰਜਨ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥ ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥

(ਸੋਰਠਿ, ਮਹਲਾ 1, 11, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 599).

[142] ਹਰਿ ਸੁਜਾਣੁ ਨ ਭੁਲਈ ਮੇਰੇ ਗੋਬਿੰਦਾ ਆਪੇ ਸਤਿਗੁਰੁ ਜੋਗੀ ਜੀਉ॥

(ਗਉੜੀ ਮਾਝ, ਮਹਲਾ 4, 30, ਉਹੀ, ਪੰਨਾ 174).

[143] ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥

(ਗੋਂਡ, ਮਹਲਾ 5, 9, ਉਹੀ, ਪੰਨਾ 864).

ਭਾਈ ਕਾਨ੍ਹ ਸਿੰਘ ਨਾਭਾ 'ਗੁਰੂ' ਸ਼ਬਦ ਦੇ ਅਰਥ ਲਿਖਦੇ ਹਨ- *1. ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿਖ ਨੂੰ ਤਤ੍ਵਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ। 2. ਧਾਰਮਿਕ ਸਿੱਖਿਆ ਦੇਣ ਵਾਲਾ ਆਚਾਰਯ।*[144]

ਚਰਚਿਤ ਕ੍ਰਿਤੀ ਵਿਚ ਵੀ ਗੁਰੂ ਨਾਨਕ ਦੇਵ ਜੀ ਨੂੰ ਹੀ ਪਰਮਾਤਮਾ ਦੇ ਰੂਪ ਵਿਚ ਗੁਰੂ ਰੂਪ ਮੰਨਿਆ ਹੈ। ਸ਼ੇਖ ਬ੍ਰਿਹਮ ਵਾਲੀ ਸਾਖੀ ਵਿਚ ਕਵਿ ਗੁਰੂ ਨਾਨਕ ਦੇਵ ਜੀ ਨੂੰ ਖ਼ੁਦਾ ਦਾ ਰੂਪ ਦਸਦਾ ਹੋਇਆ ਕਹਿੰਦਾ ਹੈ, ਕਿ ਪਰਮੇਸ਼ਰ ਨੇ ਜਗਤ ਨੂੰ ਤਾਰਣ ਹਿਤ ਸ਼ਾਰੀਰਕ ਰੂਪ ਧਾਰਿਆ ਹੈ। ਯਥਾ-

ਸ੍ਰੀ ਨਾਨਕ ਮਮ ਈਸ ਹੈ ਬਡ ਸਕਤਿ ਸਮੇਤਾ॥

ਧਾਰਯੋ ਰੂਪ ਖੁਦਾਇ ਹੈ ਜਗ ਤਾਰਨ ਹੇਤਾ॥[145]

ਗੁਰੂ ਨਾਨਕ ਦੇਵ ਜੀ ਨੂੰ ਕਵਿ ਨੇ ਖ਼ੁਦਾ ਦਾ ਰੂਪ ਮੰਨ ਕੇ ਨਮਸਕਾਰ ਕੀਤੀ ਹੈ। [146] ਸ਼ੇਖ ਬ੍ਰਿਹਮ ਵਾਲੀ ਸਾਖੀ ਵਿਚ ਤਾਂ ਵਿਚਾਰਾਂ ਤੋਂ ਬਾਅਦ ਸ਼ੇਖ ਬ੍ਰਿਹਮ ਗੁਰੂ ਜੀ ਤੋਂ ਇਹ ਕਹਿ ਕੇ ਮੁਆਫ਼ੀ ਮੰਗਦਾ ਹੈ, ਕਿ ਉਹ ਖ਼ੁਦਾ ਦੇ ਰੂਪ ਹਨ, ਪਰ ਉਹ ਪਛਾਣ ਨਹੀਂ ਸਕਿਆ। [147] ਪੀਰ ਬਹਾਵਦੀਨ ਵਾਲੀ ਸਾਖੀ ਵਿਚ ਵੀ ਉਸ ਦੇ ਪੁਤ੍ਰ ਨੂੰ ਜਦੋਂ ਗੁਰੂ ਜੀ ਨੇ ਲਖਾਂ ਹੀ ਪਾਤਾਲ ਅਤੇ ਆਕਾਸ਼ ਦਿਖਾਏ, ਤਾਂ ਉਸ ਨੇ ਥਕ ਕੇ ਇਹ ਹੀ ਕਿਹਾ ਸੀ, ਕਿ ਤੁਸੀਂ ਖ਼ੁਦਾ ਹੋ ਅਜਿਹਾ ਮੇਰਾ ਨਿਸ਼ਚਾ ਹੋ ਗਿਆ ਹੈ।[148] ਯਥਾ-

---

[144] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 415.

[145] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 537 ਅਤੇ 538.

[146] ਹਾਥ ਜੋਰ ਸਿਰ ਨਾਇ ਕੇ ਇਮ ਕੀਨ ਉਚਾਰਾ॥ ਆਜ ਖੁਦਾਇ ਸਰੂਪ ਕੋ ਮੈ ਨੈਨ ਨਿਹਾਰਾ॥

(ਉਹੀ, ਪੰਨਾ 540).

[147] ਮਿਲਯੋ ਖੁਦਾਇ ਨਿ ਸੰਸੈ ਜਾਨਾ ਬਹੁਰੋ ਗਿਰਾ ਅਲਾਈ॥ ਬਖਸਹੁ ਖਤਾ ਤੁਮਾਰੇ ਸਨਮੁਖ ਮੈ ਬੋਲਯੋ ਅਧਿਕਾਈ॥ ਅਬ ਮੁਹ ਲਖੋ ਆਪਨੋ ਦਾਸਾ ਤੁਮ ਮੂਰਤਿ ਕਰਤਾਰਾ॥ ਸੇਖ ਬ੍ਰਹਮ ਕੀ ਸੁਨ ਕਰ ਬਿਨਤੀ ਸ੍ਰੀ ਮੁਖ ਬਹੁਰ ਉਚਾਰਾ॥46॥

(ਉਹੀ, ਪੰਨਾ 544).

[148] ਸੁਨੇ ਪਿਤਾ ਜੀ ਬੈਨ ਸੰਤ ਇਹ ਪੂਰਨ ਜੋਈ॥ ਨਿਸਚੈ ਰੂਪ ਖੁਦਾਇ ਯਾਹ ਮੈ ਸੰਸ ਨ ਕੋਈ॥

ਅੰਤ ਨ ਨਭ ਪਾਤਾਲ ਫਿਰਤ ਬੀਤਯੋ ਬਹੁ ਕਾਲਾ॥

ਨਿਸਚੈ ਆਪ ਖੁਦਾਇ ਚਲੋ ਨਿਜ ਬਲ ਗੁਨ ਆਲਾ॥[149]

ਕਵਿ ਗੁਰੂ ਨਾਨਕ ਦੇਵ ਜੀ ਦੀ ਸ਼ਰਯ ਵਿਚ ਰਹਿਣਾ ਚਾਹੁੰਦਾ ਹੈ, ਜੋ ਸਾਰਿਆਂ ਨੂੰ ਤਾਰਣ ਵਾਲਾ ਹੈ।[150] ਅਜਿਹੇ ਗੁਰੂ ਦੀ ਭਗਤੀ ਕਰਣ ਲਈ ਦ੍ਰਿੜ ਨਿਸ਼ਚੈ ਨਾਲ ਚਰਚਿਤ ਕ੍ਰਿਤੀ ਵਿਚ ਵਿਚਾਰ ਅੰਕਿਤ ਕੀਤੇ ਗਏ ਹਨ। ਪਰਮਾਤਮਾ ਰੂਪੀ ਗੁਰੂ ਦੇ ਜਸ ਦਾ ਡੰਕਾ ਤਿੰਨਾਂ ਲੋਕਾਂ ਵਿਚ ਵਜਦਾ ਹੈ। ਇਸ ਲਈ ਅਜਿਹੇ ਗੁਰੂ ਦੀ ਆਰਾਧਨਾ ਕਰਣੀ ਚਾਹੀਦੀ ਹੈ, ਜੋ ਸਭ ਨੂੰ ਮਨ-ਇਛਤਿ ਫਲ ਦਿੰਦਾ ਹੈ। ਯਥਾ-

ਚਹਤ ਜੁ ਪਦ ਨਿਰ ਸੰਕ ਕੋ ਤਿਹ ਗੁਰ ਭਜੋ ਉਮੰਕ॥

ਤੀਨ ਲੋਕ ਮੈ ਬਾਜ ਹੈ ਜਾਹਿ ਸੁ ਜਸ ਕੋ ਡੰਕ॥1॥[151]

ਚਰਚਿਤ ਜਨਮਸਾਖੀ ਵਿਚ ਜਿਗਿਆਸੀ ਨੂੰ ਸਚੇਤ ਕਰਣ ਹਿਤ ਢੋਂਗੀ ਗੁਰੂ ਜਾਂ ਕਚੇ ਗੁਰੂ ਦੀ ਵਿਚਾਰ ਵੀ ਅੰਕਿਤ ਕਰਦਿਆਂ ਕਿਹਾ ਹੈ, ਕਿ ਉਹ ਆਪਣੇ ਮਨ ਦੇ ਵਿਕਾਰਾਂ ਵਿਚ ਖੋਹਿਆ ਰਹਿੰਦਾ ਹੈ ਅਤੇ ਸੇਵਕਾਂ ਨੂੰ ਉਪਦੇਸ਼ ਦਿੰਦਾ ਹੈ । ਇਸ ਭਾਂਤਿ ਉਸ ਦਾ ਅਭਿਮਾਨ ਵਧ ਜਾਂਦਾ ਹੈ। ਉਹ ਗੁਰੂ ਕਿਸੇ ਨੂੰ ਕੀ ਸੋਝੀ ਦੇਵੇਗਾ, ਜੋ ਦ੍ਵੈਤ ਵਿਚ ਹੀ ਭ੍ਰਮ ਰਿਹਾ ਹੈ। ਯਥਾ-

ਇਕ ਕਾਚੈ ਗੁਰ ਖੋਇ ਨਹਿ ਮਨ ਕੇ ਜੁ ਬਿਕਾਰਾ॥

ਉਪਦੇਸੈ ਗਤਿ ਦੈਨ ਕੋ ਬਢ ਗਰਬ ਅਪਾਰਾ॥33॥

ਤੁਮ ਕੋ ਕਾਚਾ ਗੁਰ ਮਿਲਯੋ ਨਹਿ ਸਾਚ ਪਛਾਨਾ॥

---

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 548).

[149] ਉਹੀ, ਪੰਨਾ 547.

[150] ਸਰਨ ਪਰਨ ਮੈ ਬਾਰ ਹ੍ਵੈ ਤਰਨ ਨਰਨ ਨਹਿ ਬਾਰ॥ ਅਸ ਗੁਰ ਨਾਨਕ ਸਾਹ ਕੇ ਚਰਨ ਕਮਲ ਉਰਧਾਰ॥1॥

(ਉਹੀ, ਪੰਨਾ 564 ਅਤੇ 65).

[151] ਉਹੀ, ਪੰਨਾ 537.

ਫਸਜੋ ਪੱਖ ਕੇ ਬਾਦ ਮੈ ਤਨ ਕੋ ਨਿਜ ਜਾਨਾ॥[152]

ਸੋ ਉਪਰੋਕਤ ਕਚੇ ਗੁਰੂਆਂ ਤੋਂ ਬਚਣ ਦੀ ਹਿਦਾਇਤ ਕਰਕੇ ਗੁਰੂ ਦੀਆਂ ਕਿਸਮਾਂ ਦਸ ਕੇ ਵੀ ਸਚੇਤ ਕਰਣ ਦਾ ਯਤਨ ਕੀਤਾ ਹੈ। ਕਵਿ ਨੇ ਤਿੰਨ ਪ੍ਰਕਾਰ ਦੇ ਗੁਰੂ ਦਸੇ ਹਨ- ਪੰਡਿਤ, ਅਵਧੂਤ ਅਤੇ ਮਹਾਂ ਪੁਰਖ-

ਪੰਡਤ ਅਰੁ ਅਵਧੂਤ ਪੁਨ ਮਹਾ ਪੁਰਖ ਉਰ ਚੀਨ॥

ਭਿੰਨ ਭਿੰਨ ਲਖਨ ਅਬੈ ਤਿਨ ਕੋ ਸੁਨੋ ਪ੍ਰਵੀਨ॥60॥[153]

ਪੰਡਿਤ ਗੁਰੂ ਇਸ ਭਾਂਤਿ ਦਾ ਗੁਰੂ ਹੈ, ਜਿਸ ਨੂੰ ਆਪ ਤਰਣਾ ਨਾ ਆਉਂਦਾ ਹੋਵੇ, ਪਰ ਉਹ ਦੂਜਿਆਂ ਨੂੰ ਨਦੀ ਪਾਰ ਕਰਣ ਦਾ ਉਪਦੇਸ਼ ਦਿੰਦਾ ਹੋਵੇ, ਕਿ ਨਦੀ ਪਾਰ ਕਰਣ ਲਈ ਕੀ ਕੁਝ ਕਰਣਾ ਹੁੰਦਾ ਹੈ । ਐਸੇ ਗੁਰੂ ਨੂੰ ਕਿਸੇ ਵੀ ਪ੍ਰਕਾਰ ਦੀ ਸੋਝੀ ਨਹੀਂ ਹੁੰਦੀ, ਬਸ ਉਹ ਸੇਵਕਾਂ ਨੂੰ ਉਪਦੇਸ਼ ਦਿੰਦਾ ਰਹਿੰਦਾ ਹੈ। ਉਹ ਵੇਦਾਂ , ਪੁਰਾਨਾਂ ਦੀਆਂ ਕਥਾਵਾਂ ਆਪਣੇ ਸੇਵਕਾਂ ਨੂੰ ਸੁਣਾਉਂਦਾ ਹੈ, ਪਰੰਤੂ ਆਪ ਲੋਭ, ਲਾਲਚ ਇਤਿਆਦਿਕ ਵਿਕਾਰਾਂ ਵਿਚ ਗ੍ਰਸਤ ਹੁੰਦਾ ਹੈ। ਉਹ ਆਪ ਵੀ ਭਵ-ਸਾਗਰ ਵਿਚ ਡੁਬਦਾ ਹੈ ਅਤੇ ਆਪਣੇ ਸੇਵਕਾਂ ਨੂੰ ਵੀ ਡੋਬਦਾ ਹੈ। ਦੂਜੀ ਭਾਂਤਿ ਦਾ ਗੁਰੂ ਅਵਧੂਤ ਗੁਰੂ ਹੁੰਦਾ ਹੈ, ਜੋ ਕਿਸੇ ਸੰਤ ਦੇ ਮਿਲਣ 'ਤੇ ਭਵ-ਸਾਗਰ ਨੂੰ ਪਾਰ ਕਰਣ ਦੇ ਯੋਗ ਹੋ ਜਾਂਦਾ ਹੈ, ਪਰ ਉਹ ਆਪ ਕਿਸੇ ਨੂੰ ਵੀ ਤਾਰਣ ਦੇ ਸਮਰਥ ਨਹੀਂ ਹੁੰਦਾ। ਜਿਵੇਂ ਇਕ ਲਕੜੀ ਪਾਣੀ ਵਿਚ ਇਕਲੀ ਤਾਂ ਤਰ ਸਕਦੀ ਹੈ, ਪਰ ਹੋਰ ਕਿਸੇ ਨੂੰ ਤਰਣਾ ਨਹੀਂ ਸਿਖਾ ਸਕਦੀ। ਅਜਿਹੇ ਗੁਰੂ ਨੂੰ ਕਵਿ ਨੇ ਅਵਧੂਤ ਗੁਰੂ ਕਿਹਾ ਹੈ। ਯਥਾ-

ਪੰਡਤ ਗੁਰ ਇਹ ਭਾਤਿ ਬਿਚਾਰਾ॥ ਅਨਤਾਰੂ ਜਿਮ ਕਰਤ ਉਚਾਰਾ॥

ਨਦਿ ਕੋ ਪਾਰ ਦੀਸ ਹੈ ਨੇਰੇ॥ ਤਰੋ ਪਾਰ ਜੈ ਹੈ ਬਿਨ ਬੇਰੇ॥61॥

ਨਿਜ ਅਜਾਨ ਤਰ ਵੋ ਨਹਿ ਜਾਨਾ॥ ਔਰਨ ਪ੍ਰਤਿ ਇਹ ਭਾਂਤਿ ਬਖਾਨਾ॥

ਆਪਨ ਕਰਹ ਔਰ ਉਪਦੇਸੈ॥ ਪੰਡਤ ਗੁਰ ਜਾਨੋ ਬਿਧ ਐਸੇ॥62॥

---

[152] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 585.

[153] ਉਹੀ, ਪੰਨਾ 402.

ਬੇਦ ਪੁਰਾਨਨ ਕਥਾ ਸੁਨਾਵਹਿ॥ ਲੋਭ ਲਹਰ ਮੈ ਗੋਤੇ ਖਾਵਹਿ॥

ਪੁਨ ਆਵਧੂਤ ਗੁਰੂ ਹੈ ਜੋਈ॥ ਨਹਿ ਜਾਨਤ ਬਿਦਯਾ ਕਛੁ ਸੋਈ॥63॥

ਮਿਲਜੋ ਸੰਤ ਉਪਜਜੋ ਉਰ ਗਜਾਨਾ॥ ਖਿਨ ਮੈ ਭਯੋ ਮੋਹਤ ਮਹਾਨਾ॥

ਹੋਇ ਆਪ ਭਵ ਸਾਗਰ ਪਾਰਾ॥ ਔਰਨ ਕੋ ਨਹਿ ਹੋਤ ਉਧਾਰਾ॥64॥

ਜਿਮੈ ਲਸਟ ਕਾਜਲ ਮੈ ਜਾਨਾ॥ ਆਪ ਤਰੈ ਤਾਰੇ ਨਹਿ ਆਨਾ॥[154]

ਤੀਜੀ ਕਿਸਮ ਦੇ ਜਿਸ ਗੁਰੂ ਦੀ ਗਲ ਕਵਿ ਨੇ ਕੀਤੀ ਹੈ, ਉਹ ਸਰਵ-ਸ੍ਰੇਸ਼ਠ ਗੁਰੂ ਹੈ। ਉਹ ਸਾਰੀਆਂ ਹੀ ਵਿਦਿਆ ਵਿਚ ਪ੍ਰਬੀਨ ਹੁੰਦਾ ਹੈ। ਜੇਕਰ ਉਸ ਨਾਲ ਪ੍ਰੇਮ ਕੀਤਾ ਜਾਏ, ਤਾਂ ਉਹ ਜੀਵ ਨੂੰ ਸੰਸਾਰਿਕ ਬੰਧਨਾਂ ਤੋਂ ਮੁਕਤੀ ਪ੍ਰਦਾਨ ਕਰਦਾ ਹੈ। ਅਜਿਹਾ ਗੁਰੂ ਗਿਆਨ ਦਾ ਉਪਦੇਸ਼ ਦਿੰਦਾ ਹੈ, ਉਸ ਦਾ ਆਚਾਰ ਵੀ ਲੋਕ-ਭਲਾਈ ਵਾਲਾ ਹੁੰਦਾ ਹੈ। ਜੇਕਰ ਅਜਿਹੇ ਗੁਰੂ ਦੀ ਸ਼ਰਣ ਵਿਚ ਆਇਆ ਜਾਵੇ ਤਾਂ ਫਿਰ ਜਨਮ-ਮਰਨ ਦੇ ਗੇੜ ਵਿਚੋਂ ਜੀਵ ਦਾ ਛੁਟਕਾਰਾ ਹੋ ਜਾਂਦਾ ਹੈ। ਯਥਾ-

ਤ੍ਰਿਤਆ ਮਹਾ ਪੁਰਖ ਗੁਰ ਚੀਨੋ॥ ਹੈ ਸਬ ਬਿਦਜਾ ਮਾਹਿ ਪ੍ਰਵੀਨੋ॥65॥

ਤਿਨ ਕੋ ਮਿਲਹਿ ਪ੍ਰੀਤ ਜੁਤ ਜੇਈ॥ ਲਹੈ ਮੁਕਤਿ ਸਹਜੇ ਨਰ ਤੇਈ॥

ਕਰਹਿ ਗਜਾਨ ਕੋ ਜਿਹ ਉਪਦੇਸਾ॥ ਜੇ ਹੈ ਮਹਾ ਪੁਰਖ ਸੁਭ ਬੇਸਾ॥66॥

ਤਿਨ ਕੇ ਜਗ ਮੈ ਨਿਰਖ ਅਚਾਰਾ॥ ਕਰਹਿ ਕਮਾਵਨ ਜੋ ਹਿਤ ਧਾਰਾ॥

ਸਹਜੈ ਹੋਇ ਤਾਹਿ ਸੁਖ ਰਾਸਾ॥ ਬਹੁਰੋ ਹੋਇ ਨ ਜਮ ਕੋ ਤ੍ਰਾਸਾ॥67॥[155]

ਕਵਿ ਨੇ ਗੁਰੂ ਦੀ ਮਹਤਾ ਨੂੰ ਦਰਸਾਉਣ ਲਈ ਪੰਛੀ ਅਤੇ ਕੀੜੀ ਦੀ ਉਦਾਹਰਣ ਦਿੰਦਿਆ ਕਿਹਾ ਹੈ, ਕਿ ਮੰਨ ਲਉ ਜਗਤ ਇਕ ਰੁਖ ਦੇ ਵਾਂਗ ਹੈ। ਇਸ ਦੇ ਸਿਖ਼ਰ ਉਤੇ ਮੁਕਤੀ ਰੂਪੀ ਫਲ ਲਗਿਆ ਹੈ। ਉਸ ਨੂੰ ਪ੍ਰਾਪਤ ਕਰਣ ਹਿਤ ਇਕ ਪੰਛੀ ਅਤੇ ਦੂਜਾ ਕੀੜੀ ਦੀ ਗਤੀ ਨਾਲ ਉਸ ਰੁਖ ਉਤੇ ਚੜ੍ਹਦੇ ਹਨ। ਪਰ ਇਸ

[154] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 402.

[155] ਉਹੀ.

ਸੰਸਾਰ ਰੂਪੀ ਰੁਖ ਉਪਰ ਲਗੇ ਮੁਕਤੀ ਰੂਪੀ ਫਲ ਨੂੰ ਉਹ ਹੀ ਪ੍ਰਾਪਤ ਕਰੇਗਾ, ਜਿਸ ਨੂੰ ਪੂਰਣ ਗੁਰੂ ਦੀ ਪ੍ਰਾਪਤੀ ਹੋਵੇਗੀ। ਬਿਨਾਂ ਗੁਰੂ ਤੋਂ ਇਸ ਦੀ ਪ੍ਰਾਪਤੀ ਅਤਿ ਕਠਨ ਹੈ-

ਕਰਹ ਨੇਮ ਜਿਹ ਹਿਤ ਸੁਨ ਰਾਈ॥ ਸੋ ਬਸਤੂ ਹਮ ਗੁਰ ਤੇ ਪਾਈ॥
ਜਗਤ ਤਰੋਵਰ ਸਮ ਵਡਭਾਗਾ॥ ਤਾਹਿ ਸਿਖਰ ਮੁਕਤਿ ਫਲ ਲਾਗਾ॥46॥
ਤਿਹ ਲੈਨੇ ਹਿਤ ਮਗ ਹੈ ਦੋਈ॥ ਨਿਗਮਾਗਮ ਭਾਖਤ ਸਭ ਕੋਈ॥
ਇਕ ਖਗ ਗਤਿ ਇਕ ਚੀਟੀ ਚਾਲੀ॥ ਚਢਤ ਦੋਇ ਬਿਧ ਜਗ ਤਰੁ ਡਾਲੀ॥47॥
ਜਿਹ ਪੂਰਨ ਗੁਰ ਮਿਲੈ ਉਦਾਰਾ॥ ਸੋ ਪਹੁਚਤ ਖਗ ਲੈ ਬਿਨ ਬਾਰਾ॥
ਸਤਿਗੁਰ ਪੂਰਨ ਮਿਲੈ ਨ ਜਾਹੂ॥ ਕਠਨ ਅਹੈ ਫਲ ਲੈਨੋ ਤਾਹੂ॥48॥[156]

ਕਵਿ ਦੇ ਦ੍ਰਿਸ਼ਟੀਕੋਣ ਤੋਂ ਗੁਰੂ ਆਪ ਹੀ ਪਰਮਾਤਮਾ ਦਾ ਰੂਪ ਹੈ। ਕਵਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਸਰਵੋਤਮ ਗੁਰੂ ਮੰਨਦਾ ਹੈ ਅਤੇ ਉਨ੍ਹਾਂ ਨੂੰ ਪਰਮਾਤਮਾ ਦਾ ਰੂਪ ਦਸਦਾ ਹੈ। ਗੁਰੂ ਕ੍ਰਿਪਾ ਕਰਣ ਵਾਲਾ, ਭਵਜਲ ਦੀ ਫਾਸੀ ਕਟਣ ਵਾਲਾ ਹੁੰਦਾ ਹੈ। [157] ਕਵਿ ਨੇ ਸਿਖਾਂ ਨੂੰ ਵੀ ਗੁਰੂ ਮੰਨਿਆ ਹੈ। [158] ਉਹ ਰਾਜਿਆਂ ਨੂੰ ਰੰਕ ਅਤੇ ਰੰਕ ਨੂੰ ਰਾਜਾ ਬਣਾ ਸਕਦਾ ਹੈ, ਉਸਨੇ ਹੀ ਸਾਰਾ ਕੁਝ ਇਕ ਸਮਾਨ ਕੀਤਾ ਹੈ । ਕਵਿ ਅਜਿਹੇ ਗੁਰੂ ਦੀ ਸ਼ਰਣ ਵਿਚ ਜਾਣਾ ਲੋਚਦਾ ਹੈ। [159] ਇਸ ਗੁਰੂ ਦੀ ਕੀਰਤੀ ਤਿੰਨ ਲੋਕਾਂ ਵਿਚ ਹੁੰਦੀ ਹੈ। [160] ਸਚਾ ਗੁਰੂ ਸੁਖ

---

[156] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 128.

[157] ਜਪ ਤਪ ਜੱਗ ਕਰਾਇ ਸੁਰ ਕਾਟਤ ਜਨ ਭਵ ਜਾਲ॥ ਕੋ ਕ੍ਰਿਪਾਲ ਗੁਰ ਸਾਹ ਸਮ ਨਦਰੀ ਨਦਰ ਨਿਹਾਲ॥1॥

(ਉਹੀ, ਪੰਨਾ 592).

[158] ਸਿਖਨ ਕੋ ਗੁਰਦੇਵ ਸਮ ਜਾਨੈ ਮਨ ਮਾਹੀ॥ ਧਰਮ ਕ੍ਰਿਤ ਕਰ ਜਗਤ ਮੈ ਸਬ ਸੋ ਮਿਲ ਖਾਹੀ॥22॥

(ਉਹੀ, ਪੰਨਾ 595).

[159] ਕੀਨੇ ਰੰਕਨ ਤੇ ਜਿਨੈ ਮੇਰ ਕੁਮੇਰ ਸਮਾਨ॥ ਤਿਹ ਗੁਰ ਅਸਰਨ ਸਰਨ ਕੀ ਸਰਨ ਗਹੈ ਸੁਖਦਾਨ॥

(ਉਹੀ, ਪੰਨਾ 111 ਅਤੇ 112).

[160] ਸੁਰ ਸਰਿ ਲੌ ਤ੍ਰੈ ਲੋਕ ਮੈ ਜਾਕੀ ਕੀਰਤਿ ਚਾਰ॥ ਤਿਰ ਗੁਰ ਪਦੁ ਅਰੁਵਿੰਦ ਬਰ ਬੰਦੋ ਬਾਰੰ ਬਾਰ॥1॥

ਦੇਣ ਵਾਲਾ[161] ਸਾਰੇ ਮਨੋਰਥ ਪੂਰੇ ਕਰਣ ਵਾਲਾ[162] ਅਗਿਆਨ ਦਾ ਨਾਸ਼ ਕਰਣ ਵਾਲਾ[163] ਹੈ। ਕਵਿ ਲਿਖਦਾ ਹੈ, ਕਿ ਉਹ ਅਜਿਹੇ ਗੁਰੂ ਦੀ ਮਹਿਮਾ ਬਿਆਨ ਨਹੀਂ ਕਰ ਸਕਦਾ, ਕਿਉਂਕ ਗੁਰੂ ਵਿਚ ਅਨੰਤ ਗੁਣ ਹਨ ਅਤੇ ਕਵਿ ਦੀ ਜੀਭ ਇਕ ਹੈ-

ਮਹਮਾ ਕਿਮ ਮੈ ਬਰਨੋ ਮੁਖ ਏਕਾ॥ ਨਹਿ ਪਾਰ ਲਹੈ ਮੁਖ ਜਾਹਿ ਅਨੇਕਾ॥[164]

## ਭਗਤੀ

ਅਧਿਆਤਮਕ ਰਸਮਾਂ, ਰਿਵਾਜ਼ਾਂ, ਕਰਮਾਂ ਆਦਿ ਦੀ ਵਿਆਖਿਆ ਸ਼ਬਦਾਂ ਵਿਚ ਕਰਣੀ ਅਸੰਭਵ ਹੈ। ਭਗਤੀ ਵੀ ਅਧਿਆਤਮਕ ਰਾਹ ਦਾ ਇਕ ਅਹਿਮ ਅੰਗ ਹੈ, ਸੋ ਪੂਰਣ ਰੂਪ ਵਿਚ ਇਸ ਦੀ ਵਿਆਖਿਆ ਜਾਂ ਇਸ ਦੀ ਇਕ ਸੰਪੂਰਣ ਪਰਿਭਾਸ਼ਾ ਸ਼ਬਦਾਂ ਵਿਚ ਦੇਣੀ ਅਸੰਭਵ ਹੈ, ਕਿਉਂਕਿ ਅਧਿਆਤਮਕ ਅਨੁਭਵ ਗਿਆਨ-ਇੰਦ੍ਰੀਆਂ ਤੋਂ ਪਰੇ ਦਾ ਹੁੰਦਾ ਹੈ। ਫਿਰ ਵੀ ਜੇ ਅਸੀਂ ਭਗਤੀ ਨੂੰ ਸਮਝਣ ਦਾ ਯਤਨ ਕਰੀਏ, ਤਾਂ ਕਹਿ ਸਕਦੇ ਹਾਂ, ਕਿ ਪਰਮਾਤਮਾ ਜਾਂ ਅਸੀਮ ਸ਼ਕਤੀ ਵਿਚ ਅਭੇਦ ਹੋਣ ਲਈ ਜਿਹੜੇ ਸਾਧਨਾਂ ਦੀ ਅਸੀਂ ਵਰਤੋਂ ਕਰਦੇ ਹਾਂ, ਉਹ ਸਭ ਸਾਧਨ ਭਗਤੀ ਦੇ ਗੁਣ ਹਨ। ਦੂਜੇ ਸ਼ਬਦਾਂ ਵਿਚ ਅਸੀਮ ਸ਼ਕਤੀ ਵਿਚ ਅਭੇਦ ਹੋਣ ਲਈ ਉਸ ਦੀ ਉਪਾਸਨਾ ਹੀ ਭਗਤੀ ਹੈ। ਨਿਮਨ ਲਿਖਤ ਅਨੁਸਾਰ ਨੌਂ ਪ੍ਰਕਾਰ ਦੀ ਭਗਤੀ ਬਾਰੇ ਦਸਿਆ ਗਿਆ ਹੈ-

---

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 146).

[161] ਓਤ ਪੋਤ ਸਬ ਮੈ ਰਮਯੋ ਜਾਸ ਨਾਮ ਭਵ ਪੋਤ॥ ਸਰਬ ਜੋਤ ਮੈ ਜੋਤ ਜਿਹ ਤਿਹ ਗੁਰ ਭਜ ਸੁਖ ਹੋਤ॥1॥

(ਉਹੀ, ਪੰਨਾ 156).

[162] ਜਾਕੀ ਕ੍ਰਿਪਾ ਕਟਾਛ ਤੇ ਸਬੈ ਮਨੋਰਥ ਪੂਰ॥ ਤਿਹ ਸ੍ਰੀ ਗੁਰ ਪਦ ਧੂਰ ਭਜ ਲਹ ਤਨ ਕਤ ਸੂਖ ਭੂਰ॥1॥

(ਉਹੀ, ਪੰਨਾ 161).

[163] ਸ੍ਰੀ ਗੁਰ ਪਦ ਨਖ ਚੰਦ੍ਰਕਾ ਕਰਤ ਜਾਸ ਉਰਬਾਸਿ॥ ਸੰਭੁਜ ਹਰ ਅਗਜਾਨ ਤਮ ਕਸ ਨਹਿ ਹੋਹਿ ਬਿਨਾਸ॥1॥

(ਉਹੀ, ਪੰਨਾ 173).

[164] ਉਹੀ, ਪੰਨਾ 581.

1. ਸ੍ਰਵਣ ਭਗਤੀ 2. ਕੀਰਤਨ ਭਗਤੀ 3. ਸਿਮਰਨ ਭਗਤੀ 4. ਪਾਦਸੇਵਨ ਭਗਤੀ 5. ਅਰਚਨਾ ਭਗਤੀ 6. ਬੰਦਨਾ ਭਗਤੀ 7. ਸਖਾ ਭਗਤੀ 8. ਦਾਸ ਭਗਤੀ 9. ਆਤਮ ਨਿਵੇਦਨ ਭਗਤੀ ।[165]

ਚਰਚਿਤ ਜਨਮਸਾਖੀ ਵਿਚ ਨੌਂ ਪ੍ਰਕਾਰ ਦੀਆਂ ਭਗਤੀਆਂ ਦੀ ਵਿਸਤ੍ਰਿਤ ਜਾਣਕਾਰੀ ਨਾ ਦੇ ਕੇ ਮਾਤ੍ਰ ਨੌਂ ਪ੍ਰਕਾਰ ਦੀਆਂ ਭਗਤੀਆਂ ਬਾਰੇ ਵਿਚਾਰ ਅੰਕਿਤ ਕੀਤੇ ਹਨ। ਯਥਾ-

ਮਨ ਮੈ ਅਤਿ ਉਤਸਾਹ ਕਰ ਗਾਵੈ ਬਡਭਾਗੈ॥

ਉਪਜੀ ਨੌਧਾ ਭਗਤਿ ਉਰ ਗੁਰ ਪਗ ਅਨੁਰਾਗੈ॥[166]

ਕਵਿ ਨੇ ਨੌਂ ਪ੍ਰਕਾਰ ਦੀ ਭਗਤੀ ਬਾਰੇ ਵਿਸਤ੍ਰਿਤ ਚਰਚਾ ਨਹੀਂ ਕੀਤੀ, ਪਰ ਤਪ ਦੇ ਤਿੰਨ ਪ੍ਰਕਾਰਾਂ ਬਾਰੇ ਦਸਦਿਆਂ ਜਿਗਿਆਸੀ ਨੂੰ ਮਨ ਨੂੰ ਵਿਕਾਰਾਂ ਤੋਂ ਰੋਕ ਕੇ ਸ਼ਬਦ ਵਿਚ ਮਨ ਜੋੜਨ ਨੂੰ ਪ੍ਰਾਥਮਿਕਤਾ ਦਿੰਦਿਆਂ ਤਿੰਨ ਪ੍ਰਕਾਰ ਦੇ ਤਪ- ਤਾਮਸੀ, ਰਾਜਸੀ ਅਤੇ ਸਾਤਕੀ ਦਸਦਾ ਹੈ। ਸਰੀਰ ਨੂੰ ਮਨ ਹਠ ਕਰਕੇ ਕਸ਼ਟ ਦੇਣੇ ਤਾਮਸੀ ਤਪ ਹੈ। ਜੇਕਰ ਇਸ ਤਪ ਨੂੰ ਸਿਧੀਆਂ ਦੀ ਪ੍ਰਾਪਤੀ ਹਿਤ ਕੀਤਾ ਜਾਵੇ ਤਾਂ ਇਹ ਸਿਧੀਆਂ ਦੀ ਪ੍ਰਾਪਤੀ ਕਰਵਾ ਦਿੰਦਾ ਹੈ, ਬਿਨਾ ਕਾਮਨਾ ਤੋਂ ਇਹ ਮਨ ਨੂੰ ਸ਼ੁਧਤਾ ਪ੍ਰਦਾਨ ਕਰਦਾ ਹੈ, ਪਰ ਇਸ ਤਪ ਨਾਲ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਨਹੀਂ ਹੁੰਦੀ, ਸਗੋਂ ਮਨੁਖ ਵਿਕਾਰ ਗ੍ਰਸਤ ਹੀ ਰਹਿੰਦਾ ਹੈ। ਇਸ ਲਈ ਕਵਿ ਕਹਿੰਦਾ ਹੈ, ਕਿ ਇਸ ਤਪ ਨਾਲੋਂ ਚੰਗਾ ਰਾਜਸੀ ਅਤੇ ਸਾਤਕੀ ਤਪ ਹਨ। ਯਥਾ-

ਛੁਧ ਤਨ ਗਨ ਜਲ ਅਗਨ ਮੈ ਤਨ ਤਾਪੈ ਜੋਈ॥

ਕਹਤ ਤਾਮਸੀ ਤਪ ਇਸੈ ਮਨ ਹਠ ਕਰ ਹੋਈ॥

ਕਰੈ ਕਾਮਨਾ ਸਹਤ ਜੋ ਸਿੱਧੀ ਪ੍ਰਗਟੀਵੈ॥

ਬਿਨਾ ਕਾਮਨਾ ਜੋ ਕਰੈ ਮਨ ਨਿਰਮਲ ਥੀਵੈ॥31॥

ਪੁਨ ਇਸ ਤਪ ਕਰ ਉਪਜ ਹੈ ਮਦ ਕਾਮ ਬਿਕਾਰਾ॥

---

[165] ਮਲਕਿੰਦਰ ਸਿੰਘ, *ਧਾਰਮਿਕ ਲਹਿਰਾਂ,* ਰਿਗੀ ਪਬਲੀਕੇਸ਼ਨ, ਖੰਨਾ, 2017, ਪੰਨਾ 1.

[166] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 653.

ਤਾਤੇ ਰਜ ਸਤ ਤਪ ਕਰੋ ਹੋਵੈ ਨਿਸਤਾਰਾ॥[167]

ਅਗੇ ਕਵਿ ਨੇ ਰਾਜਸੀ ਤਪ ਦੀ ਜਾਣਕਾਰੀ ਦਿੰਦਿਆ ਕਿਹਾ ਹੈ, ਕਿ ਜੋ ਪਰ-ਨਾਰੀ ਨੂੰ ਦੇਖਣ ਤੋਂ ਆਪਣੇ ਨੈਨਾਂ ਨੂੰ ਰੋਕੇ, ਕੁਸੰਗਤ ਤੋਂ ਰੋਕਣਾ, ਚੋਰੀ ਤੋਂ ਰੋਕਣਾ, ਮਨ ਨੂੰ ਕੁਕਰਮਾਂ ਤੋਂ ਰੋਕਣਾ, ਸੰਤਾਂ ਦੀ ਸੰਗਤ ਕਰਣਾ, ਧਾਰਮਿਕ ਗ੍ਰੰਥਾਂ ਦਾ ਪਾਠ ਕਰਣਾ, ਕੰਨਾਂ ਨਾਲ ਹਰਿ ਦਾ ਜਸ ਸੁਣਨਾ, ਸੇਵਾ ਕਰਣੀ, ਦਾਨ ਕਰਣਾ ਇਤਿਆਦਿਕ ਸ਼ੁਭ ਕਰਮ ਕਰਣਾ ਹੀ ਰਾਜਸੀ ਤਪ ਹੈ। ਯਥਾ-

ਕਹ ਗੁਰ ਪਰ ਤਿਜ ਪਿਖਨ ਤੇ ਨਿਜ ਨੈਨ ਨਿਵਾਰਾ॥

ਸਰੁਤ ਜਿਹਵਾ ਪਰ ਨਿੰਦ ਤੇ ਰੋਕੇ ਨਿਰਧਾਰਾ॥

ਪਗ ਕੁਸੰਗ ਤੇ ਬਰਜਿਯੈ ਚੋਰੀ ਤੇ ਹਾਥਾ॥

ਮਨ ਕੋ ਰੋਕ ਕੁਰਮ ਤੇ ਲਾਵੈ ਜਗਨਾਥਾ॥33॥

ਸੰਤ ਦਰਸ ਸੁਭ ਪਠਨ ਮੈ ਲਾਵੈ ਨਿਜ ਨੈਨਾ॥

ਸ੍ਰੀ ਹਰਿ ਜਸ ਸਰੁਤ ਕਰ ਸੁਨੈ ਰਸਨਾ ਸਚ ਬੈਨਾ॥

ਸੇਵ ਦਾਨ ਕਰ ਸੌ ਕਰੈ ਪਗ ਸੌ ਸਤ ਸੰਗਾ॥

ਜਾਨ ਰਾਜਸੀ ਤਪ ਯਹੈ ਮਨ ਮਾਨ ਉਮੰਗਾ॥34॥[168]

ਬਾਰ-ਬਾਰ ਮਨ ਨੂੰ ਰੋਕ ਕੇ ਹਰਿ ਜਸ ਵਿਚ ਲਗਾਉਣਾ, ਆਲਸ ਦਾ ਤਿਆਗ ਕਰਕੇ ਸ਼ਬਦ ਵਿਚ ਮਿਹਨਤ ਨਾਲ ਮਨ ਨੂੰ ਜੋੜਨਾ, ਮੰਦ ਇਛਾਵਾਂ ਤੋਂ ਮਨ ਨੂੰ ਵਰਜਣਾ [169], ਸਾਰੇ ਰੋਗਾਂ ਦੀ ਔਸ਼ਧੀ ਰੂਪੀ ਨਾਮ ਨਾਲ ਲਿਵ ਜੋੜਣੀ ਹੀ ਸਾਤਕੀ ਤਪ ਹੈ। ਯਥਾ-

---

[167] ਸੁਨੋ ਸਾਂਤਕੀ ਤਪ ਯਹੈ ਜਬ ਪਠਨੈ ਲਾਗੈ॥ ਬਾਰ ਬਾਰ ਮਨ ਰੋਕ ਕੇ ਹਰ ਜਸ ਮੈ ਪਾਗੈ॥ ਮਨ ਰੋਕਨ ਮੈ ਕਰੈ ਨਹਿ ਆਲਸ ਤਿਹ ਬਾਰਾ॥ ਤਾਹ ਸ੍ਰਮਤ ਕਰ ਸਬਦ ਮੈ ਲਾਵੈ ਨਿਰਧਾਰਾ॥35॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 590 ਅਤ 591).

[168] ਉਹੀ.

ਮਨ ਬਾਜੀ ਦੁਰ ਬਾਸਨਾ ਬਡ ਰੋਗ ਪਛਾਨੋ॥

ਸਬਦ ਧਜਾਨ ਮੈ ਜੋੜਨਾ ਔਖਧਿ ਸੁਭ ਤਾਨੋ॥37॥[170]

ਇਸ ਤਪ ਨਾਲ ਮਨੁਖ ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। [171] ਮੁਲਤਾਨ ਦੀ ਸਾਖੀ ਵਿਚ ਰੁਕਨੁਦੀਨ ਨੂੰ ਉਪਦੇਸ਼ ਦਿੰਦੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਪ੍ਰਮੁਖ ਭਗਤਾਂ ਦੁਆਰਾ ਸਾਧੀ ਭਗਤੀ ਦੀਆਂ ਉਦਾਹਰਣਾਂ ਦੇ ਕੇ ਪਰਮਾਤਮਾ ਦੀ ਭਗਤੀ ਕਰਣ ਹਿਤ ਉਪਦੇਸ਼ ਕਰਦਿਆਂ ਆਖਿਆ, ਕਿ ਮਨੁਖ ਨੂੰ ਇਸ ਤਰ੍ਹਾਂ ਭਗਤੀ ਕਰਣੀ ਚਾਹੀਦੀ ਹੈ, ਜਿਸ ਨਾਲ ਉਹ ਆਪਣੇ ਅਧਿਆਤਮ ਅਤੇ ਉਜੁਲ ਕਰਮਾਂ ਕਰਕੇ ਵਿਖਿਆਤ ਹੋ ਜਾਏ। ਉਨ੍ਹਾਂ ਦਸਿਆ, ਕਿ ਸ਼ੇਖ਼ ਫ਼ਰੀਦ ਜੀ ਨੂੰ ਉਨ੍ਹਾਂ ਦੀ ਭਗਤੀ ਕਰਕੇ ਹੀ ਜਾਣਿਆ ਜਾਂਦਾ ਹੈ । ਇਸੇ ਤਰ੍ਹਾਂ ਸੀਤਾ ਆਪਣੇ ਸਤਿ ਕਰਕੇ, ਲਛਮਣ ਜਤ ਕਰਕੇ, ਧ੍ਰੂਅ ਭਗਤ ਹਠ ਕਰਕੇ, ਗੋਰਖ ਨਾਥ ਜੋਗ ਕਰਕੇ, ਭਰਥਰੀ ਆਪਣੇ ਤਿਆਗ ਕਰਕੇ, ਰਾਜਾ ਜਨਕ ਆਪਣੇ ਤਪ ਕਰਕੇ, ਦਤਾ ਤ੍ਰੇਅ ਸੰਨਿਆਸ ਕਰਕੇ ਇਤਿਆਦਿ ਕਾਰਣ ਹੀ ਉਨ੍ਹਾਂ ਦੀ ਪ੍ਰਤਿਸ਼ਠਾ ਸੰਸਾਰ ਵਿਚ ਸਥਾਪਿਤ ਹੈ। ਇਨ੍ਹਾਂ ਸਾਰਿਆਂ ਨੇ ਪਰਮਾਤਮਾ ਦੀ ਭਗਤੀ ਕੀਤੀ ਹੈ, ਸੋ ਮਨੁਖ ਨੂੰ ਵੀ ਇਸ ਤਰ੍ਹਾਂ ਹੀ ਭਗਤੀ ਕਰਣੀ ਚਾਹੀਦੀ ਹੈ। ਇਸ ਤਰ੍ਹਾਂ ਉਨ੍ਹਾਂ ਦੀ ਸ਼ੋਭਾ ਵੀ ਜਗਤ ਵਿਚ ਹੋਵੇਗੀ, ਜਿਸ ਤਰ੍ਹਾਂ ਨਾਲ ਇਨ੍ਹਾਂ ਭਗਤਾਂ ਦੀ ਹੋਈ ਹੈ। ਯਥਾ-

ਕੀਨੋ ਸੇਖ ਫਰੀਦ ਜੋ ਸੌ ਜੌਹਦ ਨਾਮਾ॥

ਸਤ ਸੋਈ ਸੀਤਾ ਕਿਯੋ ਜਤ ਲਛਮਨ ਗਾਮਾ॥18॥

ਭਗਤੀ ਲਖੋ ਕਬੀਰ ਕੀ ਹਠ ਧਰੁਵ ਜੋ ਕੀਨਾ॥

ਕੀਨਾ ਗੋਰਖ ਜੋਗ ਸੋ ਗ੍ਰਿਹ ਆਦਮ ਚੀਨਾ॥

---

[169] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 590 ਅਤੇ 591.

[170] ਉਹੀ, ਪੰਨਾ 591.

[171] ਮਨ ਸਮਝਾਯੋ ਸਬਦ ਕਰ ਇਹ ਬਾਜ ਸੁਚਾਲਾ॥ ਜਨਮ ਮਰਨ ਰੁਜ ਨਾਸ ਹ੍ਵੈ ਤਪ ਸਾਂਤਿ ਸੁਖਾਲਾ॥

(ਉਹੀ).

ਭਰਥਰਿ ਕੀਨੋ ਤਜਾਗ ਸੋ ਤਪ ਜਨਕ ਨਰੇਸਾ॥

ਰਘੁਪਤਿ ਕਰਜੋ ਬਿਯੋਗ ਸੋ ਸੰਗ੍ਰਾਮ ਲੰਕੇਸਾ॥19॥

ਦੱਤ ਧਰਜੋ ਸੰਨਯਾਸ ਸੋ ਇਮ ਕਹ ਪਦ ਬੰਦੇ॥

ਪ੍ਰੇਮ ਉਮਗ ਉਸਤਤਿ ਕਰੀ ਜੈ ਜੈ ਜੈਤ ਮੁਕੰਦੇ॥

ਕਹ ਗੁਰ ਨਾਮ ਖੁਦਾਇ ਕੋ ਸਿਮਰੋ ਦਿਨ ਰੈਨਾ॥

ਬੁਜਰਕ ਕੀ ਸੋਭਤ ਕਰੋ ਪਾਵਹੁ ਉਰ ਚੈਨਾ॥20॥[172]

ਇਸ ਤਰ੍ਹਾਂ ਕਵਿ ਨੇ ਜਿਗਿਆਸੀ ਨੂੰ ਪਰਮਾਤਮਾ ਦੀ ਭਗਤੀ ਨਾਲ ਜੋੜਣ ਦਾ ਉਪਰਾਲਾ ਕੀਤਾ ਹੈ। ਇਸ ਦੇ ਨਾਲ ਹੀ ਸੰਤਾਂ ਦੀ ਸੇਵਾ ਕਰਣ ਨੂੰ ਤਰਜ਼ੀਹ ਦਿਤੀ ਹੈ। ਸੰਤਾਂ ਦੀ ਸੇਵਾ ਕਰਣ ਨਾਲ ਸਾਰੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ, ਸੰਤ ਹੀ ਚਾਰ ਪਦਾਰਥ ਦਿੰਦੇ ਹਨ। ਉਹ ਹੀ ਪਰਮਾਤਮਾ ਦੇ ਸਿਮਰਨ ਨਾਲ ਜੋੜਦੇ ਹਨ।[173] ਇਸ ਪ੍ਰਕਾਰ ਕਵਿ ਨੇ ਆਪਣੀ ਕ੍ਰਿਤੀ ਵਿਚ ਪਰਮਾਤਮਾ ਦੀ ਭਗਤੀ ਉਪਰ ਜ਼ੋਰ ਦਿਤਾ ਹੈ।

### ਭਾਣਾ

ਗੁਰਮਤਿ ਦੇ ਮੂਲ ਸਿਧਾਂਤਾਂ ਵਿਚ ਅਤਿ ਮਹਤਵਪੂਰਣ ਸਿਧਾਂਤ ਭਾਣਾ ਜਾਂ ਹੁਕਮ ਹੈ। ਵਾਸਤਵ ਵਿਚ ਸਾਰੀ ਸ੍ਰਿਸ਼ਟੀ ਹੀ ਪਰਮਾਤਮਾ ਦੇ ਭੈਅ ਅਰਥਾਤ ਹੁਕਮ ਵਿਚ ਵਿਚਰ ਰਹੀ ਹੈ-

ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥

ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥[174]

---

[172] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 564.

[173] ਸੰਤ ਸੇਵ ਮਹ ਪ੍ਰੇਮ ਮਹਾਨਾ॥ ਸਤਨਾਮ ਸਿਮਰਹੁ ਸੁਖ ਖਾਨਾ॥ ਚਾਰ ਪਦਾਰਥ ਦੇਵਨ ਹਾਰਾ॥ ਸਿਮਰੋ ਨਾਮ ਹੋਇ ਨਿਸਤਾਰਾ॥41॥

(ਉਹੀ, ਪੰਨਾ 362).

[174] ਆਸਾ ਕੀ ਵਾਰ, ਸਲੋਕ ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 464.

ਗੁਰੁਬਾਣੀ ਵਿਚ ਭਾਣੇ ਨੂੰ ਹੁਕਮ ਵੀ ਕਿਹਾ ਗਿਆ ਹੈ। ਸਾਰੀ ਹੀ ਸ੍ਰਿਸ਼ਟੀ ਦੀ ਚਾਲ, ਹਰ ਗਤਿਵਿਧੀ ਨੂੰ ਸੰਚਾਲਿਤ ਕਰਣ ਵਾਲੇ ਨਿਯਮ ਨੂੰ ਗੁਰੂ ਸਾਹਿਬ ਨੇ ਹੁਕਮ ਕਿਹਾ ਹੈ-

ਹਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥[175]

ਗੁਰਮਤਿ ਦਾ ਨਿਰਣਯ ਇਹ ਹੈ, ਕਿ ਜੋ ਵੀ ਪਰਮਾਤਮਾ ਦਾ ਹੁਕਮ ਹੈ, ਉਸਨੂੰ ਮੰਨਣਾ ਹੀ ਸਿਖ ਲਈ ਭਾਣਾ ਹੈ। ਗੁਰਮਤਿ ਦਾ ਵਿਸ਼ਵਾਸ ਹੈ, ਕਿ ਜੋ ਕੁਝ ਵੀ ਰਚਨਹਾਰ ਦੀ ਮਰਜ਼ੀ ਹੁੰਦੀ ਹੈ, ਜਗਤ ਵਿਚ ਉਹ ਕੁਝ ਹੀ ਵਾਪਰਦਾ ਹੈ, ਇਸ ਲਈ ਮਨੁਖ ਨੂੰ ਵਿਕਾਰਾਂ ਦਾ ਤਿਆਗ ਕਰਕੇ ਪਰਮਾਤਮਾ ਦੀ ਰਜ਼ਾ ਨੂੰ ਮੰਨਣਾ ਹੀ ਅੰਤਿਮ ਸਚ ਹੈ, ਕਿਉਂਕਿ ਜੀਵ ਦੇ ਹਥ ਵਿਚ ਕੁਝ ਵੀ ਨਹੀਂ ਹੈ, ਗੁਰੁਬਾਣੀ ਦਾ ਫ਼ਰਮਾਨ ਹੈ-

ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ॥[176]

ਕਵਿ ਨੇ ਭਾਣਾ ਮੰਨਣ ਉਪਰ ਜ਼ੋਰ ਦੇ ਕੇ ਜਿਗਿਆਸੀ ਨੂੰ ਸਥਿਰਤਾ ਨਾਲ, ਬਿਨਾ ਡੋਲੇ ਭਾਣਾ ਮੰਨਣ ਦਾ ਉਪਦੇਸ਼ ਚਰਚਿਤ ਕ੍ਰਿਤੀ ਵਿਚ ਅੰਕਿਤ ਕੀਤਾ ਹੈ। ਯਥਾ-

ਪ੍ਰਭ ਕਾ ਭਾਣਾ ਮਾਨੈ ਜੋਈ॥ ਮਾਰਗ ਠਾਕ ਨ ਪਾਵੈ ਸੋਈ॥

ਤ੍ਰਿਕੁਟੀ ਕੋ ਜੋ ਭੇਦ ਪਛਾਨੈ॥ ਅਸਥਿਰ ਹੋਇ ਨ ਕਬਹੁ ਡੁਲਾਨੈ॥8॥[177]

'ਖੰਡਣ ਪ੍ਰਸੰਗ' ਵਿਚ ਇਕ ਬਹੁਤ ਹੀ ਰੌਚਕ ਸਾਖੀ ਅੰਕਿਤ ਕਰਕੇ ਪਰਮਾਤਮਾ ਦੇ ਭਾਣੇ ਨੂੰ ਦ੍ਰਿੜ ਕਰਵਾਉਣ ਦਾ ਯਤਨ ਕੀਤਾ ਹੈ। ਗੁਰੂ ਜੀ ਕੁਰਖੰਡ ਸਥਾਨ ਉਪਰ ਜਾਂਦੇ ਹਨ, ਉਥੋਂ ਦੇ ਲੋਕ ਬਹੁਤ ਹੀ ਅਜੀਬ ਪ੍ਰਕਾਰ ਦੇ ਰੀਤੀ ਰਿਵਾਜ਼ ਕਰਦੇ ਸਨ। ਜਦੋਂ ਕੋਈ ਵਿਅਕਤੀ ਮਰ ਜਾਂਦਾ ਹੈ, ਤਾਂ ਉਹ ਉਤਸਵ ਮਨਾਉਂਦੇ ਸਨ ਅਤੇ ਨਵੇਂ ਜਨਮੇ ਬਾਲਕ ਲਈ ਉਹ ਸੋਗ ਮਨਾਉਂਦੇ ਸਨ। ਯਥਾ-

---

[175] ਜਪੁ, ਮਹਲਾ 1, *ਸ਼੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1.

[176] ਗਉੜੀ ਮਾਲਾ, ਮਹਲਾ 5, 7, ਉਹੀ, ਪੰਨਾ 216.

[177] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 299.

ਬਡੇ ਕੌਤਕੀ ਨਰ ਇਸ ਥਾਨਾ॥ ਕਰੈ ਬਿਪਰਜੈ ਬਾਤ ਅਜਾਨਾ॥

ਸੁਨ ਕਰ ਬੋਲੇ ਕ੍ਰਿਪਾ ਨਿਕੇਤਾ॥ ਇਨ ਕੇ ਉਰ ਅਗਜਾਨ ਸਮੇਤਾ॥53॥

ਜਬ ਪ੍ਰਭ ਭੇਜਤ ਜਗ ਕੇ ਮਾਹੀ॥ ਤਬ ਦੇ ਦੁਖਤ ਹੋਇ ਬਿਲਲਾਹੀ॥

ਜਬ ਸਮੀਪ ਨਿਜ ਲੇਤ ਬੁਲਾਈ॥ ਕਰਤ ਤਬੈ ਉਤਸਵ ਸਮੁਦਾਈ॥54॥

ਹੈ ਅਗਜਾਨ ਇਨੋ ਕਾ ਏਹੁ॥ ਗਜਾਨੀ ਕੋ ਅਚਾਰ ਸੁਨ ਲੇਹੂ॥

ਜਬ ਪ੍ਰਭ ਦੇਇ ਰਿਦੈ ਹਰਖਾਵੈ॥ ਖੋਸ ਲੇਇ ਤੌ ਭੀ ਬਿਗਸਾਵੈ॥55॥[178]

ਸਾਧਾਰਨ ਮਨੁਖ ਨੂੰ ਜਦ ਇਹ ਉਪਦੇਸ਼ ਦਿਤਾ ਜਾਂਦਾ ਹੈ, ਕਿ ਜਿਉਣਾ ਝੂਠ ਅਤੇ ਮਰਨਾ ਸਚ ਹੈ, ਤਾਂ ਉਸ ਦੇ ਹਿਰਦੈ ਵਿਚ ਵੀ ਇਹ ਪ੍ਰਸ਼ਨ ਉਠਦਾ ਹੈ, ਕਿ ਫਿਰ ਕਿਉਂ ਨਾ ਜਨਮ 'ਤੇ ਦੁਖੀ ਅਤੇ ਮਰਨ ਉਤੇ ਖੁਸ਼ ਹੋਇਆ ਜਾਏ। ਅਜਿਹੇ ਭ੍ਰਮ ਨੂੰ ਨਿਵਾਰਣ ਹਿਤ ਕਵਿ ਨੇ ਇਹ ਪ੍ਰਸੰਗ ਜਨਮਸਾਖੀ ਵਿਚ ਅੰਕਿਤ ਕੀਤਾ ਹੈ। ਇਸ ਸਾਖੀ ਦੇ ਅੰਤ ਵਿਚ ਗੁਰੂ ਜੀ ਉਪਦੇਸ਼ ਦਿੰਦੇ ਹਨ, ਕਿ ਸੋਗ ਜਾਂ ਖੁਸ਼ੀ ਨਾਲ ਕੁਝ ਨਹੀਂ ਹੁੰਦਾ, ਬਲਕਿ ਪਰਮਾਤਮਾ ਨੂੰ ਸ਼ਰਧਾ ਨਾਲ ਸਿਮਰਣਾ ਚਾਹੀਦਾ ਹੈ ਅਤੇ ਜੋ ਕੁਝ ਵੀ ਪਰਮਾਤਮਾ ਕਰਦਾ ਹੈ, ਉਸ ਦੇ ਭਾਣੇ ਨੂੰ ਸੀਸ ਝੁਕਾ ਕੇ ਮੰਨਣਾ ਚਾਹੀਦਾ ਹੈ। ਯਥਾ-

ਸਰਧਾ ਜੁਤ ਸਿਮਰੈ ਜਗਦੀਸਾ॥ ਜੋ ਪ੍ਰਭ ਕਰੈ ਸੁਮਾਨੈ ਸੀਸਾ॥

ਮਰਦਾਨੇ ਸੌ ਇਹ ਬਿਧ ਬੈਨਾ॥ ਕਹਤ ਹੁਤੇ ਤਬ ਸ੍ਰੀ ਗੁਨ ਐਨਾ॥56॥[179]

ਭਾਣੇ ਪ੍ਰਤੀ ਕਵਿ ਦੀ ਚੇਤਨਤਾ ਬਹੁਤ ਹੀ ਪ੍ਰਬਲ ਹੈ, ਉਹ ਭਾਣੇ ਨੂੰ ਸਮਝਾਉਣ ਲਈ ਪ੍ਰਸ਼ਨੋਤਰ ਦੁਆਰਾ 'ਖੰਡਣ ਪ੍ਰਸੰਗ' ਵਿਚ ਯਤਨ ਕਰਦਾ ਹੈ। ਗੁਰੂ ਜੀ ਰੰਮਕ ਖੰਡ ਵਿਚ ਜਾਂਦੇ ਹਨ। ਉਥੇ ਭਾਣਾ ਮੰਨਣ ਦਾ ਉਪਦੇਸ਼ ਦਿੰਦਿਆਂ ਕਹਿੰਦੇ ਹਨ, ਕਿ ਮਨੁਖ ਨੂੰ ਸਮਦ੍ਰਿਸ਼ਟੀ ਰਖਣੀ ਚਾਹੀਦੀ ਹੈ । ਸੇਵਕ ਪ੍ਰਸ਼ਨ ਕਰਦੇ ਹਨ, ਕਿ ਕਿਸ ਤਰ੍ਹਾਂ ਦੀ ਦ੍ਰਿਸ਼ਟੀ ਰਖਣੀ ਚਾਹੀਦੀ ਹੈ ? ਗੁਰੂ ਜੀ ਕਹਿੰਦੇ ਹਨ, ਕਿ ਕੁਤੇ ਵਾਲੀ ਦ੍ਰਿਸ਼ਟੀ ਤਿਆਗ ਕੇ

---

178 ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 363.

179 ਉਹੀ.

ਸ਼ੇਰ ਵਾਲੀ ਦ੍ਰਿਸ਼ਟੀ ਰਖਣ ਨਾਲ ਭਲਾ ਹੁੰਦਾ ਹੈ। ਕੁਤੇ ਦੀ ਦ੍ਰਿਸ਼ਟੀ ਸੰਕ੍ਰੀਣ ਹੁੰਦੀ ਹੈ, ਉਸ ਨੂੰ ਸੋਝੀ ਨਹੀਂ ਹੁੰਦੀ, ਕਿ ਉਸ ਨੂੰ ਦੁਖ-ਸੁਖ ਦੇਣ ਵਾਲਾ ਕੌਣ ਹੈ। ਇਸ ਲਈ ਜਦੋਂ ਉਸ ਨੂੰ ਕੋਈ ਡੰਡੇ ਨਾਲ ਕੁਟਦਾ ਹੈ, ਤਾਂ ਉਹ ਡੰਡਾ ਪਕੜਨ ਵਾਲੇ ਨੂੰ ਤਾਂ ਕੁਝ ਨਹੀਂ ਕਹਿੰਦਾ, ਸਗੋਂ ਡੰਡੇ ਨੂੰ ਹੀ ਦੰਦੀਆਂ ਵਢਦਾ ਹੈ। ਅਜਿਹੀ ਦ੍ਰਿਸ਼ਟੀ ਮਨਮੁਖ ਦੀ ਹੁੰਦੀ ਹੈ। ਉਸ ਨੂੰ ਦੁਖ-ਸੁਖ ਨਾਲ ਹੀ ਅਰਥ ਹੁੰਦਾ ਹੈ, ਉਹ ਇਹ ਨਹੀਂ ਜਾਣਦਾ, ਕਿ ਦੁਖ-ਸੁਖ ਦੇਣ ਵਾਲਾ ਕੌਣ ਹੈ? ਇਸ ਦੇ ਵਿਪਰੀਤ ਸ਼ੇਰ ਦੀ ਦ੍ਰਿਸ਼ਟੀ ਸੰਕ੍ਰੀਣ ਨਹੀਂ ਹੁੰਦੀ, ਜੇਕਰ ਉਸ ਉਪਰ ਕੋਈ ਹਮਲਾ ਕਰਦਾ ਹੈ, ਤਾਂ ਉਹ ਉਸ ਸ਼ਸਤ੍ਰ ਨੂੰ ਕੁਝ ਨਹੀਂ ਕਹਿੰਦਾ, ਸਗੋਂ ਸ਼ਸਤ੍ਰ ਚਲਾਉਣ ਵਾਲੇ ਉਪਰ ਹਮਲਾ ਕਰਦਾ ਹੈ। ਉਸ ਨੂੰ ਸਮਝ ਹੈ, ਕਿ ਉਸ ਨੂੰ ਦੁਖ-ਸੁਖ ਦੇਣ ਵਾਲਾ ਕੌਣ ਹੈ? ਇਹ ਬਿਰਤੀ ਗੁਰਮੁਖ ਦੀ ਹੁੰਦੀ ਹੈ। ਗੁਰਮੁਖ ਜਾਣਦਾ ਹੈ, ਕਿ ਉਸ ਨੂੰ ਦੁਖ-ਸੁਖ ਦੇਣ ਵਾਲਾ ਪਰਮਾਤਮਾ ਹੈ, ਜਦਕਿ ਇਸ ਦੇ ਵਿਪਰੀਤ ਮਨਮੁਖ ਮਾਤ੍ਰ ਦੁਖ-ਸੁਖ ਦੇਣ ਵਾਲੇ ਨੂੰ ਹੀ ਪਰਮਾਤਮਾ ਮੰਨ ਲੈਂਦਾ ਹੈ। ਗੁਰੂ ਜੀ ਉਪਦੇਸ਼ ਦਿੰਦੇ ਹਨ, ਕਿ ਮਨੁਖ ਦੇ ਹਥ ਵਿਚ ਕੁਝ ਵੀ ਨਹੀਂ ਹੈ, ਕਰਨਹਾਰ ਤਾਂ ਪਰਮਾਤਮਾ ਆਪ ਹੈ, ਇਸ ਲਈ ਮਨੁਖ ਨੂੰ ਉਸ ਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ। ਯਥਾ-

ਸ੍ਵਾਨ ਦ੍ਰਿਸਟੀ ਤਜ ਦੇਹੁ ਸੁਜਾਨੋ॥ ਦ੍ਰਿਸਟੀ ਸੇਰ ਰਿਦੈ ਮੈ ਆਨੋ॥

ਹਰਿ ਕੀ ਭਗਤਿ ਮਾਹਿ ਅਨੁਰਾਗਹੁ॥ ਜਾਮ ਜਾਮਨੀ ਤੇ ਨਿਤ ਜਾਗਹੁ॥34॥

ਸੁਨ ਕਰ ਤਿਨੈ ਪ੍ਰਸਨ ਤਬ ਕੀਨਾ॥ ਦ੍ਰਿਸਟਿ ਭੇਦ ਹਮਨੈ ਨਹਿ ਚੀਨਾ॥

ਕਹੋ ਪ੍ਰਗਟ ਕਰ ਕ੍ਰਿਪਾ ਨਿਧਾਨਾ॥ ਤੁਮ ਪੂਰਨ ਹਮ ਜੀਵ ਅਜਾਨਾ॥35॥

ਸੁਨ ਕਰ ਸ੍ਰੀ ਗੁਰ ਉਤਰ ਦੀਨੋ॥ ਦ੍ਰਿਸਟਿ ਸ੍ਵਾਨ ਇਮ ਉਰ ਮੈ ਚੀਨੋ॥

ਦੁਖ ਸੁਖ ਮੁਝ ਕੋ ਮਾਨਵ ਦੇਤੇ॥ ਹਰਿ ਕੀ ਗਤਿ ਨਹਿ ਲਖੈ ਅਚੇਤੇ॥36॥

ਜਯੋਂ ਸਗ ਲਖੈ ਨ ਮਾਰਨ ਹਾਰੇ॥ ਲਕਟੀ ਕੇ ਕਾਟੈ ਰਿਸ ਧਾਰੈ॥

ਇਸ ਪ੍ਰਕਾਰ ਕੇ ਜੇ ਨਰ ਜਾਨੋ॥ ਮਨਮੁਖ ਕੂਕਰ ਦ੍ਰਿਸਟਿ ਪਛਾਨੋ॥37॥

ਜੋ ਜਗ ਮੈ ਦੁਖ ਸੁਖ ਤਨ ਹੋਈ॥ ਨਿਰੰਕਾਰ ਤੈ ਜਾਨੈ ਸੋਈ॥

ਮਾਨਵ ਬਪਰੇ ਕੇ ਕਜਾ ਹਾਥਾ॥ ਕਰਣ ਕਰਾਵਨ ਸ੍ਰੀ ਜਗ ਨਾਥਾ॥38॥

ਜਜੈ ਮ੍ਰਿਗਿੰਦ ਸਸਤ੍ਰਨ ਕੋ ਛੋਰੈ॥ ਮਾਰਨ ਹਾਰੇ ਸੌ ਦ੍ਰਿਗ ਜੋਰੈ॥

ਤਜੈ ਗੁਰਮੁਖ ਉਹ ਮਾਹਿ ਬਿਚਾਰਾ॥ ਦੁਖ ਸੁਖ ਦੈਨਹਾਰ ਕਰਤਾਰਾ॥39॥[180]

ਇਸ ਤਰ੍ਹਾਂ ਕਵਿ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਉਸ ਦੇ ਭਾਣੇ ਨੂੰ ਮੰਨਣ ਦੀ ਤਾਕੀਦ ਕਰਦਾ ਹੋਇਆ ਕਹਿੰਦਾ ਹੈ, ਕਿ ਮਨੁਖ ਨੂੰ ਰਾਗ-ਦ੍ਵੈਖ ਅਤੇ ਮੰਦ-ਕਰਮ ਤਿਆਗ ਕੇ ਪ੍ਰਭੂ ਦਾ ਭਾਣਾ ਮੰਨਣਾ ਅਤੇ ਪਰਮਾਤਮਾ ਦਾ ਸਿਮਰਨ ਕਰਣਾ ਚਾਹੀਦਾ ਹੈ, ਤਾਂ ਜੋ ਉਸ ਦਾ ਆਵਾਗਵਨ ਖ਼ਤਮ ਹੋ ਜਾਵੇ-

ਰਾਗ ਦ੍ਵੈਖ ਮਲ ਤਜਾਗ ਕੈ ਪ੍ਰਭ ਭਾਣਾ ਮਾਨੋ॥

ਸਿਮਰ ਨਾਮ ਕਰਤਾਰ ਕੋ ਮਿਟ ਆਵਨ ਜਾਨੋ॥21॥[181]

## ਜੀਵਨ-ਮੁਕਤੀ

ਗੁਰਮਤਿ ਵਿਚ ਜੀਵ ਦਾ ਅੰਤਿਮ ਲਕਸ਼ ਮੋਕਸ਼ ਦੀ ਪ੍ਰਾਪਤੀ ਕਰ ਣਾ ਹੈ, ਜੋ ਕਿ ਮੌਤ ਤੋਂ ਬਾਅਦ ਮੁਕਤੀ ਦੀਆਂ ਪ੍ਰਚਲਿਤ ਅਵਧਾਰਨਾਵਾਂ ਤੋਂ ਭਿੰਨ ਹੈ, ਕਿਉਂਕਿ ਇਸ ਦੀ ਵਿਲਖਣਤਾ ਜੀਵਨ-ਮੁਕਤੀ ਭਾਵ ਰਹਿੰਦੇ ਜੀਵਨ ਵਿਚ ਹੀ ਮੁਕਤੀ ਦੀ ਪ੍ਰਾਪਤੀ ਕਰ ਲੈਣਾ ਹੈ।

ਗੁਰਮਤਿ ਵਿਚ ਜੀਵਨ-ਮੁਕਤੀ ਦੀ ਅਵਸਥਾ ਨੂੰ ਪ੍ਰਾਪਤ ਕਰਣਾ ਅਤਿ ਨੀਕਾ (ਚੰਗਾ) ਦਸਿਆ ਹੈ। ਇਹ ਅਵਸਥਾ ਹਉਮੈਂ ਇਤਿਆਦਿਕ ਵਿਕਾਰਾਂ ਦਾ ਤਿਆਗ ਕਰਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ-

ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥

ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥

ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ॥

ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥[182]

---

[180] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 367.

[181] ਉਹੀ, ਪੰਨਾ 149.

ਉਹ ਜੀਵ ਜੋ ਆਪਣੇ ਜੀਵਨ ਕਾਲ ਸਮੇਂ ਹੀ ਵਿਕਾਰਾਂ ਨੂੰ ਤਿਆਗ ਕੇ ਮਨ ਨੂੰ ਨਿਰਮਲ ਕਰ ਲੈਂਦਾ ਹੈ, ਇਸ ਉਪਰ ਪਰਮਾਤਮਾ ਦੀ ਕ੍ਰਿਪਾ ਹੋਣ ਨਾਲ ਉਸਦਾ ਨਾਮ ਹੀ ਭੋਜਨ ਬਣ ਜਾਂਦਾ ਹੈ। ਉਸ ਦਾ ਮਨ ਸਾਰੀਆਂ ਹੀ ਬੁਰਾਈਆਂ ਤੋਂ ਮੁਕਤ ਹੋ ਕੇ ਗੁਣਾਂ ਦੀ ਖਾਣ ਬਣ ਜਾਂਦਾ ਹੈ, ਅਜਿਹੇ ਜੀਵ ਨੂੰ ਹੀ ਗੁਰੁਬਾਣੀ ਵਿਚ ਜੀਵਨ-ਮੁਕਤ ਕਿਹਾ ਗਿਆ ਹੈ-

ਜੀਵਤ ਮਰੈ ਮਰਿ ਮਰਣੁ ਸਵਾਰੈ॥

ਗੁਰ ਕੈ ਸਬਦਿ ਸਾਚੁ ਜੰਮੈ ਮਰੈ ਨ ਆਵੈ ਜਾਇ॥

ਗੁਰ ਪਰਸਾਦੀ ਸਾਚਿ ਸਮਾਇ॥2॥[183]

ਭਾਈ ਕਾਨ੍ਹ ਸਿੰਘ ਨਾਭਾ ਆਵਾਗਵਨ ਤੋਂ ਮੁਕਤੀ ਦਾ ਸਾਧਨ ਦਸਦੇ ਹਨ। ਯਥਾ-

*"ਗੁਰੁਮਤ ਨੂੰ ਮਨ ਵਸਾ ਕੇ ਜਦ ਪੁਰੁਸ਼ ਕੁਕਰਮਾਂ ਤੋਂ ਮਨ ਫੇਰਦਾ ਹੈ ਅਤੇ ਸ਼ੁਭ ਗੁਣਾਂ ਨੂੰ ਚਿੱਤ ਵਿਚ ਨਿਵਾਸ ਦਿੰਦਾ ਹੋਇਆ ਗੁਰੁ ਉਪਦੇਸ਼ ਪਰ ਅਮਲ ਕਰਦਾ ਹੈ, ਤਦ ਅਗਯਾਨ ਦਾ ਨਾਸ਼ ਹੋ ਕੇ ਗਯਾਨ ਦਾ ਪ੍ਰਕਾਸ਼ ਹੋਂਦਾ ਹੈ, ਜਿਸ ਤੋਂ ਆਵਾ-ਗੌਣ ਦੀ ਸਮਾਪਤੀ ਹੋ ਜਾਂਦੀ ਹੈ।"*[184]

ਚਰਚਿਤ ਕ੍ਰਿਤੀ ਵਿਚ ਵੀ ਜੀਵਨ-ਮੁਕਤੀ ਬਾਰੇ ਸੰਖਿਪਿਤ ਵਿਚਾਰ ਅੰਕਿਤ ਕਰਦਿਆਂ, ਜੀਵਨ-ਮੁਕਤੀ ਦੀ ਪ੍ਰਾਪਤੀ ਲਈ ਗੁਰੂ ਦੀ ਸ਼ਰਣ ਵਿਚ ਆਉਣਾ ਜ਼ਰੂਰੀ ਦਸਿਆ ਹੈ। ਭਾਗੀਰਥ ਵਾਲੀ ਸਾਖੀ ਵਿਚ ਭਾਗੀਰਥ ਕਹਿੰਦਾ ਹੈ, ਕਿ ਨਾਮ ਅਤੇ ਮੁਕਤੀ ਰੂਪੀ ਅਨਮੋਲ ਵਸਤੂ ਦੀ ਪ੍ਰਾਪਤੀ ਉਸ ਨੂੰ ਗੁਰੂ ਤੋਂ ਹੀ ਹੋਈ ਹੈ। ਮੁਕਤੀ ਦੀ ਪ੍ਰਾਪਤੀ ਲਈ ਜਿਥੇ ਗੁਰੂ ਦੀ ਜ਼ਰੂਰਤ ਹੈ, ਉਥੇ ਮਨੁਖ ਦੇ ਕਰਮ ਦੀ ਵੀ ਅਹਿਮੀਅਤ ਹੈ। ਅਨਿਕ ਜਨਮਾਂ ਦੇ ਚੰਗੇ ਕਰਮਾਂ ਸਦਕਾ ਮਾਤ੍ਰ ਮਨੁਖ ਦਾ ਅੰਤਹਕਰਣ ਨਿਰਮਲ ਹੁੰਦਾ ਹੈ, ਪਰ ਗੁਰੂ ਦੇ ਬਚਨ

---

[182] ਗੂਜਰੀ ਕੀ ਵਾਰ, ਮਹਲਾ 3, 4, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 519-10.

[183] ਬਸੰਤ, ਮਹਲਾ 3, 9, ਉਹੀ, ਪੰਨਾ 1174.

[184] ਨਾਭਾ, ਕਾਨ੍ਹ ਸਿੰਘ, *ਗੁਰਮਤ ਮਾਰਤੰਡ ਭਾਗ ਪਹਿਲਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013, ਪੰਨਾ 72.

ਇਸ ਭਾਂਤਿ ਹਨ, ਜਿਵੇਂ ਸੂਰਜ ਹੁੰਦਾ ਹੈ ਅਤੇ ਉਸ ਦੇ ਪ੍ਰਕਾਸ਼ ਨਾਲ ਹਨੇਰਾ ਦੂਰ ਹੁੰਦਾ ਹੈ । ਉਸ ਭਾਂਤਿ ਗੁਰੂ ਦੇ ਬਚਨਾਂ ਨਾਲ ਅਗਿਆਨ ਰੂਪੀ ਹਨੇਰੇ ਦਾ ਨਾਸ਼ ਹੋ ਜਾਂਦਾ ਹੈ। ਸੋ ਗੁਰੂ ਦੇ ਉਪਦੇਸ਼ ਸਦਕਾ ਹੀ ਆਵਾਗਵਨ ਦੇ ਬੰਧਨ ਤੋਂ ਛੁਟਕਾਰਾ ਹੁੰਦਾ ਹੈ ਅਤੇ ਜੀਵਨ-ਮੁਕਤੀ ਰੂਪੀ ਫਲ ਦੀ ਪ੍ਰਾਪਤੀ ਹੁੰਦੀ ਹੈ। ਯਥਾ-

ਬਚਨ ਜਾਸ ਕੋ ਭਾਨ ਸਮਾਨਾ ਤਮ ਅਗਜਾਨ ਹੋਤ ਸੁਨ ਹਾਨ॥
ਮਗ ਬਿਹੰਗ ਕੋ ਜਿਨੈ ਬਤਾਯੋ ਫਲ ਜੁ ਮੁਕਤਿ ਲੀਨੋ ਸੁਖ ਮਾਨ॥
ਹਉਮੈ ਸੰਗਰ ਕਰਤ ਸਬ ਕਰਮਾ ਜਪ ਤਪ ਬ੍ਰਤ ਆਦਿਕ ਸਬ ਜਾਨ॥
ਸੋ ਚੀਟੀ ਮਾਰਗ ਇਵ ਜਾਨੋ ਸੁਨੋ ਸੁਨਾਵਤ ਹੋ ਰਾਜਾਨ॥54॥
ਕੇਤਕ ਜਨਮ ਕਰਮ ਸੁਭ ਕਰਹੀ ਅੰਤਹ ਕਰਣ ਮੈਲ ਤਬ ਧੋਇ॥
ਮਿਲ ਸਤਿਗੁਰ ਦੈ ਹੈ ਉਪਦੇਸਾ ਭਵ ਬੰਧਨ ਛੁਟਕਾ ਵਹ ਸੋਇ॥
ਅਸ ਪ੍ਰਕਾਰ ਪਰੁਚਤ ਤਿਹ ਜਾਈ ਤਬ ਫਲ ਮੁਕਤਿ ਪਰਾਪਤਿ ਹੋਇ॥
ਸੁਨਤ ਨ੍ਰਿਪਤ ਮਨਸੁਖ ਕੀ ਬਾਨੀ ਮਨਸੁਖ ਭਯੋ ਗਯੋ ਭ੍ਰਮ ਖੋਇ॥55॥[185]

ਕਵਿ ਨੇ ਸੰਤ ਅਤੇ ਪਰਮਾਤਮਾ ਵਿਚ ਕੋਈ ਭੇਦ ਨਾ ਹੋਣ ਦੀ ਗਲ ਨੂੰ ਪੂਰੇ ਨਿਸ਼ਚਯ ਨਾਲ ਸਵੀਕ੍ਰਿਤ ਕਰਦਿਆਂ ਕਿਹਾ ਹੈ, ਕਿ ਧਰਮ-ਕਰਮ ਨਾਲ ਹੀ ਸੰਤ ਦੀ ਸ਼ਰਣ ਪ੍ਰਾਪਤੀ ਹੁੰਦੀ ਹੈ। ਜਿਸ ਤਰ੍ਹਾਂ ਪਰਮਾਤਮਾ ਨਿਰਗੁਣ ਅਤੇ ਸਰਗੁਣ ਹੈ, ਉਸੇ ਤਰ੍ਹਾਂ ਹੀ ਮਨੁਖ ਹੈ। ਉਸ ਦਾ ਸਰੀਰ ਸਰਗੁਣ ਹੈ ਅਤੇ ਹਿਰਦੈ ਨਿਰਗੁਣ। ਜਦੋਂ ਹਿਰਦੈ ਦਾ ਸ਼ਬਦ ਨਾਲ ਮੇਲ ਹੋ ਗਿਆ, ਤਾਂ ਉਸ ਨੂੰ ਜੀਵਨ-ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ । ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਮੁਕਤੀ ਕੋਈ ਮੌਤ ਤਾਂ ਬਾਅਦ ਵਾਲੀ ਅਵਧਾਰਣਾਂ ਨਹੀਂ, ਬਲਕਿ ਗੁਰੁਬਾਣੀ ਵਿਚ ਪ੍ਰਤੀਪਾਦਿਤ ਜੀਵਨ-ਮੁਕਤੀ ਦੇ ਸਿਧਾਂਤ ਦੀ ਹੀ ਪ੍ਰੋੜ੍ਹਤਾ ਹੈ। ਯਥਾ-

ਸੰਤ ਪ੍ਰਭੁ ਮੈ ਭੇਦ ਨਹਿ ਦ੍ਰਿਢ ਨਿਸਚਾ ਕੀਜੈ॥
ਧਰਮ ਕ੍ਰਿਤ ਕਰ ਮਿਲ ਛਕੋ ਪਗ ਸਰਨ ਲਖੀਜੈ॥

---

[185] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 129.

ਸਰਗੁਣ ਰੂਪ ਸਰੀਰ ਹੈ ਨਿਸਚੇ ਜਿਜ ਜਾਨੋ॥

ਸਬਦ ਰਿਦਾ ਨਿਰਗੁਣ ਮੁਝੈ ਉਰ ਮਾਹਿ ਪਛਾਨੋ॥27॥

ਸਬਦ ਮਿਲਯੋ ਨਹਿ ਬੀਛਰੈ ਮਿਲ ਬਿਛਰੈ ਦੇਹਾ॥

ਸੁਨਤ ਤਿਨੈ ਸ੍ਰੀ ਗੁਰ ਬਚਨ ਕੀਨੀ ਬਿਧ ਹੇਹਾ॥

ਜੀਵਨ ਮੁਕਤਿ ਭਏ ਤਬੈ ਸੁਖ ਪਦ ਕੋ ਪਾਵਾ॥

ਬਹੁਰ ਨ ਲਾਗੀ ਤਾਹਿ ਕੋ ਜਗ ਦੁਖ ਬਨਦਾਵਾ॥28॥[186]

ਸ਼ੇਖ ਸਰਫਦੀਨ ਦੇ ਪ੍ਰਸੰਗ ਵਿਚ ਵੀ ਸ਼ੇਖ ਦਾ ਪ੍ਰਸ਼ਨ ਹੁੰਦਾ ਹੈ, ਕਿ ਖ਼ਫ਼ਨੀ ਦਾ ਅਰਥ ਕੀ ਹੈ? ਇਸ ਦਾ ਕਾਰਜ ਕੀ ਹੈ? ਇਸ ਦਾ ਉਤਰ ਚਰਚਿਤ ਕ੍ਰਿਤੀ ਵਿਚ ਇਸ ਪ੍ਰਕਾਰ ਦਿਤਾ ਹੈ, ਕਿ ਖ਼ਫ਼ਨੀ ਖ਼ੁਦਾ ਦੇ ਖ਼ੌਫ਼ ਕਰਕੇ ਹੀ ਪਹਿਨੀ ਜਾਂਦੀ ਹੈ। ਸਰੀਰ ਨਸ਼ਵਰ ਹੋਣ ਕਰਕੇ, ਇਸ ਨਾਲ ਮੋਹ ਤਿਆਗ ਕੇ ਹੀ ਜੀਵਨ-ਮੁਕਤੀ ਦੀ ਪ੍ਰਾਪਤੀ ਕਰਣੀ ਚਾਹੀਦੀ ਹੈ-

ਖਫਨੀ ਖੌਫ ਖੁਦਾਇ ਹਿਤ ਪਾਵਹ ਗਰ ਮਾਹੀ॥

ਪਹਰਾਵਾ ਯਹ ਮ੍ਰਿਤਕ ਕੋ ਸਮਝੋ ਮਨ ਮਾਹੀ॥

ਜੀਵਤ ਹੀ ਮ੍ਰਿਤਕ ਬਨੈ ਨਿਜ ਹੱਕ ਪਛਾਨੈ॥

ਔਰ ਏਕ ਦ੍ਰਿਸਟਾਤ ਕੋ ਸੁਨ ਲੇਹੁ ਸੁਜਾਨੇ॥13॥[187]

ਕਵਿ ਦੁਆਰਾ ਇਕ ਦ੍ਰਿਸ਼ਟਾਂਤ ਦੇ ਕੇ ਵੀ ਜੀਵਨ-ਮੁਕਤੀ ਦੀ ਅਵਸਥਾ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਜਿਸ ਤਰ੍ਹਾਂ ਕੋਈ ਮਨੁਖ ਪਾਣੀ ਵਿਚ ਤਰਣ ਤੋਂ ਪਹਿਲਾਂ ਡੁਬਦਾ ਹੈ, ਭਾਵ ਤਰਣਾ ਸਿਖਣ ਸਮੇਂ ਉਸ ਨੂੰ ਪਾਣੀ ਵਿਚ ਉਤਰ ਕੇ ਡੁਬਣਾ ਪੈਂਦਾ ਹੈ, ਫਿਰ ਜਦੋਂ ਉਹ ਤਰਣਾ ਸਿਖ ਜਾਂਦਾ ਹੈ, ਤਾਂ ਉਸ ਨੂੰ ਪਾਣੀ ਨਹੀਂ

---

[186] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 590.

[187] ਉਹੀ, ਪੰਨਾ 557 ਅਤੇ 558.

ਡੋਬ ਸਕਦਾ। ਇਸ ਲਈ ਜੀਵ ਨੂੰ ਸਾਰਿਆਂ ਦੇ ਪੈਰਾਂ ਦੀ ਧੂੜ ਬਣਨਾ ਪਵੇਗਾ, ਆਪਣਾ ਆਪ ਮਿਟਾ ਕੇ ਹੀ ਜੀਵਨ-ਮੁਕਤੀ ਦੀ ਅਵਸਥਾ ਪ੍ਰਾਪਤ ਹੋਵੇਗੀ। ਫਿਰ ਉਸ ਨੂੰ ਜਨਮ-ਮਰਨ ਦਾ ਡਰ ਨਹੀਂ ਰਹੇਗਾ। ਯਥਾ-

ਜਲ ਮੈ ਪ੍ਰਿਥਮੈ ਡੂਬ ਕੈ ਤਰੁ ਹੈ ਪੁਨ ਜੋਈ॥

ਬਹੁਰ ਨ ਡੂਬਨ ਡਰ ਤਿਸੈ ਕਾਹੂ ਜਲ ਹੋਈ॥

ਜੈਸੇ ਮ੍ਰਿਤ ਹ੍ਵੈ ਜੋ ਜਿਯੇ ਮ੍ਰਿਤ ਡਰ ਪੁਨ ਨਾਹੀ॥

ਸਬ ਕੇ ਪਗ ਕੀ ਖਾਕ ਹ੍ਵੈ ਨਹ ਆਪ ਜਨਾਈ॥14॥[188]

ਇਸ ਤਰ੍ਹਾਂ ਕਵਿ ਦੇ ਦ੍ਰਿਸ਼ਟੀਕੋਣ ਤੋਂ ਅਸੀਂ ਦੇਖਦੇ ਹਾਂ, ਕਿ ਉਸਨੇ ਭਾਰਤੀ ਅਤੇ ਸਾਮੀ ਧਰਮਾਂ ਦੀ ਅਵਧਾਰਣਾਵਾਂ ਵਾਲੀ ਮੁਕਤੀ ਦੇ ਵਿਚਾਰ ਅੰਕਿਤ ਨਹੀਂ ਕੀਤੇ, ਬਲਕਿ ਗੁਰਮਤਿ ਦੇ ਅਨੁਸਾਰ ਹੀ ਜੀਵਨ-ਮੁਕਤੀ ਦੀ ਵਿਚਾਰ ਅੰਕਿਤ ਕੀਤੀ ਹੈ।

## ਗ੍ਰਿਹਸਥ

ਗੁਰਮਤਿ ਵਿਚ ਗ੍ਰਿਹਸਥ ਨੂੰ ਉਤਮ ਦਸਿਆ ਗਿਆ ਹੈ। ਗੁਰਬਾਣੀ ਵਿਚ ਇਸ ਪ੍ਰਥਾਇ ਅਨੇਕਾਂ ਹੀ ਪ੍ਰਮਾਣ ਮਿਲ ਜਾਂਦੇ ਹਨ। ਜੋਗੀਆਂ ਅਤੇ ਜਤੀਆਂ ਵਾਲੀ ਜੁਗਤੀ ਨੂੰ ਰਦ ਕਰਦੇ ਹੋਏ ਗੁਰਬਾਣੀ ਵਿਚ ਨਿਰਣਯ ਅੰਕਿਤ ਕੀਤਾ ਗਿਆ ਹੈ, ਕਿ ਜੇਕਰ ਇਨ੍ਹਾਂ ਕਰਮਾਂ ਨਾਲ ਹੀ ਮੁਕਤੀ ਮਿਲਦੀ ਹੁੰਦੀ ਤਾਂ ਖ਼ੁਸਰੇ ਦੀ ਸਭ ਤੋਂ ਪਹਿਲਾਂ ਗਤਿ ਹੁੰਦੀ-

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥

ਬਿੰਦੁ ਰਾਖਿ ਜੌ ਤਰੀਐ ਭਾਈ॥

ਖੁਸਰੈ ਕਿਉ ਨ ਪਰਮਗਤਿ ਪਾਈ॥[189]

---

[188] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 558.

[189] ਗਉੜੀ, ਕਬੀਰ ਜੀ, 4 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 587.

ਭਗਤ ਫ਼ਰੀਦ ਜੀ ਨੇ ਗ੍ਰਿਹਸਥ ਬਾਰੇ ਇਹ ਨਿਰਣਯ ਕੀਤਾ ਹੈ, ਕਿ ਭਾਂਜਵਾਦੀ ਪ੍ਰਵਿਰਤੀ ਨੂੰ ਤਿਆਗ ਕੇ ਗ੍ਰਿਹਸਥ ਵਿਚ ਹੀ ਜੀਵਨ ਬਿਤੀਤ ਕਰਨਾ ਚਾਹੀਦਾ ਹੈ। ਕਿਉਂਕਿ ਜਿਸ ਪਰਮਾਤਮਾ ਨੂੰ ਲਭਣ ਲਈ ਮਨੁਖ ਭਾਂਜਵਾਦੀ ਮਾਰਗ ਉਪਰ ਗਿਆ ਹੈ, ਉਸ ਦਾ ਵਾਸ ਤਾਂ ਮਨੁਖ ਦੇ ਹਿਰਦੈ ਵਿਚ ਹੈ। ਇਸ ਲਈ ਜੰਗਲਾਂ ਵਿਚ ਲਭਣ ਨਾਲ ਕੁਝ ਵੀ ਪਲੇ ਨਹੀਂ ਪਵੇਗਾ-

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥[190]

ਗੁਰਮਤਿ ਅਨੁਸਾਰ ਗ੍ਰਿਹਸਥ ਵਿਚ ਹੀ ਤਿਆਗ ਦੀ ਬਿਰਤੀ ਨੂੰ ਪ੍ਰਬਲ ਕਰਣ ਦਾ ਉਪਦੇਸ਼ ਦਿਤਾ ਹੈ। ਇਸ ਨਾਲ ਹੀ ਇਹ ਵੀ ਸਪਸ਼ਟ ਕੀਤਾ ਹੈ, ਕਿ ਜੋ ਗ੍ਰਿਹਸਥ ਵਿਚ ਉਦਾਸ ਹੋ ਕੇ ਰਹਿੰਦਾ ਹੈ, ਉਸਦੇ ਅੰਦਰ ਸਚ, ਸੰਜਮ ਅਤੇ ਸ਼ੁਭ ਗੁਣਾਂ ਦਾ ਪ੍ਰਗਾਸ ਅਪਣੇ ਆਪ ਹੀ ਹੋ ਜਾਂਦਾ ਹੈ-

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥

ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ॥[191]

ਭਾਈ ਕਾਨ੍ਹ ਸਿੰਘ ਨਾਭਾ ਨੇ ਹਿੰਦੂ ਮਤ ਅਨੁਸਾਰ ਚਾਰ ਪ੍ਰਕਾਰ ਦੇ ਆਸ਼੍ਰਮ ਦਸੇ ਹਨ । ਉਹ ਲਿਖਦੇ ਹਨ, *ਹਿੰਦੂਮਤ ਅਨੁਸਾਰ ਜੀਵਨ ਦੀ ਅਵਸਥਾ, ਜਿਸ ਦੇ ਚਾਰ ਭੇਦ ਹਨ- ਬ੍ਰਹਮਚਰਯ, ਗ੍ਰਿਹਸਥ, ਵਾਨਪ੍ਰਸਥ ਅਤੇ ਸੰਨਜਾਸ।*[192]

ਕਵਿ ਨੇ ਵੀ ਚਾਰ ਆਸ਼੍ਰਮਾਂ ਦੀ ਚਰਚਾ ਕਰਕੇ ਗ੍ਰਿਹਸਥ ਨੂੰ ਹੀ ਸਰਵੋਤਮ ਦਸਿਆ ਹੈ। 'ਭਾਰਤ ਖੰਡ ਆਵਨ ਪ੍ਰਸੰਗ' ਵਿਚ ਭਦ੍ਰ ਖੰਡ ਦੇ ਰਾਜੇ ਕੌਲ ਨਾਭ ਨੂੰ ਗੁਰੂ ਜੀ ਉਪਦੇਸ਼ ਦਿੰਦੇ ਹੋਏ ਚਾਰੇ ਆਸ਼੍ਰਮਾਂ ਵਿਚੋਂ

---

[190] ਸਲੋਕ ਸੇਖ ਫ਼ਰੀਦ ਕੇ, 19, ਉਹੀ, ਪੰਨਾ 1378.

[191] ਸਿਰੀਰਾਗੁ, ਮਹਲਾ 3, 2, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 26.

[192] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 92.

ਗ੍ਰਿਹਸਥ ਨੂੰ ਉਤਮ ਦਸ ਕੇ ਉਸ ਦੀ ਉਤਮਤਾ ਦਾ ਕਾਰਣ ਵੀ ਦਸਦੇ ਹਨ। ਕਵਿ ਕਹਿੰਦਾ ਹੈ, ਕਿ ਗੁਰੂ ਜੀ ਨੇ ਇਸ ਪ੍ਰਕਾਰ ਗ੍ਰਿਹਸਥ ਨੂੰ ਸਭ ਤੋਂ ਮਹਾਨ ਦਸਿਆ ਹੈ-

ਜੁਗ ਕਰ ਜੋਰ ਭਨੀ ਮੁਖ ਬਾਨੀ॥ ਕੌਲ ਨਾਭ ਜਿਹ ਨਾਮ ਬਖਾਨੀ॥
ਆਸ੍ਰਮ ਚਾਰ ਜੁ ਕਹੇ ਪੁਰਾਨਾ॥ ਤਿਨ ਮੈ ਉਤਮ ਭਨੋ ਸੁਜਾਨਾ॥42॥
ਮੈ ਬੂਝਯੋ ਲਖ ਹਰਿ ਜਨ ਪੂਰਨ॥ ਕਰੋ ਨਿਵਾਰਨ ਸੰਸਾ ਤੂਰਨ॥
ਕਹਤ ਭਏ ਤਬ ਕ੍ਰਿਪਾ ਨਿਧਾਨਾ॥ ਸਬ ਤੇ ਜਾਨੋ ਗ੍ਰਿਸਤ ਮਹਾਨਾ॥43॥[193]

ਇਸ ਆਸ਼੍ਰਮ ਦਾ ਸਰਵੋਤਮ ਹੋਣ ਦਾ ਕਾਰਣ ਇਸ ਦੀ ਸਿਰਜਣਾਤਮਕਤਾ ਹੈ, ਕਿਉਂਕਿ ਇਸ ਦੁਆਰਾ ਹੀ ਜੀਵਾਂ ਦੀ ਉਤਪਤੀ ਹੁੰਦੀ ਹੈ ਅਤੇ ਫਿਰ ਉਨ੍ਹਾਂ ਦੀ ਪਾਲਣਾ ਕਰਣ ਦਾ ਜ਼ਿੰਮਾਂ ਵੀ ਹੁੰਦਾ ਹੈ। ਇਸ ਤਰ੍ਹਾਂ ਸਾਰੇ ਆਸ਼੍ਰਮਾਂ ਦਾ ਮੂਲ ਗ੍ਰਿਹਸਥ ਆਸ਼੍ਰਮ ਹੀ ਹੈ, ਕਿਉਂਕਿ ਜੇਕਰ ਗ੍ਰਿਹਸਥ ਨਾ ਹੁੰਦਾ ਤਾਂ ਬ੍ਰਹਮਚਾਰੀ, ਸੰਨਿਆਸੀ ਇਤਿਆਦਿਕ ਅਖਵਾਉਣ ਵਾਲੇ ਪੈਦਾ ਹੀ ਨਾ ਹੁੰਦੇ। ਇਨ੍ਹਾਂ ਦੀ ਹੋਂਦ ਦਾ ਮੂਲ ਗ੍ਰਿਹਸਥ ਹੀ ਹੈ। ਸੋ ਗ੍ਰਿਹਸਥ ਹੀ ਸਾਰੇ ਆਸ਼੍ਰਮਾਂ ਦਾ ਮੂਲ ਹੈ, ਜੋ ਇਕ ਵਿਸ਼ਾਲ ਰੁਖ ਦੀ ਭਾਂਤਿ ਹੈ, ਬਾਕੀ ਅਵਸਥਾਵਾਂ ਇਸਦੀਆਂ ਸ਼ਾਖਾਵਾਂ ਹਨ। ਗ੍ਰਿਹਸਥ ਮਾਰਗ ਇਕ ਸਮੁੰਦਰ ਦੇ ਸਮਾਨ ਹੈ, ਬਾਕੀ ਆਸ਼੍ਰਮ ਇਸ ਵਿਚੋਂ ਉਪਜੇ ਅਨਿਕ ਭਾਂਤਿ ਦੇ ਮੋਤੀ ਹਨ। ਇਸੇ ਆਸ਼੍ਰਮ ਦੇ ਦਾਨ ਕਰਕੇ ਹੀ ਦੂਜਿਆਂ ਦੀ ਪਾਲਣਾ ਹੁੰਦੀ ਹੈ। ਜਿਸ ਪ੍ਰਕਾਰ ਖੂਹ ਵਿਚੋਂ ਪਾਣੀ ਕਢਣ ਨਾਲ ਸ਼ੀਤਲ ਜਲ ਸਾਰਿਆਂ ਨੂੰ ਪ੍ਰਾਪਤ ਹੁੰਦਾ ਹੈ, ਉਸੇ ਭਾਂਤਿ ਗ੍ਰਿਹਸਥ ਰੂਪ ਖੂਹ ਵਿਚੋਂ ਹੀ ਸਾਰਿਆਂ ਨੂੰ ਸ਼ੀਤਲ ਜਲ ਮਿਲਦਾ ਹੈ ਅਤੇ ਇਸ ਵਿਚੋਂ ਇਹ ਜਲ ਘਟਦਾ ਨਹੀਂ, ਬਲਕਿ ਵਧਦਾ ਹੀ ਰਹਿੰਦਾ ਹੈ। ਸੋ ਦਾਨ-ਪੁੰਨ ਕਰਣਾ ਗ੍ਰਿਹਸਥੀ ਦਾ ਪਰਮ ਧਰਮ ਹੈ, ਜਿਸ ਸਦਕਾ ਉਸਨੂੰ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ। ਵਾਸਤਵ ਵਿਚ ਜੋ ਵਿਅਕਤੀ ਗ੍ਰਿਹਸਥ ਵਿਚ ਨਾਮ ਸਿਮਰਨ ਕਰਦਾ ਹੈ, ਭਾਵ ਪਰਮਾਤਮਾ ਨਾਲ ਜੁੜਦਾ ਹੈ, ਉਹ ਗ੍ਰਿਹਸਥੀ ਪਰਮੇਸ਼ਰ ਨੂੰ ਪ੍ਰਵਾਨ ਹੈ। ਯਥਾ-

ਸਬ ਕੋ ਉਤਪਤਿ ਕਰਨੇਹਾਰਾ॥ ਬਹੁਰ ਕਰੈ ਸਬ ਕੀ ਪ੍ਰਿਤਪਾਰਾ॥

---

[193] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 367.

ਜਿਮੈ ਬਾਰਕ ਮਲਨ ਉਪਜਾਈ॥ ਬਹੁਰ ਕਰੈ ਪੋਖਨ ਹਿਤ ਲਾਈ॥44॥

ਤਰੁ ਕੋ ਮੂਲ ਗ੍ਰਿਸਤ ਪਹਚਾਨੋ॥ ਔਰ ਸਬੇ ਸਾਖਾ ਸਮ ਜਾਨੋ॥

ਸਿੰਧ ਸਮਾਨ ਯਾਹ ਨਿਰਧਾਰਾ॥ ਉਪਜਤ ਮੋਤੀ ਅਨਕ ਪ੍ਰਕਾਰਾ॥45॥

ਬ੍ਰਹਮ ਚਰਜ ਅਰੁ ਪ੍ਰਸ ਤਜੁ ਬਾਨੰ॥ ਪੁਨ ਸੰਨਜਾਸ ਸਬਦ ਸੁਖਦਾਨੰ॥

ਦਾਨ ਕਰੈ ਬਹੁ ਸੌ ਮਿਲ ਖਾਵੈ॥ ਅਭਜਾਗਤ ਰੀਤੋ ਨਹਿ ਜਾਵੈ॥46॥

ਜਜੌ ਜਲ ਕੂਪਨ ਜਾਹਿ ਨਿਕਾਸਾ॥ ਹੋਇ ਸੁ ਸ੍ਵਾਦ ਬਿਨਾ ਦੁਰਬਾਸਾ॥

ਨਿਕਸਤ ਰਹੈ ਨਿਤਾ ਪ੍ਰਤਿ ਜੋਈ॥ ਸੀਤਲ ਮਧੁਰ ਨੀਰ ਤਿਹ ਹੋਈ॥47॥

ਤਜੌ ਗ੍ਰਸਤੀ ਕੀ ਰੀਤ ਬਿਚਾਰਾ॥ ਕਰਹ ਜੁ ਨਰ ਸੁਖ ਲਹੈ ਅਪਾਰਾ॥

ਗ੍ਰਸਤ ਮਾਹਿ ਹਰਿ ਨਾਮ ਉਚਰਹੀ॥ ਪੁਨ ਆਤਮ ਅਭਜਾਸ ਜੁ ਕਰਹੀ॥48॥[194]

'ਸਿਖਨ ਪ੍ਰਸੰਗ' ਵਿਚ ਕਵਿ ਨੇ ਇਕ ਉਪਦੇਸ਼ਾਤਮਕ ਸਾਖੀ ਦੁਆਰਾ ਗ੍ਰਿਹਸਥ ਬਾਰੇ ਵਿਚਾਰ ਪ੍ਰਸਤੁਤ ਕੀਤੇ ਹਨ, ਕਿ ਜੇਕਰ ਸਿਖ ਬਣਨਾ ਹੈ, ਤਾਂ ਉਸ ਸਿਖ ਵਰਗਾ ਬਣੋ, ਜਿਸ ਨੇ ਆਪਣੀ ਪੁਤ੍ਰੀ ਨੂੰ ਵੇਚ ਕੇ ਵੀ ਆਪਣਾ ਧਰਮ ਨਿਭਾਇਆ। ਜੇਕਰ ਸਾਧੂ ਬਣਨਾ ਹੈ, ਤਾਂ ਉਸ ਵਰਗਾ ਬਣੋ, ਜਿਸ ਨੂੰ ਦੁਸ਼ਾਲੇ ਆਉਣ ਨਾਲ ਅਤੇ ਚੁਕੇ ਜਾਣ ਨਾਲ ਕੋਈ ਫ਼ਰਕ ਨਹੀਂ ਪੈਂਦਾ । ਜੇਕਰ ਗ੍ਰਿਹਸਥੀ ਬਣਨਾ ਹੈ, ਤਾਂ ਉਨ੍ਹਾਂ ਪੰਛੀਆਂ ਵਰਗੇ ਬਣੋ, ਜੋ ਕਿ ਆਪਾ ਵਾਰ ਕੇ ਵੀ ਸੇਵਾ ਕਰਣ ਤੋਂ ਪਿਛੇ ਨਹੀਂ ਹਟਦੇ -

ਲਖਯੋ ਸਿੱਖ ਤੁਮ ਜਾਇਕੈ ਜੈਸੋ ਤਿਹ ਥਾਨਾ॥

ਸੁਤਾ ਬੇਚ ਕਰ ਧਨ ਦਯੋ ਸਰਬਸ ਗੁਰ ਜਾਨਾ॥30॥

ਸਿੱਖ ਹੋਨ ਕੀ ਆਸ ਜੋ ਤਿਹ ਸਮ ਧਰ ਧੀਰੀ॥

ਹਰਖ ਸੋਕ ਸਮ ਕਰ ਲਖੋ ਜੋ ਚਹੌ ਫਕੀਰੀ॥

ਮਗ ਮੈ ਨਿਰਖਯੋ ਸੰਤ ਜਸ ਜਿਹ ਬ੍ਰਿਤੀ ਅਸੋਕਾ॥

---

[194] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 368.

ਆਏ ਹਰਖਨ ਉਰ ਵਿਖੈ ਧਨ ਗਏ ਨ ਸੋਕਾ॥31॥

ਗ੍ਰਸਤ ਧ੍ਰਮ ਧਾਰਜੋ ਦਹੈ ਪੱਛਨ ਲੈ ਠਾਨਾ॥

ਲਖ ਅਤਿੱਥ ਨਿਜ ਤਨ ਦਿਯੇ ਮਨ ਦੁਖ ਨਹਿ ਮਾਨਾ॥[195]

ਇਸ ਪ੍ਰਕਾਰ ਚਰਚਿਤ ਕ੍ਰਿਤੀ ਵਿਚ ਗੁਰਮਤਿ ਮਾਰਗ ਦਾ ਅਨੁਸਰਣ ਕਰਦਿਆਂ, ਗ੍ਰਿਹਸਥ ਮਾਰਗ ਦੀ ਮਹਤਾ ਨੂੰ ਬਿਆਨ ਕਰਣ ਦਾ ਯਤਨ ਕੀਤਾ ਗਿਆ ਹੈ।

## ਗੁਰਮੁਖ ਅਤੇ ਮਨਮੁਖ

ਗੁਰਮੁਖ ਅਤੇ ਮਨਮੁਖ ਬਾਰੇ ਗੁਰਬਾਣੀ ਵਿਚ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ। ਅਸਲ ਵਿਚ ਗੁਰਮਤਿ ਦਾ ਆਦਰਸ਼ ਮਨੁਖ ਗੁਰਮੁਖ ਹੈ ਅਤੇ ਮੋਹ ਮਾਇਆ ਵਿਚ ਲਿਪਤ ਮਨੁਖ ਮਨਮੁਖ ਹੈ। ਗੁਰਮੁਖ ਦੇ ਗੁਣਾਂ ਬਾਰੇ ਗੁਰੁਬਾਣੀ ਵਿਚ ਕਿਹਾ ਗਿਆ ਹੈ, ਕਿ ਉਸਦਾ ਹਰ ਕਰਮ ਸਹਜ ਅਵਸਥਾ ਵਿਚ ਹੀ ਹੁੰਦਾ ਹੈ-

ਸਹਜੇ ਜਾਗੈ ਸਹਜੇ ਸੋਵੈ॥

ਗੁਰਮੁਖਿ ਅਨਦਿਨੁ ਉਸਤਤਿ ਹੋਵੈ॥[196]

ਉਸ ਕੋਲ ਜਪ, ਤਪ, ਸੰਜਮ ਅਤੇ ਪਰਮਾਤਮਾ ਦੇ ਨਾਮ ਰੂਪੀ ਗੁਣਾਂ ਦਾ ਭੰਡਾਰ ਹੁੰਦਾ ਹੈ। ਉਹ ਸਦਾ ਹੀ ਇਕ ਪਰਮਾਤਮਾ ਨੂੰ ਧਿਆਉਂਦਾ ਹੈ, ਜੋ ਕਿ ਸਾਰਿਆਂ ਦਾ ਆਧਾਰ ਹੈ-

ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ॥

ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ॥

ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ॥[197]

---

[195] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 607.

[196] ਸੋਰਠਿ ਵਾਰ, ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 646.

[197] ਸਿਰੀਰਾਗੁ, ਮਹਲਾ 3, 7, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 29.

ਗੁਰਮੁਖ ਵਿਅਕਤੀ ਦਾ ਇਹ ਵੀ ਗੁਣ ਹੁੰਦਾ ਹੈ, ਕਿ ਉਹ ਸਦਾ ਹੀ ਪਰਮਾਤਮਾ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਦਿਨ-ਰਾਤ ਉਸ ਦੀ ਹੀ ਆਰਾਧਨਾ ਕਰਦਾ ਹੈ। ਉਸ ਦੀ ਲਿਵ ਪਰਮਾਤਮਾ ਨਾਲ ਜੁੜੀ ਹੋਣ ਕਰਕੇ ਸਦਾ ਹੀ ਉਸ ਦੇ ਗੁਣਾਂ ਦਾ ਗਾਇਨ ਕਰਦਾ ਰਹਿੰਦਾ ਹੈ-

ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ॥

ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ॥

ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ॥[198]

ਇਸ ਦੇ ਵਿਪਰੀਤ ਮਨਮੁਖ ਨੂੰ ਪਰਮਾਤਮਾ ਦੇ ਨਾਮ ਦੀ ਉਕਾ ਵੀ ਸੋਝੀ ਨਹੀਂ ਹੁੰਦੀ, ਜਿਸ ਕਰਕੇ ਉਸਦੀ ਕੋਈ ਵੀ ਪਤ ਨਹੀਂ ਰਖਦਾ। ਅਨਰਸਾਂ ਵਿਚ ਗ਼ਲਤਾਨ ਹੋਣ ਕਰਕੇ ਉਸਨੂੰ ਪਰਮਾਤਮਾ ਦੇ ਨਾਮ ਦੇ ਆਨੰਦ ਦੀ ਸੋਝੀ ਨਹੀਂ ਹੁੰਦੀ, ਉਸ ਦੀ ਅਵਸਥਾ ਗੰਦਗੀ ਦੇ ਕੀੜੇ ਸਮ ਹੁੰਦੀ ਹੈ-

ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ॥

ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ॥

ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ॥[199]

ਮਨਮੁਖ ਦਾ ਤਨ ਅਤੇ ਮਨ ਦੋਵੇਂ ਹੀ ਅੰਨ੍ਹੇ ਹੁੰਦੇ ਹਨ, ਉਸਨੂੰ ਸਚ ਦੇ ਮਾਰਗ ਦਾ ਪਤਾ ਨਹੀਂ ਹੁੰਦਾ, ਇਸ ਕਰ ਕੇ ਹੀ ਉਹ ਕੁਕਰਮ ਕਰਦਾ ਹੋਇਆ ਜੋਨੀਆਂ ਵਿਚ ਭ੍ਰਮਦਾ ਰਹਿੰਦਾ ਹੈ। ਉਸਦੀ ਦਸ਼ਾ ਸੁੰਞੇ ਘਰ ਦੇ ਬਨੇਰੇ ਬੈਠੇ ਕਾਂ ਦੇ ਸਮਾਨ ਹੁੰਦੀ ਹੈ-

ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥

ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ॥[200]

---

[198] ਮਾਝ, ਮਹਲਾ 3, 6, ਉਹੀ, ਪੰਨਾ 113.

[199] ਸਿਰੀਰਾਗੁ, ਮਹਲਾ 3, 5, ਉਹੀ, ਪੰਨਾ 28.

[200] ਸਿਰੀਰਾਗੁ, ਮਹਲਾ 3, 10, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 30.

ਮਨਮੁਖ ਵਿਚ ਅਵਗੁਣ ਇਹ ਹੁੰਦਾ ਹੈ, ਕਿ ਉਹ ਆਪਣੇ ਆਪ ਨੂੰ ਅਤਿ ਚਤੁਰ ਸਮਝ ਕੇ ਚਤੁਰਾਈਆਂ ਕਰਦਾ ਹੈ, ਵਾਸਤਵਿਕਤਾ ਤੋਂ ਕੋਹਾਂ ਦੂਰ ਬੈਠੇ ਐਸੇ ਵਿਅਕਤੀ ਨੂੰ ਇਹ ਗਿਆਨ ਨਹੀਂ ਹੁੰਦਾ, ਕਿ ਉਹ ਮੂਰਖ਼ਤਾਈਆਂ ਕਰ ਰਿਹਾ ਹੈ। ਇਸ ਪ੍ਰਕਾਰ ਉਹ ਆਪਣੇ ਅਣਮੋਲ ਮਨੁਖਾ ਜੀਵਨ ਨੂੰ ਬਰਬਾਦ ਕਰ ਕੇ ਅੰਤ ਨੂੰ ਕਾਲ-ਗ੍ਰਸਤ ਹੋ ਜਾਂਦਾ ਹੈ, ਮਾਨਵ ਜੀਵਨ ਵਿਚ ਕੁਝ ਵੀ ਖਟ ਕੇ ਨਹੀਂ ਲਿਜਾਂਦਾ-

ਮਨਮੁਖ ਮੁਗਧ ਕਰਹਿ ਚਤੁਰਾਈ॥

ਨਾਤਾ ਧੋਤਾ ਥਾਇ ਨ ਪਾਈ॥

ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ॥[201]

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮੁਖ ਅਤੇ ਮਨਮੁਖ ਬਾਰੇ ਬਹੁਤ ਹੀ ਸਰਲ ਸ਼ਬਦਾਵਲੀ ਵਿਚ ਦਸਿਆ ਹੈ-

*ਜੋ ਗੁਰੂ ਦੇ ਸੰਮੁਖ ਹਨ, ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ 'ਤੇ ਪੂਰਾ ਅਮਲ ਕੀਤਾ ਹੈ, ਉਨ੍ਹਾਂ ਦੀ ਗੁਰਮੁਖ ਅਥਵਾ ਸਨਮੁਖ ਸੰਗਜਾ ਹੈ। ਇਨ੍ਹਾਂ ਤੋਂ ਵਿਰੁਧ ਆਚਰਣ ਵਾਲੇ ਮਨਮਤੀਏ ਮਨਮੁਖ ਅਥਵਾ ਵੇਮੁਖ (ਵਿਮੁਖ) ਕਹੇ ਜਾਂਦੇ ਹਨ। ਸਿਖ ਧਰਮ ਵਿਚ `ਗੁਰਮੁਖ` ਪਦਵੀ ਮਹਾ ਉਚ ਹੈ।*[202]

ਇਸੇ ਭਾਂਤਿ ਕਵਿ ਗਣੇਸ਼ ਸਿੰਘ ਨੇ ਵੀ ਗੁਰਮੁਖ ਅਤੇ ਮਨਮੁਖ ਨੂੰ ਜਨਮਸਾਖੀ ਵਿਚ ਅੰਕਿਤ ਕੀਤਾ ਹੈ। ਸਿਧਾਂ ਦੁਆਰਾ ਪੁਛੇ ਪ੍ਰਸ਼ਨ, ਕਿ ਦੁਰਮਤਿ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਕਿਹੜਾ ਮਾਰਗ ਹੈ? ਕਿਹੜੀ ਪਹਿਚਾਨ ਹੈ? ਇੰਦ੍ਰੀਆਂ ਨੂੰ ਕਿਵੇਂ ਵਸ ਵਿਚ ਕੀਤਾ ਜਾ ਸਕਦਾ ਹੈ? ਯਥਾ-

ਸਿੱਧਨ ਕੀਨੋ ਪ੍ਰਸਨ ਤਬ ਕਿਮ ਦੁਰਮਤਿ ਜਾਈ॥

ਕਿਮ ਦੁਸਤਰ ਭਵ ਨਿਧ ਤਰੈ ਕਿਮ ਜੀਵਤ ਮਰ ਹੈ॥

ਕਿਸ ਬਿਧ ਸਾਚ ਪਛਾਨ ਹੈ ਕਿਮ ਮਾਰਗ ਪਰ ਹੈ॥14॥

---

201 ਮਾਝ, ਮਹਲਾ, 3, 8, ਉਹੀ, ਪੰਨਾ 114.

202 ਨਾਭਾ, ਕਾਨ੍ਹ ਸਿੰਘ, *ਗੁਰੁਮਤ ਮਾਰਤੰਡ ਭਾਗ ਪਹਿਲਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013, ਪੰਨਾ 397.

ਕਿਮ ਇੰਦ੍ਰੀ ਬਸ ਹੋਵਈ ਕੈਸੇ ਮਨ ਮਾਨੈ॥

ਕਿਤਕ ਰੂਪ ਬਿਸਥਾਰ ਹੈ ਕਿਰਯੋ ਕਜਾ ਠਾਨੈ॥

ਕਹਤੇ ਆਵੈ ਜਾਇ ਕਹ ਕਹ ਮਾਹਿ ਸਮਾਈ॥[203]

ਗੁਰੂ ਜੀ ਉਤਰ ਦਿੰਦੇ ਹੋਏ ਕਹਿੰਦੇ ਹਨ, ਕਿ ਜੇਕਰ ਮਨੁਖ ਗੁਰਮਤਿ ਦਾ ਧਾਰਿਣੀ ਬਣੇਗਾ, ਤਦ ਹੀ ਦੁਰਮਤਿ ਦਾ ਤਿਆਗ ਸੰਭਵ ਹੈ। ਗੁਰੂ ਦੇ ਸ਼ਬਦ ਨੂੰ ਹਿਰਦੈ ਵਿਚ ਧਾਰ ਕੇ ਹੀ ਜੀਵਨ-ਮੁਕਤੀ ਦੀ ਪ੍ਰਾਪਤੀ ਸੰਭਵ ਹੈ, ਇਹ ਸਤਯ ਸਿਰਫ਼ ਗੁਰਮੁਖ ਹੀ ਜਾਣ ਸਕਦਾ ਹੈ ਅਤੇ ਇਹ ਮਾਰਗ ਵੀ ਗੁਰਮੁਖ ਦਾ ਹੀ ਮਾਰਗ ਹੈ। ਮਨ ਨੂੰ ਮਾਰ ਕੇ ਹੀ ਇੰਦ੍ਰੀਆਂ ਨੂੰ ਵਸ ਵਿਚ ਕੀਤਾ ਜਾ ਸਕਦਾ ਹੈ-

ਗੁਰਮਤਿ ਲੈ ਦੁਰਮਤਿ ਤਜੈ ਨਾਮੈ ਭਵ ਤਰਹੀ॥

ਗੁਰ ਕਾ ਸਬਦ ਰਿਦੈ ਧਰੈ ਤਬ ਜੀਵਤ ਮਰ ਹੀ॥

ਗੁਰਮੁਖਿ ਪਾਵਹਿ ਸਾਚ ਕੋ ਗੁਰਮੁਖ ਮਗ ਜਾਨੈ॥

ਮਨ ਮਾਰੇ ਇੰਦ੍ਰੀ ਬਸੀ ਮਨ ਤੇ ਮਨ ਮਾਨੈ॥16 ॥[204]

ਗੁਰਮੁਖ ਅਤੇ ਮਨਮੁਖ ਦੇ ਸਿਧਾਂਤ ਨੂੰ ਹੋਰ ਸਪਸ਼ਟ ਕਰਣ ਹਿਤ ਚਰਚਿਤ ਕ੍ਰਿਤੀ ਵਿਚ ਇਨ੍ਹਾਂ ਦੇ ਲਛਣ ਵੀ ਬਿਆਨ ਕੀਤੇ ਗਏ ਹਨ। ਚਰਚਿਤ ਕ੍ਰਿਤੀ ਵਿਚ ਮਨਮੁਖ ਦੇ ਚਾਰ ਲਛਣ ਦਸੇ ਹਨ-

1. ਈਰਖਾ
2. ਹਉਮੈ
3. ਨਿੰਦਾ
4. ਹਠ।

---

[203] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 551.

[204] ਉਹੀ.

ਮਨਮੁਖ ਦੇ ਲਛਣ ਬਿਆਨ ਕਰਦਿਆਂ ਕਵਿ ਕਹਿੰਦਾ ਹੈ, ਕਿ ਸਭ ਤੋਂ ਪਹਿਲਾ ਲਛਣ ਇਹ ਹੈ, ਕਿ ਉਸਦੇ ਹਿਰਦੈ ਵਿਚ ਈਰਖਾ ਹੁੰਦੀ ਹੈ। ਉਹ ਚਾਹੁੰਦਾ ਹੈ, ਕਿ ਸੰਸਾਰ ਦੇ ਸਾਰੇ ਪਦਾਰਥਕ ਸੁਖ ਉਸ ਦੇ ਘਰ ਵਿਚ ਹੀ ਆਉਣ। ਇਸ ਕਾਰਣ ਉਹ ਧਨ ਨੂੰ ਇਕਠਾ ਕਰਦਾ ਹੈ, ਜਿਸ ਕਰਕੇ ਉਸਦਾ ਮਨ ਹੋਰ ਦੁਖੀ ਹੁੰਦਾ ਹੈ। ਉਸ ਦੇ ਹਿਰਦੈ ਵਿਚ ਵੈਰ ਰੂਪੀ ਵਿਕ੍ਰਿਤੀ ਸਮਾਈ ਹੋਣ ਕਰਕੇ ਉਹ ਕਿਸੇ ਦਾ ਵੀ ਭਲਾ ਨਹੀਂ ਕਰ ਸਕਦਾ। ਦੂਜਾ ਲਛਣ ਇਹ ਹੈ, ਕਿ ਉਸਦਾ ਮਨ ਹਉਮੈ ਨਾਲ ਭਰਿਆ ਹੁੰਦਾ ਹੈ, ਇਸ ਲਈ ਉਹ ਆਪਣੇ ਆਪ ਨੂੰ ਸਰਵੋਤਮ ਜਾਣਦਾ ਹੈ। ਇਸ ਸਦਕਾ ਹੀ ਉਸ ਦਾ ਹਿਰਦੈ ਅਹੰਕਾਰ ਨਾਲ ਭਰਿਆ ਰਹਿੰਦਾ ਹੈ। ਮਨਮੁਖ ਦਾ ਮੰਨਣਾ ਇਹ ਹੁੰਦਾ ਹੈ. ਕਿ ਉਸ ਜਿਤਨੀ ਤੀਖਣ ਬੁਧੀ ਹੋਰ ਕਿਸੇ ਕੋਲ ਨਹੀਂ ਹੈ। ਤੀਜਾ ਲਛਣ ਮਨਮੁਖ ਦਾ ਇਹ ਹੈ, ਕਿ ਉਹ ਹਰ ਸਮੇਂ ਨਿੰਦਾ ਕਰਦਾ ਰਹਿੰਦਾ ਹੈ। ਜੇਕਰ ਕੋਈ ਉਸ ਤੋਂ ਕਿਸੇ ਨੂੰ ਉਤਮ ਕਹੇ ਤਾਂ ਉਹ ਇਹ ਬਰਦਾਸ਼ਤ ਨਹੀਂ ਕਰਦਾ ਅਤੇ ਇਹ ਸੁਣ ਕੇ ਦੁਖੀ ਹੋ ਜਾਂਦਾ ਹੈ। ਇਸ ਲਈ ਉਹ ਬਿਨਾਂ ਬੁਧੀ ਤੋਂ ਕਾਰਜ ਕਰਦਾ ਹੈ। ਚੌਥਾ ਉਸ ਦਾ ਲਛਣ ਇਹ ਹੈ, ਕਿ ਉਹ ਬਹੁਤ ਹੀ ਹਠੀ ਹੁੰਦਾ ਹੈ, ਉਹ ਹਮੇਸ਼ਾ ਆਪਣੀ ਹੀ ਮਰਜ਼ੀ ਅਨੁਸਾਰ ਕਰਮ ਕਰਦਾ ਹੈ ਅਤੇ ਉਸਨੂੰ ਹੀ ਸਹੀ ਜਾਣਦਾ ਹੈ।[205] ਇਸ ਲਈ ਇਹੋ ਜਿਹੇ ਲਛਣ ਮਨੁਖ ਨੂੰ ਤਿਆਗਣੇ ਚਾਹੀਦੇ ਹਨ-

ਹਠ ਕਰਨੋ ਸਬ ਬਾਤ ਮੈ ਮਨਮੁਖ ਕੋ ਕਰਮਾ॥

---

[205] ਕਰੈ ਈਰਖਾ ਰਿਦੈ ਮੈ ਜਗ ਕੇ ਸੁਖ ਸਾਰੇ॥ ਆਵਹਿ ਹਮਰੇ ਗੇਹ ਮੈ ਨਹ ਅਨਤ ਪਧਾਰੈ॥ ਲਖੈ ਸੰਪ੍ਰਦਾ ਆਨ ਢਿਗ ਮਨ ਦੁਖ ਅਧਿਕਾਈ॥ ਬੈਰ ਭਾਵ ਸਬ ਸੌ ਕਰੈਂ ਨਹਿ ਕਿਸੇ ਭਲਾਈ॥18॥ ਇਕ ਮਨਮੁਖ ਕੋ ਕਰਮ ਇਹ ਤਜਾਗੋ ਤੁਮ ਸੋਈ॥ ਦੂਸਰ ਮਨ ਹਉਮੈ ਘਨੀ ਕਰਨਾ ਬਿਨ ਜੋਈ॥ ਜਿਨ ਕੋ ਨਿਜ ਤੇ ਲਘ ਲਖੈ ਤਿਹ ਸੁਮਤਿ ਨ ਦੇਹੀ॥ ਉਰ ਮੈ ਕਰ ਅਤਿ ਗਰਬ ਕੋ ਬਹੁ ਹਾਸ ਕਰੇਹੀ॥19॥ ਹਮ ਸਮ ਯਾ ਕੀ ਬੁੱਧਿ ਨਹਿ ਇਮ ਕਰੈ ਉਚਾਰਾ॥ ਪੁਨ ਤੀਜੀ ਨਿੰਦਾ ਲਖੋ ਜਾਂ ਤੇ ਅਘ ਭਾਰਾ॥ ਕਰੈ ਆਪ ਤੇ ਅਧਿਕ ਕੀ ਉਸਤਤਿ ਜੋ ਕੋਈ॥ ਨਹ ਸਹਨੀ ਸੋ ਉਰ ਵਿਖੈ ਸੁਨ ਦੁਖ ਜੁਤ ਹੋਈ॥20 ॥ ਮੈ ਦੇਖਯੋ ਬਿੱਨ ਬੁੱਧਿ ਹੈ ਇਮ ਨਿੰਦ ਉਚਰਨੀ॥ ਸਮ ਬਿਲੋਕ ਮਦ ਮੱਤ ਹ੍ਵੈ ਅਨਸੂਆ ਕਰਨੀ॥ ਵਹ ਨਰ ਹਮ ਆਗੈ ਕਹਾ ਹਮ ਕੋ ਜਗ ਜਾਨੈ॥ ਚੌਥੀ ਹਠ ਬ੍ਰਿੱਤੀ ਲਖੋ ਉਪਦੇਸ ਨ ਮਾਨੈ॥21॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 594).

ਤੁਮ ਤਯਾਗੋ ਤਿਨ ਕੋ ਅਬੈ ਪਾਵਹੁ ਪਦ ਪਰਮਾ॥[206]

ਫਿਰ ਕਵਿ ਨੇ ਗੁਰਮੁਖ ਦੇ ਲਛਣ ਬਿਆਨ ਕਰਕੇ ਉਸ ਦੀ ਪਹਿਚਾਨ ਦਸੀ ਹੈ। ਗੁਰਮੁਖ ਦੇ ਮੁਖ ਲਛਣ ਨਿਮਨਾਨੁਸਾਰ ਹਨ-

1. ਮਿਤਰਤਾ ਭਾਵ

2. ਦਿਆਲਤਾ

3. ਆਨੰਦ

4. ਤਿਆਗ।[207]

ਗੁਰਮੁਖ ਦੇ ਇਨ੍ਹਾਂ ਲਛਣਾਂ ਤੋਂ ਉਸਦੀ ਪਹਿਚਾਨ ਕੀਤੀ ਜਾ ਸਕਦੀ ਹੈ। ਕਵਿ ਨੇ ਗੁਰਮੁਖ ਬਾਰੇ ਵਿਚਾਰ ਅੰਕਿਤ ਕਰਦਿਆਂ, ਇਹ ਵੀ ਕਿਹਾ ਹੈ, ਕਿ ਜੋ ਮਨੁਖ ਅਪਣੀ ਸੁਰਤਿ ਪਰਮਾਤਮਾ ਵਿਚ ਲਗਾ ਕੇ ਰਖਦਾ ਅਤੇ ਏਕਾਗਰ ਲਿਵ ਨੂੰ ਭਟਕਣ ਨਹੀਂ ਦਿੰਦਾ, ਉਹ ਹੀ ਵਾਸਤਵ ਵਿਚ ਧਿਆਨੀ ਹੈ ਅਤੇ ਉਹ ਹੀ ਗਿਆਨ ਨੂੰ ਪ੍ਰਾਪਤ ਕਰ ਸਕਦਾ ਹੈ ।[208] ਜਿਸ ਦਾ ਮਨ ਨਿਰਮਲ ਹੋ ਜਾਂਦਾ ਹੈ, ਵਾਸਤਵ ਵਿਚ ਉਹ ਹੀ ਗੁਰਮੁਖ ਹੈ।

---

[206] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੋ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 594.

[207] ਮਨਮੁਖ ਸਨਮੁਖ ਕੇ ਜੋ ਲੱਛਨ ਹੇ ਪ੍ਰਭੁ ਮੋਹ ਸੁਨਾਵੋ॥ ਸੁਨ ਸ੍ਰੀ ਨਾਨਕ ਗਿਰਾ ਅਲਾਈ ਅਘੁ ਤੇ ਰਿਦਾ ਹਟਾਵੋ॥7॥ ਸੁਭ ਮਾਰਗ ਮੈ ਬ੍ਰਿਤ ਕੋ ਲਾਵਹੁ ਗੁਰਬਾਣੀ ਸੌ ਹੇਤਾ॥ ਲੱਛਨ ਚਤਰ ਅਪਰ ਪੁਨ ਜਾਨੋ ਸੁਨਿਯੈ ਪ੍ਰੀਤ ਸਮੇਤਾ॥ ਮੈਤ੍ਰੀ ਅਰੁ ਕਰਣਾ ਪਹਚਾਨੋ ਤੀਜੀ ਮੁਦਤਾ ਜੋਈ॥ ਬਹੁਰੋ ਚੌਥੀ ਲਖੋ ਉਪੈਖਯਾ ਯਾ ਮੈ ਸਨਮੁਖ ਹੋਈ॥8॥

(ਉਹੀ, ਪੰਨਾ 593).

[208] ਸੁਰਤਿ ਨ ਖੋਵੈ ਧਯਾਨੀ ਸੋਈ॥ ਗੁਰਮੁਖ ਜਾਗੇ ਗਯਾਨੀ ਹੋਈ॥ ਸੋ ਨਿਰਮਲ ਜਗ ਬੁਧਿ ਨਿਕੇਤਾ॥ ਗੁਰਬਾਣੀ ਸੋ ਲਾਵੈ ਹੇਤਾ॥6॥

(ਉਹੀ, ਪੰਨਾ 299).

ਚਰਚਿਤ ਕ੍ਰਿਤੀ ਵਿਚ ਗੁਰਮੁਖ ਦੇ ਲਛਣਾਂ ਨੂੰ ਬਿਆਨ ਕਰਦਿਆਂ ਕਵਿ ਨੇ ਗੁਰਮੁਖ ਨੂੰ ਪਰਮਾਤਮਾ ਦੀ ਸਰਵ-ਵਿਆਪਕਤਾ ਨੂੰ ਜਾਣਨ ਵਾਲਾ ਦਸਿਆ ਹੈ । ਉਹ ਸਭ ਦਿਸ਼ਾਵਾਂ ਵਿਚ ਵਿਆਪਕ ਪਰਮਾਤਮਾ ਦੀ ਹਰ ਸਿਰਜਨਾ ਵਿਚੋਂ ਪਰਮਾਤਮਾ ਦੇ ਦਰਸ਼ਨ ਕਰਣ ਦੇ ਯੋਗ ਹੈ। ਯਥਾ-

ਦਈ ਜੋਤ ਦੀਪਕ ਜਗ ਕੀਨੇ ਤਿਮ ਸਬ ਘਟ ਮੈ ਜਾਨੋ॥

ਜੋ ਗੁਰਮੁਖ ਤੇ ਲਖ ਹੈ ਸਬ ਹੀ ਰਮਜੋ ਰਾਮ ਸਬ ਥਾਨੋ॥25॥[209]

ਸੋ ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਮਨਮੁਖ ਮਾਇਆ ਗ੍ਰਸਤ ਹੈ ਅਤੇ ਗੁਰਮੁਖ ਪਰਮਾਤਮਾ ਦੀ ਵਿਆਪਕਤਾ ਦਾ ਗਿਆਨਵਾਨ ਹੈ।

## ਕਰਮ ਸਿਧਾਂਤ

ਜਦੋਂ ਮਾਨਵ ਜੀਵਨ ਦੀ ਵਿਚਾਰ ਹੋਵੇਗੀ, ਤਾਂ ਸ਼ੁਭ ਮਾਨਵੀ ਅਮਲ ਦਾ ਵਿਸ਼ਲੇਸ਼ਣ ਹੋਣਾ ਆਵਸ਼ਕ ਹੈ। ਸ਼ੁਭ-ਅਸ਼ੁਭ ਕਰਮ ਦੇ ਵਿਵੇਚਨ ਵਿਚੋਂ ਕਰਮ ਸਿਧਾਂਤ ਦੀ ਸਥਾਪਤੀ ਯਕੀਨਨ ਹੋਵੇਗੀ । ਧਰਮ ਦਾ ਅਸਲ ਨਿਸ਼ਾਨਾ ਮਾਨਵੀ-ਕਰਮ ਦਾ ਸੁਧਾਰ ਹੀ ਹੈ। ਇਸ ਲਈ ਕਰਮ ਸਿਧਾਂਤ ਦੀ ਪਰਿਪਕਤਾ ਬਿਨਾ ਹਰ ਧਰਮ-ਦਰਸ਼ਨ ਅਧੂਰਾ ਹੈ। ਕਰਮ ਬਾਰੇ ਗੁਰੁਬਾਣੀ ਵਿਚ ਅਨੇਕਾਂ ਉਕਤੀਆਂ ਉਪਲਬਧ ਹਨ। ਹਰ ਸ਼ੁਭ ਅਤੇ ਅਸ਼ੁਭ ਕਰਮ ਦਾ ਫਲ ਮਨੁਖ ਨੂੰ ਭੋਗਣਾ ਪੈਂਦਾ ਹੈ। ਇਸ ਲਈ ਗੁਰੁਬਾਣੀ ਵਿਚ ਮੰਦ-ਕਰਮਾਂ ਤੋਂ ਮਨੁਖ ਨੂੰ ਵਰਜਿਆ ਗਿਆ ਹੈ-

ਕਰੈ ਦੁਹਕਰਮ ਦਿਖਾਵੈ ਹੋਰੁ॥

ਰਾਮ ਕੀ ਦਰਗਹ ਬਾਧਾ ਚੋਰੁ॥[210]

ਪਰਮਾਤਮਾ ਦੇ ਨਾਮ ਤੋਂ ਬਿਨਾਂ ਸਾਰੇ ਹੀ ਕਰਮ ਨਿਸਫਲ ਦਸ ਕੇ ਪਰਮਾਤਮਾ ਦੇ ਨਾਲ ਲਿਵ ਜੋੜਣ ਲਈ ਵੀ ਗੁਰੁਬਾਣੀ ਦਾ ਫ਼ਰਮਾਨ ਹੈ-

---

[209] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 503.

[210] ਗਉੜੀ, ਮਹਲਾ 5, 71, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 194.

ਕਰਮ ਧਰਮ ਨੇਮ ਬ੍ਰਤ ਪੂਜਾ॥

ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥[211]

ਕਰਮ ਸਿਧਾਂਤ ਦੀ ਵਿਆਖਿਆ ਕਰਦਿਆਂ ਗੁਰੁਬਾਣੀ ਵਿਚ ਇਹ ਨਿਰਣਯ ਕੀਤਾ ਗਿਆ ਹੈ, ਕਿ ਜੀਵ ਜੋ ਕੁਝ ਵੀ ਕਰਮਾਂ ਰੂਪੀ ਬੀਜ ਸਰੀਰ ਰੂਪ ਖੇਤ ਵਿਚ ਬੀਜਦਾ ਹੈ, ਉਸ ਨੂੰ ਬੀਜੇ ਬੀਜ ਅਨੁਸਾਰ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਚੰਗੇ ਕਰਮ ਦਾ ਚੰਗਾ ਫਲ ਅਤੇ ਬੁਰੇ ਕਰਮ ਦਾ ਬੁਰਾ ਫਲ-

ਆਪੇ ਬੀਜਿ ਆਪੇ ਹੀ ਖਾਹੁ॥[212]

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥[213]

ਜਿਵੇਂ ਦਾ ਮਨੁਖ ਕਰਮ ਕਰਦਾ ਹੈ, ਉਸੇ ਭਾਂਤਿ ਉਸ ਦਾ ਨਤੀਜਾ ਮਿਲਦਾ ਹੈ। ਇਸ ਲਈ ਉਸਨੂੰ ਆਪਣੇ ਕੀਤੇ ਲਈ ਕਿਸੇ ਹੋਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਕਿਉਂਕਿ ਦੁਖ-ਸੁਖ ਉਸ ਦੇ ਕੀਤੇ ਕਰਮਾਂ ਦਾ ਫਲ ਹੈ, ਇਸ ਲਈ ਕੋਈ ਹੋਰ ਕਸੂਰਵਾਰ ਨਹੀਂ-

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥[214]

ਕਵਿ ਵੀ ਕਰਮ ਸਿਧਾਂਤ ਦੀ ਵਿਚਾਰ ਕਰਦਾ ਹੋਇਆ ਮੰਨਦਾ ਹੈ, ਕਿ ਇਨ੍ਹਾਂ ਕਰਮਾਂ ਅਨੁਸਾਰ ਹੀ ਮਨੁਖ ਨੂੰ ਫਲ ਮਿਲਦਾ ਹੈ, ਭਾਵ ਜੀਵਨ ਮਿਲਦਾ ਹੈ। ਵਿਚਾਰਾਧੀਨ ਕ੍ਰਿਤੀ ਵਿਚ ਇਹ ਧਾਰਣਾ ਵਿਦਮਾਨ ਹੈ, ਕਿ ਜੇ ਮਨੁਖ ਉਤਮ ਕਰਮ ਕਰੇਗਾ ਤਾਂ ਉਸ ਨੂੰ ਸੁਰਗ ਮਿਲੇਗਾ ਅਤੇ ਜੇ ਉਹ ਨੀਚ ਕਰਮ ਕਰੇਗਾ ਤਾਂ ਮਨੁਖ ਨੂੰ ਨਰਕ ਮਿਲੇਗਾ। ਜਨਮਸਾਖੀ ਵਿਚ ਦੋ ਪ੍ਰਕਾਰ ਦੇ ਕਰਮਾਂ ਦੀ ਗਲ ਕੀਤੀ ਮਿਲਦੀ ਹੈ- ਇਕ ਨੇਕ ਕਰਮ ਅਤੇ ਦੂਜੇ ਬਦਕਰਮ।

---

211 ਗਉੜੀ ਮਹਲਾ, 5, 96, ਉਹੀ, ਪੰਨਾ 199.

212 ਜਪੁ, ਮਹਲਾ 1, *ਸ਼੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1.

213 ਜੈਤਸਰੀ (ਵਾਰ), ਮਹਲਾ 5, ਪਉੜੀ, ਉਹੀ, ਪੰਨਾ 706.

214 ਪਟੀ, ਆਸਾ ਮਹਲਾ 1, ਉਹੀ, ਪੰਨਾ 433.

ਨੇਕ ਕਰਮਾਂ ਦੀ ਵਿਚਾਰ ਕਰਦਿਆਂ, ਕਵਿ ਨੇ ਰੁਖ ਦੀ ਉਦਾਹਰਣ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ, ਕਿ ਜਿਸ ਤਰ੍ਹਾਂ ਇਕ ਰੁਖ ਨੂੰ ਫਲ ਲਗਦੇ ਹਨ, ਉਸ ਦੇ ਨੀਚੇ ਮੁਸਾਫ਼ਿਰ ਥਕ ਕੇ ਆਰਾਮ ਕਰਣ ਬੈਠਦੇ ਹਨ, ਉਹ ਸਾਰਿਆਂ ਨੂੰ ਛਾਂ ਦਿੰਦਾ ਹੈ। ਥਕੇ ਮੁਸਾਫ਼ਿਰ ਦੀ ਜਦੋਂ ਥਕਾਵਟ ਉਤਰ ਜਾਂਦੀ ਹੈ, ਤਾਂ ਉਸ ਨੂੰ ਫਲ ਦਿਸਦੇ ਹਨ, ਫਿਰ ਉਹ ਫਲ ਤੋੜਣ ਲਈ ਰੁਖ ਉਤੇ ਪਥਰ ਮਾਰਦਾ ਹੈ। ਇਸ ਪ੍ਰਕਾਰ ਕਵਿ ਨੇ ਕਿਹਾ ਹੈ, ਕਿ ਰੁਖ ਦਾ ਸੁਭਾਅ ਉਪਕਾਰੀ ਹੈ ਅਤੇ ਮੁਸਾਫ਼ਿਰ ਦਾ ਅਕ੍ਰਿਤਘਣ ਵਾਲਾ । ਜਿਸ ਨੂੰ ਜਿਸ ਦਾ ਵੀ ਸੁਭਾਅ ਪੈ ਗਿਆ, ਉਹ ਆਪਣੇ ਕਰਮ ਨਹੀਂ ਛਡਦਾ। ਜਿਸ ਤਰ੍ਹਾਂ ਸਪ ਨੂੰ ਦੁਧ ਪਿਆਉਣ ਨਾਲ ਉਸ ਨਾਲ ਮਿਤ੍ਰਤਾ ਨਹੀਂ ਪੈਂਦੀ, ਉਹ ਆਪਣਾ ਡੰਗ ਮਾਰਣ ਦਾ ਸੁਭਾਅ ਨਹੀਂ ਛਡ ਸਕਦਾ। ਉਸੇ ਪ੍ਰਕਾਰ ਰੁਖ ਦੁਆਰਾ ਫਲ, ਛਾਇਆ ਦੇਣ ਉਪਰੰਤ ਵੀ ਲੋਕ ਉਸ ਨੂੰ ਪਥਰ ਮਾਰਦੇ ਹਨ। ਪਰ ਰੁਖ ਦੀ ਉਪਕਾਰ ਵਾਲੀ ਬਿਰਤੀ ਹੈ। ਯਥਾ-

ਮਗ ਮੈ ਜਯੌ ਤਰੁ ਫਲਯੋ ਫਲਨ ਜੁਤ ਜੋਇ॥

ਬੈਠਹ ਪੰਥੀ ਤਹਾ ਥਕਤ ਅਤਿ ਹੋਇ॥21॥

ਆਤਮ ਸ੍ਰਮ ਨਿਰਵਾਰਹ ਸੁੰਦਰ ਛਾਇ॥

ਬਹੁਰ ਫਲਨ ਦਿਸ ਤਾਕੈ ਆਨੰਦ ਪਾਇ॥

ਫਲ ਝਾਰਤ ਬਹੁ ਪਾਥਰ ਤਾਹਿ ਪ੍ਰਹਾਰ॥

ਰਿਸਨ ਕਰਤ ਸੋ ਮਨ ਮੈ ਜੁਤ ਉਪਕਾਰ॥22॥

ਪੁਨ ਕਾਟਨ ਹਿਤ ਕਰਤ ਮਨੋਰਥ ਸੋਇ॥

ਕ੍ਰਿਤਘਨ ਐਸੇ ਜਗ ਮੈ ਲੀਜੈ ਜੋਇ॥

ਕ੍ਰਿਤਘਨ ਅਰ ਉਪਕਾਰੀ ਦ੍ਵੈ ਜਗ ਜਾਨ॥

ਜੋ ਜਿਹ ਪਰਯੋ ਸੁਭਾਵ ਨ ਮਿਟੈ ਸੁਜਾਨ॥23॥

ਸਮਪੰ ਨਗ ਕੇ ਜਾਨੋ ਖਲ ਮਨ ਮਾਹਿ॥

ਜੋ ਤਿਹ ਦੁਧ ਪਿਆਵੇ ਜਸ ਹੈ ਤਾਹਿ॥

ਉਪਕਾਰੀ ਸੋ ਬੁਰਾ ਕਰਤ ਹੈ ਸੋਇ॥

ਮਰ ਕਰਿ ਪਰਹੈ ਘੋਰ ਨਰਕ ਮਹਿ ਜੋਇ॥24॥[215]

ਜਿਸ ਤਰ੍ਹਾਂ ਕੋਈ ਵਿਅਕਤੀ ਕੰਕਰ ਅਤੇ ਪਥਰ ਇਕਠੇ ਕਰਕੇ ਆਪਣਾ ਨਾਮ ਸ਼ਾਹ ਰਖ ਲਏ, ਤਾਂ ਉਹ ਸ਼ਾਹੂਕਾਰ ਨਹੀਂ ਬਣ ਜਾਂਦਾ, ਉਸੇ ਭਾਂਤਿ ਬਿਨਾਂ ਗੁਰੂ ਦੇ ਮੇਲ ਤੋਂ ਕੀਤੇ ਕਰਮ ਸ਼ੁਭ ਨਹੀਂ ਹੋ ਸਕਦੇ। ਵਿਅਕਤੀ ਦੀ ਹਉਮੈਂ ਉਸ ਨੂੰ ਬੰਜਰ ਜ਼ਮੀਨ ਵਰਗਾ ਬਣਾ ਦਿੰਦਾ ਹੈ, ਜਿਸ ਵਿਚ ਕਿਸੇ ਪ੍ਰਕਾਰ ਦੀ ਵੀ ਖੇਤੀ ਨਹੀਂ ਹੁੰਦੀ। ਯਥਾ-

ਕੰਕਰ ਪਥਰ ਮੇਲ ਕੈ ਨਾਉ ਸਦਾਇਉ ਸਾਹੁ॥

ਬਿਨ ਸਤਿਗੁਰ ਪੂਰੇ ਅੰਧੁ ਹੈ ਮੂਲ ਨ ਬੂਝੈ ਰਾਹੁ॥2॥

ਮੇਰਾ ਮੇਰਾ ਕਰ ਸਜਿਓ ਰਾਤੀ ਅਤੈ ਡੇਹੁ॥

ਕਾਈ ਸਾਖ ਨ ਉਪਜੀਆ ਕਲਰ ਵੁਠਾ ਮੇਹੁ॥3॥[216]

ਕਰਮ ਸਿਧਾਂਤ ਅਨੁਸਾਰ ਜਿਵੇਂ ਦਾ ਕਰਮ ਹੋਵੇਗਾ, ਉਵੇਂ ਦਾ ਹੀ ਫਲ ਮਨੁਖ ਨੂੰ ਮਿਲੇਗਾ। ਜੋ ਵਿਅਕਤੀ ਅਸ਼ੁਭ ਕਰਮ ਕਰਦਾ ਹੈ, ਉਸ ਨੂੰ ਜਮਾਂ ਦੀ ਮਾਰ ਪੈਂਦੀ ਹੈ। ਸੰਤੋਖ ਤੋਂ ਬਿਨਾਂ ਮਨ ਵਿਚ ਵਿਕ੍ਰਿਤੀਆਂ ਆਉਂਦੀਆਂ ਹਨ। ਲਾਲਚ ਨਾਲ ਮਨੁਖ ਪਾਪ ਦੀ ਜੰਜ਼ੀਰ ਵਿਚ ਬੰਨਿਆ ਜਾਂਦਾ ਹੈ।[217] ਵਿਅਕਤੀ ਸਾਰੀ ਜ਼ਿੰਦਗ਼ੀ ਪਦਾਰਥ ਇਕਠਾ ਕਰਣ ਹਿਤ ਵਿਅਰਥ ਗੰਵਾ ਦਿੰਦਾ ਹੈ, ਪਰ ਉਸ ਨੂੰ ਇਹ ਸੋਝੀ ਨਹੀਂ ਆਉਂਦੀ ਕਿ ਪਦਾਰਥਕ ਸੁਖ ਮਾਤ੍ਰ ਉਸ ਦੇ ਜੀਵਨ ਤਕ ਹੀ ਸੀਮਿਤ ਹਨ। ਜੀਵਨ ਵਿਚ ਵੀ ਜਿਤਨਾ ਸਮਾਂ ਉਸ ਪਾਸ

---

[215] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990,ਪੰਨਾ 121 ਅਤੇ 122.

[216] ਉਹੀ, ਪੰਨਾ 228.

[217] ਕਰਮ ਭੰਡਾਰੀ ਯਾਤੇ ਜਾਨੋ ਜੈਸਾ ਕਰੈ ਸੁ ਤੈਸਾ ਪਾਇ॥ ਬਿਨ ਸੰਤੋਖ ਬਿਗਾਰ ਹੋਇ ਮਨ ਤ੍ਰਿਸਨਾ ਕਰੈ ਖੁਆਰੀ ਪਾਇ॥ ਲਾਲਚ ਤਮ ਲਖ ਬੰਦੀ ਖਾਨਾ ਪਾਪ ਜੰਜੀਰ ਪਗਨ ਮਹ ਪਾਇ॥ ਮੁਗਦਰ ਮਾਰ ਕਰੈ ਜਮ ਕਿੰਕਰ ਹਾਇ ਹਾਇ ਮੁਖ ਦੁਖੀ ਅਲਾਇ॥55 ॥

(ਉਹੀ, ਪੰਨਾ 270).

ਧਨ-ਦੌਲਤ ਹੈ, ਸਾਕ-ਸੰਬੰਧੀ ਵੀ ਉਸ ਨਾਲ ਉਤਨਾ ਸਮਾਂ ਹੀ ਹਨ। ਉਸ ਦਾ ਸਰੀਰ ਵੀ ਉਤਨਾ ਸਮਾਂ ਹੀ ਕਾਰਜਸ਼ੀਲ ਹੈ, ਜਿਤਨਾ ਸਮਾਂ ਉਸ ਅੰਦਰ ਆਤਮਾ ਦਾ ਵਾਸ ਹੈ । ਮੌਤ ਤੋਂ ਬਾਅਦ ਕੋਈ ਵੀ ਸੰਗੀ ਨਾਲ ਨਹੀਂ ਜਾਂਦਾ, ਇਸ ਲਈ ਅਜਿਹੇ ਕਰਮਾਂ ਨੂੰ ਵਿਅਰਥ ਦੇ ਕਰਮ ਹੀ ਜਾਣਨਾ ਚਾਹੀਦਾ ਹੈ। [218] ਇਸ ਤਰ੍ਹਾਂ ਮਨੁਖ ਬਦਕਰਮਾਂ ਕਰਕੇ ਨਰਕ ਦਾ ਭਾਗੀਦਾਰ ਬਣਦਾ ਹੈ ਅਤੇ ਜੋ ਵਿਅਕਤੀ ਨੇਕ ਕਰਮ ਕਰਦੇ ਹਨ, ਉਹ ਪਰਮਾਤਮਾ ਦੀ ਦਰਗਹ ਵਿਚ ਪਰਵਾਣ ਹੁੰਦੇ ਹਨ-

ਦੋਊ ਜੈ ਹੈ ਨਰਕ ਕੋ ਬਦ ਅਮਲਾ ਕਰ ਜਾਨ॥

ਜਿਨ ਕੀ ਲੇਖੈ ਪਤਿ ਪਵੈ ਸੋ ਦਰਗਹ ਪਰਵਾਨ॥56॥[219]

ਕਰਮ ਜੀਵ ਦੇ ਨਾਲ ਜਨਮਾਂ-ਜਨਮਾਂਤਰਾਂ ਦੇ ਨਾਲ ਹੀ ਚਲਦੇ ਹਨ, ਨੇਕ ਕਰਮਾਂ ਸਦਕਾ ਜੀਵ ਨੂੰ ਸੁਖ ਮਿਲਦੇ ਹਨ ਅਤੇ ਬਦਕਰਮਾਂ ਅਨੁਸਾਰ ਜੀਵ ਨੂੰ ਦੁਖਾਂ ਦੀ ਪ੍ਰਾਪਤੀ ਹੁੰਦੀ ਹੈ। ਪੂਰਬਲੇ ਕਰਮਾਂ ਦਾ ਫਲ ਕੀੜੀ ਤੋਂ ਲੈ ਕੇ ਬ੍ਰਹਮਾ ਤਕ ਨੂੰ ਭੋਗਣਾ ਹੀ ਪੈਂਦਾ ਹੈ। ਸੰਸਾਰ ਵਿਚ ਕੋਈ ਵੀ ਸ਼ੈਅ ਕਰਮਾਂ ਦੇ ਫਲ ਨੂੰ ਭੋਗੇ ਬਿਨਾਂ ਨਹੀਂ ਛੁਟ ਸਕਦੀ-

ਪੂਰਬ ਕਰਤ ਜੁ ਕਰਮ ਸੁਭਾ ਸੁਭ ਸੋ ਭੋਗਤ ਭਵ ਮਾਹੀ॥

ਪੁੰਨ ਕਿਯੇ ਸੁਖ ਪ੍ਰਾਪਤਿ ਹੋਵਹਿ ਪਾਪ ਨ ਫਲ ਦੁਖ ਪਾਹੀ॥

ਚੀਟੀ ਤੇ ਬ੍ਰਹਮਾ ਲੌ ਦੇਵਾ ਸਭ ਭੋਗਤ ਨਿਜ ਕਰਮਾ॥

---

[218] ਦਰਬ ਕੁਟੰਬ ਕਰਮ ਪੁਨ ਚੀਨਾ॥ ਜਗ ਮੈ ਮੀਤ ਨ ਰਨ ਕੇ ਤੀਨਾ॥ ਜਬ ਲਗ ਜਾਨੇ ਤਨ ਮੈ ਪ੍ਰਾਨਾ॥ ਤਬ ਲਗ ਧਨ ਕੀ ਪ੍ਰੀਤ ਸੁਜਾਨਾ॥57॥ ਜਾਰਜੋ ਗਾਡਜੋ ਨਹਿ ਤਨ ਜੌ ਲੈ॥ ਲਖ ਪਰਵਾਰ ਨੇਹ ਉਰ ਤੌ ਲੋ ॥ ਬਹੁਰ ਨ ਕੋਈ ਸੰਗੀ ਆਹੀ॥ ਯਹ ਨਿਸਚੈ ਜਾਨੋ ਮਨ ਮਾਹੀ॥58॥ ਤੀਜੋ ਮਿਤ੍ਰ ਕਰਮ ਜੋ ਜਾਨੋ॥ ਬਿਬ ਲੋਗਨ ਸੰਗੀ ਪਹਚਾਨੋ॥ ਕਰਮ ਸੁਭਾ ਸੁਭਾ ਕਰ ਹੈ ਜੋਈ॥ ਨਿਸਚੈ ਲਹੈ ਤਾਸ ਫਲ ਸੋਈ॥59॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 275 ਅਤੇ 276).

[219] ਉਹੀ, ਪੰਨਾ 275.

ਬਿਨ ਭੋਗੇ ਛੂਟਤ ਕੋ ਨਾਹੀ ਲਹਤ ਬਿਬਧ ਬਿਧ ਜਰਮਾ॥13॥[220]

ਕਵਿ ਨੇ ਮਾਨਵ ਦੇ ਇਸ ਭ੍ਰਮ ਨੂੰ ਵੀ ਦੂਰ ਕਰਣ ਦਾ ਯਤਨ ਕੀਤਾ ਹੈ, ਕਿ ਉਹ ਅਕਸਰ ਦੁਖ-ਸੁਖ ਵਿਚ ਇਹੋ ਮੰਨਦਾ ਹੈ, ਜੁ ਇਹ ਪਰਮਾਤਮਾ ਦੀ ਦੇਣ ਹੈ। ਮਨੁਖ ਮੰਨਦਾ ਹੈ, ਕਿ ਜੇ ਦੁਖ ਹੈ ਤਾਂ ਇਹ ਪਰਮਾਤਮਾ ਦਾ ਦਿਤਾ ਕਸ਼ਟ ਹੈ ਅਤੇ ਜੇਕਰ ਸੁਖ ਹਨ ਤਾਂ ਇਹ ਪਰਮਾਤਮਾ ਦੀ ਕ੍ਰਿਪਾ ਹੈ। ਪਰ ਵਾਸਤਵਿਕਤਾ ਇਹ ਹੁੰਦੀ ਹੈ, ਕਿ ਜੇਕਰ ਦੁਖ ਹੈ ਤਾਂ ਪੂਰਬਲੇ ਕੀਤੇ ਪਾਪਾਂ ਦਾ ਨਾਸ਼ ਹੋ ਰਿਹਾ ਹੈ ਅਤੇ ਜੇਕਰ ਸੁਖ ਹੈ, ਤਾਂ ਕੀਤੇ ਪੁੰਨ ਦਾ ਫਲ ਮਿਲ ਰਿਹਾ ਹੈ। ਜਿਸ ਤਰ੍ਹਾਂ ਵੈਦ ਬਿਮਾਰ ਹੋਣ 'ਤੇ ਕੜਵੀ ਦਵਾ ਦਿੰਦਾ ਹੈ ਅਤੇ ਉਸ ਰੋਗ਼ੀ ਦਾ ਬੁਖ਼ਾਰ ਉਤਾਰਦਾ ਹੈ, ਉਸੇ ਪ੍ਰਕਾਰ ਮਾਨਵ ਦਾ ਪੂਰਵ ਕਰਮ ਕੰਮ ਕਰਦਾ ਹੈ । ਕੀਤੇ ਪਾਪਾਂ ਦੇ ਲਈ ਦੁਖ ਰੂਪੀ ਕੜਵੀ ਦਵਾਈ ਖਾਣੀ ਹੀ ਪੈਂਦੀ ਹੈ। ਪਰ ਇਹ ਸੋਝੀ ਭਗਤਾਂ ਨੂੰ ਹੀ ਹੁੰਦੀ ਹੈ ਅਤੇ ਜੋ ਅਗਿਆਨੀ ਹੁੰਦੇ ਹਨ, ਉਹ ਦੁਖ ਵਿਚ ਦੁਖ ਮੰਨਦੇ ਹਨ, ਪਰ ਇਹ ਨਹੀਂ ਜਾਣਦੇ ਕਿ ਪੂਰਬਲੇ ਕੀਤੇ ਕਰਮਾਂ ਦਾ ਫਲ ਭੋਗਣਾ ਪੈਣਾ ਹੈ। ਯਥਾ-

ਇਸ ਪ੍ਰਕਾਰ ਮਨ ਮਾਹ ਬਿਚਾਰੈ ਦੁਖ ਸੁਖ ਦੈ ਕਰਤਾਰਾ॥

ਪਰਮੇਸਰ ਸਮ ਹਿਤੂ ਨ ਕੋਈ ਕਰੈ ਸੁ ਨੀਕੀ ਕਾਰਾ॥

ਕਸਟ ਬਨੈ ਤਬ ਐਸੇ ਭਾਖਹਿ ਦੀਨੇ ਪਾਪ ਭੁਗਾਈ॥

ਸੁਖ ਆਵਹ ਤੋ ਐਸ ਬਖਾਨੈ ਕੀਨੀ ਕ੍ਰਿਪਾ ਗੁਸਾਈ॥15॥

ਜਯੋਂ ਰੋਗੀ ਕੋ ਬੈਦ ਆਨ ਕੈ ਕਰਵੀ ਜਰੀ ਖੁਲਾਵੈ॥

ਹ੍ਵੈ ਪ੍ਰਮੋਦ ਸੋ ਭਖ ਨ ਕਰ ਹੀ ਜਾਨੇ ਰੋਗ ਨਸਾਵੈ॥

ਤਯੋ ਨਿਜ ਕਰਮ ਨ ਕੋ ਫਲ ਭੋਗਹ ਜੇ ਹੈ ਭਗਤ ਸੁਜਾਨਾ॥

ਦੁਖ ਹੋਵੈ ਤੋ ਪਾਪ ਬਿਨਾਸੈ ਸੁਖ ਤੇ ਪੁੰਨ ਪਲਾਨਾ॥16॥

ਬਹੁਰੋ ਜੇ ਜਗ ਮੈ ਅਗਜਾਨੀ ਦੁਖ ਮੈ ਬਹੁ ਦੁਖ ਮਾਨੈ॥

---

[220] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 495 ਅਤੇ 596.

ਭੋਗੇ ਬਿਨ ਨ ਛੂਟਤ ਕਬ ਹੀ ਬਿਲਖਤ ਮੂਢ ਅਜਾਨੇ॥[221]

ਕਰਮ ਸਿਧਾਂਤ ਦੀ ਵਿਚਾਰ ਕਰਦਿਆਂ, ਕਵਿ ਨੇ ਪੂਰਬਲੇ ਨੇਕ ਕਰਮਾਂ ਨੂੰ ਅੰਤਹਕਰਣ ਦੀ ਮੈਲ ਉਤਾਰਣ ਵਾਲਾ ਵੀ ਕਿਹਾ ਹੈ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕਰਣ ਦਾ ਯਤਨ ਹੈ, ਕਿ ਨੇਕ ਕਰਮ ਵੀ ਜੀਵਨ-ਮੁਕਤੀ ਦਾ ਸਾਧਨ ਹਨ। ਜੀਵ ਦੇ ਪੂਰਬਲੇ ਜਨਮਾਂ ਦੇ ਨੇਕ ਕਰਮ ਉਸਦੇ ਅੰਤਹਕਰਣ ਨੂੰ ਨਿਰਮਲ ਕਰ ਦਿੰਦੇ ਹਨ ਅਤੇ ਫਿਰ ਉਹ ਗੁਰੂ ਦੇ ਉਪਦੇਸ਼ ਸਦਕਾ ਸਾਰੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਸੋ ਇਹ ਮੁਕਤੀ ਦੇ ਸਾਧਨਾਂ ਵਿਚੋਂ ਅਹਿਮ ਸਾਧਨ ਵੀ ਕਿਹਾ ਜਾ ਸਕਦਾ ਹੈ। ਯਥਾ-

ਕੇਤਕ ਜਨਮ ਕਰਮ ਸੁਭ ਕਰਹੀ ਅੰਤਹ ਕਰਣ ਮੈਲ ਤਬ ਧੋਇ॥

ਮਿਲ ਸਤਿਗੁਰ ਦੈ ਹੈ ਉਪਦੇਸਾ ਭਵ ਬੰਧਨ ਛੁਟਕਾ ਵਹ ਸੋਇ॥

ਅਸ ਪ੍ਰਕਾਰ ਪਰੁਚਤ ਤਿਹ ਜਾਈ ਤਬ ਫਲ ਮੁਕਤਿ ਪਰਾਪਤਿ ਹੋਇ॥

ਸੁਨਤ ਨ੍ਰਿਪਤ ਮਨਸੁਖ ਕੀ ਬਾਨੀ ਮਨਸੁਖ ਭਯੋ ਗਯੋ ਭ੍ਰਮ ਖੋਇ॥55॥[222]

ਇਸ ਵਿਚਾਰ ਦੀ ਪ੍ਰੋੜ੍ਹਤਾ ਕਵਿ ਨੇ ਉਦਾਹਰਣ ਦੇ ਕੇ ਵੀ ਕੀਤੀ ਹੈ, ਉਸ ਦੇ ਦ੍ਰਿਸ਼ਟੀਕੋਣ ਤੋਂ ਸੰਸਾਰੀ ਧਰਮ ਆਦਿ ਕਰਮ ਨਾਮ ਤੋਂ ਬਿਨਾਂ ਨਿਸਫਲ ਪ੍ਰਤੀਤ ਹੁੰਦੇ ਹਨ। [223] ਇਕ ਕਾਗ਼ਜ਼ ਉਪਰ ਸਿਫ਼ਰ ਲਿਖਣ ਨਾਲ ਉਸਦੀ ਕੀਮਤ ਕੁਝ ਵੀ ਨਹੀਂ ਹੁੰਦੀ, ਉਸ ਨਾਲ ਕੋਈ ਵੀ ਕਾਰਜ ਸਿਧ ਨਹੀਂ ਹੁੰਦਾ, ਬਲਕਿ ਜਿਤਨੀਆਂ ਮਰਜ਼ੀ ਸਿਫ਼ਰਾਂ ਲਿਖੀ ਜਾਓ, ਉਨ੍ਹਾਂ ਦੀ ਕੀਮਤ ਸਿਫ਼ਰ ਹੀ ਰਹਿੰਦੀ ਹੈ। ਯਥਾ-

ਯਾ ਪਰ ਸੁਨੋ ਅਬੈ ਦ੍ਰਿਸਟਾਂਤਾ॥ ਜਿਹ ਬਿਧ ਹ੍ਵੈ ਹੈ ਨਿਫਲ ਨਿਤਾਂਤਾ॥

---

[221] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 496.

[222] ਉਹੀ, ਪੰਨਾ 129.

[223] ਰਜੁ ਅਹਿ ਸਮ ਜਗ ਮਿਥਯਾ ਮਾਨੋ॥ ਸਿਮਰਹੁ ਸਤਨਾਮ ਸੁਖ ਦਾਨੋ॥ ਕਰਮ ਧਰਮ ਜੇਤਕ ਜਗ ਜਾਨਹੁ॥ ਏਕ ਨਾਮ ਬਿਨ ਅਫਲ ਪਛਾਨੋ॥30॥

(ਉਹੀ, ਪੰਨਾ 247).

ਲਖੈ ਇਕਾਂਗ ਨ ਕਾਗਦ ਊਪਰ॥ ਲਿਖੈ ਸੁੰਨ ਬਹੁ ਮਨ ਉਮੰਗਧਰ॥31॥

ਤਿਨ ਤੇ ਕਾਜ ਸਰਤ ਨਹ ਏਕੂ॥ ਰਹੈ ਸੂੰਨ ਕੀ ਸੂੰਨ ਅਨੇਕੂ॥

ਪੂਰਬ ਲਿਖੈ ਇਕਾਂਗ ਜੁ ਕੋਈ॥ ਲਿਖੈ ਨ ਸੂੰਨ ਅਫਲ ਨਹਿ ਹੋਈ॥32॥[224]

ਜੇਕਰ ਉਸ ਸਿਫ਼ਰ ਦੇ ਅਗੇ ਅੰਕ ਇਕ ਲਿਖ ਦਿਤਾ ਜਾਏ, ਤਾਂ ਉਸਦੀ ਕੀਮਤ ਦਸ ਗੁਣਾਂ ਵਧ ਜਾਂਦੀ ਹੈ, ਉਸੇ ਭਾਂਤਿ ਨਾਮ ਹੈ। ਜਪ, ਤਪ ਇਤਿਆਦਿਕ ਕਰਮ ਸਿਫ਼ਰ ਦੇ ਸਮਾਨ ਹਨ, ਜਿਤਨਾ ਸਮਾਂ ਉਨ੍ਹਾਂ ਨਾਲ ਨਾਮ ਰੂਪੀ ਅੰਕ ਇਕ ਨਹੀਂ ਲਿਖਿਆ ਜਾਂਦਾ। ਜਿਸ ਨਾਲ ਉਨ੍ਹਾਂ ਦੀ ਕੀਮਤ ਦਸ ਗੁਣਾ ਹੋ ਜਾਵੇ ਅਤੇ ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਹੋ ਜਾਵੇ। ਇਸ ਭਾਂਤਿ ਨਾਮ ਸਿਮਰਨ ਨਾਲ ਹੀ ਮੁਕਤੀ ਦੀ ਪ੍ਰਾਪਤੀ ਸੰਭਵ ਹੈ, ਬਾਕੀ ਕਰਮ ਇਸ ਦੇ ਸਹਿਯੋਗੀ ਕਾਰਕ ਸਿਧ ਹੁੰਦੇ ਹਨ। ਨਾਮ ਪਸ਼ੂ ਦੇ ਗਲ ਵਿਚ ਪਾਈ ਉਸ ਮੋਟੀ ਲਕੜੀ ਦੇ ਸਮਾਨ ਹੈ, ਜੋ ਉਸਨੂੰ ਖੇਤ ਵਿਚ ਭਜਣ ਤੋਂ ਰੋਕਦੀ ਹੈ, ਜਿਸ ਨਾਲ ਖੇਤ ਦਾ ਉਜਾੜਾ ਨਹੀਂ ਹੁੰਦਾ । ਮਨ ਉਸ ਪਸ਼ੂ ਦੇ ਸਮਾਨ ਹੈ, ਜਿਸ ਨੂੰ ਨਾਮ ਰੂਪ ਮੋਟੀ ਲਕੜ ਪਾ ਕੇ ਹੀ ਸੁਧਾਰਿਆ ਜਾ ਸਕਦਾ ਹੈ, ਜਿਸ ਨਾਲ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੀਆਂ ਹੀ ਤ੍ਰਿਸ਼ਨਾਵਾਂ ਦਾ ਨਾਸ਼ ਹੁੰਦਾ ਹੈ। ਯਥਾ-

ਜਿਤਕ ਇਕਾਂਗੇ ਪਰ ਲਿਖ ਸੂਨਾ॥ ਬਢਤ ਜਾਤ ਤਿਨ ਤੇ ਦਸ ਗੂੰਨਾ॥

ਨਾਮ ਸੰਗ ਜਾਨੋ ਤਿਮ ਕਰਮਾ॥ ਜਾਪ ਤਾਪ ਬ੍ਰਤ ਨੇਮ ਸੁਧਰਮਾ॥33॥

ਹੋਤ ਸੁਫਲ ਦਸ ਗੁਨ ਅਧਿਕਾਈ॥ ਹੋਹਿ ਮੁਕਤ ਜਮ ਤ੍ਰਾਸ ਨ ਪਾਈ॥

ਨਾਮ ਸਿਰੋਮਨ ਸਬ ਤੇ ਜਾਨੋ॥ ਸਿਮਰਹੁ ਹੋਹਿ ਪਰਮ ਕਲਜਾਨੋ॥34॥

ਮਨ ਹਰਿਆਉ ਪਸੂ ਕੀ ਨਿਯਾਈ॥ ਨਿਜ ਬਲ ਛੋਡ ਛੋਡ ਕਰ ਜਾਈ॥

ਮਧੁਰ ਬੈਨ ਸੁਨ ਬੈਨ ਰਸਾਲਾ॥ ਬਿਸੈ ਖੇਤ ਕੋ ਜਾਤ ਉਤਾਲਾ॥35॥

ਗੁਰ ਕਾ ਸਬਦ ਕਾਠਗਰ ਭਾਰਾ॥ ਜੋ ਪਾਵਤ ਸੋ ਸੁਧਰਨ ਹਾਰਾ॥

ਤੇ ਹਰਿ ਪਦ ਕੋ ਲਹੈ ਸਭਾਗੀ॥ ਬਹੁਰ ਨ ਲਾਗੈ ਤ੍ਰਿਸਨਾ ਆਗੀ॥36॥[225]

---

[224] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 247.

ਇਸ ਪ੍ਰਕਾਰ ਕਵਿ ਦੇ ਦ੍ਰਿਸ਼ਟੀਕੋਣ ਤੋਂ ਕਰਮ ਦੋ ਪ੍ਰਕਾਰ ਦੇ ਹਨ- ਸ਼ੁਭ ਕਰਮ ਅਤੇ ਅਸ਼ੁਭ ਕਰਮ । ਨੇਕ ਕਰਮਾਂ ਸਦਕਾ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਮੰਦ/ਅਸ਼ੁਭ ਕਰਮਾਂ ਨਾਲ ਦੁਖਾਂ ਦੀ ਪ੍ਰਾਪਤੀ ਹੁੰਦੀ ਹੈ। ਕਰਮ ਜੀਵ ਦੇ ਜਨਮਾਂ ਦੇ ਨਾਲ ਹੀ ਵਿਚਰਦੇ ਹਨ। ਕਰਮ ਜਨਮ-ਮਰਨ ਤੋਂ ਮੁਕਤੀ ਦੀ ਪ੍ਰਾਪਤੀ ਦੇ ਸਾਧਨ ਵੀ ਹਨ।

## ਸਮਤਾ ਭਾਵ

ਭਾਰਤ ਦੇ ਵੈਦਿਕ ਧਰਮ ਵਿਚ ਮਾਨਵ ਜਾਤਿ ਨੂੰ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ। ਇਸਤ੍ਰੀ ਅਤੇ ਪੁਰੁਸ਼ ਵਿਚੋਂ ਵੀ ਪੁਰੁਸ਼ ਦਾ ਹੀ ਵਰਚਸਵ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਵਰਣ ਵੰਡ ਅਤੇ ਲਿੰਗ/ਭੇਦ ਦਾ ਸਖ਼ਤ ਨਿਖੇਧ ਕੀਤਾ। ਸਿਖ ਸਿਧਾਂਤ ਅਨੁਸਾਰ ਕੋਈ ਵੀ ਜੀਵ ਜਾਤਿ , ਵਰਣ, ਲਿੰਗ, ਰੰਗ, ਦੇਸ਼, ਭੇਖ ਆਦਿ ਕਾਰਣ ਵਡਾ ਜਾਂ ਛੋਟਾ ਨਹੀਂ ਹੋ ਸਕਦਾ। ਸਾਰੇ ਹੀ ਇਸਤ੍ਰੀ ਅਤੇ ਪੁਰੁਸ਼ ਇਕਸਮਾਨ ਪ੍ਰਮੇਸ਼ਰ ਦੀ ਕ੍ਰਿਤੀ ਹਨ। ਕੋਈ ਵੀ ਵਿਅਕਤੀ ਆਪਣੀ ਜਾਤਿ ਕਰਕੇ ਜਾਂ ਵਰਗ ਵਿਸ਼ੇਸ਼ ਨਾਲ ਸੰਬੰਧਿਤ ਹੋਣ ਕਰਕੇ ਉਚਾ ਜਾਂ ਵਡਾ ਨਹੀਂ ਹੈ। ਇਸ ਦੇ ਨਾਲ ਹੀ ਧਾਰਮਿਕ ਸੰਕ੍ਰੀਣਤਾ ਅਤੇ ਭੇਦ-ਭਾਵ ਦਾ ਵੀ ਵਿਰੋਧ ਕੀਤਾ। ਕੋਈ ਵੀ ਵਿਅਕਤੀ ਵਿਸ਼ੇਸ਼ ਧਰਮ ਨਾਲ ਸੰਬੰਧਿਤ ਹੋਣ ਕਰਕੇ ਵਡਾ ਜਾਂ ਛੋਟਾ ਨਹੀਂ ਹੈ। ਇਸ ਲਈ ਗੁਰਬਾਣੀ ਵਿਚ ਧਰਮ ਕਰਕੇ ਵੰਡ ਨੂੰ ਸਵਿਕ੍ਰਿਤੀ ਨਹੀਂ ਦਿਤੀ-

ਨਾ ਹਮ ਹਿੰਦੂ ਨ ਮੁਸਲਮਾਨ॥

ਅਲਹ ਰਾਮ ਕੇ ਪਿੰਡੁ ਪਰਾਨ॥[226]

ਸਾਰੇ ਹੀ ਇਕ ਪਰਮਾਤਮਾ ਦੇ ਬਾਲਕ ਹਨ ਅਤੇ ਉਹ ਹੀ ਸਾਰਿਆਂ ਦਾ ਪਿਤਾ ਹੈ। ਇਸ ਲਈ ਕਿਸੇ ਵੀ ਮਨੁਖ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਹੈ-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰ ਗੁਰ ਹਾਈ॥[227]

---

[225] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 247.

[226] ਭੈਰਉ, ਮਹਲਾ 5, 3, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1136.

ਭਗਤ ਕਬੀਰ ਜੀ ਨੇ ਵੀ ਇਕ ਨੂਰ ਤੋਂ ਹੀ ਸਾਰਿਆਂ ਦੇ ਪੈਦਾ ਹੋਣ ਦੀ ਗਲ ਕਰ ਕੇ ਇਹ ਨਿਰਣਯ ਦਿਤਾ ਹੈ, ਕਿ ਇਕ ਤੋਂ ਪੈਦਾਇਸ਼ ਹੋਣ ਕਾਰਣ ਕਿਸਨੂੰ ਮੰਦਾ ਜਾਂ ਭਲਾ ਕਿਹਾ ਜਾ ਸਕਦਾ ਹੈ। ਜਦੋਂ ਕਿ ਸਾਰੀ ਹੀ ਸ੍ਰਿਸ਼ਟੀ ਇਕ ਨੂਰ ਤੋਂ ਹੀ ਪੈਦਾ ਹੋਈ ਹੈ-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥1॥[228]

ਗੁਰਮਤਿ ਦੇ ਇਸੇ ਸਿਧਾਂਤ ਦੀ ਪ੍ਰੋੜ੍ਹਤਾ ਕਵਿ ਨੇ ਵੀ ਆਪਣੀ ਇਸ ਕ੍ਰਿਤੀ ਵਿਚ ਕੀਤੀ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਕੇ ਜਾਂਦੇ ਹਨ, ਤਾਂ ਉਥੇ ਸਵਾਲ ਪੁਛਿਆ ਜਾਂਦਾ ਹੈ, ਕਿ ਸਾਡੇ ਮਨ ਦੀ ਇਹ ਬਹੁਤ ਵਡੀ ਸ਼ੰਕਾ ਹੈ, ਕਿ ਹਿੰਦੂ ਵਡਾ ਹੈ ਜਾਂ ਮੁਸਲਮਾਨ। ਤੁਸੀਂ ਸਾਡੇ ਦਿਲ ਦਾ ਇਹ ਭ੍ਰਮ ਦੂਰ ਕਰੋ-

ਹਿੰਦੂ ਬਡੇ ਕਿ ਜਗ ਮੈ ਤੁਰਕਾ॥

ਇਹ ਬਡ ਸੰਸ ਨਿਵਾਰਹੁ ਉਰ ਕਾ॥52॥[229]

ਗੁਰੂ ਨਾਨਕ ਦੇਵ ਜੀ ਸਾਰੇ ਮਨੁਖਾਂ ਦੀ ਸਮਾਨਤਾ ਦੀ ਗਲ ਕਰਦੇ ਹੋਏ ਉਤਰ ਦੇਂਦੇ ਹਨ, ਕਿ ਸਾਰੇ ਹੀ ਮਨੁਖ ਪੰਜ ਤਤਾਂ ਤੋਂ ਬਣੇ ਹੋਏ ਹਨ। ਸਭ ਦੇ ਇਕੋ ਜਿਹੇ ਹਥ, ਪੈਰ, ਮੂੰਹ, ਕੰਨ ਹਨ। ਦੇਸ਼-ਕਾਲ ਤੋਂ ਪ੍ਰਭਾਵਿਤ ਰਹਿਣੀ-ਸਹਿਣੀ ਕਾਰਣ ਕੋਈ ਵਡਾ ਛੋਟਾ ਨਹੀਂ ਹੋ ਸਕਦਾ। ਉਹ ਕਹਿੰਦੇ ਹਨ, ਕਿ ਮੂਰਖ ਲੋਕ ਆਪਸ ਵਿਚ ਫ਼ਜ਼ੂਲ ਹੀ ਝਗੜਾ ਕਰਦੇ ਹਨ। ਹਰ ਜੁਗ ਵਿਚ ਜਿਸ ਨੇ ਧਿਆਨ ਪਰਮਾਤਮਾ ਵਲ ਲਗਾ ਲਿਆ, ਲੋਕਾਂ ਨੇ ਉਸੇ ਦੀ ਮਹਿਮਾ ਕੀਤੀ ਹੈ-

ਪੰਚ ਤਤ ਸਬ ਦੇਹ ਸਮਾਨਾ॥ ਇਕਸੇ ਹਾਥ ਪਾਉ ਮੁਖ ਕਾਨਾ॥54॥

ਦੇਸਨ ਕੋ ਪ੍ਰਭਾਵ ਉਰਧਾਰਾ॥ ਝਗਰਤ ਆਪਸ ਮਾਹਿ ਗੁਵਾਰਾ॥

---

[227] ਸੋਰਠਿ, ਮਹਲਾ 5, 1, ਉਹੀ, ਪੰਨਾ 611.

[228] ਬਿਭਾਸ ਪ੍ਰਭਾਤੀ, ਭਗਤ ਕਬੀਰ ਜੀ, 3, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1349.

[229] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 275.

ਤਾ ਮੈ ਜਿਨੈ ਨਾਮ ਲਿਵ ਲਾਈ॥ ਜੁਗ ਲੋਗਨ ਸੋ ਲਹਤ ਬਡਾਈ॥55॥[230]

ਸਪਸ਼ਟ ਤੌਰ 'ਤੇ ਉਪਰੋਕਤ ਪੰਕਤੀਆਂ ਦਾ ਆਧਾਰ 'ਸ੍ਰੀ ਦਸਮ ਗ੍ਰੰਥ' ਦੀਆਂ ਹੇਠਲੀਆਂ ਤੁਕਾਂ ਹਨ-

ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ

ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ

ਖਾਕ ਬਾਦ ਆਤਿਸ ਔ ਆਬ ਕੋ ਰਲਾਉ।[231]

ਇਸ ਤੋਂ ਸਪਸ਼ਟ ਹੈ, ਕਿ ਗਣੇਸ਼ ਸਿੰਘ ਬੇਦੀ ਨੇ ਸਾਰੇ ਸਿਖ ਸਾਹਿਤ ਦਾ ਗੰਭੀਰ ਅਧਿਐਨ ਕੀਤਾ ਹੋਇਆ ਸੀ ਅਤੇ ਉਸ ਦੀ ਹਰ ਸਤਰ ਦਾ ਨਿਕਾਸ ਗੁਰਮਤਿ ਦੀ ਪਰਿਪਕ ਧਾਰਣਾ ਵਿਚੋਂ ਹੋਇਆ ਸੀ। ਮਕੇ ਵਾਲੀ ਸਾਖੀ ਵਿਚ ਹੀ ਗੁਰੂ ਨਾਨਕ ਦੇਵ ਜੀ ਨਿਰਣੈ ਕਰਦੇ ਹਨ, ਕਿ ਸਾਰੇ ਧਾਰਮਿਕ ਪੰਥਾਂ ਦੇ ਮਨੁਖਾਂ ਵਿਚ ਇਕੋ ਜੋਤਿ ਦਾ ਪਸਾਰਾ ਹੈ। ਇਕੋ ਹੀ ਪਰਮਾਤਮਾ ਦੇ ਅਨੇਕ ਨਾਮ ਹਨ। ਇਸ ਲਈ ਸਾਧਕ ਮਨੁਖ ਧਰਮ ਅਤੇ ਪਰਮੇਸ਼ਰ ਦੇ ਨਾਮ ਦੇ ਝਗੜਿਆਂ ਵਿਚ ਨਹੀਂ ਪੈਂਦਾ-

ਹਿੰਦੂ ਤੁਰਕ ਸਮਾਨ ਬਿਚਾਰੈ॥ ਏਕ ਜੋਤ ਸਬ ਮੈ ਨਿਰਧਾਰੈ॥

ਰਾਮ ਰਹੀਮ ਅਲਹ ਭਗਵੰਤਾ॥ ਅਹੈ ਏਕ ਕੇ ਨਾਮ ਅਨੰਤਾ॥61॥[232]

## ਸਤਿਸੰਗਤਿ

ਸਤਿਸੰਗਤਿ ਗੁਰਮਤਿ ਦੀ ਬੁਨਿਆਦੀ ਸੰਸਥਾ ਹੈ। ਗੁਰੁਬਾਣੀ ਵਿਚ ਸਤਿਸੰਗਤਿ ਕਰਣ ਉਪਰ ਬਹੁਤ ਜ਼ੋਰ ਦਿਤਾ ਗਿਆ ਹੈ। ਗੁਰੁਬਾਣੀ ਵਿਚ ਅਨੇਕਾਂ ਹੀ ਉਦਾਹਰਣਾਂ ਸਤਿਸੰਗਿ ਬਾਰੇ ਦਿਤੀਆਂ ਗਈਆਂ ਹਨ।

---

[230] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 275.

[231] ਤ੍ਵਪ੍ਰਸਾਦਿ ਕਬਿਤ, 16, *ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਟੀਕਾਕਾਰ ਗਿਆਨੀ ਨਰੈਣ ਸਿੰਘ ਭਾਗ ਪਹਿਲਾ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਅਠਵੀਂ ਵਾਰ, 2011, ਪੰਨਾ 98.

[232] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 276.

ਸਤਿਸੰਗਿ ਨੂੰ ਜਨਮ-ਮਰਨ ਦੇ ਗੇੜ ਤੋਂ ਮੁਕਤੀ ਦਾ ਸਾਧਨ ਦਸਿਆ ਹੈ। ਸਤਿਸੰਗਿ ਨਾਲ ਹੀ ਜਨਮਾਂ ਦੀ ਮੈਲ ਉਤਰ ਸਕਦੀ ਹੈ। ਪਰ ਸਤਸੰਗਤਿ ਕਿਸ ਨੂੰ ਕਹਿੰਦੇ ਹਨ? ਕੈਸੀ ਹੋਣੀ ਚਾਹੀਦੀ ਹੈ? ਇਸ ਦਾ ਨਿਰਣੈ ਵੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਵਿਤ੍ਰ ਵਚਨਾਂ ਵਿਚ ਕਰ ਦਿਤਾ ਹੈ-

ਸਤਸੰਗਤਿ ਕੈਸੀ ਜਾਣੀਐ॥

ਜਿਥੈ ਏਕੋ ਨਾਮੁ ਵਖਾਣੀਐ॥[233]

ਸਾਧ ਪੁਰੁਸ਼ ਨੂੰ ਪਰਮਾਤਮਾ ਦਾ ਰੰਗ ਚੜ੍ਹਿਆ ਹੁੰਦਾ ਹੈ, ਇਸ ਲਈ ਉਸ ਦੀ ਸੰਗਤਿ ਜੀਵ ਨੂੰ ਪਰਮਾਤਮਾ ਦੇ ਨਾਮ ਦਾ ਰੰਗ ਚੜ੍ਹਾਉਣ ਦੀ ਸਮਰਥਾ ਰਖਦੀ ਹੈ। ਇਸ ਲਈ ਅਜਿਹੇ ਪੁਰੁਸ਼ਾਂ ਦੀ ਸੰਗਤਿ ਨੂੰ ਗੁਰੁਬਾਣੀ ਵਿਚ ਮਹਾਪਵਿਤ੍ਰ ਕਿਹਾ ਹੈ-

ਮਹਾ ਪਵਿਤ੍ਰ ਸਾਧ ਕਾ ਸੰਗੁ॥

ਜਿਸੁ ਭੇਟਤ ਲਾਗੈ ਪ੍ਰਭ ਰੰਗੁ॥[234]

ਸਚ ਦੀ ਪ੍ਰਾਪਤੀ ਲਈ ਸੁਚੇ ਹਿਰਦਿਆਂ ਦਾ ਇਕਠਾ ਹੋਣਾ ਹੀ ਸੰਗਤਿ ਹੈ। ਸੰਗਤਿ ਕਰਣ ਨਾਲ ਹੀ ਮਨੁਖ ਅੰਦਰ ਚੰਗੇ ਸੰਸਕਾਰਾਂ ਦੇ ਪ੍ਰਵੇਸ਼ ਕਾਰਣ ਉਸ ਦਾ ਹਿਰਦਯ ਸ਼ੁਧ ਹੁੰਦਾ ਹੈ। ਸਾਧ ਦੀ ਸੰਗਤਿ ਹੀ ਜੀਵ ਦਾ ਆਵਾਗਵਣ ਕਟਣ ਦੇ ਸਮਰਥ ਹੁੰਦੀ ਹੈ-

ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ॥[235]

ਗੁਰਮਤਿ ਦੀ ਧਾਰਣਾ ਅਨੁਸਾਰ ਹੀ ਕਵਿ ਨੇ ਆਪਣੀ ਇਸ ਰਚਨਾ ਵਿਚ ਸਤਿਸੰਗਿ ਦੀ ਮਹਿਮਾ ਅੰਕਿਤ ਕੀਤੀ ਹੈ। ਕਵਿ ਗਣੇਸ਼ ਸਿੰਘ ਗੁਰੁਸਿਖਾਂ ਦੇ ਸੰਗ ਨੂੰ ਸਤਿਸੰਗਤਿ ਦਸਦਾ ਹੈ। ਉਸ ਅਨੁਸਾਰ ਸਤਿਸੰਗਤਿ ਮਨ ਦੀਆਂ ਸਭ ਇਛਾਵਾਂ ਪੂਰੀਆਂ ਕਰਣ ਵਾਲਾ ਕਲਪ ਰੁਖ ਹੈ ਅਤੇ ਮੇਰੀ ਉਸੇ ਅਗੇ ਹਥ ਜੋੜ ਕੇ

---

[233] ਸਿਰੀਰਾਗੁ, ਮਹਲਾ 1, 1, *ਸ਼੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 72.

[234] ਆਸਾ ਮਹਲਾ 5, 38, ਉਹੀ, ਪੰਨਾ 192-93.

[235] ਸ੍ਰੀ ਰਾਗੁ, ਮਹਲਾ 5, 7, ਉਹੀ, ਪੰਨਾ 44.

ਅਰਦਾਸ ਹੈ, ਜੋ ਮੇਰਾ ਚਕੋਰ ਮਨ ਸ੍ਰੀ ਗੁਰੂ ਜੀ ਦੇ ਚੰਦ੍ਰਮੁਖ ਨਾਲ ਹੀ ਜੁੜਿਆ ਰਹੇ। ਗੁਰੂ-ਪ੍ਰੀਤ ਦਾ ਪਰਮ ਅਭਿਲਾਖੀ ਹੋ ਕੇ ਕਵਿ ਲਿਖਦਾ ਹੈ-

ਸਤ ਸੰਗਤ ਤਰੁ ਕਲਪ ਲੌ ਬਿਨੈ ਕਰੌ ਕਰ ਜੋਰ॥
ਸ੍ਰੀ ਗੁਰ ਆਨਨ ਚੰਦ੍ਰਮਾ ਹ੍ਵੈ ਚਕੋਰ ਮਨ ਮੋਰ॥1॥[236]

ਸਤਿਸੰਗਤਿ ਹੀ ਪਰਮ ਸੁਖ ਦੀ ਪ੍ਰਾਪਤੀ ਦਾ ਸਾਧਨ ਹੈ।[237] ਸਤਿਸੰਗਤਿ ਹੀ ਮਨ ਨੂੰ ਵਿਸ਼ੈ-ਵਿਕਾਰਾਂ ਤੋਂ ਰੋਕਦੀ ਹੈ, ਵਾਸ਼ਨਾਵਾਂ ਦਾ ਨਾਸ਼ ਕਰਦੀ ਹੈ ਅਤੇ ਦ੍ਵੈਤ ਭਾਵ ਨੂੰ ਮਿਟਾਉਂਦੀ ਹੈ।[238] ਇਸ ਲਈ ਮਨੁਖ ਨੂੰ ਪਰਮਾਤਮਾ ਦਾ ਭੈਅ ਹਿਰਦੈ ਵਿਚ ਧਾਰ ਕੇ ਸਾਰੇ ਵਿਸ਼ੈ-ਵਿਕਾਰਾਂ ਨੂੰ ਤਿਆਗ ਕੇ ਸਤਿਸੰਗਤਿ ਰੂਪੀ ਮੁਕਤੀ ਦੇ ਦੁਆਰੇ ਜਾਣਾ ਚਾਹੀਦਾ ਹੈ। ਯਥਾ-

ਸਾਹਿਬ ਕਾ ਉਰ ਡਰ ਕਰੋ ਤਜ ਬਿਸੈ ਬਿਕਾਰਾ॥
ਸਤ ਸੰਗਤ ਕਰ ਸੁਗਮ ਹੀ ਹ੍ਵੈ ਮੋਖ ਉਦਾਰਾ॥[239]

ਸਤਿਸੰਗਤਿ ਦੀ ਮਹਿਮਾ ਕਵਿ ਨੇ ਅਨੇਕ ਥਾਵਾਂ ਉਪਰ ਕੀਤੀ ਹੈ। ਕਵਿ ਦੇ ਦ੍ਰਿਸ਼ਟੀਕੋਣ ਤੋਂ ਸਾਰੇ ਹੀ ਪੰਥਾਂ ਦੇ ਲੋਕਾਂ ਲਈ ਸਤਿਸੰਗਤਿ ਜ਼ਰੂਰੀ ਹੈ। ਇਹ ਮੁਕਤੀ ਦੇ ਅਹਿਮ ਸਾਧਨਾਂ ਵਿਚੋਂ ਇਕ ਹੈ। ਕਿਉਂਕਿ ਇਸ ਦੁਆਰਾ ਮਾਨਵ ਨੂੰ ਵਿਸ਼ਯ-ਮੁਕਤਿ ਪ੍ਰਾਪਤ ਹੁੰਦੀ ਹੈ। ਅਦ੍ਰਮਾਨ ਪ੍ਰਸੰਗ ਵਿਚ ਉਬਾਰੇ ਖ਼ਾਨ ਜਦੋਂ ਗੁਰੂ ਜੀ ਨੂੰ ਪ੍ਰਸ਼ਨ ਕਰਦਾ ਹੈ, ਕਿ ਹਿੰਦੂ ਅਤੇ ਮੁਸਲਮਾਨ ਵਿਚੋਂ ਕੌਣ ਉਤਮ ਹੈ-

---

[236] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 181.

[237] ਅਬ ਕਰਣਾ ਕਰ ਕੈ ਪ੍ਰਭੋ ਮਨ ਰੁਜਨ ਬਿਦਾਰਾ॥ ਕਹਗੁਰ ਸਤਿ ਸੰਗਤ ਕਰੋ ਸੂਖ ਲਹੋ ਅਪਾਰਾ॥28॥

(ਉਹੀ, ਪੰਨਾ 72).

[238] ਸਤਿਸੰਗਤਿ ਮਹਿ ਹੁਇ ਜਬ ਬਸਨਾ॥ ਕਰਤ ਤਬੈ ਮਨ ਰੋਕਨ ਜਤਨਾ॥ ਹੋਹਿ ਬਿਨਾਸ ਬਾਸਨਾ ਤਬ ਹੀ॥ ਦ੍ਵੈਤ ਮਤੀ ਮਿਟ ਜੈ ਹੈ ਜਬ ਹੀ॥62॥

(ਉਹੀ, ਪੰਨਾ 364).

[239] ਉਹੀ, ਪੰਨਾ 564.

ਬੂਝਜੋ ਇਕ ਸੰਸ ਕਰੋ ਮਮ ਹਾਨਾ॥

ਮਤ ਹਿੰਦੁ ਕਿਧੌ ਤੁਰਕਾਨ ਮਹਾਨਾ॥5॥[240]

ਗੁਰੂ ਜੀ ਉਤਰ ਦਿੰਦੇ ਹਨ, ਕਿ ਦੋਨੋਂ ਹੀ ਇਕ ਸਮਾਨ ਹਨ। ਮਰਨ ਤੋਂ ਬਾਅਦ ਸਾਰੇ ਹੀ ਮਿਟੀ ਵਿਚ ਰਲਦੇ ਹਨ। ਫਿਰ ਕਿਸ ਨੂੰ ਮਹਾਨ ਕਿਹਾ ਜਾ ਸਕਦਾ ਹੈ? ਨੇਕ ਕਰਮਾਂ ਤੋਂ ਵੰਚਿਤ ਜੀਵ ਨਰਕ ਦੇ ਭਾਗੀ ਹੁੰਦੇ ਹਨ ਅਤੇ ਗੁਰਮਤਿ ਅਨੁਸਾਰ ਕਰਮ ਕਰਣ ਵਾਲਿਆਂ ਨੂੰ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਵਾਸਤਵ ਵਿਚ ਜੋ ਵੀ ਜੀਵ ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਸ ਨੂੰ ਹੀ ਸਰਬ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਯਥਾ-

ਸ੍ਰੀ ਗੁਰ ਭਨਯੋ ਜੇ ਪੱਖ ਦੋਊ ਦਿਨ ਕੇ ਜਾਨਿਯੈ॥

ਮ੍ਰਿਤ ਦੇਹ ਮਾਟੀ ਸੰਗ ਰਲ ਹੀ ਬਾਦ ਕਿਸ ਪਰ ਠਾਨਿਯੈ॥

ਸੁਭ ਪੰਥ ਭੂਲੇ ਨਰਕ ਜੈ ਹੈ ਮਾਨ ਗੁਰਮਤਿ ਸੁਖ ਲੈਹੈ॥

ਕਰ ਪ੍ਰੇਮ ਉਰ ਪ੍ਰਭ ਗੁਨ ਜਿ ਗਾਵਤ ਸਰਬ ਦੁਖ ਤਿਨ ਕੇ ਦਹੈ॥6॥[241]

ਇਸੇ ਪ੍ਰਸੰਗ ਵਿਚ ਕਵਿ ਅਗੇ ਸਤਿਸੰਗਤਿ ਦੀ ਮਹਿਮਾ ਕਰਦਾ ਹੋਇਆ ਕਹਿੰਦਾ ਹੈ, ਕਿ ਪਰਮਾਤਮਾ ਦੀ ਬੰਦਗ਼ੀ ਕਰਣ ਵਾਲਾ, ਸਤਿਸੰਗਤਿ ਕਰਣ ਵਾਲਾ ਅਤੇ ਨਾਮ ਰੂਪੀ ਆਭੂਸ਼ਣ ਧਾਰਣ ਕਰਣ ਵਾਲਾ ਹੀ ਵਾਸਤਵ ਵਿਚ ਮਹਾਨ ਹੈ, ਬਾਕੀ ਸਾਰੇ ਹਿੰਦੂ ਮੁਸਲਮਾਨ ਪਰਮਾਤਮਾ ਨੇ ਬਣਤਰ ਪਖੋਂ ਸਮਾਨ ਬਣਾਏ ਹਨ-

ਪ੍ਰਭੁ ਬੰਦਗੀ ਕਰ ਸੰਤ ਸੰਗਤ ਨਾਮ ਭੂਖਨ ਗਰ ਧਰੈ॥

ਸਮ ਰਚੇ ਪ੍ਰਭ ਜੂ ਹਿੰਦੁ ਤੁਰਕਾ ਜਾਨ ਯਹ ਦਾਵਾ ਹਰੈ॥[242]

ਚਰਚਿਤ ਕ੍ਰਿਤੀ ਵਿਚ ਸਿਖਾਂ ਨੂੰ ਸਤਿਸੰਗਤਿ ਦੀ ਮਹਿਮਾ ਬਿਆਨਦਿਆਂ ਕਿਹਾ ਹੈ, ਕਿ ਮਨ ਨੂੰ ਨੀਵਾਂ ਕਰਕੇ ਵਿਚਰਣਾ, ਸਿਖਾਂ ਦੀ ਸੇਵਾ ਕਰਣਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਪਰਮਾਤਮਾ ਦਾ ਸਿਮਰਨ

---

[240] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 581.

[241] ਉਹੀ, ਪੰਨਾ 582.

[242] ਉਹੀ.

ਕਰਣਾ ਸਿਖ ਦਾ ਨਿਤ ਕਰਮ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਤਿਸੰਗਤਿ ਵਿਚ ਬੈਠ ਕੇ ਗੁਰੁਬਾਣੀ ਦਾ ਅਭਿਆਸ ਹੀ ਸਿਖੀ ਦੀ ਪ੍ਰਾਪਤੀ ਲਈ ਸਹਾਈ ਹੁੰਦਾ ਹੈ, ਜਿਸ ਸਦਕਾ ਸਾਰੇ ਹੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਯਥਾ-

ਕਹ ਗੁਰ ਮਨ ਨੀਵਾ ਕਰੌ ਕਰ ਸਿੱਖਨ ਸੇਵਾ॥

ਪਿਛਲੀ ਨਿਸਾ ਸਨਾਨ ਕਰ ਸਿਮਰੋ ਗੁਰ ਦੇਵਾ॥

ਸਤ ਸੰਗਤਿ ਮਿਲ ਗੁਨ ਰਰੋ ਬਾਨੀ ਅਭਜਾਸਾ॥

ਸਿਖੀ ਪ੍ਰਾਪਤ ਹੋਇ ਪੁਨ ਪਾਵਹੁ ਸੁਖਰਾਸਾ॥37॥[243]

## ਆਤਮਾ

ਧਰਮ ਸ਼ਾਸਤ੍ਰ ਵਿਚ ਆਤਮਾ ਦੀ ਵਿਚਾਰ ਹੋਣੀ ਸੁਭਾਵਿਕ ਗਲ ਹੈ। ਸਾਰੇ ਧਰਮਾਂ ਨੇ ਆਪਣੇ-ਆਪਣੇ ਮਤ ਅਨੁਸਾਰ ਆਤਮਾ ਨੂੰ ਪਾਰਿਭਾਸ਼ਿਤ ਕਰਣ ਦਾ ਯਤਨ ਕੀਤਾ ਹੈ। ਇਕ ਰੋਚਕ ਤਥ ਇਹ ਹੈ, ਕਿ ਧਰਮ ਤੋਂ ਬਿਨਾ ਵਿਸਤਾਰ ਨਾਲ ਹੋਰ ਕਿਸੇ ਨੇ ਆਤਮਾ ਦੀ ਗਲ ਨਹੀਂ ਕੀਤੀ। ਸ੍ਰਿਸ਼ਟੀ ਵਿਚ ਜੇਕਰ ਆਤਮਾ ਨਹੀਂ, ਤਾਂ ਸ੍ਰਿਸ਼ਟੀ ਦੀ ਰਚਨਾ ਸੰਭਵ ਨਹੀਂ ਅਤੇ ਆਤਮਾ ਨੂੰ ਪਰਮਾਤਮਾ ਦੀ ਅੰਸ਼ ਕਹਿਣ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ, ਕਿ ਪਰਮਾਤਮਾ ਵਿਚ ਅਭੇਦ ਹੋਣ ਲਈ ਇਕ ਮਾਤ੍ਰ ਸਾਧਨ ਆਤਮਾ ਹੀ ਹੈ। ਧਾਰਮਿਕ ਖੇਤਰ ਵਿਚ ਵਿਸਤ੍ਰਿਤ ਵਿਸ਼ਲੇਸ਼ਣ ਕਰਣ 'ਤੇ ਅਸੀਂ ਇਹ ਨਿਰਣਯ ਕਰਦੇ ਹਾਂ, ਕਿ ਆਤਮਾ ਇਕ ਸੂਖਮ ਅਧਿਆਤਮ ਤਤ ਹੈ। ਜੇਕਰ ਆਤਮਾ ਨੂੰ ਮਨੁਖੀ ਸਰੀਰ ਦਾ ਹਿਸਾ ਕਹਿ ਲਈਏ, ਤਾਂ ਪ੍ਰਸ਼ਨ ਇਹ ਪੈਦਾ ਹੋ ਜਾਂਦਾ ਹੈ ਕਿ ਜੇ ਆਤਮਾ ਨਹੀਂ, ਤਾਂ ਕੀ ਸਰੀਰ ਦਾ ਕੋਈ ਵਜੂਦ ਹੈ? ਪਰ ਇਸ ਦਾ ਉਤਰ ਵੀ ਇਸੇ ਪ੍ਰਸ਼ਨ ਵਿਚੋਂ ਲਭਿਆ ਜਾ ਸਕਦਾ ਹੈ। ਜੇਕਰ ਸਰੀਰ ਨਹੀਂ ਹੈ, ਤਾਂ ਕੀ ਆਤਮਾ ਦਾ ਕੋਈ ਵਜੂਦ ਹੈ? ਸਾਧਾਰਣ ਤੌਰ 'ਤੇ ਇਹ ਅਨੁਭੂਤੀ ਹੋਵੇਗੀ, ਕਿ ਆਤਮਾ ਦਾ ਸਰੀਰ ਬਿਨਾਂ ਵਜੂਦ ਨਹੀਂ ਹੈ। ਪਰ ਜੇਕਰ ਥੋੜ੍ਹੇ ਧਿਆਨ ਨਾਲ ਧਰਮ ਦੀ ਕਸਵਟੀ

---

[243] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 596.

'ਤੇ ਵਿਚਾਰ ਕਰੀਏ , ਤਾਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਆਤਮਾ ਪਰਮਾਤਮਾ ਦਾ ਸ੍ਰੂਪ ਹੈ। ਇਸ ਲਈ ਇਸ ਦਾ ਸਰੀਰ ਤੋਂ ਬਿਨਾਂ ਵੀ ਵਜੂਦ ਸੰਭਵ ਹੈ ਅਤੇ ਇਹ ਇਕ ਅਨਾਦਿ ਤਤ੍ਵ ਹੈ। ਇਹ ਵੀ ਸਪਸ਼ਟ ਹੈ, ਕਿ ਸਰੀਰ ਦਾ ਆਤਮਾ ਤੋਂ ਬਿਨਾਂ ਕੋਈ ਵਜੂਦ ਨਹੀਂ ਮੰਨਿਆ ਜਾ ਸਕਦਾ।

ਆਤਮਾ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਦਾ ਯਤਨ ਕਰਦਿਆਂ ਅਸੀਂ ਆਤਮਾ ਬਾਰੇ ਚਲੰਤ ਪ੍ਰਮਾਣ ਦੀ ਗਲ ਕਰਦੇ ਹਾਂ-

*"ਮਨੁਖ ਜਾਂ ਪ੍ਰਾਣੀ ਮਾਤਰ ਅੰਦਰ ਸਮਾਈ ਚੇਤਨਾ 'ਆਤਮਾ' ਹੈ। ਇਸਦਾ ਸਥੂਲ ਰੂਪ ਭਾਵੇਂ ਕੋਈ ਨਹੀਂ ਦਿਸਦਾ, ਵੈਸੇ ਇਹ ਪਰਮਾਤਮਾ ਦੀ ਅੰਸ਼ ਹੋਣ ਕਰਕੇ ਅਜਰ, ਅਮਰ ਤੇ ਨਿੱਤ ਹੈ: ਇਸਦਾ ਸਰੂਪ ਸਤ, ਚਿਤ ਅਨੰਦ ਦੱਸਿਆ ਗਿਆ ਹੈ। 'ਐਤਰੇਯ ਉਪਨਿਸ਼ਦ' ਨੇ ਆਤਮਾ ਨੂੰ ਮੂਲ ਤੱਤ ਤੇ ਸੰਸਾਰ ਦਾ 'ਆਦਿ ਕਾਰਣ' ਆਖਿਆ ਹੈ, ਮਾਂਡੂਕ ਉਪਨਿਸ਼ਧ ਇਸ ਨੂੰ ਬ੍ਰਹਮ ਕਹਿੰਦਾ ਹੈ, ਇਸੇ ਤਰ੍ਹਾਂ ਵੇਦਾਂਤ-ਵਾਕਾਂ ਵਿਚ ਇਸਨੂੰ ਬ੍ਰਹਮ ਨਾਲ ਬਿਲਕੁਲ ਅਭੇਦ ਨਿਰੂਪਣ ਕੀਤਾ ਗਿਆ ਹੈ। ਕਬੀਰ ਸਾਹਿਬ 'ਰਾਮ ਕੀ ਅੰਸ਼ ਆਖਦੇ ਹਨ ਤੇ ਗੁਰੂਆਂ ਆਤਮਾ ਨੂੰ 'ਜੋਤਿ ਸਰੂਪ' ਕਹਿਕੇ ਯਾਦ ਕੀਤਾ ਹੈ। ਇਸੇ ਕਰਕੇ ਭਗਤੀ ਲਹਿਰ ਦੇ ਸੰਤਾਂ, ਪਰਮਾਤਮਾ ਦਾ ਗਿਆਨ ਪ੍ਰਾਪਤ ਕਰਣ ਲਈ, ਆਤਮ-ਚੀਨਣ ਉਤੇ ਬਹੁਤ ਜ਼ੋਰ ਦਿਤਾ ਹੈ।*[244]

ਇਨ੍ਹਾਂ ਵਿਚਾਰਾਂ ਤੋਂ ਸਪਸ਼ਟ ਹੈ, ਕਿ ਗੁਰਮਤਿ ਅਨੁਸਾਰ ਆਤਮਾ ਪਰਮਾਤਮਾ ਦਾ ਸ੍ਰੂਪ ਹੈ। ਪਰਮਾਤਮਾ ਹੀ ਮਨੁਖ ਦੀ ਦੁਬਿਧਾ ਨੂੰ ਖ਼ਤਮ ਕਰ ਸਕਦਾ ਹੈ-

ਆਤਮਾ ਪਰਮਾਤਮਾ ਏਕੋ ਕਰੈ॥

ਅੰਤਰ ਕੀ ਦੁਬਿਧਾ ਅੰਤਰਿ ਮਰੈ॥1॥[245]

ਆਤਮਾ ਅਤੇ ਪਰਮਾਤਮਾ ਦੀ ਏਕਤਾ ਕਰਕੇ ਹੀ ਗੁਰੂ ਨਾਨਕ ਦੇਵ ਜੀ ਆਤਮ ਚੀਨਣ ਉਤੇ ਜ਼ੋਰ ਦੇ ਰਹੇ ਹਨ-

---

[244] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ 2009, ਪੰਨਾ 26.

[245] ਧਨਾਸਰੀ, ਮਹਲਾ 1, 2, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 661.

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥

ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ॥6॥[246]

ਗੁਰਮਤਿ ਅਨੁਸਾਰ ਪਰਮਾਤਮਾ ਹੀ ਆਤਮਾ ਹੈ ਅਤੇ ਆਤਮਾ ਹੀ ਪਰਮਾਤਮਾ ਹੈ। ਇਸ ਨੂੰ ਅਸੀਂ ਸਮੁੰਦਰ ਅਤੇ ਉਸ ਦੀ ਬੂੰਦ ਦੇ ਹਵਾਲੇ ਨਾਲ ਸਮਝਣ ਦਾ ਯਤਨ ਕਰਾਂਗੇ। ਸਮੁੰਦਰ ਅਤੇ ਉਸ ਦੀ ਬੂੰਦ ਵਿਚ ਕੋਈ ਭੇਦ ਨਹੀਂ, ਉਸੇ ਤਰ੍ਹਾਂ ਹੀ ਪਰਮਾਤਮਾ ਅਤੇ ਆਤਮਾ ਵਿਚ ਕੋਈ ਭਿੰਨਤਾ ਨਹੀਂ ਹੈ। ਜੇਕਰ ਬੂੰਦ ਸਮੁੰਦਰ ਵਿਚ ਮਿਲ ਜਾਂਦੀ ਹੈ, ਤਾਂ ਉਸ ਨੂੰ ਵਖ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਸਮੁੰਦਰ ਦੇ ਸਾਰੇ ਗੁਣਾਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ, ਉਸੇ ਤਰ੍ਹਾਂ ਆਤਮਾ ਵਿਚ ਵੀ ਕੋਈ ਭਿੰਨਤਾ ਨਹੀਂ ਹੈ, ਉਸ ਵਿਚ ਵੀ ਪਰਮਾਤਮਾ ਵਾਲੇ ਸਾਰੇ ਗੁਣ ਸਮਾਏ ਹੋਏ ਹਨ। ਯਥਾ-

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥[247]

ਕਵਿ ਨੇ ਆਤਮਾ ਬਾਰੇ ਬਹੁਤ ਹੀ ਸੰਖਿਪਤ ਵਿਚਾਰ ਪ੍ਰਸਤੁਤ ਕੀਤੇ ਹਨ। ਉਹ ਮਨੁਖੀ ਸਰੀਰ ਨੂੰ ਪੰਜ ਤਤਾਂ ਤੋਂ ਉਤਪਤ ਹੋਇਆ ਮੰਨ ਕੇ ਇਸ ਵਿਚ ਵਿਦਮਾਨ ਜੋਤਿ ਨੂੰ ਆਤਮਾ ਮੰਨਦਾ ਹੈ, ਜੋ ਕਿ ਜਨਮ-ਮਰਨ ਤੋਂ, ਦੁਖ-ਸੁਖ ਤੋਂ ਨਿਰਲੇਪ ਹੈ। ਯਥਾ-

ਪੰਚ ਤਤ ਕੋ ਤਨ ਇਹ ਜਾਨੋ॥ ਬਿਲਗ ਹੋਇ ਤਬ ਬਿਨਸਤ ਮਾਨੋ॥

ਜਨਮ ਮਰਨ ਆਤਮ ਮੈ ਨਾਹੀ॥ ਹਰਖ ਸੋਕ ਨਹਿ ਭੈ ਕਛ ਤਾਹੀ॥10॥[248]

ਇਸ ਤਰ੍ਹਾਂ ਮਨੁਖਾ ਸਰੀਰ ਨੂੰ ਰਥ ਮੰਨਿਆ ਹੈ, ਇੰਦ੍ਰੀਆਂ ਨੂੰ ਘੋੜੇ ਮੰਨਿਆ ਹੈ, ਮਨ ਨੂੰ ਲਗਾਮ ਮੰਨ ਕੇ, ਬੁਧਿ ਨੂੰ ਸਾਰਥੀ ਮੰਨਿਆ ਹੈ । ਵਿਕਾਰਾਂ ਵਿਚ ਗ੍ਰਸਤ ਵਿਅਕਤੀ ਨਿਤ ਕੁਕਰਮ ਕਰਦਾ ਰਹਿੰਦਾ ਹੈ, ਪਰ ਉਸਨੂੰ ਆਤਮਾ ਦਾ ਗਿਆਨ ਨਹੀਂ, ਜੋ ਦੁਖ -ਸੁਖ ਵਿਚ ਸਮ ਬਿਰਤੀ ਵਾਲੀ ਹੈ। ਉਸਨੂੰ ਨਾ ਤਾਂ ਅਗਨੀ ਜਲਾ

---

[246] ਆਸਾ, ਮਹਲਾ 1, 20, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 421.

[247] ਭੈਰਉ, ਮਹਲਾ 1, 1, ਉਹੀ, ਪੰਨਾ 1153.

[248] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 365.

ਸਕਦੀ ਹੈ, ਨਾ ਜਲ ਵਿਚ ਡੋਬਿਆ ਜਾ ਸਕਦਾ ਹੈ, ਨਾ ਕੋਈ ਸ਼ਸਤ੍ਰ ਮਾਰ ਸਕਦਾ ਹੈ ਅਤੇ ਨਾ ਹੀ ਹਵਾ ਉਡਾ ਸਕਦੀ ਹੈ। ਇਸ ਲਈ ਸਾਰੇ ਹੀ ਵਿਕਾਰਾਂ ਦਾ ਤਿਆਗ ਕਰਕੇ ਆਤਮਾ ਦੇ ਸੁਭਾਅ ਅਨੁਸਾਰ ਹੀ ਸਰੀਰ ਰਥ ਨੂੰ ਤੋਰਣਾ ਚਾਹੀਦਾ ਹੈ, ਭਾਵ ਆਤਮਾ ਦੇ ਪ੍ਰਕਾਸ਼ ਵਿਚ ਵਿਚਰਣ ਕਰਣਾ ਚਾਹੀਏ।। ਯਥਾ-

ਰਥ ਰੂਪੀ ਜੋ ਅਹੈ ਸਰੀਰਾ ਤਿਹ ਤੁਰੰਗ ਇੰਦ੍ਰਯ ਪਹਚਾਨ॥

ਮਨ ਡੋਰੀ ਕੋ ਸਮ ਤਿਹ ਜਾਨੋ ਬੁਧਿ ਸਾਰਥੀ ਤਾਸ ਪ੍ਰਮਾਨ॥

ਰਥੀ ਆਤਮਾ ਰੂਪ ਸੁ ਤੇਰੋ ਜਾ ਕੇ ਹਰਖ ਸੋਗ ਨਹਿ ਮਾਨ॥

ਤਾ ਕੋ ਤੂ ਨੀਕੇ ਲਖ ਲੀਜੈ ਅਪਰ ਅਹੰਤਾ ਤਿਆਗ ਸੁਜਾਨ॥23॥

ਜਿਹ ਕੋ ਸਕਹਿ ਨ ਅਗਨ ਜਲਾਈ ਨੀਰ ਨ ਬੋਰ ਸਕੈ ਪੁਨ ਤਾਹਿ॥

ਨਹਿ ਸਸਤ੍ਰਨ ਸੌ ਛੇਦਯੋ ਜਾਈ ਪੌਨ ਨ ਤਾਕੋ ਸਕੈ ਉਡਾਹਿ॥[249]

ਸੋ ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਆਤਮਾ ਪ੍ਰਮਾਤਮਾ ਦੀ ਅੰਸ਼ ਹੈ ਅਤੇ ਆਤਮਾ ਦੇ ਪ੍ਰਭਾਵ ਵਿਚ ਹੀ ਮਨੁਖ ਨੂੰ ਕਰਮ ਕਰਣੇ ਚਾਹੀਦੇ ਹਨ।

## ਮਾਇਆ

ਗੁਰੁਬਾਣੀ ਵਿਚ ਮਾਇਆ ਨੂੰ ਤ੍ਰਿਗੁਣਾਤਮਕ ਕਿਹਾ ਹੈ । ਇਹ ਸਤਵ, ਰਜਸ ਅਤੇ ਤਮਸ ਗੁਣਾਂ ਦੀ ਖੇਡ ਹੈ। ਇਹ ਪ੍ਰਮੇਸ਼ਰ ਦੀ ਛਾਇਆ ਹੈ, ਵਾਸਤਵਿਕਤਾ ਨਹੀਂ, ਅਸਾਰ ਹੈ। ਇਹ ਸਤਿ ਸ੍ਰਰੂਪ ਦੇ ਮਿਲਾਪ ਦੇ ਰਾਹ ਦੀ ਵਡੀ ਰੁਕਾਵਟ ਹੈ, ਕਿਉਂਕਿ ਮਾਨਵ ਇਸ ਪਰਛਾਈ ਨਾਲ ਹੀ ਸਨੇਹ ਕਰ ਬੈਠਦਾ ਹੈ। ਇਸ ਲਈ ਗੁਰੁਬਾਣੀ ਵਿਚ ਇਸ ਦੁਆਰਾ ਸਾਰਾ ਹੀ ਜਗਤ ਮੋਹਿਆ ਦਸਿਆ ਹੈ-

ਮਾਇਆ ਮੋਹੁ ਜਗਤੁ ਸਬਾਇਆ॥

ਤ੍ਰੈ ਗੁਣ ਦੀਸਹਿ ਮੋਹੇ ਮਾਇਆ॥[250]

---

[249] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 195.

[250] ਮਾਝ, ਮਹਲਾ 3, 32, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 129.

ਮਨੁਖ ਇਸ ਦੇ ਠਗਣੀ ਸ੍ਰੂਪ ਨੂੰ ਭੁਲ ਕੇ ਇਸ ਵਿਚ ਗ਼ਲਤਾਨ ਹੋ ਜਾਂਦਾ ਹੈ, ਇਹ ਖੋਟੀ ਰਾਸਿ ਹੈ, ਜੋ ਕਿ ਇਕ ਪਲ ਵਿਚ ਹੀ ਮਨੁਖ ਨੂੰ ਵਿਕਾਰਾਂ ਨਾਲ ਗ੍ਰਸਤ ਕਰਕੇ ਉਸ ਨੂੰ ਕੁਕਰਮ ਕਰਣ ਉਤੇ ਮਜ਼ਬੂਰ ਕਰਦੀ ਹੈ-

ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜ ਲਹਿ ਜਾਇ॥

ਹਥਹੁ ਛੁੜਕੀ ਤਨੁ ਸਿਆਹੁ ਹੋਇ ਬਚਨੁ ਜਾਇ ਕੁਮਲਾਇ॥[251]

ਗੁਰੁਬਾਣੀ ਵਿਚ ਮਾਇਆ ਨੂੰ ਵਿਕਾਰਾਂ ਦੀ ਸਿਰਦਾਰ ਕਹਿ ਕੇ ਇਸ ਤੋਂ ਬਚਣ ਦੀ ਮਨੁਖ ਨੂੰ ਤਾਕੀਦ ਕੀਤੀ ਹੈ। ਇਸ ਦੇ ਪ੍ਰਭਾਵਾਧੀਨ ਮਨੁਖ ਆਵਾਗਵਣ ਵਿਚ ਫਸਿਆ ਰਹਿੰਦਾ ਹੈ। ਇਸ ਦੇ ਅਧੀਨ ਹੀ ਮੋਹ, ਕਾਮ, ਕ੍ਰੋਧ, ਅਹੰਕਾਰ ਇਤਿਆਦਿਕ ਵਿਕ੍ਰਿਤੀਆਂ ਸਕ੍ਰਿਯ ਹੁੰਦੀਆਂ ਹਨ-

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥

ਏਹ ਜਮ ਕੀ ਸਿਰਕਾਰ ਹੈ ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ॥[252]

ਕਵਿ ਨੇ ਵੀ ਮਾਇਆ ਦੇ ਤਿੰਨ ਗੁਣਾਂ ਦੀ ਵਿਚਾਰ ਚਰਚਿਤ ਕ੍ਰਿਤੀ ਵਿਚ ਅੰਕਿਤ ਕੀਤੀ ਹੈ। 'ਮੁਲਤਾਨ ਪੀਰਨ ਪ੍ਰਸੰਗ' ਵਿਚ ਬਹਾਵਲਦੀਨ ਪੀਰ ਨਾਲ ਚਰਚਾ ਸਮੇਂ ਮਾਇਆ ਨੂੰ ਕੂੜ ਕਿਹਾ ਹੈ-

ਜਗ ਰਚਨਾ ਤਜੌ ਕੂਰ ਹੈ ਸੰਕਲਪ ਨ ਠਾਨੋ॥

ਸਤਿਗੁਰ ਬਚਨ ਰਿਦੈ ਧਰੋ ਆਤਮ ਸਚ ਜਾਨੋ॥

ਮਨ ਰਿਪ ਜੀਤ ਨ ਰੀਤ ਯਹ ਕੀਨੇ ਸੁਖ ਹੋਈ॥

ਪੀਰ ਬਹਾਵਲ ਹਕ ਯੇ ਸੁਨ ਤਿਨੈ ਬੁਗੋਈ॥10॥

ਮਾਯਾ ਕੂਰ ਜੁ ਤੁਮ ਭਨੋ ਤਿਸ ਬਿਨ ਬਿਵਹਾਰਾ॥

ਕੋਯ ਨ ਜਗ ਮੈ ਚਲਤ ਹੈ ਉਰ ਲੇਹੁ ਬਿਚਾਰਾ॥

---

[251] ਗੂਜਰੀ ਕੀ ਵਾਰ, ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 510.

[252] ਗੂਜਰੀ ਕੀ ਵਾਰ, ਮਹਲਾ 3, ਉਹੀ, ਪੰਨਾ 513.

ਸ੍ਰੀ ਗੁਰ ਕਹ ਝੂਠੀ ਲਖੋ ਨਿਸਚੈ ਕਰ ਮਾਯਾ॥

ਝੂਠੀ ਤਿਹ ਰਚਨਾ ਜਿਮੈ ਅਹਿਦਾਮ ਬਨਾਯਾ॥11॥[253]

ਜਿਸ ਤੋਂ ਬਹਾਵਲਦੀਨ ਦਾ ਪ੍ਰਸ਼ਨ ਸੀ, ਕਿ ਜੇਕਰ ਇਹ ਕੂੜ ਹੈ ਤਾਂ ਇਹ ਕਾਰਜਸ਼ੀਲ ਕਿਵੇਂ ਹੈ? ਜਿਸ ਦੇ ਉਤਰ ਵਿਚ ਇਕ ਦ੍ਰਿਸ਼ਟਾਂਤ ਦਿਤਾ ਹੈ, ਕਿ ਜਿਸ ਤਰ੍ਹਾਂ ਸੁਪਨੇ ਵਿਚ ਕੋਈ ਵਿਅਕਤੀ ਇਕ ਟਕਾ ਮਲਾਹ ਨੂੰ ਦੇ ਕੇ ਕਿਸ਼ਤੀ ਰਾਹੀਂ ਨਦੀ ਪਾਰ ਕਰ ਲੈਂਦਾ ਹੈ, ਉਸੇ ਭਾਂਤਿ ਇਹ ਸੁਪਨੇ ਵਰਗੀ ਹੈ-

ਸੁਪਨੇ ਮੈ ਨਦ ਨੀਰ ਕੋ ਉਤਰੇ ਚਢ ਨਾਉ॥

ਕੇਵਟ ਕੋ ਇਕ ਟਕਾ ਦੈ ਇਮ ਪਰੈ ਲਖਾਉ॥[254]

ਵਿਚਾਰਾਧੀਨ ਕ੍ਰਿਤੀ ਵਿਚ ਮਾਇਆ ਦੇ ਤਮ ਗੁਣ ਨੂੰ ਵਿਸ਼ੈ-ਵਿਕਾਰ ਵਾਲਾ ਕਹਿ ਕੇ ਤਿਆਗਣ ਦਾ ਉਪਦੇਸ਼ ਦਿਤਾ ਗਿਆ ਹੈ। ਇਸ ਲਈ ਮਾਇਆ ਦੇ ਤਮ ਗੁਣਾਂ ਨੂੰ ਤਿਆਗਕੇ ਪਰਮਾਤਮਾ ਨਾਲ ਪ੍ਰੀਤਿ ਪਾਉਣੀ ਚਾਹੀਦੀ ਹੈ। ਯਥਾ-

ਤਾਤੇ ਬਿਸੇ ਬਿਸ ਲੌ ਤਜਿਯੈ ਨ ਤਜੈ ਬਹੁਰੋ ਤੁਮ ਕੋ ਤਜ ਜਾਸੀ॥

ਸਾਰ ਯਹੈ ਜਗ ਮੈ ਹਰ ਸੰਭਜ ਸੇਵਨ ਪਾਦ ਪ੍ਰਭੂ ਅਵਨਾ ਸੀ॥66॥

ਦੋਹਰਾ॥

ਤਜਹੁ ਤਾਮਸੀ ਰੀਤ ਕੋ ਪ੍ਰੀਤ ਕਰੋ ਹਰਿ ਨਾਮ॥

ਭਾਵ ਭਗਤਿ ਮਨ ਮੈ ਧਰੋ ਲਹੋ ਪਰਮ ਸੁਖ ਧਾਮ॥67॥[255]

ਰਜ ਅਤੇ ਸਤ ਗੁਣਾਂ ਦੀ ਚਰਚਾ ਸਿਧੇ ਰੂਪ ਵਿਚ ਨਹੀਂ ਮਿਲਦੀ, ਬਲਕਿ ਅਸੀਂ ਇਸ ਕ੍ਰਿਤੀ ਵਿਚੋਂ ਮਾਇਆ ਦੇ ਇਨ੍ਹਾਂ ਰੂਪਾਂ ਬਾਰੇ ਅਸਿਧੇ ਰੂਪ ਵਿਚ ਕਵਿ ਦੇ ਦ੍ਰਿਸ਼ਟੀਕੋਣ ਨੂੰ ਜਾਣ ਸਕਦੇ ਹਾਂ । ਕਵਿ ਕਹਿੰਦਾ ਹੈ,

---

[253] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 562.

[254] ਉਹੀ.

[255] ਉਹੀ, ਪੰਨਾ 253.

ਕਿ ਰਾਜਸੀ ਤਪ ਉਹ ਹੈ, ਜਿਸ ਵਿਚ ਜੀਵ ਪਰ-ਨਾਰੀ ਨੂੰ ਮੰਦ ਨਿਗ੍ਹਾ ਨਾਲ ਦੇਖਣ ਤੋਂ ਅਖਾਂ ਨੂੰ ਰੋਕਦਾ ਹੈ । ਜੀਭ ਨੂੰ ਨਿੰਦਾਂ ਕਰਣ ਤੋਂ ਰੋਕਣਾ, ਪੈਰਾਂ ਨੂੰ ਕੁਸੰਗਤ ਵਲ ਜਾਣ ਤੋਂ ਰੋਕਣਾ, ਹਥਾਂ ਨੂੰ ਚੋਰੀ ਕਰਣ ਤੋਂ ਰੋਕਣਾ, ਮਨ ਨੂੰ ਕੁਕਰਮ ਤੋਂ ਰੋਕਣਾ ਇਹ ਰਾਜਸੀ ਤਪ ਹੈ। ਇਸ ਦਾ ਅਰਥ ਇਹ ਹੋਇਆ, ਕਿ ਜੋ ਵਿਅਕਤੀ ਇਹ ਕੁਕਰਮ ਕਰਦਾ ਹੈ, ਉਹ ਮਾਇਆ ਦੇ ਰਜ ਗੁਣ ਤੋਂ ਪ੍ਰਭਾਵਿਤ ਹੁੰਦਾ ਹੈ। ਮਨ ਨੂੰ ਆਲਸ ਤੋਂ ਰੋਕਣਾ ਹੀ ਸਤੋ ਗੁਣ ਹੈ। ਯਥਾ-

ਕਹ ਗੁਰ ਪਰ ਤਿਜ ਪਿਖਨ ਤੇ ਨਿਜ ਨੈਨ ਨਿਵਾਰਾ॥

ਸਰੁਤ ਜਿਹਵਾ ਪਰ ਨਿੰਦ ਤੇ ਰੋਕੈ ਨਿਰਧਾਰਾ॥

ਪਗ ਕੁਸੰਗ ਤੇ ਬਰਜਿਯੈ ਚੋਰੀ ਤੇ ਹਾਥਾ॥

ਮਨ ਕੋ ਰੋਕ ਕੁਰਮ (ਕੁਕਰਮ) ਤੇ ਲਾਵੈ ਜਗਨਾਥਾ॥33॥

ਸੰਤ ਦਰਸ ਸੁਭ ਪਠਨ ਮੈ ਲਾਵੈ ਨਿਜ ਨੈਨਾ॥

ਸ੍ਰੀ ਹਰਿ ਜਸ ਸਰੁਤ ਕਰ ਸੁਨੈ ਰਸਨਾ ਸਚ ਬੈਨਾ॥

ਸੇਵ ਦਾਨ ਕਰ ਸੌ ਕਰੈ ਪਗ ਸੌ ਸਤ ਸੰਗਾ॥

ਜਾਨ ਰਾਜਸੀ ਤਪ ਯਹੈ ਮਨ ਮਾਨ ਉਮੰਗਾ॥34॥

ਸੁਨੋ ਸਾਂਤ ਕੀ ਤਪ ਯਹੈ ਜਬ ਪਠਨੈ ਲਾਗੈ॥

ਬਾਰ ਬਾਰ ਮਨ ਰੋਕ ਕੈ ਹਰ ਜਸ ਮੈ ਪਾਗੈ॥

ਮਨ ਰੋਕਨ ਮੈ ਕਰੈ ਨਹਿ ਆਲਸ ਤਿਹ ਬਾਰਾ॥

ਤਾਹ ਸ੍ਰਮ ਤ ਕਰ ਸਬਦ ਮੈ ਲਾਵੈ ਨਿਰਧਾਰਾ॥35॥[256]

ਸੋ ਗਣੇਸ਼ ਸਿੰਘ ਬੇਦੀ ਦੇ ਦ੍ਰਿਸ਼ਟੀਕੋਣ ਅਨੁਸਾਰ ਮਾਇਆ ਦੇ ਤਿੰਨ ਗੁਣ ਰਜਸ, ਸਤਵ, ਤਮਸ ਹਨ ਅਤੇ ਕਵਿ ਨੇ ਇਹਨਾਂ ਨੂੰ ਧਨ ਦੇ ਪ੍ਰਸੰਗ ਵਿਚ ਵੀ ਵਿਅਕਤ ਕੀਤਾ ਹੈ।

---

[256] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 591.

## ਮਨ

ਗੁਰੁਬਾਣੀ ਵਿਚ ਮਨ ਦੇ ਸ੍ਰੂਪ ਨੂੰ ਬਿਆਨ ਕਰਦਿਆਂ ਕਿਹਾ ਹੈ, ਕਿ ਜਦੋਂ ਇਹ ਮਾਇਆ-ਗ੍ਰਸਤ ਹੁੰਦਾ ਹੈ ਤਦ ਇਹ ਅਨਿਕ ਭਾਂਤਿ ਦੇ ਵਿਅਰਥ ਧਰਮ ਦੇ ਕਰਮ ਜਾਣ ਕੇ ਕਰਦਾ ਹੈ ਅਤੇ ਜੀਵ ਨੂੰ ਆਵਾਗਵਣ ਵਿਚ ਪਾਉਂਦਾ ਹੈ। ਮਾਇਆ-ਗ੍ਰਸਤ ਮਨ ਲੋਭੀ, ਲਾਲਚੀ ਅਤੇ ਮੂਰਖ ਹੁੰਦਾ ਹੈ, ਇਸ ਦੇ ਵਿਪਰੀਤ ਗੁਰਮੁਖ ਦਾ ਮਨ ਪਰਮਾਤਮਾ ਦਾ ਨਾਮ ਜਪਣ ਵਾਲਾ ਹੁੰਦਾ ਹੈ-

ਇਹ ਮਨੁ ਕਰਮਾ ਇਹੁ ਮਨੁ ਧਰਮਾ॥

ਇਹੁ ਮਨੁ ਪੰਚ ਤਤੁ ਤੇ ਜਨਮਾ॥

ਸਾਕਤੁ ਲੋਭੀ ਇਹੁ ਮਨੁ ਮੂੜਾ॥

ਗੁਰਮੁਖਿ ਨਾਮ ਜਪੈ ਮਨੁ ਰੂੜਾ॥[257]

ਮਨ ਨੂੰ ਗੁਰੁਬਾਣੀ ਵਿਚ ਪਰਮਾਤਮਾ ਦਾ ਸ੍ਰੂਪ ਵੀ ਕਿਹਾ ਹੈ, ਪਰ ਮਾਇਆ ਦੀ ਗ੍ਰਿਫ਼ਤ ਵਿਚ ਇਸ ਨੂੰ ਆਪਣੇ ਮੂਲ ਦੀ ਸੋਝੀ ਨਹੀਂ ਹੁੰਦੀ-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ॥[258]

ਭਗਤ ਕਬੀਰ ਜੀ ਨੇ ਇਸ ਦੀ ਸੂਖਮਤਾ ਨੂੰ ਬਿਆਨ ਕਰਦਿਆਂ, ਇਸ ਨੂੰ ਪੰਛੀ ਦੀ ਭਾਂਤਿ ਦਸਿਆ ਹੈ, ਕਿ ਇਹ ਜੰਗਲ ਦੇ ਪੰਛੀ ਦੀ ਤਰ੍ਹਾਂ ਹੈ, ਜੋ ਇਤਨੀਆਂ ਉਚੀਆਂ ਉਡਾਰੀਆਂ ਮਾਰਦਾ ਹੈ, ਇਸ ਨੂੰ ਕਾਬੂ ਕਰਣਾ ਅਤਿ ਮੁਸ਼ਕਿਲ ਹੋ ਜਾਂਦਾ ਹੈ-

ਕਹੈ ਕਬੀਰ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥[259]

---

[257] ਆਸਾ, ਮਹਲਾ 1, 8, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 415.

[258] ਛੰਤ, ਆਸਾ ਮਹਲਾ 3, ਉਹੀ, ਪੰਨਾ 441.

[259] ਸਾਰੰਗ ਕਬੀਰ ਜੀਉ, 1, ਉਹੀ, ਪੰਨਾ 1253.

ਮਨ ਅਤਿ ਸੂਖਮ ਹੈ। ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਅੰਤਹਕਰਣ ਦੇ ਚਾਰ ਭੇਦਾਂ ਵਿਚੋਂ ਇਕ ਮੰਨਦੇ ਹਨ।

*ਵਿਦਵਾਨਾਂ ਨੇ ਅੰਤਹਕਰਣ (ਭੀਤਰੀ ਇੰਦ੍ਰਿਯ) ਦੇ ਚਾਰ ਭੇਦ ਕਲਪੇ ਹਨ-*

*1. ਮਨ (ਸੰਕਲਪ ਵਿਕਲਪ ਰੂਪ ਵ੍ਰਿੱਤੀ)*

*2. ਬੁਧਿ (ਵਿਵੇਕ ਨਾਲ ਨਿਸ਼ਚਯ ਕਰਣ ਵਾਲੀ ਸ਼ਕਤਿ)*

*3. ਚਿਤ ( ਜਿਸ ਤੋਂ ਬਾਤਾਂ ਦਾ ਚੇਤਾ [ਸਮਰਣ] ਹੁੰਦਾ ਹੈ।*

*4. ਅਹੰਕਾਰ (ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਪ੍ਰਤੀਤ ਹੁੰਦਾ ਹੈ।)*[260]

ਕਵਿ ਨੇ ਮਨ ਨੂੰ ਚੰਚਲ ਕਿਹਾ ਹੈ, ਜਿਸ ਨੂੰ ਰੋਕਣਾ ਅਤਿ ਕਠਿਨ ਹੈ। ਇਸ ਨੂੰ ਮਾਤ੍ਰ ਗੁਰੂ ਦੀ ਸੰਗਤਿ ਹੀ ਸਥਿਰ ਕਰ ਸਕਦੀ ਹੈ। ਇਸ ਨੂੰ ਅਨੇਕਾਂ ਹੀ ਡਰ ਦੇ ਕੇ ਕੁਕਰਮਾਂ ਤੋਂ ਰੋਕਣਾ ਪੈਂਦਾ ਹੈ। ਗੁਰੂ ਦਾ ਸ਼ਬਦ ਹੀ ਇਸ ਨੂੰ ਵਸ ਵਿਚ ਕਰ ਸਕਦਾ ਹੈ। [261] ਕਵਿ ਨੇ ਮਨ ਬਾਰੇ 'ਭਰਥਰੀ ਤਥਾ ਕੌਡੇ ਰਾਖਸ ਪ੍ਰਸੰਗ' ਵਿਚ ਪ੍ਰਸ਼ਨੋਤਰ ਸ਼ੈਲੀ ਵਿਚ ਮਨ ਦਾ ਜ਼ਿਕਰ ਕੀਤਾ ਹੈ। ਭਰਥਰੀ ਵਲੋਂ ਪ੍ਰਸ਼ਨ ਕੀਤਾ ਗਿਆ ਹੈ, ਕਿ ਮਨ ਨੂੰ ਨਿਰਮਲ ਕਰਣ ਲਈ ਭਗਤੀ ਦੀ ਜ਼ਰੂਰਤ ਹੈ, ਇਸ ਲਈ ਮੈਂ ਇਸ ਨੂੰ ਹਠ ਯੋਗ ਰਾਹੀਂ ਰੋਕਣ ਦਾ ਯਤਨ ਕਰ ਰਿਹਾਂ ਹਾਂ। ਮੈਨੂੰ ਦਸੋ ਕਿ ਮਨ ਨੂੰ ਨਿਰਮਲ ਕਰਣ ਹਿਤ ਉਹ ਕਿਹੜੀ ਵਿਧੀ ਅਪਣਾਈ ਜਾਵੇ ਜਿਸ ਨਾਲ ਇਹ ਪਵਿਤ੍ਰ ਹੋ ਜਾਵੇ। ਯਥਾ-

---

[260] ਨਾਭਾ, ਕਾਨ੍ਹ ਸਿੰਘ, *ਗੁਰੁਮਤ ਮਾਰਤੰਡ ਭਾਗ ਦੂਜਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ, 2014, ਪੰਨਾ 746.

[261] ਮਨ ਰੋਕਨ ਅਤਿ ਕਠਨ ਹੈ ਚੰਚਲ ਅਧਿਕਾਈ॥ ਪਠਨ ਸੁਨਨ ਸਬ ਬਾਦ ਹੈ ਬਿਨ ਰੋਕੈ ਰਾਈ॥ ਜਯੋ ਪਾਰਦ ਅੰਗ ਰੀਤ ਰੈ ਨਹਿ ਥਿਰਤਾ ਪੈ ਹੈ॥ ਮਿਲੈ ਸਿਧ ਤਿਹ ਮਾਰ ਕਰ ਛਿਨ ਮੈ ਥਿਰ ਕੈ ਹੈ॥18॥ ਤਯੌ ਸਤਿਗੁਰ ਮਿਲ ਕਰਤ ਹੈ ਮਨ ਕੋ ਥਿਰ ਤਾਈ॥ ਅਪਰ ਜੁਕਤਿ ਆਗੈ ਸੁਨੋ ਚਿਤ ਦੈ ਇਤ ਰਾਈ॥ ਜਯੌ ਅਜਾਨ ਅਸਵਾਰ ਕੋ ਬਾਜੀ ਮੁਹ ਤਾਨਾ ॥ ਨਿਜ ਇੱਛਾ ਬਹੁ ਦੌਰ ਕੈ ਦੁਖ ਦਤ ਮਹਾਨਾ॥19॥ ਚਢੈ ਪ੍ਰਵੀਨ ਸਵਾਰ ਜੋ ਲੈ ਕਸਾ ਕਠੋਰਾ॥ ਦੈ ਕੰਟਕ ਮੁਖ ਬਸ ਕਰੈ ਪੁਨ ਚਲੈ ਨ ਜੋਰਾ॥ ਤਯੋ ਸਤਿਗੁਰ ਕੋ ਸ਼ਬਦ ਬਰ ਜਾਨੇ ਅਸਵਾਰਾ॥ ਨਰਕ ਕਸਟ ਦਿਖਰਾਇ ਡਰ ਇਹ ਕਸਾ ਬਿਚਾਰਾ॥20॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 148 ਅਤੇ 149).

ਹੇ ਪ੍ਰਭ ਮੈ ਸਾਧਯੋ ਹਠ ਜੋਗਾ ਤਿਹ ਬਲ ਕਰ ਮਨ ਰੋਕਨ ਠਾਨ॥

ਮਨ ਨਿਰਮਲ ਤੇ ਸੁ ਭਗਤਿ ਹੋਵਹਿ ਜਨਮ ਜਨਮ ਕੀ ਮਲ ਹ੍ਵੈ ਹਾਨਿ॥11॥

ਜਬ ਲਗ ਮਨ ਇਹ ਰਹੈ ਮਨੀਨਾ ਤਬ ਲਗ ਬੰਦਨ ਕਟੌ ਨ ਜਾਹਿ॥

ਭਗਤਿ ਵਿਖੈ ਮਨ ਨਿਰਮਲ ਕੈਸੇ ਹੋਵਤ ਹੈ ਸੁ ਕਹੋ ਬਿਧਿ ਤਾਹਿ॥

ਇਕ ਸੰਸਾ ਮੁਹ ਇਹ ਬਡ ਜਾਨੋ ਦੂਸਰ ਔਰ ਸੁਨੋ ਸੁਰ ਨਾਹਿ॥[262]

ਕਵਿ ਨੇ ਇਸ ਦਾ ਉਤਰ ਗੁਰੁਬਾਣੀ ਵਿਚੋਂ ਦਿਤਾ ਹੈ, ਕਿ ਮਨ ਨੂੰ ਗੁਰੂ ਦੇ ਸ਼ਬਦ ਦੀਆਂ ਮੁੰਦ੍ਰਾ ਪਹਿਨਾ ਕੇ ਅਤੇ ਖਿਮਾ ਰੂਪ ਖਿੰਥਾ ਧਾਰਣ ਕਰਣ ਨਾਲ, ਪਰਮਾਤਮਾ ਦੀ ਰਜ਼ਾ ਵਿਚ ਰਹਿਣ ਨਾਲ ਅਤੇ ਸਹਿਜ-ਯੋਗ ਧਾਰਣ ਕਰਣ ਨਾਲ ਨਾਮ ਰੂਪ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ, ਜਿਸ ਤੋਂ ਮਨ ਵਸ ਵਿਚ ਆਉਂਦਾ ਹੈ, ਯਥਾ-

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥

ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥1॥

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥

ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥1॥ ਰਹਾਉ॥

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥

ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥2॥

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ॥

ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥3॥

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ॥

ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ॥4॥[263]

---

[262] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 218 ਅਤੇ 219.

[263] ਆਸਾ, ਮਹਲਾ 1, 3, *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 359 ਅਤੇ 360.

ਕਵਿ ਦਾ ਦ੍ਰਿਸ਼ਟੀਕੋਣ ਹੈ, ਕਿ ਮਨ ਨੂੰ ਮਾਰ ਕੇ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ।[264] ਸਮਸ ਪੀਰ ਦਾ ਪ੍ਰਸ਼ਨ ਹੈ, ਕਿ ਮਨ ਨੂੰ ਕਿਸ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ। ਉਹ ਕਹਿੰਦਾ ਹੈ, ਉਸਨੇ ਅਤਿਅੰਤ ਤਪ ਕੀਤਾ ਹੈ, ਪਰ ਚੰਚਲ ਮਨ ਵਿਸ਼ੈ-ਵਿਕਾਰਾਂ ਵਲੋਂ ਹਟਿਆ ਨਹੀਂ। ਯਥਾ-

ਸਮਸ ਪੀਰ ਤਬ ਪ੍ਰਸਨ ਕਿਜ ਉਰ ਭਾਉ ਮਹਾਨਾ॥5॥
ਕਠਨ ਕਰੂਰ ਤਪ ਮੈ ਕਰਯੋ ਨਿਜ ਦੇਹ ਸੁਕਾਈ॥
ਨਾਸੀ ਨਹਿ ਉਰ ਬਾਸਨਾ ਬਹੁ ਕਿਯੇ ਉਪਾਈ॥
ਥਿਰਯੋ ਨ ਮਨ ਚੰਚਲ ਮਹਾ ਸਿਖ ਦੀਪ ਸਮਾਨਾ॥
ਜਿਹ ਰੀਤੀ ਸੌ ਮਨ ਮਰੈ ਸੋ ਕਰੋ ਬਖਾਨਾ॥6॥[265]

ਗੁਰੂ ਜੀ ਇਸ ਦਾ ਉਤਰ ਦਿੰਦੇ ਹੋਏ ਕਹਿੰਦੇ ਹਨ, ਕਿ ਬਰਮੀ ਦੇ ਮਾਰਣ ਨਾਲ ਕਦੇ ਵੀ ਸਪ ਨਹੀਂ ਮਰਦਾ। ਇਸ ਲਈ ਸਪ ਨੂੰ ਵਸ ਵਿਚ ਕਰਣ ਲਈ ਮੰਤ੍ਰ ਪੜ੍ਹਨੇ ਪੈਂਦੇ ਹਨ। ਉਸੇ ਭਾਂਤਿ ਮਨ ਨੂੰ ਵਸ ਵਿਚ ਕਰਣ ਲਈ ਵੀ ਮਾਤ੍ਰ ਤਪ ਹੀ ਇਕਲਾ ਕਾਰਗਰ ਨਹੀਂ ਹੁੰਦਾ, ਇਸ ਪ੍ਰਾਪਤੀ ਲਈ ਗੁਰੂ ਦੇ ਸ਼ਬਦ ਰੂਪੀ ਮੰਤ੍ਰ ਨੂੰ ਜਪਣਾ ਪੈਂਦਾ ਹੈ। ਗੁਰੂ ਦੇ ਸ਼ਬਦ ਨੂੰ ਸਮਝ ਕੇ ਉਸਦੀ ਸਿਖਿਆ ਅਨੁਸਾਰ ਹੀ ਤਪ ਕੀਤਾ ਜਾਵੇ, ਤਾਂ ਹੀ ਸਾਰਥਕ ਹੋਵੇਗਾ ਅਤੇ ਮਨ ਨੂੰ ਕਾਬੂ ਵਿਚ ਕੀਤਾ ਜਾ ਸਕੇਗਾ। ਯਥਾ-

ਕਹ ਗੁਰ ਸਰਪ ਨ ਮਰਤ ਹੈ ਬਰਮੀ ਕੇ ਮਾਰੇ॥
ਮੰਤ੍ਰਨ ਕਰ ਬਸਿ ਹੋਤ ਹੈ ਜਾਨੋ ਨਿਰਧਾਰੇ॥
ਤਪ ਕਰ ਮਨ ਬਸਿ ਹੋਤ ਨਹਿ ਦਹ ਦਿਸ ਕੋ ਧਾਵੈ॥
ਜਯੌ ਜਯੌ ਬਡ ਤਪ ਕੋ ਕਰੈ ਪ੍ਰਭ ਤਾ ਉਰ ਭਾਵੈ॥7॥

---

[264] ਮਨ ਕੇ ਹਾਰ ਜੇ ਕਰਹ ਬਿਨਾਸਾ॥ ਨਿਕਸੈ ਨਾਮ ਜਗਤ ਮੈ ਤਾਸਾ॥ ਤੇ ਜਾਨੋ ਜਗ ਪੂਰੇ ਸੂਰੇ॥ ਔਰ ਲਖੋ ਸਬ ਊਰ ਕੂਰੇ॥90॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 404).

[265] ਉਹੀ, ਪੰਨਾ 562.

ਗੁਰ ਕੋ ਸਬਦ ਬਿਚਾਰਨੋ ਇਹ ਮੰਤ੍ਰ ਪਛਾਨੋ॥

ਯਾਹੀ ਸੌ ਬਸਿ ਹੋਤਿ ਹੈ ਉਪਚਾਰਨ ਆਨੋ॥

ਬੂਝਜੋ ਸਮਸੁ ਸੁ ਸਬਦ ਕੋ ਤਬ ਗੁਰੂ ਬਖਾਨਾ॥

ਜਗ ਪ੍ਰਪੰਚ ਝੂਠੇ ਲਖੈ ਮ੍ਰਿਗ ਤ੍ਰਿਸਨ ਸਮਾਨਾ॥8॥[266]

ਸੋ ਕਵਿ ਦੇ ਦ੍ਰਿਸ਼ਟੀਕੋਣ ਅਨੁਸਾਰ ਮਨ ਬਹੁਤ ਸੂਖਮ ਹੈ ਅਤੇ ਇਸਨੂੰ ਅਤਿ ਦੀਰਘ ਰੋਗ ਚੰਬੜੇ ਹੋਏ ਹਨ। ਇਸਨੂੰ ਸ਼ਬਦ ਰੂਪੀ ਔਸ਼ਧੀ ਨਾਲ ਹੀ ਰੋਗ਼-ਮੁਕਤ ਕੀਤਾ ਜਾ ਸਕਦਾ ਹੈ। ਸ਼ਬਦ ਦੁਆਰਾ ਹੀ ਜੀਵ ਨੂੰ ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ। [267] ਜੇਕਰ ਮਨ ਸਾਵਧਾਨ ਨਾ ਹੋਵੇ ਭਾਵ ਇਕਾਗਰ ਨਾ ਹੋਵੇ, ਤਾਂ ਉਸ ਅੰਦਰ ਕਦੇ ਵੀ ਗਿਆਨ ਨਹੀਂ ਟਿਕ ਸਕਦਾ। ਜੋ ਵੀ ਧਰਮ ਦੇ ਸੰਕਲਪ ਹਨ, ਉਹ ਮਨ ਅੰਦਰ ਹੀ ਉਠਣੇ ਚਾਹੀਦੇ ਹਨ। ਆਤਮਾ ਹੀ ਪਰਮਾਤਮਾ ਦਾ ਸ਼ੁਧ ਸ੍ਵਰੂਪ ਹੈ, ਇਸ ਨੂੰ ਜਾਣ ਕੇ ਹੀ ਵਿਅਕਤੀ ਪਰਮਾਤਮਾ ਨਾਲ ਜੁੜ ਸਕਦਾ ਹੈ।[268]

---

[266] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 562.

[267] ਮਨ ਬਾਜੀ ਦੁਰ ਬਾਸਨਾ ਬਡ ਰੋਗ ਪਛਾਨੋ॥ ਸਬਦ ਧਯਾਨ ਮੈ ਜੋੜਨਾ ਔਖਧਿ ਸੁਭ ਤਾਨੋ॥37॥ ਮਨ ਸਮਝਾਯੋ ਸਬਦ ਕਰ ਇਹ ਬਾਜ ਸੁਚਾਲਾ॥ ਜਨਮ ਮਰਨ ਰੁਜ ਨਾਸ ਹ੍ਵੈ ਤਪ ਸਾਂਤਿ ਸੁਖਾਲਾ॥

(ਉਹੀ, ਪੰਨਾ 591).

[268] ਮਨ ਸਰੂਪ ਮੈ ਅਪਨਾ ਜਾਨਾ ਜਿਹ ਅਧੀਨ ਸਬ ਗਯਾਨ ਅਲਾਹਿ॥ ਸਾਵਧਾਨ ਮਨ ਹੋਇ ਨ ਜੌ ਲੈ ਤੌ ਲੈ ਗਯਾਨ ਨ ਉਪਜਤ ਆਹਿ॥16॥ ਮੈ ਸੰਕਲਪ ਕਿਯੋ ਯਹ ਭਾਤੀ ਜਾਤੇ ਜੀਤੌਂ ਸਬ ਸਤ੍ਰਾਨਿ॥ ਮਨ ਕੋ ਧਰਮ ਸੰਕਲਪ ਉਠਾਵਨ ਸੋ ਸਬ ਆਪਨ ਮਾਹਿ ਪਛਾਨ॥ ਤਾ ਤੇ ਮਨ ਸਰੂਪ ਹੈ ਮੇਰੋ ਯਾਤੇ ਅਨਤ ਔਰ ਨਹਿ ਜਾਨ॥ ਭੋ ਰਾਜਨ ਤੂ ਮਨ ਭੀ ਨਾਹੀ ਘਨੇ ਬਿਕਾਰ ਤਾਹਿ ਮੈ ਮਾਨ॥17॥ ਬਿਨਾ ਬਿਕਾਰ ਸਰੂਪ ਜੁ ਤੇਰੋ ਤਾ ਕੋ ਅਬਿ ਨੀਕੇ ਲਖਿ ਆਹਿ॥ ਜਿਸ ਨੈ ਇਸ ਮਨ ਕੋ ਸਮਝਾਵਾ ਸੋ ਸਰੂਪ ਤੂ ਸਦਾ ਸੁਹਾਹਿ॥ ਉਪਜਨ ਬਿਸਨ ਮੈ ਤੂ ਨਾਹੀ ਨਿਤਯ ਏਕ ਰਸ ਲਖ ਮਨ ਮਾਹਿ॥ ਕਹਤ ਜੌ ਨ ਮੇਰੇ ਮਨ ਆਈ ਸਤ੍ਰੂ ਜੀਤੌਂ ਲਰ ਕਰ ਆਹਿ॥18 ॥ ਜੋ ਭਾਖਤ ਮਨ ਕੋ ਮਨ ਮੇਰੋ ਸੋ ਸਰੂਪ ਅਪਨੇ ਤੂ ਜਾਨ॥ ਮਨ ਕੀ ਗਤਾ ਗਤੀ ਜੋ ਜਾਨੈ ਸੁਯੰ ਪ੍ਰਕਾਸ ਸਦਾ ਸੋ ਭਾਨ॥ ਸਾਧਨ ਜਯੌ ਨਾਦਿ ਰਿਖੀ ਕਾ ਤਜੌ ਮਨ ਸਾਧਨ ਲੇਹੁ ਪਛਾਨ॥ ਪਿਖਨ ਸੁਨਨ ਚਖ ਸੁਰਤ ਬਿਨ ਨਾਹੀ ਮਨ ਬਿਹੀਨ ਤਜੌ ਬ੍ਰਿਤਿ ਪਛਾਨ॥19॥ ਇਸ

## ਨਦਰਿ ਦਾ ਸਿਧਾਂਤ

ਗੁਰਬਾਣੀ ਅਨੁਸਾਰ ਜੀਵ ਨੂੰ ਹਉਮੈ ਦੀ ਮੈਲ ਤੋਂ ਬਚਣ ਲਈ, ਸਚਿਆਰ ਅਵਸਥਾ ਪ੍ਰਾਪਤ ਕਰਣ ਲਈ ਅਤੇ ਜ਼ਿੰਦਗੀ ਦੇ ਵਿਕਾਸ ਲਈ ਭਗਤੀ ਅਤੇ ਸਦਾਚਾਰ ਦੋਵੇਂ ਜ਼ਰੂਰੀ ਹਨ, ਪਰ ਫਿਰ ਵੀ ਜਗਿਆਸੀ ਦਾਅਵਾ ਨਹੀਂ ਕਰ ਸਕਦਾ, ਕਿ ਉਹ ਜੀਵਨ ਮੁਕਤੀ ਪ੍ਰਾਪਤ ਕਰ ਸਕਦਾ ਹੈ, ਸਗੋਂ ਸ੍ਰੇਸ਼ਠ ਧਾਰਣਾ ਇਹੋ ਹੈ, ਕਿ ਮੁਕਤੀ ਜਾਂ ਆਤਮ ਆਨੰਦ ਦੀ ਪ੍ਰਾਪਤੀ ਪ੍ਰਮਾਤਮਾ ਦੀ ਨਦਰਿ ਜਾਂ ਕ੍ਰਿਪਾ ਦ੍ਰਿਸ਼ਟੀ ਉਤੇ ਹੀ ਨਿਰਭਰ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ-

ਕਰਮੀ ਆਵੈ ਕਪੜਾ ਨਦਰਿ ਮੋਖੁ ਦੁਆਰੁ॥[269]

ਭਾਈ ਕਾਨ੍ਹ ਸਿੰਘ ਨਾਭਾ 'ਨਦਰਿ' ਸ਼ਬਦ ਦੇ ਅਰਥ ਦ੍ਰਿਸ਼ਟੀ, ਨਿਗਾਹ, ਵਾਹਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ।[270] ਪਿਆਰਾ ਸਿੰਘ ਪਦਮ ਅਨੁਸਾਰ ਨਦਰੀ ਕਰਮ ਦਾ ਅਰਥ ਹੈ, ਕ੍ਰਿਪਾ ਕਟਾਖਯ, ਦਯਾਲਤਾ ਭਰੀ ਦ੍ਰਿਸ਼ਟੀ ਯਾ ਮਿਹਰਾਂ ਦੀ ਨਜ਼ਰ।[271]

ਪਰਮਾਤਮਾ ਦੀ ਨਦਰਿ ਬਾਰੇ ਕਵਿ ਨੇ ਵਿਸਤ੍ਰਿਤ ਵਿਚਾਰ ਅੰਕਿਤ ਨਾ ਕਰਕੇ ਮਾਤ੍ਰ ਉਸ ਦੀ ਮਹਤਾ ਨੂੰ ਹੀ ਦਸਿਆ ਹੈ। ਸ਼ੇਖ ਬ੍ਰਿਹਮ ਨਾਲ ਚਰਚਾ ਸਮੇਂ ਸ਼ੇਖ ਦਾ ਪ੍ਰਸ਼ਨ ਹੁੰਦਾ ਹੈ- ਕੀ ਸੇਵਾ ਤੋਂ ਨਦਰਿ ਦੀ ਪ੍ਰਾਪਤੀ ਹੁੰਦੀ ਹੈ ਜਾਂ ਨਦਰਿ ਨਾਲ ਸੇਵਾ ਦੀ ਪ੍ਰਾਪਤੀ ਹੁੰਦੀ ਹੈ? ਯਥਾ-

ਸੇਵਾ ਤੇ ਪ੍ਰਭ ਨਦਰ ਹ੍ਵੈ ਕੈ ਨਦਰੌ ਸੇਵਾ॥

---

ਪ੍ਰਕਾਰ ਦੀ ਸੁਨ ਗੁਰਬਾਨੀ ਮਨ ਹੰਤਾ ਤਬ ਰਾਇ ਨਿਬਾਰ॥ ਕਰ ਬਿਚਾਰ ਪੁਨ ਰਾਇ ਉਚਾਰਾ ਮਨ ਨਹਿ ਮੋਰ ਸਰੂਪ ਉਦਾਰ॥ ਇਸ ਤੇ ਪਰੇ ਬੁੱਧਿ ਹੈ ਜੋਈ ਸੋ ਸਰੂਪ ਮੇਰੇ ਨਿਰਧਾਰ॥ ਨਿਸਚਾ ਕਰਣ ਧਰਮ ਬੁਧਿ ਕੇਰਾ ਤਾ ਮਹਿਹੰਤਾ ਅਪਨੀ ਧਾਰ॥20॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 194 ਅਤੇ 195).

[269] ਜਪੁ, ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2.

[270] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998, ਪੰਨਾ 681.

[271] ਰੂਪ ਸਿੰਘ (ਸੰਪਾ.), *ਸਿਖ ਸੰਕਲਪ, ਸਿਧਾਂਤ ਤੇ ਸੰਸਥਾਵਾਂ* , ਪਦਮ ਪਿਆਰਾ ਸਿੰਘ, *ਨਦਰਿ ਦਾ ਸਿਧਾਂਤ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015, ਪੰਨਾ 410.

ਸੇਖ ਬਚਨ ਸੁਨ ਕੈ ਤਬੈ ਬੋਲੇ ਗੁਰ ਦੇਵਾ॥43॥[272]

ਗੁਰੂ ਨਾਨਕ ਦੇਵ ਜੀ ਉਤਰ ਦਿੰਦੇ ਹੋਏ ਕਹਿੰਦੇ ਹਨ, ਕਿ ਜੋ ਮਨੁਖ ਤਨ, ਮਨ ਅਰਪਣ ਕਰਕੇ ਪਰਮਾਤਮਾ ਦੀ ਭਗਤੀ ਕਰਦਾ ਹੈ, ਉਸ ਦੇ ਹਿਰਦੈ ਵਿਚੋਂ ਅਭਿਮਾਨ ਦਾ ਨਾਸ਼ ਹੋ ਜਾਂਦਾ ਹੈ, ਉਦੋਂ ਹੀ ਪਰਮਾਤਮਾ ਦੀ ਨਦਰਿ ਮਨੁਖ ਉਪਰ ਹੁੰਦੀ ਹੈ, ਉਸ ਨੂੰ ਅਸਲ ਮਾਇਅਨੇ ਵਿਚ ਸੁਹਾਗਣ ਨਾਰੀ ਕਿਹਾ ਜਾ ਸਕਦਾ ਹੈ। ਜੇ ਕੋਈ ਮਨੁਖ ਹਿਰਦੈ ਵਿਚ ਅਭਿਮਾਨ ਕਰੇ ਅਤੇ ਸੇਵਾ ਵੀ ਨਾ ਕਰੇ, ਉਦੋਂ ਜੀਵ ਰੂਪੀ ਇਸਤ੍ਰੀ ਦਾ ਕੰਤ ਉਸ ਨਾਲ ਪਿਆਰ ਨਹੀਂ ਕਰਦਾ, ਬਲਕਿ ਉਸ ਦਾ ਤ੍ਰਿਸਕਾਰ ਹੁੰਦਾ ਹੈ ਅਤੇ ਉਹ ਨਾਮ ਤੋਂ ਦੂਰ ਹੋ ਜਾਂਦਾ ਹੈ। ਯਥਾ-

ਤਨ ਮਨ ਅਰਪ ਕਰੈ ਜੋ ਭਗਤੀ ਉਰ ਤੇ ਗਰਬ ਨਿਵਾਰੀ॥

ਤਬ ਹੀ ਨਦਰ ਹੋਇ ਸੁਯਾਮੀ ਕੀ ਸਹੀ ਸੁਹਾਗਣ ਨਾਰੀ॥44॥

ਧਰੈ ਜੁ ਗਰਬ ਨ ਸੇਵਾ ਠਾਨੈ ਜੱਦਪ ਹ੍ਵੈ ਅਭਿਰਾਮਾ॥

ਕੰਤ ਕਰੈ ਤਿਸ ਕਾ ਤ੍ਰਿਸਕਾਰਾ ਛੁੱਟੜ ਪਰੈ ਹੈ ਨਾਮਾ॥[273]

ਇਸ ਪ੍ਰਕਾਰ ਕਵਿ ਨੇ ਸ਼ੇਖ ਬ੍ਰਿਹਮ ਵਾਲੀ ਸਾਖੀ ਵਿਚ ਨਦਰਿ ਦੇ ਸਿਧਾਂਤ ਨੂੰ ਵੀ ਆਪਣੇ ਸ਼ਬਦਾਂ ਵਿਚ ਸੰਖਿਪਿਤ ਰੂਪ ਵਿਚ ਬਿਆਨ ਕਰਣ ਦੀ ਕੋਸ਼ਿਸ ਕੀਤੀ ਹੈ।

ਉਪਰੋਕਤ ਸਿਧਾਂਤਾਂ ਦੀ ਤਰ੍ਹਾਂ ਹੀ ਕਵਿ ਨੇ ਜਨਮਸਾਖੀ ਵਿਚ ਸੰਤ, ਸਾਧ, ਬੈਰਾਗੀ [274], ਸਰਬਤ ਦਾ ਭਲਾ[275] ਅਤੇ ਰਾਜ-ਜੋਗ[276] ਇਤਿਆਦਿਕ ਸਿਧਾਂਤਾਂ ਦੀ ਵੀ ਸੰਕੇਤਿਕ ਰੂਪ ਵਿਚ ਗਲ ਕੀਤੀ ਹੈ। ਜਿਥੇ ਕਵਿ ਨੇ

---

[272] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 544.

[273] ਉਹੀ.

[274] ਭਨਜੋ ਸਰਫ ਕੋ ਗੋਦੜੀ ਤੁਮਰੇ ਮਤਿ ਮਾਹੀ॥ ਅਰੁ ਬੈਰਾਗੀ ਕਰਮ ਜੇ ਬਰਨੋ ਮੁਝ ਪਾਹੀ॥ ਕਹ ਗੁਰ ਐਸੀ ਗੋਦੜੀ ਪਹਰਤ ਹੈ ਸੰਤਾ॥ ਕਰੈ ਸਬੂਰੀ ਕੀ ਸੁਈ ਸਤ ਸੰਗਤਿ ਤੰਤਾ॥15॥ ਸੀਵਨ ਮਨਨ ਕਰੈ ਤਿਸੈ ਪਹਰੈ ਤ ਜਮਾਨਾ॥ ਜਮ ਸਰਦੀ ਡਰ ਨਾਰ ਹੈ ਹ੍ਵੈ

ਗੁਰਮਤਿ ਦੇ ਇਤਨੇ ਸਿਧਾਂਤਾਂ ਨੂੰ ਜਨਮਸਾਖੀ ਵਿਚ ਅੰਕਿਤ ਕੀਤਾ ਹੈ, ਉਥੇ ਹੀ ਗੁਰਸਿਖ ਨੂੰ ਗੁਰੁਬਾਣੀ ਨਾਲ ਜੋੜਣ ਦਾ ਪ੍ਰਯਤਨ ਕਰਦੇ ਹੋਏ, ਗੁਰੁਬਾਣੀ ਦੀ ਮਹਤਾ ਵੀ ਦਸੀ ਹੈ। ਕਵਿ ਨੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਗੁਰਬਾਣੀ ਦੀ ਮਹਿਮਾ ਦਸਦਿਆਂ ਜਿਗਿਆਸੀ ਨੂੰ ਗੁਰੁਬਾਣੀ ਨਾਲ ਜੁੜਨ ਦਾ ਉਪਦੇਸ਼ ਦਿਤਾ ਹੈ। ਜਪੁ ਬਾਣੀ ਬਾਰੇ ਕਵਿ ਨੇ ਕਿਹਾ ਹੈ, ਕਿ ਇਹ ਜਨਮ-ਮਰਨ ਕਟਣ ਵਾਲੀ ਅਤੇ ਪਰਮਪਦ ਦੀ ਪ੍ਰਾਪਤੀ ਕਰਵਾਉਣ ਵਾਲੀ ਬਾਣੀ ਹੈ।[277] ਜਪੁ ਬਾਣੀ ਦੀ ਮਹਿਮਾ ਕਰਦਿਆਂ ਕਵਿ ਨੇ ਨਿਸ਼ਚਯ ਨਾਲ ਕਿਹਾ ਹੈ, ਕਿ ਇਹ ਬਾਣੀ ਸਾਰੀਆਂ ਹੀ ਕਾਮਨਾਵਾਂ ਨੂੰ ਪੂਰਿਆਂ ਕਰਣ ਵਾਲੀ ਹੈ। ਸਿਖ ਨੂੰ ਪ੍ਰਭਾਤ ਵੇਲੇ ਉਠ ਕੇ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਅਰਥ ਸਹਿਤ ਵਿਚਾਰ ਕੇ ਹਿਰਦੈ ਵਿਚ ਧਾਰਣ ਕਰਣਾ ਚਾਹੀਦਾ ਹੈ। ਜਿਸ ਸਦਕਾ ਉਸ ਦੇ ਅੰਤਹਕਰਣ ਵਿਚ ਕਿਸੇ ਵੀ ਪ੍ਰਕਾਰ ਦਾ ਦ੍ਵੈਤ-ਭਾਵ ਨਹੀਂ ਰਹੇਗਾ। ਇਹ ਅਜਿਹੀ ਨਿਰੋਧਕ ਬਾਣੀ ਹੈ, ਜਿਸ ਦੇ

---

ਮਗਨ ਮਹਾਨਾ॥ ਬੈਰਾਗੀ ਬੇਐਬ ਸੋ ਉਰ ਮੋਹ ਨ ਮਾਯਾ ॥ ਦੇਖੈ ਏਕ ਖੁਦਾਇ ਕੋ ਸਬ ਮਾਹਿ ਸਮਾਯਾ॥16॥ ਸਬ ਬੰਧਨ ਕੋ ਤਜਾਗ ਕੈ ਸਦ ਰਹੈ ਅਬੰਧਾ॥ ਤਾ ਕੋ ਬੈਰਾਗੀ ਕਹੈ ਜੋ ਸੰਤ ਅਬੰਧਾ॥

(ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 558).

[275] ਬਿਕਸ ਬਦਨ ਬੋਲੇ ਸੁਪ ਧਾਮੰ॥ ਪੰਜ ਨਿਵਾਜਾ ਪੰਜੇ ਨਾਮੰ॥ ਪ੍ਰਿਥਮ ਨਿਵਾਜ ਭਨੈ ਸਚ ਬੈਨਾ॥ ਦੂਜੇ ਘਾਲ ਖਾਇ ਕਰ ਚੈਨਾ॥14॥ ਤੀਜੈ ਸਬ ਕੋ ਭਲਾ ਬਿਚਾਰੈ॥ ਬੁਰਾ ਨ ਚਿਤਵੈ ਸੁਕਰ ਗੁਜਾਰੈ॥ ਚੌਥੇ ਮਨ ਕੋ ਰਾਸ ਕਰੀਜੈ॥ ਬਿਨਾ ਬੰਦਗੀ ਆਨ ਨ ਭੀਜੈ॥15॥ ਪੰਚਮ ਸਿਫਤ ਖੁਦਾਇ ਉਚਾਰੈ॥ ਉਰ ਮੈ ਅਪਨਾ ਆਪ ਬਿਚਾਰੈ॥ ਕੌਨ ਬਸਤੁ ਮੈ ਕਜਾ ਮਮ ਮੂਲਾ॥ ਇਹ ਬਿਧ ਹੋਇ ਪ੍ਰਭੂ ਅਨਕੂਲਾ॥16॥ ਕਰਣੀ ਕਲਮਾ ਪਢੈ ਸੁਜਾਨਾ॥ ਮੁਸਲਮਾਨ ਸੋਇ ਪਰਵਾਨਾ॥ ਬਹੁਰੋ ਸ੍ਰੀ ਗੁਰ ਤਿਨ ਕੇ ਹੇਤਾ॥ ਅਪਰ ਸਲੋਕ ਭਨਯੋ ਕਰ ਹੇਤਾ॥17॥

(ਉਹੀ, ਪੰਨਾ 148).

[276] ਸੁਨ ਕਰ ਬੋਲੇ ਗਜਾਨ ਪਤੰਗ॥ ਰਾਜ ਜੋਗ ਤੁਮ ਕਰੋ ਉਮੰਗ॥ ਸਦਾ ਲਖੋ ਹਮ ਕੋ ਨਿਜ ਪਾਸਾ॥ ਧਰੋ ਧਜਾਨ ਹ੍ਵੈ ਪੂਰਨ ਆਸਾ॥100॥

(ਉਹੀ, ਪੰਨਾ 265).

[277] ਜਪਜੀ ਪਠੈ ਕਟੈ ਜਮ ਫੰਦਾ ਪਾਵੈ ਪਦ ਅਵਨਾਸੀ॥ ਜੋ ਨ ਪਠੈ ਪੁਨ ਅੰਤ ਸਮੈ ਮੈ ਹਾਥਨ ਮਲ ਪਛਤਾਸੀ॥

(ਉਹੀ, ਪੰਨਾ 644 ਅਤੇ 645).

ਪਾਠ ਦੇ ਪ੍ਰਭਾਵ ਸਦਕਾ ਕੋਈ ਜੰਤ੍ਰ, ਮੰਤ੍ਰ, ਤੰਤ੍ਰ ਅਤੇ ਭੂਤ, ਪ੍ਰੇਤ ਇਤਿਆਦਿਕ ਮਨੁਖ ਦੇ ਨੇੜੇ ਨਹੀਂ ਆ ਸਕਦੇ ਅਤੇ ਉਸ ਦਾ ਕੁਝ ਵੀ ਵਿਗਾੜ ਨਹੀਂ ਸਕਦੇ। ਯਥਾ-

ਉਠੈ ਪ੍ਰਭਾਤ ਕਰੈ ਤਨ ਮੱਜਨ ਸ੍ਰੀ ਜਪ ਜੀ ਮੁਖ ਪ੍ਰਾਹਾ॥

ਅਰਥ ਬਿਚਾਰ ਧਰੈ ਉਰ ਅੰਤਰ ਗਤਿ ਹ੍ਵੈ ਸੰਸ ਨ ਕੋਈ॥

ਪ੍ਰੀਤ ਸਹਤ ਨਿਤ ਪਠੈ ਜੁ ਮਾਨਵ ਮਮ ਢਿਗ ਪਹੁਚੈ ਸੋਈ॥43॥

ਕਰੈ ਕਾਮਨਾ ਪਠ ਹੈ ਜੋ ਨਰ ਸੋ ਤਿਹ ਪੂਰਨ ਹੋਈ॥

ਜੰਤ੍ਰ ਮੰਤ੍ਰ ਬਡ ਤੰਤ੍ਰ ਜੁ ਆਹੀ ਭੂਤ ਪ੍ਰੇਤ ਪੁਨ ਜੋਈ॥

ਤਿਹ ਸਮੀਪ ਆਵੈ ਨਹਿ ਕੋਊ ਪਠੈ ਜੁ ਪ੍ਰੀਤਿ ਸਮੇਤਾ॥

ਬਿਨ ਜਪ ਪਠੈ ਬ੍ਰਿਥਾ ਨਰ ਦੇਹੀ ਜਾਨੋ ਸੁਮਤਿ ਨਿਕੇਤਾ॥44॥[278]

ਸਿਖ ਨੂੰ ਖ਼ਾਸ ਹਿਦਾਇਤ ਕੀਤੀ ਹੈ, ਕਿ ਜਿਸ ਵੀ ਸਿਖ ਨੂੰ ਜਪੁ ਬਾਣੀ ਕੰਠ ਨਹੀਂ ਹੈ, ਉਹ ਮਾਨੋ ਜਿਵੇਂ ਚਾਵਲ ਦਾ ਛਿਲਕਾ ਹੁੰਦਾ ਹੈ, ਉਸੇ ਪ੍ਰਕਾਰ ਉਹ ਹੈ ਜਿਸ ਦੀ ਕੋਈ ਵੀ ਕੀਮਤ ਨਹੀਂ ਹੁੰਦੀ। ਮੂਲ ਮੰਤ੍ਰ ਨੂੰ ਹਲਤ-ਪਲਤ ਸੰਵਾਰਨ ਵਾਲਾ ਦਸਿਆ ਹੈ-

ਮੂਲ ਮੰਤ੍ਰ ਸਿੱਖਨ ਕੇ ਲਾਯਕ ਹਲਤ ਪਲਤ ਸੁਖਦਾਈ॥

ਹੋਇ ਸਿੱਖ ਜਪੁ ਕੰਠ ਨ ਜਾ ਕੇ ਤੰਦਲ ਬਿਨ ਤੁਖ ਨਯਾਈ॥[279]

ਕਵਿ ਨੇ ਗੁਰੂ ਨਾਨਕ ਦੇਵ ਜੀ ਦਾ ਹੁਕਮ ਕਹਿ ਕੇ ਰਾਤ ਸਮੇਂ ਸਿਖਾਂ ਨੂੰ ਸੋਹਿਲਾ ਬਾਣੀ ਦਾ ਪਾਠ ਪੜ੍ਹਨ ਦੀ ਤਾਕੀਦ ਕੀਤੀ ਹੈ-

ਕਰਣਾ ਕਰ ਨਿਰਖਯੋ ਪ੍ਰਭੂ ਇਮ ਗਿਰਾ ਅਲਾਈ॥

ਸੈਨ ਸਮੈ ਪਢ ਸੋਹਲਾ ਸੋਵਹੁ ਸੁਖ ਪਾਈ॥22॥

---

[278] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 644.

[279] ਉਹੀ.

ਬਹੁਰੋ ਕੀਨ ਕ੍ਰਿਪਾ ਪ੍ਰਭੂ ਉਰ ਦੁਬਧਾ ਨਾਸੀ॥

ਹਾਥ ਜੋਰ ਬਿਨਤੀ ਕਰੀ ਲਹ ਸੁਖ ਅਬਨਾਸੀ॥

ਆਗੈ ਕੋ ਆਗਯਾ ਜਿਮੈ ਕਰ ਹੋ ਸੌ ਰੀਤੀ॥

ਨਿਕਟ ਜਿ ਨਰ ਬਿਸਮੈ ਭਏ ਬਾਢੀ ਉਰ ਪ੍ਰੀਤੀ॥23॥[280]

ਇਸ ਪ੍ਰਕਾਰ ਕਵਿ ਨੇ ਜਿਗਿਆਸੀ ਨੂੰ ਸ਼ਰਧਾ ਭਾਵ ਨਾਲ ਗੁਰੁਬਾਣੀ ਪ੍ਰਤੀ ਪ੍ਰੇਰਿਤ ਕਰਣ ਦਾ ਯਤਨ ਕੀਤਾ ਹੈ। ਕਵਿ ਗਣੇਸ਼ ਸਿੰਘ ਨੇ ਜਨਮਸਾਖੀ ਵਿਚ ਬਹੁਤ ਸਥਾਨਾ ਉਪਰ ਗੁਰੁਬਾਣੀ ਦੀ ਸਰਲ ਵਿਆਖਿਆ ਕਰਣ ਦਾ ਯਤਨ ਵੀ ਕੀਤਾ ਹੈ, ਜੋ ਜਿਗਿਆਸੀ ਨੂੰ ਗੁਰੁਬਾਣੀ ਨੂੰ ਸਰਲ ਭਾਸ਼ਾ ਵਿਚ ਸਮਝਾਉਣ ਦਾ ਇਕ ਸਫਲ ਪ੍ਰਯਤਨ ਹੈ।

ਉਪਰੋਕਤ ਵਿਸ਼ਲੇਸ਼ਣ ਵਿਚ ਅਸੀਂ 'ਗੁਰੂ ਨਾਨਕ ਸੂਰਜੋਦੇ ਜਨਮਸਾਖੀ ' ਦਾ ਸਿਧਾਂਤਿਕ ਵਿਸ਼ਲੇਸਣ ਕਰਣ ਦਾ ਯਤਨ ਕੀਤਾ ਹੈ। ਜਿਸ ਵਿਚ ਅਸੀਂ ਜਾਣਿਆ ਹੈ, ਕਿ ਲੇਖਕ ਨੂੰ ਗੁਰਮਤਿ ਦੇ ਸਿਧਾਂਤਾਂ ਦੀ ਗੂੜ੍ਹ ਸਮਝ ਹੈ। ਉਸ ਨੇ ਇਸ ਜਨਮਸਾਖੀ ਵਿਚ ਮਨੁਖਾ ਜੀਵਨ ਦੇ ਪ੍ਰਯੋਜਨ ਅਤੇ ਉਸ ਦੀ ਦੁਰਲਭ ਪ੍ਰਾਪਤੀ ਬਾਰੇ, ਉਸਦੀਆਂ ਅਵਸਥਾਵਾਂ ਬਾਰੇ, ਸਤਿਸੰਗਤਿ ਬਾਰੇ, ਨਾਮ ਸਿਮਰਨ ਬਾਰੇ, ਮਾਨਵੀ ਬਰਾਬਰੀ ਬਾਰੇ ਅਤੇ ਪਰਮਾਤਾਮਾ ਦੇ ਸ੍ਵਰੂਪ ਬਾਰੇ ਵਿਚਾਰ ਪ੍ਰਸਤੁਤ ਕੀਤੇ ਹਨ। ਇਸ ਤੋਂ ਬਿਨਾਂ ਉਸ ਨੇ ਸ੍ਰਿਸ਼ਟੀ ਬਾਰੇ, ਲਾਲਚ ਬਾਰੇ, ਬੁਰਿਆਈ-ਚੰਗਿਆਈ, ਜਨਮ-ਮਰਨ, ਹਉਮੈ ਆਦਿ ਬਾਰੇ ਵੀ ਵਿਚਾਰ ਪ੍ਰਸਤੁਤ ਕੀਤੇ ਹਨ।

ਸੋ ਉਪਰੋਕਤ ਪ੍ਰਸੰਗਾਂ ਤੋਂ ਅਸੀਂ ਕਹਿ ਸਕਦੇ ਹਾਂ, ਕਿ ਰਚਨਾਕਾਰ ਗਣੇਸ਼ ਸਿੰਘ ਨੇ ਇਸ ਜਨਮਸਾਖੀ ਵਿਚ ਵਖ-ਵਖ ਰੰਗ ਵਿਖਾਏ ਹਨ। ਕਵਿ ਦੀ ਇਸ ਲਿਖਿਤ ਨੂੰ ਲਗਪਗ ਦੋ ਸਦੀਆਂ ਬੀਤ ਚੁਕੀਆਂ ਹਨ ਅਤੇ ਇਸ ਵਿਚੋਂ ਅਜੇ ਵੀ ਨਵੇਕਲਾਪਣ ਅਤੇ ਗੁਰੁਬਾਣੀ ਨਾਲ ਗੰਭੀਰ ਸਾਂਝ ਝਲਕਦੀ ਪ੍ਰਤਖ ਨਜ਼ਰ ਆਉਂਦੀ ਹੈ। ਇਸ ਲਿਖਿਤ ਵਿਚ ਸ਼ਬਦਾਂ, ਖ਼ਿਆਲਾਂ ਅਤੇ ਜਜ਼ਬਿਆਂ ਨੂੰ ਇਸ ਢੰਗ ਨਾਲ ਸੂਤ੍ਰਬਧ ਕੀਤਾ ਗਿਆ ਹੈ, ਕਿ

[280] ਬੇਦੀ, ਗਣੇਸ਼ਾ ਸਿੰਘ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 620 ਅਤੇ 621.

ਪਾਠਕ ਸਹਿਜੇ ਹੀ ਇਸ ਵਲ ਆਕ੍ਰਸ਼ਿਤ ਹੋਇਆ ਮਹਿਸੂਸ ਕਰਦਾ ਹੈ, ਜਿਹੜੀ ਚੰਗੇ ਲੇਖਕ ਅਤੇ ਲਿਖਿਤ ਲਈ ਮਾਣ ਵਾਲੀ ਗਲ ਹੁੰਦੀ ਹੈ।

# ਸਾਰ

ਸਮੁਚਿਤ ਚਰਚਾ ਦੇ ਸਾਰੰਸ਼ ਵਜੋਂ ਅਸੀਂ ਕਹਾਂਗੇ, ਕਿ ਇਸ ਖੋਜ-ਕਾਰਜ ਤੋਂ ਪਹਿਲਾਂ ਗਣੇਸ਼ ਸਿੰਘ ਬੇਦੀ ਜਾਂ ਉਸ ਦੀਆਂ ਰਚਨਾਵਾਂ ਨਾਲ ਸੰਬੰਧਿਤ ਬਹੁਤ ਥੋੜੇ ਖੋਜ-ਕਾਰਜ ਹੋਏ ਹਨ, ਜਿਨ੍ਹਾਂ ਵਿਚ ਡਾ. ਮੀਨਾਕਸ਼ੀ ਸ਼ਰਮਾ ਦਾ ਖੋਜ-ਕਾਰਜ ਪ੍ਰਮੁਖ ਹੈ। ਇਹ ਕਾਰਜ ਬਹੁਤ ਵਧੀਆ ਉਪਰਾਲਾ ਹੈ, ਪਰੰਤੂ ਇਸਦਾ ਘੇਰਾ ਕਵਿ ਦੀਆਂ ਉਪਲਬਧ ਰਚਨਾਵਾਂ ਦੀ ਸਾਹਿਤਿਕ ਚਰਚਾ ਦਾ ਮੁਲੰਕਣ ਕਰਨਾ ਸੀ। ਇਸਦੇ ਨਾਲ ਹੀ ਉਸ ਨੇ ਕਵਿ ਦੇ ਜੀਵਨ ਬਾਰੇ ਵੀ ਸੰਖਿਪਿਤ ਚਰਚਾ ਕੀਤੀ ਹੈ, ਪਰੰਤੂ ਜਿਵੇਂ ਕਿ ਅਸੀਂ ਦਸਿਆ ਕਿ ਇਸ ਖੋਜ-ਕਾਰਜ ਦਾ ਘੇਰਾ ਸਾਹਿਤਿਕ ਮੁਲੰਕਣ ਤਕ ਸੀਮਿਤ ਸੀ । ਇਸ ਲਈ ਯਕੀਨਨ ਇਸ ਵਿਚ ਹਥਲੇ ਖੋਜ-ਕਾਰਜ ਵਿਚਲੀ ਜਨਮਸਾਖੀ ਦੀ ਵੀ ਚਰਚਾ ਲਾਜ਼ਿਮੀ ਸੀ, ਸੋ ਡਾ. ਮੀਨਾਕਸ਼ੀ ਸ਼ਰਮਾ ਨੇ ਇਸ ਜਨਮਸਾਖੀ ਦੇ ਮਾਤ੍ਰ ਸਾਹਿਤਿਕ ਪਹਿਲੂਆਂ ਨੂੰ ਹੀ ਉਜਾਗਰ ਕੀਤਾ ਹੈ, ਜੋ ਸਾਡੇ ਖੋਜ-ਕਾਰਜ ਦੇ ਪੜਾਵਾਂ-ਸਿਧਾਂਤਿਕ, ਇਤਿਹਾਸਿਕ ਆਦਿ ਤੋਂ ਭਿੰਨ ਹੈ। ਇਸ ਲਈ ਸਾਡਾ ਇਹ ਕਾਰਜ ਪਿਛਲੇਰੇ ਕਾਰਜਾਂ ਤੋਂ ਨਵੇਕਲਾ ਹੋਣ ਦੇ ਨਾਲ ਇਸ ਲੜੀ ਨੂੰ ਅਗਾਂਹ ਤੋਰਦਾ ਹੈ। ਹਥਲਾ ਖੋਜ-ਕਾਰਜ ਖੋਜਾਰਥੀਆਂ ਅਤੇ ਕੁਝ ਨਵਾਂ ਸੋਚਣ ਵਾਲੇ ਵਿਦਵਾਨਾਂ ਦਾ ਧਿਆਨ ਅਜਿਹੀਆਂ ਰਚਨਾਵਾਂ ਵਲ ਆਕ੍ਰਸ਼ਿਤ ਕਰੇਗਾ, ਅਜਿਹੀ ਸਾਨੂੰ ਆਸ ਹੈ।

ਉਪਰੋਕਤ ਚਰਚਾ ਤੋਂ ਕਿਹਾ ਜਾ ਸਕਦਾ ਹੈ, ਕਿ ਕਵਿ ਗਣੇਸ਼ ਸਿੰਘ ਬੇਦੀ ਦੁਆਰਾ ਰਚਿਤ 'ਗੁਰੂ ਨਾਨਕ ਸੂਰਜੋਦੇ' ਜਨਮਸਾਖੀ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਹੋ ਚੁਕੀ ਹੈ। ਇਸ ਦੇ ਰਚਨਾ ਦੇ ਸਮੇਂ ਬਾਰੇ ਜਿਥੇ ਜਨਮਸਾਖੀ ਵਿਚ ਸਪਸ਼ਟ ਲਿਖਿਆ ਹੈ, ਉਥੇ ਇਹ ਵੀ ਗਲ ਸਾਹਮਣੇ ਆਈ ਕਿ ਵਿਦਵਾਨਾਂ ਨੇ ਟਪਲਾ ਖਾ ਕੇ ਰਚਨਾ-ਕਾਲ ਲਿਖਣ ਸਮੇਂ ਉਕਾਈ ਕੀਤੀ ਹੈ, ਜਿਵੇਂ ਕਿ ਉਨ੍ਹਾਂ ਦਾ ਨਾਮ ਗਣੇਸ਼ ਸਿੰਘ ਦੀ ਬਜਾਇ ਗਣੇਸ਼ਾ ਸਿੰਘ ਲਿਖਿਆ ਹੈ। ਇਹ ਰਚਨਾ ਦੋ ਭਾਗਾਂ ਵਿਚ ਵੰਡੀ ਹੋਈ ਹੈ ਅਤੇ ਇਸ ਵਿਚ ਕੁਲ 123 ਸਾਖੀਆਂ ਅੰਕਿਤ ਹਨ। ਭਾਵੇਂ ਕਿ ਜਨਮਸਾਖੀ ਭਾਈ ਬਾਲਾ ਵਾਲੀ ਜਨਮਸਾਖੀ ਤੋਂ ਪ੍ਰਭਾਵਿਤ ਹੈ, ਜੋ ਕਿ ਸੰਦਿਗਧ ਹੈ, ਇਸ ਲਈ ਆਮ ਪਾਠਕ ਇਸ ਨੂੰ ਵੀ ਸੰਦਿਗਧ ਮੰਨਦਾ ਹੈ। ਇਸ ਵਿਚ ਵੀ ਕੋਈ ਸ਼ਕ ਨਹੀਂ, ਕਿ ਬਹੁਤ ਸਾਰੀਆਂ ਸਾਖੀਆਂ ਕਵਿ ਨੇ ਹੂ-ਬ-ਹੂ ਆਧਾਰਿਤ ਸ੍ਰੋਤਾਂ ਤੋਂ ਇੰਨ-ਬਿੰਨ ਉਤਾਰਾ ਕੀਤਾ ਭਾਸਦਾ

ਹੈ, ਪਰੰਤੂ ਫਿਰ ਵੀ ਕਵਿ ਦੁਆਰਾ ਆਪਣੀ ਸੂਝ ਨਾਲ ਨਵੀਆਂ ਸਾਖੀਆਂ ਅੰਕਿਤ ਕਰਕੇ ਇਸ ਰਚਨਾ ਨੂੰ ਆਧਾਰਿਤ ਸ੍ਰੋਤਾਂ ਦੇ ਤੁਲ ਵਧੇਰੇ ਨਿਰਣਾਇਕ ਸਿਧ ਕਰਣ ਦਾ ਯਤਨ ਕੀਤਾ ਹੈ। ਜਿਸ ਤੋਂ ਅਸੀਂ ਕਹਿ ਸਕਦੇ ਹਾਂ, ਕਿ ਗਣੇਸ਼ ਸਿੰਘ ਜਿਥੇ ਕਾਵਿ-ਸ਼ਾਸਤ੍ਰ ਦਾ ਗੂੜ੍ਹ ਗਿਆਤਾ ਹੈ , ਉਸ ਦੇ ਨਾਲ ਇਤਿਹਾਸਕਾਰ ਵੀ ਹੈ। ਚਰਚਿਤ ਕ੍ਰਿਤੀ ਲਈ ਕਵਿ ਨੇ ਜਿਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੀਆਂ ਕੜੀਆਂ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਕਵਿ ਨੇ ਆਪਣੇ ਸਮੇਂ ਵਿਚ ਉਪਲਬਧ ਇਤਿਹਾਸਿਕ/ਪੌਰਾਣਿਕ ਸ੍ਰੋਤਾਂ ਦਾ ਉਪਯੋਗ ਕੀਤਾ ਹੈ, ਜਿਨ੍ਹਾਂ ਦਾ ਖੇਤ੍ਰ, ਵੇਦ, ਪੁਰਾਣ, ਰਾਮਾਇਣ, ਮਹਾਂਭਾਰਤ ਆਦਿ ਆਰੀਆ ਗ੍ਰੰਥਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਅਤੇ ਹੋਰ ਸਿਖ ਸਾਹਿਤ ਨਾਲ ਜੁੜ ਜਾਂਦਾ ਹੈ।

ਅਸੀਂ ਸਭ ਤੋਂ ਪਹਿਲਾਂ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖਿਪਿਤ ਚਰਚਾ ਕੀਤੀ ਹੈ। ਜੇਕਰ ਸਮੁਚੇ ਰੂਪ ਵਿਚ ਦੇਖਿਆ ਜਾਵੇ, ਤਾਂ ਕਵਿ ਦੇ ਜੀਵਨ ਕਾਲ ਦੌਰਾਨ ਪ੍ਰਸਥਿਤੀਆਂ ਵਿਚ ਕਾਫ਼ੀ ਉਤਰਾਅ ਚੜ੍ਹਾਅ ਆਏ, ਇਹੋ ਜਿਹੇ ਨਾਜ਼ੁਕ ਹਾਲਾਤ ਵੀ ਆਏ, ਕਿ ਸਾਹਿਤ ਦੀ ਸਿਰਜਨਾ ਕਰਨਾ ਕਾਫ਼ੀ ਜਟਿਲ ਕਾਰਜ ਸੀ, ਪਰ ਗਣੇਸ਼ ਸਿੰਘ ਨੇ ਆਪਣੇ ਦ੍ਰਿੜ ਇਰਾਦੇ ਨਾਲ ਆਪਣੀਆਂ ਰਚਨਾਵਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਨੇਪਰੇ ਚਾੜਿਆ ਹੈ। ਕਵਿ ਦੀਆਂ ਰਚਨਾਵਾਂ ਨਾਲ ਸੰਬੰਧਿਤ ਸਰਵੇਖਣ ਵਿਚ ਅਸੀਂ ਦੇਖਿਆ, ਕਿ ਕੁਝ ਇਕ ਹੀ ਪੁਸਤਕਾਂ ਕਵਿ ਦੀਆਂ ਰਚਨਾਵਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ ਮਾਤ੍ਰ ਇਨ੍ਹਾਂ ਦੀ ਸੰਖਿਪਿਤ ਵਿਚਾਰ ਹੀ ਕੀਤੀ ਗਈ ਹੈ।

ਇਸ ਸਾਰੇ ਖੋਜ-ਕਾਰਜ ਤੋਂ ਕਿਹਾ ਜਾ ਸਕਦਾ ਹੈ, ਕਿ ਗਣੇਸ਼ ਸਿੰਘ ਦੁਆਰਾ ਲਿਖੀ ਗਈ ਇਸ ਜਨਮਸਾਖੀ ਦਾ ਮਨੋਰਥ ਗੁਰੂ ਨਾਨਕ ਦੇਵ ਜੀ ਦੀ ਮਹਿਮਾ-ਮੰਡਿਤ ਕਰਨ ਲਈ ਵਧੇਰੇ ਪ੍ਰਤੀਤ ਹੁੰਦਾ ਹੈ, ਜਿਸ ਕਾਰਣ ਕਵਿ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਚਮਤਕਾਰੀ, ਅਵਤਾਰੀ, ਸਰਬ-ਸਮਰਥ ਪੁਰੁਸ਼ ਦਰਸਾਉਣ ਦਾ ਯਤਨ ਕੀਤਾ ਹੈ। ਗੁਰੂ ਜੀ ਨੂੰ ਸਰਵੋਤਮ ਦਰਸਾਉਣ ਲਈ ਸਾਰੇ ਦੇਵੀ-ਦੇਵਤਿਆਂ ਨੂੰ ਨਮਸਕਾਰ ਕਰਦੇ ਦਸਿਆ ਹੈ। ਇਸ ਦਾ ਕਾਰਣ ਉਸ ਸਮੇਂ ਦੀ ਲਿਖਣ-ਸ਼ੈਲੀ ਅਤੇ ਆਧਾਰ ਸ੍ਰੋਤ ਹਨ।

ਕਵਿ ਨੇ ਜਿਥੇ ਉਪਦੇਸ਼ਾਤਮਕ ਪ੍ਰਵਿਰਤੀ ਰਖੀ ਹੈ, ਉਸ ਦੇ ਨਾਲ ਗੁਰਮਤਿ ਦੇ ਸਿਧਾਤਾਂ ਦੀ ਪ੍ਰੋੜਤਾ ਕਰਣ ਦਾ ਵੀ ਯਤਨ ਕੀਤਾ ਹੈ।

ਭਾਵੇਂ ਕਿ ਆਮ ਪਾਠਕ ਲਈ ਇਸ ਜਨਮਸਾਖੀ ਦੀ ਸ਼ੈਲੀ ਅਤੇ ਅਵਤਾਰਵਾਦੀ ਧਾਰਣਾ ਕਰਕੇ ਇਸ ਦੀ ਇਤਿਹਾਸਿਕਤਾ ਮਧਮ ਦਿਸਦੀ ਹੋਵੇ, ਪਰ ਕਵਿ ਦਾ ਮਨੋਰਥ ਗੁਰੂ ਜੀ ਨੂੰ ਸਰਵੋਤਮ ਦਰਸਾਉਣਾ ਹੈ, ਜਿਸ ਕਰਕੇ ਹੀ ਉਸ ਦੀ ਸ਼ੈਲੀ ਅਵਤਾਰਵਾਦੀ ਹੈ। ਸਾਰੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ , ਕਿ ਕਵਿ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਜਨਮਸਾਖੀ ਸਾਹਿਤ ਦੀ ਸ਼ੈਲੀ ਵਾਂਗ ਹੀ ਲਿਖਣ ਦਾ ਯਤਨ ਕੀਤਾ ਹੈ। ਪਰ ਕਵਿ ਨੇ ਜਨਮਸਾਖੀ ਵਿਚ ਅੰਕਿਤ ਬਿਰਤਾਤਾਂ ਦੇ ਵਿਸਤਾਰ ਨੂੰ ਸਫ਼ਲ ਚਿਤ੍ਰਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਪ੍ਰਸ਼ੰਸਾ ਹਿਤ ਇਸ ਕ੍ਰਿਤੀ ਵਿਚ ਅਨੇਕਾਂ ਹੀ ਮਿਥਿਹਾਸਿਕ/ਕਾਲਪਨਿਕ ਪ੍ਰਸੰਗ ਵੀ ਅੰਕਿਤ ਕੀਤੇ ਗਏ ਹਨ। ਚਰਚਿਤ ਕ੍ਰਿਤੀ ਦਾ ਅਸੀਂ ਵਖ-ਵਖ ਦ੍ਰਿਸ਼ਟੀਕੋਣਾਂ- ਇਤਿਹਾਸਿਕ ਅਤੇ ਸਿਧਾਂਤਿਕ ਤੋਂ ਅਧਿਐਨ ਕੀਤਾ ਹੈ।

ਕਵਿ ਦੁਆਰਾ ਕੁਝ ਕੁ ਨਵੇਂ ਇਤਿਹਾਸਿਕ ਤਥ ਵੀ ਪ੍ਰਤੀਪਾਦਿਤ ਕੀਤੇ ਗਏ ਹਨ। ਕਿਤੇ-ਕਿਤੇ ਇੰਞ ਭਾਸਦਾ ਹੈ, ਕਿ ਕਵਿ ਨੇ ਇੰਨ-ਬਿੰਨ ਹੀ ਆਧਾਰ ਸ੍ਰੋਤ ਤੋਂ ਪ੍ਰਸੰਗਾਂ ਦੀ ਤਰਤੀਬ ਦਿਤੀ ਹੈ ਅਤੇ ਕਿਤੇ-ਕਿਤੇ ਲੋੜ ਅਨੁਸਾਰ ਉਨ੍ਹਾਂ ਵਿਚ ਬਦਲਾਅ ਵੀ ਕੀਤੇ ਹਨ। ਇਸ ਤਰ੍ਹਾਂ ਕਵਿ ਦੁਆਰਾ ਨਵੇਂ ਪ੍ਰਸੰਗ ਜੋ ਕਿ ਹੋਰ ਸਮਕਾਲੀ ਸ੍ਰੋਤਾਂ ਵਿਚ ਦਰਜ ਨਹੀਂ ਹਨ, ਨੂੰ ਅੰਕਿਤ ਕਰਕੇ ਗੁਰੂ ਜੀ ਦੀ ਸ਼ਖ਼ਸੀਅਤ ਨੂੰ ਹੋਰ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਵਿਅਕਤ ਕਰ ਣ ਦਾ ਸਫਲ ਯਤਨ ਹੈ। ਭਾਵੇਂ ਕਵਿ ਦੀ ਲਿਖਣ ਸ਼ੈਲੀ ਆਧੁਨਿਕ ਇਤਿਹਾਸ ਵਾਂਗ ਤਥਾਂ ਉਪਰ ਆਧਾਰਿਤ ਨਹੀਂ, ਇਸ ਵਿਚ ਅਨੇਕਾਂ ਹੀ ਮਿਥਿਹਾਸਿਕ ਪ੍ਰਸੰਗ ਅੰਕਿਤ ਕੀਤੇ ਹਨ, ਪਰ ਫਿਰ ਵੀ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਦੀ ਹੋਂਦ ਇਸ ਦੀ ਮਹਤਾ ਨੂੰ ਵਧਾਉਂਦੀ ਹੈ ਅਤੇ ਮਹਤਵਪੂਰਣ ਇਤਿਹਾਸਿਕ ਸ੍ਰੋਤਾਂ ਦੀ ਕਤਾਰ ਵਿਚ ਮੋਹਰੀ ਸਥਾਨ ਉਪਰ ਖੜ੍ਹਾ ਵੀ ਕਰਦੀ ਹੈ।

ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਅਸੀਂ ਕਹਿ ਸਕਦੇ ਹਾਂ, ਕਿ ਕਵਿ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਨਵੀਆਂ ਘਟਨਾਵਾਂ ਜੋ ਕਿਸੇ ਹੋਰ ਸ੍ਰੋਤਾਂ ਵਿਚ ਦਰਜ ਨਹੀਂ ਸਨ, ਨੂੰ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਲਿਖਤੀ ਰੂਪ ਦੇਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਗਈਆਂ ਉਦਾਸੀਆਂ ਦੀ ਤਰਤੀਬ ਨੂੰ ਦੂਜੇ ਇਤਿਹਾਸਿਕ ਸ੍ਰੋਤਾਂ ਨਾਲ ਤੁਲਣਾ

ਕਰਣ ਤੋਂ ਬਾਅਦ ਕਿਹਾ ਜਾ ਸਕਦਾ ਹੈ, ਕਿ ਕਵਿ ਨੇ ਦੂਜੇ ਇਤਿਹਾਸਿਕ ਸ੍ਰੋਤਾਂ ਤੋਂ ਗੁਰੂ ਜੀ ਦੀਆਂ ਉਦਾਸੀਆਂ ਦਾ ਕੁਝ ਕੁ ਵਖਰੇਵਾਂ ਦਿਤਾ ਹੈ, ਜਿਸ ਨਾਲ ਕੁਝ ਨਵੀਆਂ ਸੰਭਾਵਨਾਵਾਂ ਉਪਜਦੀਆਂ ਹਨ। ਇਸ ਦੇ ਇਤਿਹਾਸਿਕ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ , ਕਿ ਇਸ ਜਨਮਸਾਖੀ ਵਿਚ ਮਿਥਿਹਾਸ ਮਾਤ੍ਰ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਮਹਿਮਾ-ਮੰਡਿਤ ਕਰਣ ਹਿਤ ਅੰਕਿਤ ਕੀਤਾ ਹੈ। ਜਿਸ ਨਾਲ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਕਹਿ ਸਕਦੇ ਹਾਂ, ਕਿ ਇਸ ਦੀ ਮਹਤਾ ਵੀ ਬਾਕੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਿਕ ਸ੍ਰੋਤਾਂ ਜਿਤਨੀ ਹੀ ਹੈ।

ਸਮੁਚਿਤ ਰੂਪ ਵਿਚ ਸਿਧਾਂਤਿਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਤਾਂ ਕਵਿ ਨੇ ਪਰਮਾਤਮਾ, ਸ੍ਰਿਸ਼ਟੀ, ਮਨੁਖ, ਗੁਰੂ, ਜੀਵਨ-ਮੁਕਤੀ, ਸਤਿਸੰਗਤਿ, ਨਾਮ-ਸਿਮਰਨ, ਨਦਰਿ, ਆਵਾਗਵਨ, ਇਤਿਆਦਿਕ ਵਿਸ਼ਿਆਂ ਨੂੰ ਛੋਹਣ ਦੇ ਨਾਲ ਹੀ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਨੂੰ ਹੀ ਦਰਸਾਇਆ ਹੈ। ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਕ ਹੈ ਅਤੇ ਪਾਲਕ ਹੈ। ਸ੍ਰਿਸ਼ਟੀ ਵਿਚ ਘਟਿਤ ਸਾਰੀਆਂ ਹੀ ਘਟਨਾਵਾਂ ਪਰਮੇਸ਼ਰ ਦੇ ਅਧੀਨ ਹੀ ਹੋ ਰਹੀਆਂ ਹਨ। ਇਸ ਤਰ੍ਹਾਂ ਕਵਿ ਨੇ ਸੰਤ, ਸਾਧ, ਬੈਰਾਗੀ, ਸਰਬਤ ਦਾ ਭਲਾ ਅਤੇ ਰਾਜ-ਜੋਗ ਇਤਿਆਦਿਕ ਸਿਧਾਂਤਾਂ ਦੀ ਵੀ ਸੰਕੇਤਕ ਰੂਪ ਵਿਚ ਗਲ ਕੀਤੀ ਹੈ। ਇਸ ਵਿਸ਼ਲੇਸ਼ਣ ਵਿਚ ਅਸੀਂ ਜਾਣਿਆ ਹੈ, ਕਿ ਕਵਿ ਨੂੰ ਗੁਰਮਤਿ ਦੇ ਸਿਧਾਂਤਾਂ ਦੀ ਗੂੜ੍ਹ ਸਮਝ ਹੈ। ਉਸ ਨੇ ਇਸ ਰਚਨਾ ਵਿਚ ਮਨੁਖਾ ਜੀਵਨ ਦੇ ਪ੍ਰਯੋਜਨ ਅਤੇ ਉਸ ਦੀ ਦੁਰਲਭ ਪ੍ਰਾਪਤੀ ਬਾਰੇ, ਉਸਦੀਆਂ ਅਵਸਥਾਵਾਂ ਬਾਰੇ, ਸਤਿਸੰਗਤਿ ਬਾਰੇ, ਨਾਮ ਸਿਮਰਨ ਬਾਰੇ, ਮਾਨਵੀ ਬਰਾਬਰੀ ਬਾਰੇ ਅਤੇ ਪਰਮਾਤਾਮਾ ਦੇ ਸ੍ਵਰੂਪ ਬਾਰੇ ਵਿਚਾਰ ਪ੍ਰਸਤੁਤ ਕੀਤੇ ਹਨ। ਇਸ ਤੋਂ ਬਿਨਾ ਉਸ ਨੇ ਸ੍ਰਿਸ਼ਟੀ ਬਾਰੇ, ਲਾਲਚ ਬਾਰੇ, ਬੁਰਿਆਈ-ਚੰਗਿਆਈ, ਜਨਮ-ਮਰਨ, ਹਉਮੈ ਆਦਿ ਬਾਰੇ ਵੀ ਵਿਚਾਰ ਪ੍ਰਸਤੁਤ ਕੀਤੇ ਹਨ।

ਸੋ ਉਪਰੋਕਤ ਪ੍ਰਸੰਗਾਂ ਤੋਂ ਅਸੀਂ ਕਹਿ ਸਕਦੇ ਹਾਂ, ਕਿ ਗਣੇਸ਼ ਸਿੰਘ ਨੇ ਆਪਣੀ ਇਸ ਰਚਨਾ ਵਿਚ ਵਖ-ਵਖ ਰੰਗ ਵਿਖਾਏ ਹਨ। ਕਵਿ ਦੀ ਇਸ ਲਿਖਤ ਨੂੰ ਲਗਪਗ ਦੋ ਸਦੀਆਂ ਬੀਤ ਚੁਕੀਆਂ ਹਨ ਅਤੇ ਇਸ ਵਿਚੋਂ ਅਜੇ ਵੀ ਨਵੇਕਲਾਪਣ ਅਤੇ ਗੁਰੁਬਾਣੀ ਨਾਲ ਗੰਭੀਰ ਸਾਂਝ ਝਲਕਦੀ ਪ੍ਰਤਖ ਨਜ਼ਰ ਆਉਂਦੀ

ਹੈ। ਇਸ ਲਿਖਿਤ ਵਿਚ ਸ਼ਬਦਾਂ, ਖ਼ਿਆਲਾਂ ਅਤੇ ਜਜ਼ਬਿਆਂ ਨੂੰ ਇਸ ਢੰਗ ਨਾਲ ਬੰਨ੍ਹਿਆ ਗਿਆ ਹੈ, ਕਿ ਪਾਠਕ ਸਹਿਜੇ ਹੀ ਇਸ ਵਲ ਆਕ੍ਰਸ਼ਿਤ ਹੁੰਦਾ ਮਹਿਸੂਸ ਕਰਦਾ ਹੈ, ਜਿਹੜੀ ਚੰਗੇ ਲੇਖਕ ਅਤੇ ਲਿਖਿਤ ਲਈ ਮਾਣ ਵਾਲੀ ਗਲ ਹੁੰਦੀ ਹੈ।

ਸਾਡੇ ਕੋਲ ਅਜਿਹੀਆਂ ਰਚਨਾਵਾਂ ਦੀ ਵਿਸ਼ਾਲ ਪਰੰਪਰਾ ਹੈ, ਜਿਨ੍ਹਾਂ ਦੇ ਅਧਿਐਨ ਨਾਲ ਹੋਰ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ । ਇਨ੍ਹਾਂ ਸਭ ਉਪਰ ਧਿਆਨ ਦੇ ਕੇ ਅਸੀਂ ਆਪਣੇ ਖੋਜ-ਕਾਰਜਾਂ ਨੂੰ ਹੋਰ ਬੇਹਤਰ ਬਣਾ ਕੇ ਸਾਡੇ ਸਨਮੁਖ ਆਉਂਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਾਂ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


**ਅਸ਼ੋਕ, ਸ਼ਮਸ਼ੇਰ ਸਿੰਘ:** *ਪੰਜਾਬ ਦੀਆਂ ਲਹਿਰਾਂ,* ਅਸ਼ੋਕ ਪੁਸਤਕ-ਮਾਲਾ, ਪਟਿਆਲਾ, ਦੂਜੀ ਵਾਰ, 1974.

**ਔਲਖ, ਅਜੀਤ ਸਿੰਘ:** *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵਿ ਚੂੜਾਮਣੀ ਭਾਈ ਸੰਤੋਖ ਸਿੰਘ ਜਿਲਦ ਪਹਿਲੀ (ਸਟੀਕ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

**ਸਾਹਿਬ ਸਿੰਘ, (ਪ੍ਰੋ.) :** *ਸਿਧ ਗੋਸਟਿ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰ੍ਹਵੀਂ ਵਾਰ, 2006.

**ਸੀਤਲ, ਸੋਹਣ ਸਿੰਘ:** *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਸੱਤਵੀਂ ਵਾਰ, 2017.

**ਸੇਵਕ, ਸੇਵਾ ਸਿੰਘ:** *ਪ੍ਰਾਚੀਨ ਜਨਮ ਸਾਖੀ,* ਨਿਊ ਬੁੱਕ ਕੰਪਨੀ, ਜਲੰਧਰ, ਦੂਜੀ ਵਾਰ,2006.

*ਸ੍ਰੀ ਗੁਰੂ ਗ੍ਰੰਥ ਸਾਹਿਬ.*

**ਹਿਸਟੋਰੀਅਨ, ਕਰਮ ਸਿੰਘ:** *ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008.

**ਕਿਰਪਾਲ ਸਿੰਘ, (ਡਾ.):** *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962.

- *ਸ੍ਰੀ ਗੁਰ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.

- *ਜਨਮਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.

- *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

**ਕੁਲਵੰਤ ਸਿੰਘ, (ਡਾ.):** *ਮੱਕੇ ਮਦੀਨੇ ਦੀ ਗੋਸ਼ਟਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 2013.

**ਕੋਹਲੀ, ਸੁਰਿੰਦਰ ਸਿੰਘ (ਡਾ.):** *ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

- *ਜਨਮਸਾਖੀ ਭਾਈ ਬਾਲਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜੀ ਵਾਰ 1990.

**ਖਾਨਪੁਰੀ, ਜਗਜੀਤ ਸਿੰਘ (ਡਾ.):** *ਪ੍ਰਾਣ ਸੰਗਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999.

**ਗੰਡਾ ਸਿੰਘ (ਡਾ.):** *ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ,* ਪੰਜਾਬੀ ਸਾਹਿਤ ਐਕਾਡਮੀ, ਲੁਧਿਆਣਾ, 1957.

**ਗਿਆਨੀ ਨਰੈਣ ਸਿੰਘ (ਟੀਕਾਕਾਰ) :** *ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਭਾਗ ਪਹਿਲਾ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਅਠਵੀਂ ਵਾਰ, 2011.

**ਗਿਆਨੀ, ਗਿਆਨ ਸਿੰਘ:** *ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ, ਪਟਿਆਲਾ, ਪੰਜਵੀ ਵਾਰ, 2011.

**ਗੁਰਬਚਨ ਕੌਰ (ਡਾ.):** *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987.

**ਚਾਕਰ, ਅਮਰ ਸਿੰਘ:** *ਵਾਰਾਂ ਭਾਈ ਗੁਰਦਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

**ਜਗਜੀਤ ਸਿੰਘ (ਡਾ) :** *ਆਧੁਨਿਕ ਜਨਮਸਾਖੀ (ਜੀਵਨ ਸ੍ਰੀ ਗੁਰੂ ਨਾਨਕ ਦੇਵ ਜੀ),* ਲਾਹੌਰ ਬੁਕ ਸ਼ਾਪ, ਲੁਧਿਆਣਾ, 1970.

**ਦਰਸ਼ਨ ਸਿੰਘ:** *ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

**ਧੀਰ, ਕੁਲਦੀਪ ਸਿੰਘ (ਡਾ.):** *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ-ਦ੍ਰਿਸ਼ਟੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

**ਨਰੈਣ ਸਿੰਘ:** *ਸਿਖ ਧਰਮ ਦੀਆਂ ਬੁਨਿਆਦਾਂ,* ਪੂਰਨ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 2000.

**ਨਾਭਾ, ਕਾਨ੍ਹ ਸਿੰਘ:** *ਗੁਰੁਮਤ ਮਾਰਤੰਡ ਭਾਗ ਪਹਿਲਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013.

*-ਗੁਰੁਮਤ ਮਰਤੰਡ ਭਾਗ ਦੂਜਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014.

**ਨਾਰਾ, ਈਸ਼ਰ ਸਿੰਘ:** *ਇਤਹਾਸ ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ,* ਦੇਹਲੀ ਗੇਟ, ਦੇਹਲੀ, ਮਿਤੀ ਹੀਨ.

**ਪੰਡਿਤ ਤਾਰਾ ਹਰਿ ਨਰੋਤਮ:** *ਸ੍ਰੀ ਗੁਰੁ ਤੀਰਥ ਸੰਗ੍ਰਹਿ,* ਨਿਰਮਲ ਪੰਚਾਇਤੀ ਅਖਾੜਾ, ਕਨਖਲ, ਦੂਜੀ ਵਾਰ, 1975.

**ਪਦਮ, ਪਿਆਰਾ ਸਿੰਘ:** *ਸਿਖ ਸੰਪ੍ਰਦਾਵਲੀ,* ਕਲਗੀਧਰ ਕਲਮ ਫਾਉਂਡੇਸ਼ਨ, ਪਟਿਆਲਾ, 2000.

- *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਭਾਈ ਕੇਸਰ ਸਿੰਘ ਛਿਬਰ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਦੂਜੀ ਵਾਰ, 2005.

-*ਗੋਬਿੰਦ ਸਾਗਰ,* ਕਲਮ ਮੰਦਿਰ, ਪਟਿਆਲਾ, 2000.

**ਪਿਆਰ ਸਿੰਘ (ਡਾ.):** *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 1974.

**ਪ੍ਰੀਤਮ ਸਿੰਘ (ਸੰਪਾ.):** *ਗੁਰੂ ਮਹਿਮਾ ਰਤਨਾਵਲੀ ਕ੍ਰਿਤ ਕਾਨ੍ਹ ਸਿੰਘ ਨਾਭਾ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.

**ਫ਼ੌਜਾ ਸਿੰਘ (ਡਾ.):** *ਐਟਲਸ ਗੁਰੂ ਨਾਨਕ ਦੇਵ ਜੀ ਦੇ* ਸਫ਼ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015.

**ਬਾਜਵਾ, ਕੁਲਵਿਦੰਰ ਸਿੰਘ (ਡਾ.):** *ਮਹਿਮਾ ਪ੍ਰਕਾਸ਼ ਵਾਰਤਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

**ਬੇਦੀ, ਗਣੇਸ਼ਾ ਸਿੰਘ:** -*ਸ਼ਿੰਗਾਰ ਸ਼ਤਕ,* ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਨ.

- *ਕ੍ਰਿਸ਼ਨ ਚੰਦ੍ਰ ਚੰਦ੍ਰਕਾ,* ਜੰਬੂ ਸ੍ਰੀ ਰਘੁਨਾਥ ਪ੍ਰੈਸ, ਬਿਲਾਸਪੁਰ, 1884.

- *ਗ੍ਰੰਥ ਰਤਨਾਵਲੀ,* ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ, 1904.

- *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

**ਭਗਤ ਸਿੰਘ (ਅਨੁਵਾਦਕ) (ਡਾ.):** *ਸਿਖ ਇਤਿਹਾਸ (1469-1765) ਲੇਖਕ ਪ੍ਰਿੰਸੀਪਲ ਤੇਜਾ ਸਿੰਘ ਡਾ. ਗੰਡਾ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

**ਭਗਤ ਸਿੰਘ:** *ਮਹਾਰਾਜਾ ਰਣਜੀਤ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.

**ਭਾਈ ਵੀਰ ਸਿੰਘ (ਸੰਪਾ.) :** *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ,ਨਵੀਂ ਦਿੱਲੀ, 20ਵੀਂ ਵਾਰ 2016.

- *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927.

- *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 4 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ*

*ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1928.

**ਮਨਜੀਤ ਕੌਰ (ਸੰਪਾ.):** *ਗ੍ਰੰਥ ਭਰਮ ਤੋੜ,* ਨਿਰਮਲ ਆਸ਼ਰਮ, ਰਿਸ਼ੀਕੇਸ਼, 2015.

**ਮਨਮੋਹਨ ਸਿੰਘ (ਡਾ.):** *ਗੁਰਮਤਿ ਕਾਵਿ ਦਾ ਬਹੁ-ਪੱਖੀ ਅਧਿਐਨ,* ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1993.

**ਮਲਕਿੰਦਰ ਸਿੰਘ:** *ਧਾਰਮਿਕ ਲਹਿਰਾਂ,* ਰਿਗੀ ਪਬਲੀਕੇਸ਼ਨ, ਖੰਨਾ, 2017.

**ਰਣਧੀਰ ਸਿੰਘ:** *ਉਦਾਸੀ ਸਿਖਾਂ ਦੀ ਵਿਥਿਆ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959.

**ਰੂਪ ਸਿੰਘ (ਸੰਪਾ.):** *ਸਿਖ ਸੰਕਲਪ, ਸਿਧਾਂਤ ਤੇ ਸੰਸਥਾਵਾਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ, 2015.

**ਵਿਦਿਆਰਥੀ, ਦੇਵਿੰਦਰ ਸਿੰਘ (ਡਾ.):** *ਸ੍ਰੀ ਗੁਰੂ ਨਾਨਕ ਅਭਿਨੰਦਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978.

## ਹਿੰਦੀ ਪੁਸਤਕਾਂ


**आहलुवालिया, हरवंश लाल (डा.) :** *गुरूमुखी लिपि में उपलब्ध हिन्दी शतक काव्यों का समीक्षात्मक अध्ययन,* भाषा विभाग, पंजाब, पटियाला, 2002.

**चन्द्रकान्त बाली:** *पंजाब -प्रान्तीय हिन्दी-साहित्य का इतिहास,* नैशनल पबिलशिंग, दिल्ली, 1962.

**बेदी, गणेश सिंह:** *शशि वंश विनोद*, भारत जीवन जंत्रालय, काशी, 1949.

**मनमोहन सहगल (डा.):** *पंजाब का हिन्दी साहित्य,* लीना पब्लिशर्ज, पटियाला, तिथी हीन.

*-मध्यकालीन हिन्दी साहित्य पंजाब का संदर्भ ,* सन्मार्ग प्रकाशन, दिल्ली, 1985.

*-पंजाब में रचित हिन्दी साहित्य का इतिहास,* निर्मलि पबलिकेशनज, दिल्ली, 2012.

**शर्मा, मीनाक्षी (डा.):** *गणेश सिंह बेदी, साहित्यिक मूल्यांकन,* हिमाचल कला संस्कृति भाषा अकादमी, शिमला, 1994.

**सत्यपाल गुप्त:** *पंजाब का हिन्दी साहित्य,* पैप्सू प्रदेश हिन्दी साहित्य सम्मेलन, पटियाला, 1959.

## ਅੰਗਰੇਜੀ ਪੁਸਤਕਾਂ


**Ali, S. M.:** *The Geography of the Puranas,* People's publishing house, New Delhi, 1966.

**Bajwa, Fauja Singh:** *Kuka Movement*, Vishav Namdhari Sangat, Sri Bhaini Sahib, Second edition, 2017.

**Grewal, J. S.:** *The Sikhs of Punjab,*Cambridge University press, Revised Edition, 2008.

**Gupta Hari Ram:** *History Of The Sikhs Vol. I,* Munshiram Manoharlal, Publishers, New Delhi, 2008.

**Rose, H. A.:** *A Glossary of the Tribes And Castes of the Punjab and North-west Frontier Province vol. I*, Govt. printing, Lahore, 1919.

# ਕੋਸ਼

**ਸਰਨਾ, ਜਸਬੀਰ ਸਿੰਘ:** *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.

**ਹਰਪ੍ਰੀਤ ਕੌਰ, (ਸੰਪਾ):** *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਪ੍ਰੀਭਾਸ਼ਾਵਾਂ ਦੇ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ,2003.

**ਕੋਹਲੀ, ਸੁਰਿੰਦਰ ਸਿੰਘ (ਡਾ.) (ਸੰਪਾ.):** *ਪੰਜਾਬੀ ਸਾਹਿਤ ਕੋਸ਼ ਭਾਗ ਦੂਜਾ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976.

**ਗਿੱਲ, ਰਛਪਾਲ ਸਿੰਘ:** *ਪੰਜਾਬ ਕੋਸ਼ ਜਿਲਦ ਪਹਿਲੀ,* ਭਾਸ਼ਾ ਵਿਭਾਗ, ਪੰਜਾਬ, 2004.

- *ਪੰਜਾਬ ਕੋਸ਼ ਜਿਲਦ ਦੂਜੀ,* ਭਾਸ਼ਾ ਵਿਭਾਗ, ਪੰਜਾਬ, 2004.

**ਜੱਗੀ, ਰਤਨ ਸਿੰਘ (ਡਾ.):** *ਸਿਖ ਪੰਥ ਵਿਸ਼ਵਕੋਸ਼ ਭਾਗ ਦੂਜਾ ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

**ਨਾਭਾ, ਕਾਨ੍ਹ ਸਿੰਘ:** *ਮਹਾਨ ਕੋਸ਼,* ਨੈਸ਼ਨਲ ਬੁਕ ਡਿਪੋ, ਦਿੱਲੀ, 1998.

**ਪਦਮ, ਪਿਆਰਾ ਸਿੰਘ:** *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ 2009.

**ਭਾਈ ਵੀਰ ਸਿੰਘ (ਸੰਪਾ.) :** *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2003.

# ਪਤ੍ਰਿਕਾਵਾਂ

*ਗੁਰੂ ਨਾਨਕ ਪ੍ਰਕਾਸ਼ ਪਤ੍ਰਿਕਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਕ ਜਨਵਰੀ 2017.

# ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ-ਸਾਇੰਸਿਜ਼ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ
ਪੀਐਚ.ਡੀ. ਦੀ ਉਪਾਧੀ ਹਿਤ ਪ੍ਰਸਤੁਤ

**ਖੋਜ-ਪ੍ਰਬੰਧ**

**2020**


*ਨਿਗਰਾਨ*

**ਡਾ. ਹਰਭਜਨ ਸਿੰਘ**

ਡਾਇਰੈਕਟਰ (ਰਿਟਾਇਰਡ)

ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ,

ਦੇਹਰਾਦੂਨ।

*ਖੋਜਾਰਥਣ*

**ਵੀਰਪਾਲ ਕੌਰ**


(Established Under Punjab Act No. 35 of 1961)

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

Scanned by CamScanner

# ਸਾਰ

ਸਮੁਚਿਤ ਚਰਚਾ ਦੇ ਸਾਰੰਸ਼ ਵਜੋਂ ਅਸੀਂ ਕਹਾਂਗੇ, ਕਿ ਇਸ ਖੋਜ-ਕਾਰਜ ਤੋਂ ਪਹਿਲਾਂ ਗਣੇਸ਼ ਸਿੰਘ ਬੇਦੀ ਜਾਂ ਉਸ ਦੀਆਂ ਰਚਨਾਵਾਂ ਨਾਲ ਸੰਬੰਧਿਤ ਬਹੁਤ ਥੋੜੇ ਖੋਜ-ਕਾਰਜ ਹੋਏ ਹਨ, ਜਿਨ੍ਹਾਂ ਵਿਚ ਡਾ. ਮੀਨਾਕਸ਼ੀ ਸ਼ਰਮਾ ਦਾ ਖੋਜ-ਕਾਰਜ ਪ੍ਰਮੁਖ ਹੈ। ਇਹ ਕਾਰਜ ਬਹੁਤ ਵਧੀਆ ਉਪਰਾਲਾ ਹੈ, ਪਰੰਤੂ ਇਸਦਾ ਘੇਰਾ ਕਵਿ ਦੀਆਂ ਉਪਲਬਧ ਰਚਨਾਵਾਂ ਦੀ ਸਾਹਿਤਿਕ ਚਰਚਾ ਦਾ ਮੁਲੰਕਣ ਕਰਨਾ ਸੀ। ਇਸਦੇ ਨਾਲ ਹੀ ਉਸ ਨੇ ਕਵਿ ਦੇ ਜੀਵਨ ਬਾਰੇ ਵੀ ਸੰਖਿਪਿਤ ਚਰਚਾ ਕੀਤੀ ਹੈ, ਪਰੰਤੂ ਜਿਵੇਂ ਕਿ ਅਸੀਂ ਦਸਿਆ ਕਿ ਇਸ ਖੋਜ-ਕਾਰਜ ਦਾ ਘੇਰਾ ਸਾਹਿਤਿਕ ਮੁਲੰਕਣ ਤਕ ਸੀਮਿਤ ਸੀ । ਇਸ ਲਈ ਯਕੀਨਨ ਇਸ ਵਿਚ ਹਥਲੇ ਖੋਜ-ਕਾਰਜ ਵਿਚਲੀ ਜਨਮਸਾਖੀ ਦੀ ਵੀ ਚਰਚਾ ਲਾਜ਼ਿਮੀ ਸੀ, ਸੋ ਡਾ. ਮੀਨਾਕਸ਼ੀ ਸ਼ਰਮਾ ਨੇ ਇਸ ਜਨਮਸਾਖੀ ਦੇ ਮਾਤ੍ਰ ਸਾਹਿਤਿਕ ਪਹਿਲੂਆਂ ਨੂੰ ਹੀ ਉਜਾਗਰ ਕੀਤਾ ਹੈ, ਜੋ ਸਾਡੇ ਖੋਜ-ਕਾਰਜ ਦੇ ਪੜਾਵਾਂ-ਸਿਧਾਂਤਿਕ, ਇਤਿਹਾਸਿਕ ਆਦਿ ਤੋਂ ਭਿੰਨ ਹੈ। ਇਸ ਲਈ ਸਾਡਾ ਇਹ ਕਾਰਜ ਪਿਛਲੇਰੇ ਕਾਰਜਾਂ ਤੋਂ ਨਵੇਕਲਾ ਹੋਣ ਦੇ ਨਾਲ ਇਸ ਲੜੀ ਨੂੰ ਅਗਾਂਹ ਤੋਰਦਾ ਹੈ। ਹਥਲਾ ਖੋਜ-ਕਾਰਜ ਖੋਜਾਰਥੀਆਂ ਅਤੇ ਕੁਝ ਨਵਾਂ ਸੋਚਣ ਵਾਲੇ ਵਿਦਵਾਨਾਂ ਦਾ ਧਿਆਨ ਅਜਿਹੀਆਂ ਰਚਨਾਵਾਂ ਵਲ ਆਕ੍ਰਸ਼ਿਤ ਕਰੇਗਾ, ਅਜਿਹੀ ਸਾਨੂੰ ਆਸ ਹੈ।

ਉਪਰੋਕਤ ਚਰਚਾ ਤੋਂ ਕਿਹਾ ਜਾ ਸਕਦਾ ਹੈ, ਕਿ ਕਵਿ ਗਣੇਸ਼ ਸਿੰਘ ਬੇਦੀ ਦੁਆਰਾ ਰਚਿਤ 'ਗੁਰੂ ਨਾਨਕ ਸੂਰਜੋਦੇ' ਜਨਮਸਾਖੀ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਹੋ ਚੁਕੀ ਹੈ। ਇਸ ਦੇ ਰਚਨਾ ਦੇ ਸਮੇਂ ਬਾਰੇ ਜਿਥੇ ਜਨਮਸਾਖੀ ਵਿਚ ਸਪਸ਼ਟ ਲਿਖਿਆ ਹੈ, ਉਥੇ ਇਹ ਵੀ ਗਲ ਸਾਹਮਣੇ ਆਈ ਕਿ ਵਿਦਵਾਨਾਂ ਨੇ ਟਪਲਾ ਖਾ ਕੇ ਰਚਨਾ-ਕਾਲ ਲਿਖਣ ਸਮੇਂ ਉਕਾਈ ਕੀਤੀ ਹੈ, ਜਿਵੇਂ ਕਿ ਉਨ੍ਹਾਂ ਦਾ ਨਾਮ ਗਣੇਸ਼ ਸਿੰਘ ਦੀ ਬਜਾਇ ਗਣੇਸ਼ਾ ਸਿੰਘ ਲਿਖਿਆ ਹੈ। ਇਹ ਰਚਨਾ ਦੋ ਭਾਗਾਂ ਵਿਚ ਵੰਡੀ ਹੋਈ ਹੈ ਅਤੇ ਇਸ ਵਿਚ ਕੁਲ 123 ਸਾਖੀਆਂ ਅੰਕਿਤ ਹਨ। ਭਾਵੇਂ ਕਿ ਜਨਮਸਾਖੀ ਭਾਈ ਬਾਲਾ ਵਾਲੀ ਜਨਮਸਾਖੀ ਤੋਂ ਪ੍ਰਭਾਵਿਤ ਹੈ, ਜੋ ਕਿ ਸੰਦਿਗਧ ਹੈ, ਇਸ ਲਈ ਆਮ ਪਾਠਕ ਇਸ ਨੂੰ ਵੀ ਸੰਦਿਗਧ ਮੰਨਦਾ ਹੈ। ਇਸ ਵਿਚ ਵੀ ਕੋਈ ਸ਼ਕ ਨਹੀਂ, ਕਿ ਬਹੁਤ ਸਾਰੀਆਂ ਸਾਖੀਆਂ ਕਵਿ ਨੇ ਹੂ-ਬ-ਹੂ ਆਧਾਰਿਤ ਸ੍ਰੋਤਾਂ ਤੋਂ ਇੰਨ-ਬਿੰਨ ਉਤਾਰਾ ਕੀਤਾ ਭਾਸਦਾ

ਹੈ, ਪਰੰਤੂ ਫਿਰ ਵੀ ਕਵਿ ਦੁਆਰਾ ਆਪਣੀ ਸੂਝ ਨਾਲ ਨਵੀਆਂ ਸਾਖੀਆਂ ਅੰਕਿਤ ਕਰਕੇ ਇਸ ਰਚਨਾ ਨੂੰ ਆਧਾਰਿਤ ਸ੍ਰੋਤਾਂ ਦੇ ਤੁਲ ਵਧੇਰੇ ਨਿਰਣਾਇਕ ਸਿਧ ਕਰਣ ਦਾ ਯਤਨ ਕੀਤਾ ਹੈ। ਜਿਸ ਤੋਂ ਅਸੀਂ ਕਹਿ ਸਕਦੇ ਹਾਂ, ਕਿ ਗਣੇਸ਼ ਸਿੰਘ ਜਿਥੇ ਕਾਵਿ-ਸ਼ਾਸਤ੍ਰ ਦਾ ਗੂੜ੍ਹ ਗਿਆਤਾ ਹੈ , ਉਸ ਦੇ ਨਾਲ ਇਤਿਹਾਸਕਾਰ ਵੀ ਹੈ। ਚਰਚਿਤ ਕ੍ਰਿਤੀ ਲਈ ਕਵਿ ਨੇ ਜਿਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੀਆਂ ਕੜੀਆਂ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਕਵਿ ਨੇ ਆਪਣੇ ਸਮੇਂ ਵਿਚ ਉਪਲਬਧ ਇਤਿਹਾਸਿਕ/ਪੌਰਾਣਿਕ ਸ੍ਰੋਤਾਂ ਦਾ ਉਪਯੋਗ ਕੀਤਾ ਹੈ, ਜਿਨ੍ਹਾਂ ਦਾ ਖੇਤ੍ਰ, ਵੇਦ, ਪੁਰਾਣ, ਰਾਮਾਇਣ, ਮਹਾਂਭਾਰਤ ਆਦਿ ਆਰੀਆ ਗ੍ਰੰਥਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਅਤੇ ਹੋਰ ਸਿਖ ਸਾਹਿਤ ਨਾਲ ਜੁੜ ਜਾਂਦਾ ਹੈ।

ਅਸੀਂ ਸਭ ਤੋਂ ਪਹਿਲਾਂ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖਿਪਿਤ ਚਰਚਾ ਕੀਤੀ ਹੈ। ਜੇਕਰ ਸਮੁਚੇ ਰੂਪ ਵਿਚ ਦੇਖਿਆ ਜਾਵੇ, ਤਾਂ ਕਵਿ ਦੇ ਜੀਵਨ ਕਾਲ ਦੌਰਾਨ ਪ੍ਰਸਥਿਤੀਆਂ ਵਿਚ ਕਾਫ਼ੀ ਉਤਰਾਅ ਚੜ੍ਹਾਅ ਆਏ, ਇਹੋ ਜਿਹੇ ਨਾਜ਼ੁਕ ਹਾਲਾਤ ਵੀ ਆਏ, ਕਿ ਸਾਹਿਤ ਦੀ ਸਿਰਜਨਾ ਕਰਨਾ ਕਾਫ਼ੀ ਜਟਿਲ ਕਾਰਜ ਸੀ, ਪਰ ਗਣੇਸ਼ ਸਿੰਘ ਨੇ ਆਪਣੇ ਦ੍ਰਿੜ ਇਰਾਦੇ ਨਾਲ ਆਪਣੀਆਂ ਰਚਨਾਵਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਨੇਪਰੇ ਚਾੜ੍ਹਿਆ ਹੈ। ਕਵਿ ਦੀਆਂ ਰਚਨਾਵਾਂ ਨਾਲ ਸੰਬੰਧਿਤ ਸਰਵੇਖਣ ਵਿਚ ਅਸੀਂ ਦੇਖਿਆ, ਕਿ ਕੁਝ ਇਕ ਹੀ ਪੁਸਤਕਾਂ ਕਵਿ ਦੀਆਂ ਰਚਨਾਵਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ ਮਾਤ੍ਰ ਇਨ੍ਹਾਂ ਦੀ ਸੰਖਿਪਿਤ ਵਿਚਾਰ ਹੀ ਕੀਤੀ ਗਈ ਹੈ।

ਇਸ ਸਾਰੇ ਖੋਜ-ਕਾਰਜ ਤੋਂ ਕਿਹਾ ਜਾ ਸਕਦਾ ਹੈ, ਕਿ ਗਣੇਸ਼ ਸਿੰਘ ਦੁਆਰਾ ਲਿਖੀ ਗਈ ਇਸ ਜਨਮਸਾਖੀ ਦਾ ਮਨੋਰਥ ਗੁਰੂ ਨਾਨਕ ਦੇਵ ਜੀ ਦੀ ਮਹਿਮਾ-ਮੰਡਿਤ ਕਰਨ ਲਈ ਵਧੇਰੇ ਪ੍ਰਤੀਤ ਹੁੰਦਾ ਹੈ, ਜਿਸ ਕਾਰਣ ਕਵਿ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਚਮਤਕਾਰੀ, ਅਵਤਾਰੀ, ਸਰਬ-ਸਮਰਥ ਪੁਰੁਸ਼ ਦਰਸਾਉਣ ਦਾ ਯਤਨ ਕੀਤਾ ਹੈ। ਗੁਰੂ ਜੀ ਨੂੰ ਸਰਵੋਤਮ ਦਰਸਾਉਣ ਲਈ ਸਾਰੇ ਦੇਵੀ-ਦੇਵਤਿਆਂ ਨੂੰ ਨਮਸਕਾਰ ਕਰਦੇ ਦਸਿਆ ਹੈ। ਇਸ ਦਾ ਕਾਰਣ ਉਸ ਸਮੇਂ ਦੀ ਲਿਖਣ-ਸ਼ੈਲੀ ਅਤੇ ਆਧਾਰ ਸ੍ਰੋਤ ਹਨ।

ਕਵਿ ਨੇ ਜਿਥੇ ਉਪਦੇਸ਼ਾਤਮਕ ਪ੍ਰਵਿਰਤੀ ਰਖੀ ਹੈ, ਉਸ ਦੇ ਨਾਲ ਗੁਰਮਤਿ ਦੇ ਸਿਧਾਤਾਂ ਦੀ ਪ੍ਰੋੜਤਾ ਕਰਣ ਦਾ ਵੀ ਯਤਨ ਕੀਤਾ ਹੈ।

ਭਾਵੇਂ ਕਿ ਆਮ ਪਾਠਕ ਲਈ ਇਸ ਜਨਮਸਾਖੀ ਦੀ ਸ਼ੈਲੀ ਅਤੇ ਅਵਤਾਰਵਾਦੀ ਧਾਰਣਾ ਕਰਕੇ ਇਸ ਦੀ ਇਤਿਹਾਸਿਕਤਾ ਮਧਮ ਦਿਸਦੀ ਹੋਵੇ, ਪਰ ਕਵਿ ਦਾ ਮਨੋਰਥ ਗੁਰੂ ਜੀ ਨੂੰ ਸਰਵੋਤਮ ਦਰਸਾਉਣਾ ਹੈ, ਜਿਸ ਕਰਕੇ ਹੀ ਉਸ ਦੀ ਸ਼ੈਲੀ ਅਵਤਾਰਵਾਦੀ ਹੈ। ਸਾਰੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ , ਕਿ ਕਵਿ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਜਨਮਸਾਖੀ ਸਾਹਿਤ ਦੀ ਸ਼ੈਲੀ ਵਾਂਗ ਹੀ ਲਿਖਣ ਦਾ ਯਤਨ ਕੀਤਾ ਹੈ। ਪਰ ਕਵਿ ਨੇ ਜਨਮਸਾਖੀ ਵਿਚ ਅੰਕਿਤ ਬਿਰਤਾਤਾਂ ਦੇ ਵਿਸਤਾਰ ਨੂੰ ਸਫ਼ਲ ਚਿਤ੍ਰਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਪ੍ਰਸ਼ੰਸਾ ਹਿਤ ਇਸ ਕ੍ਰਿਤੀ ਵਿਚ ਅਨੇਕਾਂ ਹੀ ਮਿਥਿਹਾਸਿਕ/ਕਾਲਪਨਿਕ ਪ੍ਰਸੰਗ ਵੀ ਅੰਕਿਤ ਕੀਤੇ ਗਏ ਹਨ। ਚਰਚਿਤ ਕ੍ਰਿਤੀ ਦਾ ਅਸੀਂ ਵਖ-ਵਖ ਦ੍ਰਿਸ਼ਟੀਕੋਣਾਂ- ਇਤਿਹਾਸਿਕ ਅਤੇ ਸਿਧਾਂਤਿਕ ਤੋਂ ਅਧਿਐਨ ਕੀਤਾ ਹੈ।

ਕਵਿ ਦੁਆਰਾ ਕੁਝ ਕੁ ਨਵੇਂ ਇਤਿਹਾਸਿਕ ਤਥ ਵੀ ਪ੍ਰਤੀਪਾਦਿਤ ਕੀਤੇ ਗਏ ਹਨ। ਕਿਤੇ-ਕਿਤੇ ਇੰਞ ਭਾਸਦਾ ਹੈ, ਕਿ ਕਵਿ ਨੇ ਇੰਨ-ਬਿੰਨ ਹੀ ਆਧਾਰ ਸ੍ਰੋਤ ਤੋਂ ਪ੍ਰਸੰਗਾਂ ਦੀ ਤਰਤੀਬ ਦਿਤੀ ਹੈ ਅਤੇ ਕਿਤੇ-ਕਿਤੇ ਲੋੜ ਅਨੁਸਾਰ ਉਨ੍ਹਾਂ ਵਿਚ ਬਦਲਾਅ ਵੀ ਕੀਤੇ ਹਨ। ਇਸ ਤਰ੍ਹਾਂ ਕਵਿ ਦੁਆਰਾ ਨਵੇਂ ਪ੍ਰਸੰਗ ਜੋ ਕਿ ਹੋਰ ਸਮਕਾਲੀ ਸ੍ਰੋਤਾਂ ਵਿਚ ਦਰਜ ਨਹੀਂ ਹਨ, ਨੂੰ ਅੰਕਿਤ ਕਰਕੇ ਗੁਰੂ ਜੀ ਦੀ ਸ਼ਖ਼ਸੀਅਤ ਨੂੰ ਹੋਰ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਵਿਅਕਤ ਕਰ ਣ ਦਾ ਸਫਲ ਯਤਨ ਹੈ। ਭਾਵੇਂ ਕਵਿ ਦੀ ਲਿਖਣ ਸ਼ੈਲੀ ਆਧੁਨਿਕ ਇਤਿਹਾਸ ਵਾਂਗ ਤਥਾਂ ਉਪਰ ਆਧਾਰਿਤ ਨਹੀਂ, ਇਸ ਵਿਚ ਅਨੇਕਾਂ ਹੀ ਮਿਥਿਹਾਸਿਕ ਪ੍ਰਸੰਗ ਅੰਕਿਤ ਕੀਤੇ ਹਨ, ਪਰ ਫਿਰ ਵੀ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਦੀ ਹੋਂਦ ਇਸ ਦੀ ਮਹਤਾ ਨੂੰ ਵਧਾਉਂਦੀ ਹੈ ਅਤੇ ਮਹਤਵਪੂਰਣ ਇਤਿਹਾਸਿਕ ਸ੍ਰੋਤਾਂ ਦੀ ਕਤਾਰ ਵਿਚ ਮੋਹਰੀ ਸਥਾਨ ਉਪਰ ਖੜ੍ਹਾ ਵੀ ਕਰਦੀ ਹੈ।

ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਅਸੀਂ ਕਹਿ ਸਕਦੇ ਹਾਂ, ਕਿ ਕਵਿ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਨਵੀਆਂ ਘਟਨਾਵਾਂ ਜੋ ਕਿਸੇ ਹੋਰ ਸ੍ਰੋਤਾਂ ਵਿਚ ਦਰਜ ਨਹੀਂ ਸਨ, ਨੂੰ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਲਿਖਤੀ ਰੂਪ ਦੇਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਗਈਆਂ ਉਦਾਸੀਆਂ ਦੀ ਤਰਤੀਬ ਨੂੰ ਦੂਜੇ ਇਤਿਹਾਸਿਕ ਸ੍ਰੋਤਾਂ ਨਾਲ ਤੁਲਣਾ

ਕਰਣ ਤੋਂ ਬਾਅਦ ਕਿਹਾ ਜਾ ਸਕਦਾ ਹੈ, ਕਿ ਕਵਿ ਨੇ ਦੂਜੇ ਇਤਿਹਾਸਿਕ ਸ੍ਰੋਤਾਂ ਤੋਂ ਗੁਰੂ ਜੀ ਦੀਆਂ ਉਦਾਸੀਆਂ ਦਾ ਕੁਝ ਕੁ ਵਖਰੇਵਾਂ ਦਿਤਾ ਹੈ, ਜਿਸ ਨਾਲ ਕੁਝ ਨਵੀਆਂ ਸੰਭਾਵਨਾਵਾਂ ਉਪਜਦੀਆਂ ਹਨ। ਇਸ ਦੇ ਇਤਿਹਾਸਿਕ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ , ਕਿ ਇਸ ਜਨਮਸਾਖੀ ਵਿਚ ਮਿਥਿਹਾਸ ਮਾਤ੍ਰ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਮਹਿਮਾ-ਮੰਡਿਤ ਕਰਣ ਹਿਤ ਅੰਕਿਤ ਕੀਤਾ ਹੈ। ਜਿਸ ਨਾਲ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਕਹਿ ਸਕਦੇ ਹਾਂ, ਕਿ ਇਸ ਦੀ ਮਹਤਾ ਵੀ ਬਾਕੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਿਕ ਸ੍ਰੋਤਾਂ ਜਿਤਨੀ ਹੀ ਹੈ।

ਸਮੁਚਿਤ ਰੂਪ ਵਿਚ ਸਿਧਾਂਤਿਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਤਾਂ ਕਵਿ ਨੇ ਪਰਮਾਤਮਾ, ਸ੍ਰਿਸ਼ਟੀ, ਮਨੁਖ, ਗੁਰੂ, ਜੀਵਨ-ਮੁਕਤੀ, ਸਤਿਸੰਗਤਿ, ਨਾਮ-ਸਿਮਰਨ, ਨਦਰਿ, ਆਵਾਗਵਨ, ਇਤਿਆਦਿਕ ਵਿਸ਼ਿਆਂ ਨੂੰ ਛੋਹਣ ਦੇ ਨਾਲ ਹੀ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਨੂੰ ਹੀ ਦਰਸਾਇਆ ਹੈ। ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਕ ਹੈ ਅਤੇ ਪਾਲਕ ਹੈ। ਸ੍ਰਿਸ਼ਟੀ ਵਿਚ ਘਟਿਤ ਸਾਰੀਆਂ ਹੀ ਘਟਨਾਵਾਂ ਪਰਮੇਸ਼ਰ ਦੇ ਅਧੀਨ ਹੀ ਹੋ ਰਹੀਆਂ ਹਨ। ਇਸ ਤਰ੍ਹਾਂ ਕਵਿ ਨੇ ਸੰਤ, ਸਾਧ, ਬੈਰਾਗੀ, ਸਰਬਤ ਦਾ ਭਲਾ ਅਤੇ ਰਾਜ-ਜੋਗ ਇਤਿਆਦਿਕ ਸਿਧਾਂਤਾਂ ਦੀ ਵੀ ਸੰਕੇਤਕ ਰੂਪ ਵਿਚ ਗਲ ਕੀਤੀ ਹੈ। ਇਸ ਵਿਸ਼ਲੇਸ਼ਣ ਵਿਚ ਅਸੀਂ ਜਾਣਿਆ ਹੈ, ਕਿ ਕਵਿ ਨੂੰ ਗੁਰਮਤਿ ਦੇ ਸਿਧਾਂਤਾਂ ਦੀ ਗੂੜ੍ਹ ਸਮਝ ਹੈ। ਉਸ ਨੇ ਇਸ ਰਚਨਾ ਵਿਚ ਮਨੁਖਾ ਜੀਵਨ ਦੇ ਪ੍ਰਯੋਜਨ ਅਤੇ ਉਸ ਦੀ ਦੁਰਲਭ ਪ੍ਰਾਪਤੀ ਬਾਰੇ, ਉਸਦੀਆਂ ਅਵਸਥਾਵਾਂ ਬਾਰੇ, ਸਤਿਸੰਗਤਿ ਬਾਰੇ, ਨਾਮ ਸਿਮਰਨ ਬਾਰੇ, ਮਾਨਵੀ ਬਰਾਬਰੀ ਬਾਰੇ ਅਤੇ ਪਰਮਾਤਾਮਾ ਦੇ ਸ੍ਵਰੂਪ ਬਾਰੇ ਵਿਚਾਰ ਪ੍ਰਸਤੁਤ ਕੀਤੇ ਹਨ। ਇਸ ਤੋਂ ਬਿਨਾ ਉਸ ਨੇ ਸ੍ਰਿਸ਼ਟੀ ਬਾਰੇ, ਲਾਲਚ ਬਾਰੇ, ਬੁਰਿਆਈ-ਚੰਗਿਆਈ, ਜਨਮ-ਮਰਨ, ਹਉਮੈ ਆਦਿ ਬਾਰੇ ਵੀ ਵਿਚਾਰ ਪ੍ਰਸਤੁਤ ਕੀਤੇ ਹਨ।

ਸੋ ਉਪਰੋਕਤ ਪ੍ਰਸੰਗਾਂ ਤੋਂ ਅਸੀਂ ਕਹਿ ਸਕਦੇ ਹਾਂ, ਕਿ ਗਣੇਸ਼ ਸਿੰਘ ਨੇ ਆਪਣੀ ਇਸ ਰਚਨਾ ਵਿਚ ਵਖ-ਵਖ ਰੰਗ ਵਿਖਾਏ ਹਨ। ਕਵਿ ਦੀ ਇਸ ਲਿਖਤ ਨੂੰ ਲਗਪਗ ਦੋ ਸਦੀਆਂ ਬੀਤ ਚੁਕੀਆਂ ਹਨ ਅਤੇ ਇਸ ਵਿਚੋਂ ਅਜੇ ਵੀ ਨਵੇਕਲਾਪਣ ਅਤੇ ਗੁਰਬਾਣੀ ਨਾਲ ਗੰਭੀਰ ਸਾਂਝ ਝਲਕਦੀ ਪ੍ਰਤਖ ਨਜ਼ਰ ਆਉਂਦੀ

ਹੈ। ਇਸ ਲਿਖਿਤ ਵਿਚ ਸ਼ਬਦਾਂ, ਖ਼ਿਆਲਾਂ ਅਤੇ ਜਜ਼ਬਿਆਂ ਨੂੰ ਇਸ ਢੰਗ ਨਾਲ ਬੰਨ੍ਹਿਆ ਗਿਆ ਹੈ, ਕਿ ਪਾਠਕ ਸਹਿਜੇ ਹੀ ਇਸ ਵਲ ਆਕ੍ਰਸ਼ਿਤ ਹੁੰਦਾ ਮਹਿਸੂਸ ਕਰਦਾ ਹੈ, ਜਿਹੜੀ ਚੰਗੇ ਲੇਖਕ ਅਤੇ ਲਿਖਿਤ ਲਈ ਮਾਣ ਵਾਲੀ ਗਲ ਹੁੰਦੀ ਹੈ।

ਸਾਡੇ ਕੋਲ ਅਜਿਹੀਆਂ ਰਚਨਾਵਾਂ ਦੀ ਵਿਸ਼ਾਲ ਪਰੰਪਰਾ ਹੈ, ਜਿਨ੍ਹਾਂ ਦੇ ਅਧਿਐਨ ਨਾਲ ਹੋਰ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ । ਇਨ੍ਹਾਂ ਸਭ ਉਪਰ ਧਿਆਨ ਦੇ ਕੇ ਅਸੀਂ ਆਪਣੇ ਖੋਜ-ਕਾਰਜਾਂ ਨੂੰ ਹੋਰ ਬੇਹਤਰ ਬਣਾ ਕੇ ਸਾਡੇ ਸਨਮੁਖ ਆਉਂਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਾਂ।

**Guru Nanak Surjode Janamsakhi Da Vishleshnatamak Adhyan (Abstract)**


| | |
|---|---|
| **Researcher's Name :** | **Veerpal Kaur** |
| **Supervisor's Name :** | **Dr. Harbhajan Singh, Director (Retired), Dr. Balbir Singh Sahtya Kendra Punjabi University, Dehradoon.** |
| **Department :** | **Guru Gobind Singh Department Of Religious Studies** |
| **Faculty :** | **Social Sciences** |



| | |
|---|---|
| **Registration Date :** | **14/11/2014** |
| **Main Words :** | **Guru Nanak Surjode, Concept, History.** |



The subject of this research work is **Guru Nanak Surjode janamsakhi da vishleshnatamk Adhyan.** The poet was a descendant of Guru Nanak. This Janamsakhi deals with the life and teachings of Guru Nanak Dev Ji. In addition, the poet contributed to the literary world by writing about 25 other works. The research work is classified into four chapters. Chapter first is seeks to understand the poet's life, writings, and the contemporary conditions of that time. The second chapter describes the survey and description. The third chapter analyzes the historical facts stated in the Janamsakhi. The Fourth Chapter attempts to examine the theoretical facts embodied in the work discussed and finally it is summarized. The summary may be that the poet has tried to shed light on other aspects of Guru Nanak's life by adding many new texts to this Janamsakhi.


Researcher

Veerpal Kaur

# ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ (ਅਬਸਟ੍ਰੈਕਟ)

**ਖੋਜਾਰਥਣ :** **ਵੀਰਪਾਲ ਕੌਰ**

**ਨਿਗਰਾਨ :** **ਡਾ. ਹਰਭਜਨ ਸਿੰਘ, ਡਾਇਰੈਕਟਰ (ਰਿਟਾਇਰਡ) ਪੰਜਾਬੀ ਯੂਨੀਵਰਸਿਟੀ, ਡਾ. ਬਲਬੀਰ ਸਿੰਘ ਸਾਹਤਿਯ ਕੇਂਦਰ,ਦੇਹਰਾਦੂਨ।**

**ਵਿਭਾਗ :** **ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**ਫ਼ੈਕਲਟੀ :** **ਸੋਸ਼ਲ ਸਾਇੰਸਿਜ਼**

**ਰਜਿਸਟਰੇਸ਼ਨ ਮਿਤੀ :** **14/11/2014**

**ਮੁਖ ਸ਼ਬਦ :** **ਗੁਰੂ ਨਾਨਕ ਸੂਰਜੋਦੇ ਜਨਮਸਾਖੀ, ਸਿਧਾਂਤ, ਇਤਿਹਾਸ।**

ਇਸ ਖੋਜ-ਕਾਰਜ ਦਾ ਵਿਸ਼ਾ ਹੈ **ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ।** ਕਵਿ ਗੁਰੂ ਨਾਨਕ ਦੇਵ ਜੀ ਦੀ ਵੰਸ਼ ਵਿਚੋਂ ਸੀ। ਇਹ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆਵਾਂ ਨਾਲ ਸੰਬੰਧਿਤ ਹੈ। ਇਸ ਤੋਂ ਬਿਨਾਂ ਕਵਿ ਨੇ ਲਗਪਗ 25 ਦੇ ਕਰੀਬ ਹੋਰ ਰਚਨਾਵਾਂ ਸਿਰਜ ਕੇ ਸਾਹਿਤਕ ਜਗਤ ਵਿਚ ਅਪਣਾ ਯੋਗਦਾਨ ਪਾਇਆ ਹੈ। ਹਥਲੇ ਖੋਜ-ਕਾਰਜ ਨੂੰ ਚਾਰ ਅਧਿਆਵਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਕਵਿ ਦੇ ਜੀਵਨ, ਰਚਨਾਵਾਂ ਅਤੇ ਉਸ ਦੇ ਸਮਕਾਲੀ ਹਾਲਾਤਾਂ ਬਾਰੇ ਜਾਣਨ ਦਾ ਯਤਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਸਰਵੇਖਣ ਅਤੇ ਵਿਵਰਣ ਹੈ। ਤੀਜੇ ਅਧਿਆਇ ਵਿਚ ਜਨਮਸਾਖੀ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਚਰਚਿਤ ਕ੍ਰਿਤੀ ਵਿਚ ਅੰਕਿਤ ਸਿਧਾਂਤਿਕ ਤਤਾਂ ਦੀ ਪੜਚੋਲ ਕਰਨ ਦਾ ਯਤਨ ਹੈ ਅਤੇ ਅੰਤ ਵਿਚ ਸਾਰ ਅੰਕਿਤ ਹੈ। ਨਿਚੋੜ ਵਜੋਂ ਕਿਹਾ ਜਾ ਸਕਦਾ ਹੈ, ਕਿ ਕਵਿ ਦੁਆਰਾ ਇਸ ਰਚਨਾ ਵਿਚ ਬਹੁਤ ਸਾਰੀਆਂ ਨਵੀਆਂ ਸਾਖੀਆਂ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਹੋਰ ਪਹਿਲੂਆਂ ਉਪਰ ਚਾਨਣਾ ਪਾਉਣ ਦਾ ਯਤਨ ਕੀਤਾ ਹੈ।

ਖੋਜਾਰਥਣ

ਵੀਰਪਾਲ ਕੌਰ

ਪੁਸਤਕਾਂ, ਪ੍ਰਸੀਡਿੰਗਜ਼ ਅਤੇ ਰਸਾਲਿਆਂ ਵਿਚ ਛਪੇ ਵੀਰਪਾਲ ਕੌਰ ਦੇ ਰਿਸਰਚ ਪੇਪਰ-

1. ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ, ਦੇਹਰਾਦੂਨ ਤੋਂ ਤਿਮਾਹੀ ਛਪਦੇ ਪੰਚਵਟੀ ਸੰਦੇਸ਼, ਦੇ Vol. 37 ਦੇ ਅਕਤੂਬਰ-ਦਸੰਬਰ 2015 ਦੇ ਅਡੀਸ਼ਨ ਵਿੱਚ '**ਗੁਰੂ ਸਾਹਿਬਾਨ ਦਾ ਨਾਰੀ ਪ੍ਰਤੀ ਦ੍ਰਿਸ਼ਟੀਕੋਣ**' ਵਿਸ਼ੇ 'ਤੇ ਪੇਪਰ ਪ੍ਰਕਾਸ਼ਿਤ ਹੋ ਚੁੱਕਾ ਹੈ।
2. 'ਗਣੇਸ਼ ਸਿੰਘ ਬੇਦੀ ਕ੍ਰਿਤ ਬ੍ਰਹਮ ਬੋਧ ਗ੍ਰੰਥ' ਪੁਸਤਕ ਰਿਗੀ ਪਬਲੀਕੇਸ਼ਨ ਖੰਨਾ ਤੋਂ 2016 ਵਿਚ ਛਪੀ ਜਿਸ ਵਿਚ '**ਗਣੇਸ਼ ਸਿੰਘ ਬੇਦੀ : ਜੀਵਨ ਅਤੇ ਰਚਨਾਵਾਂ' ਅਤੇ 'ਗਣੇਸ਼ ਸਿੰਘ ਬੇਦੀ ਕ੍ਰਿਤ ਬ੍ਰਹਮ ਬੋਧ ਗ੍ਰੰਥ : ਇਕ ਅਧਿਐਨ**' ਵਿਸ਼ੇ ਤੇ ਪੇਪਰ ਪ੍ਰਕਾਸ਼ਿਤ ਹੋਏ ਹਨ।
3. 'ਧਾਰਮਿਕ ਲਹਿਰਾਂ' ਪੁਸਤਕ ਰਿਗੀ ਪਬਲੀਕੇਸ਼ਨ ਖੰਨਾ ਤੋਂ 2017 ਵਿਚ ਛਪੀ, ਜਿਸ ਵਿਚ '**ਸ੍ਰੀ ਗੁਰੂ-ਗ੍ਰੰਥ ਅਤੇ ਗੁਰੂ-ਪੰਥ**' ਵਿਸ਼ੇ 'ਤੇ ਪੇਪਰ ਪ੍ਰਕਾਸ਼ਿਤ ਹੋਇਆ।

# ਘੋਸ਼ਣਾ-ਪਤਰ

ਮੈਂ ਇਹ ਬਿਆਨ ਕਰਦੀ ਹਾਂ, ਕਿ '**ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ**' ਵਿਸ਼ੇ ਉਤੇ ਪੀਐਚ. ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਕੀਤਾ ਗਿਆ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

ਨਿਗਰਾਨ

Harbhajan Singh

**ਡਾ. ਹਰਭਜਨ ਸਿੰਘ**
ਡਾਇਰੈਕਟਰ (ਰਿਟਾਇਰਡ)
ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ,
ਦੇਹਰਾਦੂਨ।

ਖੋਜਾਰਥਣ

Veerpal Kaur

**ਵੀਰਪਾਲ ਕੌਰ**

Scanned by CamScanner

# ਭੂਮਿਕਾ

ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਜਿਥੇ ਉਨ੍ਹਾਂ ਦੀ ਬਾਣੀ ਮੁਢਲਾ ਅਤੇ ਤਤਕਾਲੀ-ਸ੍ਰੋਤ ਹੈ, ਉਥੇ ਹੀ ਜਨਮਸਾਖੀਆਂ, ਬੰਸ ਪ੍ਰਕਾਸ਼ ਅਤੇ ਮਹਿਮਾ ਪ੍ਰਕਾਸ਼ ਇਤਿਆਦਿਕ ਵੀ ਮਹਤਵਪੂਰਨ ਸ੍ਰੋਤ ਹਨ। ਜਿਥੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਲਿਖਣ ਵਾਲੇ ਲੇਖਕਾਂ ਦਾ ਸੰਬੰਧ ਗੁਰੂ ਘਰ ਅਤੇ ਅਨਮਤਾਂ ਨਾਲ ਹੈ, ਉਥੇ ਹੀ ਗੁਰੂ ਨਾਨਕ ਦੇਵ ਜੀ ਦੇ ਵੰਸ਼ਜਾਂ ਨੇ ਵੀ ਇਹ ਉਪਕ੍ਰਮ ਕਰਨ ਦਾ ਪ੍ਰਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਵੰਸ਼ਜਾਂ ਵਿਚ ਸੁਖਬਾਸੀ ਰਾਮ ਬੇਦੀ ਅਤੇ ਗਣੇਸ਼ ਸਿੰਘ ਬੇਦੀ ਦਾ ਨਾਮ ਪ੍ਰਮੁਖ ਹੈ। ਜਿਸ ਤਰ੍ਹਾਂ ਸੁਖਬਾਸੀ ਰਾਮ ਦੇ ਨਾਮ ਨੂੰ ਸੁਖਬਾਸੀ ਰਾਏ/ਰਾਇ ਵੀ ਵਿਦਵਾਨਾਂ ਨੇ ਲਿਖਿਆ ਹੈ। ਇਸੇ ਭਾਂਤਿ ਜ਼ਿਆਦਾਤਰ ਵਿਦਵਾਨਾਂ ਨੇ ਗਣੇਸ਼ ਸਿੰਘ ਬੇਦੀ ਦੇ ਨਾਮ ਨੂੰ ਵੀ ਗਣੇਸ਼ਾ ਸਿੰਘ ਬੇਦੀ ਲਿਖਿਆ ਹੈ। ਜਿਵੇਂ ਸੁਖਬਾਸੀ ਰਾਮ ਦੀਆਂ ਲਿਖਤਾਂ ਉਨ੍ਹਾਂ ਦੇ ਇਸੇ (ਸੁਖਬਾਸੀ ਰਾਮ) ਨਾਮ ਦੀ ਪੁਸ਼ਟੀ ਕਰਦੀਆਂ ਹਨ, ਉਸੇ ਪ੍ਰਕਾਰ ਗਣੇਸ਼ ਸਿੰਘ ਬੇਦੀ ਦੀਆਂ ਰਚਨਾਵਾਂ ਵੀ ਉਸ ਦੇ ਇਸੇ (ਗਣੇਸ਼ ਸਿੰਘ ਬੇਦੀ) ਨਾਮ ਦੀ ਪੁਸ਼ਟੀ ਕਰਦੀਆਂ ਹਨ। ਕਿਸੇ ਵੀ ਵਿਸ਼ੇਸ਼ ਘਟਨਾ ਜਾਂ ਵਿਸ਼ੇ ਬਾਰੇ ਵਖ-ਵਖ ਦ੍ਰਿਸ਼ਟੀਕੋਣਾਂ ਤੋਂ ਅਧਿਐਨ ਕਰਨ ਲਈ ਅਤਿ ਜ਼ਰੂਰੀ ਹੁੰਦਾ ਹੈ ਕਿ ਉਸ ਨਾਲ ਸੰਬੰਧਿਤ ਸਮੁਚੀ ਸਾਮਗਰੀ ਤਕ ਪਹੁੰਚ ਕੀਤੀ ਜਾਵੇ ਤਾਂ ਕਿ ਉਸ ਬਾਰੇ ਸਹੀ ਸੰਭਾਵਿਤ ਸੋਚ ਦੇ ਨੇੜੇ ਪਹੁੰਚਿਆ ਜਾ ਸਕੇ। ਸਮੁਚਿਤ ਸਾਮਗਰੀ ਤਕ ਪਹੁੰਚ ਕਰਕੇ ਹੀ ਨਵੇਂ ਤਥਾਂ ਦੇ ਹੋਂਦ ਵਿਚ ਆਉਣ ਦੀ ਸੰਭਾਵਨਾ ਹੁੰਦੀ ਹੈ, ਜਿਸ ਦੇ ਕਾਰਨ ਇਤਿਹਾਸਕ ਸੂਝ ਵਿਚ ਵਾਧਾ ਹੁੰਦਾ ਹੈ ਅਤੇ ਇਕ ਪਾਸੜ ਪਹੁੰਚ ਤੋਂ ਵੀ ਬਚਾਅ ਹੋ ਸਕਦਾ ਹੈ। ਇਤਿਹਾਸ ਅਤੇ ਧਰਮ ਪ੍ਰਤੀ ਵਿਦਵਾਨਾਂ ਦੀਆਂ ਅਕਸਰ ਧਾਰਨਾਵਾਂ ਦਾ ਬਦਲਣਾ ਇਨ੍ਹਾਂ ਸ੍ਰੋਤਾਂ ਜਾਂ ਸਾਮਗਰੀ ਦਾ ਪਹੁੰਚ ਵਿਚ ਨਾ ਹੋਣਾ ਹੀ ਇਕ ਵਡਾ ਕਾਰਨ ਬਣਦਾ ਹੈ। ਸਿਖ ਇਤਿਹਾਸ ਦਾ ਬਹੁਤਾ ਭਾਗ ਅਣਛਪਿਆ ਹੋਣ ਕਾਰਨ, ਇਸ ਦਾ ਪਰਿਣਾਮ ਸਿਖ ਇਤਿਹਾਸ ਨੂੰ ਭੋਗਣਾ ਪਿਆ ਹੈ। ਇਹ ਅਣਮੁਲੇ ਸ੍ਰੋਤ ਕੁਦਰਤੀ ਹੜ੍ਹਾਂ, ਅਗਾਂ, ਦੀਮਕ, ਕਾਗਜ ਦੇ ਭੁਰਨ, ਜੰਗਾਂ-ਯੁਧਾਂ, ਸਿਖ-ਵਿਰੋਧੀ ਕਾਰਵਾਈਆਂ, ਅਜ਼ਾਦੀ ਦੀ ਵੰਡ ਅਤੇ ਅਚੇਤਨ ਲੋਕਾਂ ਦੇ ਕਾਰਨ ਨਸ਼ਟ ਹੋ ਗਏ ਅਤੇ ਜੋ ਬਚੇ ਹਨ, ਉਹ ਵੀ ਬਦਕਿਸਮਤੀ ਨਾਲ ਛਾਪੇਖ਼ਾਨੇ ਦਾ ਮੂੰਹ ਨਾ ਦੇਖਣ ਕਰਕੇ ਅਧਿਐਨ ਦੇ ਖੇਤਰ

ਵਿਚ ਆਪਣਾ ਬਣਦਾ ਯੋਗਦਾਨ ਨਹੀਂ ਪਾ ਸਕੇ। ਭਾਵੇਂ ਕਿ ਕਵਿ ਦੁਆਰਾ ਰਚੀ ਜਨਮਸਾਖੀ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ, ਪਰੰਤੂ ਫਿਰ ਵੀ ਇਸ ਉਪਰ ਅਕਾਦਮਿਕ ਪਧਰ ਉਪਰ ਕੋਈ ਵੀ ਖੋਜ ਕਾਰਜ ਨਹੀਂ ਹੋਇਆ ਸੀ।

ਜੇਕਰ ਗਣੇਸ਼ ਸਿੰਘ ਬੇਦੀ ਦੀ ਗਲ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਉਸ ਨੇ ਆਪਣੇ ਜੀਵਨ ਕਾਲ ਦੌਰਾਨ ਲਗਭਗ 25 ਦੇ ਕਰੀਬ ਰਚਨਾਵਾਂ ਦੀ ਰਚਨਾ ਕੀਤੀ ਸੀ, ਜਿਨ੍ਹਾਂ ਵਿਚੋਂ ਕਾਫੀ ਰਚਨਾਵਾਂ ਪ੍ਰਕਾਸ਼ਿਤ ਵੀ ਹੋ ਚੁਕੀਆਂ ਹਨ। ਕਵਿ ਦਾ ਨਿਵਾਸ ਸਥਾਨ ਬਿਲਾਸਪੁਰ ਰਿਹਾ, ਜਿਥੇ ਉਹ ਰਾਜਾ ਹੀਰਾ ਚੰਦ ਦਾ ਦਰਬਾਰੀ ਕਵਿ ਰਿਹਾ ਅਤੇ ਉਸ ਨੇ ਆਪਣੀਆਂ ਰਚਨਾਵਾਂ ਦੀ ਸਿਰਜਣਾ ਵੀ ਉਸ ਸਮੇਂ ਦੌਰਾਨ ਹੀ ਕੀਤੀ । ਇਹਨਾਂ ਰਚਨਾਵਾ ਵਿਚੋਂ ਜ਼ਿਆਦਾਤਰ ਰਚਨਾਵਾਂ ਦਾ ਅਕਾਰ ਬਹੁਤ ਛੋਟਾ ਹੈ। ਗੁਰੂ ਨਾਨਕ ਸੂਰਜੋਦੇ ਜਨਮਸਾਖੀ ਅਤੇ ਕ੍ਰਿਸ਼ਨ ਚੰਦ੍ਰ ਚੰਦ੍ਰਕਾ ਦੋ ਰਚਨਾਵਾਂ ਹੀ ਅਜਿਹੀਆਂ ਹਨ, ਜਿਨ੍ਹਾਂ ਦਾ ਅਕਾਰ ਵਡਾ ਹੈ। ਗੁਰੂ ਨਾਨਕ ਸੂਰਜੋਦੇ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ ਜੀਵਨ-ਗਾਥਾ ਨਾਲ ਸੰਬੰਧਿਤ ਹੈ। ਇਸ ਜਨਮਸਾਖੀ ਦੇ ਕੁਲ 123 ਅਧਿਆਇ ਹਨ ਜਿਨ੍ਹਾਂ ਨੂੰ ਦੋ ਭਾਗਾਂ ਪੂਰਬਾਰਧ ਅਤੇ ਉਤ੍ਰਾਰਧ ਵਿਚ ਵੰਡਿਆ ਗਿਆ ਹੈ। ਅਸੀਂ ਇਸ ਜਨਮਸਾਖੀ ਦਾ ਅਧਿਐਨ ਚਾਰ ਅਧਿਆਵਾਂ ਵਿਚ ਵਰਗੀਕ੍ਰਿਤ ਕਰਕੇ ਖੋਜ-ਕਾਰਜ ਦਾ ਯਤਨ ਕੀਤਾ ਹੈ।

ਪਹਿਲਾ ਅਧਿਆਇ ਕਵਿ ਦੇ ਜੀਵਨ, ਰਚਨਾਵਾਂ ਅਤੇ ਸਮਕਾਲੀ ਹਾਲਾਤਾਂ ਨਾਲ ਸੰਬੰਧਿਤ ਹੈ। ਇਸ ਵਿਚ ਕਵਿ ਦੇ ਜੀਵਨ ਨਾਲ ਸੰਬੰਧਿਤ ਸੰਭਵ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਕਵਿ ਦੀਆਂ ਰਚਨਾਵਾਂ ਬਾਰੇ ਮੁਢਲੀ ਜਾਣਕਾਰੀ ਦਿਤੀ ਗਈ ਹੈ। ਇਸ ਤੋਂ ਇਲਾਵਾ ਸਮਕਾਲੀ ਹਾਲਾਤਾਂ ਸਬੰਧੀ ਵੇਰਵਾ ਦਿਤਾ ਗਿਆ ਹੈ।

ਦੂਜਾ ਅਧਿਆਇ ਸਰਵੇਖਣ ਅਤੇ ਵਿਵਰਣ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਗੁਰੂ ਨਾਨਕ ਸੂਰਜੋਦੇ ਜਨਮਸਾਖੀ ਅਤੇ ਗਣੇਸ਼ ਸਿੰਘ ਬੇਦੀ ਨਾਲ ਸੰਬੰਧਿਤ ਹੋ ਚੁਕੇ ਕਾਰਜਾਂ ਦਾ ਸਰਵੇਖਣ ਕੀਤਾ ਅਤੇ ਜਨਮਸਾਖੀ ਦਾ ਵਿਵਰਣ ਦਿਤਾ ਹੈ। ਕਵਿ ਗਣੇਸ਼ ਸਿੰਘ ਬੇਦੀ ਦੇ ਜੀਵਨ ਅਤੇ ਰਚਨਾਵਾਂ ਨਾਲ ਸੰਬੰਧਿਤ ਜੋ ਪੁਸਤਕਾਂ, ਕੋਸ਼ਾਂ/ਪਤ੍ਰਿਕਾਵਾਂ ਪ੍ਰਕਾਸ਼ਿਤ ਹੋਈਆਂ, ਉਸ ਦਾ ਸਰਵੇਖਣ ਵੀ ਹੈ । ਇਸ

ਤੋਂ ਬਿਨਾਂ ਇਸ ਅਧਿਆਇ ਵਿਚ ਗੁਰੂ ਨਾਨਕ ਸੂਰਜੋਦੇ ਜਨਮਸਾਖੀ ਦਾ ਕਥਾ-ਸਾਰ ਦਿਤਾ ਗਿਆ ਹੈ ਤਾਂ ਕਿ ਜਨਮਸਾਖੀ ਦਾ ਬੋਧ ਸਹਿਜੇ ਹੀ ਹੋ ਸਕੇ। ਇਸ ਤੋਂ ਇਲਾਵਾ ਜਨਮਸਾਖੀ ਦੇ ਅਧਿਆਵਾਂ ਅਤੇ ਛੰਦਾਂ ਆਦਿ ਦੀ ਸੂਚੀ ਤਿਆਰ ਕੀਤੀ ਗਈ ਹੈ।

ਤੀਜੇ ਅਧਿਆਇ ਵਿਚ ਇਸ ਜਨਮਸਾਖੀ ਵਿਚ ਆਏ ਇਤਿਹਾਸਕ ਤਥਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਜਨਮਸਾਖੀ ਭਾਵੇਂ ਕਵਿ ਨੇ ਆਧੁਨਿਕ ਵਿਗਿਆਨ ਅਨੁਸਾਰ ਤਥਾਂ ਦੇ ਅਧਾਰ ਤੇ ਨਹੀਂ ਲਿਖੀ ਪ੍ਰੰਤੂ ਕਵਿ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਇਤਿਹਾਸਕ ਘਟਨਾਵਾਂ ਨੂੰ ਪਰੰਪਰਾਗਤ ਸ਼ੈਲੀ ਰਾਹੀਂ ਬਾਖੂਬੀ ਜਨਮਸਾਖੀ ਵਿਚ ਪ੍ਰਤੀਪਾਦਿਤ ਕਰਦਾ ਹੈ। ਜਿਸ ਨਾਲ ਇਹ ਜਨਮਸਾਖੀ ਇਤਿਹਾਸ ਦੇ ਖੇਤਰ ਵਿਚ ਆਪਣਾ ਅਹਿਮ ਸਥਾਨ ਰਖਦੀ ਹੈ।

ਚੌਥੇ ਅਧਿਆਇ ਵਿਚ ਅਸੀਂ ਇਸ ਜਨਮਸਾਖੀ ਵਿਚ ਆਏ ਸਿਧਾਤਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਜਨਮਸਾਖੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹੋਣ ਕਾਰਨ ਇਸ ਵਿਚ ਗੁਰਮਤਿ ਦੇ ਸਿਧਾਤਾਂ ਦਾ ਪ੍ਰਤੀਪਾਦਿਤ ਹੋਣਾ ਸੁਭਾਵਿਕ ਗਲ ਹੈ। ਕਵਿ ਦੀ ਉਪਦੇਸ਼ਾਤਮਕ ਪ੍ਰਵਿਰਤੀ ਇਸ ਨੂੰ ਸਿਧਾਤਿਕ ਪਖ ਦੇ ਅਧਿਕ ਸਮੀਪ ਦਰਸਾਉਂਦੀ ਹੈ।

ਇਸ ਪ੍ਰਕਾਰ ਇਹਨਾਂ ਚਾਰ ਅਧਿਆਵਾਂ ਰਾਹੀਂ ਇਸ ਜਨਮਸਾਖੀ ਦਾ ਅਧਿਐਨ ਕਰਕੇ ਸਿਖ ਜਗਤ ਲਈ ਕਵਿ ਦੁਆਰਾ ਪਾਇਆ ਯੋਗਦਾਨ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਖੋਜ ਕਾਰਜ ਕਰਨਾ ਅਤਿ ਜਟਿਲ ਕਾਰਜ ਸੀ, ਜਿਸ ਲਈ ਸਮੇਂ-ਸਮੇਂ ਬਹੁਤ ਸਾਰੀਆਂ ਮੁਸ਼ਕਲਾਂ ਵੀ ਆਈਆਂ ਪਰ ਇਹ ਕਾਰਜ ਪਰਮਾਤਮਾ ਦੀ ਬਖ਼ਸ਼ਿਸ ਸਦਕਾ ਸੰਪੂਰਨ ਨਹੀਂ ਸੀ ਹੋ ਸਕਦਾ, ਸੋ ਸਭ ਤੋਂ ਪਹਿਲਾਂ ਮੈਂ ਪਰਮਾਤਮਾ ਦਾ ਕੋਟਿ-ਕੋਟਿ ਧੰਨਵਾਦ ਕਰਦੀ ਹਾਂ। ਮੈਂ ਆਪਣੇ ਨਿਗਰਾਨ ਡਾ. ਹਰਭਜਨ ਸਿੰਘ ਜੀ ਦਾ ਵੀ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੈਨੂੰ ਸਮੇਂ-ਸਮੇਂ 'ਤੇ ਉਚ ਪਧਰੀ ਖੋਜ ਲਈ ਉਤਸ਼ਾਹਿਤ ਕੀਤਾ ਅਤੇ ਮੇਰਾ ਮਾਰਗ ਦਰਸ਼ਨ ਕੀਤਾ। ਉਨ੍ਹਾਂ ਦੀ ਧਰਮ ਪਤਨੀ ਡਾ. ਸ਼ਰਨ ਕੌਰ ਨੇ ਡਾ. ਸਾਹਿਬ ਦੀ ਗ਼ੈਰਹਾਜ਼ਿਰੀ ਵਿਚ ਘਰ ਦਾ ਬੂਹਾ ਹਮੇਸ਼ਾਂ ਮੇਰੇ ਲਈ ਖੁਲ੍ਹਾ ਰਖਿਆ ਅਤੇ ਆਪਣਾ ਆਸ਼ੀਰਵਾਦ ਹਮੇਸ਼ਾ ਮੇਰੇ ਉਪਰ ਬਣਾਈ ਰਖਿਆ। ਉਨ੍ਹਾਂ ਦੇ ਇਤਨੇ ਸਨੇਹ ਲਈ ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦੀ ਹਾਂ, ਉਨ੍ਹਾਂ ਦੇ ਇਤਨੇ ਸਨੇਹ ਲਈ ਮੈਂ ਜੀਵਨ-ਭਰ ਅਭਾਰੀ ਰਹਾਂਗੀ। ਮੈਂ ਆਪਣੇ

ਵਿਭਾਗ ਦੇ ਮੁਖੀ, ਅਧਿਆਪਕਾਂ ਅਤੇ ਲਾਇਬ੍ਰੇਰੀਅਨਾਂ ਦਾ ਵੀ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਵਲੋਂ ਮਿਲੀ ਸੇਧ ਅਤੇ ਪੂਰਨ ਸਹਿਯੋਗ ਸਦਕਾ ਮੇਰਾ ਖੋਜ-ਕਾਰਜ ਨੇਪਰੇ ਚੜ੍ਹਿਆ ਹੈ। ਮੈਂ ਆਪਣੇ ਪਰਿਵਾਰ ਦਾ ਵੀ ਦਿਲੋਂ ਸ਼ੁਕਰਾਨਾ ਕਰਦੀ ਹਾਂ, ਜਿਨ੍ਹਾਂ ਨੇ ਪੂਰਨ ਸਹਿਯੋਗ ਦਿਤਾ ਅਤੇ ਮੇਰੇ ਜੀਵਨ ਸਾਥੀ ਡਾ. ਮਲਕਿੰਦਰ ਸਿੰਘ ਦਾ ਵੀ ਤਹਿ ਦਿਲੋਂ ਧੰਨਵਾਦ ਜਿਨ੍ਹਾਂ ਨੇ ਸਹਾਇਕ ਸੁਵਿਧਾਵਾਂ ਮੁਹਈਆ ਕਰਵਾਈਆਂ ਅਤੇ ਸਮੇਂ-ਸਮੇਂ ਤੇ ਖੋਜ ਹਿਤ ਅਤੇ ਟਾਇਪਿੰਗ ਵਿਚ ਮੇਰੀ ਮਦਦ ਕੀਤੀ। ਬਲਵੀਰ ਸਿੰਘ ਅਤੇ ਜਤਿੰਦਰ ਕੌਰ ਦੁਆਰਾ ਇਸ ਖੋਜ ਕਾਰਜ ਲਈ ਇਨ੍ਹਾਂ ਕੋਲ ਉਪਲਬਧ ਸ੍ਰੋਤ ਮੈਨੂੰ ਖੋਜ ਕਾਰਜ ਹਿਤ ਦੇਣ ਲਈ ਮੈਂ ਸਦਾ ਇਨ੍ਹਾਂ ਦੀ ਆਭਾਰੀ ਰਹਾਂਗੀ। ਅੰਤ ਵਿਚ ਸਾਰੇ ਦੋਸਤਾਂ-ਮਿਤਰਾਂ ਦਾ ਧੰਨਵਾਦ ਜਿਨ੍ਹਾਂ ਨੇ ਖੋਜ-ਕਾਰਜ ਦੌਰਾਨ ਮੇਰੀ ਜਾਣੇ-ਅਣਜਾਣੇ ਮਦਦ ਕੀਤੀ।

ਮੈਨੂੰ ਪੂਰਨ ਆਸ ਹੈ ਕਿ ਇਸ ਖੋਜ-ਕਾਰਜ ਰਾਹੀਂ ਅਸੀਂ ਜੋ ਸਿਖ ਧਰਮ ਵਿਚ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਭਰਪੂਰ ਲਾਭ ਹੋਵੇਗਾ।

ਵੀਰਪਾਲ ਕੌਰ